# ਪੰਜਾਬੀ ਕਿੱਸਾ ਸਾਹਿਤ



# ਪੰਜਾਬੀ ਕਿੱਸਾ ਸਾਹਿਤ

ਅਸਤਰ 'ਤੇ ਮੂਰਤੀ ਕਲਾ ਦਾ ਜੋ ਪ੍ਰਤੀਰੂਪ ਪੇਸ਼ ਕੀਤਾ ਗਿਆ ਹੈ, ਇਸ ਵਿਚ ਵਿਖਾਏ ਗਏ ਦ੍ਰਿਸ਼ ਵਿਚ ਤਿੰਨ ਜੋਤਸ਼ੀ ਰਾਜਾ ਸੁਧੋਧਨ ਨੂੰ ਮਹਾਤਮਾ ਬੁੱਧ ਦੀ ਮਾਤਾ-ਮਹਾਰਾਣੀ ਮਾਇਆ ਦੇ ਸੁਪਨੇ ਦੀ ਵਿਆਖਿਆ ਕਰ ਕੇ ਦੱਸ ਰਹੇ ਹਨ। ਉਹਨਾਂ ਦੇ ਹੇਠ ਇਕ ਮੁਨਸੀ ਬੈਠਾ ਹੈ, ਜੋ ਵਿਆਖਿਆ ਲਿਖਦਾ ਜਾ ਰਿਹਾ ਹੈ। ਸਾਇਦ ਆਦਿ ਕਾਲ ਦੀ ਭਾਰਤੀ ਚਿਤਰਕਲਾ ਦਾ ਚਿਤਰ ਰੂਪ ਵਿਚ ਪ੍ਰਾਪਤ ਇਹੀ ਰਿਕਾਰਡ ਹੈ।

ਨਾਗਾਰਜੁਨਕੋਂਡਾ : ਦੂਸਰੀ ਸਦੀ ਈਸਵੀ

ਧੰਨਵਾਦ ਸਹਿਤ : ਨੈਸਨਲ ਮਿਉਜੀਅਮ, ਨਵੀਂ ਦਿੱਲੀ

# ਪੰਜਾਬੀ ਕਿੱਸਾ ਸਾਹਿਤ

(ਮਿਰਜ਼ਾ ਸਾਹਿਬਾਂ, ਸੱਸੀ ਪੁਨੂੰ, ਪੂਰਨ ਭਗਤ,
ਸੋਹਣੀ ਮਹੀਂਵਾਲ ਅਤੇ ਰੂਪ ਬਸੰਤ)

ਸੰਪਾਦਕ
ਅਮਰਜੀਤ ਸਿੰਘ ਕਾਂਗ

ਸਾਹਿਤ ਅਕਾਦੇਮੀ

**Punjabi Kissa Sahit** : Punjabi classics Mirza Sahiban, Sassi Punnu, Pooran Bhagat, Sohni Mahiwal and Roop Basant edited byAmarjit Singh Kaang. Sahitya Akademi, New Delhi

**ਸਾਹਿਤ ਅਕਾਦੇਮੀ**

**ਮੁੱਖ ਦਫ਼ਤਰ**

ਰਵਿੰਦਰ ਭਵਨ, 35, ਫ਼ੀਰੋਜ਼ਸ਼ਾਹ ਮਾਰਗ, ਨਵੀਂ ਦਿੱਲੀ 110 001

ਵਿਕਰੀ ਵਿਭਾਗ : 'ਸੁਆਤੀ', ਮੰਦਰ ਮਾਰਗ, ਨਵੀਂ ਦਿੱਲੀ 110 001

**ਖੇਤਰੀ ਦਫ਼ਤਰ**

ਜੀਵਨਤਾਰਾ, ਚੌਥੀ ਮੰਜ਼ਿਲ, 23 ਏ/44 ਐੱਕਸ, ਡਾਇਮੰਡ ਹਾਰਬਰ ਰੋਡ, ਕਲਕੱਤਾ 700 053

ਸਾਰਦਾ ਸਿਨੇਮਾ ਬਿਲਡਿੰਗ, ਦਾਦਰ, ਮੁੰਬਈ 400 014

ਸੈਂਟਰਲ ਕਾਲੇਜ ਕੈਂਪੱਸ, ਡਾ. ਬੀ.ਆਰ. ਅੰਬੇਦਕਰ ਵੀਧੀ, ਬੰਗਲੋਰ 560 001

ਸੀ.ਆਈ.ਟੀ. ਕੈਂਪਸ, ਟੀ.ਟੀ.ਟੀ.ਆਈ. ਪੋਸਟ, ਤਾਰਾਮਣੀ, ਚੇਨੱਈ 600 113

ISBN 81-260-1610-8

**Website** : http://www.sahitya-akademi.org

ਟਾਈਪਸੈਟਿੰਗ : ਵੈੱਲਵਿਸ ਪਬਲਿਸਰਜ਼, ਪੀਤਮਪੁਰਾ, ਦਿੱਲੀ 110 088

**ਪ੍ਰਿੰਟਰਜ਼** : ਸੁਪਰ ਪ੍ਰਿੰਟਰਜ਼, ਦਿੱਲੀ 110 051

# ਤਤਕਰਾ


ਪੰਜਾਬੀ ਕਿੱਸਾ ਕਾਵਿ ਦਾ ਮੂਲ ਪ੍ਰਵਚਨ 7

ਪੀਲੂ ਰਚਿਤ ਮਿਰਜ਼ਾ ਸਾਹਿਬਾਂ—ਮਾਨਵੀ ਆਤਮ ਪਛਾਣ ਦੀ ਸਿਖਰ 43

ਹਾਸ਼ਮ ਦੀ ਸੱਸੀ-ਬ੍ਰਿਹਾ ਅਤੇ ਸੋਜ਼ ਦਾ ਸੰਸਾਰ 63

ਕਿੱਸਾ ਸੱਸੀ ਪੁੰਨੂੰ 69

ਕਿੱਸਾ ਪੂਰਨ ਭਗਤ ਦਾ ਰਚਨਾ ਸੰਸਾਰ 91

ਕਿੱਸਾ ਪੂਰਨ ਭਗਤ 97

ਕਿੱਸਾ ਸੋਹਣੀ ਮਹੀਂਵਾਲ—ਇਸਕ ਦੀ ਇੰਤਹਾ 145

ਸੋਹਣੀ ਮਹੀਂਵਾਲ 149

ਦੌਲਤ ਰਾਮ ਰਚਿਤ ਕਿੱਸਾ ਰੂਪ ਬਸੰਤ ਮਾਨਵੀ ਨੈਤਿਕਤਾ ਦਾ ਪ੍ਰਮਾਣਕ ਪ੍ਰਤਿਮਾਨ 245

ਕਿੱਸਾ ਰੁਪ ਬਸੰਤ ਕ੍ਰਿਤ ਕਵੀ। ਦੌਲਤ ਰਾਮ ਵਾਸੀ ਰਾਮਗੜ ਜਿਲਾ ਲੁਧਿਆਣਾ 249

# ਪੰਜਾਬੀ ਕਿੱਸਾ ਕਾਵਿ ਦਾ ਮੂਲ ਪ੍ਰਵਚਨ

ਪੰਜਾਬੀ ਕਿੱਸਾ ਕਾਵਿ ਪੰਜਾਬੀ ਸਾਹਿਤ ਚਿੰਤਨ ਵਿਚ ਇਕ ਅਜਿਹੀ ਅਮੀਰ ਮੁੱਲਵਾਨ ਰਚਨਾਤਮਕ ਪ੍ਰਾਪਤੀ ਹੈ, ਜਿਸ ਦੀਆਂ ਜੜ੍ਹਾਂ ਪੰਜਾਬ ਦੀ ਧਰਤੀ ਵਿਚ ਇੰਜ ਫੈਲੀਆਂ ਹੋਈਆ ਹਨ ਕਿ ਅਜੋਕੇ ਸਾਹਿਤ ਚਿੰਤਨ ਵਿਚ ਵੀ ਇਸ ਦੀ ਪ੍ਰਤਿਮਾਨਕ ਸਮਰੱਥਾ ਬੜੀ ਪ੍ਰਵਾਨ ਹੈ। ਇਹ ਉਹ ਕਾਵਿ ਪਰੰਪਰਾ ਹੈ ਜੋ ਇਕੋ ਵੇਲੇ ਲੌਕਿਕ ਵੀ ਹੈ ਅਤੇ ਰਹੱਸਵਾਦੀਆਂ ਲਈ ਪਾਰਲੌਕਿਕ ਵੀ। ਇਸ ਦੀ ਲੌਕਿਕਤਾ ਨੂੰ ਸਿਮਰਦਿਆਂ ਪੰਜਾਬੀਆਂ ਨੇ ਇਸ ਵਿਚੋ ਆਪਣੀ ਪਛਾਣ ਲੱਭੀ ਹੈ ਜਦ ਕਿ ਰਹੱਸਵਾਦੀਆਂ ਨੇ ਇਸ ਦੀ ਲੌਕਿਕਤਾ ਨੂੰ ਪਾਰਗਾਮੀ ਅਰਥ ਦੇਂਦਿਆਂ ਰੂਹਾਂ ਦਾ ਪ੍ਰਤੀਕ ਮੰਨਿਆ ਹੈ। ਇਹ ਉਹ ਕਾਵਿ ਪ੍ਰਾਪਤੀ ਹੈ, ਜਿਸਦੇ ਗਲਪ ਬਿੰਬ ਵਿਚੋਂ ਪੰਜਾਬੀ ਦੀ ਗੌਰਵਤਾ ਦੇ ਬਹੁ-ਪਾਸਾਰੀ ਅਤੇ ਬਹੁ ਪਰਤੀ ਅਰਥ ਉਜਾਗਰ ਹੋਏ ਹਨ। ਪੰਜਾਬੀ ਕਿੱਸਾਕਾਰਾਂ ਦੀ ਦੀਰਘ ਦ੍ਰਿਸ਼ਟੀ ਦਾ ਕਮਾਲ ਇਹ ਹੈ ਕਿ ਮਨੁੱਖੀ ਵਿਵਹਾਰ ਦੇ ਅੰਤਰ-ਵਿਰੋਧਾਂ ਵਿਚੋਂ ਮਾਨਵੀ ਜੀਵਨ ਦਾ ਸਾਮੱਗਰ ਬਿੰਬ ਉਸਾਰਿਆ ਹੈ। ਪ੍ਰਕ੍ਰਿਤੀ ਅਤੇ ਸੰਸਕ੍ਰਿਤੀ ਦੇ ਤਿੱਖੇ ਤਨਾਉ ਦੀ ਪ੍ਰਤੀਤੀ ਰਾਹੀਂ ਕਿੱਸਾਕਾਰਾ ਨੇ ਵਿਅਕਤੀ ਅਤੇ ਸਮਾਜ ਦੇ ਰਿਸ਼ਤਿਆਂ ਦੀ ਥਾਹ ਪਾਈ ਹੈ। ਇਹ ਉਹ ਰਚਨਾ ਸੰਸਾਰ ਹੈ, ਜਿਸ ਵਿਚੋਂ ਉਸ ਮਾਨਵ ਦੇ ਦਰਸ਼ਨ ਹੁੰਦੇ ਹਨ ਜੋ ਨਾ ਤਾਂ ਅਣਚਾਹੀਆਂ ਸਥਿਤੀਆਂ ਅੱਗੇ ਝੁਕਦਾ ਹੈ ਅਤੇ ਨਾ ਹੀ ਅਨਿਆਂ ਅੱਗੇ ਆਤਮ ਸਮਰਪਣ ਕਰਦਾ ਹੈ। ਇਹ ਸੰਸਾਰ ਜੁਝਾਰੂ ਵਿਅਕਤੀਆਂ ਦਾ ਹੈ ਜੋ ਤਿੜਕ/ਟੁੱਟ ਤਾਂ ਜਾਂਦੇ ਹਨ ਪਰ ਆਪਣੀ ਆਤਮ ਪਛਾਣ ਨਾਲ ਸਮਝੌਤਾ ਨਹੀਂ ਕਰਦੇ। ਇਸ ਕਾਵਿ-ਪਰੰਪਰਾ ਦੀ ਰਚਨਾਤਮਕ ਅਮੀਰੀ ਦਾ ਰਹੱਸ ਇਹ ਵੀ ਹੈ ਕਿ ਇਸ ਵਿਚੋਂ ਭਾਰਤੀ ਅਤੇ ਸਾਮੀ ਚਿੰਤਨ ਦੇ ਸਮਿਨਵੈ ਵਿਚੋ ਪੈਦਾ ਹੋਣ ਵਾਲੇ ਨਵੇਂ ਪ੍ਰਵਚਨ ਏਨੇ ਭਵਿੱਖਮੁਖੀ ਸਨ ਕਿ ਪੰਜਾਬ ਦੀ ਧਰਤੀ ਨੂੰ ਇਕ ਨਵੀਂ ਜ਼ਿੰਦਗੀ ਮਿਲੀ ਸੀ। ਇਸ ਮਿਲਾਪ ਦੇ ਸਿਰਜਣਾਤਮਕ ਦਰਸ਼ਨ ਸਿਰਫ ਕਿੱਸਾ ਕਾਵਿ ਵਿਚੋਂ ਹੀ ਨਹੀ ਸਗੋਂ ਵਿਭਿੰਨ ਮੱਧਕਾਲੀ ਕਾਵਿ ਪਰੰਪਰਾਵਾਂ ਵਿਚੋਂ ਵੀ ਹੁੰਦੇ ਹਨ।

ਕਿੱਸਾਕਾਰਾਂ ਨੇ ਵਿਭਿੰਨ ਸਿਮਰਤੀਆਂ ਦਾ ਰਚਨਾਤਮਕ ਸਮਿਨ੍ਵੈ ਰਚ ਕੇ ਇਕ ਤਰ੍ਹਾਂ ਨਾਲ ਨਵੇਂ ਭਵਿੱਖ ਦੀ ਸਿਰਜਣਾ ਕੀਤੀ ਸੀ। ਪੰਜਾਬੀ ਕਿੱਸਾ ਕਾਵਿ ਵਿਚ ਪੰਜਾਬ ਦੀ ਧਰਤੀ ਦੇ ਉਸ ਮਾਨਵ ਦੀ ਲੀਲ੍ਹਾ ਹੈ ਜੋ ਆਪਣੀ ਆਤਮ ਪੂਰਤੀ ਅਤੇ ਆਤਮ ਪਛਾਣ ਲਈ ਨਿਰੰਤਰ ਵਿਦਰੋਹ ਕਰਦਾ ਆ ਰਿਹਾ ਹੈ। ਇਸੇ ਕਾਵਿ ਪਰੰਪਰਾ ਵਿਚੋਂ ਪ੍ਰੇਮੀ, ਯੋਧੇ ਅਤੇ ਭਗਤ ਦਾ ਬਿੰਬ ਸਾਕਾਰ ਹੋਇਆ ਹੈ ਜੋ ਆਪਣੀ ਆਪਣੀ ਸਥਿਤੀ

ਵਿਚ ਚੁਣੌਤੀਆਂ ਕਬੂਲ ਕਰਕੇ ਮਾਨਵੀ ਹੋਂਟੀ ਨੂੰ ਨਵੇਂ ਅਰਥ ਦੇਂਦੇ ਹਨ। ਦਰਅਸਲ ਪੰਜਾਬੀ ਕਿੱਸਾਕਾਰਾਂ ਨੇ ਮਾਨਵੀ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਬਿਰਤਾਂਤ ਦੇ ਪ੍ਰਵਾਹ ਵਿਚੋਂ ਲੰਘਾ ਕੇ ਕਿੱਸਾਕਾਰਾਂ ਨੇ ਜਿਹੜਾ ਰਚਨਾ-ਸੰਸਾਰ ਉਸਾਰਿਆ ਹੈ, ਉਹ ਅਨੇਕ-ਅਰਥੀ ਅਤੇ ਬਹੁ-ਪਰਤੀ ਹੈ। ਅਰਥਾਂ ਦੀ ਅਨੇਕਤਾ ਅਤੇ ਬਹੁਪਰਤੀ ਯਥਾਰਥ ਬੋਧ ਸਿਰਜਣ ਦਾ ਪ੍ਰਮਾਣ ਇਸ ਤੱਥ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਭਿੰਨ ਅੰਤਰ-ਦ੍ਰਿਸ਼ਟੀਆਂ ਨਾਲ ਜੁੜੇ ਸਮੀਖਿਆਕਾਰਾਂ ਨੂੰ ਪੰਜਾਬੀ ਕਿੱਸਾਕਾਰੀ ਬੜੀ ਜ਼ਰਖੇਜ਼ ਪ੍ਰਤੀਤ ਹੋਈ ਹੈ। ਇਨ੍ਹਾਂ ਸਮੀਖਿਆਕਾਰਾਂ ਦੀਆਂ ਵਿਭਿੰਨ ਅੰਤਰ-ਦ੍ਰਿਸ਼ਟੀਆਂ ਦੇ ਸਮੀਕਿਆਤਮਕ ਨਿਰਣੇ ਭਿੰਨ ਹੋ ਸਕਦੇ ਹਨ, ਪਰ ਜਿਸ ਤੱਥ ਉਪਰ ਇਹ ਸਾਰੇ ਇਕਮੱਤ ਹਨ, ਉਹ ਇਹ ਹੈ ਕਿ ਪੰਜਾਬੀ ਕਿੱਸਾਕਾਰਾਂ ਨੇ ਪਹਿਲੀ ਵਾਰ ਮਾਨਵ ਦੀ ਹੋਂਦ ਨੂੰ ਪ੍ਰਕ੍ਰਿਤੀ ਅਤੇ ਸੰਸਕ੍ਰਿਤੀ ਦੇ ਤਨਾਉ ਸੂਤਰ ਰਾਹੀਂ ਪਛਾਣਿਆ ਹੈ। ਇਹ ਪਛਾਣ ਸਿਰਫ ਮਾਨਵੀ ਹੋਂਦ ਤੱਕ ਹੀ ਸੀਮਤ ਨਹੀਂ ਬਲਕਿ ਇਹ ਪਛਾਣ ਸਮੁੱਚੀ ਮਾਨਵੀ ਸੰਸਕ੍ਰਿਤੀ ਤਕ ਫੈਲਦੀ ਹੈ। ਇਹੀ ਕਾਰਣ ਹੈ ਕਿ ਪੰਜਾਬੀ ਕਿੱਸਾਕਾਰੀ ਦੇ ਗਲਪ-ਬਿੰਬ ਵਿਚੋਂ ਮਾਨਵੀ ਜ਼ਿੰਦਗੀ ਦਾ ਜਟਿਲ ਚਰਿਤਰ ਉਭਰਦਾ ਹੈ। ਇਹ ਜਟਿਲਤਾ ਇਸ ਪੱਖੋਂ ਹੈ ਕਿ ਪੰਜਾਬੀ ਕਿੱਸਾਕਾਰੀ ਵਿਚ ਮਾਨਵੀ ਵਿਵਹਾਰ ਅਤੇ ਸੋਚ ਕਿਸੇ ਇਕ ਨਿਸ਼ਚਿਤ ਲਕੀਰੀ ਪਾਸਾਰ ਵਿਚ ਨਹੀਂ ਫੈਲਦੇ। ਇਹ ਪਾਸਾਰ ਏਨੇ ਵੰਨ-ਸੁਵੰਨੇ ਮਾਨਵੀ ਰੰਗਾਂ ਵਿਚੋਂ ਉੱਘੜੇ ਹਨ ਕਿ ਸਮੀਖਿਆਕਾਰ ਨੂੰ ਪੰਜਾਬੀ ਕਿੱਸਾਕਾਰੀ ਜੀਵਨ ਦਾ ਸਾਮੱਗਰ ਅਤੇ ਪ੍ਰਮਾਣਕ ਬਿੰਬ ਪ੍ਰਤੀਤ ਹੁੰਦੀ ਹੈ। ਇਹੀ ਇਸ ਕਿੱਸਾਕਾਰੀ ਦੀ ਰਚਨਾਤਮਕ ਪ੍ਰਾਪਤੀ ਹੈ।

ਪੰਜਾਬੀ ਕਿੱਸਾ ਕਾਵਿ ਦੇ ਮੂਲ ਪ੍ਰਵਚਨ ਨੂੰ ਵਿਭਿੰਨ ਪਹਿਲੂਆਂ ਤੋਂ ਸਮਝਣ ਤੋਂ ਪਹਿਲਾਂ ਮੱਧਕਾਲ ਦੇ ਉਸ ਵਿਚਾਰਧਾਰਕ ਅਤੇ ਸਭਿਆਚਾਰਕ ਸਮਿਨਵੈ ਨੂੰ ਪਛਾਣਨਾ ਜ਼ਰੂਰੀ ਹੈ, ਜਿਸ ਵਿਚੋਂ ਸਿਰਫ਼ ਪੰਜਾਬੀ ਕਿੱਸਾ ਕਾਵਿ ਨੇ ਹੀ ਨਹੀਂ ਬਲਕਿ ਵਿਭਿੰਨ ਕਾਵਿ ਪਰੰਪਰਾਵਾਂ ਨੇ ਰਚਨਾਤਮਕ ਗਤੀ ਪ੍ਰਾਪਤ ਕੀਤੀ ਹੈ। ਇਹੀ ਕਾਰਣ ਹੈ ਕਿ ਮੱਧਕਾਲ ਦੇ ਇਸ ਵਿਚਾਰਧਾਰਕ ਅਤੇ ਸਭਿਆਚਾਰਕ ਸਮਿਨਵੈ ਦੀ ਕਿਰਿਆ ਪ੍ਰਕ੍ਰਿਆ ਨੂੰ ਪਛਾਣੇ ਬਿਨਾਂ ਮੱਧਕਾਲ ਦੇ ਪੰਜਾਬੀ ਸਾਹਿਤ ਦਾ ਅਧਿਐਨ ਮੁਮਕਿਨ ਹੀ ਨਹੀਂ। ਇਸ ਸਮਿਨਵੈ ਨੇ ਵਿਭਿੰਨ ਚਿੰਤਨ ਦ੍ਰਿਸ਼ਟੀਆਂ ਨੂੰ ਇਕ ਦੂਜੇ ਵਿਚ ਇੰਜ ਸੰਮਿਲਤ ਕਰ ਦਿੱਤਾ ਹੈ ਕਿ ਜੇਕਰ ਇਤਿਹਾਸ ਆਧਾਰ ਨਾ ਹੋਵੇ ਤਾਂ ਮੂਲ ਜੜ੍ਹਾਂ ਦੀ ਪਛਾਣ ਹੀ ਸੰਭਵ ਨਾ ਹੋ ਸਕੇ। ਇਹ ਸਮਿਨਵੈ ਬਹੁ-ਦਿਸ਼ਾਵੀ ਸੀ ਕਿ ਇਸ ਵਿਚੋਂ ਨਵੀਆਂ ਅੰਤਰ ਦ੍ਰਿਸ਼ਟੀਆ ਜਨਮ ਲੈ ਸਕਦੀਆਂ ਸਨ। ਇਹ ਵਿਚਾਰਧਾਰਕ ਅਤੇ ਸਭਿਆਚਾਰਕ ਸਮਿਨਵੈ ਭਾਰਤੀ ਅਤੇ ਸਾਮੀ ਚਿੰਤਨ ਦੇ ਪ੍ਰਸਪਰ ਸੰਜੋਗ: ਵਿਚੋਂ ਪੈਦਾ ਹੋਇਆ ਹੈ। ਦੋਵੇਂ ਚਿੰਤਨ ਬੜੇ ਸਮਰੱਥ ਅਤੇ ਅਮੀਰ ਕਾਵਿ ਪਰੰਪਰਾਵਾਂ ਨਾਲ ਵਰੋਸਾਏ ਹੋਏ ਸਨ। ਇਨ੍ਹਾਂ ਦੋਵਾ ਦਾ ਇਕ ਦੂਜੇ ਦੇ ਸੰਪਰਕ ਵਿਚ ਆਉਣਾ ਇਕ ਅਜਿਹੀ ਇਤਿਹਾਸਕ ਘਟਨਾ ਹੈ, ਜਿਸ ਨਾਲ ਚਿੰਤਨ ਦੀ ਹਰ ਵਿਧਾ ਅੰਦਰੋ ਬਾਹਰੋਂ ਪ੍ਰਭਾਵਿਤ ਹੋਈ ਹੈ। ਇਕ ਦੂਜੇ ਦੇ ਸੰਜੋਗ ਵਿਚੋਂ ਨਵੇਂ ਪਵਚਨ ਸਾਕਾਰ ਹੋਏ

ਹਨ । ਧਿਆਨਯੋਗ ਤੱਥ ਇਹ ਹੈ ਕਿ ਸ਼ਮਿਨਵੈ ਦੀ ਇਹ ਪ੍ਰਕ੍ਰਿਤੀ ਏਨੀ ਗੂੜ੍ਹੀ ਹੈ ਕਿ ਮੱਧਕਾਲ ਦੀ ਕਿਸੇ ਵੀ ਇਕ ਕਾਵਿ-ਪਰੰਪਰਾ ਨੂੰ ਇਸ ਤੋ ਸੁਤੰਤਰ ਰੱਖ ਕੇ ਵਿਚਾਰਿਆ ਹੀ ਨਹੀਂ ਜਾ ਸਕਦਾ । ਦੂਜਾ, ਕਿਉਂਕਿ ਇਹ ਸਮਿਨਵੈ ਹਰ ਕਾਵਿ-ਪਰੰਪਰਾ ਵਿਚ ਰਮਿਆ ਹੋਇਆ ਹੈ, ਇਸ਼ ਲਈ ਵਿਭਿੰਨ ਕਾਵਿ-ਪਰੰਪਰਾਵਾਂ ਨੂੰ ਇਕ ਦੂਜੇ ਤੋਂ ਨਿਖੇੜ ਕੇ ਵਿਚਾਰਨਾ ਸੰਭਵ ਨਹੀਂ । ਪ੍ਰਮਾਣ ਵਜੋਂ ਪੰਜਾਬੀ ਸੂਫੀ ਸ਼ਾਇਰੀ ਦੇ ਪ੍ਰਤੀਕ-ਪ੍ਰਬੰਧ ਨੂੰ ਪੰਜਾਬੀ ਕਿੱਸਾ ਕਾਵਿ ਦੇ ਝਰੋਖੇ ਵਿਚੋਂ ਹੀ ਜਾਣਨਾ ਪਵੇਗਾ । ਇਸੇ ਤਰ੍ਹਾਂ ਪੰਜਾਬੀ ਕਿੱਸਾ ਕਾਵਿ ਦੀ ਅਨਿਓਕਤੀ ਦੀ ਪ੍ਰਸੰਗਿਤਾ ਮੱਧਕਾਲ ਦੀਆਂ ਅਧਿਆਤਕਮ ਕਾਵਿ ਪਰੰਪਰਾਵਾਂ ਰਾਹੀਂ ਹੀ ਪਛਾਣੀ ਜਾ ਸਕਦੀ ਹੈ । ਮਜਾਜ਼ੀ ਅਤੇ ਹਕੀਕੀ ਇਸ਼ਕ ਦੀਆਂ ਰਮਜ਼ਾਂ ਦੀ ਸਹੀ ਸੋਝੀ ਕਿੱਸਾ ਕਾਵਿ ਅਤੇ ਸੂਫ਼ੀ ਸ਼ਾਇਰੀ ਦੀਆਂ ਸਾਂਝੀਆਂ ਸੁਰਾਂ ਰਾਹੀਂ ਹੀ ਹੋ ਸਕਦੀ ਹੈ । ਸੋ ਮੂਲ ਨੁਕਤਾ ਇਹ ਹੈ ਕਿ ਮੱਧਕਾਲ ਦੇ ਪੰਜਾਬੀ ਸਾਹਿਤ ਦੀ ਕਿਸੇ ਵੀ ਕਾਵਿ ਪਰੰਪਰਾ ਨੂੰ ਇਸ ਸਾਮੀ ਅਤੇ ਭਾਰਤੀ ਚਿੰਤਨ ਦੇ ਸਮਿਨਵੈ ਦੇ ਅੰਤਰਗਤ ਹੀ ਵਿਚਾਰਨਾ ਪਵੇਗਾ ਤਾਂ ਜੋ ਸਹੀ ਪਰਿਪੇਖ ਲੱਭਿਆ ਜਾ ਸਕੇ । ਦੂਜਾ, ਮੱਧਕਾਲ ਦੇ ਪੰਜਾਬੀ ਸਾਹਿਤ ਦੀਆਂ ਵਿਭਿੰਨ ਕਾਵਿ-ਪਰੰਪਰਾਵਾਂ ਇਕ ਦੂਜੀ ਨਾਲ ਸੰਚਾਰੀ ਰਿਸ਼ਤੇ ਵਿਚ ਬੱਝੀਆਂ ਹੋਈਆ ਹਨ । ਇਨ੍ਹਾਂ ਵਿਭਿੰਨ ਕਾਵਿ-ਪਰੰਪਰਾਵਾਂ ਨੂੰ ਇਕ ਦੂਜੀ ਨਾਲ ਜੋੜ ਕੇ ਵਿਚਾਰਿਆਂ ਹੀ ਸਹੀ ਨਿਰਣੇ ਕੀਤੇ ਜਾ ਸਕਣਗੇ, ਭਾਵ ਕਿਸੇ ਇਕ ਕਾਵਿ ਪਰੰਪਰਾ ਦਾ ਨਿਰਪੇਖ ਅਤੇ ਸੁਤੰਤਰ ਅਧਿਐਨ ਨਹੀਂ ਕੀਤਾ ਜਾ ਸਕਦਾ । ਇਹ ਉਹ ਮੂਲ ਨੁਕਤਾ ਹੈ ਜਿਸ ਨੂੰ ਪਛਾਣ ਕੇ ਹੀ ਸਮੁੱਚੇ ਮੱਧਕਾਲੀ ਸਾਹਿਤ ਦਾ ਅਧਿਐਨ ਪਰਿਪੇਖ ਉਸਾਰਿਆ ਜਾ ਸਕਦਾ ਹੈ । ਪੰਜਾਬੀ ਕਿੱਸਾ ਕਾਵਿ ਦਾ ਇਹੀ ਪਰਿਪੇਖ ਹੈ, ਜਿਸ ਦੀ ਸੋਝੀ ਰਾਹੀਂ ਇਸ ਕਾਵਿ ਦੀਆਂ ਚਿੰਤਨ ਸਿਮਰਤੀਆਂ ਅਤੇ ਕਾਵਿ-ਯੋਗਤਾਵਾਂ ਪਛਾਣੀਆਂ ਜਾ ਸਕਦੀਆਂ ਹਨ ।[1]

ਇਹ ਤੱਥ ਧਿਆਨਯੋਗ ਹੈ ਕਿ ਜਦੋਂ ਵੀ ਕੋਈ ਅਧਿਏਤਾ ਪੰਜਾਬੀ ਕਿੱਸਿਆਂ ਦਾ ਸਭਿਆਚਾਰਕ ਅਧਿਐਨ ਕਰੇਗਾ, ਉਸ ਦੇ ਅਧਿਐਨ ਦੀ ਮੂਲ ਦਿਸ਼ਾ ਇਹੀ ਸਭਿਆਚਾਰਕ ਸਮਿਨਵੈ ਹੋਵੇਗੀ । ਇਹ ਤੱਥ ਵੀ ਨਾਲ ਹੀ ਵਿਚਾਰਨਯੋਗ ਹੈ ਕਿ ਪੰਜਾਬੀ ਕਿੱਸਾਕਾਰੀ ਦੇ ਰਚਨਾਕਾਰ ਹਿੰਦੂ, ਮੁਸਲਮਾਨ ਅਤੇ ਸਿੱਖ ਸਨ, ਇਸ ਲਈ ਸੁਭਾਵਕ ਹੀ ਸੀ ਕਿ ਵਿਭਿੰਨ ਸਿਮਰਤੀਆਂ ਦਾ ਪ੍ਰਸਾਰ ਸੰਯੁਕਤ ਹੁੰਦਾ ਰਿਹਾ । ਇਹ ਰਚਨਾਕਾਰ ਨਾ ਤਾਂ ਕੱਟੜ ਧਰਮੀ ਸਨ ਅਤੇ ਨਾ ਹੀ ਇਨ੍ਹਾਂ ਦੀ ਚੋਣ ਸੰਕੀਰਣ ਸੀ । ਇਹੀ ਕਾਰਣ ਹੈ ਕਿ ਹੀਰ ਰਾਂਝੇ ਦੀ ਕਥਾ ਨੂੰ ਰਚਣ ਵਾਲਾ ਪਹਿਲਾ ਕਿੱਸਾਕਾਰ ਦਮੋਦਰ ਜਾਤ ਦਾ ਗੁਲਾਟੀ ਸੀ ਅਤੇ ਪੂਰਨ ਦੀ ਕਥਾ ਨੂੰ ਪਹਿਲੀ ਵਾਰ ਰਚਣ ਵਾਲਾ ਕਿੱਸਾਕਾਰ ਕਾਦਰਯਾਰ ਸੀ । ਇਸੇ ਤਰ੍ਹਾਂ ਸਿੱਖ ਕਿੱਸਾਕਾਰਾ ਨੇ ਸ਼ੀਰੀਂ ਫ਼ਰਹਾਦ ਦੇ ਕਿੱਸੇ ਨੂੰ ਸ਼ੁੱਧ ਸਾਮੀ ਪਿਛੋਕੜ ਵਿਚ ਰਚਿਆ ਹੈ । ਇੰਜ ਵਿਭਿੰਨ ਸਭਿਆਚਾਰਕ ਸਿਮਰਤੀਆਂ ਅਚੇਤ ਹੀ ਇਕ ਦੂਜੀ ਵਿਚ ਅਭੇਦ ਹੋ ਗਈਆਂ ਹਨ । ਇਹ ਅਭੇਦਤਾ ਏਨੀ ਗਹਿਰੀ ਹੈ ਕਿ ਪੰਜਾਬ ਦਾ ਸਭਿਆਚਾਰ ਇਸ ਸੰਜੋਗੀ ਰੂਪ ਵਿਚ ਹੀ ਉਭਰਿਆ ਹੈ । ਪ੍ਰੋ. ਪੂਰਨ ਸਿੰਘ ਦੇ ਇਹ

ਬੋਲ "ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ ਤੇ" ਹੀ ਇਸ ਤੱਖ ਦਾ ਜੀਵੰਤ ਪ੍ਰਮਾਣ ਹਨ ਕਿ ਪੰਜਾਬ ਦੀ ਧਰਤੀ, ਪੰਜਾਬ ਦਾ ਸਭਿਆਚਾਰ, ਪੰਜਾਬ ਦੇ ਨਾਇਕ, ਪੰਜਾਬ ਦੀ ਭਾਸ਼ਾ ਕਿਸੇ ਸਮੂਹ ਦੀ ਪ੍ਰਤਿਨਿਧਤਾ ਨਹੀਂ ਕਰਦੇ ਬਲਕਿ ਇਹ ਵਿਭਿੰਨ ਸਿਮਰਤੀਆਂ ਨੂੰ ਆਤਮਸਾਤ ਕਰਕੇ ਇਕ ਸੰਜੋਗੀ ਬਿੰਬ ਉਸਾਰਦੇ ਹਨ। ਇਹੀ ਪੰਜਾਬ ਦੀ ਅਤੇ ਪੰਜਾਬ ਵਿਚ ਰਚੇ ਸਾਹਿਤ ਦੀ ਵਡਿਆਈ ਹੈ। ਪੰਜਾਬੀ ਕਿੱਸਾਕਾਰੀ ਇਸ ਵਡਿਆਈ ਦੀ ਜੀਊਂਦੀ ਧੜਕਦੀ ਮਿਸਾਲ ਹੈ।

ਵਿਚਾਰਨਯੋਗ ਤੱਥ ਇਹ ਹੈ ਕਿ ਰਚਨਾਮਤਕ ਪੱਧਰ ਉਪਰ ਪੰਜਾਬ ਦੇ ਰਚਨਾਕਾਰਾਂ ਵਿਚ ਸਿਮਰਤੀਆਂ ਦੀ ਭਿੰਨਤਾ ਦੇ ਬਾਵਜੂਦ ਤਨਾਉ ਨਹੀਂ ਸੀ। ਜੇਕਰ ਅਜਿਹਾ ਤਨਾਉ ਹੁੰਦਾ ਤਾਂ ਬਾਬਾ ਫ਼ਰੀਦ ਅਤੇ ਗੁਰੂ ਨਾਨਕ ਸਾਰੇ ਪੰਜਬ ਦੇ ਗੁਰੂ/ਪੀਰ ਨਾ ਹੁੰਦੇ। ਤਨਾਉ ਸਿਰਫ ਧਰਮ ਦੇ ਸੰਸਥਾਗਤ ਕੱਟੜਧਰਮੀਆਂ ਵਿਚਕਾਰ ਰਿਹਾ ਹੈ ਜਾਂ ਉਸ ਮੁਸਲਮਾਨ ਰਾਜੇ ਨਾਲ ਰਿਹਾ ਹੈ ਜੋ ਹਿੰਦੂਆਂ ਮੁਸਲਮਾਨਾਂ ਅਤੇ ਸਿੱਖਾਂ ਲਈ ਇਕੋ ਜਿੰਨਾ ਜ਼ਾਲਮ ਸੀ। ਪੰਜਾਬ ਦੀ ਧਰਤੀ ਦਾ ਇਹ ਦਿਲਚਸਪ ਤੱਥ ਹੈ ਕਿ ਇਥੇ ਦੇ ਵਸਨੀਕਾਂ ਦਾ, ਸਭਿਆਚਾਰਕ ਪੱਧਰ ਉਪਰ ਵਿਭਿੰਨ ਸਿਮਰਤੀਆਂ ਨਾਲ ਸੰਚਾਰੀ ਰਿਸਤਾ ਹੈ ਪਰ ਮੁਸਲਮਾਨ ਰਾਜੇ ਨਾਲ ਤਨਾਉ ਹੈ। ਸੂਫੀ ਸੰਤ ਪ੍ਰਵਾਨ ਹਨ ਪਰ ਇਸਲਾਮ ਨੂੰ ਜ਼ੋਰ ਨਾਲ ਪ੍ਰਚਾਰਨ ਵਾਲਾ ਰਾਜਾ ਕਾਟੇ ਹੇਠ ਹੈ। ਇਸ ਦਾ ਮੂਲ ਰਹੱਸ ਇਹ ਹੈ ਕਿ ਪੰਜਾਬੀਆਂ ਨੇ ਪ੍ਰੇਮ-ਬਾਣੀ ਬੋਲਣ ਵਾਲੇ ਹਰ ਅਜਨਬੀ ਨੂੰ ਤਾਂ ਪ੍ਰਵਾਨ ਕਰ ਲਿਆ ਹੈ ਪਰ ਕੱਟੜਧਰਮੀ ਅਤੇ ਅਨਿਆਈ ਰਾਜੇ ਨੂੰ ਚੁਣੌਤੀ ਦਿੱਤੀ ਹੈ। ਬਾਬਾ ਫ਼ਰੀਦ ਨੂੰ ਤਾ ਅਪਣਾਇਆ ਹੈ ਪਰ 'ਪਾਪ ਦੀ ਜੰਞ' ਲੈ ਕੇ ਆਉਣ ਵਾਲੇ ਬਾਬਰ ਨੂੰ ਵੰਗਾਰਿਆ ਹੈ। 'ਟੈਂ ਨਾ ਮੰਨਣ ਕਿਸੇ ਦੀ' ਪੰਜਾਬੀਆਂ ਦਾ ਸੱਚ ਰਿਹਾ ਹੈ ਪਰ ਨਾਲ ਹੀ 'ਪਿਆਰ ਨਾਲ ਇਹ ਕਰਨ ਗੁਲਾਮੀ' ਉਸ ਭਾਵਨਾ ਨੂੰ ਪ੍ਰਗਟਾਉਂਦੀ ਹੈ, ਜਿਸ ਨੇ ਇਨ੍ਹਾਂ ਨੂੰ ਅਜਨਬੀਆਂ ਨਾਲ ਜੀਉਣ ਥੀਣ ਦੀ ਜਾਚ ਸਿਖਾਈ ਹੈ। ਸੋ ਮੂਲ ਤੱਥ ਇਹ ਹੈ ਕਿ ਮੱਧਕਾਲ ਦੇ ਪੰਜਾਬੀ ਸਾਹਿਤ ਦੀ ਕਿਸੇ ਵੀ ਕਾਵਿ-ਪਰੰਪਰਾ ਦੇ ਮੂਲ ਸਰੋਕਾਰਾਂ ਨੂੰ ਜਾਣਨ ਪਛਾਣਨ ਲਈ ਇਸ ਧਰਤੀ ਉਪਰ ਵਾਪਰੇ ਵਿਚਾਰਧਾਰਕ ਅਤੇ ਸਭਿਆਚਾਰਕ ਸਮਿਨਵੈ ਨੂੰ ਹੀ ਮੂਲ ਆਧਾਰ ਮੰਨਣਾ ਪਵੇਗਾ। ਇਸ ਤੱਥ ਦੀ ਸੋਝੀ ਨਾਲ ਮੁਸਲਮਾਨ ਸੂਫੀ ਸੰਤ ਅਤੇ ਕਿੱਸਾਕਾਰ ਪੰਜਾਬੀ ਪਛਾਣ ਦਾ ਹੀ ਮੂਲ ਅੰਗ ਪ੍ਰਤੀਤ ਹੋਣਗੇ। ਪੰਜਾਬੀ ਕਿੱਸਾਕਾਰੀ ਵਿਚ ਮੁਸਲਮਾਨ ਸ਼ਾਇਰਾਂ ਦੀ ਭੂਮਿਕਾ ਏਨੀ ਕੇਂਦਰੀ ਮਹੱਤਵ ਵਾਲੀ ਹੈ ਕਿ ਇਹ ਕਹਿਣਾ ਸਹੀ ਪ੍ਰਤੀਤ ਹੁੰਦਾ ਹੈ ਕਿ ਮੱਧਕਾਲ ਦੇ ਪੰਜਾਬੀ ਸਾਹਿਤ ਦੀ ਲੌਕਿਕ ਕਾਵਿ ਪਰੰਪਰਾ ਇਨ੍ਹਾਂ ਰਾਹੀਂ ਹੀ ਵਿਗਸੀ ਹੈ। ਅਸਲ ਵਿਚ ਜਿਹੜੇ ਸਮੀਖਿਆਕਾਰ ਗੁਰੂ ਸਾਹਿਬਾਨ ਦੀ ਵਡਿਆਈ ਨੂੰ ਵਧੇਰੇ ਦ੍ਰਿੜ੍ਹ ਕਰਵਾਉਣ ਦੇ ਮਨੋਰਥ ਨਾਲ ਮੁਸਲਮਾਨ ਰਚਨਾਕਾਰਾਂ ਨੂੰ ਅਜਨਬੀ ਮੰਨ ਲੈਂਦੇ ਹਨ, ਉਹ ਮੂਲ ਤੱਥਾਂ ਨਾਲ ਬੇਇਨਸਾਫ਼ੀ ਕਰਦੇ ਹਨ। ਵਾਰਿਸ ਸ਼ਾਹ, ਹਾਸ਼ਮ ਸ਼ਾਹ, ਫ਼ਜ਼ਲ ਸ਼ਾਹ ਜਾਂ ਕਾਦਰ [redacted] ਸ਼ਾਇਰਾਂ ਦੀ ਕਾਵਿ ਰਚਨਾ ਨਾਲ ਹੀ ਪੰਜਾਬੀ ਕਿੱਸਾਕਾਰੀ ਦੀ

ਕਾਵਿ ਪਰੰਪਰਾ ਕਾਇਮ ਹੋ ਸਕੀ ਹੈ । ਜਿਥੋਂ ਤੱਕ ਸਾਮੀ ਸਿਮਰਤੀ ਦਾ ਪ੍ਰਸ਼ਨ ਹੈ, ਉਹ ਸਿਮਰਤੀ ਰਚਨਾਵਾਂ ਵਿਚ ਇੰਜ ਅਭੇਦ ਹੋ ਗਈ ਹੈ ਕਿ ਉਹ ਰਚਨਾ ਦੇ ਸੰਚਾਰ ਵਿਚ ਬਾਧਕ ਨਹੀਂ ਬਣਦੀ । ਇਹ ਵੀ ਤਾਂ ਸੱਚ ਹੈ ਕਿ ਜਦੋਂ ਕਿਸੇ ਅਜਨਬੀ ਨੂੰ ਅਪਣਾਅ ਲਈਏ ਤਾਂ ਉਸ ਨੂੰ ਜਾਣਨ ਲਈ ਵਿਸ਼ੇਸ਼ ਦਿਲਚਸਪੀ ਲੈਣੀ ਹੀ ਪੈਂਦੀ ਹੈ । ਕਿੱਸਾ ਕਾਵਿ ਦੀਆਂ ਉਹ ਕਥਾਵਾਂ ਜੋ ਸੁਧ ਸਾਮੀ ਪਿਛੋਕੜ ਵਾਲੀਆਂ ਹਨ, ਉਹ ਕੁਝ ਅਰਸੇ ਸ਼ਾਇਦ ਜਾਣੀਆਂ ਪਛਾਣੀਆਂ ਲੱਗਣ ਲੱਗ ਪਈਆਂ ਸਨ । ਇਸੇ ਤਰ੍ਹਾਂ ਅਰਬੀ, ਫ਼ਾਰਸੀ ਅਤੇ ਉਰਦੂ ਦੀ ਸਬਦਾਵਲੀ ਪੰਜਾਬੀਆਂ ਲਈ ਆਮ ਰਲੇ ਵਾਲੀ ਬਣ ਗਈ ਸੀ । ਅਸਲ ਵਿਚ ਪੰਜਾਬੀ ਭਾਸ਼ਾ ਦਾ ਵਿਕਾਸ ਹੀ ਵਿਭਿੰਨ ਸੋਮਿਆਂ ਵਿਚੋਂ ਆਈ ਸਬਦਾਵਲੀ ਨਾਲ ਹੁੰਦਾ ਰਿਹਾ ਹੈ । ਪੰਜਾਬੀ ਕਿੱਸਿਆਂ ਵਿਚ ਜਿਸ ਪੰਜਾਬੀ ਭਾਸ਼ਾ ਦੇ ਦਰਸ਼ਨ ਹੁੰਦੇ ਹਨ, ਉਸ ਵਿਚ ਅਰਬੀ, ਫ਼ਾਰਸੀ ਅਤੇ ਉਰਦੂ ਦੀ ਸ਼ਬਦਾਵਲੀ ਦਾ ਰੰਗ ਵਧੇਰੇ ਹੈ । ਇਸ ਦਾ ਇਕ ਕਾਰਣ ਇਹ ਵੀ ਹੈ ਕਿ ਕੁਝ ਕਥਾਵਾਂ ਦੇ ਮੂਲ ਸੋਮੇ ਸਾਮੀ ਪਰੰਪਰਾ ਵਿਚੋਂ ਆਏ ਹਨ, ਦੂਜਾ ਮੁਸਲਮਾਨਾਂ ਦੀ ਸਿਮਰਤੀ ਵਿਚ ਅਰਬੀ, ਫਾਰਸੀ ਅਤੇ ਉਰਦੂ ਦਾ ਰੰਗ ਹੋਣਾ ਸੁਭਾਵਕ ਹੀ ਸੀ । ਪਰ ਮਹੱਤਵਪੂਰਨ ਗੱਲ ਇਹ ਹੈ ਕਿ ਕਿੱਸਿਆ ਦੀ ਭਾਸ਼ਾ ਭਾਵੇਂ ਲਹਿੰਦੀ ਪੰਜਾਬੀ ਹੈ, ਭਾਵੇਂ ਫਾਰਸੀ ਸਬਦਾਵਲੀ ਵਾਲੀ ਪੰਜਾਬੀ ਹੈ ਪਰ ਇਹ ਭਾਸਾ ਨਾ ਤਾਂ ਸੰਚਾਰ ਦੀ ਸਮੱਸਿਆ ਪੈਦਾ ਕਰਦੀ ਹੈ ਅਤੇ ਨਾ ਹੀ ਪੰਜਾਬੀਆਂ ਨੇ ਇਸ ਪ੍ਰਤੀ ਬੇਰੁਖ਼ੀ ਦਿਖਾਈ ਹੈ । ਵਾਰਿਸ ਪਹਿਲਾ ਵੀ ਅਤੇ ਅੱਜ ਵੀ ਸਭ ਤੋਂ ਵੱਧ ਪੜ੍ਹਿਆ ਸੁਣਿਆ ਜਾਣ ਵਾਲਾ ਕਿੱਸਾਕਾਰ ਹੈ । ਹੀਰ ਵਾਰਿਸ ਦੇ ਬੋਲ ਜੇਕਰ ਪੰਜਾਬੀਆਂ ਦੀ ਜ਼ਬਾਨ ਉਪਰ ਅਮਰ ਹਨ ਤਾਂ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਵਿਭਿੰਨ ਸੋਮਿਆ ਤੋਂ ਆਈ ਸ਼ਬਦਾਵਲੀ ਪੰਜਾਬੀ ਅੰਦਰ ਆਤਮਸਾਤ ਹੋ ਗਈ ਹੈ । ਵਾਰਿਸ ਜਾਂ ਫ਼ਜ਼ਲ ਸ਼ਾਹ ਦੇ ਕਿੱਸਿਆਂ ਵਿਚ ਜਿਥੇ ਸ਼ੁਧ ਪੰਜਾਬੀ ਰੰਗ ਹੈ, ਉਸ ਦਾ ਮੁਕਾਬਲਾ ਜੇਕਰ ਦੂਜੇ ਰਚਨਾਕਾਰਾ ਨਾਲ ਕਰੀਏ ਤਾਂ ਆਪਣੇ ਆਪ ਹੀ ਸਮੱਸਿਆ ਸਰਲ ਹੋ ਜਾਂਦੀ ਹੈ ਕਿ ਇਨ੍ਹਾਂ ਮੁਸਲਮਾਨ ਕਿੱਸਾਕਾਰਾ ਦਾ ਪੰਜਾਬੀ ਭਾਸਾ ਉਪਰ ਕਮਾਲ ਦਾ ਅਧਿਕਾਰ ਸੀ । ਜੇਕਰ ਇਨ੍ਹਾਂ ਦੀ ਸ਼ਬਦਾਵਲੀ ਵਿਚ ਸਾਮੀ ਰੰਗ ਉਘੜਿਆ ਵੀ ਹੈ ਤਾਂ ਉਹ ਰਚਨਾ ਦੀ ਸੁਰ ਨੂੰ ਬਣਾਈ ਰੱਖਦਾ ਹੈ । ਪੰਜਾਬੀ ਕਿੱਸਾਕਾਰੀ ਦੀ ਵਿਭਿੰਨ ਸ਼ਬਦਾਵਲੀ ਇਸ ਦੀ ਸ਼ਕਤੀ ਹੈ, ਕਮਜ਼ੋਰੀ ਕਦਾਚਿਤ ਨਹੀਂ । ਸਿਰਫ਼ ਅਜਨਬੀ ਸਭਿਆਚਾਰ ਜਾ ਸ਼ਬਦਾਵਲੀ ਹੀ ਨਹੀਂ ਬਲਕਿ ਅਜਨਬੀ ਨਾਇਕ ਵੀ ਪੰਜਾਬੀ ਮਨ ਨੇ ਆਪਣੇ ਬਣਾ ਲਏ ਹਨ । ਦਰਅਸਲ ਜਦੋਂ ਕੋਈ ਸਿਮਰਤੀ ਜਾਂ ਕੋਈ ਵਿਅਕਤੀ ਨਿਰਛਲ ਮਨ ਨਾਲ ਬੇਗਾਨੇ ਅੱਗੇ ਸਾਂਝ ਦਾ ਪ੍ਰਗਟਾਵਾ ਕਰਦਾ ਹੈ ਦੋਵੇਂ ਧਿਰਾਂ ਅਚੇਤ ਹੀ ਇਕ ਦੂਜੀ ਨਾਲ ਅਟੁੱਟ ਰਿਸ਼ਤੇ ਵਿਚ ਬੱਝ ਜਾਂਦੀਆਂ ਹਨ । ਇਸਲਾਮ ਅਤੇ ਸਾਮੀ ਸਭਿਆਚਾਰ ਦੇ ਵਾਰਿਸ ਜਦੋਂ ਭਾਰਤ ਦੀ ਧਰਤੀ ਉਪਰ ਸਦੀਵੀ ਵੱਸਣ ਲਈ ਰਹਿ ਪਏ ਤਾਂ ਨਿੱਕੇ ਵੱਡੇ ਵਿਰੋਧਾਂ ਤੋਂ ਬਾਅਦ ਉਨ੍ਹਾਂ ਨੂੰ ਮੂਲ ਵਾਸੀਆਂ ਨੇ ਸਵੀਕਾਰ ਕਰ ਲਿਆ । ਸਵੀਕਾਰ ਕਰਨ ਤੋਂ ਬਾਅਦ ਦੀ ਸਥਿਤੀ ਸੰਜੋਗ

ਵਾਲੀ ਹੈ। ਪੰਜਾਬੀ ਕਿੱਸਾ ਕਾਵਿ ਇਸ ਸੰਜੋਗ ਦਾ ਰਚਨਾਤਮਕ ਬਿੰਬ ਹੈ। ਇਸ ਕਾਵਿ ਪਰੰਪਰਾ ਦੇ ਵਿੱਤ ਅਤੇ ਵਿਸਥਾਰ ਨੂੰ ਸਮਝਣ ਲਈ ਇਸ ਪਰਿਪੇਖ ਨੂੰ ਜਾਣਨਾ ਬੁਨਿਆਦੀ ਮਸਲਾ ਹੈ। ਇਸ ਮਸਲੇ ਨੂੰ ਨਜਿੱਠ ਕੇ ਹੀ ਅਰਥਾਂ ਦੀ ਸੋਝੀ ਹੋ ਸਕੇਗੀ।

ਪੰਜਾਬੀ ਕਿੱਸਾਕਾਰੀ ਦੇ ਪਰਿਪੇਖ ਦਾ ਦੂਜਾ ਮਹੱਤਵਪੂਰਨ ਨੁਕਤਾ ਵਿਭਿੰਨ ਕਥਾਵਾਂ ਨੂੰ ਥੀਮ ਦੀ ਪੱਧਰ ਉਪਰ ਸੂਤਰਬੱਧ ਕਰਨਾ ਹੈ। ਇਸ ਪ੍ਰਸੰਗ ਵਿਚ ਧਿਆਨਯੋਗ ਤੱਥ ਇਹ ਹੈ ਕਿ ਕਿੱਸਾ ਕਾਵਿ ਦੀਆਂ ਕਥਾਵਾਂ ਬਾਹਰੋਂ ਬੜੀਆਂ ਸਰਲ ਪ੍ਰਤੀਤ ਹੁੰਦੀਆਂ ਹਨ, ਪਰ ਜਦੋਂ ਕਥਾ ਦੇ ਥੀਮ ਅਤੇ ਅਰਥਾਂ ਦੀ ਤਲਾਸ਼ ਕੀਤੀ ਜਾਂਦੀ ਹੈ ਤਾਂ ਇਹ ਬਿਰਤਾਂਤ ਜਟਿਲ ਪ੍ਰਕ੍ਰਿਤੀ ਵਾਲੇ ਦਿਖਾਈ ਦਿੰਦੇ ਹਨ। ਪ੍ਰਮਾਣ ਵਜੋਂ ਪ੍ਰੀਤ ਦੇ ਕਿੱਸਿਆਂ ਦਾ ਕੇਂਦਰੀ ਬਿੰਦੂ ਪ੍ਰੀਤ--ਭਾਵਨਾ ਜਾਂ ਵਿਆਹ ਦੀ ਮਰਯਾਦਾ ਨੂੰ ਰੱਦ ਕਰ ਕੇ ਸੁਤੰਤਰ ਪ੍ਰੀਤ ਸੰਬੰਧਾਂ ਦੀ ਪੂਰਤੀ ਕਰਨਾ ਹੈ ਪਰੰਤੂ ਜਦੋਂ ਕਿਸੇ ਦੇ ਪਾਠ ਵਿਚ ਕੋਈ ਅਧਿਏਤਾ ਪ੍ਰਵੇਸ਼ ਕਰਦਾ ਹੈ ਤਾਂ ਇਸ ਤੱਥ ਦੀ ਸੋਝੀ ਹੁੰਦੀ ਹੈ ਕਿ ਕਥਾ ਦਾ ਅਰਥ ਕੇਵਲ ਪ੍ਰੀਤ ਭਾਵਨਾ ਤਕ ਹੀ ਸੀਮਤ ਨਹੀਂ ਬਲਕਿ ਇਸ ਕਥਾ ਵਿਚੋਂ ਪ੍ਰਕਿਰਤੀ ਅਤੇ ਸੰਸਕ੍ਰਿਤੀ ਦੇ ਤਨਾਉ ਤੋਂ ਲੈ ਕੇ ਸਮੁੱਚੇ ਮਾਨਵੀ ਸਮਾਜ ਦੀ ਲੀਲ੍ਹਾ ਦ੍ਰਿਸ਼ਟੀਗੋਚਰ ਹੁੰਦੀ ਹੈ। ਕਥਾ ਦਾ ਕੇਂਦਰੀ ਬਿੰਦੂ ਤਾਂ ਪ੍ਰੀਤ ਭਾਵਨਾ ਹੀ ਹੈ ਪਰ ਰਚਨਾ ਇਸ ਬਿੰਦੂ ਤੋਂ ਤੁਰ ਅਨੇਕ ਬਿੰਦੂਆਂ ਤਕ ਫੈਲ ਗਈ ਹੈ। ਰਚਨਾ ਜਿਉ ਜਿਉਂ ਵਿਗਸਦੀ ਗਈ ਹੈ, ਸੰਰਚਨਾ ਜਟਿਲ ਹੁੰਦੀ ਗਈ ਹੈ। ਇਸੇ ਤਰ੍ਹਾਂ ਭਗਤੀ ਦੇ ਥੀਮ ਨਾਲ ਜੁੜੇ ਕਿੱਸਿਆਂ ਵਿਚ ਸਿਰਫ ਤਿਆਗ ਜਾਂ ਸੰਸਾਰ ਪ੍ਰਤਿ ਉਪਰਾਮਤਾ ਦੀ ਗੱਲ ਹੀ ਨਹੀਂ ਹੈ ਬਲਕਿ ਮੂਲ ਪ੍ਰਸ਼ਨ ਉਨ੍ਹਾਂ ਸਥਿਤੀਆਂ ਦੇ ਵਿਵੇਕ ਦੀ ਪੇਸ਼ਕਾਰੀ ਹੈ ਜੋ ਮਨੁੱਖ ਨੂੰ ਇਸ ਬਿੰਦੂ ਤਕ ਲੈ ਜਾਂਦੀਆਂ ਹਨ। ਪ੍ਰਮਾਣ ਵਜੋਂ ਪੂਰਨ ਭਗਤ ਦੇ ਕਿੱਸੇ ਦਾ ਇਕੋ ਇਕ ਉਦੇਸ ਪੂਰਨ ਭਗਤ ਦੀ ਵਡਿਆਈ ਤੱਕ ਸੀਮਤ ਨਹੀਂ ਸਗੋਂ ਮੂਲ ਪ੍ਰਸ਼ਨ ਰਾਜੇ ਸਲਵਾਹਨ ਦੇ ਭੋਹਰੇ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਪੂਰਨ, ਲੂਣਾ, ਇੱਛਰਾਂ ਅਤੇ ਰਸਾਲੂ ਕੈਦ ਹਨ। ਇਹ ਭੋਹਰਾ ਪਿਉ ਜਾਂ ਪਤੀ ਦਾ ਨਹੀਂ ਹੈ ਸਗੋਂ ਇਕ ਅਨਿਆਂਕਾਰੀ ਰਾਜੇ ਦਾ ਹੈ। ਵਿਅਕਤੀ ਇਸ ਭੋਹਰੇ ਰੂਪੀ ਕੈਦ ਤੋਂ ਮੁਕਤ ਹੋਣਾ ਚਾਹੁੰਦਾ ਹੈ। ਭੋਹਰੇ ਪ੍ਰਤਿ ਨਾਬਰੀ ਪੂਰਨ ਵੀ ਕਰਦਾ ਹੈ, ਲੂਣਾ ਵੀ, ਇੱਛਰਾ ਵੀ ਅਤੇ ਰਸਾਲੂ ਵੀ। ਰਸਾਲੂ ਉਸ ਨਾਬਰੀ ਦਾ ਭਵਿੱਖ ਬਣਦਾ ਹੈ ਜਿਹੜੀ ਨਾਬਰੀ ਪੂਰਨ ਦੇ ਰੂਪ ਵਿਚ ਪ੍ਰਗਟ ਹੋਈ ਸੀ। ਲੂਣਾ ਦੀ ਨਾਬਰੀ ਜੈਵਿਕ ਰੂਪ ਵਿਚ ਪ੍ਰਗਟ ਹੋਈ ਹੈ। ਇੱਛਰਾਂ ਦੀ ਨਾਬਰੀ ਅੰਪਚਾਰਿਕ ਰਿਸਤੇ ਨੂੰ ਤਿਆਗ ਦੇਣ ਵਿਚ ਦੇਖੀ ਜਾ ਸਕਦੀ ਹੈ। ਜੇਕਰ ਇਸ ਕਿੱਸੇ ਦੀ ਜਟਿਲ ਸੰਰਚਨਾ ਵਿਚ ਉਤਰੀਏ ਤਾਂ ਇਹ ਕਿੱਸਾ ਕੇਵਲ ਭਗਤੀ ਦੇ ਥੀਮ ਦੀ ਪੇਸ਼ਕਾਰੀ ਤਕ ਮਹਿਦੂਦ ਨਹੀਂ, ਬਲਕਿ ਇਸ ਦਾ ਮਹੱਤਵਪੂਰਨ ਅਰਥ ਰਾਜੇ ਸਲਵਾਹਨ ਦੇ ਭੋਹਰੇ ਵਿਚੋਂ ਵਿਅਕਤੀ ਦੇ ਸੁਤੰਤਰ ਹੋਣ ਨਾਲ ਜੁੜਿਆ ਹੋਇਆ ਹੈ। ਪੂਰਨ ਜਾਂ ਰਸਾਲੂ ਨੂੰ ਭੋਹਰੇ ਵਿਚ ਪਾਉਣਾ ਅਸਲ ਵਿਚ ਉਸ ਚੇਤਨਾ ਨੂੰ ਦਬਾਉਣਾ ਹੈ

ਜੋ ਅਨਿਆਂ ਅੱਗੇ ਸਿਰ ਚੁੱਕਦੀ ਹੈ। ਕਥਾ ਵਿਚੋਂ ਸੰਕੇਤ ਇਹ ਮਿਲਦਾ ਹੈ ਕਿ ਪੂਰਨ ਅਤੇ ਰਸਾਲੂ ਨੂੰ ਜੋਤਸ਼ੀਆਂ ਦੀ ਭਵਿੱਖਬਾਣੀ ਕਾਰਣ ਭੋਹਰੇ ਵਿਚ ਪਾਇਆ ਜਾਂਦਾ ਹੈ। ਭੋਹਰੇ ਵਿਚ ਪਾਉਣਾ ਹੀ ਰਾਜੇ ਸਲਵਾਹਨ ਦੇ ਉਸ ਚਰਿਤਰ ਨੂੰ ਪ੍ਰਗਟਾਉਂਦਾ ਹੈ ਜੋ ਪਿਉ ਦੇ ਰੂਪ ਵਿਚ ਨਹੀਂ, ਰਾਜੇ ਦੇ ਰੂਪ ਵਿਚ ਹੈ। ਭੋਹਰਾ ਰਾਜੇ ਦੀ ਕੈਦ ਹੈ, ਪੁੱਤਰ ਭੋਹਰੇ ਦੇ ਅੰਦਰ ਕੈਦ ਹਨ, ਮਾਵਾਂ ਭੋਹਰੇ ਦੇ ਬਾਹਰ ਕੈਦ ਵਿਚ ਹਨ। ਇਹੀ ਇਸ ਕਿੱਸੇ ਦਾ ਅਰਥ ਵਿਸਥਾਰ ਹੈ ਜੋ ਪੂਰਨ ਦੀ ਭਗਤੀ ਦੀ ਗੱਲ ਕਰਨ ਤੋਂ ਲੈ ਕੇ ਵਿਅਕਤੀ ਦੇ ਬੰਧਨ ਅਤੇ ਵਿਦਰੋਹ ਭਾਵਨਾ ਤਕ ਫੈਲਦਾ ਹੈ। ਇਸ ਸਾਰੀ ਚਰਚਾ ਦਾ ਮੁੱਦਾ ਇਹ ਵਿਚਾਰ ਪ੍ਰਗਟਾਉਣਾ ਹੈ ਕਿ ਕਿੱਸਿਆਂ ਦਾ ਥੀਮ ਸਰਲ ਜਾਂ ਇਕਹਿਰਾ ਨਹੀਂ ਸਗੋਂ ਬੜਾ ਜਟਿਲ ਅਤੇ ਬਹੁ-ਅਰਥੀ ਹੈ। ਇਸ ਵਿਚਾਰ ਦੀ ਪੁਸ਼ਟੀ ਲਈ ਦੁੱਲਾ ਭੱਟੀ ਦੇ ਕਿੱਸੇ ਨੂੰ ਵੀ ਆਧਾਰ ਬਣਾਇਆ ਜਾ ਸਕਦਾ ਹੈ। ਇਸ ਕਿੱਸੇ ਵਿਚਲੀਆਂ ਧਾੜਾਂ ਦਾ ਜੇਕਰ ਸਤਹੀ ਅਧਿਐਨ ਕਰੀਏ ਤਾਂ ਇਹ ਕੇਵਲ ਦੁੱਲੇ ਦੀਆਂ ਲੁੱਟਾਂ ਜਾਪਣਗੀਆਂ, ਪਰੰਤੂ ਜੇਕਰ ਇਨ੍ਹਾਂ ਲੁੱਟਾਂ ਦੇ ਪ੍ਰਤੀਕ ਨੂੰ ਪਛਾਣੀਏ ਤਾਂ ਇਹ ਵਿਦਰੋਹ ਦਾ ਪ੍ਰਗਟਾਵਾ ਜਾਪਣਗੀਆਂ, ਜਿਨ੍ਹਾਂ ਰਾਹੀਂ ਦੁੱਲਾ ਆਪਣੀ ਬਗ਼ਾਵਤ ਰਾਜੇ ਤਕ ਪਹੁੰਚਾਉਣਾ ਚਾਹੁੰਦਾ ਹੈ। ਇਸੇ ਤਰ੍ਹਾਂ ਕਿੱਸਿਆਂ ਵਿਚ ਮਿੱਥਾਂ, ਪਰਾਸਰੀਰਕ ਅੰਸ਼ਾਂ ਅਤੇ ਪ੍ਰਕ੍ਰਿਤੀ ਦੀ ਭੂਮਿਕਾ ਇਕ ਗਹਿਰ ਗੰਭੀਰ ਦ੍ਰਿਸ਼ਟੀ ਦੀ ਮੰਗ ਕਰਦੀ ਹੈ। ਕਈ ਕਿੱਸਾਕਾਰਾਂ ਨੇ ਮਿੱਥਾਂ ਦਾ ਅਜਿਹਾ ਰੂਪਾਂਤਰਣ ਕੀਤਾ ਹੈ ਜਿਸ ਨਾਲ ਸਮੁੱਚਾ ਪ੍ਰਵਚਨ ਵੀ ਬਦਲ ਗਿਆ ਹੈ। ਇਸੇ ਕਰਕੇ ਹੀ ਅਸੀਂ ਇਦਾ ਕਹਿ ਆਏ ਹਾਂ ਕਿ ਕਿੱਸਿਆਂ ਦੀ ਸੰਰਚਨਾ ਬੜੀ ਜਟਿਲ ਹੈ। ਆਪਣੇ ਇਸ ਵਿਚਾਰ ਦੀ ਪੁਸ਼ਟੀ ਲਈ ਅਸੀਂ ਰਾਜੇ ਰਸਾਲੂ ਦੇ ਬਿਰਤਾਂਤ ਦੀ ਉਦਾਹਰਣ ਦਿਆਂਗੇ। ਇਸ ਬਿਰਤਾਂਤ ਆਧਾਰਤ ਰਚੇ ਕਿੱਸੇ ਵਿਚ ਰਾਜਾ ਰਸਾਲੂ ਦੇ ਸੰਗੀ ਸਾਥੀ ਪਸ਼ੂ ਪੰਛੀ ਹਨ ਜਾਂ ਰਾਜੇ ਦੀ ਪ੍ਰੀਖਿਆ ਬਾਸਕ ਨਾਗ ਵਰਗੇ ਜੀਵ ਕਰਦੇ ਹਨ। ਇਹ ਸਾਰੇ ਵੇਰਵੇ ਜੇਕਰ ਪ੍ਰਤੀਕਾਤਮਕ ਪੱਧਰ ਉਪਰ ਵਿਚਾਰੇ ਜਾਣ ਤਾਂ ਹਰ ਪ੍ਰਸੰਗ ਦਾ ਅਰਥ ਮਾਨਵੀ ਹੋਵੇਗਾ ਅਤੇ ਜੇਕਰ ਇਨ੍ਹਾਂ ਵੇਰਵਿਆਂ ਨੂੰ ਸਤਹੀ ਪੱਧਰ ਤੇ ਸਮਝਿਆ ਜਾਵੇ ਤਾਂ ਇਹ ਬਿਰਤਾਂਤ ਦੀ ਸਾਰੀ ਸ਼ਕਤੀ ਗੁੰਮ ਹੋ ਜਾਵੇਗੀ। ਮਿਸਾਲ ਵਜੋਂ ਬਾਸ਼ਕ ਨਾਗ ਦੀ ਮਿੱਤਰਤਾ ਦੇ ਪ੍ਰਸੰਗ ਵਿਚ ਉਸ ਦੀ ਸੱਪਣੀ ਪਤਨੀ ਦਾ ਰਸਾਲੂ ਉਪਰ ਮੋਹਿਤ ਹੋਣਾ, ਰਸਾਲੂ ਦਾ ਆਪਣੇ ਜਤਿ ਸਤਿ ਵਿਚ ਕਾਇਮ ਰਹਿਣਾ ਅਤੇ ਬਾਅਦ 'ਚ ਉਸੇ ਸੱਪਣੀ ਦਾ ਆਪਣੇ ਪਤੀ ਬਾਸ਼ਕ ਨਾਗ ਦਾ ਵਿਸ਼ਵਾਸਘਾਤ ਕਰਨਾ ਅਤੇ ਰਸਾਲੂ ਦਾ ਸੱਪਣੀ ਨੂੰ ਮਾਰ ਦੇਣਾ ਆਦਿ ਸਾਰੇ ਪ੍ਰਤੀਕਾਤਮਕ ਵੇਰਵੇ ਹਨ ਜੋ ਰਾਜੇ ਰਸਾਲੂ ਦੇ ਸਤਿ ਅਤੇ ਆਚਰਣ ਦੀ ਗੌਰਵਤਾ ਨੂੰ ਪ੍ਰਗਟਾਉਂਦੇ ਹਨ। ਸੱਪਣੀ ਕਾਮੁਕਤਾ ਦਾ ਪ੍ਰਤੀਕ ਹੈ ਜੋ ਹਰ ਛਿਣ ਦੂਜੇ ਨੂੰ ਆਪਣੀ ਕਾਮੁਕਤਾ ਵਿਚ ਗ੍ਰਸਦੀ ਹੈ। ਇਹ ਸਾਰਾ ਪ੍ਰਸੰਗ ਵੇਰਵਿਆਂ ਦੀ ਪ੍ਰਤੀਕਾਤਮਕ ਵਿਆਖਿਆ ਮੰਗਦਾ ਹੈ, ਜਿਸ ਨੂੰ ਬੜੀ ਡੂੰਘਾਈ ਨਾਲ ਵਿਚਾਰਿਆਂ ਹੀ ਅਰਥਾਂ ਦੀ ਤਹਿ ਤਕ ਪਹੁੰਚਿਆ ਜਾ ਸਕਦਾ ਹੈ। ਅਜਿਹੇ ਅਨੇਕ ਪ੍ਰਮਾਣ ਤਰਕ ਦੀ ਪੁਸ਼ਟੀ ਲਈ ਵਿਚਾਰੇ ਜਾ ਸਕਦੇ

ਹਨ ਕਿ ਨਾ ਤਾਂ ਕਥਾਵਾਂ ਸਰਲ ਹਨ ਅਤੇ ਨਾ ਹੀ ਕਥਾਵਾਂ ਆਧਾਰਿਤ ਕਿੱਸਿਆਂ ਦੀ ਸੰਰਚਨਾ ਇਕਹਿਰੀ ਹੈ। ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਇਨ੍ਹਾਂ ਵਿਭਿੰਨ ਕਥਾਵਾਂ ਉਪਰ ਉਸਰੇ ਕਿੱਸਾ ਕਾਵਿ ਨੂੰ ਕਿਵੇਂ ਸੂਤਰਬੱਧ ਕੀਤਾ ਜਾਵੇ ? ਇਸ ਸਮੱਸਿਆ ਦੇ ਸਮਾਧਾਨ ਲਈ ਪੰਜਾਬੀ ਕਿੱਸਿਆਂ ਦਾ ਥੀਮਕ ਅਧਿਐਨ ਕਰਨਾ ਪਵੇਗਾ। ਥੀਮਕ ਅਧਿਐਨ ਉਪਰੰਤ ਹੀ ਇਸ ਤੱਥ ਦੀ ਪ੍ਰਤੀਤੀ ਹੁੰਦੀ ਹੈ ਕਿ ਕਿੱਸਾ ਕਾਵਿ ਦੀਆਂ ਵਿਭਿੰਨ ਕਥਾਵਾਂ ਦੇ ਤਿੰਨ ਥੀਮ ਪ੍ਰਸਤੁਤ ਹੋਏ ਹਨ। ਪਹਿਲਾ ਥੀਮ ਇਸ਼ਕ ਭਾਵਨਾ ਦੇ ਕੇਂਦਰੀ ਬਿੰਦੂ ਨਾਲ ਜੁੜਦਾ ਹੈ, ਜਿਸ ਵਿਚ ਸੰਸਕ੍ਰਿਤੀ ਅਤੇ ਪ੍ਰਕ੍ਰਿਤੀ ਦਾ ਤਨਾਉ ਹੈ। ਦੂਸਰਾ ਥੀਮ ਸੂਰਮਗਤੀ ਨਾਲ ਸੰਬੰਧਿਤੀ ਹੈ, ਜਿਸ ਵਿਚ ਟਕਰਾਉ ਕੁਲੀਨ ਵਰਗ ਤੇ ਲੋਕ ਵਰਗ ਵਿਚਕਾਰ ਹੈ। ਤੀਸਰਾ ਥੀਮ ਭਗਤੀ ਉਪਰ ਕੇਂਦਰਿਤ ਹੈ, ਜਿਸ ਵਿਚ ਤਨਾਉ ਸੰਸਾਰਕਤਾ ਅਤੇ ਤਿਆਗ ਵਿਚ ਹੈ। ਇਹ ਤਿੰਨ ਥੀਮ ਅਜਿਹੇ ਹਨ, ਜਿਨ੍ਹਾਂ ਨੂੰ ਪੰਜਾਬੀ ਕਿੱਸਾਕਾਰੀ ਵਿਚ ਰਚਨਾਤਮਕ ਵਿਸਥਾਰ ਮਿਲਿਆ ਹੈ। ਇਥੇ ਇਕ ਬੁਨਿਆਦੀ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਹ ਤਿੰਨ ਥੀਮ ਆਪਣੇ ਚਰਿਤਰ ਵਿਚ ਇਕ ਦੂਜੇ ਨਾਲੋਂ ਭਿੰਨ ਹਨ ਅਤੇ ਇਨ੍ਹਾ ਵਿਭਿੰਨ ਥੀਮਾਂ ਵਿਚਕਾਰ ਅਜਿਹਾ ਕਿਹੜਾ ਸਾਂਝਾ ਸੂਤਰ ਹੈ ਜੋ ਇਨ੍ਹਾਂ ਸਾਰਿਆਂ ਨੂੰ ਇਕੋ ਕਾਵਿ ਪਰੰਪਰਾ ਦਾ ਅੰਗ ਬਣਾਉਂਦਾ ਹੈ ? ਇਸ ਪ੍ਰਸਨ ਦਾ ਉੱਤਰ ਹੀ ਸਾਰੀ ਕਾਵਿ-ਪਰੰਪਰਾ ਨੂੰ ਸਮਝਣ ਵਿਚ ਸਹਾਈ ਹੋਵੇਗਾ। ਵਿਭਿੰਨ ਕਾਵਿ-ਪਾਠਾਂ ਦਾ ਅਧਿਐਨ ਸਾਨੂੰ ਇਸ ਤੱਥ ਦੀ ਸੂਚਨਾ ਦੇਂਦਾ ਹੈ ਕਿ ਇਨ੍ਹਾਂ ਤਿੰਨ ਥੀਮਾਂ ਦਾ ਸਾਂਝਾ ਸੂਤਰ ਵਿਅਕਤੀ ਦੀ ਆਤਮ ਪਛਾਣ ਅਤ ਉਸ ਦੀ ਹੋਂਦ ਦਾ ਪ੍ਰਸ਼ਨ ਹੈ। ਜਦ ਵੀ ਕਿਸੇ ਸਥਿਤੀ ਵਿਚ ਇਹ ਆਤਮ ਪਛਾਣ ਅਤੇ ਜਾਗਰਿਤ ਹੋਂਦ ਸੰਕਟ ਵਿਚ ਆਉਂਦੀ ਹੈ, ਵਿਅਕਤੀ ਵਿਦਰੋਹ ਕਰ ਦੇਂਦਾ ਹੈ। ਕਿੱਸਾ ਕਾਵਿ ਦੀਆਂ ਵਿਭਿੰਨ ਕਥਾਵਾਂ ਵਿਅਕਤੀ ਦੇ ਇਸੇ ਵਿਦਰੋਹ ਦਾ ਹੀ ਵਿਸਥਾਰ ਹਨ। ਪ੍ਰਮਾਣ ਵਜੋਂ ਇਸ਼ਕ ਦੇ ਕਿੱਸਿਆ ਵਿਚ ਵਿਅਕਤੀ ਦੀ ਆਤਮ ਪਛਾਣ ਪਰੰਪਰਾ ਅਤੇ ਕਰੜੀ ਔਪਚਾਰਿਕ ਮਰਯਾਦਾ ਦੇ ਅੰਤਰਗਤ ਜਦੋਂ ਵੀ ਗੁੰਮ ਹੋਣ ਲਗਦੀ ਹੈ, ਉਹ ਵਿਦਰੋਹ ਕਰ ਦੇਂਦਾ ਹੈ। ਸੰਸਕ੍ਰਿਤੀ ਮਾਨਵ ਦੀ ਸਿਰਜਣਾ ਹੈ, ਪ੍ਰਕ੍ਰਿਤੀ ਉਸ ਦੀ ਸ਼ਕਤੀ ਹੈ। ਮਾਨਵ ਨੇ ਆਪਣੀ ਅੰਦਰਲੀ ਅਨੰਤ ਸ਼ਕਤੀ ਨੂੰ ਸੰਸਕ੍ਰਿਤੀ ਦੀ ਔਪਚਾਰਿਕਤਾ ਰਾਹੀਂ ਨੇਮ-ਬੱਧ ਕੀਤਾ ਹੈ। ਆਤਮ ਪਛਾਣ ਜਾ ਹੋਂਦ ਦੇ ਸੰਕਟ ਦੀ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਸੰਸਕ੍ਰਿਤੀ ਇਕ ਕਰੜਾ ਬੰਧਨ ਮਾਨਵ ਉਪਰ ਆਰੋਪਿਤ ਕਰਦੀ ਹੈ। ਇਸ ਬੰਧਨ ਤ ਮੁਕਤ ਹੋਣ ਲਈ ਹੀ ਵਿਅਕਤੀ ਔਪਚਾਰਿਕਤਾ ਨੂੰ ਭੰਗ ਕਰਕੇ ਆਪਣੀ ਆਤਮਪੂਰਤੀ ਲਈ ਜੂਝਦਾ ਹੈ। ਇਸੇ ਨੂੰ ਹੀ ਅਸੀਂ ਪ੍ਰਕ੍ਰਿਤੀ ਅਤੇ ਸੰਸਕ੍ਰਿਤੀ ਦਾ ਤਨਾਉ ਕਿਹਾ ਸੀ ਜੋ ਇਸ਼ਕ ਦੇ ਕਿੱਸਿਆਂ ਦਾ ਮੂਲ ਸੂਤਰ ਹੈ। ਸੂਰਮਗਤੀ ਦੇ ਕਿੱਸਿਆਂ ਵਿਚ ਤਨਾਉ ਕੁਲੀਨ ਵਰਗ ਅਤੇ ਲੋਕ ਵਰਗ ਵਿਚਕਾਰ ਹੈ। ਕੁਲੀਨ ਵਰਗ ਦੇ ਅਨਿਆਂ ਤੋਂ ਮੁਕਤ ਹੋਣ ਲਈ ਲੋਕ ਵਰਗ ਦਾ ਸੰਘਰਸ਼ ਸੂਰਮਗਤੀ ਦੇ ਕਿੱਸਿਆਂ ਦਾ ਥੀਮ ਹੈ। ਲੋਕ ਵਰਗ ਨਾਲ ਜੁੜ ਕੇ ਹੀ ਇਨ੍ਹਾਂ ਕਿੱਸਿਆਂ ਦੇ ਨਾਇਕ ਲੋਕ

ਸਿਮਰਤੀ ਦਾ ਅੰਗ ਬਣੇ ਹਨ । ਰਾਜਾ ਰਸਾਲੂ ਰਾਜੇ ਦਾ ਪੁੱਤਰ ਹੈ, ਪਰ ਸੰਘਰਸ਼ ਵਿਚ ਉਸ ਦੇ ਸਾਥੀ ਪੀੜਿਤ ਵਰਗ ਵਿਚੋਂ ਆਏ ਹਨ । ਅਨਿਆਂਕਾਰੀ ਰਾਜੇ ਤੋਂ ਵਿਦਰੋਹ ਕਰਕੇ ਹੀ ਰਸਾਲੂ ਲੋਕ ਵਰਗ ਦਾ ਨਾਇਕ ਬਣ ਸਕਿਆ ਹੈ । ਦੁੱਲਾ ਭੱਟੀ ਆਪਣੇ ਵਿਦਰੋਹ ਕਾਰਨ ਹੀ ਦੱਬੀਆਂ ਕੁਚਲੀਆਂ ਆਵਾਜ਼ਾਂ ਦਾ ਮਸੀਹਾ ਬਣ ਸਕਿਆ ਹੈ । ਇਨ੍ਹਾਂ ਸੂਰਮਗਤੀ ਦੇ ਕਿੱਸਿਆ ਵਿਚ ਵੀ ਵਿਦਰੋਹ ਕੇਂਦਰੀ ਸੂਤਰ ਹੈ । ਇਸ਼ਕ ਦੇ ਕਿੱਸਿਆਂ ਵਿਚ ਵਿਦਰੋਹ ਕਰੜੀ ਮਰਯਾਦਾ ਦਾ ਸੀ, ਸੂਰਮਗਤੀ ਦੇ ਕਿੱਸਿਆਂ ਵਿਚ ਵਿਦਰੋਹ ਅਨਿਆਂਕਾਰੀ ਕੁਲੀਨ ਵਰਗ ਦਾ ਹੈ । ਵਿਦਰੋਹ ਦੋਹਾਂ ਥੀਮਾਂ ਵਿਚ ਮੂਲ ਸੂਤਰ ਹੈ । ਇਸ ਵਿਦਰੋਹ ਭਾਵਨਾ ਦੀ ਰੇਖਾਕਾਰੀ ਰਾਹੀਂ ਹੀ ਕਿੱਸਿਆਂ ਦੀ ਰਚਨਾਤਮਕਤਾ ਨੂੰ ਜਾਣਿਆ ਜਾ ਸਕਦਾ ਹੈ । ਪੰਜਾਬੀ ਕਿੱਸਾਕਾਰੀ ਦਾ ਤੀਜਾ ਥੀਮ ਸੰਸਾਰਕਤਾ ਅਤੇ ਤਿਆਗ ਵਿਚਲੇ ਤਨਾਉ ਸੂਤਰ ਉਪਰ ਉਸਰਿਆ ਹੋਇਆ ਹੈ । ਸੰਸਾਰਕਤਾ ਵਿਚ ਦੰਭ ਹੈ, ਫ਼ਰੇਬ ਹੈ ਅਤੇ ਅਮਾਨਵੀ ਵਰਤਾਰਾ ਹੈ । ਇਸ ਸੰਸਾਰਕਤਾ ਨੂੰ ਤਿਆਗ ਕੇ ਭਗਤ ਦੀ ਪਦਵੀ ਪ੍ਰਾਪਤ ਕਰਨ ਵਾਲੇ ਨਾਇਕ ਪੰਜਾਬੀ ਮਨ ਨੇ ਸਵੀਕਾਰ ਕੀਤੇ ਹਨ । ਇਹ ਭਗਤ ਨਾਇਕ ਜਿਸ ਪਾਰਗਾਮੀ ਅਵਸਥਾ ਤਕ ਪਹੁੰਚੇ ਹਨ, ਉਸ ਤੋਂ ਪਹਿਲਾਂ ਉਨ੍ਹਾ ਨੂੰ ਤਿੱਖੇ ਤਨਾਉ ਵਿਚੋਂ ਲੰਘਣਾ ਪਿਆ ਹੈ । ਹਰ ਛਿਣ ਆਪਣੇ ਤਿਆਗ ਦੀ ਪ੍ਰੀਖਿਆ ਦੇਣੀ ਪਈ ਹੈ । ਇਹ ਪ੍ਰੀਖਿਆ ਭਾਵੇਂ ਸੁੰਦਰਾਂ ਦੇ ਰੂਪ ਵਿਚ ਹੈ ਜੋ ਮੁੜ ਆਪਣੇ ਤਿਆਗ ਵਿਚ ਪੂਰੇ ਉਤਰੇ ਹਨ । ਇਕ ਤਿੱਖ ਤਨਾਉ ਨੂੰ ਹੰਢਾ ਕੇ ਹੀ ਉਹ ਆਪਣੇ ਆਪ ਨੂੰ ਉਲੰਘ ਸਕੇ ਹਨ । ਸੋ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਕਿੱਸਾ ਕਾਵਿ ਦੇ ਇਹ ਤਿੰਨ ਥੀਮ ਤਨਾਉ ਦੇ ਕੇਂਦਰੀ ਸੂਤਰ ਉਪਰ ਉਸਰੇ ਹਨ । ਇਹੀ ਸੂਤਰ ਵਿਭਿੰਨ ਕਥਾਵਾਂ ਨੂੰ ਇਕ ਦੂਜੀ ਨਾਲ ਜੋੜਦਾ ਹੈ, ਸਾਂਝ ਸਥਾਪਤ ਕਰਦਾ ਹੈ । ਦੂਸਰਾ ਮਹੱਤਵਪੂਰਨ ਸਾਂਝਾ ਤੱਥ ਇਹ ਹੈ ਕਿ ਵਿਭਿੰਨ ਕਿੱਸਿਆਂ ਦੇ ਨਾਇਕ/ਨਾਇਕਾਵਾਂ ਅਣਚਾਹੀਆਂ ਸਥਿਤੀਆਂ ਵਿਚ ਨਾ ਤਾਂ ਝੁਕਦੇ ਹਨ ਅਤੇ ਨਾ ਹੀ ਸਮਝੌਤਾ ਕਰਦੇ ਹਨ । ਇਹ ਨਾਇਕ/ਨਾਇਕਾਵਾ ਟੁੱਟ ਭਾਵੇਂ ਗਏ ਹਨ ਪਰ ਉਨ੍ਹਾ ਸਥਿਤੀ ਦੇ ਸੰਕਟ ਅੱਗੇ ਆਪਾ ਸਮਰਪਣ ਨਹੀਂ ਕੀਤਾ । ਇਹ ਇਕ ਅਜਿਹੀ ਸਾਂਝ ਹੈ ਜੋ ਸਾਰੇ ਕਿੱਸਾ ਕਾਵਿ ਦੀ ਮੂਲ ਆਤਮਾ ਹੈ । ਇਹੀ ਸਾਂਝ ਵਿਭਿੰਨ ਕਥਾਵਾਂ ਦੇ ਬਿਰਤਾਂਤਾਂ ਨੂੰ ਇਕ ਦੂਜੇ ਨਾਲ ਜੋੜਨ ਦੀ ਭੂਮਿਕਾ ਨਿਭਾਉਂਦੀ ਹੈ । ਇਹ ਨਾਇਕ/ਨਾਇਕਾਵਾਂ ਆਪਣੇ ਇਸੇ ਕਿਰਦਾਰ ਕਾਰਣ ਲੋਕ ਸਿਮਰਤੀ ਦਾ ਹਿੱਸਾ ਬਣੇ ਹਨ । ਇਨ੍ਹਾਂ ਸਾਰਿਆਂ ਦੀ ਸੰਘਰਸ਼-ਦਿਸਾ ਵਿਚ ਇਕ ਅਜਿਹੀ ਸੂਰਮਗਤੀ ਦਾ ਤੱਤ ਹੈ, ਜਿਸ ਰਾਹੀਂ ਆਤਮਕ ਬਲ ਪ੍ਰਗਟ ਹੋਇਆ ਹੈ । ਇਸ ਆਤਮਕ ਬਲ ਦਾ ਹੀ ਸਿੱਟਾ ਹੈ ਕਿ ਨਾਇਕ/ਨਾਇਕਾਵਾਂ ਇਕੱਲੇ ਅਤੇ ਪਰਦੇਸੀ ਹੁੰਦਿਆ ਵੀ ਡੋਲਦੇ ਥਿੜਕਦੇ ਨਹੀਂ ਹਨ । ਇਨ੍ਹਾਂ ਨਾਇਕ/ਨਾਇਕਾਵਾਂ ਦੀ ਪ੍ਰਾਪਤੀ ਆਪਣੀ ਮੰਜ਼ਲ ਪ੍ਰਾਪਤ ਕਰਨ ਜਾਂ ਨਾ ਕਰਨ ਵਿਚ ਨਹੀ ਬਲਕਿ ਉਸ ਵਿਸ਼ਵਾਸ ਵਿਚ ਹੈ, ਜਿਸ ਨੇ ਇਹ ਬੋਲ ਉਚਾਰੇ ਹਨ: "ਤਰਸਾਂ ਮੂਲ ਨਾ ਮੁੜਸਾਂ, ਜਾਨ ਤਲੀ ਪੁਰ ਧਰਸਾਂ ।" ਇਹੀ ਇਨ੍ਹਾਂ

ਦੀ ਮੰਜ਼ਲ ਹੈ, ਇਹੀ ਇਨ੍ਹਾਂ ਦੀ ਪ੍ਰਾਪਤੀ ਹੈ। ਪੰਜਾਬ ਦੀ ਧਰਤੀ ਨੇ ਤਾਂ ਉਨ੍ਹਾਂ ਨੂੰ ਸਵੀਕਾਰ ਕੀਤਾ ਹੈ ਜੋ ਜਾਂ ਤਾਂ ਦਾਤਾ ਹੈ ਜਾਂ ਭਗਤ ਹੈ ਜਾਂ ਸੂਰਮਾ ਹੈ। ਇਹੀ ਕਾਰਣ ਹੈ ਕਿ ਭਗਤ ਵੀ ਪੰਜਾਬੀਆਂ ਲਈ ਓਨਾ ਹੀ ਵੱਡਾ ਨਾਇਕ ਹੈ ਜਿੰਨਾ ਵੱਡਾ ਨਾਇਕ ਸੂਰਮਾ ਹੈ। ਪੰਜਾਬ ਦੇ ਹਰ ਨਾਇਕ ਵਿਚ ਸੂਰਮਗਤੀ ਦਾ ਇਕ ਅਜਿਹਾ ਤੱਤ ਹੈ ਜੋ ਉਸ ਨੂੰ ਸੰਕਟ ਤੋਂ ਪਾਰ ਲੈ ਜਾਂਦਾ ਹੈ। ਇਸੇ ਕਰਕੇ ਤਾਂ ਕਿਹਾ ਜਾਂਦਾ ਹੈ ਕਿ ਪੰਜਾਬ ਦਾ ਨਾਇਕ ਜਾਂ ਤਾਂ ਲੜਦਾ ਹੈ ਜਾਂ ਆਪਣੇ ਲਕਸ਼ ਲਈ ਰਣ ਵਿਚ ਮਰਦਾ ਹੈ। ਨਿਸ਼ਚੇ ਨਾਲ ਜਿੱਤ ਕਰਨੀ ਪੰਜਾਬ ਦੇ ਨਾਇਕ ਦਾ ਮਨੋਬਲ ਪ੍ਰਗਟਾਉਂਦੀ ਹੈ। ਪੰਜਾਬੀ ਕਿੱਸਾਕਾਰੀ ਦੇ ਨਾਇਕ/ਨਾਇਕਾਵਾਂ ਦਾ ਸੱਚ ਹੀ ਜੂਝਣ ਵਿਚ ਹੈ। ਇਹੀ ਕਾਰਣ ਹੈ ਕਿ ਅੱਜ ਵੀ ਕਿਸੇ ਸੰਘਰਸ਼ ਦੀ ਪ੍ਰੇਰਨਾ ਲਈ ਇਨ੍ਹਾਂ ਨਾਇਕ/ਨਾਇਕਾਵਾਂ ਨੂੰ ਪ੍ਰੇਰਣਾ ਵਜੋਂ ਲਿਆ ਜਾਂਦਾ ਹੈ। ਦਰਅਸਲ ਪੰਜਾਬੀ ਕਿੱਸਾ ਕਾਵਿ ਵਿਚ ਹੀ ਨਹੀਂ ਬਲਕਿ ਸਮੁੱਚੇ ਮੱਧਕਾਲੀ ਪੰਜਾਬੀ ਸਾਹਿਤ ਵਿਚ ਉਹੀ ਮਾਨਵ ਪ੍ਰਵਾਨ ਹੈ ਜੋ ਸਥਿਤੀ ਅੱਗੇ ਝੁਕਦਾ ਨਹੀਂ, ਅਮਾਨਵੀ ਵਰਤਾਰੇ ਨੂੰ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਚੁਣੌਤੀ ਦੇਂਦਾ ਹੈ। ਪੰਜਾਬੀ ਕਿੱਸਾ ਕਾਵਿ ਦੇ ਨਾਇਕ/ਨਾਇਕਾਵਾਂ ਨੇ ਆਪਣੇ ਚਰਿਤਰ ਰਾਹੀਂ ਇਹ ਸਿੱਧ ਕੀਤਾ ਹੈ ਕਿ ਅਣਚਾਹੀਆਂ ਸਥਿਤੀਆਂ ਨਾਲ ਉਹੀ ਵਿਅਕਤੀ ਜੂਝ ਸਕਦਾ ਹੈ ਜੋ ਨਿਰਭੈ ਅਤੇ ਨਿਡਰ ਹੋਵੇ। ਨਿਰਭੈ ਅਤੇ ਨਿਡਰ ਹੋ ਕੇ ਹੀ ਕਿੱਸਾ ਕਾਵਿ ਦੇ ਆਸ਼ਕ, ਸੂਰਮੇ ਅਤੇ ਭਗਤ ਲੋਕ ਸਿਮਰਤੀ ਦਾ ਹਿੱਸਾ ਬਣ ਸਕੇ ਹਨ। ਇਨ੍ਹਾਂ ਤਿੰਨਾ ਥੀਮਕ ਪਾਸਾਰਾਂ ਵਿਚੋਂ ਵੀ ਇਹ ਧਾਰਨਾ ਸਹੀ ਜਾਪਦੀ ਹੈ ਕਿ ਇਨ੍ਹਾਂ ਨਾਇਕ/ਨਾਇਕਾਵਾ ਨੇ ਪਹਿਲਾ ਮਰਨ ਕਬੂਲ ਕੀਤਾ ਹੈ। ਮੌਤ ਦੇ ਭੈਅ ਤੋਂ ਮੁਕਤ ਹੋ ਕੇ ਹੀ ਉਹ ਆਪਣੀ ਮੰਜ਼ਲ ਤਕ ਪਹੁੰਚ ਸਕੇ ਹਨ। ਸੋਹਣੀ ਦੀ ਮਾਂ ਦੇ ਇਹ ਬੋਲ ਸਨ: "ਹਿਕੇ ਇਸ਼ਕ ਰਹਿਸੀ, ਹਿਕੇ ਜਾਨ ਰਹਿਸੀ, ਦੋਹਾਂ ਥੀਂ ਇਕ ਮਨਾ ਧੀਏ" ਅਤੇ ਧੀ ਦੀ ਚੋਣ ਆਪਣੇ ਇਸ਼ਕ ਨੂੰ ਚੁਣਨਾ ਸੀ। ਸੱਸੀ ਇਹ ਜਾਣਦਿਆਂ ਹੋਇਆਂ ਵੀ ਕਿ ਮਾਰੂਥਲ ਵਿਚ ਮੌਤ ਹੈ, ਪਿਛਾਂਹ ਨਹੀਂ ਹਟਦੀ। ਕਹਿਣ ਦਾ ਮਨੋਰਥ ਇਹ ਹੈ ਕਿ ਆਸ਼ਕ ਹੋਣ ਵਿਚ ਵੀ ਇਕ ਸੂਰਮਗਤੀ ਹੈ। ਆਪਣੇ ਆਪ ਨੂੰ ਉਲੰਘ ਲੈਣਾ, ਦੂਜੇ ਦੀ ਖ਼ਾਤਰ ਜਾਨ ਦੇ ਦੇਣੀ ਜਾਂ ਮੌਤ ਵਿਚੋਂ ਜੀਵਨ ਦਾ ਦੀਦਾਰ ਕਰਨ ਵਾਲਾ ਵਿਅਕਤੀ ਹੋਰ ਕੁਝ ਬਾਅਦ ਵਿਚ ਹੈ, ਪਹਿਲਾਂ ਉਹ ਸੂਰਮਾ ਹੈ। ਕਿੱਸਾ ਕਾਵਿ ਦੇ ਇਹ ਤਿੰਨ ਥੀਮਕ ਵਿਸਥਾਰ ਇਸੇ ਤੱਥ ਦੀ ਪੁਸ਼ਟੀ ਕਰਦੇ ਹਨ। ਸੋ ਕਿੱਸਾ ਕਾਵਿ ਪਰਿਪੇਖ ਨੂੰ ਪਛਾਣਨ ਵਾਲਾ ਦੂਜਾ ਮਹੱਤਵਪੂਰਨ ਨੁਕਤਾ ਇਹ ਹੈ ਕਿ ਕਿੱਸਾ ਕਾਵਿ ਦੀਆਂ ਵਿਭਿੰਨ ਕਥਾਵਾਂ ਦੇ ਥੀਮਕ ਪਾਸਾਰ ਵੱਖਰੇ ਹੋ ਕੇ ਵੀ ਇਕ ਕੇਂਦਰੀ ਸੂਤਰ ਵਿਚ ਬੱਝੇ ਹੋਏ ਹਨ ਅਤੇ ਇਹ ਕੇਂਦਰੀ ਸੂਤਰ ਨਾਇਕ/ਨਾਇਕਾਵਾਂ ਦੀ ਵਿਦਰੋਹ ਭਾਵਨਾ ਹੈ, ਅਣਚਾਹੀਆਂ ਸਥਿਤੀਆਂ ਨੂੰ ਚੁਣੌਤੀ ਦੇਣਾ ਹੈ। ਆਤਮ ਪੂਰਤੀ ਅਤੇ ਆਤਮ ਪਛਾਣ ਲਈ ਇਹ ਨਾਇਕ/ਨਾਇਕਾਵਾ ਸਿਰਫ ਆਪਣੇ ਆਪ ਨੂੰ ਹੀ ਨਹੀਂ ਉਲੰਘਦੇ ਸਗੋਂ ਹਰ ਉਸ ਨੇਮ ਨੂੰ ਉਲੰਘ ਦੇਂਦੇ ਹਨ ਜੋ ਮਾਨਵੀ ਅਰਥ ਗਆ ਬੈਠਾ ਹੈ। ਇਹ ਤਿੰਨ ਵਿਭਿੰਨ ਥੀਮਕ

ਪਾਸਾਰਾਂ ਦਾ ਕੇਂਦਰੀ ਸੰਗਠਨਕਾਰੀ ਸੂਤਰ ਹੈ। ਗਲਪ ਸੰਰਚਨਾ ਦੀ ਦ੍ਰਿਸ਼ਟੀ ਤੋਂ ਸਾਰੀ ਕਿੱਸਾਕਾਰੀ ਦਾ ਪ੍ਰਮਾਣਕ ਸਾਂਝਾ ਸੂਤਰ ਤਨਾਉ ਦਾ ਫੈਲਾਉ ਹੈ। ਇਹ ਉਹ ਸੂਤਰ ਹੈ ਜਿਸ ਰਾਹੀਂ ਹਰ ਕਿੱਸਾਕਾਰ ਨੇ ਮਾਨਵੀ ਅਕਾਂਖਿਆਵਾਂ ਅਤੇ ਉਨ੍ਹਾਂ ਦੇ ਵਿਰੋਧ ਵਿਚ ਖੜੀਆਂ ਧਿਰਾਂ ਨੂੰ ਚਿਤਰਿਆ ਹੈ। ਤਨਾਉ/ਟਕਰਾਉ ਦੇ ਫੈਲਾਉ ਦੀ ਜੁਗਤ ਨੇ ਹੀ ਪੰਜਾਬੀ ਕਿੱਸਾਕਾਰੀ ਅੰਦਰਲੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਹੈ। ਇਥੇ ਅਸੀਂ ਇਹ ਸਪੱਸ਼ਟ ਕਰਨਾ ਚਾਹਾਂਗੇ ਕਿ ਜਿਨ੍ਹਾਂ ਕਿੱਸਿਆਂ ਵਿਚ ਤਨਾਉ ਖੰਡਿਤ ਹੋ ਗਿਆ ਹੈ, ਉਨ੍ਹਾਂ ਦੀ ਪ੍ਰਮਾਣਕਤਾ ਸੰਦਿਗਧ ਮੰਨੀ ਗਈ ਹੈ। ਆਧੁਨਿਕ ਗਲਪ ਸ਼ਾਸਤਰੀਆਂ ਨੇ ਗਲਪ ਦੀ ਮੂਲ ਸਾਰਥਕਤਾ ਤਨਾਉ ਦੇ ਫੈਲਾਉ ਵਿਚ ਮੰਨੀ ਹੈ। ਇਸ ਸ਼ਾਸਤਰੀ ਦ੍ਰਿਸ਼ਟੀ ਤੋਂ ਪੰਜਾਬੀ ਕਿੱਸਾਕਾਰੀ ਦੇ ਵਿਭਿੰਨ ਬਿਰਤਾਂਤ ਗਲਪ-ਸੰਰਚਨਾ ਦੀ ਦ੍ਰਿਸ਼ਟੀ ਤੋਂ ਇਕ ਦੂਜੇ ਨਾਲ ਸਾਂਝ ਦੇ ਰਿਸ਼ਤੇ ਵਿਚ ਬੱਝੇ ਹੋਏ ਹਨ। ਇਸ ਨੁਕਤੇ ਨੂੰ ਸਪੱਸ਼ਟ ਕਰਨ ਦਾ ਸਾਡਾ ਮਨੋਰਥ ਸੀ ਕਿ ਵਿਭਿੰਨ ਕਥਾਵਾਂ ਥੀਮਕ ਭਿੰਨਤਾ ਦੇ ਬਾਵਜੂਦ ਆਪਣੇ ਮੂਲ ਚਰਿਤਰ ਵਿਚ ਇਕ ਦੂਜੀ ਨਾਲ ਸਾਂਝ ਦੇ ਰਿਸ਼ਤੇ ਵਿੱਚ ਬੱਝੀਆਂ ਹੋਈਆਂ ਹਨ। ਇਹ ਸਾਂਝ ਹੀ ਇਸ ਕਾਵਿ-ਪਰੰਪਰ ਦੀ ਮੂਲ ਸ਼ਕਤੀ ਹੈ। ਇਸ ਕਾਵਿ ਦੇ ਇਸ ਮੂਲ ਸੂਤਰ ਨੂੰ ਪਛਾਣ ਕੇ ਹੀ ਪ੍ਰਮਾਣਕ ਸਿੱਟਿਆਂ ਤੱਕ ਪਹੁੰਚਿਆ ਜਾ ਸਕਦਾ ਹੈ।

ਕਿੱਸਾ-ਪਰਿਪੇਖ ਦਾ ਤੀਸਰਾ ਮਹੱਤਵਪੂਰਨ ਮਸਲਾ ਇਸ ਕਾਵਿ ਦੀ ਬੁਨਿਆਦੀ ਪ੍ਰਕ੍ਰਿਤੀ/ਚਰਿਤਰ ਨੂੰ ਨਿਸ਼ਚਿਤ ਕਰਨਾ ਹੈ। ਇਹ ਮਸਲਾ ਉਦੋਂ ਸਮੱਸਿਆ ਬਣਦਾ ਹੈ ਜਦੋਂ ਇਸ ਕਾਵਿ ਦੀ ਪ੍ਰਕ੍ਰਿਤੀ ਨੂੰ ਪਾਰਲੌਕਿਕ ਤੱਤਾਂ ਨਾਲ ਜੋੜ ਕੇ ਮਨ ਇੱਛਿਤ ਅਰਥ ਕੱਢੇ ਜਾਂਦੇ ਹਨ। ਰਚਨਾ ਅੰਦਰੋਂ ਕਿਸੇ ਇਕ ਪ੍ਰਤੀਕ ਜਾਂ ਕੁਝ ਹਵਾਲਿਆਂ ਨੂੰ ਮੂਲ ਪਾਠ ਨਾਲੋਂ ਨਿਖੇੜ ਕੇ ਇਹ ਜਤਨ ਵੀ ਕੀਤਾ ਜਾਂਦਾ ਹੈ ਕਿ ਸਾਰੀ ਰਚਨਾ ਨੂੰ ਰੂਹ ਅਤੇ ਕਲਬੂਤ ਦੀ ਕਹਾਣੀ ਬਣਾ ਦਿੱਤਾ ਜਾਵੇ ਜਾਂ ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਦਾ ਹੀ ਬਦਲ ਬਣਾ ਦਿੱਤਾ ਜਾਵੇ। ਕਿੱਸਾਕਾਰ ਨੇ ਤਾਂ ਵਗਦੇ ਰਚਨਾਤਮਕ ਪ੍ਰਵਾਹ ਵਿਚ ਇਕ ਸਤਰ ਲਿਖ ਦਿੱਤੀ ਕਿ, "ਇਹ ਮਾਇਨੇ ਕੁਰਾਨ ਮਜੀਦ ਦੇ ਨੇ" ਤਾਂ ਇਸ ਇੱਕੋ ਇਕ ਹਵਾਲੇ ਨੂੰ ਆਧਾਰ ਬਣਾ ਕੇ ਰਚਨਾ ਨੂੰ ਕੁਰਾਨ ਦੇ ਮੂਝ ਮਾਡਲ ਨਾਲ ਜੋੜ ਦੇਣਾ ਹੀ ਅਰਥਾਂ ਦਾ ਅਨਰਥ ਹੈ। ਇਸੇ ਤਰ੍ਹਾਂ ਕੁਝ ਸਮੀਖਿਆਕਾਰਾਂ ਨੇ ਹਾਸ਼ਮ ਦੀ ਇਕ ਸਤਰ "ਇਕੋ ਬੂਟਾ ਇਕੋ ਲੱਜ਼ਤ, ਇਕੋ ਪਤਾ ਨਿਸ਼ਾਨੀ। ਉਸੀ ਬੂਟਿਓਂ ਫੁੱਲ ਮਜਾਜ਼ੀ, ਮੇਵਾ ਇਸ਼ਕ ਹੱਕਾਨੀ" ਨੂੰ ਆਧਾਰ ਬਣਾ ਕੇ ਇਹ ਸਿੱਧ ਕਰ ਦਿੱਤਾ ਕਿ ਇਸ਼ਕ ਮਜਾਜ਼ੀ ਹੀ ਇਸ਼ਕ ਹਕੀਕੀ ਹੈ। ਇਸ ਤਰਕ ਨੂੰ ਉਹ ਵਧਾ ਕੇ ਏਥੋਂ ਤੱਕ ਲੈ ਜਾਂਦੇ ਹਨ ਕਿ ਸ਼ੁਧ ਲੌਕਿਕ ਨੂੰ ਪਾਰਲੌਕਿਕ ਕਥਾ ਬਣਾ ਦੇਂਦੇ ਹਨ। ਹਾਸ਼ਮ ਵਿਚੋਂ ਮਨ-ਇੱਛਿਤ ਸਤਰਾਂ ਕੱਢ ਕੇ ਆਪਣਾ ਤਰਕ ਤਾਂ ਉਸਾਰ ਲਿਆ ਪਰ ਹਾਸ਼ਮ ਦੀਆਂ ਇਹ ਸਤਰਾਂ ਵਿਸਾਰ ਦਿੱਤੀਆਂ ਕਿ:—

ਰੱਬ ਦਾ ਆਸ਼ਕ ਹੋਣ ਸੁਖਾਲਾ, ਇਹ ਬਹੁਤ ਸੁਖਾਲੀ ਬਾਜ਼ੀ।

ਗੋਸ਼ਾ ਪਕੜ ਰਹੇ ਹੋ ਸਾਬਰ, ਫੜ ਤਸਬੀ ਬਣੇ ਨਿਮਾਜ਼ੀ ।।
ਸੁਖ ਆਰਾਮ ਜਗਤ ਵਿਚ ਸ਼ੋਭਾ ਅਤੇ ਦੇਖ ਹੋਵੇ ਜਗ ਰਾਜ਼ੀ ।
ਹਾਸ਼ਮ ਖਾਕ ਰੁਲਾਵੇ ਗਲੀਆਂ, ਇਹ ਕਾਫ਼ਰ ਇਸ਼ਕ ਮਜਾਜ਼ੀ ।।

ਇਨ੍ਹਾਂ ਸਤਰਾਂ ਨੂੰ ਜਦੋਂ ਵਿਚਾਰੀਏ ਤਾਂ ਇਸ਼ਕ ਹਕੀਕੀ ਅਤੇ ਇਸ਼ਕ ਮਜਾਜ਼ੀ ਦੇ ਭਿੰਨ ਮਾਰਗ ਸਿੱਧ ਹੁੰਦੇ ਹਨ । ਹਕੀਕੀ ਇਸ਼ਕ ਦੇ ਮਾਰਗ ਵਿਚ ਬੰਧਨ ਏਨੇ ਕਰੜੇ ਨਹੀਂ ਜਦ ਕਿ ਇਸ਼ਕ ਮਜਾਜ਼ੀ ਵਿਚ ਪਹਿਲੇ ਪੜਾਅ ਉਪਰ ਹੀ ਵਿਰੋਧੀ ਧਿਰ ਕਿਰਿਆਸ਼ੀਲ ਹੋ ਜਾਂਦੀ ਹੈ ਅਤੇ ਅੰਤ ਤਕ ਬਾਧਕ ਬਣਦੀ ਹੈ । ਜੇ ਇਸ਼ਕ ਹਕੀਕੀ ਅਤੇ ਇਸ਼ਕ ਮਜਾਜ਼ੀ ਦੇ ਸਰੋਕਾਰ ਇਕੋ ਮੰਨ ਲਈਏ ਤਾਂ ਪੰਜਾਬੀ ਕਿੱਸਾਕਾਰੀ ਦਾ ਵਿਲੱਖਣ ਹਸਤਾਖਰ ਗੁੰਮ ਹੋ ਜਾਵੇਗਾ । ਇਹ ਇਸ਼ਕ ਦੇ ਦੋ ਵੱਖਰੇ ਵਿਸਥਾਰ ਹਨ, ਇਕ ਸ਼ੁਧ ਅਮੂਰਤ ਹੈ ਅਤੇ ਦੂਜਾ ਸ਼ੁਧ ਲੌਕਿਕ । ਇਨ੍ਹਾਂ ਨੂੰ ਇਕ ਦੂਜੇ ਵਿਚ ਰਲਗਡ ਕਰ ਦੇਣ ਨਾਲ ਅਧਿਐਨ ਦੀ ਸਾਰਥਕਤਾ ਭੰਗ ਹੋ ਜਾਵੇਗੀ । ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਇਨ੍ਹਾਂ ਦੋਹਾਂ ਨੂੰ ਇਕ ਦੂਜੇ ਦੇ ਪੂਰਕ ਮੰਨਣ ਜਾ ਮੰਨਵਾਉਣ ਦੀ ਭਾਵਨਾ ਕਿਥੋਂ ਪੈਦਾ ਹੁੰਦੀ ਹੈ ? ਇਸ ਸੰਬੰਧ ਵਿਚ ਪਹਿਲਾ ਤਰਕ ਇਹ ਹੈ ਕਿ ਮੱਧਕਾਲ ਦੇ ਪੰਜਾਬੀ ਸਾਹਿਤ ਵਿਚ ਇਕ ਵੱਡਾ ਹਿੱਸਾ ਅਧਿਆਤਮਕ ਚਿੰਤਨ ਨਾਲ ਜੁੜਿਆ ਹੋਇਆ ਹੈ । ਇਹ ਚਿੰਤਨ ਅਤੇ ਇਸ ਦੇ ਸਰੋਕਾਰ ਏਨੀਆਂ ਡੂੰਘੀਆਂ ਜੜ੍ਹਾਂ ਵਾਲੇ ਸਨ ਕਿ ਇਸ ਦੇ ਸਮਵਿੱਥ ਰਚਿਆ ਲੌਕਿਕ ਕਾਵਿ ਇਸ ਦੇ ਪ੍ਰਭਾਵ ਤੋਂ ਮੁਕਤ ਨਾ ਹੋ ਸਕਿਆ । ਪੰਜਾਬੀ ਕਿੱਸਾਕਾਰੀ ਵਿਚ ਅਚੇਤ ਹੀ ਇਸ ਦਾ ਪ੍ਰਭਾਵ ਪੈਂਦਾ ਰਿਹਾ ਹੈ । ਦੂਜਾ ਤਰਕ ਇਹ ਹੈ ਕਿ ਜਦੋਂ ਅਧਿਆਤਮਵਾਦੀਆਂ ਨੇ ਆਪਣੇ ਅਲਾਹੀ ਇਸ਼ਕ ਨੂੰ ਮਜਾਜ਼ੀ ਇਸ਼ਕ ਦੇ ਪ੍ਰਤੀਕ ਵਿਚ ਪ੍ਰਗਟਾਇਆ ਤਾਂ ਸੁਭਾਵਕ ਹੀ ਸੀ ਕਿ ਮਜਾਜ਼ੀ ਇਸ਼ਕ ਨੂੰ ਪਾਰਗਾਮੀ ਰੰਗ ਮਿਲਿਆ । ਸੂਫੀਆਂ ਨੇ ਤਾਂ ਲੌਕਿਕ-ਪ੍ਰੀਤ ਨਾਇਕਾਂ ਨੂੰ ਇੰਜ ਅਪਣਾ ਲਿਆ ਕਿ ਕਿੱਸਾਕਾਰੀ ਸੂਫ਼ੀ ਰੰਗ ਦਾ ਪ੍ਰਭਾਵ ਪਾਉਣ ਲੱਗੀ । ਗੁਰੂ ਗੋਬਿੰਦ ਸਿੰਘ ਅਤੇ ਭਾਈ ਗੁਰਦਾਸ ਨੇ ਵੀ ਇਨ੍ਹਾਂ ਮਜਾਜ਼ੀ ਪ੍ਰਤੀਕਾਂ ਨੂੰ ਰਹੱਸ-ਅਨੁਭਵ ਦੇ ਪ੍ਰਗਟਾਵੇ ਲਈ ਵਰਤਿਆ ਹੈ । ਗੁਲਾਮ ਫਰੀਦ ਦੀ ਤਾਂ ਸਾਰੀ ਰਚਨਾ ਹੀ ਇਨ੍ਹਾਂ ਪ੍ਰਤੀਕਾਂ ਦੀ ਰਮਜ਼ ਵਿਚ ਪ੍ਰਗਟ ਹੋਈ ਹੈ । ਇਸ ਤਰ੍ਹਾਂ ਰਹੱਸ-ਅਨੁਭਵੀਆਂ ਦਾ ਮਜਾਜ਼ੀ ਪ੍ਰੀਤ ਨਾਇਕ/ਨਾਇਕਾਵਾਂ ਨੂੰ ਆਪਣੇ ਰੰਗ ਵਿਚ ਰੰਗ ਲੈਣ ਦਾ ਪ੍ਰਭਾਵ ਇਹ ਪਿਆ ਕਿ ਲੋਕ ਮਾਨਸਿਕਤਾ ਵਿਚ ਮਜਾਜ਼ੀ ਇਸ਼ਕ ਨੂੰ ਹਕੀਕੀ ਅਰਥਾਂ ਵਿਚ ਪ੍ਰਵਾਨ ਕੀਤਾ ਜਾਣ ਲੱਗਾ । ਤੀਸਰਾ ਤਰਕ ਇਹ ਹੈ ਕਿ ਪੰਜਾਬੀ ਕਿੱਸਾਕਾਰਾਂ ਵਿਚ ਕੁਝ ਕਿੱਸਾਕਾਰ ਅਜਿਹੇ ਸਨ ਜਿਨ੍ਹਾਂ ਨੇ ਕਿੱਸਿਆਂ ਦੇ ਨਾਲ ਰਹੱਸ-ਅਨੁਭਵੀ ਰਚਨਾ ਵੀ ਰਚੀ ਹੈ । ਅਜਿਹੇ ਰਚਨਾਕਾਰਾਂ ਵਿਚ ਇਹਨਾਂ ਦੋਵਾਂ ਤਰ੍ਹਾਂ ਦੇ ਅਨੁਭਵਾਂ ਦਾ ਆਪਸ ਵਿਚ ਸੰਮਿਲਤ ਹੋ ਜਾਣਾ ਸੁਭਾਵਿਕ ਹੀ ਸੀ । ਹਾਸ਼ਮ ਇਸ ਸੰਜੋਗ ਦਾ ਜੀਵੰਤ ਸ਼ਾਇਰ ਹੈ । ਸੱਸੀ ਰਚਣ ਵਾਲਾ ਸ਼ਾਇਰ ਜਦੋਂ ਡਿਉਢਾਂ ਅਤੇ ਦੋਹੜਿਆਂ ਵਿਚ ਰਚਨਾ ਕਰਦਾ ਹੈ ਤਾਂ ਉਦੋਂ ਲੌਕਿਕਤਾ ਅਤੇ ਪਾਰਲੌਕਿਕਤਾ ਇਕ ਦੂਜੀ ਵਿਚ ਆਤਮਸਾਤ ਹੁੰਦੀ ਦੇਖੀ ਜਾ

ਸਕਦੀ ਹੈ। ਚੌਥਾ ਤਰਕ ਇਹ ਹੈ ਕਿ ਕਿੱਸਾਕਾਰਾਂ ਨੇ ਰਚਨਾ ਦੇ ਅੰਤ ਵਿਚ ਅਨਿਓਕਤੀ ਸਿਰਜ ਕੇ ਕਥਾ ਨੂੰ ਰੂਹ ਤੇ ਕਲਬੂਤ ਕਿਹਾ ਹੈ, ਜਿਸ ਦਾ ਰਚਨਾ ਦੇ ਮੂਲ ਥੀਮ ਨਾਲ ਤਾਂ ਕੋਈ ਰਿਸ਼ਤਾ ਬਣਦਾ ਨਹੀਂ ਪਰ ਅਧਿਆਤਮਕ ਰੰਗ ਸਿੱਧ ਕਰਨ ਵਾਲਿਆਂ ਨੂੰ ਇਸ ਨੂੰ ਹਵਾਲੇ ਵਜੋਂ ਵਰਤਣ ਦਾ ਆਧਾਰ ਜ਼ਰੂਰ ਮਿਲ ਗਿਆ ਹੈ। ਪੰਜਵਾਂ ਅਤੇ ਆਖ਼ਰੀ ਤਰਕ ਹੈ ਕਿ ਕੁਝ ਕਿੱਸਾਕਾਰਾਂ ਨੇ ਪ੍ਰੀਤ ਨਾਇਕ/ਨਾਇਕਾਂ ਨੂੰ ਮੌਤ ਤੋਂ ਬਾਅਦ ਸੰਜੋਗੀ ਅਵਸਥਾ ਵਿਚ ਦਿਖਾਇਆ ਹੈ ਜੋ ਸੂਫ਼ੀ ਸਿਧਾਂਤਾਂ ਅਨੁਸਾਰ ਮੌਤ ਤੋਂ ਬਾਅਦ ਮਿਲਾਪ ਦਾ ਪੂਰਕ ਜਾਪਦਾ ਹੈ। ਇਸੇ ਤਰ੍ਹਾਂ ਕਿੱਸਿਆਂ ਦੇ ਨਾਇਕਾਵਾਂ ਦਾ ਆਪਣੀ ਪ੍ਰੀਤ ਨੂੰ ਰੱਬੀ ਟੇਕ ਨਾਲ ਜੋੜਨਾ ਵੀ ਅਧਿਆਤਮੀ ਰੰਗ ਦੀ ਪੁਸ਼ਟੀ ਵਜੋਂ ਵਰਤਿਆ ਗਿਆ ਹੈ। ਕਿੱਸਿਆਂ ਵਿਚ ਭਗਤੀ ਦੇ ਥੀਮ ਦੀ ਪ੍ਰਸਤੁਤੀ ਸਮੇਂ ਵੀ ਅਜਿਹਾ ਰੰਗ ਉਭਰਿਆ ਹੈ। ਇਨ੍ਹਾਂ ਉਪਰੋਕਤ ਆਧਾਰਾਂ ਨੂੰ ਆਪਣੇ ਆਪਣੇ ਢੰਗ ਨਾਲ ਆਧਾਰ ਬਣਾ ਕੇ ਕੁਝ ਸਮੀਖਿਆਕਾਰਾਂ ਨੇ ਪੰਜਾਬੀ ਕਿੱਸਾਕਾਰੀ ਨੂੰ ਲੌਕਿਕ ਕਾਵਿ ਨਾਲੋਂ ਵਧੇਰੇ ਪਾਰਲੌਕਿਕ ਰੰਗ ਦੇਣਾ ਚਾਹਿਆ ਹੈ। ਇਹ ਵੀ ਜਤਨ ਕੀਤਾ ਗਿਆ ਹੈ ਕਿ ਕਿੱਸਾ ਕਾਵਿ ਵਿਚੋਂ ਸੂਫ਼ੀ ਰੰਗ ਲੱਭਿਆ ਜਾ ਸਕੇ। ਇਸ ਬਾਰੇ ਦੋ ਰਾਵਾਂ ਨਹੀਂ ਕਿ ਸਮੀਖਿਆਕਾਰ ਆਪਣੇ ਦ੍ਰਿਸ਼ਟੀਕੋਣ ਰਾਹੀਂ ਕਿਸੇ ਵੀ ਰਚਨਾ ਦੀ ਵਿਆਖਿਆ ਕਰ ਸਕਦਾ ਹੈ, ਉਹ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਲਈ ਸੁਤੰਤਰ ਵੀ ਹੈ ਪਰੰਤੂ ਧਿਆਨਯੋਗ ਤੱਥ ਇਹ ਹੈ ਕਿ ਮੂਲ ਪਾਠ ਦੇ ਕੇਂਦਰੀ ਸੂਤਰ ਨੂੰ ਅੱਖੋਂ ਪਰੋਖੇ ਕਰ ਕੇ ਮਨ ਇੱਛਿਤ ਧਾਰਨਾਵਾਂ ਦੀ ਪੁਸ਼ਟੀ ਕਰਨਾ ਸਮੀਖਿਆ ਦੀ ਨੈਤਿਕਤਾ ਨੂੰ ਭੰਗ ਕਰਨਾ ਹੈ। ਅਜਿਹੇ ਸਮੀਖਿਆਤਮਕ ਜਤਨ ਜੋ ਕਿੱਸਿਆਂ ਨੂੰ ਉਨ੍ਹਾਂ ਦੀ ਲੌਕਿਕਤਾ ਤੋਂ ਵਿਛੁੰਨ ਕੇ ਅਧਿਆਤਮੀ ਸਰੋਕਾਰਾਂ ਦੀ ਤਲਾਸ਼ ਕਰਦੇ ਹਨ, ਉਹ ਇਕ ਤਰ੍ਹਾਂ ਨਾਲ ਸਮੁੱਚੀ ਕਿੱਸਾ ਕਾਵਿ ਪਰੰਪਰਾ ਨਾਲ ਅਨਿਆ ਕਰ ਰਹੇ ਹੁੰਦੇ ਹਨ। ਕਿੱਸਾ ਕਾਵਿ ਤਾਂ ਆਪਣੇ ਮੂਲ ਚਰਿਤਰ ਵਿਚ ਧਰਤੀ ਨਾਲ ਜੁੜਿਆ ਹੋਇਆ ਹੈ। ਇਸ ਦੀ ਪ੍ਰਾਪਤੀ ਹੀ ਇਹ ਹੈ ਕਿ ਇਹ ਉਸ ਮਨੁੱਖ ਦੀ ਗੱਲ ਕਰਦਾ ਹੈ ਜੋ ਜੀਊਣ ਥੀਣ ਅਤੇ ਕੁਝ ਕਰ ਸਕਣ ਦੀ ਇੱਛਾ ਨਾਲ ਜੁੜਿਆ ਹੋਇਆ ਹੈ। ਜੇਕਰ ਅਜਿਹੇ ਮਨੁੱਖ ਨੂੰ ਉਸ ਦੀਆਂ ਜੜ੍ਹਾਂ ਨਾਲੋਂ ਨਿਖੇੜ ਦਿੱਤਾ ਜਾਵੇ ਤਾਂ ਉਸ ਦੀ ਸਾਰੀ ਕਿਰਿਆਸ਼ੀਲਤਾ ਅਰਥਹੀਣ ਹੋ ਜਾਵੇਗੀ। ਕਿੱਸਾ ਕਾਵਿ ਵਿਚ ਕਿਸੇ ਪੱਧਰ ਉਪਰ ਵੀ ਪਾਰਗਾਮੀ ਸਰੋਕਾਰ ਧਿਆਏ ਨਹੀਂ ਗਏ। ਇਸ ਕਾਵਿ ਦੀਆਂ ਸਾਰੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਉਸ ਮਨੁੱਖ ਦੁਆਲੇ ਘੁੰਮਦੀਆਂ ਹਨ ਜੋ ਸਥਿਤੀਆਂ ਨਾਲ ਟਕਰਾਉਂਦਾ ਆਪਣੀ ਹੋਣੀ ਆਪ ਘੜਦਾ ਹੈ। ਪਹਿਲੀ ਵਾਰ ਇਸ ਕਾਵਿ ਵਿਚੋਂ ਅਜਿਹੇ ਮਨੁੱਖ ਦੇ ਦਰਸ਼ਨ ਹੋਏ ਜੋ ਨਾ ਤਾਂ ਗੁਰਮੁਖ ਹੈ ਅਤੇ ਨਾ ਹੀ ਮਨਮੁਖ, ਉਸ ਦੀ ਸਾਰੀ ਯਾਤਰਾ ਮਨੁੱਖ ਤੋਂ ਮਨੁੱਖ ਤਕ ਦੀ ਹੈ। ਪ੍ਰਾਪਤੀਆਂ-ਅਪ੍ਰਾਪਤੀਆਂ ਵਿਚੋਂ ਲੰਘਦਾ ਕਿੱਸਾ ਕਾਵਿ ਦਾ ਮਨੁੱਖ ਜ਼ਿੰਦਗੀ ਦੀ ਵੰਨ-ਸੁਵੰਨਤਾ ਨੂੰ ਭੋਗਦਾ ਹੈ। ਉਹ ਟੁੱਟਦਾ ਜੁੜਦਾ ਹੋਇਆ ਜੀਵਨ ਦੀ ਵਿਵਿਧਤਾ ਨੂੰ ਹੰਢਾਉਂਦਾ ਹੈ। ਅਜਿਹੇ ਕਾਵਿ ਨੂੰ ਕਿਸੇ ਪਾਰਲੌਕਿਕ ਸੰਸਾਰ ਦੇ ਪ੍ਰਭਾਵ ਨਾਲ

ਜੋੜਨਾ ਰਚਨਾ ਦੇ ਸੱਚ ਨੂੰ ਨਾ ਪਛਾਣਨਾ ਹੈ। ਦੂਜਾ, ਕੁਝ ਆਧਾਰਾਂ ਨੂੰ ਲੈ ਕੇ ਅਜਿਹੀ ਮਨਇੱਛਿਤ ਧਾਰਨਾ ਸਿੱਧ ਕਰ ਲੈਣੀ ਵੀ ਇਸ ਕਾਵਿ ਪਰੰਪਰਾ ਨਾਲ ਨਿਆਂ ਨਹੀਂ। ਜਿੱਥੋਂ ਤਕ ਰਚਨਾ ਦੇ ਅੰਤ ਵਿਚ ਰੂਹ ਅਤੇ ਕਲਬੂਤ ਦੀ ਅਨਿਓਕਤੀ ਹੈ ਜਾਂ ਕਿੱਸਾਕਾਰ ਦੀ ਆਪਣੀ ਕੋਈ ਟਿੱਪਣੀ ਹੈ ਜਾਂ ਪਾਤਰਾਂ ਦੀ ਦੈਵੀ ਟੇਕ ਦਾ ਸਬੰਧ ਹੈ, ਉਸ ਦਾ ਰਚਨਾ ਦੇ ਮੂਲ ਵਿਵੇਕ ਨਾਲ ਕੋਈ ਸਰੋਕਾਰ ਨਹੀਂ ਬਣਦਾ। ਕੁਰਾਨ-ਮਜੀਦ ਦੇ ਮਾਇਨੇ ਕਹਿਣ ਨਾਲ ਹੀਰ ਦੀ ਕਥਾ ਦਾ ਥੀਮ ਕੁਰਾਨ ਨਾਲ ਨਹੀਂ ਜੁੜ ਜਾਂਦਾ ਜਾਂ ਇਹ ਕਹਿਣਾ ਹੀ ਕਾਲੂਬਲਾ ਵਾਲੇ ਦਿਨ ਨਿਕਾਹ ਹੋਇਆ ਸੀ, ਸਹੀ ਮੰਨ ਲਿਆ ਜਾਵੇ। ਇਹ ਤਾਂ ਰਚਨਾ ਦੇ ਮੂਲ ਵਿਵੇਕ ਤੋ ਬਾਹਰੇ ਚਲੰਤ ਵੇਰਵੇ ਹਨ। ਇਹ ਵੀ ਧਿਆਨ ਰੱਖਣ ਦੀ ਲੋੜ ਹੈ ਕਿ ਕੁਝ ਕਿੱਸਿਆਂ ਵਿਚ ਇਹ ਚਲੰਤ ਵੇਰਵੇ ਵੀ ਨਹੀ। ਮਿਸਾਲ ਵਜੋਂ "ਮੇਰੀ ਬੱਕੀ ਤੋਂ ਡਰਨ ਫਰੇਸ਼ਤੇ ਤੇ ਮੈਥੋਂ ਡਰੇ ਖੁਦਾ" ਕਹਿਣ ਵਾਲਾ ਨਾਇਕ ਤਾਂ ਆਪਣੀ ਹੋਂਦ ਤੋਂ ਕਿਸੇ ਵਡੇਰੀ ਹੋਂਦ ਨੂੰ ਵੀ ਸਵੀਕਾਰ ਕਰਨ ਤੋਂ ਆਕੀ ਹੈ। ਇਹੀ ਸਾਧਾਰਣ ਮਨੁੱਖ ਦੀ ਆਤਮ ਪਛਾਣ ਹੈ। ਮਨੁੱਖ ਅੰਦਰ ਜਦੋਂ ਆਪਣੀ ਹੋਂਦ ਦਾ ਅਹਿਸਾਸ ਜਾਗਦਾ ਹੈ ਤਾਂ ਉਹ ਛਿਣ ਹੀ ਉਸ ਦੇ ਅਸਾਧਾਰਣ ਹੁੰਦੇ ਹਨ। ਇਨ੍ਹਾਂ ਛਿਣਾਂ ਵਿਚ ਉਹ ਆਪਣੀ ਵਿੱਤ ਤੋਂ ਵਡੇਰਾ ਕਾਰਜ ਕਰ ਸਕਣ ਦੇ ਮਨੋਬਲ ਨਾਲ ਜੁੜਿਆ ਹੁੰਦਾ ਹੈ। ਕਿੱਸਾ ਕਾਵਿ ਦੇ ਨਾਇਕ/ਨਾਇਕਾਵਾਂ ਦੀ ਵਡਿਆਈ ਹੀ ਇਹ ਹੈ ਕਿ ਉਹ ਆਪਣੇ ਅਸਾਧਾਰਣ ਮਨੋਬਲ ਨਾਲ ਆਪਣੀ ਵਿੱਤ ਤੋਂ ਵੱਡੀ ਨਿਸ਼ਾਨਦੇਹੀ ਕਰ ਸਕਣ ਦੇ ਯੋਗ ਹੋਏ ਹਨ। ਇਹ ਪਾਤਰ ਜੀਊਂਦੇ ਜਾਗਦੇ ਹੱਡ ਮਾਸ ਦੇ ਪੁਤਲੇ ਹਨ। ਇਨ੍ਹਾਂ ਦੀ ਕਥਾ ਨੂੰ ਰੂਹ ਤੇ ਕਲਬੂਤ ਦੀ ਕਥਾ ਕਹਿ ਦੇਣ ਨਾਲ ਮਸਲਾ ਹੱਲ ਨਹੀਂ ਹੋ ਜਾਣਾ। ਮਸਲਾ ਤਾਂ ਉਦੋਂ ਹੱਲ ਹੋਵੇਗਾ ਜਦੋਂ ਇਨ੍ਹਾਂ ਪਾਤਰਾਂ ਦੇ ਵਿਦਰੋਹ ਨੂੰ, ਇਨ੍ਹਾਂ ਦੀਆਂ ਅਕਾਂਖਿਆਵਾਂ ਨੂੰ ਧਰਤੀ ਨਾਲ ਜੋੜ ਕੇ ਸਮਝਿਆ ਜਾਵੇਗਾ। ਸੋ ਬੁਨਿਆਦੀ ਮਸਲਾ ਇਹ ਹੈ ਕਿ ਜਿਹੜਾ ਅਧਿਐਨ ਮੂਲ ਪਾਠ ਨਾਲੋਂ ਕੁਝ ਪ੍ਰਸੰਗ ਨਿਖੇੜ ਕੇ ਇਸ ਕਾਵਿ ਨੂੰ ਪਾਰਲੌਕਿਕ ਅਨੁਭਵਾਂ ਨਾਲ ਜੋੜਦਾ ਹੈ, ਉਹ ਇਸ ਸਮੁੱਚੀ ਲੌਕਿਕ ਕਾਵਿ ਪਰੰਪਰਾ ਨਾਲ ਅਨਿਆਂ ਕਰਦਾ ਹੈ। ਦੂਜਾ, ਰਚਨਾਕਾਰਾਂ ਦੀਆਂ ਵਿਰਲੀਆਂ ਟਿੱਪਣੀਆਂ ਦਾ ਮਹੱਤਵ ਕੇਵਲ ਚਲੰਤ ਫਿਕਰੇਬਾਜ਼ੀ ਤਕ ਹੀ ਮਹਿਦੂਦ ਹੁੰਦਾ ਹੈ, ਉਨ੍ਹਾਂ ਨੂੰ ਕੇਂਦਰੀ ਮੰਨ ਲੈਣਾ ਯੋਗ ਨਹੀਂ। ਪ੍ਰਮਾਣਕ ਅਧਿਐਨ ਉਹ ਹੈ ਜੋ ਇਨ੍ਹਾਂ ਪਾਤਰਾਂ/ਪ੍ਰਸੰਗਾਂ ਨੂੰ ਸਹੀ ਪਰਿਪੇਖ ਵਿਚ ਰੱਖ ਕੇ ਵਿਚਾਰਦਾ ਹੈ। ਅਜਿਹੇ ਪਰਿਪੇਖ ਦੀ ਗੈਰ-ਹਾਜ਼ਰੀ ਵਿਚ ਮੂਲ ਬ੍ਰਿਤਾਂਤ ਅਤੇ ਉਸ ਦਾ ਅਰਥ ਖੰਡਿਤ ਹੋ ਜਾਵੇਗਾ।

ਪੰਜਾਬੀ ਕਿੱਸਾ ਕਾਵਿ ਦੇ ਪਰਿਪੇਖ ਦਾ ਚੌਥਾ ਮਹੱਤਵਪੂਰਨ ਪਹਿਲੂ ਇਸ ਕਾਵਿ ਦੇ ਅੰਤਰਗਤ ਕਰਾਮਾਤੀ ਵਰਤਾਰਿਆਂ/ਪਰਾਸਰੀਰਕ ਅੰਸ਼ਾਂ ਅਤੇ ਹੋਣੀ ਦੇ ਸੰਕਲਪ ਦੀ ਵਿਆਖਿਆ ਕਰਨਾ ਹੈ। ਇਸ ਵਿਚ ਸੰਦੇਹ ਨਹੀਂ ਕਿ ਕਿੱਸਿਆਂ ਵਿਚ ਕਈ ਅਜਿਹੇ ਪ੍ਰਸੰਗ ਮਿਲਦੇ ਹਨ, ਜਿਨ੍ਹਾਂ ਵਿਚ ਅਦਭੁੱਤ ਵਰਤਾਰਾ, ਕਰਾਮਾਤੀ ਕੌਤਕ ਜਾਂ ਕਿਸੇ

ਗ਼ੈਬੀ ਸ਼ਕਤੀ ਦੀ ਭੂਮਿਕਾ ਉਭਰਦੀ ਹੈ। ਮੱਧਕਾਲੀ ਚੇਤਨਾ ਵਿਚ ਅਜਿਹੇ ਪ੍ਰਸੰਗ ਬੜੇ ਸਹਿਜ ਮੰਨ ਜਾਂਦੇ ਸਨ। ਇਸੇ ਤਰ੍ਹਾਂ ਕਿੱਸਿਆਂ ਵਿਚ ਕਈ ਅਜਿਹੀਆਂ ਮਿੱਥਾਂ ਸਿਰਫ਼ ਕਿੱਸਾ ਕਾਵਿ ਵਿਚ ਹੀ ਨਹੀਂ ਬਲਕਿ ਮੱਧਕਾਲੀ ਸਾਹਿਤ ਵਿਚ ਬੜੀਆਂ ਪ੍ਰਵਾਨ ਰਹੀਆਂ ਹਨ। ਇਸ ਸਾਰੇ ਪਾਸਾਰੇ ਨੂੰ ਦੇਖਦਿਆਂ ਮੂਲ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਕੀ ਇਨ੍ਹਾਂ ਅੱਲੌਕਿਕ ਪ੍ਰਸੰਗਾਂ ਦਾ ਕਥਾ ਦੀ ਮੂਲ ਭੂਮਿਕਾ ਵਿਚ ਕੋਈ ਅਰਥ-ਭਰਪੂਰ ਯੋਗਦਾਨ ਹੈ ? ਦੂਜਾ ਕੀ ਇਨ੍ਹਾਂ ਕਰਾਮਾਤੀ ਵੇਰਵਿਆਂ ਨੂੰ ਜਿਉਂ ਦਾ ਤਿਉਂ ਮੰਨਣਾ ਹੈ ਜਾਂ ਇਨ੍ਹਾਂ ਦੀ ਡੂੰਘ-ਸੰਰਚਨਾ ਵਿਚ ਮਾਨਵੀ ਅਰਥ ਨੂੰ ਪਛਾਣਨਾ ਹੈ। ਇਸ ਦਾ ਨਿਰਣਾ ਸਮੀਖਿਆਤਮਕ ਦ੍ਰਿਸ਼ਟੀ ਉਪਰ ਨਿਰਭਰ ਕਰਦਾ ਹੈ। ਜੇਕਰ ਕੋਈ ਸਮੀਖਿਆਕਾਰ ਕਿੱਸਿਆਂ ਵਿਚ ਪ੍ਰਸਤੁਤ ਮਿੱਥਾਂ/ਕਰਾਮਾਤਾਂ ਜਾਂ ਅਲੌਕਿਕ ਵਰਤਾਰਿਆਂ ਦੀ ਡੂੰਘ-ਸੰਰਚਨਾ ਵਿਚ ਨਹੀਂ ਉਤਰਦਾ ਜਾਂ ਉਹ ਜਿੰਨੀ ਦੇਰ ਤੱਕ ਇਸ ਤੱਥ ਬਾਰੇ ਸਪੱਸ਼ਟ ਨਹੀਂ ਹੁੰਦਾ ਕਿ ਮੱਧਕਾਲੀ ਚਿੰਤਨ ਦੇ ਮੁਹਾਵਰੇ ਵਿਚ ਮਿੱਥ/ਕਰਾਮਾਤ ਦਾ ਬਾਹਰਲਾ ਚਰਿਤਰ ਉਸ ਦੇ ਅੰਦਰਲੇ ਅਰਥ ਲੁਕਾਈ ਰੱਖਦਾ ਹੈ, ਉਨੀ ਦੇਰ ਤਕ ਕਿੱਸਿਆਂ ਦੇ ਮਾਨਵੀ ਸਰੋਕਾਰ ਪਛਾਣੇ ਨਹੀਂ ਜਾ ਸਕਣਗੇ। ਮਿੱਥ ਵਿਗਿਆਨੀਆਂ ਨੇ ਜਦੋਂ ਇਹ ਧਾਰਨਾ ਪ੍ਰਗਟਾਈ ਸੀ ਕਿ ਮਿੱਥ ਕਲਪਿਤ ਹੋ ਕੇ ਵੀ ਸੱਚ ਦੀ ਧਾਰਨੀ ਹੋ ਤਾਂ ਉਨ੍ਹਾਂ ਦਾ ਮੂਲ ਭਾਵ ਇਹੀ ਸੀ ਕਿ ਮਿੱਥ ਨੂੰ ਉਸ ਦੇ ਬਾਹਰੀ ਪਾਸਾਰੇ ਤੋਂ ਨਿਖੇੜ ਕੇ ਉਸ ਦੇ ਧੁਰ ਅੰਦਰਲੇ ਅਰਥ ਨੂੰ ਲੱਭਿਆ ਜਾਵੇ। ਇਹ ਕਾਰਜ ਏਨਾ ਸਰਲ ਨਹੀਂ ਕਿਉਂਕਿ ਮਿੱਥ/ਕਰਾਮਾਤ/ਅਲੌਕਿਕ ਵਰਤਾਰੇ ਦੀ ਪ੍ਰਕ੍ਰਿਤੀ ਜਟਿਲ ਹੁੰਦੀ ਹੈ। ਜੋ ਕੁਝ ਬਾਹਰੀ ਸੰਕੇਤ ਹੁੰਦਾ ਹੈ, ਉਹ ਕਈ ਵਾਰੀ ਅੰਤਰੀਵ ਅਰਥ ਦਾ ਸੂਚਕ ਨਹੀਂ ਹੁੰਦਾ। ਲੋੜ ਇਹ ਹੈ ਕਿ ਕਿੱਸਾ ਕਾਵਿ ਦੇ ਇਸ ਮਿੱਥਕੀ ਅਲੌਕਿਕ ਪਾਸਾਰੇ ਨੂੰ ਇਸ ਦੀ ਡੂੰਘ-ਸੰਰਚਨਾ ਵਿਚ ਪਏ ਅਰਥਾਂ ਨਾਲ ਜੋੜ ਕੇ ਵਿਚਾਰਿਆ ਜਾਵੇ। ਇਹ ਵਿਚਾਰ ਅਸੀਂ ਅਗਾਊਂ ਹੀ ਸਪੱਸ਼ਟ ਕਰਨਾ ਚਾਹਾਂਗੇ ਕਿ ਕਿੱਸਾ ਕਾਵਿ ਦੀਆਂ ਕਥਾਵਾਂ ਵਿਚ ਇਕ ਮਿੱਥਕੀ/ਕਰਾਮਾਤੀ ਵਰਤਾਰੇ ਕਿੱਸੇ ਦੀ ਮੂਲ ਭੂਮਿਕਾ, ਉਸ਼ ਦੇ ਅਰਥ ਨੂੰ ਨਿਸ਼ਚਿਤ ਕਰਨ ਵਿਚ ਕੋਈ ਸਾਰਥਕ ਰੋਲ ਨਹੀਂ ਨਿਭਾਉਂਦੇ। ਮਿੱਥਾਂ ਅਤੇ ਕਰਾਮਾਤਾਂ ਦੀ ਘਾੜਤ ਹੀ ਮਨੁੱਖ ਉਦੋਂ ਕਰਦਾ ਹੈ ਜਦੋਂ ਉਹ ਬਾਹਰੀ ਵਸਤੂਗਤ ਯਥਾਰਥ ਨੂੰ ਬਦਲਾਉਣ ਦੇ ਅਸਮਰੱਥ ਹੁੰਦਾ ਹੈ! ਇਸ ਘਾੜਤ ਪਿੱਛੇ ਮਨੁੱਖ ਦੇ ਡਰ, ਸ਼ੰਕੇ ਅਤੇ ਮਾਨਸਿਕ ਤਨਾਉ ਕਾਰਜਸ਼ੀਲ ਹੁੰਦੇ ਹਨ। ਪ੍ਰਮਾਣ ਵਜੋਂ ਮਨੁੱਖ ਦੀ ਸਭ ਤੋਂ ਵੱਡੀ ਮਿੱਥ ਅਕਾਲ ਪ੍ਰਭੂ ਦੀ ਘਾੜਤ ਦੇ ਰੂਪ ਵਿਚ ਹੈ। ਅਕਾਲ ਦੀ ਘਾੜਤ ਕਾਲ ਦੇ ਉਸ ਡਰ ਤੋਂ ਮੁਕਤ ਹੋਣ ਲਈ ਘੜੀ ਗਈ ਹੈ, ਜਿਸ ਦੇ ਪ੍ਰਵਾਹ ਨੇ ਮਨੁੱਖ ਨੂੰ ਸ਼ਕਤੀਵਰ ਤੋਂ ਸ਼ਕਤੀਹੀਣ ਕਰ ਦੇਣਾ ਹੁੰਦਾ ਹੈ। ਮੌਤ ਤੋਂ ਬਾਅਦ ਦੇ ਸੰਸੇ ਵੀ ਇਸੇ ਅਕਾਲ ਪ੍ਰਭੂ ਨੇ ਮੁਕਾਉਣੇ ਹੁੰਦੇ ਹਨ। ਇਸ ਵਿਚ ਤਾਂ ਸੰਦੇਹ ਨਹੀਂ ਕਿ ਅਕਾਲ ਵੀ ਮਿਥ ਨਾਲ ਜੁੜਿਆ ਰਹਿੰਦਾ ਹੈ। ਮਨੁੱਖੀ ਚਿੰਤਨ ਦਾ ਇਕ ਵੱਡਾ ਹਿੱਸਾ ਇਸ ਮਿੱਥ ਨੂੰ ਦ੍ਰਿੜ ਕਰਵਾਉਣ ਲਈ ਕਾਰਜਸ਼ੀਲ ਰਿਹਾ ਹੈ। ਅਕਾਲ ਜਦ ਵਸਤੂਗਤ

ਯਥਾਰਥ ਨੂੰ ਬਦਲਾ ਨਹੀਂ ਸਕਦਾ ਤਾਂ ਇਸ ਦੀ ਮਾਨਵੀ ਯਥਾਰਥ ਵਿਚ ਕਿਹੜੀ ਭੂਮਿਕਾ ਬਣੇਗੀ ? ਧਿਆਨ ਨਾਲ ਵਿਚਾਰਿਆਂ ਭੂਮਿਕਾ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਭਾਵੇਂ ਵਸਤੂ ਯਥਾਰਥ ਵਿਚ ਇਸ ਮਿੱਥ ਦੀ ਕੋਈ ਪ੍ਰਸੰਗਿਕਤਾ ਨਹੀਂ ਪਰ ਇਹ ਮਿੱਥ ਨਿਸ਼ਚੇ ਹੀ ਮਨੁੱਖ ਦਾ, ਦਰਪੇਸ਼ ਸੰਥਿਤੀਆਂ ਵਿਚ ਮਨੋਬਲ ਬਣਾਈ ਰਖਦੀ ਹੈ। ਇਹ ਉਹ ਟੇਕ ਹੈ, ਜਿਸ ਨਾਲ ਜੁੜ ਕੇ ਮਨੁੱਖ ਆਪਣੇ ਮਾਨਸਿਕ/ਕਲਪਿਤ ਡਰਾਂ ਤੋ ਮੁਕਤ ਹੁੰਦਾ ਹੈ। ਅਣਦਿਸਦਾ ਅਤੇ ਅਣਜਾਣਿਆ ਜਗਤ ਹਰ ਮਨੁੱਖ ਲਈ ਸੰਸਾ ਪੈਦਾ ਕਰਦਾ ਹੈ। ਅਜਿਹੇ ਸਮੇਂ ਉਹ ਆਪਣੀ ਟੇਕ ਆਪਣੇ ਤੋਂ ਵਡੇਰੀ ਹੋਂਦ ਵਿਚੋਂ ਪ੍ਰਾਪਤ ਕਰਦਾ ਹੈ। ਅਕਾਲ ਨੂੰ ਧਿਆ ਕੇ ਉਹ ਆਪਣਾ ਮਨੋਬਲ ਵਧਾਉਂਦਾ ਹੈ। ਅਕਾਲ ਦੀ ਭੂਮਿਕਾ ਤਾਂ ਕੋਈ ਕਾਰਜ ਕਰਦੀ ਨਹੀਂ ਪਰੰਤੂ ਡਰਾਂ ਤੋਂ ਮੁਕਤ ਮਨੋਬਲ, ਸਥਿਤੀ ਨਾਲ ਜੂਝਣ ਦੀ ਸ਼ਕਤੀ ਅਵੱਸ਼ ਪੈਦਾ ਕਰ ਦੇਂਦਾ ਹੈ। ਇਹੀ ਮਿੱਥ ਦੀ ਭੂਮਿਕਾ ਹੈ। ਇਸ ਤੋਂ ਵਧੇਰੇ ਕਿਸੇ ਕਲਪਿਤ ਸ਼ਕਤੀ ਦੀ ਕੋਈ ਅਹਿਮੀਅਤ ਨਹੀ ਹੁੰਦੀ। ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ ਪੰਜਾਬੀ ਕਿੱਸਾ ਕਾਵਿ ਵਿਚ ਵਿਭਿੰਨ ਮਿੱਥਾਂ/ਕਰਾਮਾਤੀ ਵੇਰਵਿਆਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਇਹੀ ਤੱਥ ਸਪੱਸ਼ਟ ਹੁੰਦਾ ਹੈ ਕਿ ਕਿੱਸਿਆਂ ਦੀ ਮੂਲ ਭੂਮਿਕਾ ਜਾਂ ਉਨ੍ਹਾਂ ਦੇ ਅਰਥ ਨੂੰ ਇਹ ਵਰਤਾਰੇ ਨਾ ਤਾਂ ਪ੍ਰਭਾਵਤ ਕਰਦੇ ਹਨ ਅਤੇ ਨਾ ਹੀ ਕਿੱਸੇ ਦੇ ਅਰਥਾਂ ਨੂੰ ਕੋਈ ਨਵਾਂ ਵਿਸਥਾਰ ਦੇਂਦੇ ਹਨ। ਅਸਲ ਵਿਚ ਕਰਾਮਾਤ ਕਿੱਸਾ ਕਾਵਿ ਵਿਚ ਕੋਈ ਅਰਥਗਤ ਭੂਮਿਕਾ ਨਹੀਂ ਨਿਭਾਉਂਦੀ। ਇਹ ਰਚਨਾ ਵਿਚ ਅਜਿਹਾ ਉਸਾਰ ਹੈ, ਜਿਸ ਨੂੰ ਪ੍ਰਤੀਕਾਤਮਕ ਅਰਥਾਂ ਵਿਚ ਪਛਾਣਨ ਦੀ ਲੋੜ ਹੈ। ਕਰਾਮਾਤ ਮਿੱਥਕੀ ਅਤੇ ਦੈਵੀ ਸ਼ਕਤੀਆਂ ਦੀ ਵਿਵਹਾਰਕ ਪੱਧਰ ਉਪਰ ਭੂਮਿਕਾ ਕਥਾ ਨੂੰ ਨਿਸ਼ਚਿਤ ਕਰਨ ਵਾਲੀ ਨਹੀਂ ਹੈ। ਲੋੜ ਇਹ ਹੈ ਕਿ ਇਨ੍ਹਾਂ ਪ੍ਰਸੰਗਾਂ ਦੀ ਡੂੰਘ-ਸੰਰਚਨਾ ਵਿਚ ਜਿਹੜੇ ਮਾਨਵੀ ਭਾਵ ਜਾਂ ਮਾਨਵੀ ਸਰੋਕਾਰ ਹਨ, ਉਨ੍ਹਾਂ ਦੀ ਪਛਾਣ ਕੀਤੀ ਜਾਵੇ। ਇਹ ਪਛਾਣ ਇਸ ਤੱਥ ਦੀ ਸੋਝੀ ਕਰਵਾਵੇਗੀ ਕਿ ਕਿੱਸਾ ਕਾਵਿ ਵਿਚ ਅਜਿਹੇ ਵਰਤਾਰੇ ਇਸ ਕਾਵਿ ਦੀ ਲੌਕਿਕਤਾ ਦੇ ਅੰਤਰਗਤ ਹੀ ਵਿਚਾਰੇ ਜਾ ਸਕਦੇ ਹਨ। ਲੌਕਿਕਤਾ ਦੇ ਸੰਦਰਭ ਬਿਨਾਂ ਇਨ੍ਹਾਂ ਦੀ ਪ੍ਰਸੰਗਿਕਤਾ ਨਾ ਬਣ ਸਕਦੀ ਸੀ ਅਤੇ ਨਾ ਹੀ ਸਿੱਧ ਕੀਤੀ ਜਾ ਸਕਦੀ ਹੈ। ਪ੍ਰਮਾਣ ਵਜੋਂ ਰਾਜਾ ਰਸਾਲੂ ਦੇ ਬਿਰਤਾਂਤ ਨਾਲ ਅਜਿਹੇ ਅਨੇਕ ਪ੍ਰਸੰਗ ਜੁੜੇ ਹਨ ਜਿਨ੍ਹਾਂ ਦੀ ਪ੍ਰਤੀਕ ਦੀ ਪੱਧਰ ਉਪਰ ਪਛਾਣ ਕੀਤਿਆਂ ਹੀ ਕਥਾ ਨੂੰ ਮਾਨਵੀ ਚਰਿਤਰ ਮਿਲ ਸਕਦਾ ਹੈ। ਇਨ੍ਹਾਂ ਪ੍ਰਸੰਗਾਂ ਵਿਚ ਦੈਂਤ, ਰਾਖਸ਼ਸ ਅਤੇ ਹੋਰ ਅਦਭੁਤ ਪਾਤਰ ਪ੍ਰਤੀਕ ਦੀ ਪੱਧਰ ਉਪਰ ਅਮਾਨਵੀ ਸ਼ਕਤੀਆਂ ਦੇ ਸੂਚਕ ਹਨ। ਇਨ੍ਹਾਂ ਅਮਾਨਵੀ ਸ਼ਕਤੀਆਂ ਦੇ ਸੰਘਾਰ ਵਿਚੋਂ ਹੀ ਰਸਾਲੂ ਦੇ ਚਰਿਤਰ ਦੀ ਲੌਕਿਕਤਾ ਉਭਰਦੀ ਹੈ। ਇਸੇ ਤਰ੍ਹਾਂ ਰਸਾਲੂ ਨੂੰ ਪੰਛੀਆਂ, ਜਨੌਰਾਂ ਦੀ ਜੋ ਹਮਾਇਤ ਹੈ, ਉਹ ਅਸਲ ਵਿਚ ਦਬੇ ਕੁਚਲੇ ਅਤੇ ਨਿਤਾਣੇ ਲੋਕਾਂ ਦੀ ਸ਼ਮੂਲੀਅਤ ਦੀ ਪ੍ਰਤੀਕ ਹੈ। ਦਰਅਸਲ ਜਿੰਨੀ ਕਥਾ ਪੌਰਾਣਕ ਚਰਿਤਰ ਵਾਲੀ ਹੋਵੇਗੀ, ਅਜਿਹੇ ਪ੍ਰਤੀਕ ਓਨੇ ਹੀ ਵਧੇਰੇ ਜਟਿਲ ਹੁੰਦੇ ਜਾਣਗੇ। ਅਜਿਹੀ ਸਥਿਤੀ

ਵਿਚ ਰਚਨਾ ਦੀ ਉਪਰਲੀ ਪਰਤ ਵਾਲਾ ਅਰਥ ਦੁਜੈਲਾ ਹੋ ਜਾਂਦਾ ਹੈ. ਵਾਸਤਵਿਕਤਾ ਰਚਨਾ ਦੀ ਡੂੰਘ ਵਿਚ ਚਲੀ ਜਾਂਦੀ ਹੈ। ਇਸੇ ਕਰਕੇ ਮਿੱਥ ਅਤੇ ਗਲਪ ਵਿਚ ਸਾਂਝ ਮੰਨੀ ਗਈ ਹੈ। ਗਲਪਕਾਰ ਜਿਵੇਂ ਜਾਣੀ ਪਛਾਣੀ ਵਾਸਤਵਿਕਤਾ ਦਾ ਗਲਪੀਕਰਣ ਕਰਦਾ ਹੈ, ਤਿਵੇਂ ਮਿੱਥ ਦੀ ਘਾੜਤ ਵਿਚ ਵਾਸਤਵਿਕਤਾ ਦਾ ਗਲਪੀਕਰਣ ਕਰਦਾ ਹੈ, ਤਿਵੇਂ ਮਿੱਥ ਦੀ ਘਾੜਤ ਵਿਚ ਵਾਸਤਵਿਕਤਾ, ਪ੍ਰਤੀਕ ਦੇ ਰੂਪ ਵਿਚ ਢਲ ਜਾਂਦੀ ਹੈ। ਕਿੱਸਾ ਕਾਵਿ ਮਿੱਥ ਅਤੇ ਗਲਪ ਦਾ ਸੁਮੇਲ ਹੈ। ਇਸ ਦੀ ਸੰਰਚਨਾ ਵਿਚ ਇਕ ਪਾਸੇ ਮਿੱਥ ਕਾਰਜਸ਼ੀਲ ਹੈ. ਦੂਜੇ ਪਾਸੇ ਵਾਸਤਵਿਕਤਾ ਨੂੰ ਗਲਪ ਦੇ ਚਰਿਤਰ ਵਿਚ ਢਾਲਿਆ ਗਿਆ ਹੈ। ਇਸੇ ਕਰਕੇ ਅਸੀਂ ਇਹ ਕਿਹਾ ਹੈ ਕਿ ਕਿੱਸਾ ਕਾਵਿ ਦੀਆਂ ਵਿਭਿੰਨ ਕਥਾਵਾਂ ਅਤੇ ਉਨ੍ਹਾਂ ਦਾ ਰਚਨਾਤਮਕ ਰੂਪ ਜਟਿਲ ਪ੍ਰਕ੍ਰਿਤੀ ਵਾਲਾ ਹੈ। ਦੂਜਾ, ਜਿਸ ਕਾਲ-ਖੰਡ ਵਿਚ ਇਨ੍ਹਾਂ ਦੀ ਰਚਨਾ ਹੋਈ ਹੈ, ਉਸ ਕਾਲ-ਖੰਡ ਦੀ ਚੇਤਨਾ ਪੌਰਾਣਕ ਚੇਤਨਾ ਦੀ ਵਿਸਵਾਸੀ ਸੀ। ਰਚਨਾਕਾਰ ਅਤੇ ਪਾਠਕ ਦੋਵੇਂ ਜ਼ਿੰਦਗੀ ਨੂੰ ਇਸੇ ਝਰੋਖੇ ਵਿਚੋਂ ਪ੍ਰਵਾਨ ਕਰਦੇ ਸਨ, ਇਸ ਲਈ ਅਚੇਤ ਸਚੇਤ ਰੂਪ ਵਿਚ ਪੌਰਾਣ ਤੱਤ, ਮਿੱਥਾਂ, ਕਰਾਮਾਤੀ ਕੌਤਕ ਅਤੇ ਪਰਾਸਰੀਰਕ ਅੰਸ਼ ਸਹਿਜੇ ਹੀ ਰਚਨਾ ਵਿਚ ਪ੍ਰਵੇਸ਼ ਕਰਦੇ ਗਏ ਹਨ। ਦਿਲਚਸਪ ਅਤੇ ਮਹੱਤਵਪੂਰਨ ਤੱਥ ਇਹ ਹੈ ਕਿ ਇਨ੍ਹਾਂ ਸਾਰੇ ਮਿੱਥਕੀ ਵੇਰਵਿਆਂ ਅਤੇ ਦੈਵੀ ਸ਼ਕਤੀਆਂ ਨੇ ਰਚਨਾ ਦੇ ਮੂਲ ਥੀਮ ਅਤੇ ਉਸ ਦੇ ਅਰਥ ਨੂੰ ਨਾ ਤਾਂ ਖੰਡਿਤ ਕੀਤਾ ਹੈ ਅਤੇ ਨਾ ਹੀ ਨਵਾਂ ਰੁਖ਼ ਦਿੱਤਾ ਹੈ। ਇਨ੍ਹਾਂ ਪ੍ਰਸੰਗਾਂ ਦੀ, ਪ੍ਰਤੀਕ ਦੀ ਪੱਧਰ ਉਪਰ ਕੀਤੀ ਵਿਆਖਿਆ ਇਸ ਧਾਰਨਾ ਦੀ ਪੁਸ਼ਟੀ ਕਰਦੀ ਹੈ ਕਿ ਕਿੱਸਾ ਕਾਵਿ ਸ਼ੁਧ ਲੌਕਿਕ ਕਾਵਿ ਹੈ ਅਤੇ ਇਸ ਦੀ ਰਚਨਾਤਮਕ ਸ਼ਕਤੀ ਇਸੇ ਲੌਕਿਕਤਾ ਵਿਚ ਹੈ।

ਕਿੱਸਾ ਕਾਵਿ ਦੀ ਲੌਕਿਕਤਾ ਨਾਲ ਹੀ ਜੁੜਿਆ ਪ੍ਰਸ਼ਨ ਹੋਣੀ ਦਾ ਸੰਕਲਪ ਹੈ। ਹੋਣੀ ਦੇ ਸੰਕਲਪ ਦਾ ਮੂਲ ਅਰਥ ਮਨੁੱਖ ਨੂੰ ਆਪਣੇ ਤੋਂ ਕਿਸੇ ਵਡੇਰੀ ਅਦਿੱਖ ਸ਼ਕਤੀ ਦੇ ਅਧੀਨ ਮੰਨਣਾ ਹੈ। ਹੋਣੀ ਦੇ ਇਸ ਸੰਕਲਪ ਅਨੁਸਾਰ ਮਨੁੱਖ ਦੀ ਸਾਰੀ ਕਾਰਜਸ਼ੀਲਤਾ ਪੂਰਵ ਨਿਸਚਿਤ ਮੰਨੀ ਗਈ ਹੈ ਭਾਵ ਮਨੁੱਖ ਦੀ ਭੂਮਿਕਾ ਨਾਟਕਕਾਰ ਦੇ ਸਿਰਜਿਤ ਪਾਤਰ ਵਰਗੀ ਹੈ ਜਿਸ ਦਾ ਹਰ ਕਾਰਜ ਪਹਿਲਾਂ ਹੀ ਮਿਥਿਆ ਗਿਆ ਹੁੰਦਾ ਹੈ। ਮੱਧਕਾਲੀ ਚੇਤਨਾ ਵਿਚ ਭਵਿੱਖ ਦੀ ਅਨਿਸ਼ਚਿਤਤਾ ਨੂੰ ਨਿਸ਼ਚਿਤ ਕਰਨ ਲਈ ਹੋਣੀ ਨੂੰ ਮੂਲ ਟੇਕ ਬਣਾਇਆ ਗਿਆ ਹੈ। ਅਧਿਆਤਮਕ ਕਾਵਿ ਵਿਚ ਮਨੁੱਖ ਦੇ ਪੂਰਬਲੇ ਕਰਮ ਹੀ ਉਸਦੀ ਵਰਤਮਾਨ ਹੋਣੀ ਨੂੰ ਨਿਸ਼ਚਿਤ ਕਰਨ ਵਾਲੇ ਮੰਨ ਗਏ ਹਨ। ਇਸ ਹੋਣੀ ਦੀ ਘਾੜਤ ਨੂੰ ਮਨੁੱਖੀ ਵੱਸੋ ਬਾਹਰੀ ਮੰਨ ਕੇ ਅਧਿਆਤਮਵਾਦੀਆਂ ਨੇ ਮਨੁੱਖ ਨੂੰ ਕਾਦਰ ਦੀ ਕੁਦਰਤ ਦੇ ਅਧੀਨ ਸਵੀਕਾਰ ਕੀਤਾ ਹੈ। ਅਸਲ ਵਿਚ ਭਵਿੱਖ ਦੀ ਅਨਿਸ਼ਚਿਤਤਾ ਨੂੰ ਹੋਣੀ ਮੰਨ ਕੇ ਮਨੁੱਖ ਨੇ ਇਕ ਤਰ੍ਹਾਂ ਨਾਲ ਆਪਣੇ ਆਪ ਨੂੰ ਨਿਸ਼ਚਿਤ ਕੀਤਾ ਸੀ। ਮਨੁੱਖ ਦੀ ਹਰ ਹਾਰ, ਉਸ ਦੇ ਦੁੱਖਾਂ ਅਤੇ ਸੰਕਟਾਂ ਨੂੰ ਹੋਣੀ ਕਹਿ ਕੇ ਅਧਿਆਤਮਵਾਦੀਆਂ ਨੇ ਪ੍ਰਭੂ ਸ਼ਕਤੀ ਨੂੰ ਦ੍ਰਿੜ੍ਹਾਇਆ ਹੈ।

ਅਧਿਆਤਮਵਾਦੀ ਚਿੰਤਨ ਨੇ ਇਕ ਲੰਮੇ ਅਰਸੇ ਤਕ ਮਨੁੱਖ ਦੇ ਹਰ ਕਾਰਜ ਅਤੇ ਉਸ ਦੇ ਭਵਿੱਖ ਨੂੰ ਹੋਣੀ ਨਾਲ ਜੋੜ ਕੇ ਉਸ ਨੂੰ ਯਥਾਰਥ ਤੋਂ ਬੇਮੁੱਖ ਕਰੀ ਰੱਖਿਆ ਹੈ। ਇਹ ਇਕ ਤਰ੍ਹਾਂ ਨਾਲ ਅਜਿਹਾ ਮਾਨਵ ਵਿਰੋਧੀ ਸੰਕਲਪ ਹੈ ਜੋ ਮਨੁੱਖ ਦੀ ਕਾਰਜਸ਼ੀਲਤਾ ਨੂੰ ਉਤਸ਼ਾਹਿਤ ਨਹੀਂ ਕਰਦਾ। ਜੇਕਰ ਮਾਨਵੀ ਕਾਰਜ/ਹੋਣੀ ਪੂਰਵ-ਮਿਥਿਤ ਹੈ ਤਾਂ ਉਸ ਵਿਚ ਮਾਨਵ ਦੀ ਭੂਮਿਕਾ ਅਪ੍ਰਸੰਗਿਕ ਹੋ ਜਾਂਦੀ ਹੈ। ਇਸ ਸੰਕਲਪ ਦੀ ਮੂਲ ਧਾਰਨਾ ਮਨੁੱਖ ਅੰਦਰ ਪ੍ਰਭੂ ਦੀ ਅਖੰਡ ਹੋਂਦ ਵਿਚ ਵਿਸ਼ਵਾਸ ਜਗਾਉਣਾ ਸੀ। ਇਸ ਨੂੰ ਬਾਅਦ ਵਿਚ ਅਨੇਕ ਸੰਦਰਭਾਂ ਵਿੱਚ ਪ੍ਰਸਤੁਤ ਕਰਨ ਦਾ ਰੁਝਾਨ ਪੈਦਾ ਹੋਇਆ। ਪੰਜਾਬੀ ਕਿੱਸਾਕਾਰੀ ਵਿਚ ਹੋਣੀ ਦਾ ਸੰਕਲਪ ਭਾਵੇਂ ਅਧਿਆਤਮਵਾਦੀਆਂ ਦੀ ਧਾਰਨਾ ਅਨੁਸਾਰ ਨਹੀਂ ਪਰ ਇਸ ਦਾ ਮੂਲ ਸਰੋਤ ਇਹੀ ਆਦਰਸ਼ਵਾਦੀ ਚਿੰਤਨ ਸੀ। ਕਿੱਸਾਕਾਰਾਂ ਨੇ ਹੋਣੀ ਦੇ ਸੰਕਲਪ ਦੀ ਵਿਆਖਿਆ ਨੂੰ ਤ੍ਰਾਸਦੀ ਦੇ ਪ੍ਰਸੰਗ ਵਿਚ ਚਿਤਵਿਆ ਅਤੇ ਚਿਤਰਿਆ ਹੈ। ਇਸ ਸੰਕਲਪ ਨੂੰ ਕਿੱਸਾਕਾਰਾਂ ਨੇ ਦੋ ਉਦੇਸ਼ਾਂ ਦੀ ਪੂਰਤੀ ਲਈ ਵਰਤਿਆ ਹੈ। ਪਹਿਲਾ ਉਦੇਸ਼ ਨਾਇਕ ਦੇ ਨਾਇਕਤਵ ਨੂੰ ਬਣਾਈ ਰੱਖਣਾ ਸੀ ਅਤੇ ਦੂਜਾ ਉਦੇਸ਼ ਤ੍ਰਾਸਦੀ ਦੇ ਡੂੰਘੇ ਦਰਦ ਨੂੰ ਸਹਿ ਸਕਣ ਦੀ ਸਮਰੱਥਾ ਪੈਦਾ ਕਰਨਾ ਸੀ। ਪਹਿਲਾ ਉਦੇਸ਼ ਇਹ ਸੀ ਕਿ ਕਿੱਸਾਕਾਰ ਆਪਣੀਆਂ ਕਾਵਿ-ਕਿਰਤਾਂ ਰਾਹੀਂ ਆਦਰਸ਼ਕ ਨਾਇਕ/ਨਾਇਕਾਵਾਂ ਨੂੰ ਪ੍ਰਤੀਮਾਨ ਵਜੋਂ ਪੇਸ਼ ਕਰ ਰਹੇ ਸਨ। ਇਨ੍ਹਾਂ ਨਾਇਕ/ਨਾਇਕਾਵਾਂ ਦੀ ਸੰਘਰਸ਼ ਵਿਚਲੀ ਹਾਰ ਨੂੰ ਪੂਰਵ-ਮਿਥਿਤ ਹੋਣੀ ਨਾਲ ਜੋੜ ਕੇ ਕਿੱਸਾਕਾਰ ਇਕ ਤਰ੍ਹਾਂ ਨਾਲ ਆਪਣੇ ਆਦਰਸ਼ਵਾਦੀ ਪਾਤਰਾਂ ਨਾਲ ਕਾਵਿਕ ਇਨਸਾਫ਼ ਕਰਦੇ ਹਨ। ਹਾਰ ਦੀ ਵਾਸਤਵਿਕਤਾ ਨੂੰ ਉਹ ਦੈਵੀ ਸ਼ਕਤੀ ਦੇ ਕਰਮ ਨਾਲ ਜੋੜ ਕੇ ਤ੍ਰਾਸਦੀ ਦੀ ਵਿਆਖਿਆ ਨੂੰ ਪਾਰਲੌਕਿਕ ਬਣਾ ਦੇਂਦੇ ਹਨ। ਦੁਨਿਆਵੀ ਹਾਰ ਦੇ ਕਾਰਣ ਪਾਰਲੌਕਿਕ ਮਿਥ ਕੇ ਉਹ ਨਾਇਕ/ਨਾਇਕਾਵਾਂ ਦੀ ਸ਼ਾਨ ਨੂੰ ਮੱਧਮ ਨਹੀਂ ਸਨ ਹੋਣ ਦਿੰਦੇ। ਕਿੱਸਾਕਾਰਾਂ ਦਾ ਇਹ ਰਚਨਾਤਮਕ ਤਰਕ ਮੱਧਕਾਲੀ ਚੇਤਨਾ ਵਿਚ ਬੜਾ ਸਹਿਜ ਸੀ। ਪਰਮਾਤਮਾ ਦੇ ਕਰਮ ਜਾਂ ਇੱਛਾ ਨਾਲ ਜੁੜੀ ਉਸਦੀ ਮਾਨਵੀ ਹਾਰ ਜਾਂ ਮਾਨਵੀ ਤ੍ਰਾਸਦੀ ਦਾ ਪ੍ਰਸੰਗ ਹੋਰ ਬਣ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਦੀ ਸਾਧਾਰਣਤਾ ਨੂੰ ਉਹਲੇ ਹੇਠ ਕਰ ਕੇ ਸਾਰੀ ਸਥਿਤੀ ਨਵਾਂ ਰੁਖ਼ ਲੈ ਲੈਂਦੀ ਹੈ।

ਦਰਅਸਲ ਕਿੱਸਾਕਾਰ ਹੋਣੀ ਦੇ ਪ੍ਰਬਲ ਵਿਸ਼ਵਾਸ ਨੂੰ ਇਕ ਗਲਪ-ਜੁਗਤ ਵਜੋਂ ਵਰਤ ਰਹੇ ਹਨ, ਇਹ ਗਲਪ-ਜੁਗਤ ਸੱਸੀ ਹਾਸ਼ਮ, ਪੂਰਨ ਅਤੇ ਰਸਾਲੂ ਦੇ ਕਿੱਸਿਆਂ ਵਿਚ ਇਕ ਨਵੇਂ ਰੂਪ ਵਿਚ ਮਿਲਦੀ ਹੈ, ਜਿਸ ਰਾਹੀਂ ਕਿੱਸਾਕਾਰ ਸਾਰੀ ਕਥਾ ਨੂੰ ਅਗਾਊਂ ਸੂਚਿਤ ਕਰਦਾ ਹੈ। ਇਸ ਜੁਗਤ ਦੀ ਵਿਆਖਿਆ ਅਸੀਂ ਅੱਗੇ ਕਰਾਂਗੇ। ਅਸੀਂ ਇਹ ਧਾਰਨਾ ਉਪਰੋਕਤ ਹਵਾਲਿਆਂ ਲਈ ਸਿੱਧ ਕਰਨਾ ਚਾਹੁੰਦੇ ਹਾਂ ਕਿ ਕਿੱਸਾਕਾਰ ਨੇ ਆਪਣੇ ਨਾਇਕ/ਨਾਇਕਾਵਾਂ ਦੀ ਹਾਰ ਨੂੰ ਰੱਬੀ ਹੋਣੀ ਨਾਲ ਜੋੜ ਕੇ ਉਨ੍ਹਾਂ ਦੇ ਸੰਘਰਸ਼ ਨੂੰ ਛੋਟਿਆਂ ਨਹੀਂ ਹੋਣ ਦਿੱਤਾ। ਕਿੱਸਾਕਾਰ ਅਜਿਹਾ ਨਾ ਵੀ ਕਰਦੇ ਤਾਂ ਵੀ ਕਿੱਸਾ ਕਾਵਿ ਦੇ ਨਾਇਕ/ਨਾਇਕਾਵਾਂ ਦੇ ਸੰਘਰਸ਼ ਦੀ ਵਡਿਆਈ ਘਟਣੀ ਨਹੀਂ ਸੀ ਪਰ ਕਿਉਂਕਿ

ਮੱਧਕਾਲੀ ਚੇਤਨਾ ਦਾ ਆਪਣਾ ਇਕ ਮੁਹਾਵਰਾ ਸੀ ਕਿ ਨਾਇਕ/ਨਾਇਕਾ ਦੀ ਹਾਰ ਨੂੰ ਪਾਰਲੌਕਿਕ ਕਰਮ ਨਾਲ ਜੋੜ ਕੇ ਤ੍ਰਾਸਦੀ ਨੂੰ ਸਾਧਾਰਣ ਨਹੀਂ ਸੀ ਬਣਨ ਦਿੱਤਾ ਜਾਂਦਾ ਜਿਸ ਕਰਕੇ ਹੋਣੀ ਦਾ ਸੰਕਲਪ ਬਾਰ ਬਾਰ ਦੁਹਰਾਇਆ ਗਿਆ ਹੈ। ਕਿੱਸਾਕਾਰਾਂ ਦਾ ਇਹ ਉਦੇਸ਼ ਅਤੇ ਹੋਣੀ ਦਾ ਸੰਕਲਪ ਇਸੇ ਮੱਧਕਾਲੀ ਚਿੰਤਨ ਦੇ ਮੁਹਾਵਰੇ ਵਿਚ ਸਮਝਿਆ ਜਾਣਾ ਚਾਹੀਦਾ ਹੈ।

ਇਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕਿੱਸਿਆਂ ਵਿਚ ਜੋਤਸ਼ੀਆਂ ਰਾਹੀਂ ਜਾਂ ਸੁਪਨਿਆਂ ਰਾਹੀਂ ਮਾਨਵੀ ਹੋਣੀ ਦੀ ਜੋ ਭਵਿੱਖ ਬਾਣੀ ਕੀਤੀ ਜਾਂਦੀ ਸੀ, ਉਸ ਦੀ ਕਿੱਸਿਆਂ ਦੇ ਥੀਮ ਵਿਚ ਕਿਹੜੀ ਪ੍ਰਸੰਗਿਕਤਾ ਹੈ ? ਇਸ ਪ੍ਰਸ਼ਨ ਦਾ ਉੱਤਰ ਵੀ ਸਾਨੂੰ ਮੱਧਕਾਲੀ ਚੇਤਨਾ ਅਤੇ ਕਿੱਸਿਆਂ ਦੀ ਮੂਲ ਗਲਪ-ਜੁਗਤ ਦੇ ਅੰਦਰ ਹੀ ਮਿਲੇਗਾ। ਇਹ ਤਾਂ ਸਪੱਸ਼ਟ ਹੀ ਹੈ ਕਿ ਮਾਨਵੀ ਭਵਿੱਖ ਹਮੇਸ਼ਾ ਅਨਿਸ਼ਚਿਤਤਾ ਨੂੰ ਜਾਣਨ ਦੀ ਉਤਸੁਕਤਾ ਹਰ ਮਨੁੱਖ ਅੰਦਰ ਬੜੀ ਪ੍ਰਬਲ ਰਹਿੰਦੀ ਹੈ। ਰਾਜੇ/ਰਾਣੀਆਂ ਦਾ ਆਪਣੇ ਬਾਰੇ, ਆਪਣੀ ਔਲਾਦ ਬਾਰੇ ਜਾਂ ਰਾਜ ਦੀ ਬਰਕਰਾਰੀ ਲਈ ਜੋਤਸ਼ ਲਵਾਉਣਾ ਬੜਾ ਪ੍ਰਚਲਤ ਸੀ। ਜੋਤਸ਼ੀਆਂ ਦੇ ਪਾਏ ਵਹਿਮਾਂ ਤੋਂ ਬਚਣ ਲਈ ਅਨੇਕ ਉਪਾਅ ਵੀ ਕੀਤੇ ਜਾਂਦੇ ਸਨ। ਇਹ ਸਾਰੀ ਲੀਲ੍ਹਾ ਕੇਵਲ ਮਨ ਦੀ ਤਸੱਲੀ ਹੀ ਹੁੰਦੀ ਸੀ ਕਿਉਂਕਿ ਭਵਿੱਖ ਨੂੰ ਪੜ੍ਹਨਾ ਨਾ ਤਾਂ ਸੰਭਵ ਹੁੰਦਾ ਹੈ ਅਤੇ ਨਾ ਹੀ ਕੋਈ ਕਰਮ ਜਾਂ ਭਵਿੱਖ ਪੂਰਵ ਨਿਸ਼ਚਿਤ ਹੁੰਦਾ ਹੈ। ਅਜਿਹੇ ਵਹਿਮ/ਭਰਮ ਮੱਧਕਾਲੀ ਚੇਤਨਾ ਵਿਚ ਬੜੇ ਪ੍ਰਵਾਨ ਵੀ ਸਨ। ਕਿੱਸਿਆਂ ਵਿਚ ਜੋਤਸ਼ੀਆਂ ਵਲੋਂ ਪਾਤਰਾਂ ਦੀ ਜੋ ਭਵਿੱਖ ਹੋਣੀ ਦੱਸੀ ਗਈ ਹੁੰਦੀ ਸੀ, ਉਸ ਦਾ ਕਥਾ ਦੇ ਥੀਮ ਅਤੇ ਅਰਥ ਉਪਰ ਕੋਈ ਪ੍ਰਭਾਵ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਇਹ ਕਥਾਵਾਂ ਕਿਉਂਕਿ ਆਪਣੇ ਰਚਨਾ-ਕਾਲ ਤੋਂ ਪਹਿਲਾਂ ਲੋਕ ਸਿਮਰਤੀ ਦਾ ਅੰਗ ਬਣ ਚੁੱਕੀਆਂ ਸਨ, ਇਸ ਲਈ ਅਜਿਹੇ ਪ੍ਰਸੰਗ ਲੋਕ ਮਨ ਵਲੋਂ ਹੀ ਸ਼ਾਮਲ ਕੀਤੇ ਗਏ ਸਨ, ਜਿਨ੍ਹਾਂ ਨੂੰ ਕਿੱਸਾਕਾਰਾ ਨੇ ਆਪਣੀ ਗਲਪ-ਜੁਗਤ ਵਿਚ ਪਰੋ ਲਿਆ। ਜੇਕਰ ਜੋਤਸ਼ੀਆਂ ਦੀ ਭਵਿੱਖ ਬਾਣੀ ਜਾਂ ਸੰਕਟ ਦਾ ਉਪਾਅ ਕੋਈ ਮਹੱਤਵ ਰੱਖਦੇ ਤਾਂ ਪੂਰਨ ਦੀ ਕਥਾ ਦਾ ਪ੍ਰਵਾਹ ਹੋਰ ਹੁੰਦਾ। ਆਪਣੀ ਇਸ ਧਾਰਨਾ ਦੀ ਪੁਸ਼ਟੀ ਲਈ ਅਸੀਂ ਪੂਰਨ ਦੀ ਕਥਾ ਵਿਚੋਂ ਹੇਠ ਲਿਖੀਆਂ ਸਤਰਾਂ ਦਾ ਵਿਸ਼ਲੇਸ਼ਣ ਕਰਾਂਗੇ:—

ਅਲਫ਼-ਆਖ ਸਖੀ ਸਿਆਲਕੋਟ ਅੰਦਰ,
ਪੂਰਨ ਪੁੱਤ ਸਲਵਾਨ ਨੇ ਜਾਇਆ ਈ।
ਜਦੋਂ ਜੰਮਿਆ ਰਾਜੇ ਨੂੰ ਖ਼ਬਰ ਹੋਈ,
ਸੱਦ ਪੰਡਤਾਂ ਵੇਦ ਪੜ੍ਹਾਇਆ ਈ।
ਬਾਰਾਂ ਬਰਸ ਨਾ ਰਾਜਿਆ ਮੂੰਹ ਲੱਗੀਂ,
ਦੇਖ ਪੰਡਤਾਂ ਏਵ ਫਰਮਾਇਆ ਈ।
ਕਾਦਰ ਯਾਰ ਮੀਆਂ ਪੂਰਨ ਭਗਤ ਤਾਈਂ,
ਬਾਪ ਜੰਮਦਿਆਂ ਹੀ ਭੋਹਰੇ ਪਾਇਆ ਈ।

ਇਨ੍ਹਾਂ ਉਪਰੋਕਤ ਸਤਰਾਂ ਵਿਚੋਂ ਇਸ ਵਿਚਾਰ ਦੀ ਪੁਸ਼ਟੀ ਹੁੰਦੀ ਹੈ ਕਿ ਭਵਿੱਖ ਨੂੰ ਜਾਣਨ ਲਈ ਪੰਡਤਾਂ/ਜੋਤਸ਼ੀਆਂ ਕੋਲੋਂ ਟੇਵੇ ਲਵਾਉਣਾ ਬੜਾ ਆਮ ਸੀ, ਜਿਸ ਦਾ ਆਧਾਰ ਕੇਵਲ ਵਿਸ਼ਵਾਸ ਸੀ। "ਬੇ-ਬੇਦ ਉਤੇ ਜਿਵੇਂ ਲਿਖਿਆ ਸੀ, ਤਿਵੇਂ ਪੰਡਤਾਂ ਆਖ਼ ਸੁਣਾਇ ਦਿੱਤਾ" ਇਸ ਵਿਚਾਰ ਨੂੰ ਪ੍ਰਪੱਕ ਕਰਦਾ ਹੈ ਕਿ ਮਨੁੱਖ ਦਾ ਭਵਿੱਖ ਪੂਰਵ ਲਿਖਿਤ ਹੈ। ਰਾਜਾ ਸਲਵਾਹਨ ਪੰਡਤਾਂ ਦੇ ਕਹਿਣ ਉਪਰ ਪੂਰਨ ਨੂੰ ਬਾਰ੍ਹਾਂ ਵਰ੍ਹੇ ਭੋਹਰੇ ਵਿਚ ਵੀ ਪਾਂਦਾ ਹੈ। ਪ੍ਰਸ਼ਨ ਇਹ ਹੈ ਕਿ ਟੇਵਾ ਲਾਉਣ ਤੋਂ ਲੈ ਕੇ ਬਾਰ੍ਹਾਂ ਵਰ੍ਹੇ ਭੋਹਰੇ ਵਿਚ ਰਹਿਣ ਉਪਰੰਤ ਉਹ ਕੁਝ ਵਾਪਰਦਾ ਹੈ ਜੋ ਲੌਕਿਕ ਸਥਿਤੀਆਂ ਵਿਚੋਂ ਵਾਪਰਦਾ ਹੈ। ਜੇ ਜੋਤਸ਼ੀਆਂ ਦੇ ਉਪਾਅ ਵਿਚ ਕੋਈ ਸ਼ਕਤੀ ਹੁੰਦੀ ਤਾਂ ਪੂਰਨ ਦਾ ਹਸ਼ਰ ਇਹ ਨਾ ਹੁੰਦਾ। ਦਰਅਸਲ ਨਾ ਕਿਸੇ ਟੇਵੇ ਜਾਂ ਬੇਦ ਦੇ ਪੜ੍ਹਨ ਨਾਲ ਕਿਸੇ ਮਨੁੱਖ ਦੀ ਹੋਣੀ ਨਿਸ਼ਚਿਤ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਕਿਸੇ ਉਪਾਅ ਦੀ ਕੋਈ ਪ੍ਰਸੰਗਿਕਤਾ ਹੁੰਦੀ ਹੈ। ਵਾਸਤਵਿਕਤਾ ਉਹੀ ਹੁੰਦੀ ਹੈ ਜੋ ਵਰਤਮਾਨ ਵਿਚੋਂ ਪੈਦਾ ਹੁੰਦੀ ਹੈ। ਜਿਸ ਪੂਰਨ ਨੂੰ ਜੋਤਸ਼ੀਆਂ ਨੇ ਸਲਵਾਹਨ ਲਈ ਨਹਿਸ਼ ਮੰਨਿਆ ਸੀ, ਉਹੀ ਪੂਰਨ, ਭਗਤ ਦੇ ਰੂਪ ਵਿਚ ਆਪਣੇ ਪਿਤਾ ਲਈ ਵਰ ਸਿੱਧ ਹੁੰਦਾ ਹੈ। ਪੰਡਤਾਂ ਦਾ ਜੋਤਸ਼ ਅਤੇ ਕਿੱਸੇ ਦਾ ਥੀਮ ਇਕ ਦੂਜੇ ਦੇ ਵਿਰੋਧ ਵਿਚ ਹਨ। ਇਹੀ ਹੋਣੀ ਦੇ ਦੈਵੀ ਸੰਕਲਪ ਦੀ ਅਪ੍ਰਸੰਗਿਕਤਾ ਹੈ। ਕਿੱਸਿਆਂ ਵਿਚ ਹੋਣੀ ਉਸ ਵਾਸਤਵਿਕਤਾ ਵਿਚੋਂ ਜਨਮ ਲੈਂਦੀ ਹੈ ਜੋ ਮਾਨਵ-ਸਿਰਜਿਤ ਹੈ। ਧਿਆਨਯੋਗ ਤੱਥ ਇਹ ਹੈ ਕਿ ਮੱਧਕਾਲੀ ਚੇਤਨਾ ਵਿਚ ਬਹੁਤ ਕੁਝ ਅਜਿਹਾ ਹੈ ਜੋ ਕਿਸੇ ਤਰਕ ਦੇ ਘੇਰੇ ਵਿਚ ਨਹੀਂ ਆਉਂਦਾ। ਇਕ ਦੀਰਘ ਸਮੀਖਿਆ ਦ੍ਰਿਸ਼ਟੀ ਇਸ ਸਾਰੇ ਪਾਸਾਰੇ ਦੀ ਧੁੰਦ ਨੂੰ ਇਕ ਲਾਂਭੇ ਕਰਕੇ ਮਾਨਵੀ ਸਰੋਕਾਰਾਂ ਦੀ ਤਲਾਸ਼ ਕਰ ਸਕਦੀ ਹੈ। ਇਹ ਤਲਾਸ਼ ਹੀ ਕਿੱਸਾ ਕਾਵਿ ਦੇ ਸਹੀ ਮੁਲੰਕਣ ਦੀ ਪਿੱਠਭੂਮੀ ਬਣ ਸਕੇਗੀ।

ਇਹ ਤੱਥ ਤਾਂ ਸਪੱਸ਼ਟ ਹੀ ਹੈ ਕਿ ਕਿੱਸਾ ਕਾਵਿ ਵਿਚ ਤਨਾਉ ਮੂਲ ਸੂਤਰ ਹੈ। ਇਸ ਤਨਾਉ ਦੀ ਪ੍ਰਚੰਡਤਾ ਵਿਚੋਂ ਹੀ ਨਾਇਕ ਦਾ ਨਾਇਕਤਵ ਉਦੈ ਹੋਇਆ ਹੈ। ਪੰਜਾਬੀ ਕਿੱਸਾਕਾਰੀ ਦਾ ਅਧਿਐਨ ਕਰਨ ਵਾਲੇ ਕੁਝ ਸਮੀਖਿਆਕਾਰਾਂ ਨੇ ਇਸ ਤਨਾਉ ਜਾ ਸੰਘਰਸ਼ ਦੀ ਗੱਲ ਕਰਦਿਆਂ ਨਾਇਕ ਦੇ ਸਮਵਿੱਥ ਕੁਝ ਵਿਅਕਤੀਆਂ ਨੂੰ ਖਲਨਾਇਕ ਮੰਨ ਲਿਆ ਹੈ। ਇਨ੍ਹਾਂ ਖਲਨਾਇਕਾਂ ਨੂੰ ਤ੍ਰਾਸਦੀ ਸਿਰਜਣ ਵਾਲੀ ਅਹਿਮ ਧਿਰ ਮੰਨ ਕੇ ਇਨ੍ਹਾਂ ਸਮੀਖਿਆਕਾਰਾਂ ਨੇ ਤਨਾਉ ਜਾਂ ਸੰਘਰਸ਼ ਦੇ ਕਾਰਣਾਂ ਦੀ ਜਟਿਲਤਾ ਨੂੰ ਅੱਖੋਂ ਪਰੋਖੇ ਕਰ ਦਿੱਤਾ ਹੈ। ਪ੍ਰਮਾਣ ਵਜੋਂ ਹੀਰ ਦੇ ਕਿੱਸੇ ਵਿਚ ਕੈਦੋਂ, ਸੱਸੀ ਦੇ ਕਿੱਸੇ ਵਿਚ ਉਸ ਦੇ ਭਰਾ, ਸੋਹਣੀ ਮਹੀਂਵਾਲ ਦੇ ਕਿੱਸੇ ਵਿਚ ਸੋਹਣੀ ਦੀ ਨਨਾਣ, ਪੂਰਨ ਦੇ ਕਿੱਸੇ ਵਿਚ ਲੂਣਾ ਆਦਿ ਪਾਤਰਾਂ ਨੂੰ ਖਲਨਾਇਕ ਮੰਨ ਕੇ ਉਨ੍ਹਾਂ ਨੂੰ ਤ੍ਰਾਸਦੀ ਸਿਰਜਣ ਵਾਲੀਆਂ ਧਿਰਾਂ ਸਮਝ ਲਿਆ ਹੈ। ਅਜਿਹੀ ਸਮੀਖਿਆ ਬੜੇ ਸਰਲ ਸੁਭਾਅ ਵਾਲੀ ਹੈ। ਧਿਆਨਯੋਗ ਤੱਥ ਇਹ ਹੈ ਕਿ ਕਿੱਸਾ ਕਾਵਿ ਵਿਚ ਕੋਈ ਇਕ ਇਕੱਲਾ ਵਿਅਕਤੀ ਨਾ ਤਾਂ ਖਲਨਾਇਕ ਹੈ ਅਤੇ ਨਾ ਹੀ ਤ੍ਰਾਸਦੀ ਸਿਰਜਣ

ਵਿਚ ਉਸ ਦੀ ਕੋਈ ਭੂਮਿਕਾ ਹੈ। ਜੇਕਰ ਤ੍ਰਾਸਦੀ ਦੇ ਤੱਥਾਂ ਦਾ ਨਿੱਠ ਕੇ ਵਿਸ਼ਲੇਸ਼ਣ ਕਰੀਏ ਤਾਂ ਜਿਹੜੀਆਂ ਧਿਰਾਂ ਨਾਇਕ/ਨਾਇਕਾਵਾਂ ਦਾ ਵਿਰੋਧ ਕਰ ਰਹੀਆਂ ਹਨ, ਉਹ ਸਮੂਹਕ ਪੱਧਰ ਉਪਰ ਇਕੱਠੀਆਂ ਹਨ। ਕਿਸੇ ਇਕ ਪਾਤਰ ਨੂੰ ਖਲਨਾਉਕ ਮੰਨ ਕੇ ਤ੍ਰਾਸਦੀ ਦੀ ਵਿਆਖਿਆ ਕਰਨੀ ਤ੍ਰਾਸਦੀ ਦਾ ਸਰਲੀਕਰਣ ਹੋਵੇਗਾ। ਪ੍ਰਮਾਣ ਵਜੋਂ ਹੀਰ ਦੇ ਕਿੱਸੇ ਵਿਚ ਕੈਦੋਂ ਨੂੰ ਖਲਨਾਇਕ ਮੰਨਣਾ ਇਸੇ ਸਰਲੀਕਰਣ ਦਾ ਸੂਚਕ ਹੈ ਜਦ ਕਿ ਕਿੱਸੇ ਵਿਚ ਸਿਵਾਏ ਇਕ ਦੋ ਪ੍ਰਸ਼ੰਗਾਂ ਦੇ, ਕੈਦੋਂ ਸਾਰੇ ਕਿੱਸੇ ਵਿਚ ਗ਼ੈਰ ਹਾਜ਼ਰ ਹੈ। ਗ਼ੈਰ-ਹਾਜ਼ਰ ਵਿਅਕਤੀ ਜਿਸ ਦੀ ਕਿੱਸੇ ਦੇ ਪ੍ਰਵਾਹ ਵਿਚ ਕੋਈ ਭੂਮਿਕਾ ਨਹੀਂ, ਉਸ ਨੂੰ ਖਲਨਾਇਕ ਮੰਨਣਾ ਮੂਲ ਤੱਥਾਂ ਦੀ ਅਵਹੇਲਨਾ ਹੈ। ਦਰਅਸਲ ਕਿੱਸਿਆਂ ਵਿਚ ਖਲਨਾਇਕ ਵਰਗਾ ਉਹ ਪਾਤਰ ਹੈ ਹੀ ਨਹੀਂ ਜਿਹੋ ਜਿਹਾ ਖਲਨਾਇਕ ਭਾਰਤੀ ਕਲਾਸੀਕਲ ਸਾਹਿਤ ਵਿਚ ਮੰਨਿਆ ਗਿਆ ਹੈ। ਇਸ ਦਾ ਵੱਡਾ ਕਾਰਣ ਇਹ ਹੈ ਕਿ ਕਿੱਸਿਆਂ ਵਿਚ ਤਨਾਉ ਦੋ ਵਿਅਕਤੀਆਂ ਵਿਚਕਾਰ ਨਹੀਂ ਬਲਕਿ ਵਿਅਕਤੀ ਦਾ ਟਕਰਾਉ ਸਮੂਹ ਨਾਲ ਹੈ। ਸਮੂਹ ਵਿਚ ਪਰਿਵਾਰ, ਭਾਈਚਾਰਾ, ਸੰਸਥਾਗਤ ਧਰਮ ਆਦਿ ਅਨੇਕ ਧਿਰਾਂ ਸ਼ਾਮਲ ਹਨ ਜੋ ਨਾਇਕ/ਨਾਇਕਾ ਦਾ ਵਿਰੋਧ ਨਿੱਜੀ ਪੱਧਰ ਉਪਰ ਨਹੀਂ ਕਰਦੇ ਬਲਕਿ ਸੰਸਕ੍ਰਿਤੀ ਦੇ ਮੁੱਲਾਂ ਦੀ ਬਰਕਰਾਰੀ ਲਈ ਸੁਤੰਤਰ ਇੱਛਾ ਦਾ ਵਿਰੋਧ ਕਰਦੇ ਹਨ। ਇਹ ਵਿਰੋਧ ਏਨਾ ਕਰੜਾ ਹੈ ਕਿ ਇਕੱਲਾ ਵਿਅਕਤੀ ਹਾਰਦਾ ਵੀ ਹੈ ਅਤੇ ਤ੍ਰਾਸਦੀ ਦਾ ਭਾਗੀ ਵੀ ਬਣਦਾ ਹੈ। ਅਜਿਹੀ ਸਥਿਤੀ ਵਿਚ ਕੈਦੋਂ ਨੂੰ ਖਲਨਾਇਕ ਕਹਿਣਾ ਧਿਰਾਂ ਦੀ ਨਾ ਪਛਾਣ ਹੋਣਾ ਹੈ।

ਵਿਸ਼ੇਸ਼ ਤੌਰ ਤੇ ਇਸ਼ਕ ਦੇ ਕਿੱਸਿਆਂ ਵਿਚ ਖਲਨਾਇਕ ਵਰਗੀ ਭੂਮਿਕਾ ਨਿਭਾਉਣ ਵਾਲਾ ਕੋਈ ਪਾਤਰ ਨਹੀਂ। ਕੈਦੋਂ ਦੀ ਭੂਮਿਕਾ ਤਾਂ ਏਨੀ ਸਾਧਾਰਣ ਹੈ ਕਿ ਉਸ ਵਿਚੋਂ ਖਲਨਾਇਕ ਦਾ ਕੋਈ ਲੱਛਣ ਮਿਲਦਾ ਨਹੀਂ। ਖਲਨਾਇਕ ਦੀ ਭੂਮਿਕਾ ਤਾਂ ਰਚਨਾ ਦੇ ਆਰ ਪਾਰ ਫੈਲੀ ਹੋਣੀ ਚਾਹੀਦੀ ਹੈ। ਉਸ ਦੀ ਭੂਮਿਕਾ ਮੁੱਲਾਂ, ਕਾਜ਼ੀ, ਵਰਗੀ ਹੀ ਹੈ ਜੋ ਸਮੂਹ ਦੇ ਹਿੱਤਾਂ ਦੀ ਰੱਖਿਆ ਲਈ ਕਾਰਜਸ਼ੀਲ ਰਹਿੰਦੇ ਹਨ। ਜੇਕਰ ਵਿਅਕਤੀ ਅਤੇ ਸਮੂਹ ਦੇ ਤਨਾਉ ਨੂੰ ਜ਼ਰਾ ਹੋਰ ਨਿੱਠ ਕੇ ਵਿਚਾਰੀਏ ਤਾਂ ਇਹ ਪ੍ਰਤੀਤ ਹੁੰਦਾ ਹੈ ਕਿ ਵਿਅਕਤੀ ਅਤੇ ਸਮੂਹ ਦੋਵੇਂ ਆਪਣੇ ਆਪਣੇ ਸੱਚ ਨੂੰ ਮਨਵਾਉਣਾ ਚਾਹੁੰਦੇ ਹਨ। ਵਿਅਕਤੀ ਕੋਲ ਆਪਣੀ ਪ੍ਰਕ੍ਰਿਤੀ ਦਾ ਸੱਚ ਹੈ ਅਤੇ ਸੰਸਕ੍ਰਿਤੀ ਕੋਲ ਮਾਨਵੀ ਮਰਯਾਦਾ ਦਾ। ਵਿਅਕਤੀ ਜੇਕਰ ਸੁਤੰਤਰ ਹਣਾ ਚਾਹੁੰਦਾ ਹੈ ਤਾਂ ਸੰਸਕ੍ਰਿਤੀ ਉਸ ਦੇ ਰਾਹ ਵਿਚ ਬਾਧਕ ਹੈ। ਵਿਅਕਤੀ ਦੇ ਵਿਰੋਧ ਵਾਲੀ ਧਿਰ ਵਿਚ ਰੋਹ ਅਵੱਸ਼ ਹੈ ਪਰ ਉਸ ਕੋਲ ਇਕ ਅਜਿਹਾ ਤਰਕ ਹੈ ਜੋ ਉਸ ਨੂੰ ਖਲਨਾਇਕ ਨਹੀਂ ਬਣਨ ਦੇਂਦਾ। ਖਲਨਾਇਕ ਕੋਲ ਸਿਵਾਏ ਨਾਇਕ ਦੀ ਵਿਰੋਧਤਾ ਦੇ, ਹੋਰ ਕੋਈ ਪ੍ਰਯੋਜਨ ਨਹੀ ਹੁੰਦਾ। ਉਸ ਦ੍ਰਿਸ਼ਟੀ ਤੋਂ ਸਮੂਹ ਮਰਯਾਦਾ ਰੱਖਿਅਕ ਹੋਣ ਦਾ ਦਾਅਵਾ ਕਰਦਾ ਹੈ। ਕਹਿਣ ਦਾ ਮੂਲ ਪ੍ਰਯੋਜਨ ਇਹ ਹੈ ਕਿ ਕਿੱਸਿਆਂ ਵਿਚ ਵਿਅਕਤੀ ਦੀ ਵਿਰੋਧਤਾ ਕਰਨ ਵਾਲੀ ਧਿਰ ਦਾ ਚਰਿਤਰ ਖਲਨਾਇਕੀ ਨਹੀਂ ਅਤੇ ਨਾ ਹੀ ਕੈਦੋਂ ਵਰਗੇ ਵਿਅਕਤੀ

ਖਲਨਾਇਕ ਬਣਦੇ ਹਨ । ਜੇਕਰ ਕੈਦੋਂ ਵਰਗੇ ਪਾਤਰ ਨੂੰ ਖਲਨਾਇਕ ਮੰਨ ਲਈਏ ਤਾਂ ਕਿੱਸਾ ਕਾਵਿ ਵਿਚ ਸਾਹਿਬਾਂ ਤੋ ਵੱਡਾ ਖਲਨਾਇਕ ਪਾਤਰ ਨਹੀਂ ਮਿਲੇਗਾ ਜਦ ਕਿ ਵਾਸਤਵ ਵਿਚ ਨਾ ਉਹ ਬੇਵਫ਼ਾ ਹੈ ਅਤੇ ਨਾ ਹੀ ਉਹ ਤ੍ਰਾਸਦੀ ਦਾ ਕਾਰਣ ਬਣਦੀ ਹੈ । ਇਸ ਕਿੱਸੇ ਮਿਰਜ਼ਾ-ਸਾਹਿਬਾਂ ਵਿਚ ਤਾਂ ਕੋਈ ਵੀ ਅਜਿਹਾ ਪਾਤਰ ਨਹੀਂ ਜੋ ਖਲਨਾਉਕ ਕਿਹਾ ਜਾ ਸਕੇ ਕਿਉਂਕਿ ਮਿਰਜ਼ੇ ਨੂੰ ਮਾਰਨ ਲਈ ਕੋਈ ਇਕ ਵਿਅਕਤੀ ਨਹੀਂ ਬਲਕਿ ਪੂਰਾ ਸਮੂਹ ਜ਼ਿੰਮੇਵਾਰ ਹੈ । ਮਿਰਜ਼ਾ ਸਾਹਿਬਾਂ ਦਾ ਕਿੱਸਾ ਸਾਡੇ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ ਕਿ ਕਿੱਸਿਆਂ ਵਿਚ ਖਲਨਾਇਕ ਪਾਤਰ ਕੋਈ ਨਹੀਂ ਹੈ । ਤਨਾਉ ਅਤੇ ਸੰਘਰਸ਼ ਬੜਾ ਸਪੱਸ਼ਟ ਹੈ, ਧਿਰਾਂ ਦੀ ਭੂਮਿਕਾ ਨਾ ਤਾਂ ਲੁਕਵੀਂ ਹੈ ਅਤੇ ਨਾ ਹੀ ਉਸ ਨੂੰ ਕਿਸੇ ਦਾ ਭੈਅ ਹੈ । ਸਥਿਤੀਆਂ ਦਾ ਵਿਅੰਗ ਹੈ ਕਿ ਜਨਮਦਾਤੇ ਮਾਪੇ ਵੀ ਸਮੂਹ ਦੀ ਇੱਛਾ ਅਨੁਸਾਰ ਡਟਵਾਂ ਵਿਰੋਧ ਕਰਦੇ ਹਨ । ਇਸ ਵਿਰੋਧੀ ਧਿਰ ਦਾ ਵਿਵਹਾਰ ਅਤੇ ਚਰਿਤਰ ਖਲਨਾਇਕੀ ਨਹੀਂ । ਇਸ ਵਿਚ ਸੰਦੇਹ ਨਹੀਂ ਕਿ ਤ੍ਰਾਸਦੀ ਇਸ ਵਿਰੋਧੀ ਧਿਰ ਰਾਹੀਂ ਸਿਰਜੀ ਗਈ ਹੈ । ਪਰ ਕਿਉਂਕਿ ਇਹ ਧਿਰ ਵੀ ਆਪਣੇ ਵਿਵਹਾਰ ਦਾ ਤਰਕ ਪੇਸ਼ ਕਰਦੀ ਹੈ, ਇਸ ਲਈ ਇਹ ਖਲਨਾਇਕ ਨਹੀਂ ਹੈ । ਤਨਾਉ ਜਾਂ ਸੰਘਰਸ਼ ਹਮੇਸ਼ਾ ਸੱਚ ਝੂਠ ਵਿਚਕਾਰ ਨਹੀਂ ਹੁੰਦਾ, ਇਹ ਤਨਾਉ ਦੋ ਸੱਚਾਂ ਵਿਚਕਾਰ ਵੀ ਹੋ ਸਕਦਾ ਹੈ । ਇਸ਼ਕ ਦੇ ਕਿੱਸਿਆਂ ਵਿਚ ਵਿਅਕਤੀ ਅਤੇ ਸਮੂਹ ਆਪਣੇ ਆਪਣੇ ਸੱਚ ਉਪਰ ਡਟੇ ਹੋਏ ਹਨ । ਵਿਅਕਤੀ ਆਪਣੀ ਆਤਮ ਪੂਰਤੀ ਲਈ ਜਿਹੜੀ ਕੁਰਬਾਨੀ ਦੇਂਦਾ ਹੈ, ਉਹੀ ਉਸ ਨੂੰ ਨਾਇਕ ਦਾ ਦਰਜਾ ਦਿਵਾਉਂਦੀ ਹੈ । ਇਸੇ ਪ੍ਰਸੰਗ ਦੇ ਅੰਤਰਗਤ ਅਸੀਂ ਲੂਣਾ ਦੇ ਚਰਿਤਰ ਦਾ ਵਿਸ਼ਲੇਸ਼ਣ ਕਰਾਂਗੇ ਤਾਂ ਜੋ ਇਹ ਤੱਥ ਸਪੱਸ਼ਟ ਕੀਤਾ ਜਾ ਸਕੇ ਕਿ ਲੂਣਾ ਨਾ ਤਾਂ ਪਾਪਣ ਹੈ ਅਤੇ ਨਾ ਹੀ ਖਲਨਾਇਕ । ਕਿੱਸਾਕਾਰ ਲੂਣਾ ਨੂੰ ਵਿਭਚਾਰਨ ਅਤੇ ਖਲਨਾਇਕ ਵਜੋ ਪੇਸ਼ ਕਰਦਾ ਹੈ, ਜਿਸ ਨੇ ਪੂਰਨ ਨੂੰ ਕਰੜੇ ਦੁੱਖ ਦਾ ਭਾਗੀ ਬਣਾਇਆ ਹੈ । ਉਸ ਦੇ ਸ਼ਬਦਾਂ ਵਿਚ:—

ਫੇ-ਫੇਰ ਖਲੋਇ ਕੇ ਸਿਫ਼ਤ ਕੀਤੀ,
ਏਹਨਾਂ ਤਰੀਮਤਾਂ ਖ਼ਾਨ ਨਿਵਾਇ ਦਿੱਤੇ ।
ਰਾਜੇ ਭੋਜ ਉਤੇ ਅਸਵਾਰ ਹੋਈਆਂ,
ਮਾਰ ਅੱਡੀਆਂ ਅਕਲ ਭੁਲਾਇ ਦਿਤੇ
ਪੂਰਨ ਭਗਤ ਵਿਚਾਰਾ ਸੀ ਕੌਣ ਕੋਈ,
ਯੂਸਫ਼ ਜਹੇ ਤਾਂ ਖੂਹ ਪੁਵਾਇ ਦਿਤੇ ।
ਕਾਦਰ ਯਾਰ ਤਰੀਮਤਾਂ ਡਾਢੀਆਂ ਨੀ,
ਦਹਿਸਰ ਜੇਹੇ ਤਾਂ ਥਾਇ ਮਰਵਾਇ ਦਿਤੇ ।

ਇਨ੍ਹਾਂ ਸਤਰਾਂ ਤੋ ਸੰਕੇਤ ਮਿਲਦਾ ਹੈ ਕਿ ਔਰਤ ਹਮੇਸ਼ਾ ਖਲਨਾਇਕ ਰਹੀ ਹੈ, ਜਿਸ ਨੇ ਭਗਤਾਂ ਅਤੇ ਦਹਿਸਰ ਵਰਗੇ ਸ਼ਕਤੀਸ਼ਾਲੀਆਂ ਨੂੰ ਮਰਵਾ ਦਿੱਤਾ ਹੈ । ਕਵੀਓ ਵਾਚ ਰਾਹੀਂ ਕਿੱਸਾਕਾਰ ਨੇ ਸਿਰਫ਼ ਲੂਣਾ ਨੂੰ ਹੀ ਨਹੀਂ ਬਲਕਿ ਸਮੁੱਚੀ ਔਰਤ ਜਾਤ

ਨੂੰ ਦੁੱਖ ਦਾ ਕਾਰਣ ਮਿਥਿਆ ਹੈ ਜਦ ਕਿ ਵਾਸਤਵ ਵਿਚ ਅਜਿਹਾ ਨਹੀਂ। ਲੂਣਾ ਦੇ ਇਹ ਬੋਲ "ਮੈਂ ਵੀ ਸੁਰਗ ਪਰਾਪਤੀ ਥੀਵਨੀ ਹਾਂ, ਪੂਰਨ ਭਗਤ ਜੇ ਆਖਿਆ ਇਕ ਮੰਨੇਂ" ਧਿਆਨ ਦੀ ਮੰਗ ਕਰਦੇ ਹਨ ਜੋ ਕਿ ਉਸ ਦੀ ਜੈਵਿਕ ਅਤ੍ਰਿਪਤੀ ਵਿਚੋਂ ਪੈਦਾ ਹੋਏ ਹਨ। ਇਸ ਤੱਥ ਬਾਰੇ ਸੰਦੇਹ ਨਹੀਂ ਕਿ ਲੂਣਾ ਨੈਤਿਕਤਾ ਦੀ ਉਲੰਘਣਾ ਕਰਨਾ ਚਾਹੁੰਦੀ ਹੈ ਪਰ ਉਸਦੀ ਇਹ ਉਲੰਘਣਾ ਉਸਦੀ ਅੰਦਰਲੀ ਅਤ੍ਰਿਪਤੀ ਦੇ ਦਬਾਉ ਵਿਚੋਂ ਪੈਦਾ ਹੋਈ ਹੈ। ਪੂਰਨ ਦਾ ਸੱਚ ਪ੍ਰਮਾਣਕ ਹੈ ਕਿ ਉਹ ਔਪਚਾਰਿਕ ਰਿਸ਼ਤੇ ਵਿਚ ਉਸ ਦੀ ਮਾਂ ਹੈ ਅਤੇ ਮਾਂ ਨਾਲ ਜੈਵਿਕ ਰਿਸ਼ਤਾ ਘੋਰ ਅਮਾਨਵੀ ਕਾਰਜ ਹੈ। ਸਥਿਤੀ ਦਾ ਸੰਕਟ ਇਹ ਹੈ ਕਿ ਲੂਣਾ ਪਾਸ ਆਪਣਾ ਜੈਵਿਕ ਸੱਚ ਹੈ ਅਤੇ ਪੂਰਨ ਕੋਲ ਮਰਯਾਦਾ ਦਾ ਸੱਚ ਹੈ। ਮੱਧਕਾਲੀ ਦ੍ਰਿਸ਼ਟੀ ਵਿਚ ਲੂਣਾ ਪਾਪਣ ਹੈ, ਖਲਨਾਇਕ ਹੈ ਜਦਕਿ ਅਸਲ ਦੋਸ਼ੀ ਉਹ ਸਿਸਟਮ ਹੈ, ਜਿਸ ਵਿਚ ਸਲਵਾਹਨ ਵਰਗੇ ਵਿਅਕਤੀ ਲੂਣਾ ਨੂੰ ਆਪਣੀ ਠੰਡੀ ਹਵਸ ਵਿਚ ਜਕੜੀ ਬੈਠੇ ਹਨ। ਕਿੱਸੇ ਵਿਚ ਇਹ ਧਿਰ ਨਿਰਦੋਸ਼ ਹੈ ਕਿਉਂਕਿ ਕਿੱਸੇ ਦੇ ਅੰਤ ਵਿਚ ਵੀ ਲੂਣਾ ਉਪਰ ਦੋਸ਼ ਮੜ੍ਹਿਆ ਜਾਂਦਾ ਹੈ। ਇਥੇ ਬੁਨਿਆਦੀ ਪ੍ਰਸ਼ਨ ਲੂਣਾ ਦੀ ਭੂਮਿਕਾ ਬਾਰੇ ਹੈ। ਕਿੱਸਾਕਾਰ ਅਤੇ ਮੱਧਕਾਲੀ ਦ੍ਰਿਸ਼ਟੀ ਅਨੁਸਾਰ ਲੂਣਾ ਵਿਭਚਾਰਨ ਅਤੇ ਖਲਨਾਇਕ ਹੈ, ਜਿਸ ਨੇ ਪੂਰਨ ਵਰਗੇ ਧਰਮੀ ਨੂੰ ਅਧਰਮੀ ਠਹਿਰਾਇਆ। ਦੂਜੇ ਪਾਸੇ ਲੂਣਾ ਆਪਣੇ ਜੈਵਿਕ ਸੱਚ ਸਮੇਤ ਪ੍ਰਸ਼ਨ ਬਣ ਕੇ ਉਭਰਦੀ ਹੈ। ਪੂਰਨ ਅਤੇ ਲੂਣਾ ਦੇ ਸੱਚ ਇਕ ਦੂਜੇ ਨਾਲ ਟਕਰਾ ਗਏ। ਇਸ ਟਕਰਾਉ ਵਿਚ ਲੂਣਾ ਦਾ ਦਰਜਾ ਰਾਣੀ ਦਾ ਸੀ, ਫਲਸਰੂਪ ਪੂਰਨ ਸਜ਼ਾ ਦਾ ਭਾਗੀ ਬਣਾਇਆ ਗਿਆ ਹੈ। ਪ੍ਰਸ਼ਨ ਤਾ ਇਹ ਹੈ ਕਿ ਕੀ ਲੂਣਾ ਖਲਨਾਇਕ ਹੈ ਜਾਂ ਨਹੀਂ ? ਉੱਤਰ ਇਹ ਹੈ ਕਿ ਮੱਧਕਾਲੀ ਦ੍ਰਿਸ਼ਟੀ ਅਨੁਸਾਰ ਉਹ ਖਲਨਾਇਕ ਹੈ ਪਰ ਉਸ ਦਾ ਅਤ੍ਰਿਪਤ ਜੈਵਿਕ ਸੱਚ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਅਸਲ ਵਿਚ ਦੋਸ਼ੀ ਉਹ ਨਹੀਂ, ਬਲਕਿ ਉਹ ਸਿਸਟਮ ਹੈ ਜਿਸ ਵਿਚ ਰਾਜਾ ਸਲਵਾਹਨ ਦੋਸ਼ੀ ਹੋ ਕੇ ਵੀ ਨਿਰਦੋਸ਼ ਹੈ। ਇਹ ਸਥਿਤੀ ਦਾ ਵਿਅੰਗ ਹੈ। ਪੂਰਨ ਇਸ ਲਈ ਨਾਇਕ ਹੈ ਕਿ ਬੇਦੋਸ਼ਾ ਹੋਣ ਦੇ ਬਾਵਜੂਦ ਉਹ ਸਭ ਕੁਝ ਸਹਿ ਕੇ ਪਾਰਗਾਮੀ ਅਵਸਥਾ ਪ੍ਰਾਪਤ ਕਰ ਗਿਆ ਹੈ। ਸਾਧਾਰਣ ਤੋਂ ਅਸਾਧਾਰਣ ਹੋ ਗਿਆ ਹੈ। ਕਿੱਸੇ ਦੇ ਅੰਤ ਉਪਰ ਆਪਣੀ ਬਖ਼ਸ਼ਸ਼ ਜੋ ਕਿ ਖਿਮਾ ਕਰ ਦੇਣ ਦੀ ਪ੍ਰਤੀਕ ਹੈ, ਰਾਹੀਂ ਉਹ ਹੋਰ ਵੱਡਾ ਹੋ ਜਾਂਦਾ ਹੈ। ਲੂਣਾ ਨੂੰ ਉਸ ਦੇ ਭਵਿੱਖ ਨਾਲ ਜੋੜਦਾ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਲੂਣਾ ਖਲਨਾਇਕ ਜਾਂ ਵਿਭਚਾਰਨ ਨਹੀਂ ਪਰ ਲੋਕ ਮਾਨਸਿਕਤਾ ਵਿਚ ਉਸ ਦਾ ਅਜਿਹਾ ਬਿੰਬ ਉਭਾਰਿਆ ਗਿਆ ਹੈ ਕਿ ਵੀਹਵੀਂ ਸਦੀ ਦਾ ਸ਼ਾਇਰ ਪ੍ਰੋ. ਪੂਰਨ ਸਿੰਘ ਵੀ ਮੱਧਕਾਲੀ ਚੇਤਨਾ ਅਨੁਸਾਰ ਉਸ ਨੂੰ ਪੱਥਰ ਦਾ ਬੁੱਤ, ਨਿਰਜਿੰਦ, ਅੰਗ ਦੀ ਨਾਰ, ਮਾਸ ਖਾਣੀ, ਜਾਨਵਰ, ਜ਼ਾਲਮ ਆਦਿ ਅਮਾਨਵੀ ਤਸ਼ਬੀਹਾਂ ਦੇਂਦਾ ਹੈ। ਉਸ ਦੇ ਆਪਣੇ ਸ਼ਬਦਾਂ ਵਿੱਚ:—

ਲੂਣਾ, ਬੱਸ ਪੱਥਰ ਦਾ ਬੁਤ, ਨਿਰਜਿੰਦ, ਨਿਰਦਿਲ, ਹੋਣੀ ਦਾ ਬੁੱਤ ਸੀ, ਛਲ

ਸੀ ਜਿਹੜਾ ਰਾਜੇ ਘਰ ਪਾਇਆ. ਇਕ ਹੈਵਾਨ ਸੀ ਆਪ ਮਤੀ ਖਾਣ ਜਾਣਦੀ, ਦੂਜਿਆਂ ਨੂੰ ਮਾਰਨਾ, ਜਿੰਦਾਂ ਵੀਟਣੀਆਂ ਆਪਣੀ ਖ਼ੁਸ਼ੀ ਲਈ ਲੂਣਾ ਅੱਗ ਦੀ ਨਾਰ, ਖਾ ਖਾ ਸ਼ੂਕਦੀ, ਸ਼ੋਖ ਦੀ ਹੱਦ ਨਾਂਹ, ਤੇ ਛਲ ਬਲ ਕਰਦੀ ਲੱਖਾਂ ਉਹ ਘੜੀ ਘੜੀ, ਕੂੜ ਕਰਦੀ, ਕੂੜ ਸੋਚਦੀ, ਕੂੜ ਕਲਜੁਗ ਦੀ ਪੁਤਲੀ ।

ਸਪੱਸ਼ਟ ਹੈ ਕਿ ਪੂਰਨ ਸਿੰਘ ਦੀ ਦ੍ਰਿਸ਼ਟੀ ਮੱਧਕਾਲੀ ਕਿੱਸਾਕਾਰ ਵਰਗੀ ਹੈ ਜੋ ਲੂਣਾ ਨੂੰ ਖਲਨਾਇਕ ਮੰਨਦੀ ਹੈ। ਲੂਣਾ ਦਾ ਦੋਸ਼ ਇਹ ਸ਼ੀ ਕਿ ਉਹ ਆਪਣੀ ਜੈਵਿਕਤਾ ਨੂੰ ਦਬਾ ਨਾ ਸਕੀ ਅਤੇ ਮੱਧਕਾਲੀ ਚੇਤਨਾ ਵਿਚ ਜੈਵਿਕਤਾ ਨੂੰ ਦਬਾਉਣਾ ਮਾਨਵੀ ਸਮਰੱਥਾ ਮੰਨਿਆ ਗਿਆ ਹੈ । ਇਹੀ ਉਹ ਬਿੰਦੂ ਹੈ ਜਿਸ ਨੇ ਲੂਣਾ ਨੂੰ ਵਿਭਚਾਰਨ ਜਾਂ ਖਲਨਾਇਕ ਮਿਥ ਲਿਆ। ਵਾਸਤਵ ਵਿਚ ਲੂਣਾ ਤਾਂ ਖ਼ੁਦ ਖਲਨਾਇਕ ਦੀ ਸ਼ਿਕਾਰ ਹੈ। ਇਹ ਖਲਨਾਇਕ ਉਹ ਸਿਸਟਮ ਹੈ ਜੋ ਰਾਜੇ ਸਲਵਾਹਨ ਦੇ ਪ੍ਰਤੀਕ/ਰੂਪ ਵਿਚ ਹੈ, ਜਿਸ ਲਈ ਪੁੱਤਰ, ਪਤਨੀ ਅਤੇ ਪਰਜਾ ਕੇਵਲ ਵਸਤੂ ਹੈ । ਰਾਣੀ ਇੱਛਰਾਂ ਦੇ ਦਰਦ ਦੀ ਇੰਤਹਾ ਇਸੇ ਖਲਨਾਇਕੀ ਚਰਿਤਰ ਵਿਚੋਂ ਪੈਦਾ ਹੋਈ ਹੈ । ਸਲਵਾਹਨ ਦੀ ਖਲਨਾਇਕੀ ਸਿਰਫ ਪੂਰਨ ਤੱਕ ਹੀ ਨਹੀਂ, ਬਲਕਿ ਦੂਜੇ ਪੁੱਤਰ ਰਸਾਲੂ ਨੂੰ ਵੀ ਆਪਣਾ ਸ਼ਿਕਾਰ ਬਣਾਉਂਦੀ ਹੈ । ਰਸਾਲੂ ਵੀ ਉਸੇ ਰਾਜੇ ਸਲਵਾਹਨ ਹੱਥੋਂ ਭੋਹਰੇ ਵਿਚ ਪਾਇਆ ਜਾਂਦਾ ਹੈ। ਪੂਰਨ ਅੱਗੇ ਪਸ਼ਚਾਤਾਪ ਕਰਕੇ ਵੀ ਉਹ ਉਹੀ ਵਿਵਹਾਰ ਕਰਦਾ ਹੈ ਜੋ ਉਸ ਨੇ ਪੂਰਨ ਨਾਲ ਕੀਤਾ ਸੀ । ਰਾਜਾ ਸਲਵਾਹਨ ਨੇ ਹਮੇਸ਼ਾ ਆਪਣੇ ਆਪ ਨੂੰ ਰਾਜੇ ਦੇ ਰੂਪ ਵਿਚ ਦੇਖਿਆ ਹੈ, ਪਿਉ ਜਾ ਪਤੀ ਦੇ ਰੂਪ ਵਿਚ ਨਹੀਂ । ਉਸ ਲਈ ਲੂਣਾ ਅਤੇ ਇੱਛਰਾਂ ਵਿਚ ਕੋਈ ਫਰਕ ਨਹੀਂ । ਇਕ ਭੋਗੀ ਜਾ ਚੁੱਕੀ ਹੈ ਅਤੇ ਦੂਜੀ ਅਜੇ ਭੋਗੇ ਜਾਣ ਜੋਗੀ ਹੈ । ਸਲਵਾਹਨ ਹੀ ਅਸਲ ਵਿਚ ਉਹ ਖਲਨਾਇਕ ਹੈ ਜੋ ਦੂਜਿਆਂ ਲਈ ਖਾਈ ਖੋਦਦਾ ਹੈ। ਰਸਾਲੂ ਦਾ ਆਪਣੇ ਪਿਉ ਵਿਰੁੱਧ ਬਗਾਵਤ ਕਰ ਕੇ ਰਾਜ-ਗੱਦੀ ਪ੍ਰਾਪਤ ਕਰਨਾ ਅਮਾਨਵੀ ਸ਼ਕਤੀਆਂ ਉਪਰ ਮਾਨਵੀ ਜਿੱਤ ਹੈ। ਜੇਕਰ ਸਲਵਾਹਨ ਪਿਉ ਜਾਂ ਪਤੀ ਦੇ ਰੂਪ ਵਿਚ ਵਿਚਰਦਾ ਤਾਂ ਨਾ ਹੀ ਲੂਣਾ ਅਤੇ ਨਾ ਹੀ ਪੂਰਨ-ਰਸਾਲੂ ਆਪਣੇ ਆਪਣੇ ਢੰਗ ਨਾਲ ਵਿਰੋਧ ਕਰਦੇ । ਲੂਣਾ ਦਾ ਪੂਰਨ ਅੱਗੇ ਤਰਲਾ ਇਕ ਤਰ੍ਹਾਂ ਨਾਲ ਉਸ ਦੀਆਂ ਦੱਬੀਆਂ ਜੈਵਿਕ ਭੁੱਖਾਂ ਦਾ ਵਿਸਫੋਟ ਹੈ । ਸਲਵਾਹਨ ਤਾਂ ਕਿਸੇ ਪ੍ਰਤਿ ਸੁਹਿਰਦ ਨਹੀਂ, ਉਸ ਲਈ ਇੱਛਰਾਂ, ਪੂਰਨ ਅਤੇ ਰਸਾਲੂ ਕੇਵਲ ਵਸਤੂਗਤ ਹੋਂਦਾਂ ਹਨ, ਜਦੋਂ ਜੀਅ ਕੀਤਾ ਭੋਹਰੇ ਵਿਚ ਪਾ ਦਿੱਤਾ. ਜਦੋਂ ਜੀਅ ਕੀਤਾ ਇਸਤ੍ਰੀ ਨੂੰ ਤਿਆਗ ਦਿੱਤਾ ਜਾਂ ਪਰਨਾ ਲਿਆ। ਖਲਨਾਇਕ ਲੂਣਾ ਨਹੀਂ, ਰਾਜਾ ਸਲਵਾਹਨ ਹੈ ਅਤੇ ਰਸਾਲੂ ਇਸੇ ਅਨਿਆਈ ਰਾਜੇ ਵਿਰੁੱਧ ਵਿਦਰੋਹ ਕਰਦਾ ਹੈ । ਮੱਧਕਾਲੀ ਕਿੱਸਾਕਾਰ ਦਾ ਮੂਲ ਉਦੇਸ਼ ਕਿਉਂਕਿ ਪੂਰਨ ਦੀ ਭਗਤੀ ਨੂੰ ਵਡਿਆਉਣਾ ਹੈ, ਇਸ ਲਈ ਲੂਣਾ ਨੂੰ ਪਾਪਣ ਜਾਂ ਵਿਭਚਾਰਨ ਸਿੱਧ ਕਰਨਾ ਉਸ ਦੀ ਕਾਰਜ-ਸਿੱਧੀ ਹੈ। ਮੱਧਕਾਲੀ ਕਿੱਸਾਕਾਰ ਦਾ ਪਾਠਕ ਵੀ ਉਸੇ ਚੇਤਨਾ ਦਾ ਸ਼ਿਕਾਰ ਹੈ । ਅਜਿਹੀ ਸਥਿਤੀ ਵਿਚ ਲੂਣਾ ਜੇਕਰ ਖਲਨਾਇਕ ਮਿਥੀ ਗਈ ਹੈ ਤਾਂ ਉਹ ਤਾਂ

ਬੜਾ ਸਹਿਜ ਦੋਸ਼ ਸੀ। ਇਸ ਦੋਸ਼ ਦੇ ਕਾਰਣਾਂ ਦੀ ਚਿੰਤਾ ਜਾਂ ਅਸਲ ਦੋਸ਼ੀ ਦੀ ਪਛਾਣ ਕਿੱਸਾਕਾਰ ਦੀ ਸੋਚ ਵਿਚ ਸ਼ਾਮਲ ਹੀ ਨਹੀਂ ਸੀ, ਇਸ ਲਈ ਲੂਣਾ ਨੂੰ ਹੀ ਖਲਨਾਇਕ ਨਹੀਂ ਕਿਹਾ ਗਿਆ ਬਲਕਿ ਇਸ ਦ੍ਰਿਸ਼ਟੀ ਵਿਚ ਸੀਤਾ ਵੀ ਖਲਨਾਇਕ ਬਣਾ ਦਿੱਤੀ ਗਈ ਹੈ, ਜਿਸ ਨੇ ਦਹਿਸਰ ਨੂੰ ਮਰਵਾਇਆ ਹੈ: "ਕਾਦਰ ਯਾਰ ਤ੍ਰੀਮਤਾਂ ਡਾਢੀਆਂ ਨੀ, ਦਹਿਸਰ ਜੇਹੇ ਤਾਂ ਥਾਂਇ ਮਰਵਾਇ ਦਿੱਤੇ।" ਜਿਸ ਚੇਤਨਾ ਵਿਚ ਰਾਵਣ ਖਲਨਾਇਕ ਜਾਂ ਦੋਸ਼ੀ ਨਹੀਂ, ਉਸ ਚੇਤਨਾ ਦ੍ਰਿਸ਼ਟੀ ਵਿਚ ਲੂਣਾ ਨੇ ਹੀ ਖਲਨਾਇਕ ਬਣਾਇਆ ਜਾਣਾ ਸੀ। ਅਜਿਹਾ ਹੋਣਾ ਇਸ ਲਈ ਸੁਭਾਵਿਕ ਸੀ ਕਿਉਂਕਿ ਮਰਦ ਪ੍ਰਧਾਨ ਸਮਾਜ ਵਿਚ ਔਰਤ ਬਿਨਾਂ ਦੋਸ਼ ਦੇ ਹੀ ਦੋਸ਼ੀ ਹੈ। ਕਿੱਸਾਕਾਰੀ ਵਿਚ ਕਮਾਲ ਦਾ ਅੰਤਰ-ਵਿਰੋਧ ਹੈ ਕਿ ਹੀਰ, ਸੱਸੀ, ਸੋਹਣੀ, ਸੀਰੀ ਆਪਣੇ ਵਿਦਰੋਹ ਕਾਰਣ ਸਲਾਹੀਆਂ ਜਾ ਰਹੀਆਂ ਹਨ ਪਰ ਉਨ੍ਹਾਂ ਦੇ ਕਿੱਸਿਆਂ ਵਿਚਲੇ ਕਵੀਓ ਵਾਚ ਔਰਤ ਨੂੰ ਨਿੰਦ ਰਹੇ ਹਨ। ਇਹ ਅੰਤਰ-ਵਿਰੋਧ ਮੱਧਕਾਲੀ ਚੇਤਨਾ ਦ੍ਰਿਸ਼ਟੀ ਵਿਚੋਂ ਪੈਦਾ ਹੋਇਆ ਹੈ ਜਿਸ ਵਿਚ ਔਰਤ ਦਾ ਸੰਕਲਪ ਅਧੀਨਗੀ ਵਾਲਾ ਹੈ। ਇਸੇ ਦ੍ਰਿਸ਼ਟੀ ਨੇ ਹੀ ਮਿਰਜ਼ੇ ਦੇ ਦੁਖਾਂਤ ਨੂੰ ਸਾਹਿਬਾਂ ਦੀ ਬੇਵਫ਼ਾਈ ਨਾਲ ਜੋੜ ਦਿੱਤਾ ਹੈ। ਲੋਕ ਸਿਮਰਤੀ ਵਿਚ ਸਾਹਿਬਾਂ ਦਾ ਚਰਿਤਰ ਕਾਟੇ ਹੇਠ ਰੱਖ ਕੇ ਉਸ ਨੂੰ ਇਕ ਤਰ੍ਹਾਂ ਨਾਲ ਨਾਇਕ ਦੀ ਤ੍ਰਾਸਦੀ ਦਾ ਮੂਲ ਕਾਰਣ ਮੰਨ ਲਿਆ ਹੈ। ਜੇਕਰ ਸਾਹਿਬਾਂ ਨੂੰ ਲੂਣਾ ਵਾਂਗ ਖਲਨਾਇਕ ਨਹੀਂ ਵੀ ਮੰਨਿਆ ਗਿਆ ਤਾਂ ਵੀ ਉਸ ਦੇ ਨਾਂ ਦੀ ਉਸਤਤੀ ਨਹੀਂ ਹੁੰਦੀ ਜਦ ਕਿ ਮਿਰਜਾ ਅਤੇ ਸਾਹਿਬਾਂ ਦੋਵੇਂ ਇਕੋ ਬਿੰਦੂ ਉਪਰ ਹੀ ਇਕੋ ਜਿਹੀ ਹੋਣੀ ਭੋਗਦੇ ਹਨ। ਪੰਜਾਬੀਆਂ ਦੇ ਮਨਾਂ ਵਿਚ ਮਿਰਜ਼ੇ ਦਾ ਬਿੰਬ ਪ੍ਰੇਮੀ ਅਤੇ ਸੂਰਮੇ ਦਾ ਸੰਜੋਗੀ ਹੈ, ਇਸ ਲਈ ਉਸ ਦੇ ਅੰਤ ਨੂੰ ਤਰਕਸ਼ ਦੇ ਜੰਡ ਉਪਰ ਟੰਗੇ ਜਾਣ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ ਜੋ ਕਿ ਉਸ ਦੇ ਅੰਤ ਦਾ ਅਸਲ ਕਾਰਣ ਨਹੀ ਹੈ। ਕਿੱਸੇ ਵਿਚੋਂ ਇਕ ਬੜਾ ਮਹੱਤਵਪੂਰਨ ਸੰਕੇਤ ਮਿਲਦਾ ਹੈ ਜੋ ਮਿਰਜ਼ੇ ਦੀ ਤ੍ਰਾਸਦੀ ਦਾ ਅਸਲ ਕਾਰਣ ਪ੍ਰਗਟਾਉਂਦਾ ਹੈ। "ਬਾਝੁ ਭਰਾਵਾਂ ਜੱਟ ਮਾਰਿਆ, ਕੋਈ ਨ ਮਿਰਜ਼ੇ ਦੇ ਸੰਗ।" ਮਿਰਜ਼ੇ ਦੀ ਤ੍ਰਾਸਦੀ ਦਾ ਬੀਜ ਉਦੋਂ ਹੀ ਫੁੱਟ ਪਿਆ ਸੀ ਜਦੋਂ ਉਹ ਆਪਣੇ ਭਾਈਚਾਰੇ ਦੀ ਕਹੀ ਹੋਈ ਅਣਸੁਣੀ ਕਰ ਕੇ ਸਾਹਿਬਾਂ ਨੂੰ ਉਧਾਲਣ ਤੁਰ ਪਿਆ ਸੀ। ਇਹ ਸਾਰੇ ਕਾਰਣ ਪ੍ਰਸੰਗਿਕ ਨਹੀਂ ਹਨ ਕਿ ਮਿਰਜ਼ਾ ਜੇ ਨਾ ਸੌਂਦਾ ਤਾਂ ਤ੍ਰਾਸਦੀ ਨਹੀਂ ਸੀ ਵਾਪਰਨੀ ਜਾਂ ਸਾਹਿਬਾਂ ਜੇਕਰ ਤਰਕਸ਼ ਨਾ ਟੰਗਦੀ ਤਾਂ ਮਿਰਜ਼ਾ ਦੁਖਾਂਤ ਦਾ ਭਾਗੀ ਨਾ ਬਣਦਾ। ਮਿਰਜ਼ੇ ਦਾ ਸੌਣਾ ਤਾਂ ਉਸ ਦੀ ਦਿਸ਼ਾ ਦੇ ਮੁੱਕ ਜਾਣ ਦਾ ਪ੍ਰਤੀਕ ਹੈ। ਮਿਰਜ਼ਾ ਸਾਹਿਬਾਂ ਨੂੰ ਉਧਾਲ ਕੇ ਲੈ ਤਾਂ ਗਿਆ ਸੀ ਪਰ ਉਹ ਇਸ ਸਥਿਤੀ ਵਿਚ ਕਿਧਰੇ ਵੀ ਸਵੀਕਾਰ ਨਹੀਂ ਸੀ ਹੋ ਸਕਦਾ। ਉਸ ਦਾ ਸੌਣਾ ਜਾਂ ਸਾਹਿਬਾਂ ਦਾ ਤਰਕਸ਼ ਟੰਗਣਾ ਕਹਿਣਾ ਤਾਂ ਉਸ ਮਾਨਸਿਕਤਾ ਨੇ ਹੀ ਸਾਹਿਬਾਂ ਨੂੰ ਬੇਵਫ਼ਾ ਸਿੱਧ ਕੀਤਾ ਹੈ। ਪੀਲੂ ਦਾ ਕਿੱਸਾ ਇਸੇ ਕਰਕੇ ਪੰਜਾਬੀਆਂ 'ਚ ਹਰਮਨ ਪਿਆਰਾ ਹੈ ਜਦ ਕਿ ਹਾਫ਼ਿਜ਼ ਬਰਖਰਦਾਰ ਦੇ ਕਿੱਸੇ ਵਿਚ ਅਜਿਹਾ ਕੋਈ ਵੇਰਵਾ ਨਹੀਂ। ਹਾਫ਼ਿਜ਼ ਬਰਖੁਰਦਾਰ

ਦੇ ਕਿੱਸੇ ਵਿਚ ਮਿਰਜ਼ਾ ਸਾਹਿਬਾਂ ਪਿਛੋਂ ਸਿਰ ਉਪਰ ਆਈ ਵਾਹਰ ਨੂੰ ਵੇਖ ਲੁਕ ਜਾਂਦੇ ਹਨ ਅਤੇ ਬਾਅਦ ਵਿਚ ਫੜੇ ਜਾਣ ਉਪਰੰਤ ਬਾਏਂ ਮਾਰ ਦਿੱਤੇ ਜਾਂਦੇ ਹਨ। ਇਸ ਕਿੱਸੇ ਵਿਚ ਸਾਹਿਬਾਂ ਦੀ ਬੇਵਫ਼ਾਈ ਵਾਲਾ ਕੋਈ ਪ੍ਰਸੰਗ ਨਹੀਂ। ਹਾਫਿਜ਼ ਮਿਰਜ਼ੇ ਅਤੇ ਸਾਹਿਬਾਂ ਦੇ ਅੰਤ ਨੂੰ ਇੰਜ ਬਿਆਨਦਾ ਹੈ:—

ਜਾਂ ਵਲਿਆ ਝਾੜਾ ਹੀਰਮਾ ਅਤੇ ਖੇੜਾ ਆਇ ਪਿਆ।
ਮਿਰਜ਼ੇ ਨੂੰ ਚੁਕ ਗਈਆਂ, ਮਸਲਤਾਂ, ਜਾਂ ਕਟਕਾਂ ਧਾੜ ਲਿਆ।
ਜਾ ਧਰਿਆ ਕਸੇ ਸੋਟੀਆਂ ਜ਼ਹਿਰ ਕੌਹਿਰ ਬਲਾ।
ਤਾਂ ਫਾਹੀ ਫਾਥੇ ਸ਼ੇਰ ਜਿਉਂ ਗੱਲ ਨਾ ਨਿਕਲੇ ਕਾਇ।
ਇਸ਼ਕ ਭਲੇਰਾ ਚੋਰਟਾ, ਫੁਲ ਗਏ ਗਲ ਲਾਹਿ।
ਵਾਂਗ ਕਸਾਈਆਂ ਦੇ ਬੱਕਰੇ, ਲੈਂਦਾ ਖੱਲ ਲੁਹਾਇ।
ਉਹ ਰਾਤ ਜਿਹੜੀ ਵਿਚ ਗੋਰ ਦੇ, ਸਾਕਰ ਕਿਵੇਂ ਨਾ ਆਇ।
ਹਾਫ਼ਜ਼ ਚੰਨਣ ਚੀਰ ਨਾ ਜਾਣਦੇ, ਮਿਰਜ਼ਾ ਟੁਕ ਟੁਕ ਕੀਤਾ ਚਾਇ।

ਇਨ੍ਹਾਂ ਸਤਰਾਂ ਨੇ ਕਥਾ ਨੂੰ ਪੀਲੂ ਵਾਲੇ ਬ੍ਰਿਤਾਂਤ ਨਾਲੋਂ ਵੱਖਰੇ ਢੰਗ ਵਿਚ ਪੇਸ਼ ਕੀਤਾ ਹੈ ਜੋ ਵਧੇਰੇ ਵਾਸਤਵਿਕ ਲੱਗਦਾ ਹੈ। ਹਾਫ਼ਿਜ਼ ਦੇ ਕਿੱਸੇ ਵਿਚ ਨਾ ਤਾਂ ਮਿਰਜ਼ੇ ਦੇ ਸੌਣ ਵਾਲਾ ਵੇਰਵਾ ਹੈ ਅਤੇ ਨਾ ਹੀ ਸਾਹਿਬਾਂ ਦੀ ਬੇਵਫਾਈ ਦਾ ਜ਼ਿਕਰ ਹੈ। ਕਥਾ ਦਾ ਇਹ ਰੂਪ ਉਸ ਤਰਕ ਉਪਰ ਅਧਾਰਤ ਹੈ ਕਿ ਵਿਅਕਤੀ ਸੰਸਕ੍ਰਿਤੀ ਦੇ ਨੇਮ ਨੂੰ ਉਲੰਘ ਕੇ ਖ਼ੁਦ ਤ੍ਰਾਸਦੀ ਦਾ ਬੀਜ ਬੀਜਦਾ ਹੈ। ਇਸ ਸਾਰੀ ਚਰਚਾ 'ਚੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸਾਹਿਬਾਂ ਮਿਰਜ਼ੇ ਦੀ ਮੌਤ ਦਾ ਕਾਰਣ ਨਹੀਂ ਬਲਕਿ ਉਹ ਤਾਂ ਖ਼ੁਦ ਮਿਰਜ਼ੇ ਵਾਂਗ ਤ੍ਰਾਸਦ ਹੋਣੀ ਭੋਗਦੀ ਹੈ। ਮਿਰਜ਼ੇ ਦਾ ਸੌਣਾ ਜਾਂ ਸਾਹਿਬਾਂ ਦਾ ਤਰਕਸ਼ ਨੂੰ ਜੰਡ ਉਪਰ ਟੰਗਣਾ ਉਸ ਮਾਨਸਿਕਤਾ ਦੀ ਉਪਜ ਹੈ ਜੋ ਮਿਰਜ਼ੇ ਦੀ ਹਾਰ ਨੂੰ ਵੀ ਜਿੱਤ ਦੇ ਪ੍ਰਸੰਗ ਵਿਚ ਮਨਵਾਉਣਾ ਚਾਹੁੰਦੀ ਹੈ। ਧਿਆਨਯੋਗ ਨੁਕਤਾ ਇਹ ਹੈ ਕਿ ਮਿਰਜ਼ੇ ਅਤੇ ਸਾਹਿਬਾਂ ਦੀ ਵਡਿਆਈ ਇਸ ਰਹੱਸ ਵਿਚ ਹੈ ਕਿ ਉਨ੍ਹਾਂ ਨੇ ਆਪਣੇ ਇਸ਼ਕ ਦੀ ਸਾਬਤੀ ਲਈ ਆਪਾ ਅਰਪਨ ਕੀਤਾ ਹੈ। ਇਸ ਆਪਾ ਅਰਪਨ ਕਰਨ ਵਿਚ ਸਾਹਿਬਾਂ ਵੀ ਓਨੀ ਕਿਰਿਆਸ਼ੀਲ ਹੈ ਜਿੰਨਾ ਮਿਰਜ਼ਾ ਹੈ। ਸੋ ਸਾਹਿਬਾਂ ਉਪਰ ਉਂਗਲੀ ਧਰਨੀ ਕਥਾ ਦੇ ਮੂਲ ਪ੍ਰਵਾਹ ਨੂੰ ਮਨ-ਇੱਛਿਤ ਰੂਪ ਦੇਣਾ ਹੈ, ਜੋ ਉਸੇ ਮੱਧਕਾਲੀ ਦ੍ਰਿਸ਼ਟੀ ਨੂੰ ਜਾਇਜ਼ ਸਿੱਧ ਕਰਦਾ ਹੈ ਜੋ ਔਰਤ ਨੂੰ ਦੂਜਾ ਦਰਜਾ ਦੇਂਦੀ ਹੈ। ਸੋ ਅਸੀਂ ਇਸ ਸਿੱਟੇ ਉਪਰ ਪੁੱਜਦੇ ਹਾਂ ਕਿ ਇਸ਼ਕ ਦੇ ਕਿੱਸਿਆਂ ਵਿਚ ਖਲਨਾਇਕ ਕੋਈ ਧਿਰ ਜਾਂ ਵਿਅਕਤੀ ਨਹੀਂ ਕਿਉਂਕਿ ਜਿਹੜਾ ਸਮੂਹ ਵਿਰੋਧੀ ਧਿਰ ਬਣ ਕੇ ਬਾਧਕ ਬਣਦਾ ਹੈ, ਉਸ ਕੋਲ ਮਰਯਾਦਾ ਦੀ ਔਪਚਾਰਿਕਤਾ ਦਾ ਸੱਚ ਹੈ। ਇਥੇ ਤਨਾਉ ਅਤੇ ਟਕਰਾਉ ਦੋ ਸੱਚਾਂ ਵਿਚਕਾਰ ਹੈ। ਸਮੂਹ ਅੱਗੇ ਵਿਅਕਤੀ ਇਕੱਲਾ ਹੈ, ਫਲਸਰੂਪ ਹਾਰਦਾ ਹੈ ਅਤੇ ਤ੍ਰਾਸਦੀ ਦਾ ਭਾਗੀ ਬਣਦਾ ਹੈ। ਜਿਥੋਂ ਤੱਕ ਸੁਰਮਗਤੀ ਦੇ ਕਿੱਸਿਆਂ ਵਿਚ ਖਲਨਾਇਕ ਦਾ ਪ੍ਰਸ਼ਨ ਹੈ, ਉਸ ਬਾਰੇ ਇਹੀ ਕਿਹਾ

ਜਾਵੇਗਾ ਕਿ ਅਜਿਹਾ ਸਿਸਟਮ ਖਲਨਾਇਕ ਹੈ ਜੋ ਅਨਿਆਂਕਾਰੀ ਰਾਜੇ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਨ੍ਹਾਂ ਕਿੱਸਿਆਂ ਵਿਚ ਤਨਾਉ ਨਿਆਂ ਅਤੇ ਅਨਿਆਂ ਵਿਚਕਾਰ ਹੈ। ਇਸ ਲਈ ਉਹ ਸ਼ਕਤੀਆਂ ਜੋ ਅਨਿਆਂ ਨੂੰ ਜਨਮ ਦੇਂਦੀਆਂ ਹਨ, ਖਲਨਾਇਕ ਕਹੀਆਂ ਜਾਣਗੀਆਂ। ਇਨ੍ਹਾਂ ਖਲਨਾਇਕ ਸ਼ਕਤੀਆਂ ਨੂੰ ਦਬਾ ਕੇ ਹੀ ਰਸਾਲੂ ਰਾਜਾ ਬਣ ਸਕਿਆ ਹੈ। ਰਸਾਲੂ ਦੇ ਕਿੱਸੇ ਵਿਚ ਦਿਉ, ਦੈਂਤ, ਰਾਖਸਸ਼ ਅਤੇ ਬਲਾਵਾਂ ਖਲਨਾਇਕੀ ਦੀਆਂ ਪ੍ਰਤੀਕ ਹਨ। ਰਾਜਾ ਰਸਾਲੂ ਇਨ੍ਹਾਂ ਦਾ ਵਿਨਾਸ਼ ਕਰਕੇ ਹੀ ਰਾਜਾ ਬਣਦਾ ਹੈ। ਰਸਾਲੂ ਵੀ ਰਾਜਾ ਹੈ ਅਤੇ ਸਲਵਾਹਨ ਵੀ ਰਾਜਾ ਸੀ। ਰਸਾਲੂ ਦੇ ਰਾਜ ਵਿਚ ਮਜ਼ਲੂਮ ਰੱਖਿਆ ਹੇਠ ਹੋਣ ਕਾਰਣ ਅਨਿਆਂ ਤੋਂ ਬਚੇ ਰਹਿੰਦੇ ਹਨ ਜਦ ਕਿ ਸਲਵਾਹਨ ਦੇ ਰਾਜ ਵਿਚ ਮਜ਼ਲੂਮ ਤ੍ਰਾਸਦ ਹੋਣੀ ਭੋਗਦਾ ਹੈ। ਸਿਸਟਮ ਦੇ ਬਦਲ ਜਾਣ ਨਾਲ ਲੋਕਾਂ ਦੀ ਹੋਣੀ ਬਦਲ ਜਾਂਦੀ ਹੈ। ਰਸਾਲੂ ਨੇ ਉਸ ਸਿਸਟਮ ਨੂੰ ਬਦਲਿਆ, ਜਿਸ ਵਿਚ ਖਲਨਾਇਕੀ ਸ਼ਕਤੀਆਂ ਦਨਦਨਾਦੀਆਂ ਸਨ। ਇਸੇ ਕਰਕੇ ਲੋਕ ਸਿਮਰਤੀ ਨੇ ਮੁਕਤ ਮਨ ਨਾਲ ਰਸਾਲੂ ਨੂੰ ਆਪਣਾ ਰਾਜਾ ਸਵੀਕਾਰ ਕੀਤਾ ਹੈ। ਰਾਜਾ ਰਸਾਲੂ ਵਾਂਗ ਹੀ ਦੁੱਲਾ ਭੱਟੀ ਵੀ ਉਸ ਖਲਨਾਇਕੀ ਸਿਸਟਮ ਵਿਰੁੱਧ ਵਿਦਰੋਹ ਕਰਦਾ ਹੈ, ਜਿਸ ਵਿਚ ਧੀ ਭੈਣ ਦੀ ਇੱਜ਼ਤ ਮਹਿਫੂਜ਼ ਨਹੀਂ ਹੈ। ਦੁੱਲਾ ਭੱਟੀ ਇਸੇ ਕਰਕੇ ਲੋਕ ਨਾਇਕ ਹੈ ਕਿ ਉਸ ਨੇ ਜਾਲਮ ਅਤੇ ਅਮਾਨਵੀ ਸਿਸਟਮ ਦੇ ਵਿਰੁੱਧ ਵਿਦਰੋਹ ਕੀਤਾ ਹੈ। ਸੋ ਸਪੱਸ਼ਟ ਹੈ ਕਿ ਸੂਰਮਗਤੀ ਦੇ ਕਿੱਸਿਆਂ ਵਿਚ ਖਲਨਾਇਕ ਦੀ ਭੂਮਿਕਾ ਉਸ ਸਿਸਟਮ ਰਾਹੀਂ ਸਾਹਮਣੇ ਆਉਂਦੀ ਹੈ ਜੋ ਅਮਾਨਵੀ ਹੈ। ਇਸੇ ਸਿਸਟਮ ਵਿਰੁੱਧ ਵਿਦਰੋਹ ਕਰਕੇ ਸੂਰਮਗਤੀ ਦੇ ਕਿੱਸਿਆਂ ਦੇ ਨਾਇਕ ਲੋਕ ਸਿਮਰਤੀ ਵਿਚ ਸਿਮਰੇ ਗਏ ਹਨ। ਭਗਤੀ ਅਤੇ ਤਿਆਗ ਦੇ ਕਿੱਸਿਆਂ ਵਿਚ ਸੰਸਾਰਕਤਾ ਨੂੰ ਕਾਟੇ ਹੇਠ ਰਖਿਆ ਹੈ। ਰਾਜਾ ਭਰਥਰੀ ਅਤੇ ਰਾਜਾ ਗੋਪੀਚੰਦ ਦੇ ਕਿੱਸਿਆਂ ਵਿਚ ਸੰਸਾਰਕਤਾ ਦਾ ਚਰਿਤਰ ਖਲਨਾਇਕੀ ਮੰਨਿਆ ਹੈ। ਪੂਰਨ, ਰਾਜਾ ਭਰਥਰੀ ਅਤੇ ਰਾਜਾ ਗੋਪੀ ਚੰਦ ਸੰਸਾਰਕਤਾ ਨੂੰ ਤਿਆਗ ਕੇ ਹੀ ਭਗਤ ਅਤੇ ਜੋਗੀ ਦਾ ਦਰਜਾ ਪ੍ਰਾਪਤ ਕਰਦੇ ਹਨ।

ਪੰਜਾਬੀ ਕਿੱਸਾ ਕਾਵਿ ਉਪਰ ਚਰਚਾ ਕਰਦਿਆਂ ਇਹ ਤੱਤ ਸਪੱਸ਼ਟ ਹੁੰਦਾ ਹੈ ਕਿ ਇਸ ਕਾਵਿ ਵਿਚ ਦੁਹਰਾਉ ਹੈ। ਇਹ ਦੁਹਰਾਉ ਇਕ ਤਰ੍ਹਾਂ ਨਾਲ ਚਿੰਤਨ ਅਤੇ ਚੇਤਨਾ ਦੀ ਗਤੀਰੋਧਤਾ ਦਾ ਸੂਚਕ ਹੈ। ਧਿਆਨ ਨਾਲ ਵਿਚਾਰੀਏ ਤਾਂ ਦੁਹਰਾਉ ਸਮੁੱਚੇ ਮੱਧਕਾਲੀ ਸਾਹਿਤ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਦੁਹਰਾਉ ਵਸਤੂਗਤ ਸਥਿਤੀਆਂ ਦੀ ਖੜੋਤ ਨਾਲ ਪੈਦਾ ਹੋਇਆ ਹੈ। ਸਾਮੀ ਚਿੰਤਨ ਦੇ ਪ੍ਰਵੇਸ਼ ਸਮੇਂ ਚਿੰਤਨ ਅਤੇ ਚੇਤਨਾ ਵਿਚ ਗਤੀਸ਼ੀਲਤਾ ਤਾਂ ਆਈ ਸੀ ਪਰ ਇਹ ਗਤੀਸ਼ੀਲਤਾ ਇਕ ਅਰਸੇ ਬਾਅਦ ਸਥਿਤੀਆਂ ਦੀ ਖੜੋਤ ਵਿਚ ਪੈ ਕੇ ਗਤੀਰੋਧਤਾ ਵਿਚ ਬਦਲ ਗਈ ਸੀ। ਕਿਸੇ ਵੀ ਸਮੂਹ ਦੀ ਚੇਤਨਾ ਅਤੇ ਚਿੰਤਨ ਵਿਚ ਗਤੀਸ਼ੀਲਤਾ ਉਦੋਂ ਆਉਂਦੀ ਹੈ ਜਦੋਂ ਉਹ ਜਾਂ ਤਾਂ ਕਿਸੇ ਵੱਡੇ ਸਮੂਹ ਦੀ ਸਿਮਰਤੀ ਦੇ ਸੰਪਰਕ ਵਿਚ ਆਉਂਦੀ ਹੈ ਜਾਂ ਜਦੋਂ ਮੂਲ ਸਥਿਤੀਆਂ ਵਿਚ ਧਰਾਤਲੀ ਪਰਿਵਰਤਨ ਆਵੇ। ਭਾਰਤੀ ਚਿੰਤਨ ਵਿਚ ਸਾਮੀ ਚਿੰਤਨ ਦੇ ਪ੍ਰਵੇਸ਼

ਸਮੇਂ ਜਿਹੜੀ ਗਤੀਸ਼ੀਲਤਾ ਪੈਦਾ ਹੋਈ ਸੀ, ਉਹ ਕੁਝ ਅਰਸਾ ਤਾਂ ਵਿਦਮਾਨ ਰਹੀ ਪਰ ਕਿਉਂਕਿ ਧਰਾਤਲੀ ਸਥਿਤੀਆਂ ਵਿਚ ਕੋਈ ਪਰਿਵਰਤਨ ਨਾ ਵਾਪਰਨ ਕਾਰਣ ਉਹ ਸਥਿਤੀ ਖੜੋਤ ਵਾਲੀ ਬਣ ਗਈ ਸੀ। ਪ੍ਰਮਾਣ ਵਜੋਂ ਅਧਿਆਤਮਕ ਚਿੰਤਨ ਵਿਚ ਇਕੋ ਜਹੇ ਵਿਚਾਰ ਹੀ ਬਾਰ ਬਾਰ ਰਚਨਾਤਮਕ ਰੂਪ ਧਾਰਦੇ ਰਹੇ ਹਨ। ਕਿੱਸਾ ਕਾਵਿ ਵਿਚ ਉਹੀ ਜਾਣੀਆਂ ਪਛਾਣੀਆਂ ਕਥਾਵਾਂ ਹਰ ਕਿੱਸਾਕਾਰ ਨੇ ਰਚੀਆਂ ਹਨ। ਵਿਅਕਤੀਗਤ ਪ੍ਰਤਿਭਾ ਦੇ ਪ੍ਰਸੰਗ ਵਿਚ ਥੋੜ੍ਹਾ ਬਹੁਤ ਅੰਤਰ ਅਵੱਸ਼ ਹੈ ਪਰ ਮੂਲ ਮਾਡਲ ਇਕੋ ਜਿਹਾ ਹੀ ਰਿਹਾ ਹੈ। ਅਜਿਹੀ ਰਚਨਾਤਮਕ ਖੜੋਤ ਵਿਚ ਨਵਾਂ ਪ੍ਰਵਚਨ ਵੀ ਦੁਹਰਾਉ ਦੇ ਮਾਰਗ ਉਪਰ ਪੈ ਕੇ ਆਪਣੀ ਸਾਰਥਕਤਾ ਮੱਧਮ ਕਰ ਲੈਂਦਾ ਹੈ। ਦੁਹਰਾਉ ਨੂੰ ਪੜ੍ਹਨ ਸੁਣਨ ਅਤੇ ਮਾਨਣ ਦਾ ਅਭਿਆਸੀ ਪਾਠਕ ਵੀ ਇਸੇ ਖੜੋਤ ਦਾ ਅੰਗ ਬਣ ਜਾਂਦਾ ਹੈ। ਮੱਧਕਾਲੀ ਪੰਜਾਬੀ ਸਾਹਿਤ ਵਿਚ ਇਹ ਦੁਹਰਾਉ ਇਸ ਲਈ ਵੀ ਹੈ ਕਿਉਂਕਿ ਪਦਾਰਥਕ ਸਥਿਤੀਆਂ ਵਿਚ ਪਰਿਵਰਤਨ ਨਹੀਂ ਸੀ ਵਾਪਰਿਆ। ਫਲਸਰੂਪ ਜੀਵਨ-ਮੁੱਲਾਂ ਵਿਚ ਪਰਿਵਰਤਨ ਨਾ ਹੋਣ ਕਾਰਣ ਦੁਹਰਾਉ ਹੋਣਾ ਸੁਭਾਵਕ ਹੀ ਸੀ। ਇਸ ਦੁਹਰਾਉ ਨੂੰ ਜਦੋਂ ਅਸੀਂ ਦਮੋਦਰ ਤੋਂ ਲੈ ਕੇ ਉਨ੍ਹੀਵੀਂ ਸਦੀ ਤਕ ਦੇ ਕਿੱਸਾਕਾਰਾਂ ਵਿਚ ਫੈਲਦਾ ਦੇਖਦੇ ਹਾਂ ਤਾਂ ਇਹ ਤੱਥ ਸਪੱਸ਼ਟ ਹੁੰਦਾ ਹੈ ਕਿ ਦਮੋਦਰ ਨੇ ਕਥਾ ਅਤੇ ਕਥਾਨਕ ਦਾ ਜੋ ਮਾਡਲ ਸਿਰਜਿਆ, ਉਹੀ ਭਵਿੱਖ ਵਿਚ ਹਰ ਕਿੱਸਾਕਾਰ ਨੇ ਅਪਣਾਇਆ ਹੈ। ਦਮੋਦਰ ਦੁਆਰਾ ਸਿਰਜਿਤ ਕਥਾ ਦਾ ਸੁਖਾਂਤਕ ਰੂਪ ਭਾਵੇਂ ਬਾਅਦ ਦੇ ਕਿੱਸ਼ਾਕਾਰਾਂ ਨੇ ਸਵੀਕਾਰ ਨਹੀਂ ਕੀਤਾ ਪਰ ਕਿੱਸੇ ਦਾ ਮੂਲ ਬ੍ਰਿਤਾਂਤ/ਵਿਭਿੰਨ ਪ੍ਰਸੰਗ ਅਤੇ ਗਲਪ ਜੁਗਤਾਂ ਉਹ ਰਹੀਆਂ, ਜਿਹੜੀਆਂ ਦਮੋਦਰ ਨੇ ਪਹਿਲੀ ਵਾਰ ਸਿਰਜੀਆਂ। ਇਸ ਤੱਥ ਤੋਂ ਇਹ ਗੱਲ ਭਲੀ ਭਾਂਤ ਸਿੱਧ ਹੁੰਦੀ ਹੈ ਕਿ ਪੰਜਾਬੀ ਕਿੱਸਾਕਾਰੀ ਵਿਚ ਕਥਾ ਅਤੇ ਕਥਾਨਕ ਦਾ ਦੁਹਰਾਉ ਇਕ ਲੰਮੇ ਅਰਸੇ ਤਕ ਫੈਲਿਆ ਹੈ। ਇਸ ਦੁਹਰਾਉ ਵਿਚੋਂ ਹੀ ਵਿਭਿੰਨ ਪ੍ਰਸੰਗ ਕਥਾਨਕ ਰੂੜ੍ਹੀਆਂ ਬਣ ਗਏ ਹਨ। ਦਿਲਚਸਪ ਤੱਥ ਇਹ ਹੈ ਕਿ ਕਿੱਸਾ ਕਾਵਿ ਦੀਆਂ ਇਹ ਕਥਾਨਕ ਰੂੜ੍ਹੀਆਂ ਅਚੇਤ ਹੀ ਪੰਜਾਬੀ ਗਲਪ ਵਿਚ ਪ੍ਰਵੇਸ਼ ਕਰ ਗਈਆਂ ਹਨ। ਆਧੁਨਿਕ ਸਮੀਖਿਆਕਾਰਾਂ ਨੇ ਪੰਜਾਬੀ ਕਿੱਸਾ ਕਾਵਿ ਦੀਆਂ ਕਥਾਨਕ ਰੂੜ੍ਹੀਆਂ ਨੂੰ ਆਧੁਨਿਕ ਗਲਪ ਦੇ ਚਰਿਤਰ ਵਿਚ ਹੋਈਆਂ ਸਿੱਧ ਕਰਕੇ ਇਹ ਧਾਰਨਾ ਪ੍ਰਗਟਾਈ ਹੈ ਕਿ ਇਨ੍ਹਾਂ ਕਥਾਨਕ ਰੂੜ੍ਹੀਆਂ ਦੇ ਅਧਿਐਨ ਰਾਹੀਂ ਪੰਜਾਬੀ ਗਲਪਕਾਰ ਦੀ ਉਸ ਮਾਨਸਿਕਤਾ ਦਾ ਅਧਿਐਨ ਕੀਤਾ ਜਾ ਸਕਦਾ ਹੈ ਜੋ ਅਚੇਤ ਤੌਰ ਤੇ ਅਜੇ ਵੀ ਮੱਧਕਾਲੀ ਕਾਵਿ ਪਰੰਪਰਾ ਤੋਂ ਪ੍ਰੇਰਨਾ ਲੈ ਰਹੀ ਹੈ। ਇਹ ਅਧਿਐਨ ਆਧੁਨਿਕਤਾ ਨੂੰ ਪਰੰਪਰਾ ਦੇ ਅੰਤਰਗਤ ਵਿਚਾਰਨ ਵਾਲਾ ਹੈ। ਇਸ ਅਧਿਐਨ ਦੇ ਆਪਣੇ ਸਾਰਥਕ ਪਾਸਾਰ ਹਨ ਪਰ ਜੋ ਤੱਥ ਅਸੀਂ ਏਥੇ ਸਪੱਸ਼ਟ ਕਰਨਾ ਚਾਹੁੰਦੇ ਹਾਂ, ਉਹ ਇਹ ਹੈ ਕਿ ਦੁਹਰਾਉ ਪੰਜਾਬੀ ਕਿੱਸਾ ਕਾਵਿ ਵਿਚ ਅਜਿਹਾ ਪਛਾਣਨਯੋਗ ਰਹੱਸ ਹੈ, ਜਿਸ ਨੂੰ ਆਧਾਰ ਬਣਾ ਕੇ ਪੰਜਾਬੀ ਕਿੱਸਾ ਕਾਵਿ ਦਾ ਸੂਝ ਮਾਡਲ ਤਿਆਰ ਕੀਤਾ ਜਾ ਸਕਦਾ ਹੈ। ਇਹ ਸੂਝ ਮਾਡਲ ਹੀ ਪੰਜਾਬੀ

ਕਿੱਸਾ ਕਾਵਿ ਦਾ ਕਾਵਿ-ਸ਼ਾਸਤਰ ਮੰਨਿਆ ਜਾਵੇਗਾ। ਪ੍ਰਮਾਣ ਵਜੋਂ ਦਮੋਦਰ ਨੇ ਆਪਣੇ ਕਿੱਸੇ ਹੀਰ ਦੀ ਰਚਨਾ ਤੋਂ ਪਹਿਲਾਂ ਪ੍ਰਭੂ ਦੀ ਉਸਤਤ ਵਿਚ ਜੋ ਬੋਲ ਉਚਾਰੇ, ਉਹ ਬੋਲ ਇਕ ਅਜਿਹੇ ਮੰਗਲਾਚਰਣ ਦੇ ਰੂਪ ਵਿਚ ਪ੍ਰਵਾਨ ਹੋਏ, ਜਿਸ ਨੂੰ ਹਰ ਕਿੱਸਾਕਾਰ ਨੇ ਸੁਚੇਤ ਰੂਪ ਵਿਚ ਰਚਨਾ ਦਾ ਅੰਗ ਬਣਾਇਆ ਹੈ। ਵਾਰਿਸ ਨੇ ਇਸ਼ ਮੰਗਲਾਚਰਣ ਨੂੰ ਦੈਵੀ ਇਸ਼ਕ ਨਾਲ ਜੋੜ ਕੇ ਨਵਾਂ ਰੰਗ ਲਿਆਂਦਾ। ਇਸ ਮੰਗਲਾਚਰਣ ਦਾ ਕੇਂਦਰੀ ਬਿੰਦੂ ਪਰਮਾਤਮਾ ਹੀ ਰਿਹਾ, ਜਿਸ ਦੀ ਮਹਿਮਾ ਵਿਚ ਵੰਨ-ਸੁਵੰਨੇ ਬੋਲ ਉਚਾਰੇ ਗਏ। ਇਹ ਮੰਗਲਾਚਰਣ ਕਿੱਸਾਕਾਰ ਦੀ ਧਾਰਮਕ ਸਿਮਰਤੀ ਦਾ ਵੀ ਸੂਚਕ ਬਣਿਆ ਹੈ। ਅਸਲ ਵਿਚ ਮੰਗਲਾਚਰਣ ਮੱਧਕਾਲ ਦੇ ਹਰ ਕਾਵਿ, ਚਿੰਤਨ ਅਤੇ ਵਿਵਹਾਰ ਦਾ ਪ੍ਰੇਰਕ ਬਿੰਦੂ ਸੀ। ਇਹ ਇਕ ਤਰ੍ਹਾਂ ਨਾਲ ਕਾਰਜ ਦੀ ਨਿਰਵਿਘਨ ਸਮਾਪਤੀ ਲਈ ਅਰਾਧਨਾ ਸੀ। ਜਪੁਜੀ ਦਾ ਮੂਲ ਮੰਤਰ ਵੀ ਇਸੇ ਪ੍ਰਕ੍ਰਿਤੀ ਵਾਲਾ ਹੈ, ਜਿਸ ਵਿਚ ਪ੍ਰਭੂ ਦੀ ਬ੍ਰਹਿਮੰਡੀ ਲੀਲ੍ਹਾ ਦੱਸ ਕੇ ਉਸ ਨੂੰ ਸਿਮਰਨ ਦਾ ਆਦੇਸ਼ ਹੈ। ਕਿੱਸਾਕਾਰਾਂ ਨੇ ਵੀ ਸਿਰਫ਼ ਮੰਗਲਾਚਾਰਣ ਵਿਚ ਹੀ ਨਹੀਂ ਬਲਕਿ ਕਿੱਸੇ ਦੇ ਮੂਲ ਪ੍ਰਵਾਹ ਵਿਚ ਇਸੇ ਭਾਵਨਾ ਵਾਲੇ ਬੋਲ ਉਚਾਰੇ ਹਨ ਜੋ ਇਸ ਗੱਲ ਦੇ ਸੂਚਕ ਹਨ ਕਿ ਮੱਧਕਾਲ ਦੀ ਲੌਕਿਕ ਕਾਵਿ ਪਰੰਪਰਾ ਵਿਚ ਵੀ ਧਰਮ ਭਾਵਨਾ ਅਚੇਤ ਸਚੇਤ ਰੂਪ ਵਿਚ ਰਮੀ ਹੋਈ ਹੈ। ਇਸ ਧਰਮ-ਭਾਵਨਾ ਨੇ ਭਾਵੇਂ ਕਿੱਸਿਆਂ ਦੇ ਮੂਲ ਪ੍ਰਵਾਹ ਨੂੰ ਬਦਲਾਇਆ ਨਹੀਂ ਪਰ ਤ੍ਰਾਸਦੀ ਨੂੰ ਸਹਿਣ ਦਾ ਮਾਨਸਿਕ ਬਲ ਦਿੱਤਾ ਹੈ। ਪ੍ਰਮਾਣ ਵਜੋਂ ਤ੍ਰਾਸਦੀ ਨੂੰ ਪੂਰਵ ਲਿਖਿਤ ਹੋਣੀ ਮੰਨਣ ਨਾਲ ਕਿੱਸਾਕਾਰ ਅਤੇ ਉਸ ਦਾ ਪਾਠਕ ਤ੍ਰਾਸਦੀ ਦੇ ਸੰਘਣੇ ਦੁਖ ਤੋਂ ਮੁਕਤ ਹੋਣ ਜਾਂ ਉਸ ਨੂੰ ਸਹਿ ਸਕਣ ਦੀ ਸ਼ਕਤੀ ਪ੍ਰਾਪਤ ਕਰਦੇ ਹਨ। ਇਸੇ ਤਰ੍ਹਾਂ ਮੌਤ ਤੋਂ ਬਾਅਦ ਦੇ ਮਿਲਾਪ ਵਿਚ ਵੀ ਇਹੀ ਭਾਵਨਾ ਕੰਮ ਕਰ ਰਹੀ ਹੈ। ਮੌਤ ਤੋਂ ਬਾਅਦ ਮਿਲਾਪ ਦਿਖਾ ਕੇ ਵੀ ਕਿੱਸਾਕਾਰ ਆਪਣੇ ਪਾਠਕਾਂ ਨੂੰ ਇਸ਼ਕ ਦੇ ਸੰਪੂਰਨ ਹੋ ਜਾਣ ਦੇ ਅਰਥਾਂ ਨਾਲ ਜੋੜਦਾ ਹੈ। ਮੱਧਕਾਲੀ ਚੇਤਨਾ ਵਿਚ ਮੌਤ ਜ਼ਿੰਦਗੀ ਦਾ ਅੰਤ ਨਹੀਂ ਸੀ ਕਿਉਂਕਿ ਮੌਤ ਤੋਂ ਬਾਅਦ ਵੀ ਜ਼ਿੰਦਗੀ ਦੀ ਪ੍ਰੀਖਿਆ ਮੰਨੀ ਗਈ ਹੈ। ਕਿੱਸਾਕਾਰ ਪ੍ਰੇਮੀਆਂ ਨੂੰ ਕਬਰ ਵਿਚ ਮਿਲਾ ਕੇ ਉਨ੍ਹਾਂ ਦੀ ਕਥਾ ਦੇ ਸੰਪੂਰਨ ਹੋ ਜਾਣ ਦਾ ਸੰਕੇਤ ਦੇਂਦਾ ਹੈ ਅਤੇ ਇਸ ਮਿਲਾਪ ਨੂੰ ਉਹ ਉਨ੍ਹਾਂ ਦੀ ਪ੍ਰਾਪਤੀ ਵਜੋਂ ਵੀ ਪੇਸ਼ ਕਰਦਾ ਹੈ ਭਾਵ ਜੋ ਉਹ ਜ਼ਿੰਦਗੀ ਵਿਚ ਪ੍ਰਾਪਤ ਨਾ ਕਰ ਸਕੇ, ਉਹ ਉਨ੍ਹਾਂ ਨੇ ਮੌਤ ਤੋਂ ਬਾਅਦ ਕਰ ਲਿਆ। ਇਹ ਕਥਾਨਕ ਰੂੜ੍ਹੀ ਵੀ ਮੰਗਲਾਚਰਣ ਵਾਂਗ ਧਰਮ ਚੇਤਨਾ ਵਿਚੋਂ ਆਈ ਹੈ। ਪੰਜਾਬੀ ਕਿੱਸਾਕਾਰ ਦੀ ਵਡਿਆਈ ਇਹ ਹੈ ਕਿ ਉਹ ਧਰਮ ਚੇਤਨਾ ਨੂੰ ਆਪਣੇ ਕਿੱਸਿਆਂ ਵਿਚ ਪ੍ਰਗਟਾਉਂਦਾ ਤਾਂ ਹੈ ਪਰ ਇਸ ਚੇਤਨਾ ਨੂੰ ਉਹ ਮੂਲ ਕਥਾ ਉਪਰ ਹਾਵੀ ਨਹੀਂ ਹੋਣ ਦੇਂਦਾ। ਇਹੀ ਕਾਰਣ ਹੈ ਕਿ ਕਿੱਸਿਆਂ ਦੀ ਲੌਕਿਕਤਾ ਭੰਗ ਨਹੀਂ ਹੋਈ। ਜੇ ਇਹ ਚੇਤਨਾ ਮੂਲ ਕਥਾ ਨੂੰ ਦਿਸ਼ਾ ਦੇਣ ਵਾਲੀ ਹੁੰਦੀ ਤਾਂ ਕਿੱਸੇ ਵੀ ਅਧਿਆਤਮਕ ਪਰੰਪਰਾ ਦਾ ਵਿਸਥਾਰ ਬਣ ਕੇ ਰਹਿ ਜਾਣੇ ਸਨ। ਪ੍ਰਮਾਣ ਵਜੋਂ ਹੋਣੀ, ਕਰਾਮਾਤ ਜਾਂ ਦੈਵੀ ਸ਼ਕਤੀਆਂ ਦਾ ਜ਼ਿਕਰ ਅਵੱਸ਼ ਹੈ

ਪਰ ਇਨ੍ਹਾਂ ਸਕਤੀਆਂ ਦੀ ਭੂਮਿਕਾ ਕੇਵਲ ਵਿਸ਼ਵਾਸ ਜਾਂ ਮਾਨਸਿਕ ਟੇਕ ਤਕ ਸੀਮਤ ਹੈ। ਮੌਤ ਤੋਂ ਬਾਅਦ ਮਿਲਾਪ ਨਾਲ ਕਥਾ ਦਾ ਲੌਕਿਕ ਸੱਚ ਭੰਗ ਨਹੀਂ ਹੋਇਆ. ਇਹ ਤਾਂ ਕੇਵਲ ਇਕ ਅਜਿਹਾ ਵੇਰਵਾ ਹੈ ਜੋ ਤ੍ਰਾਸਦੀ ਦੇ ਸੰਘਣੇ ਦੁੱਖ ਨੂੰ ਸਹਿਣ ਦੀ ਮਾਨਸਿਕ ਟੇਕ ਹੈ। ਪ੍ਰਮਾਣ ਵਜੋਂ ਹਾਸ਼ਮ ਦੀਆਂ ਇਹ ਸਤਰਾਂ ਵਿਚਾਰੀਆਂ ਜਾ ਸਕਦੀਆਂ ਹਨ.—

ਸੁਣ ਕੇ ਹੋਤ ਜ਼ਿਮੀ ਪੁਰ ਡਿੱਗਿਆ, ਖਾਇ ਕਲੇਜੇ ਕਾਨੀ।
ਖੁਲ੍ਹ ਗਈ ਗੋਰ ਪਿਆ ਵਿਚ ਕਬਰੇ, ਫੇਰ ਮਿਲੇ ਦਿਲ ਜਾਨੀ।
ਖ਼ਾਤਰ ਇਸ਼ਕ ਗਈ ਰਲਿ ਮਾਟੀ. ਸੂਰਤ ਹੁਸਨ ਜਵਾਨੀ।
ਹਾਸ਼ਮ ਇਸ਼ਕ ਬਲੋਚ ਸੱਸੀ ਦਾ, ਜੁਗ ਜੁਗ ਰਹਗੁ ਕਹਾਣੀ।

ਇਨ੍ਹਾਂ ਉਪਰੋਕਤ ਸਤਰਾਂ ਵਿਚ ਮੌਤ ਤੋ ਬਾਅਦ ਮਿਲਾਪ ਦਾ ਸੰਕੇਤ ਹੈ ਪਰ ਕਿੱਸੇ ਦੇ ਮੂਲ ਬ੍ਰਿਤਾਂਤ ਵਿਚੋਂ ਘੋਰ ਡੂੰਘੀ ਤ੍ਰਾਸਦੀ ਉਭਰੀ ਹੈ ਜੋ ਇਸ ਤਰਕ ਦੀ ਪੁਸ਼ਟੀ ਕਰਦੀ ਹੈ ਕਿ ਕਿੱਸਿਆਂ ਦੇ ਅੰਤ ਵਿਚ ਮਿਲਾਪ ਮੂਲ ਬਿਰਤਾਂਤ ਦਾ ਹਿੱਸਾ ਨਹੀਂ। ਇਹ ਕੇਵਲ ਅਜਿਹਾ ਵੇਰਵਾ ਹੈ ਜੋ ਡੂੰਘੀ ਉਦਾਸੀ ਵਿਚੋਂ ਲੰਘ ਕੇ ਆਏ ਪਾਠਕ ਨੂੰ ਟਿਕਾਉ ਵਿਚ ਲਿਆਉਂਦਾ ਹੈ, ਉਸ ਅੰਦਰ ਕਥਾ ਦੀ ਸੰਪੂਰਨਤਾ ਦਾ ਪ੍ਰਭਾਵ ਪਾਉਂਦਾ ਹੈ। ਕਿੱਸਿਆਂ ਦੇ ਇਨ੍ਹਾਂ ਰਚਨਾਤਮਕ ਵੇਰਵਿਆਂ ਦੀ ਪ੍ਰਸੰਗਿਕਤਾ ਮੱਧਕਾਲੀ ਚੇਤਨਾ ਦੇ ਪ੍ਰਸੰਗ ਵਿਚ ਹੀ ਨਿਸ਼ਚਿਤ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਕਿੱਸਿਆਂ ਵਿਚ ਸੁਪਨਾ ਵਾਸਤਵਿਕਤਾ ਤੋਂ ਆਜ਼ਾਦ ਹੋ ਕੇ ਆਇਆ ਹੈ। ਅਜਿਹੇ ਵੇਰਵੇ ਹੀ ਮੱਧਕਾਲ ਚਿੰਤਨ ਵਿਚ ਬੜੇ ਪ੍ਰਵਾਨ ਹਨ ਭਾਵੇਂ ਕਿ ਵਾਸਤਵਿਕਤਾ ਨੂੰ ਦਿਸ਼ਾ ਦੇਣ ਵਿਚ ਇਨ੍ਹਾਂ ਦੀ ਭੂਮਿਕਾ ਨਾ ਹੋਣ ਤੁਲ ਹੈ। ਗਲਪ ਜੁਗਤ ਦੇ ਸੰਦਰਭ ਵਿਚ ਇਹ ਵੇਰਵੇ ਅਵੱਸ਼ ਕਥਾ ਦੇ ਪ੍ਰਵਾਹ ਨੂੰ ਅੱਗੇ ਤੋਰਨ ਵਿਚ ਸਹਾਈ ਹੁੰਦੇ ਹਨ। ਇਨ੍ਹਾਂ ਵੇਰਵਿਆਂ ਅਤੇ ਜੁਗਤਾਂ ਦਾ ਦੁਹਰਾਓ ਹੀ ਬਾਅਦ ਵਿਚ ਕਥਾਨਕ ਰੂੜ੍ਹੀ ਦਾ ਰੂਪ ਧਾਰ ਗਿਆ ਹੈ। ਸੋ ਅਸੀਂ ਇਹ ਧਾਰਨਾ ਦੁਬਾਰਾ ਦ੍ਰਿੜ੍ਹ ਕਰਵਾਉਣੀ ਚਾਹੁੰਦੇ ਹਾਂ ਕਿ ਕਿੱਸਿਆਂ ਦੇ ਗਲਪ-ਸੰਸਾਰ ਵਿਚ ਦੁਹਰਾਉ ਦੀ ਪ੍ਰਕ੍ਰਿਤੀ ਹੈ ਜੋ ਕਿ ਚੇਤਨਾ ਦੇ ਠਹਿਰਾਉ ਅਤੇ ਵਸਤੂਗਤ ਸਥਿਤੀਆਂ ਦੀ ਖੜੋਤ ਵਿਚੋਂ ਪੈਦਾ ਹੋਈ ਹੈ। ਇਸ ਨੂੰ ਰਚਨਾਕਾਰ ਦਾ ਸਿਰਣਾਤਮਕ ਦੋਸ਼ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਹਰ ਰਚਨਾ ਨੇ ਸਮਕਾਲੀ ਸਥਿਤੀਆਂ ਵਿਚੋਂ ਹੀ ਆਪਣਾ ਪ੍ਰਗਟਾਉ ਲੈਣਾ ਹੁੰਦਾ ਹੈ। ਇਹ ਦੁਹਰਾਉ ਲੌਕਿਕ ਅਤੇ ਪਾਰਲੌਕਿਕ ਕਾਵਿ ਦੋਹਾਂ ਵਿਚ ਨਿਰੰਤਰ ਬਣਿਆ ਰਿਹਾ ਹੈ।

ਪੰਜਾਬੀ ਕਿੱਸਾ ਕਾਵਿ ਦੇ ਪਰਿਪੇਖ ਵਿਚ ਬ੍ਰਿਤਾਤ ਦੀ ਨਿਰੰਤਰਤਾ ਦਾ ਪ੍ਰਸ਼ਨ ਬੜਾ ਫ਼ੈਸਲਾਕੁੰਨ ਹੈ ਕਿਉਂਕਿ ਇਸ ਦੇ ਨਿਰੰਤਰ ਪ੍ਰਵਾਹ ਨੇ ਹੀ ਕਿੱਸਾ ਰਚਨਾ ਦੇ ਥੀਮ ਦੀ ਉਸਾਰੀ ਕਰਨੀ ਹੁੰਦੀ ਹੈ। ਕਿੱਸਾ ਕਾਵਿ ਗਲਪ ਦਾ ਅਜਿਹਾ ਰੂਪਾਕਾਰ ਸੀ, ਜਿਸ ਵਿਚ ਜ਼ਿੰਦਗੀ ਕਾਲ ਦੇ ਪ੍ਰਵਾਹ ਵਿਚੋਂ ਲੰਘਦੀ ਹੈ। ਇਹ ਪ੍ਰਵਾਹ ਨਾ ਤੇ ਏਨਾ ਸਰਲ ਸੀ ਅਤੇ ਨਾ ਹੀ ਇਸ ਦਾ ਅਰਥ ਸਤਹੀ ਪੱਧਰ ਉਪਰ ਸੀ। ਬ੍ਰਿਤਾਂਤ ਦੀ ਨਿਰੰਤਰਤਾ

ਦਾ ਅਰਥ ਇਹ ਨਹੀਂ ਹੁੰਦਾ ਕਿ ਕਹਾਣੀ ਤਿੱਖੀ ਤੋਰੇ ਆਪਣੇ ਪ੍ਰਵਾਹ ਵਿਚ ਵਗੀ ਜਾਵੇ ਬਲਕਿ ਇਸ ਨਿਰੰਤਰਤਾ ਦਾ ਸੰਬੰਧ ਰਚਨਾ ਦੇ ਉਸ ਸਮੁੱਚੇ ਬਿੰਬ ਨਾਲ ਹੁੰਦਾ ਹੈ ਜਿਸ ਰਾਹੀ ਰਚਨਾ ਨੇ ਅਰਥ ਪ੍ਰਾਪਤ ਕਰਨਾ ਹੁੰਦਾ ਹੈ। ਬ੍ਰਿਤਾਂਤ ਦੀ ਨਿਰੰਤਰਤਾ ਦਾ ਭਾਵ ਅਗਾਂਹ ਵਲ ਵਧਣਾ ਹੀ ਨਹੀਂ ਹੁੰਦਾ ਬਲਕਿ ਜ਼ਿੰਦਗੀ ਦੀ ਡੂੰਘ ਵਿਚ ਵੀ ਉਤਰਨਾ ਹੁੰਦਾ ਹੈ। ਜ਼ਿੰਦਗੀ ਦੀ ਡੂੰਘ ਵਿਚ ਉਤਰ ਕੇ ਉਸ ਅੰਦਰਲੇ ਵਿਵੇਕ ਨੂੰ, ਪਿੱਠ ਭੂਮੀ ਰੱਖ ਕੇ ਹੀ ਬ੍ਰਿਤਾਂਤ ਨੇ ਪ੍ਰਵਾਹ ਵਿਚ ਪੈਣਾ ਹੁੰਦਾ ਹੈ। ਵਿਵੇਕ ਤੋਂ ਨਿੱਖੜਿਆ ਪ੍ਰਵਾਹ ਬਿਰਤਾਂਤ ਨੂੰ ਗ਼ਲਤ ਦਿਸ਼ਾ ਵਲ ਲੈ ਜਾਵੇਗਾ। ਬ੍ਰਿਤਾਂਤ ਦੀ ਨਿਰੰਤਰਤਾ ਉਦੋਂ ਵਿਵੇਕਸ਼ੀਲ ਬਣਦੀ ਹੈ ਜਦੋਂ ਸਥਿਤੀ ਵਿਚੋਂ ਪ੍ਰਸਥਿਤੀ ਜਨਮ ਲਵੇ। ਅਜਿਹਾ ਬ੍ਰਿਤਾਂਤ ਜੋ ਕਹਾਣੀ ਦੀ ਤਿੱਖੀ ਤੋਰ ਨਾਲ ਤਾਂ ਜੁੜਿਆ ਹੋਵੇ ਪਰ ਵਿਭਿੰਨ ਸਥਿਤੀਆਂ ਅੰਦਰਲਾ ਤਰਕ ਗ਼ੈਰ ਹਾਜ਼ਰ ਹੋਵੇ ਤਾ ਅਜਿਹੇ ਬ੍ਰਿਤਾਂਤ ਦੀ ਨਿਰੰਤਰਤਾ ਆਪਣੇ ਆਪ ਹੀ ਭੰਗ ਹੋ ਜਾਂਦੀ ਹੈ ਕਿਉਂਕਿ ਅਰਥ ਖੰਡਿਤ ਹੋ ਗਿਆ ਹੁੰਦਾ ਹੈ। ਬ੍ਰਿਤਾਂਤ ਦੀ ਨਿਰੰਤਰਤਾ ਦਾ ਅਸਲ ਅਰਥ ਹੈ, ਸਥਿਤੀਆਂ ਦਾ ਅਜਿਹਾ ਗਤੀਸ਼ੀਲ ਪ੍ਰਵਾਹ ਜੋ ਇਕ ਦੂਜੇ ਨਾਲ ਵਿਵੇਕ ਵਿਚ ਬੱਝ ਕੇ ਕਥਾ ਦੀ ਤੋਰ ਨੂੰ ਅੱਗੇ ਲੈ ਕੇ ਜਾਵੇ। ਵਿਵੇਕਹੀਣ ਨਿਰੰਤਰਤਾ ਅਰਥ ਨੂੰ ਖੰਡਿਤ ਕਰਨ ਵਾਲੀ ਬਣ ਜਾਂਦੀ ਹੈ। ਪ੍ਰਮਾਣ ਵਜੋਂ ਅਹਿਮਦ ਗੁੱਜਰ ਦੀ ਰਚਨਾ ਹੀਰ ਵਿਚ ਜ਼ਾਹਰ ਤੌਰ 'ਤੇ ਬ੍ਰਿਤਾਂਤ ਬੜੀ ਤਿੱਖੀ ਤੋਰੇ ਤੁਰਦਾ ਹੈ ਪਰ ਜਦੋਂ ਪਾਠਕ ਇਕ ਸਥਿਤੀ ਨੂੰ ਦੂਜੀ ਸਥਿਤੀ ਦੇ ਪ੍ਰਸੰਗ ਵਿਚ ਜੋੜਦਾ ਹੈ ਤਾਂ ਸਾਰਾ ਪ੍ਰਭਾਵ ਭੰਗ ਹੋ ਜਾਂਦਾ ਹੈ। ਇਸੇ ਕਰਕੇ ਅਹਿਮਦ ਗੁੱਜਰ ਦੀ ਹੀਰ ਦੂਜੇ ਦਰਜੇ ਦੀ ਰਚਨਾ ਮੰਨੀ ਗਈ ਹੈ। ਇਸ ਦੇ ਸਮਵਿੱਥ ਕਾਦਰ ਯਾਰ ਦੇ ਕਿੱਸੇ ਪੂਰਨ ਭਗਤ ਅਤੇ ਹਾਸਮ ਦੀ ਰਚਨਾ ਸੱਸੀ ਵਿੱਚ ਬ੍ਰਿਤਾਂਤ ਦੀ ਨਿਰੰਤਰਤਾ ਬੜੀ ਅਰਥ ਭਰਪੂਰ ਹੈ। ਘਟਨਾਵਾਂ/ਸਥਿਤੀਆਂ ਵਿਚ ਤਿੱਖਾ ਨਿਰੰਤਰ ਵੇਗ ਹੈ ਜੋ ਕਿ ਵਿਵੇਕ ਦੇ ਸੂਤਰ ਵਿਚ ਬੱਝਾ ਹੋਇਆ ਹੈ। ਇਹ ਬ੍ਰਿਤਾਂਤ ਫੈਲਾਉ ਵਾਲਾ ਨਹੀਂ, ਸੰਜਮੀ ਹੈ। ਸੰਜਮੀ ਬ੍ਰਿਤਾਂਤ ਵਿਚ ਹਰ ਸਥਿਤੀ ਗਤੀਸ਼ੀਲ ਹੁੰਦੀ ਹੈ ਅਤੇ ਉਸ ਦਾ ਸਿੱਧਾ ਪ੍ਰਯੋਜਨ ਕਥਾ ਦੇ ਕਿਸੇ ਅਤਿ ਮਹਤਵਪੂਰਨ ਪ੍ਰਸੰਗ ਨੂੰ ਪ੍ਰਸਤੁਤ ਕਰਨਾ ਹੁੰਦਾ ਹੈ। ਅਜਿਹੇ ਬ੍ਰਿਤਾਂਤ ਵਿਚ ਕੁਝ ਘਟਨਾਵਾਂ ਸੰਕੇਤ ਵਜੋਂ ਦੱਸੀਆਂ ਗਈਆਂ ਹਨ। ਪੂਰਨ ਭਗਤ ਅਤੇ ਸੱਸੀ ਹਾਸਮ ਦੇ ਕਿੱਸੇ ਸੰਜਮੀ ਬ੍ਰਿਤਾਂਤ ਵਾਲੇ ਹਨ, ਜਿਨ੍ਹਾਂ ਵਿਚ ਕਥਾ ਦਾ ਪ੍ਰਵਾਹ ਤਿੱਖੀ ਤੋਰੇ ਤਾਂ ਤੁਰਦਾ ਹੈ ਪਰ ਇਹ ਤੋਰ ਨਾ ਤਾਂ ਥਿੜਕਦੀ ਹੈ ਅਤੇ ਨਾ ਹੀ ਇਸ ਦਾ ਵਿਵੇਕ ਖੰਡਿਤ ਹੁੰਦਾ ਹੈ। ਇਹੀ ਕਾਰਣ ਹੈ ਕਿ ਇਨ੍ਹਾਂ ਕਿਰਤਾਂ ਨੂੰ ਗੰਭੀਰ ਹਲਕਿਆਂ ਵਿਚ ਪਹਿਲੇ ਦਰਜੇ ਦੀਆਂ ਰਚਨਾਵਾਂ ਮੰਨਿਆ ਜਾਂਦਾ ਹੈ। ਧਿਆਨਯੋਗ ਤੱਥ ਇਹ ਹੈ ਕਿ ਬ੍ਰਿਤਾਤ ਦੀ ਨਿਰੰਤਰਤਾ ਦਾ ਅਰਥ ਸਥਿਤੀਆਂ ਦਾ ਵਿਵੇਕਸ਼ੀਲ ਪ੍ਰਵਾਹ ਹੈ। ਦੂਜੇ ਪਾਸੇ ਕੁਝ ਅਜਿਹੇ ਕਿੱਸੇ ਹਨ, ਜਿਨ੍ਹਾਂ ਵਿਚ ਬ੍ਰਿਤਾਂਤ ਫੈਲਾਉ ਵਾਲਾ ਹੈ। ਦਮੋਦਰ ਅਤੇ ਵਾਰਸ ਦੀ ਹੀਰ ਦਾ ਬ੍ਰਿਤਾਂਤ ਵੀ ਫੈਲਾਉ ਵਾਲਾ ਹੈ। ਇਨਾਂ ਕਿੱਸਿਆਂ ਵਿਚ ਘਟਨਾਵਾਂ/ ਸਥਿਤੀਆਂ ਦੀ ਲੰਮੀ ਚੌੜੀ ਰੇਖਾਕਾਰੀ ਹੁੰਦੀ

ਹੈ। ਸੰਜਮੀ ਬ੍ਰਿਤਾਂਤ ਵਿਚ ਜਿਥੇ ਥੀਮ ਬੜਾ ਕੇਂਦਰਿਤ ਹੁੰਦਾ ਹੈ, ਉਥੇ ਇਨ੍ਹਾਂ ਫੈਲਾਉ ਵਾਲੇ ਕਿੱਸਿਆਂ ਵਿਚਲਾ ਥੀਮ ਅਨੇਕ-ਪਰਤੀ ਹੁੰਦਾ ਹੈ। ਵਿਸ਼ੇਸ਼ ਤੌਰ ਤੇ ਇਸ ਥੀਮ ਦੇ ਸਭਿਆਚਾਰਕ ਪਾਸਾਰ ਬਹੁ-ਦਿਸ਼ਾਵੀ ਹਨ। ਮਿਸਾਲ ਵਜੋਂ ਪੂਰਨ ਭਗਤ ਦਾ ਕੇਂਦਰਿਤ ਥੀਮ ਭਗਤੀ ਭਾਵਨਾ ਤਕ ਸੀਮਤ ਹੈ ਜਦ ਕਿ ਹੀਰ ਵਾਰਿਸ ਵਿਚ ਥੀਮ ਇਸ਼ਕ ਦੇ ਬਿੰਦੂ ਤੋਂ ਫੈਲਦਾ ਹੋਇਆ ਸਮੁੱਚੇ ਪੰਜਾਬ ਦੇ ਸਭਿਆਚਾਰਕ ਬਿੰਬ ਵਿਚ ਢਲਦਾ ਹੈ। ਫੈਲਾਉ ਵਧੇਰੇ ਹੋਣ ਕਾਰਣ ਜ਼ਿੰਦਗੀ ਦਾ ਬਿੰਬ ਵੀ ਅਨੇਕ-ਪਰਤੀ ਹੋ ਜਾਂਦਾ ਹੈ। ਅਜਿਹੀ ਸੂਰਤ ਵਿਚ ਬ੍ਰਿਤਾਂਤ ਦੀ ਨਿਰੰਤਰਤਾ ਨੂੰ ਬਣਾਈ ਰੱਖਣਾ ਬੜੀ ਵੱਡੀ ਚੁਣੌਤੀ ਹੁੰਦਾ ਹੈ। ਸੰਜਮੀ ਬ੍ਰਿਤਾਂਤ ਵਿਚ ਨਿਰੰਤਰਤਾ ਥਿੜਕਣ ਦੀ ਸੰਭਾਵਨਾ ਘੱਟ ਹੁੰਦੀ ਹੈ ਪਰ ਫੈਲਾਉ ਵਾਲੇ ਬ੍ਰਿਤਾਂਤ ਵਿਚ ਕਿੱਸਾਕਾਰ ਬੜਾ ਦੀਰਘ ਦ੍ਰਿਸ਼ਟੀ ਵਾਲਾ ਹੋਣਾ ਚਾਹੀਦਾ ਹੈ ਤਾਂ ਜੋ ਨਾ ਤਾਂ ਰਚਨਾ ਦੀ ਨਿਰੰਤਰਤਾ ਭੰਗ ਹੋਵੇ ਅਤੇ ਨਾ ਹੀ ਰਚਨਾ ਦਾ ਸਮੁੱਚਾ ਬਿੰਬ ਖੰਡਿਤ ਹੋਵੇ। ਇਸ ਚੁਣੌਤੀ ਨੂੰ ਵਿਰਲੇ ਕਿੱਸਾਕਾਰਾਂ ਨੇ ਹੀ ਨਿਭਾਇਆ ਹੈ। ਹੀਰ ਦਮੋਦਰ ਅਤੇ ਮੁਕਬਲ ਦੇ ਕਿੱਸਿਆਂ ਵਿਚ ਫੈਲਾਉ ਦੇ ਬਾਵਜੂਦ ਬ੍ਰਿਤਾਂਤ ਦੀ ਨਿਰੰਤਰਤਾ ਤਾਂ ਹੈ ਪਰ ਰਚਨਾ ਦੇ ਅੰਤ ਉਪਰ ਸਥਿਤੀ ਨੂੰ ਮਨ-ਇੱਛਿਤ ਰੂਪ ਦੇਣ ਨਾਲ ਸਥਿਤੀਆਂ ਦਾ ਵਿਵੇਕ ਭੰਗ ਹੋ ਗਿਆ ਹੈ। ਸਾਰੀ ਰਚਨਾ ਵਿਚ ਤਿੱਖਾ ਤਨਾਉ ਅਤੇ ਪ੍ਰਵਾਹ ਹੈ ਪਰ ਇਹ ਤਨਾਉ ਜਦੋਂ ਸਥਿਤੀ ਦੇ ਸਰਲੀਕਰਣ ਨਾਲ ਸੁਖਾਂਤ ਵਿਚ ਮੁੱਕਦਾ ਹੈ ਤਾਂ ਵਿਵੇਕ ਭੰਗ ਹੁੰਦਾ ਹੈ। ਜੇਕਰ ਕਿੱਸਾਕਾਰ ਬ੍ਰਿਤਾਂਤ ਨੂੰ ਸੁਖਾਂਤਕ ਮੋੜ ਨਾ ਦੇਂਦੇ ਤਾਂ ਇਨ੍ਹਾਂ ਕਿੱਸਿਆਂ ਨੂੰ ਵਾਰਸ ਵਾਲਾ ਦਰਜਾ ਮਿਲਣਾ ਸੀ। ਇਸ ਪੱਖੋਂ ਵਾਰਿਸ ਨੇ ਬ੍ਰਿਤਾਂਤ ਦੀ ਨਿਰੰਤਰਤਾ ਨੂੰ ਸਥਿਤੀਆਂ ਦੇ ਵਿਵੇਕ ਨਾਲ ਜੋੜ ਕੇ ਪ੍ਰਮਾਣਕ ਰਚਨਾ ਰਚੀ ਹੈ। ਇਸ ਫੈਲਾਉ ਵਾਲੇ ਬ੍ਰਿਤਾਂਤ ਦੀ ਨਿਰੰਤਰਤਾ ਨੂੰ ਬਣਾਈ ਰੱਖਣ ਲਈ ਕਿੱਸਾਕਾਰ ਨੇ ਅਨੇਕ ਜੁਗਤਾਂ ਦੀ ਵਰਤੋਂ ਕੀਤੀ ਹੈ ਜਿਵੇਂ ਕਵੀਓ ਵਾਚ, ਸੰਵਾਦ/ਵਿਵਾਦ, ਸੁਨੇਹੇ ਅਤੇ ਮਨਬਚਨੀਆਂ ਆਦਿ। ਕਵੀਓ ਵਾਚ ਤਾਂ ਇਕ ਅਜਿਹੀ ਜੁਗਤ ਹੈ, ਜਿਸ ਰਾਹੀਂ ਕਿੱਸਾਕਾਰ ਵਿਭਿੰਨ ਸਥਿਤੀਆਂ ਨੂੰ ਅੰਤਰ-ਸੰਬੰਧਤ ਕਰਦਾ ਹੈ ਅਤੇ ਨਾਲ ਹੀ ਭਵਿੱਖ ਵਿਚ ਪੈਦਾ ਹੋਣ ਵਾਲੀ ਸਥਿਤੀ ਦਾ ਸੰਕੇਤ ਦੇਂਦਾ ਹੈ। ਆਧੁਨਿਕ ਸਮੀਖਿਆਕਾਰਾਂ ਵਿਚੋਂ ਕੁਝ ਇਹ ਮੱਤ ਵੀ ਪ੍ਰਗਟਾਉਂਦੇ ਹਨ ਕਿ ਕਵੀਓ ਵਾਚ ਨਾਲ ਰਚਨਾ ਦੀ ਆਪਣੀ ਖ਼ੁਦਮੁਖ਼ਤਾਰੀ ਭੰਗ ਹੁੰਦੀ ਹੈ ਕਿਉਂਕਿ ਰਚਨਾ ਅਤੇ ਰਚਨਾਕਾਰ ਵਿਚ ਵਿੱਥ ਹੋਣੀ ਲਾਜ਼ਮੀ ਹੈ। ਇਹ ਵਿਚਾਰ ਆਧੁਨਿਕ ਗਲਪ ਦੇ ਪ੍ਰਸੰਗ ਵਿਚ ਤਾਂ ਪ੍ਰਸੰਗਿਕ ਹੈ ਪਰ ਮੱਧਕਾਲੀ ਸਾਹਿਤ ਚਿੰਤਨ ਵਿਚ ਅਜਿਹੀ ਰਚਨਾਤਮਕ ਵਿੱਥ ਲੱਭਣੀ ਸਾਰਥਕ ਨਹੀਂ ਕਿਉਂਕਿ ਇਸ ਸਮੁੱਚੇ ਕਾਵਿ ਵਿਚ ਰਚਨਾ, ਰਚਨਾਕਾਰ ਅਤੇ ਪਾਠਕ ਇਕ ਦੂਜੇ ਵਿਚ ਓਤ ਪ੍ਰੋਤ ਹਨ। ਪ੍ਰਮਾਣ ਵਜੋਂ ਜਨਮ ਸਾਖੀਕਾਰ ਜੋ ਕਿ ਆਪਣੇ ਨਾਇਕ ਪ੍ਰਤਿ ਸ਼ਰਧਾਵਾਨ ਹੈ, ਉਸ ਕੋਲੋਂ ਰਚਨਾਤਮਕ ਵਿੱਥ ਦੀ ਆਸ ਹੋ ਹੀ ਨਹੀਂ ਸਕਦੀ। ਇਹੀ ਸਥਿਤੀ ਕਿੱਸਾਕਾਰਾਂ ਦੀ ਹੈ। ਉਹ ਜਿਨ੍ਹਾਂ ਪਾਤਰਾਂ ਦੀ ਕਹਾਣੀ ਪ੍ਰਸਤੁਤ ਕਰਦੇ ਹਨ, ਉਨ੍ਹਾਂ ਲਈ ਉਹ ਹਮਦਰਦੀ ਰੱਖਦੇ

ਹਨ। ਪ੍ਰਮਾਣ ਵਜੋਂ ਕਾਦਰ ਯਾਰ ਇਸ ਸਹਾਨਭੂਤੀ ਨੂੰ ਵੀ ਪ੍ਰਗਟਾ ਰਿਹਾ ਹੈ ਅਤੇ ਨਾਲ ਹੀ ਕਿੱਸੇ ਦੇ ਕੇਂਦਰੀ ਵਿਸ਼ੇ ਵਸਤੂ ਵਲ ਵੀ ਸੰਕੇਤ ਕਰਦਾ ਹੈ :—

ਸੁਣੋ ਲੋਕੋ ਕਿੱਸਾ ਆਸ਼ਕਾਂ ਦਾ,
ਜਿਨ੍ਹਾਂ ਰੱਬ ਦੇ ਨਾਮ ਤੋਂ ਜਾਨ ਵਾਰੀ।
ਉਨ੍ਹਾਂ ਜਾਨ ਤੋਂ ਮੌਤ ਕਬੂਲ ਕੀਤੀ,
ਪਰ ਸਾਬਤੀ ਨਾ ਦਿਲੋਂ ਮੂਲ ਹਾਰੀ।
ਰੱਬ ਯਾਦ ਕਰ ਉਨ੍ਹਾਂ ਨੂੰ ਬਖ਼ਸ਼ਦਾ ਹੈ,
ਦੁਖ ਦੇਇ ਕੇ ਸੁੱਖ ਦੀ ਕਰੇ ਕਾਰੀ।
ਕਾਦਰ ਯਾਰ ਜੇ ਓਸ ਦੇ ਹੋਇ ਰਹੀਏ,
ਓਹਨੂੰ ਪਾਉਂਦੀ ਹੈ ਸ਼ਰਮ ਦੀ ਲਾਜ ਸਾਰੀ।

ਇਸ ਕਵੀਓ ਵਾਚ ਦੀਆਂ ਮੂਲ ਸੁਰਾਂ ਬੜੀਆਂ ਸਪੱਸ਼ਟ ਹਨ। ਰਚਨਾ ਦਾ ਵਿਸ਼ਾ ਅਤੇ ਰਚਨਾ ਦਾ ਨਾਇਕ ਦੋਵੇਂ ਪਾਠਕ ਦੀ ਦ੍ਰਿਸ਼ਟੀ ਨੂੰ ਆਕਰਸ਼ਿਤ ਕਰਦੇ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਪਾਠਕ ਵੀ ਰਚਨਾ ਦੇ ਨਾਇਕ ਨਾਲ ਭਾਵੁਕ ਪੱਧਰ ਉਪਰ ਜੁੜਿਆ ਹੁੰਦਾ ਹੈ। ਅਜਿਹੀ ਸਥਿਤੀ ਵਿਚ ਕਵੀਓ ਵਾਚ ਬ੍ਰਿਤਾਂਤ ਦੀ ਨਿਰੰਤਰਤਾ ਬਣਾਉਣ ਵਿਚ ਮੂਲ ਜੁਗਤ ਬਣਦਾ ਹੈ। ਕਵੀਓ ਵਾਚ ਦੀ ਭੂਮਿਕਾ ਉਦੋਂ ਵਧੇਰੇ ਅਰਥ ਭਰਪੂਰ ਹੁੰਦੀ ਹੈ ਜਦੋਂ ਕੇਂਦਰੀ ਵਿਸ਼ੇ ਨਾਲ ਵਿਭਿੰਨ ਪ੍ਰਸੰਗਾਂ ਨੂੰ ਜੋੜਨਾ ਹੁੰਦਾ ਹੈ। ਇੰਜ ਮੂਲ ਬ੍ਰਿਤਾਂਤ ਦੀ ਨਿਰੰਤਰਤਾ ਵੀ ਬਣੀ ਰਹਿੰਦੀ ਹੈ ਅਤੇ ਵਿਸ਼ਾ ਬਹੁ-ਪਾਸਾਰੀ ਵੀ ਹੋ ਜਾਂਦਾ ਹੈ। ਕਈ ਵਾਰੀ ਇਹ ਟਿੱਪਣੀ ਏਨੀ ਸਾਰਥਕ ਹੁੰਦੀ ਹੈ ਕਿ ਰਚਨਾ ਦਾ ਸਮੁੱਚਾ ਪ੍ਰਵਾਹ ਪਾਠਕ ਦੀ ਪਕੜ ਵਿਚ ਆ ਜਾਂਦਾ ਹੈ।

ਕਿੱਸਾ ਪਰਿਪੇਖ ਦੇ ਅੰਤਰਗਤ ਆਖ਼ਰੀ ਧਿਆਨਯੋਗ ਨੁਕਤਾ ਇਸ ਕਾਵਿ-ਪਰੰਪਰਾ ਦੇ ਰੂਪਾਕਾਰ ਬਾਰੇ ਹੈ। ਇਸ ਕਾਵਿ-ਰੂਪ ਬਾਰੇ ਚਰਚਾ ਕਰਦਿਆਂ ਕੁਝ ਵਿਦਵਾਨਾਂ ਨੇ ਇਸ ਨੂੰ ਮਸਨਵੀ ਅਤੇ ਹਿੰਦੀ ਪ੍ਰੇਮਖ਼ਿਆਨ ਦਾ ਹੀ ਵਿਸਥਾਰ ਮੰਨਿਆ ਹੈ। ਇਸ ਵਿਚ ਸੰਦੇਹ ਵੀ ਨਹੀਂ ਕਿ ਪੰਜਾਬੀ ਕਿੱਸਾ ਕਾਵਿ ਵਿਚੋਂ ਅਜਿਹੇ ਅੰਸ਼ ਲੱਭੇ ਜਾ ਸਕਦੇ ਹਨ ਜੋ ਫ਼ਾਰਸੀ ਮਸਨਵੀ ਅਤੇ ਹਿੰਦੀ ਪ੍ਰੇਮਾਖਿਆਨ ਵਿਚ ਮੌਜੂਦ ਸਨ ਪਰ ਜਿਥੋਂ ਤੱਕ ਇਸ ਕਾਵਿ ਰੂਪਾਕਾਰ ਦੀ ਖ਼ੁਦਮੁਖ਼ਤਾਰੀ ਦਾ ਸੰਬੰਧ ਹੈ, ਉਹ ਨਿਸ਼ਚੇ ਹੀ ਆਪਣੇ ਵਿਲੱਖਣ ਚਰਿੱਤਰ ਸਦਕਾ ਵੱਖਰੀ ਪਛਾਣੀ ਜਾ ਸਕਦੀ ਹੈ। ਗਲਪ ਸੰਗਠਨ ਦੀ ਦ੍ਰਿਸ਼ਟੀ ਤੋਂ ਇਹ ਕਾਵਿ ਰੂਪਾਕਾਰ ਮਸਨਵੀ ਅਤੇ ਪ੍ਰਮਾਖਿਆਨ ਨਾਲੋਂ ਵਧੇਰੇ ਲੌਕਿਕ ਹੈ। ਪ੍ਰਮਾਣ ਵਜੋਂ ਤਨਾਉ ਅਤੇ ਟਕਰਾਉ ਨੂੰ ਪੰਜਾਬੀ ਦੇ ਇਸ ਕਾਵਿ ਰੂਪਾਕਾਰ ਨੇ ਬੜੀ ਸੰਘਣੀ ਗਲਪ-ਜੁਗਤ ਰਾਹੀਂ ਫੈਲਾਇਆ ਹੈ। ਪਾਤਰਾਂ ਦੀ ਚਰਿਤਰ ਉਸਾਰੀ, ਉਨ੍ਹਾਂ ਦੀ ਕਾਰਜਸ਼ੀਲਤਾ, ਸੰਵਾਦ/ਤਕਰਾਰ ਅਤੇ ਤ੍ਰਾਸਦ ਸੰਵੇਦਨਾ ਇਸ ਕਾਵਿ ਰੂਪਾਕਾਰ ਦੀ ਖ਼ੁਦਮੁਖ਼ਤਾਰੀ ਵਲ ਸੰਕੇਤ ਕਰਦੇ ਹਨ। ਜੇਕਰ ਇਸ ਕਾਵਿ ਰੂਪਾਕਾਰ ਨੂੰ ਮਸਨਵੀ/ਪ੍ਰੇਮਾਖਿਆਨ ਨਾਲ ਜੋੜ ਕੇ ਵਿਚਾਰਿਆ ਵੀ ਜਾਵੇ ਤਾਂ ਇਸ ਦਾ ਵਿੱਤ ਅਤੇ ਵਿਸਥਾਰ

ਆਪਣੀਆਂ ਪਰੰਪਰਾਵਾਂ ਵਿਚ ਫੈਲਦਾ ਦਿਖਾਈ ਦੇਵੇਗਾ। ਇਸ ਪੱਖੋਂ ਪੰਜਾਬੀ ਕਿੱਸਾ ਕਾਵਿ ਦਾ ਕਾਵਿ-ਸ਼ਾਸਤਰੀ ਅਧਿਐਨ ਇਕ ਬੜਾ ਦਿਲਚਸਪ ਵਿਸ਼ਾ ਹੈ। ਇਸ ਅਧਿਐਨ ਰਾਹੀਂ ਹੀ ਇਸ ਕਾਵਿ ਰੂਪਾਕਾਰ ਦੀ ਸੁਤੰਤਰ ਹੋਂਦ ਪਛਾਣੀ ਜਾ ਸਕੇਗੀ। ਇਹ ਕਾਵਿ-ਪਰੰਪਰਾ ਤਾਂ ਅਜਿਹੀ ਮੁੱਲਵਾਨ ਰਚਨਾਤਮਕ ਪ੍ਰਾਪਤੀ ਹੈ. ਜਿਸ ਨੂੰ ਜਿੰਨੀ ਗਹਿਰਾਈ ਨਾਲ ਵਿਚਾਰੋ. ਉਨੀ ਇਸ ਦੀ ਸੰਭਾਵਨਾ ਵਧਦੀ ਹੈ। ਵਿਭਿੰਨ ਅੰਤਰ ਦ੍ਰਿਸ਼ਟੀਆਂ ਦੇ ਗਿਆਨ ਨਾਲ ਵਰੋਸਾਈ ਅਧਿਐਨ ਦ੍ਰਿਸਟੀ ਹੀ ਇਸ ਕਾਵਿ ਦੀ ਸਿਰਜਣਾਤਮਕਤਾ ਦਾ ਰਹੱਸ ਪਛਾਣ ਸਕਦੀ ਹੈ। ਨਿਰਸੰਦੇਹ ਇਸ ਕਾਵਿ ਪਰੰਪਰਾ ਨੂੰ ਇਕ ਅਜਿਹੇ ਪਰਿਪੇਖ ਵਿਚ ਰੱਖ ਕੇ ਵਿਚਾਰਨ ਦੀ ਲੋੜ ਹੈ ਜੋ ਅਧਿਐਨ ਨੂੰ ਸਹੀ ਦਿਸ਼ਾ ਦੇ ਸਕੇ। ਪੂਰਵ-ਮਿਥਿਤ ਧਾਰਨਾਵਾਂ ਦੀ ਪੁਸ਼ਟੀ ਲਈ ਇਸ ਕਾਵਿ ਪਰੰਪਰਾ ਦੇ ਮਨ ਇੱਛਿਤ ਅਰਥ ਕੱਢਣੇ ਵੀ ਇਸ ਪਰੰਪਰਾ ਨਾਲ ਅਨਰਥ ਕਰਨਾ ਹੈ। ਇਸ ਕਾਵਿ ਪਰੰਪਰਾ ਵਿਚ ਨਿਸ਼ਚੇ ਹੀ ਅਜਿਹੇ ਸੂਝ ਮਾਡਲ ਪਏ ਹਨ ਜੋ ਸਮਕਾਲੀ ਪ੍ਰਸੰਗਿਕਤਾ ਦੇ ਪ੍ਰਸ਼ਨ ਨਾਲ ਜੋੜ ਕੇ ਵਿਚਾਰੇ ਜਾ ਸਕਦੇ ਹਨ ਪਰ ਇਨ੍ਹਾਂ ਸੂਝ ਮਾਡਲਾਂ ਦੀ ਰੇਖਾਕਾਰੀ ਇਸ ਕਾਵਿ ਪਰੰਪਰਾ ਦੇ ਅੰਦਰਲੇ ਤੱਥਾਂ ਉਪਰ ਨਿਰਭਰ ਹੋਣੀ ਚਾਹੀਦੀ ਹੈ। ਪ੍ਰਮਾਣ ਵਜੋਂ ਵਰਤਮਾਨ ਵਿਚ ਜਿਸ ਅਨੇਕਤਾ ਵਿਚੋਂ ਏਕਤਾ ਦੇ ਸੂਝ ਮਾਡਲ ਦੀ ਗੱਲ ਕੀਤੀ ਜਾਂਦੀ ਹੈ, ਉਸ ਦਾ ਰਚਨਾਤਮਕ ਬਿੰਬ ਪੰਜਾਬੀ ਕਿੱਸਾ ਕਾਵਿ ਵਿਚ ਪਿਆ ਹੈ। ਵਿਭਿੰਨ ਸਿਮਰਤੀਆਂ ਦੀ ਅਨੇਕਤਾ ਦੇ ਬਾਵਜੂਦ ਏਕਤਾ ਸਾਕਾਰ ਹੋਈ ਹੈ। ਇਸ ਸੂਝ ਮਾਡਲ ਨੂੰ ਜਦੋਂ ਸਮਕਾਲੀ ਪ੍ਰਸੰਗਾਂ ਨਾਲ ਜੋੜ ਕੇ ਵਿਚਾਰਿਆ ਜਾਵੇਗਾ ਤਾਂ ਇਸ ਕਾਵਿ ਪਰੰਪਰਾ ਵਿਚੋਂ ਅਜਿਹਾ ਪ੍ਰਵਚਨ ਮਿਲੇਗਾ ਜੋ ਇਸ ਦੇ ਅਰਥਾਂ ਨੂੰ ਨਵੇਂ ਸਿਰਿਉਂ ਵਿਚਾਰਨ ਦੀ ਪ੍ਰੇਰਣਾ ਦੇਵੇਗਾ। ਦਰਅਸਲ ਆਧੁਨਿਕ ਬਣਨ ਦੇ ਚਾਅ ਵਿਚ ਪਰੰਪਰਾ ਨਾਲ ਬੇਇਨਸਾਫ਼ੀ ਕਰਨੀ ਜਾਂ ਪਰੰਪਰਾ ਨੂੰ ਸਮਾਂ ਵਿਹਾ ਚੁੱਕੀ ਮੰਨ ਲੈਣਾ ਇਕ ਇਤਿਹਾਸਕ ਭੁੱਲ ਹੈ। ਪਰੰਪਰਾ ਨੂੰ ਨੀਝ ਨਾਲ ਫਰੋਲਿਆਂ ਹੀ ਉਸ ਦੀ ਗੁੱਝੀ ਰਮਜ਼ ਤਕ ਪਹੁੰਚਿਆ ਜਾ ਸਕਦਾ ਹੈ। ਇਸ ਪੱਖੋਂ ਸਿਰਫ਼ ਪੰਜਾਬੀ ਕਿੱਸਾ ਕਾਵਿ ਹੀ ਨਹੀਂ ਬਲਕਿ ਸਮੁੱਚੇ ਮੱਧਕਾਲੀ ਪੰਜਾਬੀ ਸਾਹਿਤ ਨੂੰ ਸਹੀ ਪਰਿਪੇਖ ਵਿਚ ਰੱਖ ਕੇ ਵਿਚਾਰਨ ਦੀ ਲੋੜ ਹੈ।

# ਕਿੱਸਾ ਮਿਰਜ਼ਾ ਸਾਹਿਬਾਂ

## ਕਿੱਸਾਕਾਰ— ਪੀਲ

ਪੀਲੂ ਪੁੱਛੇ ਸਾਇਰ ਨੂੰ. ਕੈਂ ਵਲ ਗਿਆ ਜਹਾਨ ।
ਲਗ ਲਗ ਗਈਆ ਮਜਲਸਾ. ਬਹਿ ਬਹਿ ਗਏ ਦੀਵਾਨ
ਮਿਰਜਾ ਮਾਰਿਆ ਮਲਕੁਲ ਮੌਤ ਦਾ. ਕੁਛ ਮਾਰਿਆ ਉਹਨੂੰ ਗੁਮਾਂਨ ।
ਵਿਚ ਕਬਰਾ ਦੇ ਖੱਪ ਗਿਆ. ਮਿਰਜਾ ਸੋਹਣਾ ਜਵਾਨ ।
ਇਹ ਕਿੱਸਾ ਜੋੜਿਆ ਪੀਲੂ ਸਾਇਰ ਨੇ.
ਜਿਹਨੂੰ ਜਾਣੇ ਜਗ ਜਹਾਨ ।

# ਪੀਲੂ ਰਚਿਤ *ਮਿਰਜ਼ਾ ਸਾਹਿਬਾਂ*— ਮਾਨਵੀ ਆਤਮ ਪਛਾਣ ਦੀ ਸਿਖਰ

ਵਿਚ ਕਬਰਾਂ ਦੇ ਖਪ ਗਿਆ, ਮਿਰਜ਼ਾ ਸੋਹਣਾ ਜਵਾਨ ।
ਇਹ ਕਿੱਸਾ ਜੋੜਿਆ ਪੀਲੂ ਸ਼ਾਇਰ ਨੇ, ਜਿਹਨੂੰ ਜਾਣੇ ਜੱਗ ਜਹਾਨ ।

ਪੀਲੂ ਰਚਿਤ ਕਿੱਸਾ ਮਿਰਜ਼ਾ ਸਾਹਿਬਾਂ ਪੰਜਾਬੀ ਕਿੱਸਾਕਾਰੀ ਦੇ ਪਰਿਪੇਖ ਵਿਚ ਇਕ ਨਿਵੇਕਲੀ ਰਚਨਾ ਹੈ । ਆਕਾਰ ਵਿਚ ਛੋਟੀ ਪਰ ਚਰਿਤਰ ਵਿਚ ਬਿਲਕੁਲ ਵੱਖਰੀ ਪ੍ਰਾਪਤੀ ਹੈ । ਇਹ ਕਿੱਸਾ ਭਾਵੇਂ ਵਿਅਕਤੀ ਅਤੇ ਸਮਾਜ ਦੇ ਤਿੱਖੇ ਟਕਰਾਉ ਵਿਚੋਂ ਪੈਦਾ ਹੋਣ ਵਾਲੀ ਤ੍ਰਾਸਦੀ ਨੂੰ ਪ੍ਰਸਤੁਤ ਕਰਦਾ ਹੈ ਪਰ ਇਸ ਕਿੱਸੇ ਦੀ ਦੂਜਿਆਂ ਇਸ਼ਕ ਦੇ ਕਿੱਸਿਆਂ ਨਾਲੋਂ ਭਿੰਨਤਾ ਇਹ ਹੈ ਕਿ ਇਸ ਵਿਚ ਦੁਖਾਂਤ ਦਾ ਕਾਰਣ ਸਾਹਿਬਾਂ ਦੀ ਬੇਵਫ਼ਾਈ ਵਾਲੀ ਧਾਰਨਾ ਨਿਰਮੂਲ ਜਾਪਣ ਲੱਗਦੀ ਹੈ । ਕਿੱਸਾਕਾਰ ਦਾ ਇਹ ਕਹਿਣਾ —"ਮੰਦਾ ਕੀਤਾ ਈ ਸਾਹਿਬਾਂ, ਤੂੰ ਰਲ ਗਈ ਸਿਆਲਾਂ ਦੇ ਨਾਲ"— ਲੋਕ ਮਾਨਸਿਕਤਾ ਵਿਚ ਇੰਜ ਟਿਕ ਗਿਆ ਹੈ ਕਿ ਸਾਹਿਬਾਂ ਪ੍ਰਤਿ ਪੰਜਾਬੀਆਂ ਦੇ ਮਨ ਵਿਚ ਉਹ ਉੱਦਾਤ ਭਾਵ ਨਹੀਂ ਜੋ ਹੀਰ, ਸੋਹਣੀ ਜਾਂ ਸੱਸੀ ਪ੍ਰਤਿ ਹੈ । ਪੰਜਾਬੀਆ ਦੇ ਮਨਾਂ ਵਿਚ ਮਿਰਜ਼ਾ ਅਜਿਹਾ ਜਵਾਨ, ਯੋਧਾ, ਪ੍ਰੇਮੀ ਹੈ, ਜਿਸ ਦੀ ਬੱਕੀ ਤੋਂ ਫਰੇਸ਼ਤੇ ਵੀ ਡਰਦੇ ਹਨ । ਖ਼ੁਦ ਮਿਰਜ਼ਾ ਕਿੱਸੇ ਵਿਚ ਇੰਜ ਕਹਿੰਦਾ ਹੈ:—

ਦਸ ਮਹੀਆਂ ਦਾ ਘਿਉ ਦਿਤਾ, ਬੱਕੀ ਦੇ ਢਿੱਡ ਪਾ
ਬੱਕੀ ਤੋਂ ਡਰਨ ਫਰੇਸ਼ਤੇ, ਤੇ ਮੈਥੋਂ ਡਰੇ ਖ਼ੁਦਾ
ਚੁੱਭੀ ਵਿਚ ਪਤਾਲ ਲਾ, ਉਡ ਕੇ ਚੜ੍ਹੇ ਅਕਾਸ਼
ਚੜ੍ਹਨਾ ਆਪਣੀ ਸ਼ੌਕ ਨੂੰ, ਬੱਕੀ ਨੂੰ ਲਾਜ ਨਾ ਲਾ ।

ਅਸਲ ਵਿਚ ਤ੍ਰਾਸਦੀ ਦਾ ਕਾਰਣ ਨਾ ਤਾਂ ਮਿਰਜ਼ੇ ਦਾ ਗੁਮਾਨ ਹੈ ਅਤੇ ਨਾ ਹੀ ਸਾਹਿਬਾਂ ਦੀ ਬੇਵਫ਼ਾਈ ਹੈ । ਕਿੱਸੇ ਵਿਚਲੀ ਤ੍ਰਾਸਦੀ ਦਾ ਕਾਰਣ ਇਹ ਹੈ ਕਿ "ਬਾਝੂ ਭਰਾਵਾਂ ਜੱਟ ਮਾਰਿਆ, ਕੋਈ ਨ ਮਿਰਜ਼ੇ ਦੇ ਸੰਗ ।" ਸਾਰੀ ਸਥਿਤੀ ਦਾ ਵਿਸ਼ਲੇਸ਼ਣ ਕਰੀਏ ਤਾਂ ਇਸ ਤੱਥ ਦੀ ਪ੍ਰਤੀਤੀ ਹੁੰਦੀ ਹੈ ਕਿ ਇਸ਼ਕ ਦੇ ਕਿੱਸਿਆਂ ਵਿਚ ਤ੍ਰਾਸਦੀ ਵਿਅਕਤੀ ਅਤੇ ਸਮਾਜ ਦੇ ਤਿੱਖੇ ਤਨਾਉ/ਟਕਰਾਉ ਵਿਚੋਂ ਹੁੰਦੀ ਹੈ । ਮਿਰਜ਼ਾ ਸਾਹਿਬਾਂ

ਦੀ ਤ੍ਰਾਸਦੀ ਦੂਜੇ ਇਸ਼ਕ ਦੇ ਕਿੱਸਿਆਂ ਨਾਲੋਂ ਭਿੰਨ ਨਹੀਂ ਹੈ। ਸਥਿਤੀ ਦਾ ਫ਼ਰਕ ਇਹ ਹੈ ਕਿ ਇਥੇ ਸਾਹਿਬਾਂ ਦੇ ਭਰਾ ਮਿਰਜ਼ੇ ਨੂੰ ਵੱਢ ਦੇਂਦੇ ਹਨ ਜਦ ਕਿ ਦੂਜੇ ਕਿੱਸਿਆਂ ਵਿਚ ਮਾਪੇ ਚਲਾਕੀ ਨਾਲ ਮਾਰ ਦੇਂਦੇ ਹਨ। ਨਾਇਕ/ਨਾਇਕਾ ਦੀ ਮੌਤ ਹਰ ਇਸ਼ਕ ਦੇ ਕਿੱਸੇ ਵਿਚ ਇਕੋ ਜਿਹੀ ਹੈ। ਮਿਰਜ਼ਾ ਸਾਹਿਬਾਂ ਦੇ ਕਿੱਸੇ ਵਿਚ ਵੀ ਦੋਵਾਂ ਦਾ ਮਰਨਾ ਨਿਸ਼ਚਿਤ ਸੀ। ਸਾਹਿਬਾਂ ਦੇ ਘਰਦਿਆਂ ਨੂੰ ਜਦ ਮਿਰਜ਼ੇ ਦੇ ਕੱਢ ਕੇ ਲੈ ਜਾਣ ਬਾਰੇ ਪਤਾ ਚਲਦਾ ਹੈ ਤਾ ਉਨ੍ਹਾਂ ਦਾ ਫ਼ੈਸਲਾ ਹੀ ਮਿਰਜ਼ੇ ਦੀ ਮੌਤ ਸੀ। ਇਹ ਕਹਿਣਾ ਕਿ ਸਾਹਿਬਾਂ ਜੇਕਰ ਤਰਕਸ਼ ਜੰਡ ਉਪਰ ਨਾ ਟੰਗਦੀ ਤਾਂ ਮਿਰਜ਼ੇ ਨੇ ਬਚ ਜਾਣਾ ਸੀ. ਇਹ ਤਾਂ ਪੰਜਾਬੀਆ ਦੇ ਮਨਾਂ ਵਿਚ ਮਿਰਜ਼ੇ ਦੀ ਬਹਾਦਰੀ ਦਾ ਭਰਮ ਸੀ। ਜਿਨ੍ਹਾਂ ਵਿਅਕਤੀਆਂ ਮਗਰ ਪੂਰੀ ਪਿੰਡ ਦੀ ਵਾਹਰ ਲੱਗੀ ਹੋਵੇ, ਉਹ ਭਲਾ ਬਚ ਕੇ ਕਿਥੇ ਜਾ ਸਕਦੇ ਸਨ ? ਫੈਸਲਾ ਤਾਂ ਦੋਹਾਂ ਦੀ ਮੌਤ ਨਾਲ ਹੀ ਪੂਰਾ ਹੋਣਾ ਸੀ। ਫੈਸਲਾ ਤਾਂ ਇਹ ਸੀ:—

ਫੀਰੋਜ਼ ਡੋਗਰ ਕੂਕਿਆ. ਸੁਣ ਖਾਨ ਖੀਵਾ ਮੇਰੀ ਬਾਤ
ਸਾਹਿਬਾਂ ਨੂੰ ਮਿਰਜ਼ਾ ਲੈ ਗਿਆ, ਰੋਂਦੀ ਕੰਢੀ ਦੀ ਬਾਰ
ਲਾ ਗਿਆ ਲਾਜ ਸਿਆਲਾਂ ਨੂੰ, ਗਿਆ ਸੀ ਦਾਗ਼ ਲਾ
ਘੋੜੇ ਪਾਉ ਪੈਖਰਾਂ, ਪੈਦਲ ਹੋ ਜਾਣ ਸਵਾਰ
ਰਸਤੇ ਪਵੋਂ ਪੈਦਲੋ, ਮੁੰਡ ਮੱਲੋ ਅਸਵਾਰ
ਸ਼ਾਵਾ ਮਿਰਜ਼ਾ ਮਾਰਨਾ, ਕਰਕੇ ਕੌਲ ਕਰਾਰ।

ਜਿਹੜੀ ਭਰਾਵਾ ਦੀ ਵਾਹਰ ਮਿਰਜ਼ੇ ਦੀ ਮੌਤ ਦਾ ਕਰਾਰ ਲੈ ਕੇ ਭੱਜੀ ਸੀ, ਉਨ੍ਹਾ ਨੇ ਮਿਰਜ਼ੇ ਦਾ ਅੰਤ ਕਰਨਾ ਹੀ ਸੀ। ਜੰਡ ਹੇਠ ਸੌਂ ਜਾਣਾ, ਸਾਹਿਬਾਂ ਦਾ ਤਰਕਸ਼ ਟੰਗਣਾ ਜਾ ਬੱਕੀ ਦਾ ਛੱਡ ਜਾਣਾ ਸਾਰੇ ਵੇਰਵੇ ਅਪ੍ਰਾਸੰਗਿਕ ਹਨ। ਅਸਲ ਪ੍ਰਸੰਗ ਤਾਂ ਇਹ ਹੈ ਕਿ ਮਿਰਜਾ ਸਾਹਿਬਾਂ ਨੇ ਜਿਹੜੀ ਬਗ਼ਾਵਤ ਕੀਤੀ ਸੀ. ਉਸ ਦੇ ਪ੍ਰਤਿਕਰਮ ਵਿਚ ਉਨ੍ਹਾਂ ਨੂੰ ਮਰਨਾ ਹੀ ਪੈਣਾ ਸੀ। ਮਹੱਤਵਪੂਰਣ ਤੱਥ ਹੀ ਇਹ ਹੈ ਕਿ ਬਾਝੁ ਭਰਾਵਾਂ ਮਿਰਜ਼ਾ ਮਾਰਿਆ ਗਿਆ ਹੈ। ਮਿਰਜ਼ਾ ਜਦੋਂ ਸਾਹਿਬਾਂ ਦਾ ਸੁਨੇਹਾ ਮਿਲਣ ਸਮੇਂ ਘਰੋਂ ਚੱਲਣ ਲੱਗਦਾ ਹੈ ਤਾਂ ਮਾਂ ਦੇ ਬੋਲ ਹੀ ਹੋਣੀ ਦਾ ਸੰਕੇਤ ਦੇ ਦੇਂਦੇ ਹਨ:—

ਚੜ੍ਹਦੇ ਮਿਰਜ਼ਾ ਖ਼ਾਨ ਨੂੰ, ਮਤੀ ਦੇਵੇ ਮਾਂ
ਬੁਰੇ ਸਿਆਲਾਂ ਦੇ ਮਾਮਲੇ, ਬੁਰੀ ਸਿਆਲਾਂ ਦੀ ਰਾਹ
ਬੁਰੀਆਂ ਸਿਆਲਾਂ ਦੀਆਂ ਔਰਤਾਂ, ਜਾਦੂ ਲੈਂਦੀਆਂ ਪਾ
ਕੱਢ ਕਲੇਜੇ ਖਾਂਦੀਆਂ, ਮੇਰੇ ਝਾਟੇ ਤੇਲ ਨਾ ਪਾ
ਰੰਨ ਦੀ ਖਾਤਰ ਚਲਿਆ, ਆਵੇਂ ਜਾਨ ਗਵਾਇ।
ਆਖੇ ਮੇਰੇ ਲੱਗ ਜਾ, ਅੱਗੇ ਪੈਰ ਨਾ ਪਾਇ।।

ਮਾਂ ਦਾ ਇਹ ਕਹਿਣਾ ਕਿ 'ਐਵੇਂ ਜਾਨ ਨਾ ਗਵਾਇ' ਹੀ ਹੋਣੀ ਵੱਲ ਸੰਕੇਤ

ਹੈ ਕਿ ਜਦੋਂ ਸਾਹਿਬਾਂ ਦੇ ਘਰਦਿਆਂ ਨੂੰ ਪਤਾ ਲਗਣਾ ਹੈ ਤਾਂ ਉਨ੍ਹਾਂ ਨੇ ਦੋਹਾਂ ਨੂੰ ਮਾਰਨਾ ਹੀ ਹੈ। ਮਿਰਜ਼ੇ ਨੂੰ ਵੀ ਆਪਣੀ ਮੌਤ ਬਾਰੇ ਅਗਾਊਂ ਪਤਾ ਹੈ : "ਆਪਣੀ ਮੌਤੇ ਮੈਂ ਮਰਾਂ, ਮੇਰੇ ਨਾਲ ਤੁਹਾਨੂੰ ਕੀ।" ਮਿਰਜ਼ੇ ਅੰਦਰ ਜਿਹੜੀ ਅਵਸਥਾ ਜਾਗਰਿਤ ਹੋ ਚੁੱਕੀ ਸੀ, ਉਸ ਅਵਸਥਾ ਵਿਚ ਉਸ ਨੂੰ ਮਾਂ ਭੈਣ ਜਾਂ ਕਿਸੇ ਹੋਰ ਦੀ ਨਸੀਹਤ ਰੋਕ ਨਹੀਂ ਸੀ ਸਕਦੀ। ਇਹੀ ਉਸ ਦੀ ਆਤਮ ਪਛਾਣ ਦੀ ਸਿਖਰ ਹੈ ਕਿ ਮੌਤ ਤਾਂ ਕਬੂਲ ਹੈ ਪਰ ਮੰਗ ਨਹੀਂ ਛੱਡੀ ਜਾ ਸਕਦੀ:—

ਵਿਆਹ ਹੋਵੇ ਛੱਡ ਦਿਆਂ, ਮੰਗ ਨਾ ਛੱਡੀ ਜਾ
ਜੇਕਰ ਮੰਗ ਮੈਂ ਛੱਡ ਦਿਆਂ, ਲੱਗੇ ਖਰਲਾਂ ਨੂੰ ਲਾਜ।
ਪੁੱਤ ਮਿਰਜ਼ਾ ਨੂੰਹ ਸਾਹਿਬਾਂ, ਸਾਡੀ ਟੁਰੇ ਜਗ ਵਿਚ ਵਾਰ।

ਮਿਰਜ਼ਾ ਸਾਹਿਬਾਂ ਦੇ ਇਸ਼ਕ ਨੂੰ ਭਾਵੇਂ ਪੰਜਾਬੀਆਂ ਨੇ ਉਸ ਮੋਹ ਨਾਲ ਨਹੀਂ ਸਵੀਕਾਰਿਆ ਜਿਵੇਂ ਦੂਸਰੇ ਨਾਇਕ/ਨਾਇਕਾਵਾਂ ਨੂੰ ਧਿਆਇਆ ਹੈ ਪਰ ਮਿਰਜ਼ੇ ਪ੍ਰਤੀ ਉਨ੍ਹਾਂ ਦਾ ਹੁਲਾਸ ਬੜਾ ਪ੍ਰਤੱਖ ਹੈ। ਮਿਰਜ਼ੇ ਦੀ ਮੌਤ ਕਾਰਣ ਲੋਕ ਮਨਾਂ ਵਿਚ ਸਾਹਿਬਾਂ ਦੀ ਮਨਫ਼ੀ ਭੂਮਿਕਾ ਹੈ ਜਦਕਿ ਸਾਹਿਬਾਂ ਦੀ ਇਹ ਭੂਮਿਕਾ ਨਾ ਤਾਂ ਅਰਥ ਰੱਖਦੀ ਹੈ ਤਾਂ ਹੀ ਇਸ ਪ੍ਰਸੰਗ ਦੀ ਪ੍ਰਮਾਣਕਤਾ ਸਪੱਸ਼ਟ ਹੈ। ਹਾਫਿਜ਼ ਬਰਖੁਰਦਾਰ ਦੇ ਕਿੱਸੇ ਵਿਚ ਤਾਂ ਵੇਰਵੇ ਵੀ ਭਿੰਨ ਹਨ। ਉਸ ਦੇ ਕਿੱਸੇ ਵਿਚ ਤਾਂ ਇਹ ਜਿਕਰ ਹੈ ਕਿ ਸਾਹਿਬਾਂ ਦੇ ਭਰਾ ਮਿਰਜ਼ੇ ਅਤੇ ਸਾਹਿਬਾਂ ਨੂੰ ਲੁਕੇ ਹੋਇਆਂ ਨੂੰ ਮਾਰ ਦੇਂਦੇ ਹਨ। ਪੀਲੂ ਦਾ ਕਿੱਸਾ ਕਿਉਂਕਿ ਲੋਕ ਮਨਾਂ ਵਿਚ ਵਧੇਰੇ ਪ੍ਰਵਾਣ ਹੈ, ਇਸ ਲਈ ਸਾਹਿਬਾਂ ਨੂੰ ਹੀ ਮਿਰਜ਼ੇ ਦੀ ਹੋਣੀ ਦਾ ਕਾਰਣ ਮਿਥ ਲੈਂਦੇ ਹਨ। ਅਜਿਹਾ ਕਰਨਾ ਸਾਹਿਬਾਂ ਦੀ ਕਰਨੀ ਨੂੰ ਛੋਟਿਆਂ ਕਰਨਾ ਹੈ। ਸਾਹਿਬਾਂ ਤਰਕਸ ਜੰਡ ਉਪਰ ਨਾ ਵੀ ਟੰਗਦੀ, ਮਿਰਜ਼ਾ ਰੁੱਖ ਹੇਠਾਂ ਨਾ ਵੀ ਸੌਂਦਾ ਤਾਂ ਵੀ ਇਹੀ ਹੋਣੀ ਵਾਪਰਨੀ ਸੀ। ਵਿਅਕਤੀ ਅਤੇ ਸਮਾਜ ਦੇ ਟਕਰਾਉ ਵਿਚ ਵਿਅਕਤੀ ਨੂੰ ਮਰਨਾ ਹੀ ਪੈਣਾ ਸੀ। ਜਿਹੜੀ ਵਾਹਰ ਘਰੋਂ ਮਿਰਜ਼ੇ ਨੂੰ ਮਾਰਨ ਨਿਕਲੀ ਸੀ, ਉਨ੍ਹਾਂ ਨੇ ਮਿਰਜ਼ੇ ਨੂੰ ਮਾਰ ਕੇ ਹੀ ਪਰਤਣਾ ਸੀ। ਮਿਰਜ਼ੇ ਅਤੇ ਸਾਹਿਬਾਂ ਦੀ ਮੌਤ ਸਮਾਜਕ ਨੇਮਾਂ ਨੂੰ ਚੁਣੌਤੀ ਦੇਣ ਕਾਰਣ ਹੋਈ ਸੀ। ਇਹ ਹੋਣੀ ਦੂਜੇ ਪ੍ਰੇਮੀਆਂ ਵਰਗੀ ਹੀ ਹੈ। ਇਸ ਤ੍ਰਾਸਦੀ ਨੂੰ ਸਾਹਿਬਾਂ ਦੀ ਬੇਵਫ਼ਾਈ ਨਾਲ ਜੋੜਨਾ ਸਿਰਫ਼ ਮਿਰਜ਼ੇ ਦੀ ਬਹਾਦਰੀ ਦਾ ਗੁਣਗਾਣ ਕਰਨਾ ਹੈ ਜਦ ਕਿ ਅਜਿਹੇ ਸੰਕਟ ਸਮੇਂ ਸਮੂਹ ਨਾਲ ਟਕਰਾਉਣ ਵਿਚ ਮੌਤ ਦਾ ਭਾਗੀ ਬਣਨਾ ਹੀ ਪੈਣਾ ਸੀ। ਇਥੇ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਜਦੋਂ ਇਹ ਪਤਾ ਹੋਵੇ ਕਿ ਪਿਛੇ ਪੂਰੀ ਵਾਹਰ ਵਾਹੋਦਾਹੀ ਭੱਜੀ ਆ ਰਹੀ ਹੈ, ਉਸ ਸਮੇਂ ਜੰਡ ਦੇ ਹੇਠਾਂ ਸੌਣ ਵਾਲੀ ਗੱਲ ਪ੍ਰਾਸੰਗਿਕ ਨਹੀਂ ਲੱਗਦੀ। ਇਹ ਪੀਲੂ ਸ਼ਾਇਰ ਦੀ ਆਪਣੀ ਮਨਬਚਨੀ ਹੈ। ਬ੍ਰਿਤਾਂਤ ਨੂੰ ਮਨਇੱਛਿਤ ਮੋੜ ਦੇਣ ਵਾਲੀ ਹੈ। ਕਿੱਸੇ ਵਿਚ ਇਹ ਗੱਲ ਪੀਲੂ ਇੰਜ ਕਹਿੰਦਾ ਹੈ:—

ਮਿਰਜ਼ੇ ਵਿਚ ਬੜਾ ਗੁਮਾਨ ਥਾ, ਫਿਰ ਸੌਂ ਗਿਆ ਜੰਡੋਰੇ ਦੇ ਪਾਸ

ਮੈਂ ਵਲ ਵਲ ਵੱਢ ਦੂੰਗਾ ਸੂਰਮੇ. ਦਿਉਂਗਾ ਪੂਰ ਖਪਾ
ਮੈਨੂੰ ਝਟ ਕੁ ਢੌਕਾ ਲਾ ਲੈਣ ਦੇ, ਸੁੱਤੇ ਨੂੰ ਨਾ ਜਗਾ
ਦਿਨ ਚੜ੍ਹੇ ਨੂੰ ਚਲਾਂਗੇ. ਤੈਨੂੰ ਲੈ ਚਲਾਂ ਦਾਨਾਬਾਦ ।
ਹੋਣੀ ਮਿਰਜ਼ੇ ਤੇ ਕੁੱਦ ਪਈ, ਰਲੀ ਸਿਆਲਾਂ ਦੇ ਨਾਲ
ਛੁੱਟੀ ਕਾਨੀ ਗ਼ਜ਼ਬ ਦੀ. ਲੈ ਗਈ ਮਿਰਜ਼ੇ ਨੂੰ ਨਾਲ ।
ਰੂਹ ਮਿਰਜ਼ੇ ਦੀ ਨਿਕਲ ਗਈ, ਲੱਗੀ ਜੰਝੌਰੇ ਨਾਲ
ਮੰਦਾ ਕੀਤਾ ਈ ਸਾਹਿਬਾਂ. ਤੂੰ ਰਲ ਗਈ ਸਿਆਲਾਂ ਦੇ ਨਾਲ ।
ਕਾਨੀ ਘੜੀ ਕਮੱਗਰਾਂ, ਤੇ ਫਲ ਉਤਸਕਾਰ
ਧੋਖੇ ਮਾਰੀ ਮੇਰੀ ਸਾਹਿਬਾਂ ਨੇ. ਨਾ ਆਰ ਨਾ ਪਾਰ
ਖਿੱਚ ਕੇ ਕੱਢੀ ਮਿਰਜ਼ੇ ਜਵਾਨ ਨੇ. ਕਰ ਗਈ ਮਿਰਜ਼ੇ ਨੂੰ ਪਾਰ ।
ਅੱਗੋਂ ਸਾਹਿਬਾਂ ਬੋਲਦੀ. ਮਿਰਜ਼ਾ ਮੰਨ ਮੇਰੀ ਅਰਜਾ
ਹੋਣੀ ਵਰਤੀ ਪੈਗ਼ੰਬਰਾਂ, ਹੋਣੀ ਮਿਰਜ਼ੇ ਤੇ ਆਈ ਆ
ਬੇਟੇ ਸ਼ਾਹ ਅਲੀ ਦੇ, ਹਸਨ ਵ ਹੁਸੈਨ ਭਰਾ
ਲੜਦੇ ਨਾਲ ਯਜ਼ੀਦ ਦੇ, ਦਿਤੇ ਪੂਰ ਲੰਘਾ
ਦਰ ਵਿਚ ਰੋਂਦੀ ਬੀਬੀ ਫਾਤਮਾ, ਮੁੜ ਮੇਰੇ ਪਾਸ ਨਾ ਆ ।
ਮਿਰਜ਼ਿਆ ਐਡੇ ਪੈਗ਼ੰਬਰ ਮਾਰ ਲਏ, ਤੂੰ ਕਿਹਦਾ ਪਾਨਿਹਾਰ
ਇਕ ਅਰਜ਼ ਮੇਰੀ ਮੰਨ ਲੈ. ਸਾਹਿਬਾਂ ਹੂੰ ਲੈ ਚਲ ਨਾਲ ।
ਮੰਦਾ ਕੀਤਾ ਸੁਣ ਸਹਿਬਾਂ. ਮੇਰਾ ਤਰਕਸ਼ ਟੰਗਿਆ ਜੰਡ
ਤਿੰਨ ਸੌ ਕਾਨੀ ਮਿਰਜ਼ੇ ਜੁਆਨ ਦੀ, ਦਿੰਦਾ ਸਿਆਲਾਂ ਨੂੰ ਵੰਡ ।
ਪਹਿਲੋਂ ਮਾਰਦਾ ਵੀਰ ਸਮੀਰ ਦੇ, ਦੂਜੀ ਕੁਲੇ ਦੇ ਤੰਗ
ਤੀਜੀ ਮਾਰਾਂ ਜੋੜ ਕੇ. ਜੈਂਦੀ ਹੈਂ ਤੂੰ ਮੰਗ ।
ਸਿਰ ਤੇ ਮੁੰਡਾਸਾ ਉਡ ਗਿਆ, ਗਲ ਵਿਚ ਪਈ ਝੰਡ
ਬਾਝੁ ਭਰਾਵਾਂ ਜੱਟ ਮਾਰਿਆ, ਕੋਈ ਨ ਮਿਰਜ਼ੇ ਦੇ ਸੰਗ ।

ਇਨ੍ਹਾਂ ਉਪਰੋਕਤ ਸਤਰਾਂ ਵਿਚ ਇਹ ਸਤਰਾਂ ਸਥਿਤੀ ਦਾ ਸਹੀ ਵਿਸ਼ਲੇਸ਼ਣ ਹਨ: "ਮਿਰਜ਼ਿਆ ਐਡੇ ਪੈਗ਼ੰਬਰ ਮਾਰ ਲਏ. ਤੂੰ ਕਿਹਦਾ ਪਾਨਿਹਾਰ" ਜਾਂ "ਬਾਝੁ ਭਰਾਵਾਂ ਜੱਟ ਮਾਰਿਆ, ਕੋਈ ਨ ਮਿਰਜ਼ੇ ਦੇ ਸੰਗ ।" ਮਿਰਜ਼ਾ ਦਾ ਇਹ ਕਹਿਣਾ ਕਿ "ਮੰਦਾ ਕੀਤਾ ਸੁਣ ਸਾਹਿਬਾਂ, ਮੇਰਾ ਤਰਕਸ਼ ਟੰਗਿਆ ਜੰਡ" ਕਥਾ ਨੂੰ ਮਨ-ਇੱਛਿਤ ਰੂਪ ਦੇਣਾ ਹੈ । ਤਰਕਸ਼ ਕੋਲ ਵੀ ਹੁੰਦਾ ਤਾਂ ਵੀ ਇਹ ਹੋਣੀ ਵਾਪਰਨੀ ਸੀ । ਦੂਜਾ ਸਾਹਿਬਾਂ ਜਦੋਂ ਘਰੋਂ ਤੁਰਦੀ ਹੈ ਤਾਂ ਉਸ ਦੇ ਮਨ ਵਿਚ ਕੋਈ ਦਵੰਦ ਨਹੀਂ ਅਤੇ ਨਾ ਹੀ ਭਰਾਵਾਂ ਦੇ ਮਨ ਵਿਚ ਸਾਹਿਬਾਂ ਪ੍ਰਤਿ ਕੋਈ ਤਰਸ ਹੈ । ਦੋਵਾਂ ਦੀ ਮੌਤ ਹੀ ਪ੍ਰਮਾਣਕ ਅੰਤ ਹੈ । ਪੀਲੂ ਦੇ ਕਿੱਸੇ ਵਿਚ ਮਿਰਜ਼ੇ ਦੀ ਬਹਾਦਰੀ ਦੀ ਜੋ ਚਰਚਾ ਹੈ, ਉਸ ਨੂੰ ਤਾਂ

ਪੰਜਾਬੀਆਂ ਨੇ ਮਨੋਂ ਸਿਮਰਿਆ ਹੈ ਪਰ ਉਸ਼ ਦੀ ਮੌਤ ਨੂੰ ਸਾਹਿਬਾਂ ਦੀ ਬੇਵਫ਼ਾਈ ਨਾਲ ਜੋੜ ਦਿਤਾ ਹੈ। ਇਹੀ ਕਾਰਣ ਹੈ ਕਿ ਮਿਰਜ਼ੇ ਸਾਹਿਬਾਂ ਦੇ ਇਸ਼ਕ ਨੂੰ ਉਹ ਦਰਜਾ ਨਹੀਂ ਮਿਲਿਆ. ਜੋ ਹੀਰ ਰਾਂਝੇ ਜਾਂ ਸੋਹਣੀ ਮਹੀਂਵਾਲ ਨੂੰ ਮਿਲਿਆ ਹੈ। ਇਨ੍ਹਾਂ ਗੱਲਾਂ ਦੇ ਬਾਵਜੂਦ ਪੀਲੂ ਦੀ ਸ਼ਾਇਰੀ ਨੂੰ ਹਾਫ਼ਿਜ਼ ਬਰਖੁਰਦਾਰ ਇੰਜ ਸਲਾਹੁੰਦਾ ਹੈ:—

ਯਾਰੋ ! ਪੀਲੂ ਨਾਲ ਬਰਾਬਰੀ ਸ਼ਾਇਰ ਭੁੱਲ ਕਰੇਨਿ।
ਜਿਸ ਨੂੰ ਪੰਜਾਂ ਪੀਰਾਂ ਦੀ ਥਾਪਨਾ, ਕੰਧੀਂ ਦਸਤ ਧਰੇਨਿ।

ਮੌਲਵੀ ਅਹਿਮਦ ਯਾਰ ਲਿਖਦਾ ਹੈ:—

ਪੀਲੂ ਨਾਲ ਨ ਰੀਸ ਕਿਸੇ ਦੀ, ਉਸ ਵਿਚ ਸੋਜ਼ ਅਲੈਹਦੀ।
ਮਸਤ ਨਿਗਾਹ ਕੀਤੀ ਉਸ ਪਾਸੇ. ਕਿਸੇ ਫ਼ਕੀਰ ਵਲੀ ਦੀ।

ਪੀਲੂ ਦੀ ਵਡਿਆਈ ਦਾ ਇਕ ਕਾਰਣ ਇਹ ਵੀ ਹੈ ਕਿ ਉਸ ਅੰਦਰ ਭਗਤੀ ਭਾਵਨਾ ਬੜੀ ਪ੍ਰਬਲ ਸੀ। ਪਿੰਡ ਵੈਰੋਵਾਲ ਜ਼ਿਲ੍ਹਾ ਅੰਮ੍ਰਿਤਸਰ ਦਾ ਹੋਣ ਕਾਰਣ ਉਹ ਗੁਰੂ ਅਰਜਨ ਸਾਹਿਬ ਦੇ ਦਰਸ਼ਨਾਂ ਦਾ ਸ਼ਰਧਾਲੂ ਮੰਨਿਆ ਗਿਆ ਹੈ। ਭਗਤ ਕਾਨ੍ਹ, ਭਗਤ ਛੱਜੂ ਅਤੇ ਸ਼ਾਹ ਹੁਸੈਨ ਦਾ ਸਮਕਾਲੀ ਸੀ। ਅਕਸਰ ਪੀਲੂ ਸ਼ਾਇਰ ਨੂੰ "ਭਗਤ ਪੀਲੂ" ਵੀ ਕਿਹਾ ਗਿਆ ਹੈ। ਉਹ ਬੰਦਗੀ ਭਾਵ ਵਾਲਾ ਸ਼ਾਇਰ ਸੀ। ਮੀਆਂ ਮੁਹੰਮਦ ਬਖ਼ਸ਼ ਲਿਖਦਾ ਹੈ:—

ਛੜੀ ਛੜੀ ਗੱਲ ਆਖੀ ਲੇਕਿਨ ਜੋ ਆਖੀ ਸੋ ਅੱਛੀ।
ਪੀਲੂ, ਸੁਥਰਾ ਪਹਿਲੇ ਹੋਏ. ਬਹੁਤ ਜ਼ਿਮੀਂ ਜਦ ਕੱਛੀ।

ਪੀਲੂ ਸ਼ਾਇਰ ਦੀ ਸ਼ਾਇਰੀ ਦਾ ਇਕ ਨਮੂਨਾ ਇਹ ਵੀ ਹੈ ਜੋ ਮਿਰਜ਼ਾ ਸਾਹਿਬਾਂ ਦੇ ਕਿੱਸੇ ਨਾਲੋਂ ਵੱਖਰਾ ਹੈ। ਇਹ ਉਸ ਦੀ ਉਹ ਸ਼ਾਇਰੀ ਹੈ, ਜਿਸ ਵਿਚ ਜ਼ਿੰਦਗੀ ਦੀ ਨਾਸ਼ਮਾਨਤਾ ਅਤੇ ਮਨੁੱਖ ਦੀ ਤੁੱਛਤਾ ਨੂੰ ਵਿਚਾਰਿਆ ਗਿਆ ਹੈ:—

ਉਹ ਜੁ ਦਿਸਣ ਟਾਲ੍ਹੀਆਂ, ਸਾਵੇ ਪੱਤ ਕਚੂਚ।
ਬਹਿ ਬਹਿ ਗਈਆਂ ਮੱਜਲਸਾਂ, ਰਾਣੇ ਰਾਉ ਮਲੂਕ।
ਜੋਗੀ ਆਸਣ ਛੋਡਿਆ. ਪਿਛੇ ਰਹੀ ਬਿਭੂਤਿ।
ਪੀਲੂ ਚਾਰ ਕੁੰਡਾਂ ਪੈ ਰਹੀਆਂ, ਮੌਤ ਨਿਮਾਣੀ ਕੂਕ।

ਨਿਰਸੰਦੇਹ ਮੱਧਕਾਲੀ ਪੰਜਾਬੀ ਸਾਹਿਤ ਵਿਚ ਪੀਲੂ ਦੀ ਸ਼ਾਇਰੀ ਨੂੰ ਬੜੇ ਮੋਹ ਨਾਲ ਸਿਮਰਿਆ ਗਿਆ ਹੈ। ਮਿਰਜ਼ੇ ਸਾਹਿਬਾਂ ਦੀ ਕਥਾ ਨੂੰ ਭਾਵੇਂ ਦੂਜੇ ਕਿੱਸਾਕਾਰਾਂ ਨੇ ਵੀ ਰਚਿਆ ਹੈ ਪਰ ਜੋ ਪ੍ਰਵਾਨਗੀ ਸਤਾਰ੍ਹਵੀਂ ਸਦੀ ਦੇ ਮੁੱਢ ਦੇ ਇਸ ਸ਼ਾਇਰ ਨੂੰ ਮਿਲੀ ਹੈ, ਉਹ ਦੂਜਿਆਂ ਦੇ ਹਿੱਸੇ ਨਹੀਂ ਆਈ।

# ਮਿਰਜ਼ਾ ਸਾਹਿਬਾਂ (ਪੀਲੂ)

ਘਰ ਖੀਵੇ ਦੇ ਸਾਹਿਬਾਂ, ਜੰਮੀ ਮੰਗਲਵਾਰ
ਡੂਮ ਸੋਹਲੇ ਗਾਂਵਦੇ, ਖ਼ਾਨ ਖੀਵੇ ਦੇ ਬਾਰ
ਰੱਜ ਦੁਆਈਂ ਦਿੱਤੀਆਂ, ਸੋਹਾਣੇ ਪਰਿਵਾਰ
ਰਲ ਤਦਬੀਰਾਂ ਬਣਦੀਆਂ, ਛੈਲ ਹੋਈ ਮੁਟਿਆਰ ।। ੧ ।

ਸਾਹਿਬਾਂ ਨਾਲ ਸਹੇਲੀਆਂ, ਕੂੜੀ ਰੀਸਕਾਰ
ਘਰ ਬਿਝਲ ਦੇ ਮਿਰਜ਼ਾ, ਜੰਮਿਆ ਕਰੜੇ ਵਾਰ
ਜਨਮ ਦਿਤੋ ਮਾਈ ਬਾਪ ਨੇ, ਰੂਪ ਦਿਤਾ ਕਰਤਾਰ
ਐਸਾ ਮਿਰਜ਼ਾ ਸੂਰਮਾ, ਖਰਲਾਂ ਦਾ ਸਰਦਾਰ ।। ੨ ।।

ਸਾਹਿਬਾਂ ਪੜ੍ਹੇ ਪੱਟੀਆਂ, ਮਿਰਜ਼ਾ ਪੜ੍ਹੇ ਕੁਰਾਨ
ਵਿਚ ਮਸੀਤ ਦੇ ਲੱਗੀਆਂ, ਜਾਣੇ ਕੁਲ ਜਹਾਨ ।। ੩ ।।

ਨਾ ਮਾਰ ਕਾਜ਼ੀ ਛਮਕਾਂ, ਨਾ ਦੇਹ ਤੱਤੀ ਨੂੰ ਤਾਇ
ਪੜ੍ਹਨਾ ਸਾਡਾ ਰਹਿ ਗਿਆ, ਲੈ ਆਏ ਇਸ਼ਕ ਲਿਖਾਇ ।। ੪ ।।

ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ
ਫੜ ਨਾ ਜਾਣੇ ਤੱਕੜੀ, ਹਾੜ ਨਾ ਜਾਣੇ ਵੱਟ
ਤੇਲ ਭੁਲਾਵੇ ਭੁਲਾ ਬਾਣੀਆ, ਦਿਤਾ ਸ਼ਹਿਦ ਉਲੱਟ
ਵਣਜ ਗਵਾ ਲਿਆ ਬਾਣੀਏ, ਬਲਦ ਗਵਾ ਲਏ ਜੱਟ
ਤਿੰਨ ਸੈ ਨਾਂਗਾ ਘਿੜ ਰਹਿਆ, ਹੋ ਗਏ ਚੌੜ ਚਪੱਟ
ਮਿਰਜ਼ਾ ਸਾਹਿਬਾਂ ਦੀ ਦੋਸਤੀ, ਰਹੂ ਵਿਚ ਜਗੱਤ ।। ੫ ।।

ਘਰ ਸੇ ਸਹਿਬਾਂ ਤੁਰ ਪਈ, ਕਰ ਕੇ ਪੜ੍ਹਨ ਦੀ ਨੀਤ
ਕਾਜ਼ੀ ਸਾਡਾ ਮਰ ਗਿਆ, ਸੁੰਨੀ ਪਈ ਮਸੀਤ ।। ੬ ।।

ਤੂੰ ਸੁਣ ਕਰਮੂ ਬਾਹਮਣਾ, ਕਦੀ ਨਾ ਆਇਆ ਕਾਮ
ਘੋੜੀ ਦਿਆਂ ਤੇਰੇ ਚੜ੍ਹਨ ਨੂੰ, ਕਾਠੀ ਸਣੇ ਲਗਾਮ
ਹੱਥ ਦੀਆਂ ਦਿਆਂ ਚੂੜੀਆਂ, ਸੋਨਾ ਕਰਦੀ ਦਾਨ
ਝੋਟੀ ਦਿਆਂ ਦੁੱਧ ਪੀਣ ਨੂੰ, ਹਲ ਦੀ ਜ਼ਿਮੀਂ ਇਨਾਮ
ਜਬ ਲਗ ਜੀਵੇਂ ਸਾਹਿਬਾ, ਰੱਖੇ ਤੇਰਾ ਅਹਿਸਾਨ
ਚੰਬ ਨੂੰ ਚੰਧੜ ਵਿਆਹ ਲੈ ਜਾਣਗੇ, ਫਿਰ ਕੀ ਕਰੇਗੁ ਆਣ ।। ੭ ।।

ਅੱਗਿਓਂ ਕਰਮੂ ਬੋਲਦਾ, ਸੱਚੀ ਦਿਆਂ ਸੁਣਾਇ
ਚਾਲੀਸ ਕੋਹਾਂ ਦਾ ਪੈਂਡਾ, ਕੌਣ ਆਵੇ ਕੌਣ ਜਾਇ
ਘਰ ਮਿਰਜ਼ੇ ਦੇ ਹੋਰ ਇਸਤਰੀ, ਸੁਣੀਂਦੀ ਬੁਰੀ ਬਲਾਇ ।
ਸੌਂਕਣ ਉਤੇ ਸੌਂਕਣ ਪਈ, ਮਾਰ ਲਵੇ ਅੱਧ ਵਟਾਇ
ਛੱਡ ਦੇ ਪੁਰਾਣੀ ਜੱਟ ਦੀ ਦੋਸਤੀ, ਨਵੀਂ ਕਰਮੂ ਵਲ ਲਾਇ ।
ਘਰ ਵਿਚ ਲਾ ਲੈ ਦੋਸਤੀ, ਬਹਿ ਕੇ ਇਸ਼ਕ ਕਮਾਇ ।। ੮ ।।

ਅੱਗੋਂ ਸਾਹਿਬਾਂ ਬੋਲਦੀ, ਤੇਰੇ ਮੂੰਹ ਸੁਆਹੇ
ਮਾਰਾਂ ਚਪੇੜ ਤੇਰੇ ਗ਼ਜ਼ਬ ਦੀ, ਦਿਆਂ ਅਕਲ ਗਵਾਇ ।।
ਖ਼ਬਰ ਹੋ ਜਾਇ ਮੇਰੇ ਬਾਪ ਨੂੰ, ਤੈਨੂੰ ਸ਼ਹਿਰੋਂ ਦੇਣ ਉਜਾੜ
ਖ਼ਬਰ ਹੋ ਜਾਇ ਵੀਰ ਸ਼ਮੀਰ ਨੂੰ, ਤੈਨੂੰ ਕਰਸਨ ਮਾਰ
ਜੇ ਖਬਰ ਹੋ ਜਾਇ ਪਿੰਡ ਦੇ ਮੁੰਡਿਆਂ, ਕਰਦੇ ਢੀਮਾਂ ਦੀ ਮਾਰ
ਭਲਕੇ ਸਰਾਧ ਦਾਦਾ ਆਉਣਗੇ, ਨਿਉਂਦਾ ਖਾਣ ਤੇ ਜਾ
ਲਗੀਆਂ ਮੈਂ ਤੇਰੀ ਪੋਤਰੀ, ਬਹਿ ਗਿਆ ਰੰਨ ਬਣਾ ।
ਲਗੇ ਕਚਹਿਰੀ ਖੀਵੇ ਬਾਪ ਦੀ ਤੈਨੂੰ ਬੰਨ੍ਹ ਕੇ ਲਊ ਮੰਗਵਾ
ਇਹ ਗੁਨਾਹ ਮੇਰਾ ਬਖ਼ਸ਼ ਲੈ, ਸਾਹਿਬਾਂ ਜਿਥੇ ਘੱਲੇ ਉਥੇ ਜਾਂ ।। ੯ ।।

ਤੋੜਾ ਲੱਗਾ ਅਫੀਮ ਦਾ, ਸਾਡੀ ਅਕਲ ਠਿਕਾਣੇ ਨਾ
ਮੈਂ ਤੇ ਭੁੱਲਾ ਗ਼ਰੀਬ ਹਾਂ, ਮੇਰੀ ਰੱਖ ਧੌਲਿਆਂ ਦੀ ਲਾਜ
ਬੜੀ ਰਾਤੋਂ ਉਠ ਕੇ, ਟੁਰ ਪਊ ਖਰਲਾਂ ਦੀ ਰਾਹ ।। ੧੦ ।।

ਸਿਆਲਾਂ ਤੋਂ ਬਾਹਮਣ ਤੁਰ ਪਿਆ, ਪਿਆ ਖਰਲਾਂ ਦੀ ਰਾਹ
ਕੋਲ ਮਿਰਜ਼ੇ ਦੇ ਆ ਕੇ, ਦੱਸ ਦਿਤੀ ਸਾਹੇ ਦੀ ਪਾ
ਮਹਿੰਦੀ ਸਾਹਿਬਾਂ ਦੇ ਵਿਆਹ ਦੀ, ਰਲ ਕੇ ਹੱਥੀਂ ਆਪਣੇ ਲਾ
ਭੇਜਿਆ ਸਾਹਿਬਾ ਦਾ ਆ ਗਿਆ, ਛੇਤੀ ਹੋਇ ਤਿਆਰ ।। ੧੧।।

ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਛਹਤੀ ਕਰੇ ਜਵਾਬ
ਹਟਕੇ ਬੈਠੇਂ ਮਿਰਜ਼ਾ, ਘਰ ਵਿਚ ਕਰੀ ਸਲਾਹ
ਉਤੇ ਪਲੰਘ ਤੇ ਬਹਿ ਕੇ, ਮੇਰੇ ਹੱਥੀਂ ਕਾਜ ਸੰਵਾਰ
ਭਲਕੇ ਆਵਣਗੇ ਭੱਟੀ ਸੰਦਲ ਬਾਰ ਦੇ, ਸਾਹਿਬਾਂ ਸੁਣਦੇ ਸਾਰ ।। ੧੨ ।।

ਮੇਰਾ ਜਾਣਾ ਜ਼ਰੂਰ ਦਾ, ਪਿਛੇ ਭਾਈ ਚਾਰ
ਅਛੀ ਕਰਨੀ ਅਪਣੇ ਨੱਕ ਨੂੰ, ਨਹੀਂ ਖਰਲਾਂ ਨੂੰ ਆਉ ਹਾਰ ।
ਮੇਰਾ ਜਾਣਾ ਜ਼ਰੂਰ ਦਾ, ਜਾਂਦੇ ਨੂੰ ਹੋੜ ਨਾ ਪਾਇ ।
ਕਾਜ ਵਿਹੂਣਾ ਮੈਂ ਫਿਰਾਂ, ਮੈਨੂੰ ਕੀ ਕਿਸੇ ਕਾਜਾਂ ਨਾਲ ।। ੧੩ ।।

ਚੜ੍ਹਦੇ ਮਿਰਜ਼ਾ ਖ਼ਾਨ ਨੂੰ, ਮਤੀਂ ਦੇਵੇ ਮਾਂ
'ਬੁਰੇ ਸਿਆਲਾਂ ਦੇ ਮਾਮਲੇ, ਬੁਰੀ ਸਿਆਲਾਂ ਦੀ ਰਾਹ
ਬੁਰੀਆਂ ਸਿਆਲਾਂ ਦੀਆਂ ਔਰਤਾਂ, ਜਾਦੂ ਲੈਂਦੀਆਂ ਪਾ
ਕੱਢ ਕਲੇਜੇ ਖਾਂਦੀਆ, ਮੇਰੇ ਝਾਟੇ ਤੇਲ ਨ ਪਾ
ਰੰਨ ਦੀ ਖ਼ਾਤਰ ਚਲਿਆ, ਆਵੇ ਜਾਨ ਗਵਾਇ
ਆਖੇ ਮੇਰੇ ਲੱਗ ਜਾ, ਅੱਗੇ ਪੈਰ ਨਾ ਪਾਇ ।। ੧੪ ।।

ਘਰ ਖੀਵੇ ਦੇ ਕਾਜ ਨਾਈ, ਲਾਗੀ ਭੇਜਿਆ ਮੇਰੇ ਬਾਰ
ਘਰ ਮੇਰੇ ਆਣ ਕੇ, ਦੱਸ ਦਿਤੀ ਸਾਹੇ ਦੀ ਪਾ
ਉਹ ਨਾਨਕੇ ਮੈਂ ਦੋਹਤਾ, ਜਾਂਦੇ ਨੂੰ ਮੋੜ ਨਾ ਪਾ
ਪੰਜ ਰੁਪਏ ਇਕ ਪੱਤਰਾ, ਮੈਨੂੰ ਦੇਣਾ ਪਊਗਾ ਜਾ
ਮਿਰਜ਼ੇ ਨੇ ਘੋੜੀ ਸ਼ਿੰਗਾਰ ਲਈ, ਆਸਣ ਬੈਠਾ ਜਾ
ਚੜ੍ਹਦੇ ਦਾ ਪੱਲਾ ਅਟਕਿਆ, ਛਿਣਕ ਸਾਹਮਣੇ ਆ
ਮਿਰਜ਼ਾ ਸਿਆਲਾਂ ਨੂੰ ਚਲਿਆ, ਖੇੜੇ ਸੀਸ ਨਿਵਾ ।। ੧੫ ।।

ਕੱਢ ਕਲੇਜਾ ਲੈ ਗਈ, ਖ਼ਾਨ ਖੀਵੇ ਦੀ ਧੀ
ਗਜ ਗਜ ਲੰਮੀਆਂ ਮੇਢੀਆਂ, ਰੰਗ ਜੋ ਗੋਰੇ ਸੀ ।
ਜਿ ਦੇਵੇ ਪਿਆਲਾ ਜ਼ਹਿਰ ਦਾ, ਮੈਂ ਮਿਰਜ਼ਾ ਲੈਂਦਾ ਪੀ ।
ਜਿ ਮਾਰੇ ਬਰਛੀ ਕੱਸ ਕੇ, ਮਿਰਜ਼ਾ ਕਦੀ ਨਾ ਕਰਦਾ ਸੀ,
ਆਪਣੀ ਮੌਤੇ ਮੈਂ ਮਰਾਂ, ਮੇਰੇ ਨਾਲ ਤੁਹਾਨੂੰ ਕੀ ।। ੧੬ ।।

ਚੜ੍ਹਦੇ ਮਿਰਜ਼ਾ ਖ਼ਾਨ ਨੂੰ, ਵੰਝਲ ਦੇਂਦਾ ਮਤਿ
ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮਤਿ
ਹੱਸ ਕੇ ਲਾਂਦੀਆਂ ਯਾਰੀਆਂ, ਰੋ ਰੋ ਦੇਂਦੀਆਂ ਦੱਸ
ਜਿਸ ਘਰ ਲਾਈ ਦੋਸਤੀ, ਮੂਲ ਨਾ ਘੱਤੇ ਲੱਤ
ਲੱਥੀ ਹੱਥ ਨਾ ਆਂਵਦੀ, ਦਾਨਸ਼ਮੰਦਾਂ ਦੀ ਪੱਤ
ਸਾਹਿਬਾਂ ਆਈਂ ਨਾ ਛੱਡ ਕੇ, ਸਿਰ ਨ ਰਹੂ ਸਾਡੀ ਪੱਤ ।। ੧੭ ।।

ਰਾਜਾ ਝੂਰੇ ਰਾਜ ਨੂੰ, ਬੁਧਿ ਨੂੰ ਝੂਰੇ ਚੋਰ
ਗੋਰੀ ਝੂਰੇ ਰੂਪ ਨੂੰ, ਪੈਰਾ ਝੂਰੇ ਮੋਰ ।। ੧੮ ।।

ਚੜ੍ਹਦੇ ਮਿਰਜ਼ਾ ਖ਼ਾਨ ਨੂੰ, ਮਾਂ ਮਤਿ ਦੇਂਦੀ ਖਲੀ
ਸੱਪਾਂ, ਸ਼ੇਰਾਂ ਦੀ ਦੋਸਤੀ, ਨਾ ਕਰ ਭਾਈ ਅੜੀ
ਤਪੀ ਕੜਾਹੀ ਤੇਲ ਦੀ, ਸਿਰ ਪਰ ਲਾਟ ਜਲੀ
ਮੂਸਾ ਭੱਜਿਆ ਮੌਤ ਤੇ, ਉਹ ਦੇ ਅੱਗੇ ਮੌਤ ਖਲੀ
ਪਰਬਤ ਵੜਦਿਆਂ ਟੱਕਰੇ, ਲੰਘਣ ਕਿਹੜੀ ਗ਼ਲੀ
ਰੋਂਦੀ ਬੀਬੀ ਫ਼ਾਤਮਾ, ਕਰ ਕੇ ਬਾਂਹ ਖਲੀ ।
ਮੈਂ ਕੀ ਰੱਬਾ ! ਤੇਰਾ ਫੇੜਿਆ, ਮੇਰੀ ਜੋੜੀ ਖ਼ਾਕ ਰਲੀ
ਅੱਜ ਦਾ ਵਾਰ ਬਚਾ ਲੈ, ਭਲਕੇ ਸਿਆਲੀਂ ਜਾ ਵੜੀ ।। ੧੯ ।।

ਵਿਆਹ ਹੋਵੇਂ ਛੱਡ ਦਿਆਂ, ਮੰਗ ਨਾ ਛੱਡੀ ਜਾ
ਜੇਕਰ ਮੰਗ ਮੈਂ ਛੱਡ ਦਿਆਂ, ਲੱਗੇ ਖਰਲਾਂ ਨੂੰ ਲਾਜ ।
ਪੁੱਤ ਮਿਰਜ਼ਾ ਨੂੰਹ ਸਾਹਿਬਾਂ, ਸਾਡੀ ਤੁਰਨੀ ਜਗ ਵਿਚ ਵਾਰ ।। ੨੦ ।।

ਚੜ੍ਹਦੇ ਮਿਰਜੇ ਖ਼ਾਨ ਨੂੰ, ਮਾਂ ਮਤਿ ਦਿੰਦੀ ਖਲੀ ।
ਯਾਰਾਂ ਚੋਰਾਂ ਵਿਚ ਬੈਠ ਕੇ ਗੱਲ ਨ ਕਰੀਏ ਖਰੀ ।। ੨੧ ।।

ਅੱਗੋਂ ਮਿਰਜ਼ਾ ਬੋਲਿਆ, ਦੇਵਾਂ ਸੱਚ ਸਲਾਹ
ਘਰ ਵੰਝਲ ਦੇ ਜੰਮਿਆ, ਦਿੱਤੀ ਕੁਲ ਸਵਾਰ
ਸੱਦਿਆ ਸਾਹਿਬਾਂ ਸਿਆਲ, ਕੀਕੁਰ ਦਿਆਂ ਜਵਾਬ
ਜੀਂਵਦਾ ਰਹਾ ਤਾਂ ਆ ਮਿਲਾਂ, ਮਤ ਛੋਡੀਓ ਆਸ ।। ੨੨ ।।

ਮਿਰਜ਼ਾ ਸਿਆਲਾਂ ਨੂੰ ਟੁਰ ਪਿਆ, ਚੜ੍ਹਿਆ ਹਵਾ ਸਵਾਰ

ਮਿਰਜ਼ਾਂ ਪੁੱਛੇ ਪੀਲੂ ਸ਼ਾਇਰ ਨੂੰ, ਦੱਸੀਂ ਸ਼ਗਨ ਵਿਚਾਰ ।। ੨੩ ।।

ਪੀਲੂ ਬੈਠਾ ਖੂਹ ਤੇ, ਕਰਕੇ ਲੱਖ ਤਦਬੀਰ
ਕਾਂਜਣ ਬੱਧਾ ਤੱਕਲਾ, ਤੱਕਲੇ ਬੱਧਾ ਤੀਰ ।। ੨੪ ।।

ਲੱਠ ਪਿਲਾਨਾ ਮੇਲਿਆ ਕਰੜੇ ਘਤ ਜੰਜੀਰ
ਕੰਮੀਆਂ ਮੁੱਢ ਧਤੂਰੀਆ, ਜਿਉਂ ਬਾਦਸ਼ਾਹ ਮੁਢ ਵਜ਼ੀਰ ।। ੨੫ ।।

ਕੁੱਤਾ ਹਟ ਹਟ ਕਰ ਰਿਹਾ, ਜਿਉਂ ਦਰ ਵਿਚ ਖੜਾ ਫਕੀਰ
ਟਿੰਡਾਂ ਗੇੜਮ ਗੇੜੀਆਂ, ਭਰ ਭਰ ਡੋਲ੍ਹਣ ਨੀਰ ।। ੨੬ ।।

ਅੱਗੋਂ ਮਿਰਜਾ ਬੋਲਿਆ, ਤੈਨੂੰ ਦਿਆਂ ਸੁਣਾ ।
ਤੇਰੀਆਂ ਗੱਲਾਂ ਝੂਠੀਆਂ, ਇਕ ਭਿ ਮੰਨਦਾ ਨਾਂਹ ।। ੨੭ ।।

ਇੰਨ ਖੜਕੇ ਵਾਲੇ ਆਦਮੀ, ਕਬਰੀਂ ਜਾ ਪਏ
ਜਿ ਭਲੀ ਚਾਹਨੈਂ ਜ਼ਿੰਦਗੀ, ਅਗਾਹਾਂ ਪੈਰ ਨਾ ਦੇਇ ।। ੨੮ ।।

ਰਸਤੇ ਪੈ ਜਾਓ ਰਾਹੀਓ, ਡੰਡੀ ਪੈਰ ਨਾ ਘੱਤ
ਜਿਸ ਦਿਨ ਸਾਹਾ ਸਾਧਿਆ, ਲਾਗੀ ਦੇਂਦੇ ਘੱਤ
ਘਰ ਮਿਰਜ਼ੇ ਦੇ ਆਇ ਕੇ, ਪਾਉਂਦੇ ਸਾਹੇ ਦੀ ਦੱਸ
ਪੰਜ ਰੁਪਏ ਇਕ ਪਤੀਆ, ਨਾ ਵਧ ਜਾ ਨਾ ਘੱਟ ।। ੨੯ ।।

ਤੁਹਾਡੇ ਬਾਰ ਘੋੜੀਆਂ, ਮੇਰੀ ਬੱਕੀ ਦਾ ਪਤਲਾ ਲੱਕ
ਆਹ ਲੋ ਰੁਪਯਾ ਸਲਾਮੀ ਦਾ, ਤੁਹਾਨੂੰ ਅੱਗੋਂ ਨਾ ਆਈ ਮਤਿ
ਸੁੰਮ ਬੱਕੀ ਦੇ ਖੜਕਦੇ, ਜਿਉਂ ਲੋਹੇ ਪੈਣ ਧਿਗਾਣ
ਦੁੰਮ ਬੱਕੀ ਦੀ ਇੰਜ ਫਿਰੇ, ਜੈਸੇ ਚੌਰੀ ਕਰੇ ਗੁਲਾਮ ।। ੩੦ ।।

ਮੂੰਹ ਨਾਲ ਲਾਹੇ-ਪਗੜੀਆਂ, ਫਟਕੇ ਸਿਟੇ ਅੰਜਾਣ
ਬੱਕੀ ਲਾਹੀਆਂ ਪਗੜੀਆਂ, ਵੇਖੀ ਨ ਕਿਸੇ ਦੀ ਲਾਜ
ਨਾਈ ਮੇਹਰਾ ਮਾਰਿਆ, ਸ਼ਰਬਤ ਦਿਤਾ ਡੋਲ੍ਹ
ਪੁੱਛ ਨਾ ਪੈਂਦੇ ਮਾਮਲੇ, ਨਿਹੁੰ ਨ ਲੱਗਦੇ ਜ਼ੋਰ ।। ੩੧ ।।

ਗੱਲਾਂ ਕਰਨ ਸੁਖਾਲੀਆਂ, ਅਉਖੇ ਪਾਲਣੇ ਬੋਲ
ਮਿਰਜ਼ਾ ਸਿਆਲਾਂ ਮੁਢ ਆ ਗਿਆ, ਰੰਨ ਸਾਹਿਬਾਂ ਦਾ ਚੋਰ
ਹੋਰਾਂ ਦੇ ਹੱਥੀਂ ਬਰਛੀਆਂ, ਮਿਰਜ਼ੇ ਦੀ ਸਬਜ਼ ਕਮਾਨ
ਦਹਿਣੇ ਕੰਨੀਂ ਆਉਂਦਾ. ਮੇਰਾ ਮਿਰਜ਼ਾ ਭਰ ਜਵਾਨ । । ੩੨ । ।

ਮਿਰਜ਼ਾ ਘਰ ਬੀਬੋ ਦੇ ਆ ਗਿਆ, ਤਰਖ਼ਾ ਦਿੰਦਾ ਠਰ੍ਹਾ
ਜੇ ਤੂ ਮਾਸੀ ਧਰਮ ਦੀ. ਸਾਹਿਬਾਂ ਨੂੰ ਲਿਆ ਮਿਲਾ
ਘਰ ਤੋਂ ਬੀਬੋ ਤੁਰ ਪਈ. ਮੋਹਰਾਂ ਲੈ ਕੇ ਚਾਰ
ਉਠ ਨੀ ਸਾਹਿਬਾਂ ਸੁੱਤੀਏ: ਉਠਕੇ ਦੇਈਂ ਦੀਦਾਰ । । ੩੩ । ।

ਚੀਰੇ ਵਾਲਾ ਛੋਕਰਾ, ਬੀਬੋ ! ਅੰਦਰ ਕਉਣ ਖੜਾ
'ਮਿਰਜ਼ਾ ਫੁੱਲ ਗੁਲਾਬ ਦਾ. ਮੇਰੀ ਝੋਲੀ ਟੁੱਟ ਪਿਆ ।'
ਨ ਫੜ ਬਾਂਹੀਆਂ ਘੁੱਟ ਕੇ. ਵੰਗਾਂ ਜਾਂਦੀਆਂ ਭੱਜ
ਕੱਲ ਚੀਰ ਚੜ੍ਹਾਈਆਂ. ਪਹਿਨ ਨ ਦੇਖੀਆਂ ਰੱਜ । । ੩੪ । ।

ਭੀੜੀ ਤਾਲੀ ਕੁਥਾਂ ਘਰ. ਮੂਰਖ ਧੂਲੀ ਗੱਡ
ਖ਼ਬਰ ਹੋਵੇ ਖਾ ਸਮੀਰ ਨੂੰ. ਲਹੂ ਪੀਵੇਗਾ ਰੱਜ
ਲੈ ਚਲ ਦਾਨਾਬਾਦ ਨੂੰ. ਜਿ ਸਿਰ ਹੈਗੀ ਪੱਗ
ਤੈਨੂੰ ਮਾਰ ਗੁਆਉਣਗੇ. ਤੂ ਰੱਖ ਖਰਲਾਂ ਦੀ ਲੱਜ । । ੩੫ । ।

ਅਗੋਂ ਮਿਰਜ਼ਾ ਬੋਲਦਾ, ਤੂੰ ਸੁਣ ਜਾਮ ਲੁਹਾਰ
ਕਿਆ ਸੁੱਤਾ ਕਿਆ ਜਾਗਦਾ, ਕੀ ਤੂੰ ਗਇਆ ਪਵਾਰ
ਮਜੂਰੀ ਲੈ ਲਈ ਅਪਣੀ. ਕਿੱਲੀਆਂ ਦੇਈਂ ਹਜ਼ਾਰ
ਜੇ ਤੂੰ ਭਾਈ ਧਰਮ ਦਾ. ਸਾਹਿਬਾਂ ਟੋਰੀਂ ਨਾਲ । । ੩੬ । ।

ਮਿਰਜ਼ੇ ਕਿੱਲੀਆ ਗੱਡੀਆਂ. ਪੰਜੇ ਪੀਰ ਮਨਾ
ਪੌੜੀ ਪੌੜੀ ਜੱਟ ਚੜ੍ਹ ਗਿਆ, ਉਪਰ ਚੜ੍ਹਿਆ ਜਾ
ਉਪਰੋਂ ਸਾਹਿਬਾਂ ਉਤਰੀ. ਪੈ ਗਈ ਛਣਕਾਰ । । ੩੭ । ।

ਸਾਲੂ ਦਾ ਪੱਲਾ ਅਟਕਿਆ, ਰਤਾ ਕੁ ਬੱਕੀ ਨੂੰ ਫੇਰ
ਅੱਗੇ ਘਰ ਬਾਪ ਦਾ ਨੌਂ ਲੱਖਾ. ਲੈਂ ਦਿਆਂ ਸਾਲੂਆਂ ਦਾ ਢੇਰ

ਚੜ੍ਹੀ ਰਹਿ ਬੱਕੀ ਦੀ ਬੇਲ ਤੇ. ਸੁੱਖ ਮਿਰਜ਼ੇ ਦੀ ਲੋੜ ।
ਮਾੜੀ ਤੇਰੀ ਟੈਰਕੀ ਮਿਰਜ਼ਿਆ. ਲਿਆਇਆ ਕਿਧਰੋਂ ਟੋਰ
ਸੁੱਕਾ ਏਹਦਾ ਚੌਖਟਾ. ਕਾਵਾਂ ਖਾਧੀ ਕਮਰੋੜ ।। ੩੮ ।।

ਜੇ ਘਰ ਨਾ ਆਹੀਂ ਤੇਰੇ ਬਾਪ ਦੇ. ਮੰਗ ਲਿਆਉਂਦੋ ਹੋਰ
ਘੋੜੀ ਖੀਵੇ ਖ਼ਾਨ ਦੀ. ਬੜੀ ਮਰਾਤਬ ਖ਼ੋਰ
ਭੱਜਿਆਂ ਨੂੰ ਜਾਣ ਨਾ ਦੇਣਗੇ, ਉੱਧਲ ਗਈਆਂ ਦੇ ਚੋਰ
ਵਿਚ ਉਜਾੜ ਦੇ ਮਾਰਦੇ. ਤੇਰੀ ਸੁੱਟਣ ਧੌਣ ਮਰੋੜ ।। ੩੯ ।।

ਕੰਨ ਲੰਮੇ ਖੁਰ ਪਤਲੇ. ਦੁੰਮ ਬੱਕੀ ਦੀ ਸਿਆਹ
ਦੇਖ ਕੇ ਮੇਰੀ ਟੈਰ ਨੂੰ. ਝੋਰੀ ਚਿਤ ਨਾ ਪਾ
ਬਈ ਡੋਗਰ ਜਿਨ੍ਹਾਂ ਦੇ. ਬਹਿਣ ਪੁਆਂਦੀ ਆ
ਬਾਪ ਦੇ ਖੌਤਿਆਂ ਚਰ ਕੇ. ਬੱਕੀ ਨੇ ਲਈਆਂ ਬਣਾ ।। ੪੦ ।।

ਦਸ ਮਹੀਆਂ ਦਾ ਘਿਉ ਦਿਤਾ, ਬੱਕੀ ਦੇ ਢਿੱਡ ਪਾ
ਬੱਕੀ ਤੋਂ ਡਰਨ ਫਰੇਸ਼ਤੇ. ਤੇ ਮੈਥੋਂ ਡਰੇ ਖੁਦਾ
ਚੁੱਭੀ ਵਿਚ ਪਤਾਲ ਲਾ, ਉਡ ਕੇ ਚੜ੍ਹ ਅਕਾਸ਼
ਚੜ੍ਹਨਾ ਆਪਣੀ ਸ਼ੌਕ ਨੂੰ. ਬੱਕੀ ਨੂੰ ਲਾਜ ਨਾ ਲਾ ।। ੪੧ ।।

ਬੂਹੇ ਤੇ ਟਮਕ ਵੱਜਿਆ, ਸਾਹਿਬਾਂ ਘੱਤੇ ਤੇਲ
ਅੰਦਰ ਬੈਠੇ ਨਾਨਕੇ. ਬੂਹੇ ਬੈਠਾ ਮੇਲ
ਬਾਲੀ ਬਟੂਆ ਰਹਿ ਗਿਆ. ਕੁੱਪੇ ਅਤਰ ਫੁਲੈਲ
ਗਹਿਣੇ ਸਣੇ ਪਟਾਰੀਆਂ. ਝਾਂਜਰ ਸਣੇ ਹਮੇਲ ।। ੪੨ ।।

ਫ਼ੀਰੋਜ਼ ਡੋਗਰ ਕੂਕਿਆ. ਸੁਣ ਖ਼ਾਨ ਖੀਵਾ ਮੇਰੀ ਬਾਤ
ਸਾਹਿਬਾਂ ਨੂੰ ਮਿਰਜ਼ਾ ਲੈ ਗਿਆ. ਰੋਂਦੀ ਕੱਢੀ ਦੀ ਬਾਰ
ਲਾ ਗਿਆ ਲਾਜ ਸਿਆਲਾਂ ਨੂੰ. ਗਿਆ ਸੀ ਦਾਗ ਲਾ
ਘੋੜੇ ਪਾਉ ਪੰਖਰਾਂ. ਪੈਦਲ ਹੋ ਜਾਣ ਸਵਾਰ ।। ੪੩ ।।
ਰਸਤੇ ਪਵੋ ਪੈਦਲੋ, ਮੁੰਡ ਮਲੋ ਅਸਵਾਰ
ਸ਼ਾਵਾ ਮਿਰਜ਼ਾ ਮਾਰਨਾ. ਕਰਕੇ ਕੌਲ ਕਰਾਰ ।
ਇਸ਼ਕ ਲਿਤਾੜੇ ਆਦਮੀ, ਬਰਫ ਲਿਤਾੜੇ ਰੁੱਖ

ਨੀਂਦ ਨ ਆਉਂਦੀ ਚੋਰ ਨੂੰ, ਆਸ਼ਕ ਨੂੰ ਨਈ ਭੁੱਖ ।। ੪੪ ।।

ਸਾਹਿਬਾਂ ਮਿਰਜ਼ੇ ਦੀ ਦੋਸਤੀ, ਜਗ ਨ ਰਹਿਣੀ ਲੁਕ
ਲੈ ਚਲ ਦਾਨਾਬਾਦ ਨੂੰ, ਜਾਨ ਲੁਕਾਵੇ ਮੁਖ ।

ਜੰਡ ਦੇ ਹੇਠ ਸੱਟ ਸੌ ਰਿਹਾ, ਉਠ ਕੇ ਸੁਰਤਿ ਸੰਮਾਲ
ਬੱਕੀ ਤੈਨੂੰ ਛੱਡ ਕੇ ਉਠ ਗਈ, ਜਿਸ ਉਤੇ ਬੜਾ ਇਤਬਾਰ ।। ੪੫ ।।

ਨਾਰਦ ਛੱਡ ਕੇ ਉਠ ਗਿਆ, ਤੇਰਾ ਮੁੱਢ ਕਦੀਮਾ ਦਾ ਯਾਰ
ਮਾਰਨ ਸਾਹਿਬਾਂ ਨੂੰ ਆ ਗਿਆ, ਜਿਦਾ ਕਰਦਾ ਨਾ ਸੀ ਇਤਬਾਰ
ਮੇਰੇ ਉਪਰ ਨ ਕੋਈ ਦੀਂਹਦਾ ਸੂਰਮਾ, ਜਿਹੜਾ ਮੇਰੇ ਪਰ ਵਾਰ ਕਰੇ
ਮਾਰ ਕੋਹਾਂ ਤੇਰੇ ਜਿੰਨ੍ਹਿ ਨ: ਪਾਸ ਤੇਰੇ ਵੀਰ ਖੜੇ
ਝਟ ਕੂ ਝੂਟਾ ਜੰਡ ਹੇਠ ਲੈਣ ਦੇ, ਜਿਹੜੀ ਖ਼ੁਦਾ ਕਰੇ ।। ੪੬ ।।

ਅਜ ਦੀ ਘੜੀ ਸੌਂ ਲੈਣ ਦੇ, ਦੂਜੀ ਘੜੀ ਵੜਾਂ ਦਾਨਾਬਾਦ
ਜੰਡ ਦੇ ਹੇਠ ਜੱਟ ਸੌ ਰਿਹਾ, ਲਾਲ ਦੁਸ਼ਾਲਾ ਤਾਣ
ਵਹੀ ਚਲਾਈਆਂ ਕਾਨੀਆਂ, ਮੌਤ ਨ ਦਿੰਦੀ ਜਾਣ ।। ੪੭ ।।

ਮੱਥੇ ਵਿਚ ਕਲਜੋਗਣਾ, ਫ਼ਤਿਹ ਨ ਦਿਤੀ ਹੋਣ
ਲਿਖੀਆਂ ਡਾਢੇ ਰੱਬ ਦੀ ਆਂ, ਮੇਟਣ ਵਾਲਾ ਕੌਣ
ਉਠੀਂ ਮਿਰਜ਼ਿਆ ਸੁੱਤਿਆ, ਖੱਬੇ ਆਏ ਅਸਵਾਰ
ਹੱਥੀਂ ਤੇਗ਼ਾਂ ਰੰਗਲੀਆਂ, ਕਰਦੇ ਮਾਰੋ ਮਾਰ ।। ੪੮ ।।

ਮੇਰੇ ਬਾਬਲ ਵਰਗੀਆਂ ਘੋੜੀਆਂ, ਵੀਰ ਮੇਰੇ ਅਸਵਾਰ
ਕੀ ਢੂੰਡਾਵਣ ਅਸਾਂ ਕੀ, ਕੀ ਕੋਈ ਮੀਰ ਸ਼ਿਕਾਰ ?

ਜੰਡ ਦਿਆ ਜੰਡੋਰਿਆ, ਤੂੰਹਾ ਕਰੀਂ ਨਿਆਉਂ
ਹੋ ਦੂਣਾ ਫਲੇ ਚੌਗੁਣਾ, ਤੇਰੀ ਮਹਿੰਦੀ ਮਾਣੇ ਛਾਉਂ ।। ੪੯ ।।

ਮੁੱਠੀਆਂ ਭਰ ਜਗਾਉਂਦੀ ਯਾਰ ਨੂੰ, ਜਾਗੀਏ ਰੱਬ ਦੇ ਨਾਂ
ਧੁਰ ਨਾ ਅੱਪੜੀ ਰੰਨ ਸਾਹਿਬਾਂ, ਮੇਰੀ ਵਿਚਾਲਿਓਂ ਟੁੱਟੀ ਲਾਂ

ਜੇ ਨਾ ਸੀ ਤੋੜ ਨਿਭਾਵਣੀ, ਮੇਰੀ ਕਾਹਨੂੰ ਪਕੜੀ ਬਾਂਹ
ਬਚਾ ਦੇਂਦਾ ਆਸ਼ਕਾਂ, ਨਾ ਅੱਗੇ ਮਿਲਨਾ ਤੈਨੂੰ ਥਾਂ ।। ੫੦ ।।

ਅਰਸ਼ੋਂ ਉਤਰੇ ਛੇ ਜਣੇ, ਛੇਵੇ ਹੈਣ ਭੈਣ ਭਰਾ
ਦੂਲ ਦੂਲ ਲਈ ਸ਼ਾਹ ਅਲੀ ਨੇ, ਪੈਣ ਕਾਬੇ ਦੀ ਰਾਹ
ਇਕ ਲਿਆ ਗੁੱਗੇ ਚੌਹਾਨ ਨੇ, ਬਾਂਗੜਾਂ ਦਿਤੀਆਂ ਢਾਹ
ਨੀਲਾ ਲਿਆ ਰਾਜਾ ਰਸਾਲੂ ਨੇ, ਰਾਣੀਆਂ ਲਈਆਂ ਛੁਡਾ ।। ੫੧ ।।

ਗਰੜਾ ਜੈਮਲ ਫਤੇ ਸਾਂਦਲ, ਬੇਟੀ ਨਾ ਦਿਤੀ ਵਿਆਹ
ਲੱਖੀ ਲੈ ਲਈ ਦੁਲੇ ਜਵਾਨ ਨੇ, ਮਾਰੇ ਅਕਬਰ ਦੀ ਰਾਹ
ਕੱਕੀ ਘਰ ਸੁਲਤਾਨ ਦੇ, ਚਾਰੇ ਕੂੰਟਾਂ ਲਈਆਂ ਨਿਵਾ
ਸਭਨ ਤੇ ਛੋਟੀ ਹੈ ਬੱਕੀ, ਚਲ ਕੇ ਆਈ ਮਿਰਜ਼ੇ ਦੇ ਪਾਸ ।। ੫੨ ।।

ਮੂੰਹ ਕੰਡਿਆਲਾ ਜੱਟ ਨੇ ਦੇ ਲਿਆ, ਪੰਜੇ ਪੀਰ ਮਨਾ
ਛਿੱਕ ਤੇ ਤੰਗ ਕੱਸਿਆ, ਲਏ ਨੇ ਸ਼ਗਨ ਮਨਾ
'ਸਿਰ ਸਿਆਲਾਂ ਦੇ ਵੱਢ ਕੇ, ਦੇਵਾ ਜੰਡ ਚੜ੍ਹਾ
ਬੱਕੀ ਦੀ ਬੇਲ ਪਰ ਬਹਿ ਕੇ, ਬੱਕੀ ਨੂੰ ਲਾਜ ਨਾ ਲਾਂ ।। ੫੩ ।।

ਸ਼ੇਰੂ ਕਲਿਯਾਰ ਭੌਂਕਦੇਂ, ਦੇਖ ਜਿਨ੍ਹਾਂ ਦੀ ਧੌਣ
ਜਿਉਂ ਮੱਕਾ ਲੱਭਾ ਹਾਜੀਆਂ, ਮੈਨੂੰ ਲੱਭਾ ਤੂੰ
ਸ਼ਹਿਰ ਸਿਆਲਾਂ ਦੇ ਇਉਂ ਲੱਗੇ, ਜਿਉ ਫੱਟਾਂ ਉਤੇ ਨੂੰਣ
ਤੇਗਾ ਮਾਰ ਉਡਾਵਾਂਗੇ, ਜਿਉਂ ਪੇਂਜਾ ਪਿੰਜਦਾ ਰੂੰ ।। ੫੪ ।।

ਮਿਰਜ਼ਾ ਆਖੇ ਕੋਈ ਨਾ ਦੀਂਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ ।
ਕਟਕ ਭਿੜਾ ਦਿਆਂ ਟੱਕਰੀ, ਮੈਥੋਂ ਬੈਰਾੜ ਡਰੇ
ਵਲ ਵਲ ਵੱਢ ਦੂੰਗਾ ਸੂਰਮੇ, ਜਿਉਂ ਖੇਤੀ ਨੂੰ ਪੈਣ ਗੜ੍ਹੇ
ਸਿਰ ਸਿਆਲਾਂ ਦੇ ਵੱਢ ਕੇ, ਸਿਟੂੰਗਾ ਵਿਚ ਰੜੇ ।। ੫੫ ।।

ਇਹ ਥਾਂ ਵਕਤ ਢਲਦਾ, ਜਿਉਂ ਸੁਬਾ ਸੇ ਹੋਇ ਸ਼ਾਮ
ਧਰਤੀ ਤਾਂਬਾ ਹੋ ਗਈ, ਸਿਆਹੀ ਫਿਰੀ ਅਸਮਾਨ
ਘਰ ਬਿਗਾਨੇ ਮਾਰ ਕੇ, ਸੌਂ ਰਿਹਾ ਵਿਚ ਮੈਦਾਨ

ਤੇਰੇ ਸਿਰ ਸਾਂਗਾਂ ਵਜਦੀਆਂ, ਜਿਉਂ ਲੋਹੇ ਪੜੇ ਧੰਗਾਨ

ਚੰਧੜ ਢੁਕੇ ਜੰਨ ਬੰਨ੍ਹ ਕੇ, ਮਾਰੇ ਤੈਨੂੰ ਬਾਝ ਨਾ ਜਾਣ
ਛੋੜ੍ਹ ਬੱਕੀ ਚਲੀਏ ਦਾਨਾਬਾਦ, ਕਿਉਂ ਪਿਆ ਵਿਚ ਮੈਦਾਨ

ਮੇਰੇ ਮਿਰਜ਼ੇ ਦੇ ਹੱਥੋਂ ਪਈਆਂ ਭਾਜੜਾਂ, ਅੰਬਰ ਕੋਈ ਨਾ ਪਿੰਡਾ ਠੱਲ੍ਹ
ਰਾਣੀ ਮਹਲੀਂ ਤੇ ਤਿੰਵਣੀਂ, ਤੁਰ ਪਈ ਮਿਰਜ਼ੇ ਦੀ ਗੱਲ ।। ੫੭ ।।

ਮੈਂ ਬੈਠਾਂ ਵਿਚ ਕਚਹਿਰੀਆਂ, ਰਾਜੇ ਹੁੰਦੇ ਮੇਰੀ ਵਲ
ਮਾਰਾਂ ਰਾਹ ਲਾਹੌਰ ਦਾ, ਸ਼ਹਿਰੀਂ ਘੱਤੀਂ ਹਲ ਚਲ

ਚਾਰੇ ਕੁੰਟਾਂ ਲੁੱਟ ਲਈਆਂ, ਸਾਂਗਾਂ ਨਾਲ ਉੱਥਲ
ਮਰਨਾ ਤੇ ਜਗ ਛੱਡਣਾ, ਮੇਰੀ ਜਗ ਵਿਚ ਰਹਿ ਜਾਇ ਗੱਲ ।। ੫੮ ।।

ਚੰਧੜ ਸਿਆਲ ਚੜ੍ਹ ਪਏ, ਰਾਹੀਂ ਘੱਤ ਵਹੀਰ
ਫੌਜਾਂ ਘੇਰਾ ਘੱਤਿਆ, ਕਰਕੇ ਬੜੀ ਤਦਬੀਰ ।।

ਕੜਾ ਕੜ ਚਲਣ ਗੋਲੀਆਂ, ਮਿਰਜ਼ੇ ਨੂੰ ਬਹੁਤੇ ਪੈਂਦੇ ਤੀਰ
ਉਹ ਸੁੱਤਾ ਨਹੀਂ ਜਾਗਿਆ, ਕੰਮ ਨਹੀਂ ਹੁੰਦਾ ਸਰੀਰ ।। ੫੭ ।।

ਦੇਖ ਜੰਡੋਰੇ ਦੀ ਛਤਰੀ, ਸਿਰ ਪਰ ਬੋਲੇ ਕਾਂ
ਟਾਂਗੂ ਵੱਜੇ ਮਲਕੁਲ ਮੌਤ ਦੇ, ਕਿਤੇ ਨਹੀਂ ਦਿੰਦੇ ਜਾਣ

ਚੰਧੜ ਸਿਆਲ ਮਾਰਨਗੇ, ਬੜੇ ਸੂਰਮੇ ਜੁਆਨ
ਉਠੀਂ ਵੇ ਮਿਰਜ਼ਿਆ ਸੁੱਤਿਆ, ਕਿਉਂ ਪਿਆ ਬੜੇ ਗੁਮਾਨ

ਘੋੜੀ ਆਉਂਦੀ ਵੀਰ ਸ਼ਮੀਰ ਦੀ, ਆਂਵਦੀ ਹੈ ਬੜੇ ਤਾਨ
ਸੁੱਤਾ ਏਂ ਤੂੰ ਉਠ ਖੜ, ਜੇ ਰੱਬ ਰੱਖੇ ਸਿਦਕ ਈਮਾਨ ।। ੬੦ ।।

ਮਿਰਜ਼ੇ ਆਉਂਦਾ ਦੇਖਿਆ, ਸਾਹਿਬਾਂ ਦਾ ਵੀਰ ਸ਼ਮੀਰ
ਤੇ ਮਿਰਜ਼ੇ ਨੇ ਗੋਸ਼ੇ ਵਿਚੋਂ ਕੱਢਿਆਂ, ਕਰੜੀ ਨੁੱਕੀ ਦਾ ਤੀਰ

ਕਰ ਬਿਸਮਿੱਲਾ ਮਾਰਿਆ, ਭਉਂਦਾ ਵਾਂਙ ਭਬੀਰ
ਘੋੜੀ ਉਤੋਂ ਲਾਹ ਲਿਆ, ਸਾਹਿਬਾਂ ਦਾ ਵੀਰ ਸ਼ਮੀਰ ।। ੬੧ ।।

ਅਗੋਂ ਸਾਹਿਬਾਂ ਬੋਲਦੀ, ਮੰਨ ਮਿਰਜ਼ਾ ਮੇਰੀ ਸਲਾਹ
ਚੜ੍ਹ ਸ਼ੱਕੀ ਨੂੰ ਪਾਵੀਂ ਰਾਹ ਖਰਲਾਂ ਦੇ, ਲੈ ਚਲ ਦਾਨਾਬਾਦ

ਸਿਆਲਾਂ ਦੀਆਂ ਘੋੜੀਆਂ ਆਦਮ ਖਾਣੀਆਂ, ਨਿਤ ਰੋਕ ਲੈਂਦੀਆਂ ਰਾਹ
ਜੇ ਤੂੰ ਮਿਰਜ਼ਿਆ ਸੂਰਮਾ, ਮੇਰੀ ਸਾਹਿਬਾਂ ਦੀ ਓੜ ਨਿਬਾਹ ।। ੬੨ ।।

ਮਿਰਜ਼ੇ ਵਿਚ ਬੜਾ ਗੁਮਾਨ ਥਾ, ਫਿਰ ਸੌਂ ਗਿਆ ਜੰਡੋਰੇ ਦੇ ਪਾਸ
ਮੈਂ ਵਲ ਵਲ ਵੱਢ ਦੂੰਗਾ ਸੂਰਮੇ, ਦਿਊਂਗਾ ਪੂਰ ਖਪਾ

ਮੈਨੂੰ ਝਟ ਕੂ ਢੌਂਕਾ ਲਾ ਲੈਣ ਦੇ, ਸੁੱਤੇ ਨੂੰ ਨਾ ਜਗਾ
ਦਿਨ ਚੜ੍ਹੇ ਨੂੰ ਚਲਾਂਗੇ, ਤੈਨੂੰ ਲੈ ਚਲਾਂ ਦਾਨਾਬਾਦ ।। ੬੩ ।।

ਹੋਣੀ ਮਿਰਜ਼ੇ ਤੇ ਕੁੱਦ ਪਈ, ਰਲੀ ਸਿਆਲਾਂ ਦੇ ਨਾਲ
ਛੁੱਟੀ ਕਾਨੀ ਗ਼ਜ਼ਬ ਦੀ, ਲੈ ਗਈ ਮਿਰਜ਼ੇ ਨੂੰ ਨਾਲ

ਰੂਹ ਮਿਰਜ਼ੇ ਦੀ ਨਿਕਲ ਗਈ, ਲੱਗੀ ਜੰਡੋਰੇ ਨਾਲ
ਮੰਦਾ ਕੀਤਾ ਈ ਸਾਹਿਬਾਂ, ਤੂੰ ਰਲ ਗਈ ਸਿਆਲਾਂ ਦੇ ਨਾਲ ।। ੬੪ ।।

ਕਾਨੀ ਘੜੀ ਕਮੱਗਰਾਂ, ਤੇ ਫਲ ਉਸਤਾਕਾਰ
ਧੋਖੇ ਮਾਰੀ ਮੇਰੀ ਸਾਹਿਬਾਂ ਨੇ, ਨਾ ਆਰ ਨਾ ਪਾਰ
ਖਿਚ ਕੇ ਕੱਢੀ ਮਿਰਜ਼ੇ ਜਵਾਨ ਨੇ, ਕਰ ਗਈ ਮਿਰਜ਼ੇ ਨੂੰ ਪਾਰ ।। ੬੫ ।।

ਅੱਗੋਂ ਸਾਹਿਬਾਂ ਬੋਲਦੀ, ਮਿਰਜ਼ਾ ਮੰਨ ਮੇਰੀ ਅਰਚਾ
ਹੋਣੀ ਵਰਤੀ ਪੈਗ਼ੰਬਰਾਂ, ਹੋਣੀ ਮਿਰਜ਼ੇ ਤੇ ਗਈ ਆ

ਬੇਟੇ ਸ਼ਾਹ ਅਲੀ ਦੇ, ਹਸਨ ਵ ਹੁਸੈਨ ਭਰਾ
ਲੜਦੇ ਨਾਲ ਯਜ਼ੀਦ ਦੇ, ਦਿਤੇ ਪੂਰ ਲੰਘਾ
ਦਰ ਵਿਚ ਰੋਂਦੀ ਬੀਬੀ ਫ਼ਾਤਮਾ, ਮੁੜ ਮੇਰੇ ਪਾਸ ਨਾ ਆ ।

ਮਿਰਜ਼ਿਆ ਐਡੇ ਪੈਗ਼ੰਬਰ ਮਾਰ ਲਏ, ਤੂੰ ਕਿਹਦਾ ਪਨਿਹਾਰ
ਇਕ ਅਰਜ਼ ਮੇਰੀ ਮੰਨ ਲੈ, ਸਾਹਿਬਾਂ ਨੂੰ ਲੈ ਚਲ ਨਾਲ ।। ੬੬ ।।

ਮੰਦਾ ਕੀਤਾ ਸੁਣ ਸਾਹਿਬਾਂ, ਮੇਰਾ ਤਰਕਸ ਟੰਗਿਆ ਜੰਡ
ਤਿੰਨ ਸੋ ਕਾਨੀ ਮਿਰਜ਼ੇ ਜੁਆਨ ਦੀ, ਦਿੰਦਾ ਸਿਆਲਾਂ ਨੂੰ ਵੰਡ
ਪਹਿਲੋਂ ਮਾਰਦਾ ਵੀਰ ਸ਼ਮੀਰ ਦੇ, ਦੂਜੀ ਕੁਲੇ ਤੇ ਤੰਗ
ਤੀਜੀ ਮਾਰਾਂ ਜੋੜ ਕੇ, ਜੈਂਦੀ ਹੈਂ ਤੂੰ ਮੰਗ ।
ਸਿਰ ਤੇ ਮੂੰਡਾਸਾ ਉਡ ਗਿਆ, ਗਲ ਵਿਚ ਪਈ ਝੰਡ
ਬਾਝੁ ਭਰਾਵਾਂ ਜੱਟ ਮਾਰਿਆ, ਕੋਈ ਨ ਮਿਰਜ਼ੇ ਦੇ ਸੰਗ ।। ੬੭ ।।

ਪੀਲੂ ਪੁੱਛੇ ਸ਼ਾਇਰ ਨੂੰ, ਕੈ ਵਲ ਗਿਆ ਜਹਾਨ
ਲੱਗ ਲੱਗ ਗਈਆਂ ਮਜਲਸਾਂ, ਬਹਿ ਬਹਿ ਗਏ ਦੀਵਾਨ
ਮਿਰਜ਼ਾ ਮਾਰਿਆ ਮਲਕੁਲਮੌਤ ਦਾ, ਕੁਛ ਮਾਰਿਆ ਉਹਨੂੰ ਗੁਮਾਨ
ਵਿਚ ਕਬਰਾਂ ਦੇ ਖਪ ਗਿਆ, ਮਿਰਜ਼ਾ ਸੋਹਣਾ ਜਵਾਨ
ਇਹ ਕਿੱਸਾ ਜੋੜਿਆ ਪੀਲੂ ਸ਼ਾਇਰ ਨੇ,
ਜਿਹਨੂੰ ਜਾਣੇ ਜੱਗ ਜਹਾਨ ।। ੬੮ ।।

# ਕਿੱਸਾ ਸੱਸੀ ਪੁੰਨੂੰ

## ਕਿੱਸਾਕਾਰ— ਹਾਸ਼ਮ

ਓੜਕ ਵਖਤ ਕਹਿਰ ਦੀਆਂ ਕੂਕਾਂ, ਸੁਣ ਪੱਥਰ ਢਲ ਜਾਵੇ ।
ਜਿਸ ਉਸ ਊਠ ਪੁੰਨੂ ਨੂੰ ਖੜਿਆ, ਮਰਿ ਦੋਜ਼ਖ ਵਲਿ ਜਾਵੇ ।
ਯਾ ਉਸ ਤੀਰ ਲਗੇ ਬ੍ਰਿਹੋਂ ਦਾ, ਵਾਂਗ ਸੱਸੀ ਜਲ ਜਾਵੇ ।
ਹਾਸ਼ਮ ਮੌਤ ਪਵੇ ਕਰਹਾ ਨੂੰ, ਤੁਖ਼ਮ ਜ਼ਿਮੀਨੋ ਜਾਵੇ ।

# ਹਾਸ਼ਮ ਦੀ ਸੱਸੀ—ਬ੍ਰਿਹਾ ਅਤੇ ਸੋਜ਼ ਦਾ ਸੰਸਾਰ

ਹਾਸਮ ਸਾਹ ਦੀ ਹਸ਼ਮਤ ਬਰਕਤ, ਗਿਣਤਰ ਵਿਚ ਨਾ ਆਵੇ ।
ਦੁੱਰਿ ਯਤੀਮ ਜਵਾਹਰ ਲੜੀਆਂ, ਜਾਹਿਰ ਕੱਢ ਲਿਆਵੇ ।

ਪੰਜਾਬੀ ਕਿੱਸਾਕਾਰੀ ਦੇ ਖੇਤਰ ਵਿਚ ਹਾਸ਼ਮ ਦੀ ਪਛਾਣ ਇਕ ਅਜਿਹੇ ਅਨੁਭਵੀ ਸ਼ਾਇਰ ਦੀ ਹੈ ਜਿਸ ਦੀ ਸਾਇਰੀ ਵਿਚ ਬ੍ਰਿਹਾ, ਦਰਦ ਅਤ ਸੋਜ ਸਿਖਰ ਉਪਰ ਹਨ । ਉਸ ਦੇ ਸੂਫੀ ਮਿਜ਼ਾਜ ਨੇ ਉਸਦੀ ਕਿੱਸਾਕਾਰੀ ਵਿਚ ਬ੍ਰਿਹਾ ਅਤੇ ਦਰਦ ਦਾ ਅਲਾਹੀ ਰੰਗ ਭਰਿਆ ਹੈ । ਉਹ ਲੌਕਿਕ ਅਤੇ ਪਾਰਲੌਕਿਕ ਰੰਗਾ ਵਾਲਾ ਸ਼ਾਇਰ ਹੈ। ਉਸ ਦੀ ਵਿਜੋਗ ਭਾਵਨਾ ਏਨੀ ਤਿੱਖੀ ਅਤੇ ਦਰਦ ਭਰੀ ਹੈ ਕਿ ਹਰ ਸਮੀਖਿਆਕਾਰ ਨੇ ਹਾਸਮ ਨੂੰ ਬ੍ਰਿਹਾ ਦਾ ਕਵੀ ਕਹਿਣ ਵਿਚ ਗੌਰਵ ਮਹਿਸੂਸ ਕੀਤਾ ਹੈ । ਉਸ ਦੀ ਕਿੱਸਾਕਾਰੀ ਵਿਚ ਜਿਹੜੀ ਤੜਪ ਅਤੇ ਬ੍ਰਿਹਾ ਭਾਵਨਾ ਹੈ, ਉਸ ਦੀਆਂ ਜੜ੍ਹਾਂ ਉਸ ਦੀ ਸੂਫੀ ਸਾਇਰੀ ਵਿਚ ਟਿਕੀਆ ਹੋਈਆਂ ਹਨ । ਉਹ ਇਕੋ ਵੇਲੇ ਧਰਤੀ ਦਾ ਸਾਇਰ ਹੈ ਅਤੇ ਕਰਤਾਰੀ ਰੰਗ ਵਾਲਾ ਵੀ । ਇਹੀ ਰੰਗ ਉਸਦੀ ਸਮੁੱਚੀ ਸ਼ਾਇਰੀ ਦਾ ਰੋਸਨ ਪੱਖ ਹੈ । ਫਜ਼ਲ ਇਲਾਹੀ ਲਿਖਦਾ ਹੈ:—

ਇਹਦਿਆਂ ਸ਼ਿਅਰਾਂ ਵਾਂਗ ਕਿਸ ਥੀਂ, ਸਿਅਰ ਨ ਬੰਨ੍ਹਿਆ ਜਾਂਦਾ ।
ਹੋਰ ਹਾਸ਼ਮ ਦਾ ਸ਼ਿਅਰ ਰਸੀਲਾ, ਹਰ ਇਕ ਦੇ ਮਨ ਭਾਉਂਦਾ ।

ਡਾ. ਹਰਨਾਮ ਸਿੰਘ ਸਾਨ ਹਾਸਮ ਦੀ ਸੱਸੀ ਨੂੰ ਵਾਰਿਸ ਦੀ ਹੀਰ ਦਾ ਦਰਜਾ ਦੇਂਦੇ ਹੋਏ ਲਿਖਦਾ ਹੈ ਕਿ "ਜਿਵੇਂ ਵਾਰਿਸ ਨੇ ਸਭ ਤੋਂ ਵਧੀਆ 'ਹੀਰ' ਲਿਖ ਕੇ ਨਾ ਕੇਵਲ ਆਪਣੇ ਪੂਰਬ-ਕਾਲੀਆਂ ਨੂੰ ਹੀ ਮਾਤ ਪਾ ਦਿੱਤਾ ਸਾ, ਸਗੋਂ ਉਸ ਵਿਚ ਇਕ ਅਜਿਹੀ ਰੂਹ ਵੀ ਫੂਕ ਦਿੱਤੀ ਸੀ ਕਿ ਮਗਰੋਂ ਲਿਖੀਆਂ ਗਈਆ 'ਹੀਰਾਂ' ਤਾਂ ਕਿਤੇ ਰਹੀਆ, ਹੁਣ ਤਕ ਵੀ ਦੇਸ-ਪਰਦੇਸ ਕੇਵਲ ਉਸੇ ਦੀ 'ਹੀਰ' ਹੀ ਪਰਧਾਨ ਹੈ । ਤਿਵੇਂ ਹੀ ਹਾਸਮ ਨੇ ਸਭ ਤੋਂ ਵਧੀਆ 'ਸੱਸੀ' ਲਿਖ ਕੇ, ਨਾ ਕੇਵਲ ਆਪਣੇ ਪੂਰਬ-ਕਾਲੀਆ ਨੂੰ ਹੀ ਮਾਤ ਪਾ ਦਿੱਤਾ ਸੀ, ਸਗੋਂ ਉਸ ਵਿਚ ਇਕ ਅਜਿਹੀ ਰੂਹ ਵੀ ਫੂਕ ਦਿੱਤੀ ਸੀ ਕਿ ਮਗਰੋ ਲਿਖੀਆਂ ਗਈਆਂ 'ਸੱਸੀਆ' ਤਾਂ ਕਿਤੇ ਰਹੀਆ, ਹੁਣ ਤਕ ਵੀ ਦੇਸ-ਪਰਦੇਸ ਕੇਵਲ ਉਸੇ ਦੀ 'ਸੱਸੀ' ਹੀ ਪਰਧਾਨ ਹੈ। ਹਾਸ਼ਮ ਨੇ ਸਭ ਤੋ ਵਧੀਆ

'ਸੱਸੀ' ਲਿਖ ਕੇ, ਨਾ ਕੇਵਲ ਆਪਣੇ ਪੂਰਬ-ਕਾਲੀਆਂ ਦੀਆਂ 'ਸੱਸੀਆ' ਨੂੰ ਹੀ ਫਿਕਿਆਂ ਪਾ ਦਿੱਤਾ ਸੀ, ਸਗੋਂ ਇਸ ਵਿਚ ਅਜਿਹਾ ਦਰਦ ਤੇ ਸੋਜ਼ ਵੀ ਭਰ ਦਿੱਤਾ ਸੀ ਕਿ ਉਨ੍ਹਾਂ ਦੀ 'ਸੱਸੀ' ਨਾਲ ਕਿਸੇ ਹੋਰ ਦੀ 'ਸੱਸੀ' ਅਜੇ ਤਕ, ਪੱਲਾ ਨਹੀਂ ਮੇਚ ਸਕੀ ।"

ਨਿਰਸੰਦੇਹ ਹਾਸ਼ਮ ਦਰਦ ਸੋਜ਼ ਦਾ ਸਰੋਦੀ ਸ਼ਾਇਰ ਹੈ । ਇਸ ਅਲਾਹੀ ਸ਼ਾਇਰ ਦਾ ਜਨਮ ਕੁਰੈਸ਼ੀ ਖ਼ਾਨਦਾਨ ਵਿਚ ਪਿੰਡ ਜਗਦੇਉ ਕਲਾਂ ਅੰਮ੍ਰਿਤਸਰ ਵਿਚ 1735 ਈ. ਵਿਚ ਹੋਇਆ । ਅਰਬੀ, ਫਾਰਸੀ, ਸੰਸਕ੍ਰਿਤ, ਪੰਜਾਬੀ ਅਤੇ ਹਿਕਮਤ ਵਿਚ ਪ੍ਰਬੀਨ ਹਾਸ਼ਮ ਨੂੰ ਜੋਤਸ਼ ਦਾ ਵੀ ਸ਼ੌਕ ਸੀ । ਹਾਸ਼ਮ ਕਥਨੀ ਕਰਨੀ ਅਤੇ ਪਵਿੱਤਰ ਆਤਮਾ ਵਾਲਾ ਸੂਫ਼ੀ ਫਕੀਰ ਸੀ । ਮੁਹੰਮਦ ਬਖ਼ਸ਼ ਕਰਤਾ ਸੈਫੁਲ ਮਲੂਕ ਲਿਖਦਾ ਹੈ:—

(1) ਹਾਸ਼ਮ ਸ਼ਾਹਦੀ ਹਸ਼ਮਤ ਬਰਕਤ ਗਿਣਤਰ ਵਿਚ ਨਾ ਆਵੇ ।

(2) ਉਹ ਭੀ ਮੁਲਕ ਸੁਖ਼ਨ ਦੇ ਅੰਦਰ, ਰਾਜਾ ਸੀ ਸਿਰਕਰਦਾ
ਜਿਸ ਕਿਸੇ ਦੀ ਚੜ੍ਹੇ ਮੁਹਿੰਮੇ, ਸੋਈਓ ਸੀ ਸਰ ਕਰਦਾ ।

ਹਾਸ਼ਮ ਦੀ ਸਮੁੱਚੀ ਸ਼ਾਇਰੀ ਦੀ ਵੰਨਗੀ ਦਾ ਰੰਗ ਬਹੁ-ਰੰਗਾ ਹੈ । ਸੱਸੀ ਪੁੰਨੂੰ, ਸੋਹਣੀ ਮਹੀਂਵਾਲ, ਕਿੱਸਾ ਸ਼ੀਰੀਂ ਫ਼ਰਹਾਦ, ਹੀਰ ਰਾਂਝਾ ਉਸ ਦੀ ਕਿੱਸਾਕਾਰੀ ਦੀ ਚੜ੍ਹਤ ਹਨ । ਦੋਹੜੇ ਅਤੇ ਡਿਉਢਾਂ ਵਿਚ ਇਸ਼ਕ ਹਕੀਕੀ ਅਤੇ ਸੂਫੀ ਰੰਗ ਹੈ । ਇਨ੍ਹਾਂ ਤੋਂ ਇਲਾਵਾ ਉਸ ਦੀ ਰਚਨਾ ਸੀਹਰਫ਼ੀਆਂ, ਮੁਨਾਜਾਤਾਂ ਅਤੇ ਬਾਰਾਮਾਹ ਦੇ ਰੂਪ ਵਿਚ ਵੀ ਮਿਲਦੀ ਹੈ । ਇਨ੍ਹਾਂ ਸਾਰੀਆਂ ਰਚਨਾਵਾ ਵਿਚੋਂ ਉਸ ਦੀ ਪ੍ਰਸਿੱਧੀ ਉਸ ਦੇ ਕਿੱਸੇ ਸੱਸੀ ਸਦਕਾ ਹੋਈ ਹੈ । ਮੌਲਵੀ ਅਹਿਮਦ ਯਾਰ ਲਿਖਦਾ ਹੈ:—

ਹਾਸ਼ਮ ਸੱਸੀ ਸੋਹਣੀ ਜੋੜੀ ਸਦ ਰਹਿਮਤ ਉਸਤਾਦੇ ।

ਹਾਸ਼ਮ ਇਕ ਅਜਿਹਾ ਸ਼ਾਇਰ ਸੀ, ਜਿਸ ਅੰਦਰ ਰੂਹਾਨੀ ਵਿਜੋਗ ਧੁਰੋਂ ਪੈਦਾ ਹੋਇਆ ਸੀ । ਇਹੀ ਕਾਰਣ ਹੈ ਕਿ ਉਹ ਭਾਵੇਂ ਕਿੱਸਾ ਲਿਖੇ ਜਾਂ ਸੂਫੀ ਰੰਗ ਵਾਲੀ ਸ਼ਾਇਰੀ ਰਚੇ, ਉਸ ਦੀ ਸ਼ਾਇਰੀ ਵਿਚ ਦਰਦ ਕਰਤਾਰੀ ਰੰਗ ਵਿਚ ਸਹਿਜੇ ਹੀ ਫੈਲ ਜਾਂਦਾ ਹੈ । ਇਹੀ ਉਸ ਦੀ ਕਾਵਿ ਸਵੰਦੇਨਾ ਦਾ ਰਹੱਸ ਹੈ । ਉਹ ਖੁਦ ਲਿਖਦਾ ਹੈ:—

ਰਿਹਾ ਇਸ਼ਕ ਪਹਾੜ ਚਿਰੇਂਦਾ, ਸੀ ਫਰਹਾਦ ਨਿਸ਼ਾਨਾ ।
ਸੋਈ ਸ਼ਖ਼ਸ ਬੋਲੇ ਵਿਚ ਮੇਰੇ, ਐਵੇਂ ਹਾਸ਼ਮ ਨਾਮ ਬਹਾਨਾ ।

ਬਾਵਾ ਬੁੱਧ ਸਿੰਘ ਆਪਣੀ ਪੁਸਤਕ ਬੰਬੀਹਾ ਬੋਲ ਵਿਚ ਲਿਖਦਾ ਹੈ, "ਹਾਸ਼ਮ ਨੇ ਸੱਸੀ ਕੀ ਆਖੀ, ਘਰ ਘਰ ਬਿਰਹਾ ਦਾ ਮੁਆਤਾ ਲਾ ਦਿੱਤਾ ।" ਪ੍ਰੋ. ਸੁਰਿੰਦਰ ਸਿੰਘ ਨਰੂਲਾ ਹਾਸ਼ਮ ਦੀ ਸਰੋਦੀ ਦਰਦ ਭਰੀ ਹੂਕ ਬਾਰੇ ਕਹਿੰਦਾ ਹੈ ਕਿ ਪਹਿਲੇ ਹੋ ਚੁੱਕੇ ਕਿੱਸਾ ਲੇਖਕਾਂ ਦੇ ਟਾਕਰੇ ਹਾਸ਼ਮ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਦਾ ਮਨੁੱਖੀ ਹਿਰਦੇ ਦਾ ਅਨੁਭਵ ਬਹੁਤ ਤਿੱਖਾ ਹੈ, ਉਸਦੀ ਸਰੋਦੀ ਹੂਕ ਦਿਲ ਵਿਚ ਧੂ ਪਾਉਣ ਵਾਲੀ ਹੈ ।" ਹਾਸਮ ਖ਼ੁਦ ਇਸ ਦਰਦ ਬ੍ਰਿਹਾ ਦੇ ਰੰਗ ਬਾਰੇ ਇੰਜ ਦੋਹੜਿਆਂ ਵਿਚ ਲਿਖਦਾ ਹੈ:—

ਜੇ ਦਿਨ ਰਾਤ ਰਹਾਂ ਵਿਚ ਜਲ ਦੇ, ਵਾਂਗ ਪਪੀਹੇ ਤਰਸਾਂ :
ਸੋਜ਼ ਫ਼ਿਰਾਕ ਨਸੀਬ ਅਸਾਡੇ, ਅਸੀਂ ਭਾ ਪਿਆ ਦੁਖ ਭਰਸਾਂ:
ਕਰ ਤਦਬੀਰ ਹੋਵੇ ਛੁਟਕਾਰਾ, ਮੌਤ ਹਰਾਮ ਨ ਮਰਸਾਂ :
ਹਾਸ਼ਮ ਤਲਬ ਰਹੇ ਜਿੰਦ ਜਾਏ, (ਤਾਂ) ਮੈਂ ਸ਼ੁਕਰ ਹਜ਼ਾਰਾਂ ਕਰਸਾਂ

ਹਾਸ਼ਮ ਨਿਰਸੰਦੇਹ ਅਜਿਹਾ ਕਵੀ ਸੀ, ਜਿਸ ਦੀ ਸ਼ਾਇਰੀ ਵਿਚ ਇਸ਼ਕ ਹਕੀਕੀ ਅਤੇ ਇਸ਼ਕ ਮਜਾਜ਼ੀ ਇਕੋ ਬੂਟੇ ਦੇ ਦੋ ਪਾਸਾਰ ਸਨ। ਬ੍ਰਿਹਾ ਉਸ ਦੀ ਸ਼ਾਇਰੀ ਦਾ ਮੀਰੀ ਲੱਛਣ ਹੈ। ਹਾਸ਼ਮ ਨੇ ਸਭ ਤੋਂ ਜ਼ਿਆਦਾ ਬ੍ਰਿਹਾ ਦਾ ਭਾਵਪੂਰਤ ਬਿਆਨ ਆਪਣੇ ਸੱਸੀ ਦੇ ਕਿੱਸੇ ਵਿਚ ਕੀਤਾ ਹੈ। ਸੱਸੀ ਹਾਸਮ ਕਿੱਸੇ ਵਿਚ ਵੀ ਉਸਦਾ ਬ੍ਰਿਹਾ ਦਾ ਰੰਗ ਸਭ ਤੋਂ ਜ਼ਿਆਦਾ ਉਥੇ ਉਘੜਿਆ ਹੈ, ਜਿੱਥੇ ਸੱਸੀ ਪੁੰਨੂੰ ਪਿੱਛੇ ਮਾਰੂਥਲ ਵਿਚ ਇਕੱਲੀ ਜਾਂਦੀ ਹੈ। ਹਾਸ਼ਮ ਦੇ ਇਸ ਕਿੱਸੇ ਦਾ ਸਭ ਤੋਂ ਵਧੀਆ ਹਿੱਸਾ ਇਹੀ ਦ੍ਰਿਸ਼ ਹੈ। ਪੁੰਨੂੰ ਦੇ ਵਿਛੋੜੇ ਵਿਚ ਤੜਪਦੀ ਸੱਸੀ ਦੀ ਹਾਲਤ ਨੂੰ ਹਾਸ਼ਮ ਨੇ ਬੜੇ ਦਰਦ ਭਰੇ ਢੰਗ ਨਾਲ ਬਿਆਨ ਕੀਤਾ ਹੈ। ਸੱਸੀ ਦਾ ਪੁੰਨੂੰ ਦੀ ਤਸਵੀਰ ਵੇਖ ਕੇ ਉਸਦੇ ਪ੍ਰਤੀ ਪਿਆਰ ਦੀ ਜੋ ਤੜਫ ਪੈਦਾ ਹੁੰਦੀ ਹੈ, ਉਹ ਪੂਰਬ ਰਾਗ ਬ੍ਰਿਹਾ ਦੀ ਹੈ ਉਸਦਾ ਦਿਲ ਪੁੰਨੂੰ ਦੀ ਤਸਵੀਰ ਵੇਖ ਕੇ ਹੀ ਘਾਇਲ ਹੋ ਜਾਂਦਾ ਹੈ:—

ਹੋ ਦਿਲ ਘਾਇਲ ਨਾਲ ਸਈਆਂ ਦੇ, ਫੇਰ ਸੱਸੀ ਘਰਿ ਆਈ।
ਨੀਂਦਰ ਭੁੱਖ ਜੁਲੈਖਾਂ ਵਾਂਗਰ ਪਹਿਲੀ ਰਮਜ਼ ਵੰਞਾਈ।
ਤੋੜਿ ਸ਼ਿੰਗਾਰ ਸੱਸੀ ਉਠ ਦੌੜੀ, ਖੋਲ੍ਹ ਲਿਆ ਘਰ ਬਾਰੋਂ।

ਅਗਲੀਆਂ ਤੁਕਾਂ ਵਿਚ ਵੀ ਉਸਨੇ ਸੱਸੀ ਦੀ ਬ੍ਰਿਹੋਂ ਕੁਠੀ ਹਾਲਤ ਦਾ ਬਿਆਨ ਕਰਕੇ ਇਸਦਾ ਪ੍ਰਭਾਵ ਹੋਰ ਸੰਘਣਾ ਕੀਤਾ ਹੈ :—

ਦਿਲ ਵਿਚ ਸੋਜ਼ ਫਿਰਾਕ ਪੁੰਨੂੰ ਦਾ ਰੋਜ਼ ਅਲੰਬਾ ਬਾਲੇ
ਬ੍ਰਿਹੋਂ ਬਿਦਰਦ ਆਰਾਮ ਨਾ ਦੇਂਦਾ, ਵਾਂਗ ਚਿਖਾ ਨਿੱਤ ਜਾਲੇ।
ਆਤਸ ਆਪ ਆਪੇ ਭਠਿਆਰਾ, ਆਪ ਜਲੇ ਨਿੱਤ ਜਾਲੇ।
ਹਾਸ਼ਮ ਫੇਰ ਕਿਹਾ ਸੁਖ ਸੋਵਣ, ਜਿਨ ਪੀਤੇ ਪ੍ਰੇਮ ਪਿਆਲੇ।

ਇਕ ਸਾਲ ਪੂਰਾ ਸੱਸੀ ਪੁੰਨੂੰ ਦੀ ਬ੍ਰਿਹੋਂ ਵਿਚ ਤੜਪਦੀ ਹੈ। ਇਹ ਪੂਰਬ ਰਾਗ ਬ੍ਰਿਹਾ ਹੈ ਜਿਸ ਵਿਚ ਕਿ ਸੱਸੀ ਪੁੰਨੂੰ ਦੀ ਤਸਵੀਰ ਵੇਖ ਕੇ ਉਸ ਲਈ ਤੜਫਦੀ ਹੈ। ਇਹ ਪੂਰਵ ਰਾਗ ਬ੍ਰਿਹਾ ਹਾਸ਼ਮ ਨੇ ਸੱਸੀ ਦਾ ਹੀ ਨਹੀਂ ਪੁੰਨੂੰ ਦਾ ਵੀ ਬਿਆਨ ਕੀਤਾ ਹੈ, ਪੁੰਨੂੰ ਵੀ ਬੋਬਲ ਕੋਲੇ ਸੱਸੀ ਦੀ ਸੋਹਣੀ ਸੂਰਤ ਦੀਆਂ ਗੱਲਾਂ ਸੁਣ ਕੇ ਉਸਨੂੰ ਮਿਲਣ ਤੋ ਪਹਿਲਾਂ ਹੀ ਉਸਦੇ ਇਸ਼ਕ ਲਈ ਬ੍ਰਿਹਾ ਵਿਚ ਤੜਪਦਾ ਹੈ:—

ਸੁਣ ਤਾਰੀਫ ਹੋਇਆ ਦਿਲ ਘਾਇਲ, ਰੁਮਕੀ ਵਾਉ ਪਿਰਮ ਦੀ।
ਕੌਣ ਕੋਈ ਦਿਲ ਰਹਸਿ ਟਿਕਾਣੇ, ਦਹਿਸ਼ਤ ਤੇਗ਼ ਆਲਮ ਦੀ
ਸ਼ਹਿਰ ਭੰਬੋਰ ਪੁੰਨੂੰ ਦਿਲ ਵੱਸਿਆ, ਵਿਸਰੀ ਸੁਰਤ ਕਿਰਮ ਦੀ।

ਇਸ ਤੋਂ ਇਲਾਵਾ ਹਾਸ਼ਮ ਨੇ ਨਾਇਕ ਦੇ ਪ੍ਰਦੇਸ਼ ਜਾਣ ਦੇ ਕਾਰਨ ਨਾਇਕਾ ਨੇ

ਜੋ ਵਿਛੋੜੇ ਦੀ ਪੀੜ ਮਹਿਸੂਸ ਹੁੰਦੀ ਹੈ. ਉਸ ਨੂੰ ਪ੍ਰਵਾਸ ਬ੍ਰਿਹਾ ਕਹਿੰਦੇ ਹਨ। 'ਸੱਸੀ ਪੁੰਨੂੰ' ਵਿਚ ਇਸ ਤਰ੍ਹਾਂ ਦੀ ਬਿਰਹਾ ਵੀ ਹੈ ਜਦੋਂ ਪੁੰਨੂੰ ਦੇ ਭਰਾ ਪੁੰਨੂੰ ਨੂੰ ਸ਼ਰਾਬ ਪਿਲਾ ਕੇ ਊਠ ਦੇ ਕਚਾਵੇ 'ਚ ਪਾ ਕੇ ਕੇਚਮ ਦੇ ਰਾਹ ਜਾ ਚੁੱਕੇ ਸਨ ਤਾਂ ਸੱਸੀ ਜਦ ਸਵੇਰੇ ਆਪਣੇ ਆਪ ਨੂੰ ਇਕੱਲੀ ਪਈ ਵੇਖਦੀ ਹੈ, ਤਾਂ ਉਸਦੇ ਕੀਤੇ ਵਿਰਲਾਪ ਤੋਂ ਪ੍ਰਵਾਸ ਬ੍ਰਿਹਾ ਉਤਪੰਨ ਹੁੰਦੀ ਹੈ। ਸੱਸੀ ਆਪਣਾ ਸਾਰਾ ਹਾਰ ਸ਼ਿੰਗਾਰ ਤੋੜ ਲੈਂਦੀ ਹੈ। ਪੁੰਨੂੰ ਦਾ ਵਿਛੋੜਾ ਉਸ ਤੋਂ ਝੱਲਿਆ ਨਹੀਂ ਜਾਂਦਾ:—

ਤੋੜਿ ਸ਼ਿੰਗਾਰ ਸੱਸੀ ਉਠ ਦੌੜੀ, ਖੋਲ੍ਹ ਲਿਆ ਘਰ ਬਾਰੋਂ।
ਚੜ੍ਹਿਆ ਆਣਕਿ ਰੋਹ ਸੱਸੀ ਨੂੰ, ਜਿੰਦ ਜੂ ਤਾਂ ਪਰ ਵਾਰੇ
ਡਰਦੀ ਸਾਥ ਪੁੰਨੂੰ ਦਾ ਤੱਕਦੀ, ਤੇਗ਼ ਹਿਜ਼ਰ ਦੀ ਮਾਰੋ
ਹਾਸ਼ਮ ਸਹਿਣ ਮੁਹਾਲ ਜੁਦਾਈ, ਸਖ਼ਤ ਬੁਰੀ ਤਲਵਾਰੋ।

ਇੰਝ ਇਨ੍ਹਾਂ ਪੰਕਤੀਆਂ ਵਿਚ ਹਾਸ਼ਮ ਨੇ ਪ੍ਰਵਾਸ ਬ੍ਰਿਹਾ ਦਾ ਚਿਤਰਣ ਕੀਤਾ ਹੈ। ਸਭ ਤੋਂ ਵੱਧ ਦਰਦਨਾਕ ਦ੍ਰਿਸ਼ ਸੱਸੀ ਦਾ ਮਾਰੂਥਲ ਵਿਚ ਜਾਣਾ ਹੈ, ਇਥੇ ਕਰੁਣ ਬ੍ਰਿਹਾ ਦਾ ਚਿਤਰਣ ਕੀਤਾ ਹੈ। ਮਾਰੂਥਲ ਵਿਚ ਤੁਰੀ ਜਾ ਰਹੀ ਸੱਸੀ ਦਾ ਦ੍ਰਿਸ਼ ਹਾਸ਼ਮ ਦੇ ਇਸ ਕਿੱਸੇ ਦਾ ਸਭ ਤੋਂ ਵਧੀਆ ਹਿੱਸਾ ਹੈ। ਪੁੰਨੂੰ ਦੇ ਵਿਛੋੜੇ ਵਿਚ ਤੜਫਦੀ ਸੱਸੀ ਦੀ ਹਾਲਤ ਨੂੰ ਹਾਸ਼ਮ ਨੇ ਬੜੇ ਦਰਦ ਭਰੇ ਢੰਗ ਨਾਲ ਬਿਆਨ ਕੀਤਾ ਹੈ ਅਤੇ ਉਸਦੀ ਬ੍ਰਿਹਾ ਦੀ ਹਾਲਤ ਇਸ ਤਰ੍ਹਾਂ ਬਿਆਨ ਕੀਤੀ ਹੈ ਕਿ ਉਹ ਆਪਣੀ ਮਾਨਸਿਕ ਦ੍ਰਿੜ੍ਹਤਾ ਕਾਰਨ ਪੁੰਨੂੰ ਦੇ ਪਿੱਛੇ ਜਾਣ ਤੋਂ ਨਹੀਂ ਮੁੜਦੀ. ਹਾਲਾਂਕਿ ਉਸਨੂੰ ਪਤਾ ਹੈ ਕਿ ਅਜਿਹੇ ਭਿਆਨਕ ਮਾਰੂਥਲ ਵਿਚ ਮੌਤ ਤੋਂ ਸਿਵਾ ਹੋਰ ਕੁਝ ਨਹੀਂ ਪਰ ਫਿਰ ਵੀ ਉਹ ਮਰਨ ਤੋਂ ਨਹੀਂ ਡਰਦੀ ਜਦ ਉਹ ਕਹਿੰਦੀ ਹੈ:—

ਤੁਰਸਾਂ ਮੂਲ ਨਾ ਮੁੜਸਾਂ ਰਾਹੋਂ, ਜਾਨ ਤਲੀ ਪੁਰ ਧਰਸਾ
ਜਬ ਲਗ ਸਾਸ ਨਿਰਾਸ ਨਾ ਹੋਵਾਂ, ਮਰਨੋਂ ਮੂਲ ਨਾ ਡਰਸਾਂ
ਜੇ ਰੱਬ ਕੂਕ ਸੱਸੀ ਦੀ ਸੁਣਸੀ, ਜਾਇ ਮਿਲਾਂ ਪਗ ਪਰਸਾਂ
ਹਾਸ਼ਮ ਨਹੀਂ ਸ਼ਹੀਦ ਹੋ ਵੇਸਾਂ, ਥਲ ਮਾਰੂ ਵਿਚ ਮਰਸਾਂ।

ਪੁੰਨੂੰ ਦੀ ਬ੍ਰਿਹਾ ਵਿਚ ਉਸ ਨੂੰ ਆਪਣੇ ਦਰਦ ਦਾ ਇਕੋ ਇਕ ਇਲਾਜ ਮੌਤ ਹੀ ਨਜ਼ਰ ਆਉਂਦਾ ਹੈ। ਪੁੰਨੂੰ ਦੇ ਮਿਲਾਪ ਲਈ ਮਾਰੂਥਲ ਦਾ ਆਤਸ਼ੀ ਦਰਿਆ ਉਸਦਾ ਰਾਹ ਰੋਕ ਕੇ ਖੜਾ ਹੈ, ਪਰ ਸੱਸੀ ਉਸ ਤੋਂ ਵੀ ਨਹੀਂ ਡਰਦੀ ਅਤੇ ਮਾਰੂਥਲ ਵਿਚ ਜਾਣ ਵੇਲੇ ਹਾਸ਼ਮ ਨੇ ਉਸਦੀ ਹਾਲਤ ਦਾ ਜੋ ਵਰਣਨ ਕੀਤਾ ਹੈ. ਉਹ ਕਿੰਨਾ ਖ਼ੂਬਸੂਰਤ ਹੈ:—

ਕਰ ਅਸਬਾਬ ਲਇਆ ਸ਼ਹਿਜ਼ਾਦੀ ਫੜਿਆ ਰਾਹੁ ਸ਼ੁਤਰ ਦਾ।
ਪਾਣੀ ਖ਼ੂਨ, ਖ਼ੁਰਾਕ ਕਲੇਜਾ, ਰਹਿਬਰੁ ਦਰਦੁ ਹਿਜਰ ਦਾ।
ਗਲ ਵਿਚ ਵਾਲ, ਅੱਖੀਂ ਵਿਚ ਸੁਰਖੀ. ਸੋਜ਼ ਜਨੂੰਨ ਕਹਿਰ ਦਾ
ਹਾਸਮ ਵੇਖ ਹਵਾਲ ਕਲੇਜਾ. ਘਾਇਲ ਸ਼ਮਸ ਕਮਰ ਦਾ।

ਉਸਦੀ ਬ੍ਰਿਹਾ ਦੀ ਹਾਲਤ ਦੇ ਨਾਲ ਨਾਲ ਉਸਦੀ ਮਾਨਸਿਕ ਦ੍ਰਿੜ੍ਹਤਾ ਦਾ ਵੀ ਚਿਤਰਣ ਕੀਤਾ ਹੈ, ਕਿਉਂਕਿ ਬ੍ਰਿਹਾ ਦੀ ਸਾਧਨਾ ਸਿਦਕ ਤੇ ਦ੍ਰਿੜ੍ਹਤਾ ਨਾਲ ਹੀ ਕੀਤੀ ਜਾ ਸਕਦੀ ਹੈ:—

ਚਮਕੀ ਆਣ ਦੁਪਹਿਰੀ ਵੇਲੇ, ਗਰਮੀ ਗਰਮ ਬਹਾਰੇ
ਤਪਦੀ ਵਾਉ ਵਗੇ ਅਸਮਾਨੀ, ਪੰਛੀ ਮਾਰਿ ਉਤਾਰੇ
ਆਤਸ਼ ਦਾ ਦਰਿਆਉ ਖਲੋਤਾ, ਥਲ ਮਾਰੂ ਵਲਿ ਚਾਰੇ ।
ਹਾਸ਼ਮ ਫੇਰ ਪਿਛਾਂਹ ਨਾ ਮੁੜਦੀ, 'ਲੂੰ' 'ਲੂੰ' ਹੋਤ ਪੁਕਾਰੇ ।

ਮਾਰੂਥਲ ਵਿਚ ਤੁਰੀ ਜਾ ਰਹੀ ਸੱਸੀ ਸਫ਼ਰ ਦੇ ਥਕੇਵੇਂ, ਗਰਮੀ, ਸੜਦੀ ਰੇਤ ਦੀ ਤਪਸ਼ ਤੇ ਅਤਿ ਦੀ ਪਿਆਸ ਅਤੇ ਵਿਛੋੜੇ ਦੀ ਪੀੜ ਕਰਕੇ ਤੇ ਲਗਾਤਾਰ ਰੋਂਦੀ ਰਹਿਣ ਕਰਕੇ ਨਿਢਾਲ ਹੋ ਚੁਕੀ ਸੀ ਪਰ ਫਿਰ ਵੀ ਉਸਦਾ ਲੂੰ ਲੂੰ ਪੁੰਨੂੰ ਦਾ ਨਾਂ ਲੈਂਦਾ ਸੀ । ਪੁੰਨੂੰ ਨੂੰ ਮਿਲਣ ਦੀ ਉਮੀਦ ਘਟਦੀ ਜਾ ਰਹੀ ਸੀ ਤੇ ਸੱਸੀ ਦੀ ਤੜਪ ਹੋਰ ਵਧਦੀ ਜਾ ਰਹੀ ਸੀ ਇਸ ਸਮੇਂ ਉਸਦੀ ਬ੍ਰਿਹਾ ਦੀ ਜੋ ਹਾਲਤ ਚਿਤਰੀ ਹੈ ਉਸ ਵਿਚੋਂ ਬ੍ਰਿਹਾ ਰਸ ਸਿਖਰ ਤੇ ਪੁਜਦਾ ਹੈ । ਹਾਸ਼ਮ ਨੇ ਇਥੇ ਦੋ ਵਿਰੋਧੀ ਚੀਜ਼ਾਂ ਦਾ ਟਾਕਰਾ ਕੀਤਾ ਹੈ, ਉਹ ਸੱਸੀ ਜੋ ਕਦੇ ਮਹਿਲਾਂ ਵਿਚ ਰਹਿੰਦੀ ਸੀ ਜਿਸਨੇ ਕਦੇ ਪੈਰ ਵੀ ਪਲੰਘ ਤੋਂ ਥੱਲੇ ਨਹੀਂ ਸੀ ਲਾਇਆ ਅਤੇ ਜਿਸਦੇ ਪੈਰ ਇੰਨੇ ਸੋਹਣੇ, ਨਾਜ਼ਕ ਤੇ ਮਹਿੰਦੀ ਨਾਲ ਸ਼ਿੰਗਾਰੇ ਹੋਏ ਸਨ, ਉਹੀ ਸੱਸੀ ਮਾਰੂਥਲਾਂ ਦੀ ਤਪਦੀ ਰੇਤ ਤੇ ਤੁਰ ਰਹੀ ਸੀ । ਸੱਸੀ ਦੀ ਨਜ਼ਾਕਤ ਤੇ ਕੋਮਲਤਾ ਦੀ ਮਾਰੂਥਲ ਦੀ ਕਠੋਰਤਾ ਦੇ ਨਾਲ ਕਿੰਨੀ ਸੋਹਣੀ ਤੁਲਨਾ ਕੀਤੀ ਹੈ:—

ਨਾਜ਼ਕ ਪੈਰ ਗੁਲਾਬ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ
ਆਸ਼ਕ ਵੇਖ ਥਹੇ ਇਕ ਵਾਰੀ, ਜਿਉਂ ਤਿਨਾ ਪਰਵਾਰੇ
ਬਾਲੂ ਰੇਤ ਤਪੇ ਵਿਚ ਥਲ ਦੇ, ਭੁੰਨਣ ਜੌਂ ਭਠਿਆਰੇ
ਹਾਸ਼ਮ ਵੇਖ ਯਕੀਨ ਸੱਸੀ ਦਾ ਫੇਰ ਨਹੀਂ ਦਿਲ ਹਾਰੇ ।

ਮਾਰੂਥਲ ਤਾਂ ਸੂਰਜ ਦੀ ਗਰਮੀ ਤੇ ਰੇਤ ਦੀ ਤਪਸ਼ ਦੇ ਨਾਲ ਸੜ ਹੀ ਰਿਹਾ ਸੀ, ਪਰ ਸੱਸੀ ਪੁੰਨੂੰ ਦੀ ਬ੍ਰਿਹਾ ਦੀ ਅੱਗ ਵਿਚ ਸੜ ਰਹੀ ਸੀ । ਬਾਹਰ ਮਾਰੂਥਲ ਦੀ ਗਰਮੀ ਉਸਨੂੰ ਨਿਢਾਲ ਕਰ ਰਹੀ ਸੀ ਅੰਦਰ ਬ੍ਰਿਹਾ ਦੀ ਅੱਗ ਉਸਨੂੰ ਸਾੜ ਰਹੀ ਸੀ:—

ਦਿਲ ਵਿਚ ਤਪਤ ਥਲਾਂ ਦੀ ਗਰਮੀ, ਆਣ ਫਿਰਾਕ ਰੰਵਾਣੀ
ਕਿਚਰਕੁ ਨੈਣ ਦੇਣ ਦਿਲਬਰੀਆਂ ਚੋਣ ਲਬਾਂ ਪਰ ਪਾਣੀ
ਫਿਰ ਫਿਰ ਢਾਡ ਕਰੇ ਹੱਠ ਦਿਲ ਦਾ, ਪਰ ਜਦ ਬਹੁਤ ਵਿਹਾਣੀ
ਹਾਸ਼ਮ ਯਾਦ ਭੰਬੋਰ ਪਾਇਓਂ ਸੂ, ਟੁਟ ਗਿਆ ਮਾਣ ਨਿਮਾਣੀ ।

ਬਾਹਰ ਮਾਰੂਥਲ ਉਸਦਾ ਦੁਸ਼ਮਣ ਬਣੀ ਬੈਠਾ ਸੀ, ਉਥੇ ਉਸਦੇ ਦਿਲ ਦੇ ਅੰਦਰਲੀ ਬਿਹਾ ਦੀ ਅੱਗ ਉਸਨੂੰ ਸਾੜ ਰਹੀ ਸੀ ਭਾਵੇਂ ਉਸਨੂੰ ਬ੍ਰਿਹਾ ਦੇ ਅੱਗ ਦੀ ਤਪਸ਼ ਸਹਿਣੀ

ਪੈ ਰਹੀ ਸੀ. ਪਰ ਇਸ ਅੱਗ ਵਿਚ ਸੜ ਕੇ ਹੀ ਉਸਦਾ ਇਸ਼ਕ ਸੰਪੂਰਨ ਤੇ ਸੋਨਾ ਬਣਨਾ ਸੀ ਇਸ ਅੱਗ ਰੂਪੀ ਦਰਿਆ ਵਿਚ ਪੈ ਕੇ ਹੀ ਉਸਦੇ ਇਸ਼ਕ ਦੀ ਸਾਧਨਾ ਪੂਰੀ ਹੋਣੀ ਸੀ। ਹਾਸ਼ਮ ਦਾ ਕਮਾਲ ਉਸਦੀ ਬ੍ਰਿਹਾ ਹਾਲਤ ਦਾ ਖ਼ੂਬਸੂਰਤੀ ਨਾਲ ਬਿਆਨ ਕਰਨ ਵਿਚ ਹੈ। ਕੁਝ ਸਤਰਾਂ ਵੇਖੋ:—

ਕੁਝ ਡਿਗਦੀ, ਕੁਝ ਢਹਿੰਦੀ, ਉਠਦੀ, ਬਹਿੰਦੀ ਤੇ ਦਮ ਲੈਂਦੀ
ਜਿਉਂ ਕਰ ਤੋੜ ਸ਼ਰਾਬੋ ਆਵੇ, ਫੇਰ ਉਤੇ ਵੱਲ ਵੈਂਦੀ।
ਢੂੰਡੇ ਖੋਜ ਸਸ਼ੁਤਰ ਦਾ ਕਿਤ ਵਲ, ਹਰਗਿਜ਼ ਭਾਲ ਨਾ ਪੈਂਦੀ
ਹਾਸ਼ਮ ਜਗਤ ਨਾ ਕਿਉਕਰ ਗਾਏ, ਪ੍ਰੀਤ ਸੰਪੂਰਨ ਜੈਦੀ।

ਸਬੱਬ ਨਾਲ ਪੁੰਨੂੰ ਦੇ ਊਠ ਦੇ ਪੈਰ ਦਾ ਨਿਸ਼ਾਨ ਸੱਸੀ ਨੂੰ ਮਿਲਦਾ ਹੈ ਹੈ ਤੇ ਸੱਸੀ ਨੂੰ ਉਸ ਨਿਸ਼ਾਨ ਦਾ ਮਿਲਣਾ ਆਪਣੇ ਦਰਦ ਦਾ ਦਾਰੂ ਮਿਲਣ ਵਾਂਗ ਲਗਦਾ ਹੈ ਤੇ ਉਹ ਉਸਨੂੰ ਆਪਣਾ ਪ੍ਰੀਤਮ ਜਾਣ ਕੇ ਪਿਆਰ ਕਰਦੀ ਹੈ। ਸਭ ਤੋਂ ਵੱਧ ਖਿੱਚ ਤੇ ਦਰਦਨਾਕ ਬਿਆਨ ਉਥੇ ਹੈ ਜਿਥੇ ਸੱਸੀ ਪੁੰਨੂੰ ਦੇ ਊਠ ਨੂੰ ਬਦਅਸੀਸਾਂ ਦਿੰਦੀ ਹੈ। ਸੱਸੀ ਦੀ ਤੜਪ ਬਿਆਨਣ ਲੱਗਿਆਂ ਕਵੀ ਦੀ ਵਰਣਨ ਸ਼ਕਤੀ ਸਿੱਖਰ ਤੇ ਜਾ ਪੁੱਜਦੀ ਹੈ:—

ਓੜਕ ਵਕਤ ਕਹਿਰ ਦੀਆਂ ਕੂਕਾਂ, ਸੁਣ ਪੱਥਰ ਢਲ ਜਾਵੇ।
ਜਿਸ ਉਸ ਊਠ ਪੁੰਨੂੰ ਨੂੰ ਖੜਿਆ, ਮਰਿ ਦੋਜ਼ਖ਼ ਵਲਿ ਜਾਵੇ।
ਯਾ ਉਸ ਤੀਰ ਲਗੇ ਬ੍ਰਿਹੋ ਦਾ, ਵਾਂਗ ਸੱਸੀ ਜਲ ਜਾਵੇ।
ਹਾਸ਼ਮ ਮੌਤ ਪਵੇ ਕਰਹਾ ਨੂੰ, ਤੁਖ਼ਮ ਜਿਮੀਨੋ ਜਾਵੇ।

ਬ੍ਰਿਹਾ ਵਰਣਨ ਤੋਂ ਇਲਾਵਾ ਹਾਸ਼ਮ ਦੀ ਕਵਿਤਾ ਦੇ ਵਿਭਿੰਨ ਕਾਵਿਕ ਗੁਣ ਬੜੇ ਸਲਾਹੁਣਯੋਗ ਹਨ। ਉਸ ਨੂੰ ਅਨੂਠੇ ਗੁਣਾਂ ਵਾਲਾ ਸ਼ਾਇਰ ਮੰਨਿਆ ਗਿਆ ਹੈ। ਸੰਜਮ ਉਸ ਦੀ ਸ਼ਾਇਰੀ ਦਾ ਮੀਰੀ ਗੁਣ ਹੈ। ਡਾ. ਫ਼ਕੀਰ ਮੁਹੰਮਦ ਲਿਖਦਾ ਹੈ ਕਿ "ਉਹ ਅਜਿਹੀਆਂ ਲਫ਼ਜ਼ੀ ਤਸਵੀਰਾਂ ਖਿੱਚਦਾ ਹੈ ਜਿਹੜੀਆਂ ਮੂੰਹੋਂ ਪਈਆਂ ਬੋਲਦੀਆਂ ਨੇ। ਸਾਦ ਮੁਰਾਦੀਆਂ ਤਸ਼ਬੀਹਾਂ ਨਾਲ ਜ਼ਿੰਦਗੀ ਦੀ ਤਸਵੀਰ ਖਿੱਚਣ ਲੱਗਾ ਆਪਣੀ ਜਾਨ ਦੇ ਰੋਗ ਨੂੰ ਅਵਾਮੀ ਜ਼ਿੰਦਗੀ ਦਾ ਆਜ਼ਾਰ ਬਣਾ ਦੇਂਦਾ ਏ।" ਇਸ ਤਸਵੀਰ ਦਾ ਸਾਕਾਰ ਰੂਪ ਦੇਖੋ:—

ਤਪਦੀ ਵਾਉ ਵਗੇ ਅਸਮਾਨੋਂ, ਪੰਛੀ ਮਾਰ ਉਤਾਰੇ।
ਆਤਿਸ਼ ਦਾ ਦਰਿਆਓ ਖਲੋਤਾ, ਥਲ ਮਾਰੂ ਵਲ ਚਾਰੇ।

ਦਰਅਸਲ ਦਰਦ ਸੋਜ਼ ਦੇ ਕਰਤਾਰੀ ਜਜ਼ਬੇ ਨੇ ਉਸ ਦੀ ਸ਼ਾਇਰੀ ਦੇ ਹਰ ਰੰਗ ਨੂੰ ਗਹਿਰਾਈ ਦੇ ਦਿੱਤੀ ਹੈ। ਸਾਦਗੀ ਅਤੇ ਲੈਅ ਉਸ ਦੀ ਕਿੱਸਾਕਾਰੀ ਦਾ ਅਹਿਮ ਸੂਤਰ ਹਨ। ਵਲਵਲਾ ਏਨਾ ਪ੍ਰਭਾਵੀ ਹੋ ਨਿੱਬੜਿਆ ਹੈ ਕਿ ਪਾਠਕ ਉਸ ਦਰਦ ਦਾ ਖ਼ੁਦ ਭਾਗੀ ਬਣ ਜਾਂਦਾ ਹੈ। ਹਾਸ਼ਮ ਦੀ ਸ਼ਾਇਰੀ ਦਾ ਰੰਗ ਉਸ ਦੇ ਕਿੱਸੇ ਸੱਸੀ ਵਿਚੋਂ ਪਾਠਕ ਖ਼ੁਦ ਦੇਖ ਲੈਣਗੇ ਜੋ ਇਸ ਪੁਸਤਕ ਵਿਚ ਸ਼ਾਮਲ ਕੀਤਾ ਗਿਆ ਹੈ।

# ਕਿੱਸਾ ਸੱਸੀ ਪਨੂੰ

ਹਿਕਮਤਿ ਓਸ ਖ਼ੁਦਾਵੰਦ ਵਾਲੀ, ਮਾਲਕ ਮੁਲਕ ਮਲਕ ਦਾ ।
ਲਾਖ ਕਰੋੜ ਕਰਨ ਚਤੁਰਾਈ, ਕੋਈ ਪਛਾਣ ਨਾ ਸਕਦਾ ।
ਕੁਦਰਤਿ ਨਾਲ ਰਹੇ ਸਰਗਰਦਾਂ, ਦਾਇਮ ਚਰਖ਼ ਫ਼ਲਕ ਦਾ ।
ਹਾਸ਼ਮ ਖ਼ੂਬ ਹੋਇਆ ਗੁਲਕਾਰੀ, ਫ਼ਰਸ਼ ਫ਼ਨਾਹ ਖ਼ਲਕ ਦਾ ।। ੧ ।।

ਹਿਕਮਤਿ ਨਾਲ ਹਕੀਮ ਅਜ਼ਲ ਦੇ, ਨਕਸ਼ੁ ਨਿਗਾਰ ਬਣਾਇਆ ।
ਹਰ ਅਰਵਾਹੁ ਅਸੀਰ ਇਸ਼ਕ ਦਾ, ਕੈਦ ਜਿਸਮ ਵਿਚ ਪਾਇਆ ।
ਜੋ ਮਖ਼ਲੂਕ, ਨਾ ਬਾਹਰ ਇਸ ਥੀਂ, ਅਰਜ਼ੁ ਸਮਾ ਵਿਚ ਆਇਆ ।
ਹਾਸ਼ਮ ਜੋਸ਼ ਬੁਖ਼ਾਰ ਇਸ਼ਕ ਦਾ, ਹਰ ਇਕ ਸ਼ਾਨ ਵਟਾਇਆ ।। ੨ ।।

ਹੁਸਨ ਕਲਾਮ ਜੋ ਸ਼ਾਇਰ ਕਰਦੇ, ਸੁਖ਼ਨ ਨਾ ਸਾਥੀਂ ਆਇਆ ।
ਜਿਹਾ ਕੁ ਅਕਲ ਸ਼ਊਰ ਅਸਾਡਾ, ਅਸਾਂ ਭਿ ਆਖਿ ਸੁਣਾਇਆ ।
ਸੁਣਿ ਸੁਣਿ ਹੋਤ ਸੱਸੀ ਦੀਆਂ ਬਾਤਾਂ, ਕਾਮਲ ਇਸ਼ਕ ਕਮਾਇਆ ।
ਹਾਸ਼ਮ ਜੋਸ਼ ਤਬੀਅਤ ਕੀਤਾ, ਵਹਿਮ ਇਤੇ ਵਲ ਆਇਆ ।। ੩ ।।

ਆਦਮ ਜਾਮ ਭੰਬੋਰ ਸ਼ਹਿਰ ਦਾ, ਸਾਹਿਬ ਤਖ਼ਤ ਕਹਾਵੇ ।
ਵਹਿਸ਼ ਤਯੂਰ ਜਨਾਇਤ ਆਦਮ ਹਰ ਇਕ ਸੀਸ ਨਿਵਾਵੇ ।
ਜਾਹੁ ਜਲਾਲ ਸਿਕੰਦਰ ਵਾਲਾ, ਖ਼ਾਤਰ ਮੂਲ ਨਾ ਲਿਆਵੇ ।
ਹਾਸਮ ਆਖ ਜ਼ਬਾਨ ਨਾ ਸਕਦੀ, ਕਉਣ ਤਰੀਫ਼ ਸੁਣਾਵੇ ।। ੪ ।।

ਸ਼ਹਿਰ ਭੰਬੋਰ ਮਕਾਨ ਇਲਾਹੀ, ਬਾਗ਼ ਬਹਿਸ਼ਤ ਬਣਾਇਆ ।
ਫਰਸ਼ ਫ਼ਰੂਸ਼ ਚਮਨ ਗੁਲ ਬੂਟਾ, ਹਰ ਇਕ ਜਾਤ ਲਗਾਇਆ ।
ਨਦੀਆਂ ਹੌਦ ਤਲਾਉ ਫ਼ੁਹਾਰੇ, ਰਲਿ ਮਿਲਿ ਖ਼ੂਬ ਸੁਹਾਇਆ ।
ਹਾਸ਼ਮ ਰੂਹ ਰਹੇ ਵਿਚ ਫਸਿਆ, ਦਾਮ ਫ਼ਰੇਬ ਵਿਛਾਇਆ ।। ੫ ।।

ਮੀਰ ਵਜ਼ੀਰ ਗ਼ੁਲਾਮ ਕਰੋੜਾਂ, ਲਸ਼ਕਰ ਫ਼ੌਜ ਖ਼ਜ਼ਾਨੇ ।

ਬੈਰਕ ਸੁਰਖ਼ ਨਿਸ਼ਾਨ ਹਜ਼ਾਰਾਂ, ਸ਼ਾਮ ਘਟਾਂ ਸਮਿਆਨੇ ।
ਖਾਵਣ ਖ਼ੈਰ ਫ਼ਕੀਰ ਮੁਸਾਫ਼ਰ, ਸਾਹਿਬ ਹੋਸ਼ ਦਿਵਾਨੇ ।
ਹਾਸ਼ਮ ਏਸ ਗ਼ਮੀ ਵਿਚਿ ਆਜਿਜ਼, ਹੋਸੁ ਉਲਾਦ ਨਾ ਖ਼ਾਨੇ ।। ੬ ।।

ਖ਼ਾਹਿਸ਼ ਇਕਸੁ ਔਲਾਦ ਹਮੇਸ਼ਾ, ਪੀਰ ਸ਼ਹੀਦ ਮਨਾਵੇ ।
ਦੇਇ ਲਿਬਾਸ ਪੁਸਾਕ ਬਿਰਹਿਨਾਂ, ਭੁੱਖਿਆਂ ਤਾਮ੍ਹ ਖਲਾਵੇ ।
ਵੇਖਿ ਉਜਾੜ ਮੁਸਾਫਰ ਕਾਰਨ, ਤਾਲ ਸਰਾਇ ਬਣਾਵੇ ।
ਹਾਸ਼ਮ ਦੋਸੁ ਜਹਾਨ ਦੁਆਈਂ, ਆਸ ਸਾਈਂ ਵਰ ਲਿਆਵੇ ।। ੭ ।।

ਦੁੱਰਿ ਯਤੀਮ ਸਦਫ ਵਿਚ ਆਇਆ, ਸੁਣੀ ਪੁਕਾਰ ਦਿਲਾਂ ਦੀ ।
ਫਿਰੀ ਬਹਾਰ ਸਗੂਫੇ ਵਾਲੀ, ਹੋਈ ਉਮੈਦ ਗੁਲਾਂ ਦੀ ।
ਸੇਜ ਮਲੂਕ ਹੋਈ ਅਬਰੇਸ਼ਮ, ਆਹੀ ਸਖਤ ਸੂਲਾਂ ਦੀ ।
ਹਾਸ਼ਮ ਵੇਖ ਹੋਈ ਗੁਲ ਲਾਲਾ, ਹੋਗੁ ਬਹਾਰ ਫੁਲਾਂ ਦੀ ।। ੮ ।।

ਸੱਸੀ ਜਨਮ ਲਿਆ ਸ਼ਬ-ਕਦਰੇ, ਮਿਸਲ ਹਿਲਾਲ ਦਰਖ਼ਸਾਂ ।
ਵੇਖ ਬਿਆਬ ਹੋਏ ਨਗ ਮੋਤੀ, ਮਾਣਕ ਲਾਲ ਬਦਖ਼ਸਾਂ ।
ਅਕਲ ਖਿਆਲ ਕਿਆਸੋਂ ਬਾਹਰ, ਨਜ਼ਰ ਕਰੇ ਵਲ ਨਕਸ਼ਾਂ ।
ਹਾਸ਼ਮ ਆਖ ਤਰੀਫ ਹੁਸਨ ਦੀ, ਸ਼ਮਸ ਮਿਸਾਲ ਜ਼ਰਫਸਾਂ ।। ੯ ।।

ਜੁਮਲ ਜਹਾਨ ਹੋਈ ਖੁਸ਼ਹਾਲੀ, ਫਿਰਿਆ ਨੇਕ ਜ਼ਮਾਨਾ ।
ਨੌਬਤ ਨਾਚ ਸ਼ੁਮਾਰ ਨਾ ਕੋਈ, ਧੁਰਬਤ ਤਾਲ ਤਰਾਨਾ ।
ਕਰ ਸਿਰ ਵਾਰ ਸੱਟਣ ਜ਼ਰ ਸੁਇਨਾ, ਹੋਰ ਜਵਾਹਰ ਖਾਨਾ ।
ਹਾਸ਼ਮ ਖ਼ੈਰ ਕੀਤਾ ਫੁਕਰਾਵਾਂ, ਮਿਲਕ ਮੁਆਸ ਖਜ਼ਾਨਾ ।। ੧੦ ।।

ਅਹਿਲਿ ਤੁਰੇਤ ਸੱਦੇ ਉਸ ਵੇਲੇ, ਹਿਬਜ਼ ਨਜੂਮ ਜ਼ਬਾਨੀ ।
ਸਾਹਿਬ-ਯੁਮਨ ਕਰਾਮਤ ਵਾਲੇ, ਖ਼ਬਰ ਦੇਹਨਿ ਅਸਮਾਨੀ ।
ਵੇਖਣ ਉਮਰ ਨਸੀਬ ਸੱਸੀ ਦਾ, ਖੋਲ੍ਹ ਕਲਾਮ ਰਬਾਨੀ ।
ਹਾਸ਼ਮ ਭਾਰ ਸੱਸੀ ਸਿਰ ਡਾਢਾ, ਹੋਗੁ ਸ਼ਿਤਾਬੁ ਅਸਾਨੀ ।। ੧੧ ।।

ਵੇਖਿ ਕਿਤਾਬ ਨਜੂਮ ਨਜੂਮੀ ਹੋਇ ਰਹੇ ਚੁਪ ਸਾਰੇ ।
ਜ਼ਾਲਮ ਹਕਮ ਸ਼ਾਹ ਸਲਤਾਨਾਂ, ਕੌਣ ਕੋਈ ਦਮ ਮਾਰੇ ।

ਬਾਦਸ਼ਾਹਾਂ ਸੱਚ ਆਖਣ ਔਖਾ, ਹੋਏ ਲਾਚਾਰ ਵਿਚਾਰੇ ।
ਹਾਸ਼ਮ ਬਖ਼ਤ ਬਖ਼ੀਲ ਸੱਸੀ ਦੇ, ਕੌਣ ਜਿੱਤੇ ਕੌਣ ਹਾਰੇ ।। ੧੨ ।।

ਸ਼ਾਹ-ਦਰਬਾਰ ਕਹਿਆ ਚੁਪ ਕੇਹੀ, ਕਹੋ ਜਵਾਬ ਕੀ ਆਵੇ ।
ਅਰਜ਼ ਕੀਤੀ ਦਰਬਾਰ ਅਸਾਥੋਂ, ਸੁਖ਼ਨ ਕਲਾਮ ਨਾ ਆਵੇ ।
ਰਾਸ ਜ਼ਬਾਨ ਨਾ ਆਖਣ ਜੋਗੀ, ਝੂਠ ਈਮਾਨ ਜਲਾਵੇ ।
ਹਾਸਮ ਕਰਨ ਲੁਕਾਉ ਬਤੇਰਾ, ਕਿਸਮਤ ਕੌਣ ਮਿਟਾਵੇ ।। ੧੩ ।।

ਓੜਕ ਖ਼ੌਫ਼ ਉਤਾਰ ਨਜੂਮੀ ਬਾਤ ਕਹੀ ਮਨ-ਭਾਣੀ ।
ਆਸ਼ਕ ਹੋਗੁ ਕਮਾਲ ਸੱਸੀ ਜਦ, ਹੋਗੁ ਜੁਆਨ ਸਿਆਣੀ ।
ਮਸਤ ਬਿਹੋਸ਼ ਥਲਾਂ ਵਿਚ ਮਰਸੀ, ਇਸ਼ਕ ਫਿਰਾਕ ਰੰਞਾਣੀ ।
ਹਾਸਮ ਦਾਗ਼ ਲਗਾਉਗੁ ਕੁਲ ਨੂੰ, ਹੋਗੁ ਜਹਾਨ ਕਹਾਣੀ ।। ੧੪ ।।

ਸੁਣ ਤਕਦੀਰ ਹੋਏ ਦਿਲ ਬਿਰੀਆਂ, ਮਾਂ ਪਿਉ ਖ਼ੇਸ਼ ਕਬੀਲਾ ।
ਆਤਸ਼ ਚਮਕ ਉਠੀ ਹਰ ਦਿਲ ਨੂੰ, ਜਿਉਂਕਰ ਤੇਲ ਫਤੀਲਾ ।
ਖ਼ੁਸ਼ੀ ਖ਼ਰਾਬ ਹੋਈ ਵਿੱਚ ਗ਼ਮ ਦੇ, ਜ਼ਰਦ ਹੋਇਆ ਰੰਗ ਪੀਲਾ ।
ਹਾਸ਼ਮ ਬੈਠ ਦਨਾਉ ਸਿਆਣੇ, ਹੋਰੁ ਵਿਚਾਰਨ ਹੀਲਾ ।। ੧੫ ।।

ਬੇਇਤਬਾਰ ਹੋਇਆ, ਹੱਥ ਧੋਤੇ, ਬਾਪ ਉਮੈਦ ਮੁਰਾਦੋਂ ।
ਜ਼ਾਲਮ ਰੂਪੁ ਹੋਇਆ ਦਿਲ ਉਸ ਦਾ, ਸਖ਼ਤ ਸਿਆਹ ਜੱਲਾਦੋਂ ।
ਡੋਬਗੁ ਨੰਗ ਨਮੂਸ ਕੀ ਹਾਸਲੁ, ਏਸ ਪਲੀਤ ਉਲਾਦੋਂ ।
ਹਾਸ਼ਮ ਖਰਚ ਕਰੋ ਫੁਰਮਾਇਆ, ਫ਼ਾਰਗ਼ ਹੋਰੁ ਫਸਾਦੋਂ ।। ੧੬ ।।

ਕਹਿਆ ਵਜੀਰ 'ਕੀ ਦੋਸ਼ ਸੱਸੀ ਨੂੰ, ਲਿਖਿਆ ਲੇਖ ਲਿਖਾਰੀ ।
ਬੇਤਕਸੀਰ ਕੁਹਾਉਣ ਕੰਨਿਆ, ਨਸ਼ਟ ਹੋਵੇ ਕੁਲ ਸਾਰੀ ।
ਇਸ ਥੀ ਪਾਪ ਨਾ ਹੋਗੁ ਪਰੇਰੇ, ਕੌਣ ਹੋਵੇ ਹਿਤਆਰੀ ।
ਹਾਸ਼ਮ ਪਾਇ ਸੰਦਕ ਰੁੜਾਇਓ, ਚੁਕ ਪਵੇ ਸਭ ਖੁਆਰੀ ।। ੧੭ ।।

ਫ਼ਰਸ਼ ਜਿਮੀਂ ਤੇ ਹਰ ਇਕ ਤਾਈ, ਮਾਂ ਪਿਉ ਬਹੁਤ ਪਿਆਰਾ ।
ਸੋ ਫੜ ਆਪ ਰੁੜ੍ਹਾਉਣ ਜਿਸ ਨੂੰ ਵੇਖ ਗੁਨਾਹੁ ਨਿਕਾਰਾ ।
ਧੰਨ ਉਹ ਸਾਹਿਬ ਸਿਰਜਨਹਾਰਾ, ਐਬ ਛੁਪਾਵਣਹਾਰਾ ।
ਹਾਸ਼ਮ ਜੇ ਉਹ ਕਰੇ ਅਦਾਲਤੁ, ਕੌਣ ਕਰੇ ਨਿਸਤਾਰਾ ।। ੧੮ ।।

ਵਾਹ ਕਲਾਮ ਨਸੀਬ ਸੱਸੀ ਦਾ, ਨਾਮ ਲਿਆਂ ਦਿਲ ਡਰਦਾ ।
ਤਖ਼ਤੋਂ ਚਾਇ ਸੁਟੇ ਸੁਲਤਾਨਾਂ, ਖ਼ੈਰ ਮੰਗਣ ਦਰ ਦਰ ਦਾ ।
ਬੈਲੁ ਗ਼ਰੀਬੁ ਨਕਾਬਲ ਜੇਹਾ, ਚਾਇ ਜ਼ਿਮੀਂ ਸਿਰ ਧਰਦਾ ।
ਹਾਸ਼ਮ ਜਾਇ ਨ ਬੋਲਣ ਵਾਲੀ, ਜੋ ਚਾਹੇ ਸੋਈ ਕਰਦਾ ।। ੧੯ ।।

ਜਿਸ ਉਸਤਾਦੁ ਸੰਦੂਕ ਸੱਸੀ ਦਾ, ਘੜਿਆ ਨਾਲ ਮਿਹਰ ਦੇ ।
ਅਫ਼ਲਾਤੂਨ ਅਰਸਤੂ ਜੇਹੇ, ਹੋਣ ਸ਼ਗਿਰਦ ਹੁਨਰ ਦੇ ।
ਜ਼ੀਨਤ ਜ਼ੇਬ ਸਿਖੀ ਸਭ ਉਸ ਥੋਂ, ਦਿਲਬਰ ਚੀਨ ਮਿਸਰ ਦੇ ।
ਹਾਸ਼ਮ ਵੇਖ ਅਰਾਇਸ਼ ਕਰਦਾ, ਸ਼ਾਬਸ਼ ਅਕਲ ਫ਼ਿਕਰ ਦੇ ।। ੨੦ ।।

ਚੰਨਣ ਸ਼ਾਖ ਮੰਗਾਇ ਕਿਦਾਹੋਂ, ਬੈਠ ਕਾਰੀਗਰ ਘੜਿਆ ।
ਬੂਟਾ ਵੇਲ ਸੁਨਹਿਰੀ ਕਰਕੇ, ਲਾਲ ਜਵਾਹਰ ਜੜਿਆ ।
ਪਾਇ ਜ਼ੰਜੀਰੁ ਚੌਫੇਰ ਪਿੰਜਰ ਨੂੰ, ਬੈਠ ਬਿਦਰਦਾਂ ਕੜਿਆ ।
ਹਾਸ਼ਮ ਵੇਖ ਤਵੱਲਦ ਹੋਂਦੇ, ਆਣ ਦੁੱਖਾਂ ਲੜਿ ਫੜਿਆ ।। ੨੧ ।।

ਕਰ ਤਤਬੀਰ ਕੀਤੇ ਤ੍ਰੈ ਛਾਂਦੇ, ਖ਼ਰਚ ਦਿਤਾ ਕਰਾ ਨਾਲੇ ।
ਤਿਸ ਦੀ ਮਿਲਖ ਹੋਇਆ ਇਕ ਛਾਂਦਾ, ਸ਼ੀਰ ਪਿਲਾਵਣ ਵਾਲੇ ।
ਦੂਜਾ ਦਾਜ ਦਹੇਜ ਸੱਸੀ ਦਾ, ਹੋਰੁ ਪੜ੍ਹਾਵਣ ਵਾਲੇ ।
ਹਾਸ਼ਮ ਲਿਖ ਤਵੀਤ ਹਕੀਕਤਿ ਹਰਫੁ ਸੱਸੀ ਗਲਿ ਡਾਲੇ ।। ੨੨ ।।

ਪਾਇ ਸੰਦੂਕ ਰੁੜ੍ਹਾਈ ਸੱਸੀ, (ਜਿਥੇ) ਨੂਹ ਤੂਫ਼ਾਨ ਵਗੇਂਦਾ ।
ਬਾਸਕ ਨਾਗ ਨਾ ਹਾਥੁ ਲਿਆਵੇ, ਧੌਲੁ ਪਨਾਹੁ ਮੰਗੇਦਾ ।
ਪਾਰ ਉਰਾਰ ਬਲਾਈਂ ਭਰਿਆ, ਦਾਨੋਂ ਦੇਉ ਡਰੇਂਦਾ ।
ਹਾਸ਼ਮ ਵੇਖ ਨਸੀਬ ਸੱਸੀ ਦੇ, ਕੀ ਕੁਛੁ ਹੋਰ ਕਰੇਂਦਾ ।। ੨੩ ।।

ਤੁਰੀਆ ਤੋੜ ਜੰਜ਼ੀਰੁ ਸਬਰ ਦਾ, ਚਾਈਆਂ ਰਿਜ਼ਕੁ ਮੁਹਾਰਾਂ ।
ਗਰਦਸ਼ ਫ਼ਲਕ ਹੋਇਆ ਸਿਰਗਰਦਾਂ, ਬਾਝ ਮਲਾਹ ਕਹਾਰਾ ।
ਸੂਰਜ ਤੇਜ਼ ਹੋਇਆ ਜਲ, ਖ਼ੂਨੀ ਪੈਣ ਲਸਾਂ ਚਮਕਾਰਾਂ ।
ਹਾਸ਼ਮ ਵੇਖ ਸੱਸੀ ਵਿੱਚ ਘੇਰੀ, ਦੁਸ਼ਮਣ ਲਾਖ ਹਜ਼ਾਰਾਂ ।। ੨੪ ।।

ਆਦਮ-ਖੋਰ ਜਨਾਵਰ ਜਲ ਦੇ, ਰਾਖਸ਼ ਰੂਪ ਸੁਭਾਈਂ ।
ਨਾਗਰੁ ਮੱਛੁ ਕੁੰਮੇ ਜਲਹੋੜੇ, ਨਾਗ ਸੰਸਾਰ ਬਲਾਈਂ ।

ਤੰਦੂਵੇ ਕਹਿਰ ਜੰਬੂਰ ਬੁਲੁਣਾਂ, ਲਾਉਣ ਜ਼ੋਰ ਤਦਾਈਂ ।
ਹਾਸ਼ਮ ਮੌਤ ਹੋਵੇ ਵਿਚ ਥਲ ਦੇ. ਮਾਰਸੁ ਕੌਣੁ ਇਥਾਈਂ ।। ੨੫ ।।

ਘੁੰਮਣ-ਘੇਰਿ ਚੁਫੇਰਿਓਂ ਘੇਰਨ. ਠਾਠਾਂ ਲੈਣ ਕਲਾਵੇਂ ।
ਲਹਿਰਾਂ ਜ਼ੋਰ ਕੀਤੋ ਹਰ ਤਰਫ਼ੋਂ. ਇਕ ਆਵੇ ਇਕ ਜਾਵੇ ।
ਸੂਰਤਿ ਸਿਹਰ ਸੰਦੂਕ ਜੜਾਉ, ਬਿਜ਼ਲੀ ਚਮਕ ਡਰਾਵੇ ।
ਹਾਸ਼ਮ ਚਾਹ ਜਿਵੇਂ ਕਨਿਆਨੀ. ਵੇਖ ਸੰਦੂਕ ਛਪਾਵੇ ।। ੨੬ ।।

ਸ਼ਹਿਰੋਂ ਦੂਰ ਕੁ ਪੱਤਣ ਧੋਬੀ, ਧੋਂਦਾ ਨਦੀ ਕਿਨਾਰੇ ।
ਅੱਤਾ ਨਾਮ ਮਿਸਾਲ ਫ਼ਰਿਸ਼ਤੇ, ਬੁਜ਼ਰਕੁ ਨੇਕ ਸਤਾਰੇ ।
ਡਿੱਠਾ ਓਨ ਸੰਦੂਕ ਰੁੜ੍ਹੰਦਾ, ਦਿਲ ਵਿਚ ਖ਼ੌਫ਼ ਚਿਤਾਰੇ ।
ਹਾਸ਼ਮ ਗਈਓਸੁ ਹੋਸ਼ ਦਿਮਾਗੋਂ, ਵੇਖ ਸੰਦੂਕ ਵਿਚਾਰੇ ।। ੨੭ ।।

ਕਰੇ ਖ਼ਿਆਲ ਜਵਾਹਰਖ਼ਾਨਾ, ਪਇਆ ਆਣ ਤਬਾਹੀ ।
ਯਾ ਕੋਈ ਆਫ਼ਤ ਰੁੜ੍ਹੀ ਪਹਾੜੋਂ, ਯਾ ਅਸਰਾਰ ਇਲਾਹੀ ।
ਬਖ਼ਤ ਬੇਦਾਰ ਹੋਏ ਤਦ ਦਿਤੀਆ. ਆਣ ਨਸੀਬ ਉਗਾਹੀ ।
ਹਾਸ਼ਮ ਜਾਇ ਪਾਇਆ ਜਲ ਡੂੰਘੇ. ਹੋਇ ਦਿਲ ਸ਼ੇਰ ਸਿਪਾਹੀ ।। ੨੮ ।।

ਅੱਤੇ ਖ਼ੂਬ ਕੀਤੀ ਜ਼ਿੰਦਬਾਜ਼ੀ, ਲਿਆ ਸੰਦੂਕ ਕਿਨਾਰੇ ।
ਸ਼ਾਦੁ ਹੋਇਆ ਦਿਲ, ਜ਼ਾਤ ਖ਼ੁਦਾ ਵਲ, ਨਿਅਮਤ ਸ਼ੁਕਰ ਗੁਜ਼ਾਰੇ ।
ਵੜਿਆ ਸ਼ਹਿਰ, ਮੁਮਾਰਖ ਦੇਵਣ. ਰਲਿ ਮਿਲਿ ਯਾਰ ਪਿਆਰੇ ।
ਹਾਸ਼ਮ ਮਾਲ ਲਇਆ ਹੋਰ ਦੂਜਾ. ਹੋਇਆ ਸੁਆਬ ਵਿਚਾਰੇ ।। ੨੯ ।।

ਖੁਲ੍ਹੇ ਆਣ ਨਸੀਬ ਅੱਤੇ ਦੇ, ਕਰਮ ਭਲੇ ਦਿਨ ਆਏ ।
ਜੜਤ ਜੜਾਊ ਮਹਿਲਾਇਤ ਕੀਤੀ, ਸ਼ੌਕਤ ਸ਼ਾਨ ਬਣਾਏ ।
ਖਿਜਮਤਗਾਰ ਗੁਲਾਮ ਸੱਸੀ ਦੇ, ਚਾਕਰ ਚਾਇ ਰਖਾਏ ।
ਹਾਸ਼ਮ ਬਾਗ਼ ਸੁੱਕੇ ਰੱਬ ਚਾਹੇ ਪਲ ਵਿਚ ਫੇਰ ਫੁਲਾਏ ।। ੩੦ ।।

ਸੱਸੀ ਹੋਈ ਜੁਆਨ ਸਿਆਣੀ. ਸੂਰਜੁ ਤੇਜ ਸਵਾਈ ।
ਸਾਹਿਬ ਇਲਮ ਹਯਾਉ ਹਲੀਮੀਂ, ਅਕਲ ਹੁਨਰ ਚਤੁਰਾਈ ।
ਮਾਂ ਪਿਉ ਵੇਖ ਕਾਰੀਗਰ ਕੋਈ, ਚਾਹਣ ਕੀਤੀ ਕੁੜਮਾਈ ।
ਹਾਸ਼ਮ ਸੁਣੇ ਸੱਸੀ ਮਸਲਾਹਿਤ. ਗ਼ੈਰਤਿ ਉਸ ਨੂੰ ਆਈ ।। ੩੧ ।।

ਬਣ ਬਣ ਪੈਂਚ ਪੰਚਾਇਤ ਧੋਬੀ. ਪਾਸ ਅੱਤੇ ਦੇ ਆਵਣ ।
ਕਰ ਤਸਲੀਮ ਵਿਹਾਰ ਜਗਤ ਦਾ. ਬਾਤ ਹਮੇਸ਼ ਚਲਾਵਣ ।
ਧੀਆਂ ਸੋਹਣਿ ਨਹੀਂ ਘਰ ਮਾਪਿਆਂ. ਜੇ ਲੱਖ ਰਾਜ ਕਮਾਵਣ ।
ਹਾਸ਼ਮ ਵਾਂਗੁ ਬੁਝਾਰਤ ਧੋਬੀ. ਬਾਤ ਸੱਸੀ ਵਲ ਲਿਆਵਣ ।। ੩੨ ।।

ਇਕ ਦਿਨ ਕੋਲ ਸੱਸੀ ਦੇ ਮਾਂ ਪਿਉ, ਬੈਠ ਕੀਤੇ ਕੁਲ ਝੇੜੇ ।
'ਆਖ ਬੱਚਾ ! ਤੂੰ ਬਾਲਗ਼ ਹੋਈਓਂ ਵਾਗ ਡੋਰ ਹੱਥ ਤੇਰੇ ।
ਧੋਬੀ ਜਾਤ. ਉੱਚੇ ਘਰਿ ਆਵਣ. ਫਿਰ ਫਿਰ ਜਾਣ ਬਤੇਰੇ ।
ਹਾਸ਼ਮ ਕੌਣ ਤੇਰੇ ਮਨ ਆਵੇ. ਆਖਿ ਸੁਣਾ ਇਸ ਵੇਰੇ ।। ੩੩ ।।

ਸੱਸੀ ਮੂਲ ਜਵਾਬ ਨਾ ਕੀਤਾ, ਨਾਲ ਪਿਉ ਸ਼ਰਮਾਂਦੀ ।
ਦਿਲ ਵਿਚ ਸ਼ੋਰ ਹੋਇਆ ਭਰਿਆ ਸੂ, ਵੇਖ ਲਿਖੀ ਕਰਮਾਂ ਦੀ ।
ਢੂੰਡਣ ਸਾਕ ਚੜ੍ਹੇ ਜੇਂਦਾ, ਮੈਂ ਧੀ ਬਾਦਸ਼ਾਹਾਂ ਦੀ ।
ਹਾਸ਼ਮ ਫੇਰ ਨ ਨਾਉ ਲਇਓਂ ਨੇ, ਵੇਖ ਸੱਸੀ ਦਰਮਾਂਦੀ ।। ੩੪ ।।

ਸ਼ਿਰਕਤ ਨਾਲ ਸਰੀਕ ਅੱਤੇ ਦੇ. ਮਰਨ ਬਖ਼ੀਲ ਫ਼ਸਾਦੀ ।
ਪਾਸ ਭੰਬੋਰ ਸ਼ਹਿਰ ਦੇ ਵਾਲੀ ਜਾ ਹੋਏ ਫਰਿਆਦੀ ।
ਹੋਈ ਜੁਆਨ ਅੱਤੇ ਘਰ ਬੇਟੀ, ਸੂਰਤ ਸ਼ਕਲ ਸ਼ਹਿਜ਼ਾਦੀ ।
ਹਾਸ਼ਮ ਕਹਿਆ ਪੁਕਾਰ ਬਖ਼ੀਲਾਂ, 'ਲਾਇਕ ਓਹ ਤੁਸਾਡੀ ।। ੩੫ ।।

ਭੇਜਿਆ ਨਫ਼ਰ ਗੁਲਾਮ ਅੱਤੇ ਨੂੰ, ਆਦਮ ਜਾਮੁ ਬੁਲਾਇਆ ।
ਸੱਸੀ ਖੋਲੁ ਤਵੀਤ ਗਲੇ ਦਾ. ਸ਼ਾਹੁ ਹਜ਼ੂਰ ਪੁਚਾਇਆ ।
ਕਾਗਦੁ ਵਾਚਿ ਪਛਾਤਾ ਜਿਹੜਾ: ਪਾਇ ਸੰਦੂਕ ਰੁੜ੍ਹਾਇਆ ।
ਹਾਸ਼ਮ ਵੇਖ ਹੋਇਆ ਸ਼ਰਮਿੰਦਾ. ਆਦਮ ਜਾਮੁ ਸਵਾਇਆ ।। ੩੬ ।।

ਲੋਹੂ ਗਰਮ ਹੋਇਆ ਦਿਲ ਭਰਿਆ. ਫੇਰਿ ਉਲਾਦੁ ਪਿਆਰੀ ।
ਮਾਂ ਪਿਉ ਨਾਲ ਸੱਸੀ ਦੇ ਚਾਹੁਣ. ਬਾਤ ਕੀਤੀ ਇਕ ਵਾਰੀ ।
ਸੱਸੀ ਸਾਫ਼ ਜਵਾਬ ਦਿਤੋਨੇ, ਖੋਲੁ ਹਕੀਕਤਿ ਸਾਰੀ—
ਹਾਸ਼ਮ ਮਿਲਣ ਹਰਾਮ ਤੁਸਾਨੂੰ. ਰੋੜ੍ਹ ਦਿਤੀ ਇਕ ਵਾਰੀ ।। ੩੭ ।।

ਮਾਇ ਫਿਰਾਕ ਸੱਸੀ ਦੇ ਮਾਰੀ. ਨੀਂਦ ਆਰਾਮ ਨਾ ਆਵੇ ।
ਹਰਦਮ ਵਾਂਗੁ ਯਕੂਬ ਪਿਕੰਬਰ, ਰੋ ਰੋ ਹਾਲ ਵੰਞਾਵੇ ।

ਕਰੇ ਸਵਾਲ ਚਾਹੇ ਘਰ ਖੜਿਆ, ਰੋਜ਼ ਸੱਸੀ ਥੇ ਜਾਵੇ ।
ਹਾਸ਼ਮ ਯਾਦ ਸੰਦਕ ਸੱਸੀ ਨੂੰ, ਖ਼ਾਤਰ ਮਲ ਨਾ ਲਿਆਵੇ । ੩੮ ।।

ਜਲ ਥਲ ਮਸ਼ਰਕ ਮਗ਼ਰਬ ਹਰ ਸ਼ੈ, ਜਿਸ ਦਾ ਨਾਮ ਧਿਆਈਐ ।
ਸਾਹਿਬ ਕੁਦਰਤਿ ਅਪਰ ਅਪਾਰਾ, ਕਿਸ ਪਹਿ ਆਖ ਸੁਣਾਈਐ ।
ਅੰਤ ਨਾ ਪਾਰਵਾਰ ਤਿਸੇ ਦਾ, ਕੀ ਕੁਛ ਆਇਖ ਸਲਾਹੀਐ ।
ਹਾਸ਼ਮ ਫੇਰ ਸੱਸੀ ਨੂੰ ਮਿਲੀਏ, ਆਉ ਪੁੰਨੂੰ ਵਲ ਆਈਐ ।। ੩੯ ।।

ਸ਼ਹਿਰ ਭੰਬੋਰ ਸੁਦਾਗਰਜ਼ਾਦਾ, ਗ਼ਜ਼ਨੀ ਨਾਮ ਸਦਾਵੇ ।
ਸਾਹਿਬ ਸ਼ੌਕ ਇਮਾਰਤ ਤਾਜ਼ਾ, ਬਾਗ਼ ਹਮੇਸ਼ ਲਵਾਵੇ ।
ਤਿਸ ਵਿਚ ਹਰ ਬਦਸ਼ਾਹ ਮੁਲਕ ਦੀ, ਕਰ ਤਸਵੀਰ ਲਿਖਾਵੇ ।
ਹਾਸ਼ਮ ਹਰ ਇਕ ਆਪ ਮੁਸੱਵਰ, ਜਬਰਾਈਲ ਕਹਾਵੇ ।। ੪੦ ।।

ਸੱਸੀ ਸੁਣੇ ਤਰੀਫ ਹਮੇਸ਼ਾਂ, ਲਾਇਕ ਮੁਸ਼ਕ ਖ਼ੁਤਨ ਦੀ ।
ਇਕ ਦਿਨ ਨਾਲ ਸਈਆਂ ਉਠ ਦੌੜੀ, ਖ਼ਾਤਰ ਸੈਲ ਚਮਨ ਦੀ ।
ਦੇਖਿਆ ਨਕਸ਼ ਦੀਵਾਰ ਖੜੋਤਾ, ਸੂਰਤ ਸੀਮ ਬਦਨ ਦੀ ।
ਹਾਸ਼ਮ ਵੇਖ ਦਿਲ ਘਾਇਲ, ਵਾਂਗੂ ਕੋਹੁ ਸਿਕਨ ਦੀ ।। ੪੧ ।।

ਸੱਸੀ ਕਹਿਆ ਬੁਲਾਇ ਮੁਸੱਵਰ, 'ਸ਼ਾਬਾਸ਼ ! ਵੀਰ ਭਰਾਓ ।
ਜਿਸ ਸੂਰਤਿ ਦੀ ਮੂਰਤਿ ਕੀਤੀ, ਮੈਨੂੰ ਆਖ ਸੁਣਾਓ ।
ਕਿਹੜਾ ਸ਼ਹਿਰ ਕਉਣ ਸ਼ਹਿਜਾਦਾ ਭੇਦ ਪਤਾ ਦਸ ਜਾਓ ।
ਹਾਸਮ ਫੇਰ ਸੱਸੀ ਹੱਥ ਜੋੜੇ, ਥਾਉਂ ਮਕਾਨ ਬਤਾਓ ।। ੪੨ ।।

ਕੇਚਮ ਸ਼ਹਿਰ ਵਲਾਇਤ ਥਲ ਦੀ, ਹੋਤ ਅਲੀ ਤਿਸ ਵਾਲੀ ।
ਤਿਸ ਦਾ ਪੁੱਤ ਪੁੰਨੂੰ ਸ਼ਹਿਜ਼ਾਦਾ ਐਬ ਸਬਾਬੋਂ ਖ਼ਾਲੀ ।
ਸੂਰਤਿ ਓਸ ਹਿਸਾਬੋ ਬਾਹਰ, ਸਿਫ਼ਤਿ ਖ਼ੁਦਾਵੰਦ ਵਾਲੀ ।
ਹਾਸ਼ਮ ਅਰਜ਼ ਕੀਤੀ ਉਸਤਾਦਾਂ, ਚਿਣਗ ਗੁਲਾਂ ਵਿਚ ਡਾਲੀ ।। ੪੩ ।।

ਹੋ ਦਿਲ ਘਾਇਲ ਨਾਲ ਸਈਆਂ ਦੇ ਫੇਰ ਸੱਸੀ ਘਰਿ ਆਈ ।
ਨੀਂਦਰ ਭੁੱਖ ਜ਼ੁਲੈਖਾ ਵਾਂਗਰ, ਪਹਿਲੀ ਰਮਜ਼ ਵੰਞਾਈ ।
ਵੇਖ ਅਹਿਵਾਲ ਹੋਈ ਦਰਮਾਂਦੀ, ਭੇਦ ਪੁਛਾਉਸ ਮਾਈ ।
ਹਾਸ਼ਮ ਬਾਝ ਕੁੱਠੀ ਤਲਵਾਰੋਂ, ਜ਼ਾਲਮ ਇਸ਼ਕ ਸਿਪਾਹੀ ।। ੪੪ ।।

ਦਿਲ ਵਿਚ ਸੋਜ਼ ਫ਼ਿਰਾਕ ਪੁੰਨੂੰ ਦਾ, ਰੋਜ਼ ਅਲੰਬਾਂ ਬਾਲੇ ।
ਬਿਰਹੋਂ ਬਿਦਰਦ ਅਰਾਮ ਨਾ ਦੇਂਦਾ, ਵਾਂਗ ਚਿਖਾ ਨਿੱਤ ਜਾਲੇ ।
ਆਤਸ਼ ਆਪ ਆਪੇ ਭਠਿਆਰਾ, ਆਪ ਜਲੇ ਨਿੱਤ ਜਾਲੇ ।
ਹਾਸ਼ਮ ਫੇਰ ਕੇਹਾ ਸੁਖ ਸੋਵਣ, ਜਿਨ ਪੀਤੇ ਪ੍ਰੇਮ ਪਿਆਲੇ । । ੪੫ । ।

ਦੇ ਦਿਲ ਡਾਢ ਸੱਸੀ ਕਰ ਦਾਨਸ਼, ਇਕ ਤਤਬੀਰ ਬਣਾਈ ।
ਪੱਤਣ ਘਾਟ ਲਏ ਸਭ ਪਿਉ ਥੀਂ, ਚੌਕੀ ਚਾਇ ਬਿਠਾਈ ।
ਪਾਂਧੀ ਰਾਹ ਮੁਸਾਫ਼ਰ ਜੇ ਕੋਈ, ਆਵੇ ਏਸ ਨਿਵਾਹੀ ।
ਹਾਸ਼ਮ ਪਾਰ ਉਰਾਰ ਨਾ ਜਾਵੇ ਮੈਂ ਬਿਨ ਖ਼ਬਰ ਪੁਚਾਈ । । ੪੬ । ।

ਬਰਸ ਹੋਇਆ ਜਦ ਫੇਰ ਸੱਸੀ ਨੂੰ, ਮਿਹਨਤ ਜ਼ੁਹਦ ਉਠਾਏ ।
ਕੇਚ ਵਲੋਂ ਰਲਿ ਮਾਲ ਵਿਹਾਜਣ ਊਠ ਸੁਦਾਗਰ ਲਿਆਏ ।
ਸੂਰਤ ਨਾਜ਼ ਨਿਆਜ਼ ਪੁੰਨੂੰ ਦਾ, ਵੇਖ ਪਰੀ ਭੁੱਲ ਜਾਏ ।
ਹਾਸ਼ਮ ਵੇਖ ਬਲੋਚ ਜ਼ੁਲੈਖਾਂ, ਯੂਸਫ਼ ਚਾਇ ਭੁਲਾਏ । । ੪੭ । ।

ਕਹਿਆ ਆਣ ਗੁਲਾਮ ਸੱਸੀ ਨੂੰ, ਨਾਲ ਜ਼ੁਬਾਨ ਪਿਆਰੀ ।
ਘਾਟ ਉਤੇ ਇਕ ਰਾਹ ਮੁਸਾਫਰ, ਉਤਰੇ ਆਣ ਵਪਾਰੀ ।
ਕੇਚ ਕਨੋਂ ਸੌਦਾਗਰ ਆਏ, ਊਠ ਬਿਅੰਤ ਸ਼ੁਮਾਰੀ ।
ਹਾਸ਼ਮ ਤੌਰ ਲਿਬਾਸ ਪਹਿਰਾਵੇਂ, ਹਰ ਹਾਰ ਚਾਲ ਨਿਆਰੀ । । ੪੮ । ।

ਸੱਸੀ ਸਖ਼ਤ ਗ਼ਮੀ ਵਿਚ ਆਹੀ, ਦਰਦ ਫਿਰਾਕ ਰੰਞਾਣੀ ।
ਨਾ ਕੁਝ ਸੁਰਤ ਨਾ ਵਾਜ਼ ਬਦਨ ਦੀ, ਨਾ ਕੁਛ ਹੋਸ਼ ਬਿਗਾਨੀ ।
ਰੂਹ ਰੂਹਾਂ ਵਿਚ ਫਿਰੇ ਸੱਸੀ ਦਾ, ਮਲਕੁਲ ਮੌਤ ਨਿਸ਼ਾਨੀ ।
ਹਾਸ਼ਮ ਭੇਜ ਬਲੋਚ ਸੱਚੇ ਰੱਬ, ਫੇਰਿ ਦਿਤੀ ਜ਼ਿੰਦਗਾਨੀ । । ੪੯ । ।

ਸੁਣੀ ਆਵਾਜ਼ ਸੱਸੀ ਉਠਿ ਬੈਠੀ, ਸੁਰਤ ਸਰੀਰ ਸੰਭਾਲੀ ।
ਮਿਸਲ ਅਨਾਰ ਹੋਏ ਰੁਖ਼ਸਾਰੇ, ਫੇਰਿ ਫਿਰੀ ਲਬ ਲਾਲੀ ।
ਹਾਰ ਸ਼ਿੰਗਾਰ ਲਗੇ ਮਨ ਭਾਵਣ, ਖੂਬ ਹੋਈ ਖੁਸ਼ਿਹਾਲੀ ।
ਹਾਸ਼ਮ ਆਖ ਤਰੀਫ ਬਲੋਚਾਂ, ਆਬਿ-ਹਯਾਤ ਪਿਆਲੀ । । ੫੦ । ।

ਸ਼ਹਿਰ ਉਤਾਰ ਬਲੋਚ ਸੱਸੀ ਨੇ, ਖ਼ਿਜਮਤ ਖ਼ੂਬ ਕਰਾਈ ।
ਹਾਲ ਹਕੀਕਤ ਹੋਤ ਪੁੰਨੂੰ ਦੀ, ਪਾਸ ਬਹਾਲ ਪੁਛਾਈ ।

ਖ਼ਾਤਰ ਲੋਭ ਕਹਿਓਨੇ ਸਾਡਾ, ਹੋਤ ਪੁੰਨੂੰ ਹੈ ਭਾਈ ।
ਹਾਸ਼ਮ ਵੇਖ ਬਲੋਚਾਂ, ਦਿਤੀ, ਸ਼ਾਮਤ ਆਣ ਦਿਖਾਈ ।। ੫੧ ।।

ਸੱਸੀ ਸਮਝਿ ਭਿਰਾਉ ਪੁੰਨੂੰ ਦੇ, ਕੈਦ ਬਲੋਚ ਕਰਾਏ ।
ਹੋਣ ਖੁਲਾਸ ਮੁਹਾਲ ਹੋਇਓ ਨੇ, ਹੋਤ ਪੁੰਨੂੰ ਬਿਨ ਆਏ ।
ਬੋਲ-ਵਿਗਾੜ ਪਿਛੇ ਪਛੁਤਾਵਣ, ਸ਼ਾਮਤ ਆਣ ਫਹਾਏ ।
ਹਾਸ਼ਮ ਬਾਝ ਵਕੀਲੋਂ ਕਾਮਲ ਫਸਿਆਂ ਕੌਣ ਛੁਡਾਏ ।। ੫੨ ।।

ਦੋ ਸਿਰਦਾਰ ਆਹੇ ਕਰਵਾਨੀ, ਹਫ਼ਤ ਹਜ਼ਾਰ ਸ਼ੁਤਰ ਦੇ ।
ਬੱਬਣ ਨਾਮ ਬਬੀਹਾ ਦੋਵੇਂ, ਬੈਠ ਅੰਦੇਸ਼ਾ ਕਰਦੇ ।
ਪੁੰਨੂੰ ਬਾਝ ਨਹੀਂ ਛੁਟਕਾਰਾ, ਹੋਦ ਦੇਈਏ ਭਰ ਜ਼ਰ ਦੇ ।
ਹਾਸ਼ਮ ਜ਼ੋਰ ਕੇਹਾ ਪਰ ਮੁਲਕੀਂ, ਮਾਣ ਹੋਵੇ ਵਿਚਿ ਘਰ ਦੇ ।। ੫੩ ।।

ਉਡਣ ਖਟੋਲਾ ਨਾਮ ਕਰਹੇ ਦਾ, ਨਾਲ ਕੀਤਾ ਹਮਰਾਹੀ ।
ਬੱਬਣ ਹੋ ਅਸਵਾਰ ਸਿਧਾਇਆਸ਼ ਕੇਚ ਬੰਨੇ ਬਣ ਰਾਹੀ ।
ਜਿਉਂ ਜਿਉਂ ਬਹੁਤ ਪਵੇ ਵਿਚ ਮਜ਼ਲੀਂ, ਤਿਉਂ ਤਿਉਂ ਚਾਲ ਸਵਾਈ ।
ਆਸਕ ਉਹ ਪੁੰਨੂੰ ਪਰ ਆਹਾ, ਹਾਸ਼ਮ ਸ਼ੌਕ ਇਲਾਹੀ ।। ੫੪ ।।

ਕੇਚਮ ਸ਼ਹਿਰ ਗਏ ਕਰ ਧਾਈ, ਹੋਤ ਅਲੀ ਦਰਬਾਰੇ ।
ਰੋ ਰੋ ਕੂਕ ਸੁਨਾਵਣ ਹਾਲਤ, ਜਾਇ ਬਲੋਚ ਪੁਕਾਰੇ ।
ਸ਼ਹਿਰ ਭੰਬੋਰ ਬਲੋਚ ਸੱਸੀ ਨੇ, ਕੈਦ ਕੀਤੇ ਵਲਿ ਸਾਰੇ ।
ਹਾਸਮ ਬਾਝ ਪੁੰਨੂੰ ਨਹੀਂ ਛੁਟਦੇ, ਕੈਦ ਰਹਿਣ ਜੁਗ ਚਾਰੇ ।। ੫੫ ।।

ਹੋਤ ਅਲੀ ਸੁਣ ਹਾਲ-ਹਵਾਲਤ, ਪੁਛਿਆ ਬੈਠ ਦੀਵਾਨਾ ।
ਨਾ ਕੁਛ ਪੇਸ਼ ਹਕੂਮਤ ਜਾਵੇ, ਨਾ ਕੁਛ ਮਾਲ ਖਜ਼ਾਨਾ ।
ਭੇਜਣ ਬਹੁਤ ਮੁਹਾਲ ਪੁੰਨੂੰ ਨੂੰ, ਮੁਲਖ ਬਿਦੇਸ ਬਿਗਾਨਾ ।
ਹਾਸ਼ਮ ਕੌਣ ਜ਼ਹਿਜ਼ਾਦਿਆ ਤੇਰੇ, ਆਖ ਪਿਛੇ ਕਰਵਾਨਾ ।। ੫੬ ।।

ਬਹੁਤ ਬਿਜ਼ਾਰ ਹੋਈ ਗੱਲ ਸੁਣ ਕੇ, ਹੋਤ ਪੁੰਨੂੰ ਦੀ ਮਾਈ ।
ਕੌਣ ਕੋਈ ਤਨ ਲਾਈ ਅਪਣੇ: ਆਤਸ਼ ਚਾਇ ਪਰਾਈ ।
ਕੌਣ ਬਲੋਚ ਪੁੰਨੂੰ ਦੇ ਸਿਰ ਥੋਂ, ਵਾਰ ਸੁਟਾਂ ਬਾਦਸ਼ਾਹੀ ।
ਹਾਸ਼ਮ ਬਾਝ ਪੁੰਨੂੰ ਵਿਚਿ ਦੁਨੀਆਂ, ਹੋਰ ਮੁਰਾਦ ਨਾ ਕਾਈ ।। ੫੭ ।

ਸਾਫ ਜਵਾਬ ਲਿਆ ਕਰਵਾਨਾਂ. ਫੇਰਿ ਪੁੰਨੂੰ ਵਲ ਆਏ ।
ਸੂਰਤ ਨਕਸ਼ ਨਿਗਾਰ ਸੱਸੀ ਦੇ, ਕਰ ਤਾਰੀਫ ਸੁਣਾਏ ।
ਘਾਇਲ ਇਸ਼ਕ ਤੁਸਾਡੇ ਹਰਦਮ. ਨੀਂਦਰ ਚਸ਼ਮੁ ਨਾ ਲਾਏ ।
ਹਾਸ਼ਮ ਖ਼ਾਤਰ ਮਿਲਣ ਤੁਸਾਡੇ. ਕੈਦ ਬਲੋਚ ਕਰਾਏ ।। ੫੮ ।।

ਸੁਣ ਤਾਰੀਫ ਹੋਇਆ ਦਿਲ ਘਾਇਲ. ਰੁਮਕੀ ਵਾਉ ਪਿਰਮ ਦੀ ।
ਕੰਣ ਕੋਈ ਦਿਲ ਰਹਸਿ ਟਿਕਾਣੇ. ਦਹਿਸ਼ਤ ਤੇਗ ਅਲਮ ਦੀ
ਸ਼ਹਿਰ ਭੰਬੋਰ ਪੁੰਨੂੰ ਦਿਲ ਵੱਸਿਆ. ਵਿਸਰੀ ਸੁਰਤ ਕਿਚਮ ਦੀ ।
ਹਾਸ਼ਮ ਵਾਉ ਲਗੀ ਉਠ ਚਮਕੀ: ਆਤਸ਼ ਜਰਮ ਕਰਮ ਦੀ ।। ੫੯ ।।

ਸੁਤਰ ਸਵਾਰ ਪੁੰਨੂੰ ਉਠ ਤੁਰਿਆ. ਪ੍ਰੇਮ ਜੜੀ ਸਿਰ ਪਾਈ ।
ਰਾਤ ਗ਼ੁਬਾਰ ਚੁਰਾਦਿ ਪੁੰਨੂੰ ਨੇ, ਚੋਰ ਚਲੇ ਕਰ ਧਾਈ ।
ਪਲਕੁ ਆਰਾਮ ਨਾ ਵਾਂਗ ਬਿਸਥਰਾਂ. ਰਿਜ਼ਕ ਮੁਹਾਰ ਉਠਾਈ ।
ਹਾਸ਼ਮ ਵੇਖ ਨਸੀਬ ਬੋਲਚਾਂ. ਭਾਇ ਪਈ ਬੁਰਿਆਈ ।। ੬੦ ।।

ਰਾਤ ਦਿਹੇਂ ਫੜ ਰਾਹੁ ਲਇਓਨੇ. ਪਲਕ ਨਾ ਥੀਵਣ ਮਾਂਦੇ ।
ਸਗਤ ਮਿਜਾਜ਼ ਬਲੋਚ ਹਮੇਸ਼ਾ, ਫਿਰੇ ਨਸੀਬ ਜਿਨ੍ਹਾਂ ਦੇ ।
ਯੂਸਬ ਮਿਸਰ ਬਣੇ ਕੁਰਵਾਨੀ. ਵੇਖ ਦ੍ਰਬਾਰ ਲਿਜਾਦੇ ।
ਹਾਸਮ ਬਾਦਸਾਹ ਦੁਖ ਪਾਵਣ, ਸਖਤ ਜ਼ੰਜੀਰ ਦਿਲਾਂ ਦੇ ।। ੬੧ ।।

ਸਹਿਰ ਭੰਬੋਰ ਪਇਓਨੇ ਨਜ਼ਰੀਂ. ਆਹਾ ਵਖ਼ਤ ਸਵੇਰਾ ।
ਨਾਲ ਪਿਆਰ ਕੀਤੋਨੇ ਕਰਹਾ. ਚੁਸਤ ਚਲਾਕ ਵਧੇਰਾ ।
ਨਾਲ ਹਕਾਰਤ ਬਾਗ਼ ਸੱਸੀ ਦੇ. ਆਣ ਕੀਤੋਨੇ ਡੇਰਾ ।
ਹਾਸ਼ਮ ਛੱਡ ਦਿਤੋਨੇ ਸ਼ੁਤਰਾਂ, ਚਰਨ ਅਰਾਕ ਚੁਫੇਰਾ ।। ੬੨ ।।

ਕਹਿ ਕਹਿ ਵਾਂਗੁ ਤਲਿਸਮੀ ਆਹੀਆਂ ਬਾਗ ਚੁਫ਼ੇਰ ਦੀਵਾਰਾਂ ।
ਫਰਸ਼ ਜ਼ਮੀਨ ਜ਼ਮੁਰਦੀ ਆਹਾ. ਸਾਬਤ ਨਕਸ਼ ਨਿਗਾਰਾਂ ।
ਨਹਿਰਾਂ. ਹੌਜ਼. ਫੁਹਾਰੇ ਬਰਸਣ, ਹਰ ਹਰ ਚੌਕ ਬਹਾਰਾਂ ।
ਹਾਸ਼ਮ ਸ਼ੋਰ ਜਨਾਵਰ ਕਰਦੇ, ਮੋਰ ਚਕੋਰ ਹਜ਼ਾਰਾਂ ।। ੬੩ ।।

ਘਾਇਲ ਇਸ਼ਕ ਖੜੇ ਗੁਲ ਲਾਲਾ, ਨਾਲ ਲੋਹੂ ਮੁਖ ਧੋਤੇ ।
ਸੇਬ ਅਨਾਰ ਅੰਗੂਰ ਭਰੇ ਰਸ. ਚੁੰਜਹਿ ਲਾਵਣ ਤੋਤੇ ।

ਕੁਮਰੀ ਕੂਕ ਕਰੇ ਫਰਿਆਦਾ. ਸਰੂ ਆਜ਼ਾਦ ਖਲੋਤੇ ।
ਹਾਸ਼ਮ ਵੇਖ ਬਹਾਰ ਚਮਨ ਦੀ. ਰੂਹ ਰਹੇ ਵਿਚ ਗੋਤੇ ।। ੬੪ ।।

ਕੁਝ ਬਲਖ਼ੀ. ਬਗਦਾਦੀ ਉਸ਼ਤਰ. ਕੁਝ ਬੁਖ਼ਤੀ ਕਿਨਿਆਨੀ ।
ਦੋਜ਼ਖ ਪੇਟ ਨ ਗਰਦਨ ਚੂੜੀ. ਅਜ਼ਰਾਈਲ ਨਿਸਾਨੀ ।
ਚਾਰਨ ਬਾਗ ਤੁੜਾਉਣ ਸ਼ਾਖਾਂ. ਕਰਨ ਬਲੋਚ ਹੈਵਾਨੀ ।
ਹਾਸ਼ਮ ਨਾਲ ਗੁਮਾਨ ਪੁੰਨੂੰ ਦੇ. ਚੇਹ ਚੜ੍ਹੇ ਕਰਵਾਨੀ ।। ੬੫ ।।

ਜਾਇ ਖੜੇ ਦਰਬਾਰ ਸੱਸੀ ਦੇ. ਸੋਰ ਕੀਤਾ ਬਗ਼ਬਾਨਾਂ—
'ਬਾਗ ਵਿਰਾਨ ਹੋਇਆ ਕੁਲ ਸਾਰਾ. ਚਾਰ ਲਿਆ ਕਰਵਾਨਾਂ ।
ਖ਼ੌਫ ਖ਼ੁਦਾਇ ਨਾ ਮਰਨੋਂ ਡਰਦੇ. ਖਾਵਣ ਮਾਲ ਬਿਗਾਨਾ ।
ਹਾਸ਼ਮ ਸ਼ਹਿਰ ਭੰਬੋਰ ਬਿਰਾਜਾ: ਜਾਨਿਉਂ ਨਹੀਂ ਸੁਲਤਾਨਾਂ ।। ੬੬ ।।

ਸੁਣਿ ਫਰਿਆਦ ਸੱਸੀ ਵਿਚਿ ਦਿਲ ਦੇ, ਅਕਲਿ ਖਿਆਲ ਚਿਤਾਰੇ ।
ਕੌਣ ਕਮੀਨੇ ਐਡ ਦਲੇਰੀ. ਕਰਨ ਬਲੋਚ ਨਿਕਾਰੇ ।
ਸਾਇਤ ਹੋਤ ਪੁੰਨੂੰ ਵਿਚਿ ਹੋਸੀ. ਤਾਹੀਂ ਕਰਨ ਪਸਾਰੇ ।
ਹਾਸ਼ਮ ਚਾਵਣ ਐਡ ਫਜ਼ੂਲੀ. ਕਉਣ ਗ਼ਰੀਬ ਬਿਚਾਰੇ ।। ੬੭ ।।

ਸੱਸੀ ਨਾਲ ਸਈਆਂ ਕਰ ਮਸਲਤਿ. ਬਾਗ਼ ਬੰਨੇ ਚਲਿ ਆਈ ।
ਹਰ ਹਰ ਦੇ ਹੱਥ ਸ਼ਾਖ਼ ਚਿਨਾਰੀ. ਤੇਗ਼ ਮਿਸਾਲ ਸਿਪਾਈ ।
ਉਮਰ ਅਵਾਇਲ ਮਾਣ ਹੁਸਨ ਦਾ. ਜਾਇ ਪਈਆਂ ਕਰ ਧਾਈ ।
ਹਾਸ਼ਮ ਮਾਰ ਪਈ ਕਰਵਾਨਾਂ. ਦੇਣ ਬਲੋਚ ਦੁਹਾਈ ।। ੬੮ ।।

ਰਹੇ ਤਿਆਰ ਹਮੇਸ਼ ਚਮਨ ਵਿਚ. ਸੇਜ ਸੱਸੀ ਦੀ ਆਹੀ ।
ਕੰਜ ਨਵੇਲ ਰਵੇਲ ਚੰਬੇਲੀ, ਮਾਲਣ ਗੁੰਦ ਵਿਛਾਈ ।
ਤਿਸ ਪੁਰ ਹੋਤ ਪੁੰਨੂੰ ਵਿਚ ਨੀਂਦਰ. ਆਹਾ ਸੇਜ ਸੁਖਾਈ ।
ਹਾਸ਼ਮ ਆਸ ਮੁਰਾਦ ਸੱਸੀ ਦੀ. ਸਿਦਕ ਪਿਛੇ ਵਰਿ ਆਈ ।। ੬੯ ।।

ਸੱਸੀ ਆਣ ਡਿੱਠਾ ਵਿਚ ਨੀਂਦਰ. ਹੋਤ ਬੇਹੋਸ਼ ਜੁ ਖ਼ਾਬੋਂ ।
ਸੂਰਜ ਵਾਂਗ ਸ਼ੁਆ ਹੁਸਨ ਦੀ. ਬਾਹਰ ਪਵਸਿ ਨਿਕਾਬੋਂ ।
ਜੇ ਲੱਖ ਪਾਇ ਸੰਦੂਕ ਛੁਪਾਈਏ. ਆਵੇ ਮੁਸ਼ਕ ਗੁਲਾਬੋਂ ।
ਹਾਸ਼ਮ ਹੁਸਨ ਪ੍ਰੀਤਿ ਨਾ ਛੁਪਦੇ. ਫਾਰਗ ਹੋਣ ਹਿਜਾਬੋਂ ।। ੭੦ ।।

ਸੁਣਿ ਫ਼ਰਿਆਦ ਬਲੋਚਾਂ ਵਾਲੀ, ਤਾਂ ਸੁਧ ਹੋਤ ਸੰਭਾਲੀ ।
ਵੇਖ ਹੈਰਾਨ ਹੋਇਆ ਸ਼ਹਿਜ਼ਾਦਾ, ਫੌਜ ਮਹਿਬੂਬਾਂ ਵਾਲੀ ।
ਰੋਸ਼ਨ ਰੰਗ ਜਮਾਲ ਸੱਸੀ ਦਾ, ਚਮਕ ਪਵੇ ਹਰ ਡਾਲੀ ।
ਹਾਸ਼ਮ ਦਾਗ਼ ਪਿਆ ਗੁਲ-ਲਾਲੋ, ਦੇਖ ਸੱਸੀ ਲਬ ਲਾਲੀ ।। ੭੧ ।।

ਵੇਖ ਦੀਦਾਰ ਹੋਏ ਤਨ ਦੋਵੇਂ, ਆਸ਼ਕ ਦਰਦ ਰੰਞਾਣੇ ।
ਡਿਠਿਆਂ ਬਾਝ ਨਾ ਰਹਿੰਦੇ ਮੂਲੇ, ਨੈਣ ਉਦਾਸ ਇਆਣੇ ।
ਸਿੱਕਦਿਆਂ ਯਾਰ ਮਿਲੇ ਜਿਸ ਦਿਲ ਨੂੰ, ਕੀਮਤ ਕਦਰ ਪਛਾਣੇ ।
ਹਾਸ਼ਮ ਨੇਹੁੰ ਅਸੀਲ ਕਮਾਵਣ, ਹੋਰ ਗਵਾਰ ਕੀ ਜਾਣੇ ।। ੭੨ ।।

ਭਾਰ ਲਦਾਇ ਚਲੇ ਕਰਵਾਨੀ, ਕੇਚਮ ਦਾਇ ਸਵੇਰੇ ।
ਆਖ ਰਹੇ ਚਲ ਹੋਤ ਪੁੰਨੂੰ ਨੂੰ, ਜੋੜਨ ਦਸਤ ਬਤੇਰੇ ।
ਹੋਇ, ਲਾਚਾਰ ਚਲੇ ਕਰਵਾਨੀ, ਤੋਰ ਦਿਤਿਓ ਨੇ ਡੇਰੇ ।
ਹਾਸ਼ਮ ਇਸ਼ਕ ਜਿਨ੍ਹਾਂ ਤਨ ਵਸਿਆ, ਕੌਣ ਤਿਨ੍ਹਾਂ ਦਿਲ ਫੇਰੇ ।। ੭੩ ।।

ਕੇਚਮ ਆਇ ਕਹਿਆ ਕਰਵਾਨਾ, ਬਾਤ ਜਿਵੇਂ ਕਛੁ ਆਹੀ ।
ਹੋਤ ਅਸੀਰ ਸੱਸੀ ਵਸ ਕੀਤਾ, ਜ਼ੁਲਫ਼ ਕੁੰਡਲ ਘਤਿ ਫਾਹੀ ।
ਆਉਣ ਜਾਣ ਨਾ ਯਾਦ ਪੁੰਨੂੰ ਨੂੰ, ਇਸ਼ਕ ਦਿਤੀ ਬਦਰਾਹੀ ।
ਹਾਸ਼ਮ ਹਾਲ ਸੁਣਾਇ ਬਲੋਚਾਂ, ਤੇਗ਼ ਪਿਊਂ ਤਨ ਵਾਹੀ ।। ੭੪ ।।

ਹੋਤ ਅਲੀ ਦਿਨ ਰੈਣ ਵਿਹਾਵੇ, ਹੋਸ਼ ਅਰਾਮ ਨਾ ਤਿਸ ਨੂੰ ।
ਮੌਤ ਭਲੀ ਮਰ ਜਾਣ ਚੰਗੇਰਾ, ਆਣ ਬਣੇ ਦੁਖ ਜਿਸ ਨੂੰ ।
ਕੇਚਮ ਨਾਰ ਜਹੰਨਮ ਕੋਲੋਂ, ਤੇਜ਼ ਹੋਇਆ ਤਪ ਤਿਸ ਨੂੰ ।
ਹਾਸ਼ਮ ਵਾਂਗ ਯਕਬ ਪਿਕੰਬਰ, ਹਾਲ ਸੁਣਾਵੇ ਕਿਸ ਨੂੰ ।। ੭੫ ।।

ਕੇਚਮ ਲੋਕ ਫ਼ਿਰਾਕ ਪੁੰਨੂੰ ਦੇ, ਰੋ ਰੋ ਹੋਣ ਦਿਵਾਨੇ ।
'ਯੂਸਬ ਵੇਚ ਆਏ ਕਰਵਾਨੀ' ਹਰ ਇਕ ਵਿਰਦ ਜ਼ਬਾਨੇ ।
ਪੁੱਟ ਪੁੱਟ ਵਾਲ ਸੁੱਟਣ ਵਿਚ ਗਲੀਆਂ, ਮਹਿਲੀ ਸ਼ੋਰ ਜ਼ਨਾਨੇ ।
ਹਾਸ਼ਮ ਫੇਰ ਪੁੰਨੂੰ, ਰੱਬ ਲਿਆਉਗੁ, ਸਹੀ ਸਲਾਮਤ ਖ਼ਾਨੇ ।। ੭੬ ।।

ਸ਼ੁਤਰ-ਸਵਾਰ ਭਿਰਾਉ ਪੁੰਨੂੰ ਦੇ, ਫੇਰਿ ਪੁੰਨੂੰ ਵਲ ਧਾਏ ।
ਤੇਜ਼ ਬਲਾਇ ਸ਼ਰਾਬ ਸੁਰਾਹੀ, ਨਾਲ ਲੁਕਾਇ ਲਿਆਏ ।

ਡਿੱਠੀ ਪੇਸ਼ ਨਾ ਜਾਂਦੀ ਹਰਗਿਜ਼, ਓੜਕ ਧ੍ਰੋਹੁ ਕਮਾਏ ।
ਹਾਸ਼ਮ ਆਖਿ ਕਿਨੈ ਸੁੱਖ ਪਾਇਆ, ਬੇਇਨਸਾਫ਼ ਦੁਖਾਏ ।। ੭੭ ।।

ਸ਼ਹਿਰ ਭੰਬੋਰ ਪੁਛਾਇ ਪੁੰਨੂੰ ਨੂੰ, ਨਾਲ ਘਣੇ ਰੰਗ ਰਸ ਦੇ ।
ਦਿਲ ਵਿਚ ਖੋਟ, ਜ਼ੁਬਾਂ ਵਿਚ ਸ਼ੀਰੀਂ, ਆਣ ਮਿਲੇ ਗਲਿ ਹੱਸਦੇ ।
ਵਤਨੀ ਲੋਕ ਸਦਾਵਣ ਮਹਿਰਮ, ਹਰਗਿਜ਼ ਭੇਤ ਨਾ ਦੱਸਦੇ ।
ਹਾਸ਼ਮ ਕਰਨ ਲੁਕਾਉ ਨਾ ਹੇੜੀ, ਮਿਰਗ ਭਲਾ ਕਦ ਫਸਦੇ ।। ੭੮ ।।

ਸੁਣ ਕੇਚਮ ਕਰਵਾਨ ਸੱਸੀ ਨੂੰ, ਚੜ੍ਹਿਆ ਚੰਦ ਵਧੇਰੇ ।
ਰਲ ਮਿਲ ਨਾਲ ਸਈਆਂ ਦੇ ਆਖੇ, 'ਭਾਗ ਭਲੇ ਦਿਨ ਮੇਰੇ ।'
ਇਕ ਥੋਂ ਚਾਰ ਹੋਏ ਵਿਚ ਖਿਜਮਤ, ਨਫ਼ਰ ਗ਼ੁਲਾਮ ਵਧੇਰੇ ।
ਹਾਸ਼ਮ ਫੇਰ ਨਾ ਸਮਝਣ ਪਾਪੀ, ਪਾਪ ਕਰੇਂਦੇ ਜਿਹੜੇ ।। ੭੯ ।।

ਰਾਤ ਪਈ, ਬਹਿ ਪਾਸ ਪੁੰਨੂੰ ਦੇ ਜੀਭ ਮਿੱਠੀ, ਦਿਲ ਕਾਲੇ ।
ਹੋਤ ਪੁੰਨੂੰ ਨੂੰ ਮੰਤ ਸੱਸੀ ਦੇ, ਭਰ ਭਰ ਦੇਣ ਪਿਆਲੇ ।
ਉਹ ਕੀ ਦਰਦ ਦਿਲਾਂ ਦਾ ਜਾਣਨ, ਊਨ ਚਰਾਵਣ ਵਾਲੇ ।
ਹਾਸ਼ਮ ਦੋਸ਼ ਨਹੀਂ ਕਰਵਾਨਾਂ, ਇਸ਼ਕ ਘਣੇ ਘਰ ਗਾਲੇ ।। ੮੦ ।।

ਆਸ਼ਕ ਹੋਵਣ ਤੇ ਸੁੱਖ ਸੌਵਣ, ਇਹ ਗੱਲ ਦੂਰ ਹਿਸਾਬੋਂ ।
ਹਾਸ਼ਮ ਜਿਨ ਕਿਨ ਰਾਹ ਇਸ਼ਕ ਦੇ, ਕਾਜ ਗਵਾਇਆ ਖ਼ਾਬੋਂ ।। ੮੧ ।।

ਨਿਸਬੋਂ ਰਾਤ ਗਈ ਕਰਵਾਨਾਂ, ਕਰਹਾ ਤੰਗ ਕਸਾਏ ।
ਮਹਿਮਲ, ਪਾਇ ਬਿਹੋਸ਼ ਪੁੰਨੂੰ ਨੂੰ, ਸ਼ਹਿਰ ਭੰਬੋਰੋਂ ਧਾਏ ।
ਘੜ ਬਲੋਚ ਬਿਤਰਸ ਕੁਕਰਮੀ, ਯਾਰ ਵਿਛੋੜ ਲਿਆਏ ।
ਹਾਸ਼ਮ ਰੋਣ ਕਲਾਵਣ ਵਾਲੇ, ਫੇਰ ਸੱਸੀ ਦਿਨ ਆਏ ।। ੮੨ ।।

ਨਿਬੜੀ ਰਾਤ ਹੋਇਆ ਦਿਨ ਰੋਸ਼ਨ, ਆਣ ਚਿੜੀ ਚੁਹਕਾਣੀ ।
ਸੂਰਜ ਆਖਿ ਨਹੀਂ, ਇਹ ਜਲਦੀ, ਵੇਖ ਚਿਖਾ ਅਸਮਾਨੀ
ਖ਼ਾਤਰ ਕਰਨ ਕਬਾਬ ਸੱਸੀ ਦੇ, ਮਾਰ ਜੁਦਾਈਸੁ ਕਾਨੀ ।
ਹਾਸ਼ਮ ਆਣ ਬਣੇ ਜਿਸ ਜਾਣੇ, ਕੀ ਗੱਲ ਕਰਨ ਜ਼ੁਬਾਨੀ ।। ੮੩ ।।

ਨੈਣ ਉਘਾੜ ਸੱਸੀ ਜਦ ਦੇਖੇ, ਜਾਗ ਲਈ ਸੁਧ ਆਈ ।

ਵਾਹਦ ਜਾਨ ਪਈ, ਉਹ ਨਾਹੀਂ, ਨਾਲ ਸੁੱਤੀ ਜਿਸ ਆਹੀ ।
ਨਾ ਉਹ ਊਠ ਨਾ ਉਠਾਂ ਵਾਲੇ, ਨਾ ਉਹ ਜਾਮ ਸੁਰਾਹੀ ।
ਹਾਸ਼ਮ ਤੋੜ ਸ਼ਿੰਗਾਰ ਸੱਸੀ ਨੇ, ਖ਼ਾਕ ਲਈ ਸਿਰ ਪਾਈ ।। ੮੪ ।।

ਜਿਸ ਦਿਨ ਹੋਤ ਸੱਸੀ ਛਡਿ ਤੁਰਿਆ, ਆਖਿ ਵਿਖਾ ਦਿਨ ਕੇਹਾ ।
ਦੋਜ਼ਖ ਇਕ ਪਲ ਕਦੇ ਨਾ ਹੋਸੀ, ਤਪਿਆ ਤਿਸ ਦਿਨ ਜੇਹਾ ।
ਦਿਲ ਦਾ ਖ਼ੂਨ ਅੱਖੀਂ ਫੁਟ ਆਇਆ, ਜ਼ਾਲਮ ਇਸ਼ਕ ਅਵੇਹਾ ।
ਹਾਸ਼ਮ ਮਾਰ ਰੁਲਾਵੇ ਗਲੀਆਂ, ਬਾਣ ਇਸ਼ਕ ਦੀ ਏਹਾ ।। ੮੫ ।।

ਤੋੜਿ ਸ਼ਿੰਗਾਰ ਸੱਸੀ ਉਠ ਦੌੜੀ, ਖੋਲ੍ਹ ਲਿਟਾਂ ਘਰ ਬਾਰੋਂ ।
ਚੜ੍ਹਿਆ ਆਣਕਿ ਰੋਹ ਸੱਸੀ ਨੋ, ਜਿੰਦ ਜੁ ਤਾਂ ਪਰ ਵਾਰੋ ।
ਡਰਦੀ ਸਾਥ ਪੁੰਨੂੰ ਦਾ ਤੱਕਦੀ, ਤੇਗ਼ ਹਿਜਰ ਦੀ ਮਾਰੋਂ ।
ਹਾਸ਼ਮ ਸਹਿਣ ਮੁਹਾਲ ਜੁਦਾਈ, ਸਖ਼ਤ ਬੁਰੀ ਤਲਵਾਰੋਂ ।। ੮੬ ।।

ਧੋਬਣ ਮਾਉਂ ਨਸੀਹਤ ਕਰਦੀ, 'ਬੱਚਾ ! ਨ ਪਉ ਰਾਹੀਂ ।
ਧੋਬਣ ਜਾਤ ਕਮੀਨੀ ਕਰਕੇ, ਛੋਡਿ ਗਏ ਤੁਧ ਤਾਹੀਂ ।
ਭੱਜ ਭੱਜ ਫੇਰ ਪਿਛੇ ਉਠ ਦੌੜੇਂ, ਲਾਜ ਅਜੇ ਤੁਧ ਨਾਹੀਂ ।
ਹਾਸ਼ਮ ਵੇਖ ਕੇਹੇ ਦਿਨ ਪਾਏ, ਘੰਡ ਬਲੋਚ ਬਲਾਈ ।। ੮੭ ।।

ਸੱਸੀ ਮੋੜ ਜਵਾਬ ਮਾਉਂ ਨੂੰ, ਕਰਿ ਦੁਖ ਵੈਣ ਸੁਣਾਏ ।
ਮਸਤ ਬਿਹੋਸ਼ ਪੁੰਨੂੰ ਵਿਚ ਮਹਿਮਲ, ਪਾਇ ਬਲੋਚ ਸਿਧਾਏ ।
ਜੇ ਕਛੁ ਹੋਸ਼ ਹੁੰਦੀ ਸ਼ਹਿਜ਼ਾਦੇ, ਬਾਝੁ ਸੱਸੀ ਕਦ ਜਾਏ ।
ਹਾਸ਼ਮ ਲੇਖ ਲਿਖੇ ਸੋ ਵਾਚੇ, ਛੋਡ ਮੇਰਾ ਲੜ ਮਾਏ ।। ੮੮ ।।

ਆ ਮੁੜ ਜਾ ਨਹੀਂ ਜੇ ਤੁਹਿ ਵਲ, ਪ੍ਰੀਤ ਪੁੰਨੂੰ ਦੀ ਐਸੀ ।
ਮਸਤ ਬਿਹੋਸ਼ ਨਾ ਰਹਿਸੀ ਮੂਲੇ, ਅੰਤ ਸਮੇਂ ਸੁਧ ਲੈਸੀ ।
ਆਪੇ ਵੇਖ ਹਵਾਲਤ ਤੇਰੀ ਜਾਗ ਲਹੀ ਮੁੜ ਪੈਸੀ ।
ਹਾਸ਼ਮ ਬਾਝ ਦੋਵੇਂ ਦਿਲਿ ਮਿਲਿਆਂ, ਚਾਟ ਲਗੈ ਮਨ ਕੈਸੀ ।। ੮੯ ।।

ਮਾਏ ! ਸਗਤ ਜੰਜ਼ੀਰ ਬਲੋਚਾਂ, ਹੋਤ ਪੁੰਨੂੰ ਨੂੰ ਪਾਏ ।
ਕਦ ਉਹ ਮੁੜਨ ਪਿਛਾਹਾਂ ਦੇਂਦੇ, ਔਂਡ ਕੁਕਰਮੀ ਆਏ ।
ਸ਼ਾਲਾ ! ਰਹਿਣ ਖ਼ਰਾਬ ਹਮੇਸ਼ਾ, ਦੁਖੀਏ ਆਣ ਦੁਖਾਏ ।

ਹਾਸ਼ਮ ਕੇਡਕੁ ਬਾਤ ਸੱਸੀ ਨੂੰ, ਜੇ ਰੱਬ ਯਾਰ ਮਿਲਾਏ ।। ੯੦ ।।

ਦਿਲ ਦੀ ਬਾਤ ਸਮਝ ਸੁਣ ਧੀਏ, ਕਰ ਕੁਛ ਹੋਸ਼ੁ ਟਿਕਾਣੇ ।
ਯਾਰੀ ਕਰਨ ਮੁਹਾਲ, ਬਿਦੇਸੀ, ਕੀ ਜਾਣਨ ਬਾਲ ਇਆਣੇ ।
ਬਾਝ ਪਿਆਰ ਚੁਰਾਇ ਖੜੇ ਕਿਨ, ਆਦਮ ਰੂਪ ਸਿਆਣੇ ।
ਹਾਸ਼ਮ ਨਹੀਂ ਵਿਚਾਰ ਬਲੋਚਾਂ, ਕੀ ਸਿਰ ਦੋਸ਼ ਬਿਗਾਨੇ ।। ੯੧ ।।

ਸੁਣ ਮਾਏ ! ਜੇ ਦਿਲ ਵਿਚ ਏਵੇਂ, ਹੰਗੁ ਮੇਰੇ ਦਿਲਬਰ ਦੇ ।
ਦਿਲਬਰ ਬੇਪਰਵਾਹ ਹਮੇਸ਼ਾ, ਕੁਝ ਪਰਵਾਹ ਨਾ ਧਰਦੇ ।
ਵੇਖ ਚਕੋਰ ਪਤੰਗ ਵਿਚਾਰੇ, ਮੁਫਤ ਬਿਰਹੁੰ ਵਿਚ ਮਰਦੇ ।
ਹਾਸਮ ਮੋੜ ਰਹੇ ਨਹੀ ਮੁੜਦੀ, ਘਰ ਦੇ ਲੋਕ ਸ਼ਹਿਰ ਦੇ ।। ੯੨ ।।

ਮਾਉਂ, ਫੇਰ ਸੱਸੀ ਨੂੰ ਆਖੇ, ਨਾ ਚੜ੍ਹ ਚੇਹੁ ਦਿਵਾਨੀ ।
ਕਦ ਹੁਣ ਜਾਇ ਬਲੋਚਾਂ ਮਿਲਸੇਂ, ਪੈਰੀਂ ਟੁਰਨ ਬਿਗਾਨੀ ।
ਸੂਲੀ ਸਾਰ ਅੱਗੇ ਥਲ ਮਾਰੂ, ਤੜਫ ਮਰੇਂ ਬਿਨੁ ਪਾਣੀ ।
ਹਾਸ਼ਮ ਜਾਣ ਮੁਹਾਲ ਇਕੱਲੀ, ਬਰਬਰ ਗਾਹ ਬਿਆਬਾਨੀ ।। ੯੩ ।।

ਤੁਰਸਾਂ ਮੂਲ ਨਾ ਮੁੜਸਾਂ ਰਾਹੋਂ, ਜਾਨ ਤਲੀ ਪਰ ਧਰਸਾਂ ।
ਜਬ ਲਗ ਸਾਸ ਨਿਰਾਸ ਨਾ ਹੋਵਾਂ, ਮਰਨੋਂ ਮੂਲ ਨ ਡਰਸਾਂ ।
ਜੇ ਰੱਬ ਕੂਕ ਸੱਸੀ ਦੀ ਸੁਣਸੀ, ਜਾਇ ਮਿਲਾਂ ਪਗ ਪਰਸਾ ।
ਹਾਸ਼ਮ ਨਹੀਂ ਸ਼ਹੀਦ ਹੋ ਵੈਸਾਂ, ਥਲ ਮਾਰੂ ਵਿਚ ਮਰਸਾਂ ।। ੯੪ ।।

ਫੜਿਆ ਪੰਧ ਹੋਈ ਤਦ ਪਾਧਣ, ਟੁਟ ਗਈ ਡੋਰ ਪਤੰਗੋਂ ।
ਸੱਸੀ ਉਹ ਨਾ ਧਰਦੀ ਆਹੀ, ਭੁਇੰ ਪਰ ਪੈ ਪਲੰਘੋਂ ।
ਦਿਲ ਤੋਂ ਖ਼ਉਫ ਉਤਾਰ ਸਿਧਾਈ, ਵਾਂਗੂ ਸ਼ੇਰ ਪਲੰਗੋਂ ।
ਹਾਸ਼ਮ ਜੇ ਦਮ ਜਾਣ ਖ਼ਲਾਸੀ, ਹੋਗਸੁ ਕੈਦ ਫ਼ਿਰੰਗੋਂ ।। ੯੫ ।।

ਕਰ ਅਸਬਾਬ ਲਇਆ ਸਹਿਜ਼ਾਦੀ, ਫੜਿਆ ਰਾਹ ਸ਼ੁਤਰ ਦਾ ।
ਪਾਣੀ ਖ਼ੂਨ ਖ਼ੁਰਾਕ ਕਲੇਜਾ, ਰਹਿਬਰੁ ਦਰਦੁ ਹਿਜਰ ਦਾ ।
ਗਲ ਵਿਚ ਵਾਲ, ਅੱਖੀ ਵਿਚ ਸੁਰਖੀ, ਸੋਜ਼ ਜਨੂੰਨ ਕਹਿਰ ਦਾ ।
ਹਾਸ਼ਮ ਵੇਖ ਹਵਾਲ ਕਲੇਜਾ, ਘਾਇਲ ਸ਼ਮਸ ਕਮਰ ਦਾ ।। ੯੬ ।।

ਰਮਕੀ ਆਣ ਦੁਪਹਿਰੀਂ ਵੇਲੇ. ਗਰਮੀ ਗਰਮ ਬਹਾਰੇ ।
ਤਪਦੀ ਵਾਉ ਵਗੇ ਅਸਮਾਨੋਂ, ਪੰਛੀ ਮਾਰਿ ਉਤਾਰੇ ।
ਆਤਸ਼ ਦਾ ਦਰਿਆਉ ਖਲੋਤਾ, ਥਲ ਮਾਰੂ ਵਲਿ ਚਾਰੇ ।
ਹਾਸਮ ਫੇਰ ਪਿਛਾਂਹ ਨਾ ਮੁੜਦੀ, ਲੂੰ ਲੂੰ 'ਹੋਤ' ਪੁਕਾਰੇ ।। ੯੭ ।।

ਨਾਜ਼ਕ ਪੈਰ ਗੁਲਾਬ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ ।
ਆਸ਼ਕ ਵੇਖ ਬਹੇ ਇਕ ਵਾਰੀ, ਜੀਉ ਤਿਨ੍ਹਾਂ ਪਰ ਵਾਰੇ ।
ਬਾਲੂ ਰੇਤ ਤਪੇ ਵਿਚ ਬਲ ਦੇ, ਭੁੰਨਣ ਜੌਂ ਭਠਿਆਰੇ ।
ਹਾਸ਼ਮ ਵੇਖ ਯਕੀਨ ਸੱਸੀ ਦਾ, ਫੇਰ ਨਹੀਂ ਦਿਲ ਹਾਰੇ ।। ੯੮ ।।

ਦਿਲ ਵਿਚ ਤਪਤ ਬਲਾਂ ਦੀ ਗਰਮੀ, ਆਣ ਫ਼ਿਰਾਕ ਰੰਵਾਣੀ ।
ਕਿਚਰਕੁ ਨੈਣ ਦੇਣ ਦਿਲਬਰੀਆਂ, ਚੋਣ ਲਬਾਂ ਵਿਚ ਪਾਣੀ ।
ਫਿਰ ਫਿਰ ਡਾਢ ਕਰੇ ਹਠ ਦਿਲ ਦਾ, ਪਰ ਜਦ ਬਹੁਤ ਵਿਹਾਣੀ ।
ਹਾਸ਼ਮ ਯਾਦ ਭੰਬੋਰ ਪਇਓ ਸੁ, ਟੁੱਟ ਗਿਆ ਮਾਣ ਨਿਮਾਣੀ ।। ੯੯ ।।

ਜੇ ਜਾਣਾਂ ਛੱਡ ਜਾਣ ਸੁੱਤੀ ਨੂੰ, ਇਕ ਪਲ ਪਲਕ ਨਾ ਝਮਕਾਂ ।
ਗਰਦ ਹੋਇ ਵਿਚ ਗਰਦ ਥਲਾਂ ਦੀ, ਵਾਂਗ ਜਵਾਹਰ ਦਮਕਾ ।
ਜਲ ਵਾਗੁਰ ਰਲ ਦੇਣ ਦਿਖਾਲੀ. ਥਲ ਮਾਰੂ ਦੀਆਂ ਚਮਕਾਂ ।
ਹਾਸ਼ਮ ਕੌਣ ਸੱਸੀ ਬਿਨ ਵੇਖੇ. ਏਸ ਇਸ਼ਕ ਦੀਆਂ ਰਮਕਾਂ ।। ੧੦੦ ।।

ਥਲ ਮਾਰੂ ਤਪ ਦੋਜ਼ਖ ਹੋਇਆ. ਆਤਸ਼ ਫੌਜ ਹਿਜਰ ਦੀ ।
ਜਬ ਲਗ ਸਾਸ ਨਿਰਾਸ ਨਾ ਹੋਸਾਂ. ਯੂਸਬ ਤਾਂਘ ਮਿਸਰ ਦੀ ।
ਮੁੜਨ ਮੁਹਾਲ ਤੇ ਵੇਖਣ ਔਖੀ, ਸੂਰਤ ਕੇਚ ਸ਼ਹਿਰ ਦੀ ।
ਹਾਸਮ ਸਗਤ ਬਲੋਚ ਕਮੀਨੇ. ਬੇਇਨਸਾਫ ਬੇਦਰਦੀ ।। ੧੦੧ ।।

ਕੁਛ ਡਿਗਦੀ ਕੁਛ ਢਹਿੰਦੀ ਉਠਦੀ. ਬਹਿੰਦੀ ਤੇ ਦਮ ਲੈਂਦੀ ।
ਜਿਉਂਕਰ ਤੋਟ ਸ਼ਰਾਬੋਂ ਆਵੇ. ਫੇਰ ਉਤੇ ਵਲ ਵੈਂਦੀ ।
ਢੂੰਡੇ ਖੋਜ ਸ਼ੁਤਰ ਦਾ ਕਿਤ ਵਲ. ਹਰਗਿਜ਼ ਭਾਲ ਨਾ ਪੈਂਦੀ ।
ਹਾਸਮ ਜਗਤ ਨਾ ਕਿਉਂਕਰ ਗਾਵੇ. ਪ੍ਰੀਤ ਸੰਪੂਰਨ ਜੈਂਦੀ ।। ੧੦੨ ।।

ਕੁਦਰਤਿ ਨਾਲ ਸੱਸੀ ਹੱਥ ਆਇਆ. ਫਿਰਦਿਆ ਖੋਜ ਸ਼ੁਤਰ ਦਾ ।
ਜਾਣ ਨਹੀ ਇਹ ਖੋਜ ਸੱਸੀ ਨੂੰ. ਮਿਲਿਆ ਜਾਮ ਖਿਦਰ ਦਾ ।

ਯਾ ਉਹ ਨੂਰ ਨਜ਼ਰ ਦਾ ਕਹੀਏ, ਦਾਰੂ ਦਰਦੁ ਜਿਗਰ ਦਾ ।
ਹਾਸ਼ਮ ਬਲਕਿ ਸੱਸੀ ਨੇ ਮਿਲਿਆ, ਕਾਸਦ ਕੇਚ ਸ਼ਹਿਰ ਦਾ ।। ੧੦੩ ।।

ਦਾਰੂ ਦਰਦ ਜਿਗਰ ਦਾ ਕਰਕੇ, ਖੋਜ ਲਏ ਗਲਿ ਲਾਵੇ ।
ਪਰ ਭਿ ਲਾਇ ਨਾ ਸਕਦੀ ਡਰਦੀ, ਮਤ ਇਹ ਭੀ ਮਿਟ ਜਾਵੇ ।
ਫਿਰ ਘਿਰ ਵੇਖ ਰਹੀ ਹੋਰੁ ਦੂਜਾ, ਖੋਜ ਨਾ ਨਜ਼ਰੀਂ ਆਵੇ ।
ਹਾਸ਼ਮ ਫੇਰ ਵਿਸਾਹ ਨਾ ਕਰਦੀ, ਵਾਂਗੁ ਪੁੰਨੂੰ ਛਲ ਜਾਵੇ ।। ੧੦੪ ।।

'ਕਾਕਾ' ਨਾਮ ਅਯਾਲੀ ਆਹਾ, ਉਸ ਗਿਰਦੇ ਵਿਚ ਛਿੜਦਾ ।
ਡਿੱਠਾ ਉਹ ਸੱਸੀ ਨੇ ਦੂਰੋਂ, ਥਲ ਮਾਰੂ ਵਿਚ ਫਿਰਦਾ ।
ਅੰਚਲ ਛੋਡ ਨਿਸਾਨੀ ਕਰਕੇ, ਫੜਿਆ ਰਾਹੁ ਤਿਧਰ ਦਾ ।
ਹਾਸ਼ਮ ਕੂਕ ਕਰੇ ਤਿਸ ਵਲਿ ਨੂੰ, ਪਰ ਦਿਲ ਜਾਉਸੁ ਘਿਰਦਾ ।। ੧੦੫ ।।

ਸੂਰਤਿ ਵੇਖ ਅਯਾਲੀ ਡਰਿਆ, ਆਫ਼ਤ ਮਾਰ ਨਾ ਜਾਵੇ ।
ਆਦਮ ਰੂਪ ਜਨਾਨੀ ਸੂਰਤਿ, ਥਲ ਮਾਰੂ ਕਦਿ ਆਵੇ ।
ਜਿਉਂ ਜਿਉ ਸੁਣੇ ਆਵਾਜ਼ ਸੱਸੀ ਦੀ, ਛਿਪ ਛਿਪ ਜਾਨ ਬਚਾਵੇ ।
ਹਾਸ਼ਮ ਜਾਂ ਦਿਨ ਉਲਟੇ ਆਵਣ, ਸਭ ਉਲਟੀ ਬਣ ਜਾਵੇ ।। ੧੦੬ ।।

ਕੂਕ ਪੁਕਾਰ ਨਿਰਾਸ ਸੱਸੀ ਹੋ, ਖੋਜ ਬੰਨੇ ਉਠਿ ਦੌੜੀ ।
ਦਿਲ ਵਿਚ ਸਾੜ ਥਲਾਂ ੀ ਆਤਸ਼, ਰੂਹ ਰੰਞਾਣੀ ਹੌੜੀ ।
ਪਿੱਛਾ ਦੇਇ ਚੱਲੀ ਸ਼ਹਿਜ਼ਾਦੀ, ਜਾਨ ਲੱਗੀ ਫਿਰ ਕੌੜੀ ।
ਹਾਸ਼ਮ ਕੌਣ ਫ਼ਲਕ ਨੂੰ ਪਕੜੇ, ਜਾ!ਟ ਚੜ੍ਹੇ ਧਰਿ ਪੌੜੀ ।। ੧੦੭ ।।

ਤਰਲੇ ਲਾਖ ਜਤਨ ਕਰ ਪਹੁੰਚੀ, ਖੋਜ ਤਲਕ ਹਠ ਕਰਕੇ ।
ਟੁੱਟਦੀ ਜਾਨ ਗਈਆਂ ਛੁਟ ਆਹੀਂ, ਯਾਦ ਬਲੋਚਾਂ ਕਰਕੇ ।
ਸ਼ਾਲਾ ! ਰੋਣ ਕਿਆਮਤ ਤੋੜੀਂ, ਨਾਲ ਸੂਲਾਂ ਦਿਲ ਭਰਕੇ ।
ਹਾਸ਼ਮ ਮਰਨ ਕੁਮੌਤ ਬਿਦੇਸੀ, ਲੁਣ ਜਰਾਂ ਖਰ ਖਰ ਕੇ ।। ੧੦੮ ।।

ਓੜਕ ਵਖਤ ਕਹਿਰ ਦੀਆਂ ਕੂਕਾਂ, ਸੁਣ ਪੱਥਰ ਢਲ ਜਾਵੇ ।
ਜਿਸ ਉਸ ਊਠ ਪੁੰਨੂੰ ਨੂੰ ਖੜਿਆ, ਮਰਿ ਦੋਜ਼ਖ ਵਲਿ ਜਾਵੇ ।
ਯਾ ਉਸ ਤੀਰ ਲੱਗੇ ਬ੍ਰਿਹੋਂ ਦਾ, ਵਾਗ ਸੱਸੀ ਜਲ ਜਾਵੇ ।
ਹਾਸਮ ਮੌਤ ਪਵੇ ਕਰਹਾ ਨੂੰ, ਤੁਖ਼ਮ ਜ਼ਿਮੀਨੋਂ ਜਾਵੇ ।। ੧੦੯ ।

ਫਿਰ ਦਿਲ ਸਮਝ ਕਰੇ ਲੱਖ ਤੋਬਾ, ਬਹੁਤ ਬਿਅਦਬੀ ਹੋਈ ।
ਜਿਸ ਪੁਰ ਯਾਰ ਕਰੇ ਅਸਵਾਰੀ, ਤਿਸ ਦੇ ਜੋੜ ਨਾ ਕੋਈ ।
ਕੋ ਮੈਂ ਵਾਂਗ ਨਿਕਰਮਣ ਨਾਹੀਂ, ਕਿਤ ਵਲ ਮਿਲੇ ਨਾ ਢੋਈ ।
ਹਾਸ਼ਮ ਕੌਂਤ ਮਿਲੇ ਹੱਸ ਜਿਸ ਨੂੰ, ਜਾਣ ਸੁਹਾਗਣਿ ਸੋਈ ।। ੧੧੦ ।।

ਸਿਰ ਧਰ ਖੋਜ ਉਤੇ ਗ਼ਮ ਆਈਆ, ਮੌਤ ਸੱਸੀ ਦੀ ਆਈ ।
ਖ਼ੁਸ਼ ਰਹੁ ਯਾਰ ਅਸਾਂ ਤੁਧ ਕਾਰਣ, ਥਲ ਵਿਚ ਜਾਨ ਗਵਾਈ ।
ਡਿਗਦੀ ਸਾਰ ਗਏ ਦਮ ਇਕਸੇ, ਤਨ ਥੋਂ ਜਾਨ ਸਿਧਾਈ ।
ਹਾਸ਼ਮ ਕਰ ਲੱਖ ਲੱਖ ਸ਼ੁਕਰਾਨੇ, ਇਸ਼ਕ ਵਲੋਂ ਰਹਿ ਆਈ ।। ੧੧੧ ।।

ਕਰ ਕਰ ਧਿਆਨ ਅੱਯਾਲੀ ਦਿਲ ਵਿਚ, ਸੋਚ ਕਰੇ ਇਸ ਗੱਲ ਦੀ ।
ਕੀ ਅਸਰਾਰ ਰਹੀ ਡਿਗ ਏਵੇਂ, ਫੇਰ ਨਹੀਂ ਮੁੜ ਹਲਦੀ ।
ਮਤ ਕੋਈ ਨਾਰਿ ਰਹੇ ਮਰ ਪਿਆਸੀ, ਰਾਹ ਪੰਧਾਣੂ ਚੱਲਦੀ ।
ਹਾਸ਼ਮ ਚਲ ਵੇਖਾਂ ਕੀ ਡਰਨਾ, ਹੋਣਹਾਰ ਨਹੀਂ ਟਲਦੀ ।। ੧੧੨ ।।

ਅੱਯੜ ਛੋਡ ਸੱਸੀ ਵਲ ਤੁਰਿਆ, ਦਿਲ ਡਰਦੇ ਪਗ ਧਰਦਾ ।
ਸੂਰਤ ਵੇਖ ਅਹਿਵਾਲ ਸੱਸੀ ਦਾ, ਚੜ੍ਹਿਓਸੁ ਜੋਸ਼ ਕਹਰ ਦਾ ।
ਦਿਲ ਥੋਂ ਸ਼ੌਕ ਗਿਆ ਉੱਠ ਸਾਰਾ, ਮਾਲ ਧੀਆਂ ਪੁਤ ਘਰ ਦਾ ।
ਹਾਸ਼ਮ ਜਾਣ ਦਿਲੋਂ ਜਗ ਫਾਨੀ, ਵੇਖ ਫਕੀਰੀ ਫੜਦਾ ।। ੧੧੩ ।।

ਥਲ ਵਿਚ ਗੋਰ ਸੱਸੀ ਦੀ ਕਰਕੇ, ਵਾਂਗ ਯਤੀਮ ਨਿਮਾਣੇ ।
ਗਲਿ ਖਫ਼ਨੀ, ਸਿਰ ਪਾ ਬਰਹਿਨਾ, ਬੈਠ ਗੋਰ ਸਿਰ੍ਹਾਣੇ ।
ਇਕ ਗੱਲ ਜਾਣ ਲਈ 'ਜਗ ਫਾਨੀ', ਹੋਰ ਕਲਾਮ ਨਾ ਜਾਣੇ ।
ਹਾਸਮ ਖ਼ਾਸ ਫ਼ਕੀਰੀ ਏਹਾ, ਪਰ ਇਹ ਕੌਣ ਪਛਾਣੇ ।। ੧੧੪ ।।

ਉਡਿਆ ਰੂਹ ਸੱਸੀ ਦੇ ਤਨ ਥੋਂ, ਫੇਰ ਪੁੰਨੂੰ ਵਲ ਧਾਇਆ ।
ਮਹਿਮਲ ਮਸਤ ਬਿਹੋਸ਼ ਪੁੰਨੂੰ ਨੂੰ, ਸੁਫਨੇ ਜਾਇ ਜਗਾਇਆ ।
'ਲੈ ਹੁਣ ਯਾਰ ਅਸਾਂ ਸੰਗ ਤੇਰੇ, ਕੌਲ ਕਰਾਰ ਨਿਭਾਇਆ ।
ਹਾਸ਼ਮ ਰਹੀ ਸੱਸੀ ਵਿਚ ਥਲ ਦੇ, ਮੈਂ ਰੁਕਸਤ ਲੈਣੇ ਆਇਆ ।। ੧੧੫ ।।

ਉਟਕੀ ਨੀਂਦ ਪੁੰਨੂੰ ਉਠ ਬੈਠਾ, ਜਲਦੀ ਵਿਚ ਕਰਾਵੇ ।
ਨਾ ਉਹ ਸ਼ਹਿਰ ਭੰਬੋਰ ਪਿਆਰਾ, ਨਾ ਉਹ ਮਹਿਲ ਸੁਹਾਵੇ ।

ਚਾਨਕ ਚਮਕ ਲਗੀ ਸ਼ਹਿਜ਼ਾਦੇ, ਕੁਝ ਸਿਰ ਪੈਰ ਨਾ ਆਵੇ ।
ਹਾਸ਼ਮ ਜਾਗ ਲਹੀ ਫਿਰ ਕੇਹਾ, ਆਸ਼ਕ ਰੈਣ ਵਿਹਾਵੇ ।। ੧੧੬ ।।

ਆਵਣ ਮੁੜਨ ਭਿਰਾਉ ਨਾ ਦੇਂਦੇ, ਊਠ ਮੁਹਾਰੋਂ ਫੜਿਆ ।
ਤੈਂ ਬਿਨ ਬਾਪ ਹੋਇਆ ਨਾਬੀਨਾ, ਕੂਕੇ 'ਸੜਿਆ ਸੜਿਆ !'
ਹਾਸ਼ਮ ਵੇਖ ਮਹਲ ਕੇਚਮ ਦੇ, ਭੀ ਮੁੜਿ ਆਵੀਂ ਚੜ੍ਹਿਆ ।। ੧੧੭ ।।

ਹਿਜਰੀ ਅੱਗ ਪੁੰਨੂੰ ਤਨ ਭੜਕੀ, ਤੋੜ ਜਵਾਬ ਸੁਣਾਵੇ ।
ਕੈਂ ਦੀ ਮਾਉਂ ਪਿਤਾ ਪੁਤ ਕੈਂ ਦੇ, ਨਾਲ ਮੁਇਆਂ ਮਰ ਜਾਵੇ ।
ਜੇਹੀ ਨਾਲ ਅਸਾਡੇ ਕੀਤੀ, ਪਸ਼ ਤੁਸਾਡੇ ਆਵੇ ।
ਹਾਸ਼ਮ ਬਾਝ ਸੱਸੀ ਨਹੀਂ ਦੂਜਾ, ਜੇ ਰੱਬ ਫੇਰ ਮਿਲਾਵੇ ।। ੧੧੮ ।।

ਘੰਡ ਬਲੋਚ ਖ਼ਿਆਲ ਨਾ ਛੱਡਦੇ, ਵਲਿ ਵਲਿ ਫੇਰ ਖੜੋਂਦੇ ।
ਪਾਪੀ ਜ਼ੋਰ ਵਿਖਾਲਣ ਉਸ ਨੂੰ, ਸ਼ੁਤਰ ਗਲੇ ਲਗਿ ਰੋਂਦੇ ।
ਜਬ ਲਗ ਜਾਨ ਨ ਮੁੜਨੇ ਦੇਸਾਂ, ਆਇ ਪੁੰਨੂੰ ਵੱਲ ਹੋਂਦੇ ।
ਹਾਸ਼ਮ ਆਸ਼ਕ ਬਾਝ ਇਸ਼ਕ ਦੇ, ਕਹੁ ਕਿਤ ਵਲ ਦਿਲ ਢੋਂਦੇ ।। ੧੧੯ ।।

ਬਹੁਤ ਲਚਾਰ ਹੋਇਆ ਸ਼ਹਿਜ਼ਾਦਾ, ਖਿੱਚੀ ਪਕੜ ਕਟਾਰੀ ।
ਜਿਸ ਦੀ ਚਮਕ ਲਗੀ ਜਿੰਦ ਜਾਵੇ, ਸੋ ਜਮ ਰੂਪ ਦੁਧਾਰੀ ।
ਛੱਡ ਮੁਹਾਰ ਦਿਤੀ ਤਦ ਭਾਈਆਂ, ਡਰਦਿਆਂ ਜਾਨ ਪਿਆਰੀ ।
ਹਾਸ਼ਮ ਕੌਣ ਫੜੇ ਜਿੰਦਬਾਜ਼ਾਂ, (ਜਿਨ੍ਹਾਂ) ਜਾਨ ਇਸ਼ਕ ਵਿਚ ਹਾਰੀ ।।੧੨੦।।

ਸੁੱਟੀ ਹੋਤ ਮੁਹਾਰ ਸੱਸੀ ਵਲ, ਛੋਡ ਭਾਈ ਦੁਖਦਾਈ ।
ਮਿਲਸਾ ਜਾ ਇਕ ਵਾਰ ਜਮਾਂ ਥੋਂ, ਜੇ ਰੱਬ ਜਾਨ ਛੁਡਾਈ ।
ਝਬ ਸੁਟ ਪੈਰ ਸੱਸੀ ਵਲ ਕਰਹਾ ! ਵਕਤ ਇਹੋ ਹੁਣ ਭਾਈ ।
ਹਾਸ਼ਮ ਦੁੱਧ ਮਲੀਦਾ ਦੇਸਾਂ, ਕਰਸਾਂ ਟਹਿਲ ਮਵਾਈ ।। ੧੨੧ ।।

ਸ਼ਾਬਾਸ਼ ! ਉਸ ਕਰਹੇ ਦੇ ਤੁਰਨੇ, ਤੇਜ਼ ਧਰੇ ਪਗ ਤੀਰੋਂ ।
ਪਹੁਤਾ ਆਇ ਸੱਸੀ ਦੀ ਕਬਰੇ, ਆਕਲ ਸ਼ੁਤਰ ਵਜ਼ੀਰੋਂ ।
'ਹਾਸ਼ਮ ਕੌਣ ਬਜ਼ੁਰਗ ਸਮਾਣਾ, ਵਾਕਿਫ਼ ਕਰ ਇਸ ਪੀਰੋਂ ।। ੧੨੨ ।।

ਆਖੀ ਓਸ ਫਕੀਰ ਪੁੰਨੂੰ ਨੂੰ, ਖੋਲ੍ਹ ਹਕੀਕਤ ਸਾਰੀ ।

'ਆਹੀ ਨਾਰ ਪਰੀ ਦੀ ਸੂਰਤ, ਗਰਮੀ ਮਾਰਿ ਉਤਾਰੀ ।
ਜਪਦੀ ਨਾਮ ਪੁੰਨੂੰ ਦਾ ਆਹੀ, ਦਰਦ ਇਸ਼ਕ ਦੀ ਮਾਰੀ ।
ਹਾਸ਼ਮ ਥਾਉਂ ਮਕਾਨ ਨਾ ਜਾਣਾਂ, ਆਹੀ ਕੌਣ ਵਿਚਾਰੀ ।। ੧੨੩ ।।

ਸੁਣ ਕੇ ਹੋਤ ਜ਼ਿਮੀ ਪੁਰ ਡਿੱਗਿਆ, ਖਾਇ ਕਲੇਜੇ ਕਾਨੀ ।
ਖੁਲ੍ਹ ਗਈ ਗੋਰ ਪਿਆ ਵਿਚ ਕਬਰੇ, ਫੇਰ ਮਿਲੇ ਦਿਲ ਜਾਨੀ ।
ਖ਼ਾਤਰ ਇਸ਼ਕ ਗਈ ਰਲਿ ਮਾਟੀ, ਸੂਰਤ ਹੁਸਨ ਜਵਾਨੀ ।
ਹਾਸ਼ਮ ਇਸ਼ਕ ਬਲੋਚ ਸੱਸੀ ਦਾ, ਜੁਗ ਜੁਗ ਰਹਗੁ ਕਹਾਣੀ ।। ੧੨੪ ।।

# ਕਿੱਸਾ ਪੂਰਨ ਭਗਤ

## ਕਿੱਸਾਕਾਰ— ਕਾਦਰਯਾਰ

ਮੀਮ-ਮਿਲਣ ਆਈ ਮਾਤਾ ਇੱਛਰਾਂ ਏ,
ਦੱਸੋ ਮੈਨੂੰ ਲੋਕੋ ਆਇਆ ਸਾਧ ਕੋਈ ।
ਮੇਰੇ ਪੁੱਤਰ ਦਾ ਬਾਗ਼ ਵਰਾਨ ਪਇਆ,
ਫੇਰ ਲੱਗਾ ਹੈ ਕਰਨ ਆਬਾਦ ਕੋਈ ।

# ਕਿੱਸਾ ਪੂਰਨ ਭਗਤ ਦਾ ਰਚਨਾ ਸੰਸਾਰ

ਕਾਦਰਯਾਰ ਦਾ ਕਿੱਸਾ 'ਪੂਰਨ ਭਗਤ' ਪੰਜਾਬੀ ਕਿੱਸਾਕਾਰੀ ਅਤੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਇਤਿਹਾਸਕ ਮਹੱਤਵ ਵਾਲੀ ਰਚਨਾ ਹੈ। ਇਤਿਹਾਸਕ ਮਹੱਤਵ ਇਸ ਪ੍ਰਸੰਗ ਵਿਚ ਹੈ ਕਿ ਪਹਿਲੀ ਵਾਰੀ ਕਥਾ ਨੂੰ ਕਾਦਰਯਾਰ ਨੇ ਕਿੱਸੇ ਦੇ ਰੂਪ ਵਿਚ ਰਚਿਆ ਹੈ। ਕਥਾ ਲੋਕ ਸਿਮਰਤੀ ਵਿਚ ਇਕ ਲੰਮੇ ਅਰਸੇ ਤੋਂ ਸਿਮਰੀ ਜਾ ਰਹੀ ਸੀ ਪਰ ਇਸ ਕਥਾ ਨੂੰ ਸਾਹਿਤਕ ਬ੍ਰਿਤਾਂਤ ਵਿਚ ਪਹਿਲੀ ਵਾਰ ਕਾਦਰਯਾਰ ਨੇ ਲਿਖ ਕੇ ਇਤਿਹਾਸਕ ਭੂਮਿਕਾ ਨਿਭਾਈ ਹੈ। ਇਕ ਮੁਸਲਮਾਨ ਵਲੋਂ ਹਿੰਦੂ ਭਗਤ ਪ੍ਰਤਿ ਆਸਥਾ ਬੜੀ ਮੁੱਲਵਾਨ ਹੈ ਜੋ ਭਾਰਤੀ ਸਾਹਿਤ ਚਿੰਤਨ ਦੇ ਗੌਰਵ ਨੂੰ ਪ੍ਰਗਟਾਉਂਦੀ ਹੈ।

ਕਾਦਰਯਾਰ ਦਾ ਅਸਲ ਨਾਂ ਕਾਦਰ ਬਖ਼ਸ਼ ਸੀ ਜੋ ਜਾਤ ਦਾ ਸੰਧੂ ਜੱਟ ਅਤੇ ਪੱਕਾ ਸ਼ਰੱਈ ਮੁਸਲਮਾਨ ਸੀ। ਕਾਦਰਯਾਰ ਦਾ ਸਮਾਂ 1802-1892 ਹੈ ਅਤੇ ਇਹ ਕਿੱਸਾ ਉਸ ਦੀ ਇੱਕ ਅਹਿਮ ਪ੍ਰਾਪਤੀ ਹੈ। ਉਹ ਆਪਣੀ ਇਸ ਪ੍ਰਾਪਤੀ ਬਾਰੇ ਇੰਜ ਲਿਖਦਾ ਹੈ:—

ਪੂਰਨ ਰਾਜੇ ਦੀ ਗੱਲ ਸੁਣਾਇਕੇ ਜੀ
ਇਕ ਖੂਹ ਇਨਾਮ ਲਿਖਾਇਆ ਮੈਂ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਇਸ ਸ਼ਾਇਰ ਨੂੰ ਰਾਜ ਕਵੀ ਵੀ ਕਿਹਾ ਗਿਆ ਪਰ ਇਸ ਤੱਥ ਦੇ ਇਤਿਹਾਸਕ ਪ੍ਰਮਾਣ ਪ੍ਰਾਪਤ ਨਹੀਂ ਹੁੰਦੇ। ਬਹਰਹਾਲ ਇਹ ਵਿਚਾਰ ਜਾਇਜ਼ ਹਨ ਕਿ ਉਹ ਆਪਣੇ ਕਾਲ ਵਿਚ ਬੜਾ ਸਤਿਕਾਰਿਆ ਗਿਆ ਸ਼ਾਇਰ ਸੀ। ਇਸ ਕਿੱਸੇ ਤੋਂ ਇਲਾਵਾ ਉਸ ਨੇ ਕਿੱਸਾ ਸੋਹਣੀ ਮਹੀਂਵਾਲ, ਵਾਰ ਰਾਣੀ ਕੋਕਲਾਂ, ਰਾਜਾ ਰਸਾਲੂ, ਵਾਰ ਪੂਰਨ ਭਗਤ ਅਤੇ ਸੀਹਰਫੀ ਹਰੀ ਸਿੰਘ ਨਲੂਆ ਦੀ ਰਚਨਾ ਵੀ ਕੀਤੀ ਹੈ। ਮੁਸਲਮਾਨੀ ਧਰਮ ਉਪਰ ਆਧਾਰਿਤ ਮਹਿਰਾਜਨਾਮਾ ਅਤੇ ਰੋਜ਼ਨਾਮਾ ਰਚਨਾਵਾਂ ਹਨ। ਮਹਿਰਾਜਨਾਮੇ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਅੱਲਾਹ ਨਾਲ ਮੁਲਾਕਾਤ ਦਾ ਬ੍ਰਿਤਾਂਤ ਹੈ। ਕਾਦਰਯਾਰ ਦਾ ਇਹ ਰਚਨਾ ਸੰਸਾਰ ਆਪਣੇ ਮੂਲ ਚਰਿੱਤਰ ਵਿਚ ਬੜਾ ਨਿਵੇਕਲਾ ਅਤੇ ਸਾਹਿਤਕ ਮਿਆਰਾਂ ਵਾਲਾ ਹੈ।

ਕਾਦਰਯਾਰ ਦਾ ਕਿੱਸਾ ਪੂਰਨ ਭਗਤ ਅਸਲ ਵਿਚ ਪੂਰਨ ਦੀ ਕਥਾ ਨਹੀਂ ਬਲਕਿ ਭਗਤ ਪੂਰਨ ਦੀ ਕਥਾ ਹੈ। ਭਾਵ ਇਸ ਕਿੱਸੇ ਦਾ ਕੇਂਦਰੀ ਥੀਮ, ਭਗਤ ਅਤੇ ਭਗਤੀ ਭਾਵਨਾ ਹੈ। ਸਾਰੀਆਂ ਮਾਨਵੀ ਇੱਛਾਵਾਂ ਤੋਂ ਉਪਰ ਉੱਠ ਕੇ ਪੂਰਨ ਭਗਤ ਨੇ ਭਗਤੀ

ਭਾਵਨਾ ਨੂੰ ਦ੍ਰਿੜ੍ਹ ਕਰਵਾਇਆ ਹੈ। ਇਥੇ ਇਹ ਗੱਲ ਜਾਣ ਲੈਣੀ ਜ਼ਰੂਰੀ ਹੈ ਕਿ ਪੰਜਾਬੀ ਕਿੱਸਾ ਕਾਵਿ ਵਿਚ ਤਿੰਨ ਥੀਮ ਰਚਨਾਤਮਕ ਆਧਾਰ ਬਣਦੇ ਰਹੇ ਹਨ। ਪਹਿਲਾ ਥੀਮ ਇਸ਼ਕ ਭਾਵਨਾ ਦਾ ਹੈ, ਦੂਜਾ ਥੀਮ ਸੂਰਮਗਤੀ ਦਾ ਹੈ ਅਤੇ ਤੀਜਾ ਥੀਮ ਭਗਤੀ ਭਾਵਨਾ ਹੈ। ਕਿੱਸਾ ਪੂਰਨ ਭਗਤ ਵਿਚ ਇਹ ਤੀਜਾ ਥੀਮ ਹੀ ਆਦਿ ਅਤੇ ਅੰਤ ਬਿੰਦੂ ਹੈ। ਕਿੱਸੇ ਦੇ ਵਿਭਿੰਨ ਪ੍ਰਸੰਗ ਅਤੇ ਪਾਸਾਰ ਇਸੇ ਭਗਤੀ ਨੂੰ ਹੀ ਉਚਾਰਦੇ ਹਨ। ਮਿਸਾਲ ਵਜੋਂ ਜਦੋਂ ਅਸੀਂ ਕਾਦਰਯਾਰ ਦੇ ਕਿੱਸੇ ਪੂਰਨ ਭਗਤ ਦਾ ਪਾਠਗਤ ਅਧਿਐਨ ਕਰਦੇ ਹਾਂ ਤਾਂ ਸਾਡਾ ਧਿਆਨ ਕਵੀਓਵਾਚ ਵੱਲ ਜਾਂਦਾ ਹੈ ਜਿਸ ਰਾਹੀ ਖ਼ੁਦ ਰਚਨਾਕਾਰ ਨੇ ਆਪਣੇ ਕਿੱਸੇ ਦੇ ਥੀਮ ਨੂੰ ਸਪੱਸ਼ਟ ਕਰ ਦਿੱਤਾ ਹੈ। ਇਹ ਕਵੀਓਵਾਚ ਇੰਜ ਹੈ:—

ਸੀਨ-ਸੁਣੋ ਲੋਕੋ ਕਿੱਸਾ ਆਸ਼ਕਾਂ ਦਾ,
ਜਿਨ੍ਹਾਂ ਰੱਬ ਦੇ ਨਾਮ ਤੋਂ ਜਾਨ ਵਾਰੀ।
ਓਨ੍ਹਾਂ ਜਾਨ ਤੋਂ ਮੌਤ ਕਬੂਲ ਕੀਤੀ,
ਪਰ ਸਾਬਤੀ ਨਾ ਦਿਲੋਂ ਮੂਲ ਹਾਰੀ।
ਰੱਬ ਯਾਦ ਕਰ ਓਨ੍ਹਾਂ ਨੂੰ ਬਖ਼ਸ਼ਦਾ ਹੈ,
ਦੁੱਖ ਦੇਇ ਕੇ ਸੁੱਖ ਦੀ ਕਰੇ ਕਾਰੀ।
ਕਾਦਰਯਾਰ ਜੇ ਓਸ ਦੇ ਹੋਇ ਰਹੀਏ,
ਓਹਨੂੰ ਪਾਉਂਦੀ ਹੈ ਸ਼ਰਮ ਦੀ ਲਜ ਸਾਰੀ।

ਇਸ ਉਪਰੋਕਤ ਕਵੀਓਵਾਚ ਰਾਹੀਂ ਰਚਨਾਕਾਰ ਨੇ ਖ਼ੁਦ ਰਚਨਾ ਦੇ ਥੀਮ ਵੱਲ ਸੰਕੇਤ ਕਰਦਿਆਂ ਲਿਖਿਆ ਹੈ ਕਿ ਇਹ ਕਿੱਸਾ ਆਸਕ ਦਾ ਤਾਂ ਹੈ ਪਰ ਇਹ ਆਸ਼ਕ ਉਹ ਹੈ ਜਿਸ ਨੇ ਰੱਬ ਦੇ ਨਾਂ ਤੋਂ ਜਾਨ ਵਾਰੀ ਹੈ ਭਾਵ ਆਪਣੀ ਜ਼ਿੰਦਗੀ ਉਸ ਨਾਲ ਜੋੜ ਲਈ ਹੈ। ਇਹ ਠੀਕ ਹੈ ਕਿ ਇਸ ਕਵੀਓਵਾਚ ਰਾਹੀਂ ਕੇਂਦਰੀ ਥੀਮ ਵੱਲ ਭਰਵਾ ਸੰਕੇਤ ਮਿਲਦਾ ਹੈ ਪਰ ਸਾਡਾ ਅਧਿਐਨ ਇਸ ਕਥਨ ਤੋਂ ਅੱਗੇ ਰਚਨਾ ਦੇ ਅਧਿਐਨ ਵਿਚੋਂ ਇਸ ਥੀਮ ਨੂੰ ਸਪੱਸ਼ਟ ਕਰਨਾ ਹੈ। ਇਸ ਦੀ ਪੁਸ਼ਟੀ ਲਈ ਰਚਨਾ ਵਿਚੋਂ ਕਈ ਅਜਿਹੇ ਪ੍ਰਮਾਣ ਮਿਲਦੇ ਹਨ ਜੋ ਇਹ ਨਿਸ਼ਚਿਤ ਕਰਦੇ ਹਨ ਕਿ ਇਹ ਕਿੱਸਾ ਰਾਜੇ ਦੇ ਪੁੱਤਰ ਪੂਰਨ ਦਾ ਨਹੀਂ ਬਲਕਿ ਇਹ ਕਿੱਸਾ ਇਕ ਅਜਿਹੇ ਭਗਤ ਦਾ ਹੈ ਜਿਸ ਦੀ ਉਪਰਾਮਤਾ ਏਨੀ ਡੂੰਘੀ ਹੈ ਕਿ ਕੋਈ ਵੀ ਸੰਸਾਰਕ ਵਸਤੂ ਉਸਦੇ ਵੈਰਾਗ ਨੂੰ ਭੰਗ ਨਹੀਂ ਕਰ ਸਕਦੀ। ਭਗਤ ਪੂਰਨ ਉੱਪਰ ਸੁੰਦਰਾਂ ਜਦੋਂ ਅਤਿ ਭਾਵੁਕ ਹੁੰਦੀ ਹੈ ਤਾਂ ਪੂਰਨ ਉਸ ਨੂੰ ਜੋ ਬੋਲ ਸੁਣਾਉਂਦਾ ਹੈ, ਉਨ੍ਹਾਂ ਵਿਚੋਂ ਇਸ ਧਾਰਨਾ ਦੀ ਪੁਸ਼ਟੀ ਹੁੰਦੀ ਹੈ ਕਿ ਕਿੱਸੇ ਦਾ ਨਾਇਕ ਅੰਦਰੋਂ ਬਾਹਰੋਂ ਵੈਰਾਗੀ ਹੈ ਅਤੇ ਇਸ ਵੈਰਾਗ ਨੂੰ ਸੁੰਦਰਾਂ ਤਾਂ ਕੀ, ਕੋਈ ਹੋਰ ਵੀ ਸੰਸਾਰਕ ਲੋਭ ਆਪਣੇ ਨਾਲ ਜੋੜ ਨਹੀਂ ਸਕਦਾ। ਇਹ ਹੇਠ ਲਿਖੇ ਬੋਲ ਸਾਡੀ ਧਾਰਨਾ ਦਾ ਪ੍ਰਮਾਣ ਹਨ ਕਿ ਇਸ ਕਿੱਸੇ ਦਾ ਕੇਂਦਰੀ ਥੀਮ ਭਗਤੀ ਭਾਵਨਾ ਹੈ ਅਤੇ ਇਸ ਕਿੱਸੇ ਦਾ ਨਾਇਕ ਪੂਰਨ ਨਹੀਂ ਬਲਕਿ ਪੂਰਨ

ਭਗਤ ਹੈ। ਇਹ ਬੋਲ ਇਸ ਪ੍ਰਕਾਰ ਹਨ:—

ਜੁਆਦ—ਜ਼ਰੂਰਤ ਜੇ ਕਿਸੇ ਦੀ ਹੁੰਦੀ ਮੈਨੂੰ,
ਕਿਉਂ ਆਪਣਾ ਆਪ ਗਵਾਂਵਦਾ ਮੈਂ।
ਪਹਿਲਾਂ ਲੂਣਾ ਦਾ ਆਖਿਆ ਮੰਨ ਲੈਂਦਾ,
ਖੂਹੇ ਪੈਂਦਾ ਕਿਉਂ ਦਸਤ ਵਢਾਉਂਦਾ ਮੈਂ।
ਹੁਣ ਫੇਰ ਰਹੇ ਤੁਸੀਂ ਆਖ ਮੈਨੂੰ,
ਹਿਰਸ ਹੁੰਦੀ ਤੇ ਮੁਲਖ ਨੂੰ ਜਾਉਂਦਾ ਮੈਂ।
ਕਾਦਰਯਾਰ ਜੇ ਖੁਸ਼ੀ ਦੀ ਗੱਲ ਹੁੰਦੀ,
ਘਰ ਸੋ ਵਿਆਹ ਕਰਾਉਂਦਾ ਮੈਂ।

ਪੂਰਨ ਭਗਤ ਦੇ ਰਾਣੀ ਸੁੰਦਰਾਂ ਨੂੰ ਬੋਲੇ ਇਹ ਸ਼ਬਦ ਕੇਂਦਰੀ ਥੀਮ ਨੂੰ ਸਪੱਸ਼ਟ ਕਰਨ ਵਾਲੇ ਹਨ। ਇਨ੍ਹਾਂ ਸਤਰਾਂ ਵਿਚੋਂ ਪਹਿਲੀ ਗੱਲ ਤਾਂ ਇਹ ਸਪੱਸ਼ਟ ਹੁੰਦੀ ਹੈ ਕਿ ਪੂਰਨ ਇਕ ਉਪਰਾਮ ਬਿਰਤੀ ਵਾਲਾ ਨਾਇਕ ਹੈ, ਜਿਸ ਅੰਦਰ ਹਿਰਸ ਨਹੀਂ ਹੈ, ਰਾਜ ਭਾਗ ਧਨ ਦੌਲਤ ਉਸ ਦੀ ਸੋਚ ਦਾ ਹਿੱਸਾ ਨਹੀਂ ਹਨ, ਕਿਉਂਕਿ ਜੇਕਰ ਅਜਿਹੀ ਇੱਛਾ ਹੁੰਦੀ ਤਾਂ ਉਸ ਲਈ ਪਹਿਲੀ ਚੋਣ ਲੂਣਾ ਹੋਣੀ ਸੀ ਜਿਸ ਦੇ ਇਕ ਆਖੇ ਨੂੰ ਮੰਨਣ ਵਿਚ ਹੀ ਸਾਰੀਆਂ ਦੌਲਤਾਂ ਮਿਲ ਜਾਣੀਆਂ ਸਨ। ਪਰ ਇਹ ਤਾਂ ਉਸ ਭਗਤ ਨਾਇਕ ਦਾ ਕਿੱਸਾ ਹੈ ਜਿਸ ਲਈ ਸੰਸਾਰਕ ਖ਼ੁਸ਼ੀ ਆਮ ਮਨੁੱਖਾਂ ਵਾਂਗ ਆਕਰਸ਼ਣ ਦਾ ਕਾਰਣ ਨਹੀਂ ਬਣਦੀ। ਪੂਰਨ ਦੇ ਇਹ ਬੋਲ ਇਕ ਭਗਤ ਦੀ ਆਤਮਾ ਵਿਚੋਂ ਨਿਕਲੇ ਬੋਲ ਹਨ, ਜਿਸ ਲਈ ਦੁਨਿਆਵੀ ਪ੍ਰਾਪਤੀਆਂ ਅਰਥਹੀਣ ਹਨ। ਪੂਰਨ ਭਗਤ ਦੀ ਭਗਤੀ ਦੀ ਚਰਮਸੀਮਾ ਉਦੋਂ ਕਿੱਸੇ ਵਿਚੋਂ ਉੱਭਰਦੀ ਹੈ, ਜਦੋਂ ਉਹ ਜੋਗੀ ਬਣ ਕੇ ਸਿਆਲਕੋਟ ਜਾਂਦਾ ਹੈ। ਕਿੱਸੇ ਦੇ ਇਸ ਵਿਸਥਾਰ ਦੇ ਬੜੇ ਭਾਵੁਕ ਵੇਰਵੇ ਹਨ ਜੋ ਉਸ ਦੀ ਭਗਤੀ ਦੀ ਪਰੀਖਿਆ ਹਨ। ਜੇਕਰ ਭਗਤ ਪੂਰਨ ਇਨ੍ਹਾਂ ਸਥਿਤੀਆਂ ਦੀ ਭਾਵੁਕਤਾ ਵਿਚ ਗੁੰਮਿਆ ਜਾਂਦਾ ਤਾਂ ਉਸ ਨੇ ਰਾਜਾ ਪੂਰਨ ਤਾਂ ਬਣ ਜਾਣਾ ਸੀ ਪਰ ਭਗਤ ਪੂਰਨ ਨਹੀਂ ਸੀ ਬਣਨਾ। ਪਰ ਪੂਰਨ ਗੁਰੂ ਦੀ ਪਰੀਖਿਆ ਵਿਚੋਂ ਉੱਪਰ ਉਠ ਕੇ ਆਪਣੀ ਭਗਤੀ ਕਾਇਮ ਰੱਖਦਾ ਹੈ। ਸਿਆਲਕੋਟ ਪਰਤ ਕੇ ਆਪਣੀ ਭਗਤੀ ਦੀ ਪਰੀਖਿਆ ਉਪਰੰਤ ਹੀ ਉਹ ਸਹੀ ਅਰਥਾਂ ਵਿਚ ਆਪਣੇ ਗੁਰੂ ਦੇ ਦਰ 'ਤੇ ਪ੍ਰਵਾਨ ਹੁੰਦਾ ਹੈ। ਲੂਣਾ ਨੂੰ ਬਖ਼ਸ਼ ਦੇਣ ਵਿਚ ਵੀ ਉਸ ਦੀ ਭਗਤੀ ਦੀ ਸ਼ਕਤੀ ਹੈ। ਕਿੱਸੇ ਵਿਚ ਇਹ ਤੁਕਾਂ ਵਿਚਾਰਨਯੋਗ ਹਨ ਜੋ ਇਹ ਸਪੱਸ਼ਟ ਕਰਦੀਆਂ ਹਨ ਕਿ ਕਿੱਸੇ ਦਾ ਨਾਇਕ ਭਗਤ ਹੈ ਅਤੇ ਇਸ ਕਿੱਸੇ ਦਾ ਕੇਂਦਰੀ ਥੀਮ ਭਗਤੀ ਭਾਵਨਾ ਹੈ, ਸੰਸਾਰ ਪ੍ਰਤਿ ਵੈਰਾਗ ਹੈ:—

ਜ਼ਾਲ— ਜ਼ਰਾ ਨਾ ਪਵੇ ਖ਼ਿਆਲ ਮੇਰੇ,
ਫੇਰ ਮਾਇ ਅੱਗੇ ਹੱਥ ਬੰਦਿਉ ਸੂ।
ਆਖੇ ਮਾਉ ਨੂੰ ਨਗਰ ਦਾ ਥਾਵਿ ਮੇਰਾ,

ਕਹਿਆ ਬਾਪ ਦਾ ਸਭ ਚਾ ਰਦਿਉ ਸੂ ।
ਆਖੇ ਜੋਗੀਆਂ ਨੂੰ ਕਰੋ ਕੂਚ ਡੇਰਾ,
ਪੱਲਾ ਹਿਰਸ ਦਾ ਚਾਇ ਉੱਲਦਿਓ ਸੂ । ।
ਕਾਦਰਯਾਰ ਲਗਾ ਉਥੋਂ ਤੁਰਨ ਪੂਰਨ,
ਮਾਈ ਇੱਛਰਾਂ ਨੂੰ ਫੇਰ ਚਾ ਸੱਦਿਓ ਸੂ ।
ਸੀਨ— ਸਮਝ ਮਾਤਾ ਤੂੰ ਤਾਂ ਭੋਲੀਏ ਨੀ,
ਪੂਰਨ ਭਗਤ ਖਲੋਇ ਕੇ ਦੇ ਮੱਤੀਂ ।
ਗੋਪੀ ਚੰਦ ਦੀ ਮਾਂ ਸਾਲਾਹੀਏ ਨੀਂ,
ਜਿਸ ਤੋਰਿਆ ਪੁੱਤਰ ਫ਼ਕੀਰ ਹੱਥੀਂ ।
ਤੂੰ ਭੀ ਟੋਰ ਮਾਤਾ ਰਾਜ਼ੀ ਹੋਇ ਪੇ ਨਹੀਂ,
ਮੈਨੂੰ ਜਾਣ ਦੇ ਫ਼ਾਹੀ ਨਾ ਮੂਲ ਘੱਤੀਂ ।
ਕਾਦਰਯਾਰ ਫ਼ਕੀਰ ਦਾ ਰਹਿਣ ਨਾਹੀਂ,
ਰੋਇ ਰੋਇ ਕੇ ਮੇਰੇ ਨਾ ਮਗਰ ਵੱਤੀਂ ।

ਇਨ੍ਹਾਂ ਉਪਰੋਕਤ ਸਤਰਾਂ ਵਿਚੋਂ ਕਿੱਸੇ ਦੇ ਥੀਮ ਦਾ ਸਿਖਰ ਉੱਭਰਦਾ ਹੈ । ਸਾਰੀਆਂ ਸਥਿਤੀਆਂ ਅਜਿਹੀਆਂ ਹਨ ਜੋ ਭਗਤ ਦੀ ਪਰੀਖਿਆ ਬਣਦੀਆਂ ਹਨ । ਪੂਰਨ ਭਗੀਤ ਇਨ੍ਹਾਂ ਤੋਂ ਪਾਰ ਜਾ ਕੇ ਆਪਣੀ ਭਗਤੀ ਦਾ ਪ੍ਰਮਾਣ ਦੇਂਦਾ ਹੈ । ਇਸੇ ਤਰ੍ਹਾਂ ਕਿੱਸੇ ਦੇ ਦੂਜੇ ਪ੍ਰਸੰਗ ਵੀ ਆਪਣੇ ਆਪਣੇ ਢੰਗ ਨਾਲ ਮੂਲ ਥੀਮ ਨੂੰ ਵਿਸਥਾਰ ਦੇਣ ਵਿਚ ਆਪਣੀ ਭੂਮਿਕਾ ਨਿਭਾਉਂਦੇ ਹਨ । ਇਸ ਵਿਚ ਸੰਦੇਹ ਨਹੀਂ ਕਿ ਕਿੱਸੇ ਵਿਚੋਂ ਇਹ ਪ੍ਰਮਾਣ ਮਿਲਦੇ ਹਨ ਕਿ ਪੂਰਨ ਸ਼ੁਰੂ ਤੋਂ ਹੀ ਇੱਕ ਅਜਿਹਾ ਵਿਅਕਤੀ ਜ਼ਾਹਿਰ ਹੁੰਦਾ ਹੈ ਜੋ ਆਮ ਮਨੁੱਖਾਂ ਵਾਂਗ ਸੰਸਾਰੀ ਨਹੀਂ, ਪਰੰਤੂ ਕਿੱਸੇ ਦੇ ਥੀਮ ਵਿਚ ਪੂਰਨ ਦਾ ਬਚ ਜਾਣਾ ਜਾਂ ਗੁਰੂ ਗੋਰਖ ਨਾਥ ਦੀ ਦੈਵੀ ਸ਼ਕਤੀ ਨਾਲ ਜੀਉਂਦੇ ਹੋ ਜਾਣਾ ਕੇਂਦਰੀ ਪ੍ਰਸੰਗ ਹੈ, ਜਿਥੋਂ ਅੱਗੇ ਭਗਤੀ ਦਾ ਥੀਮ ਸਹੀ ਰੂਪ ਵਿਚ ਵਿਸਥਾਰ ਪ੍ਰਾਪਤ ਕਰਦਾ ਹੈ । ਗੁਰੂ ਗੋਰਖ ਨਾਥ ਦੀ ਸ਼ਰਨ ਵਿਚ ਪਹੁੰਚ ਕੇ ਪੂਰਨ ਭਗਤ ਦਾ ਅੰਦਰਲਾ ਵੈਰਾਗ ਸਹੀ ਰੂਪ ਵਿਚ ਜਾਗਦਾ ਹੈ, ਸੰਸਾਰ ਨਾਲੋਂ ਮੋਹ ਦੀ ਤੰਦ ਪੂਰਨ ਰੂਪ ਵਿਚ ਟੁੱਟਦੀ ਹੈ, ਸੰਸਾਰ ਨਾਲੋਂ ਟੁੱਟ ਕੇ ਉਹ ਇਕ ਨਵਾਂ ਜੀਵਨ ਪ੍ਰਾਪਤ ਕਰਦਾ ਹੈ । ਪੂਰਨ ਨੂੰ ਇਹ ਅਹਿਸਾਸ ਸੀ ਕਿ ਇਹ ਨਵਾਂ ਜੀਵਨ ਤਾਂ ਹੀ ਪ੍ਰਮਾਣਕ ਬਣ ਸਕੇਗਾ, ਜੇ ਗੁਰੂ ਗੋਰਖ ਨਾਥ ਜੀ ਭਗਤੀ ਦੀ ਦੀਖਿਆ ਦੇਵੇ, ਜੋਗ ਦੀ ਜੁਗਤ ਸਮਝਾ ਕੇ ਆਪਣੀ ਸ਼ਰਨ ਵਿਚ ਰੱਖੇ । ਗੁਰੂ ਗੋਰਖ ਨਾਥ ਜਾਣਦਾ ਹੈ ਕਿ ਜੋਗ ਜਾਂ ਭਗਤੀ ਸਰਲ ਮਾਰਗ ਨਹੀਂ । ਉਹ ਪਹਿਲਾਂ ਪੂਰਨ ਨੂੰ ਘਰ ਪਰਤ ਜਾਣ ਲਈ ਕਹਿੰਦਾ ਹੈ ਪਰ ਜਦੋਂ ਪੂਰਨ ਦੀ ਪ੍ਰਤਿਬੱਧਤਾ, ਉਸਦੀ ਵੈਰਾਗ ਭਾਵਨਾ ਨੂੰ ਦੇਖਦਾ ਹੈ ਤਾਂ ਉਹ ਆਪਣਾ ਜੋਗ ਦੇ ਕੇ ਉਸਨੂੰ ਪੂਰਨਤਾ ਦੇ ਸਿਖਰ ਉਪਰ ਲੈ ਜਾਂਦਾ ਹੈ । ਪੂਰਨ ਦੇ ਇਹ ਬੋਲ ਉਸ ਅੰਦਰਲੀ ਭਗਤੀ, ਵੈਰਾਗ ਭਾਵਨਾ ਨੂੰ ਉਘਾੜਦੇ ਹਨ, ਜਿਨ੍ਹਾਂ ਨੂੰ ਦੇਖਦਿਆਂ ਹੀ

ਗੁਰੂ ਗੋਰਖ ਆਪਣੀ ਸ਼ਕਤੀ ਵਿਚੋਂ ਦੀਖਿਆ ਦੇਂਦਾ ਹੈ:—

ਰੋ-- ਰੋਇ ਕੇ ਪੂਰਨ ਹੱਥ ਬੰਨ੍ਹੇ,
ਲੜ ਛੱਡ ਤੇਰਾ ਕਿਥੇ ਜਾਵਸਾ ਮੈਂ ।
ਫ਼ਾਕਾ ਫ਼ਿਕਰ ਤੇ ਸਬਰ ਕਬੂਲ ਸਿਰ ਤੇ
ਤੇਰਾ ਹੁਕਮ ਬਜਾਇ ਲਿਆਵਸਾਂ ਮੈਂ ।
ਕਰੇਂ ਕਰਮ ਤੇ ਸੀਸ ਪਰ ਹੱਥ ਰੱਖੇਂ,
ਖਿਜ਼ਮਤਗਾਰ ਗੁਲਾਮ ਸਦਾਵਸਾਂ ਮੈਂ ।
ਕਾਦਰਯਾਰ ਤਵਾਜ਼ਿਆ ਹੋਗੁ ਜਿਹੜੀ,
ਟਹਿਲ ਸਾਬਤੀ ਨਾਲ ਕਰਾਵਸਾਂ ਮੈਂ ।

ਗੁਰੂ ਇਸ ਸਾਰੀ ਭਾਵਨਾ ਨੂੰ ਬੁੱਝ ਕੇ ਜੋਗ ਦੇ ਨਾਲ ਹੀ ਜੋਗ ਅਤੇ ਭਗਤੀ ਸਾਧਨਾ ਦਾ ਉਪਦੇਸ਼ ਦੇਂਦਾ ਹੈ, ਪੂਰਨ ਭਗਤ ਇਸ ਉਪਦੇਸ਼ ਨੂੰ ਸਿਰਫ ਸਿਧਾਂਤਕ ਪੱਧਰ ਉੱਪਰ ਹੀ ਨਹੀਂ ਸਮਝਦਾ ਬਲਕਿ ਵਿਵਹਾਰਕ ਪ੍ਰੀਖਿਆ ਵਿਚੋਂ ਗੁਜ਼ਰ ਕੇ ਗੁਰੂ ਦੇ ਇਸ ਉਪਦੇਸ਼ ਦੀ ਪਾਲਣਾ ਕਰਦਾ ਹੈ । ਇਹੀ ਉਸਦੀ ਭਗਤੀ ਹੈ:—

ਗੁਰੂ ਆਖਦਾ ਬੱਚਾ ਜੀ ਮਤ ਸਾਡੀ,
ਹਰ ਕਿਸੇ ਨੂੰ ਸਮਝਣਾ ਭੈਣ ਮਾਈ ।
ਕਾਦਰਯਾਰ ਸੰਮਾਲ ਕੇ ਮੁਲਖ ਫਿਰਨਾ,
ਮਤਿ ਦਾਗੁ ਨਾ ਸੁਰਤਿ ਨੂੰ ਲੱਗ ਜਾਈ ।

ਗੁਰੂ ਦੇ ਇਸ ਉਪਦੇਸ਼ ਦੀ ਪਾਲਣਾ ਕਰਦਾ ਹੋਇਆ ਪੂਰਨ ਭਗਤ ਉਨ੍ਹਾਂ ਸਾਰੀਆਂ ਪ੍ਰੀਖਿਆਵਾਂ ਵਿਚ ਪੂਰਨ ਉਤਰਦਾ ਹੈ ਜੋ ਗੁਰੂ ਗੋਰਖ ਨਾਥ ਨੇ ਉਸ ਦੀ ਭਗਤੀ ਦੀ ਪ੍ਰੀਖਿਆ ਲਈ ਉਸ ਦੇ ਦਰਪਸ਼ ਪਾਈਆਂ ਸਨ । ਜੋਗ ਦੇ ਕੇ ਗੁਰੂ ਗੋਰਥ ਨਾਥ ਦਾ ਹੁਕਮ ਹੁੰਦਾ ਹੈ ਕਿ ਰਾਣੀ ਸੁੰਦਰਾਂ ਕੋਲੋਂ ਭਿੱਖਿਆ ਲੈ ਕੇ ਆਵੇ । ਰਾਣੀ ਸੁੰਦਰਾਂ ਪੂਰਨ ਭਗਤ ਦੀ ਪ੍ਰੀਖਿਆ ਹੈ । ਜੇਕਰ ਪੂਰਨ ਭਗਤ ਰਾਣੀ ਸੁੰਦਰਾਂ ਅੱਗੇ ਡੋਲ ਜਾਂਦਾ ਤਾਂ ਉਹ ਪੂਰਨ ਭਗਤ ਨਹੀਂ ਸੀ ਬਣਨਾ । ਸੁੰਦਰਾਂ ਪੂਰਨ ਭਗਤ ਦੀ ਭਗਤੀ ਦੀ ਪਰੀਖਿਆ ਸੀ । ਪੂਰਨ ਭਗਤ ਇਸ ਪ੍ਰੀਖਿਆ ਵਿਚੋਂ ਸਾਬਤ ਗੁਜ਼ਰਦਾ ਹੈ । ਉਹ ਰਾਣੀ ਨੂੰ ਵਿਲਕਦੀ ਛੱਡ ਆਉਂਦਾ ਹੈ । ਇਹ ਉਹ ਰਾਣੀ ਸੀ ਜਿਸ ਨੂੰ ਦੇਖ ਕੇ ਸਿੱਧਾਂ ਦਾ ਡੇਰਾ ਤਾਂ ਡੋਲਦਾ ਹੈ, ਪਰ ਗੁਰੂ ਗੋਰਖ ਨਾਥ ਅਤੇ ਪੂਰਨ ਭਗਤ ਅਡੋਲ ਰਹਿੰਦੇ ਹਨ । ਰਾਣੀ ਗੁਰੂ ਗੋਰਖ ਨਾਥ ਅੱਗੇ ਤਰਲਾ ਕਰਦੀ ਹੈ:—

ਰਾਣੀ ਸੁੰਦਰਾਂ ਫੇਰ ਕੇ ਨਜ਼ਰ ਕੀਤਾ,
ਪੂਰਨ ਭਗਤ ਹੈ ਅੰਮ੍ਰਿਤ ਫਲ ਕੇਲਾ ।
ਕਾਦਰਯਾਰ ਜੇ ਤੁਸਾ ਬਖ਼ਸ਼ ਮੈਨੂੰ,
ਰਾਣੀ ਆਖਦੀ ਪੂਰਨ ਭਗਤ ਚੇਲਾ ।

ਪਰ ਦੂਜੇ ਪਾਸੇ ਭਗਤ ਪੂਰਨ ਅਡੋਲ, ਹੈ, ਗੁਰੂ ਦਾ ਆਖਾ ਮੰਨ ਕੇ ਉਹ ਰਾਣੀ

ਨਾਲ ਤਾਂ ਤੁਰ ਪੈਂਦਾ ਹੈ ਪਰ ਉਸ ਦੇ ਮਹਿਲ, ਧਨ, ਦੌਲਤ ਉਸ ਨੂੰ ਆਪਣਾ ਨਾ ਬਣਾ ਸਕੇ। ਰਾਣੀ ਨੂੰ 'ਦਿਸ਼ਾ ਬੈਠ ਆਵਾਂ' ਕਹਿ ਕੇ ਪੂਰਨ ਭਗਤ ਫਿਰ ਗੁਰੂ ਪਾਸ ਆ ਪਰਤਦਾ ਹੈ। ਇਹ ਵਾਪਸ ਗੁਰੂ ਪਾਸ ਪਰਤਣਾ ਹੀ ਜੋਗ ਦੀ ਪ੍ਰੀਖਿਆ ਵਿਚੋਂ ਪੂਰਨ ਬਣ ਕੇ ਉਭਰਣਾ ਹੈ। ਇਹੀ ਉਸ ਦੀ ਭਗਤੀ ਹੈ, ਇਹੀ ਉਸ ਦੀ ਸਾਧਨਾ ਹੈ, ਇਹੀ ਉਸ ਦਾ ਵੈਰਾਗ ਹੈ ਜਿਸ ਨੂੰ ਆਧਾਰ ਬਣਾ ਕੇ ਕਾਦਰਯਾਰ ਨੇ ਪੂਰਨ ਭਗਤ ਦਾ ਕਿੱਸਾ ਰਚਿਆ ਹੈ। ਕਿੱਸੇ ਦੇ ਅੰਤ ਵਿਚ ਲੂਣਾ ਨੂੰ ਪੁੱਤਰ ਦਾ ਵਰ ਦੇ ਕੇ ਪੂਰਨ ਭਗਤ ਨੇ ਆਪਣੀ ਭਗਤੀ ਦੀ ਸ਼ਕਤੀ ਨੂੰ ਉਘਾੜਿਆ ਹੈ। ਇਸੇ ਤਰ੍ਹਾਂ ਸਿਆਲਕੋਟ ਤੋਂ ਵਿਦਾ ਹੋ ਕੇ ਪੂਰਨ ਨੇ ਇਕ ਵਾਰ ਫਿਰ ਪ੍ਰੀਖਿਆ ਵਿਚੋਂ ਆਪਣੀ ਭਗਤੀ ਭਾਵਨਾ ਨੂੰ ਪ੍ਰਗਟਾਇਆ ਹੈ। ਕਿੱਸੇ ਦੇ ਇਹ ਸਾਰੇ ਪ੍ਰਸੰਗ ਵਾਰੋ ਵਾਰੀ ਪੂਰਨ ਭਗਤ ਦੀ ਸਾਬਤੀ ਅਤੇ ਉਸਦੀ ਭਗਤੀ ਦਾ ਪ੍ਰਤਿਕਰਮ ਹਨ। ਸੋ ਸਪੱਸ਼ਟ ਹੈ ਕਿ ਕਿੱਸਾ ਪੂਰਨ ਭਗਤ ਇਕ ਅਜਿਹੇ ਭਗਤ ਦੀ ਕਥਾ ਹੈ ਜੋ ਅੰਦਰੋਂ ਬਾਹਰੋਂ ਮੁਕਤ ਹੈ, ਉਸਦਾ ਚਰਿਤਰ ਭਗਤੀ ਦੀ ਚਰਮ ਸੀਮਾ ਨੂੰ ਪ੍ਰਗਟਾਉਂਦਾ ਹੈ। ਇਸ ਭਗਤੀ ਦੇ ਥੀਮ ਨੂੰ ਕਾਦਰਯਾਰ ਨੇ ਬੜੀ ਕਲਾਕਾਰੀ ਨਾਲ ਵਿਸਥਾਰ ਦਿੱਤਾ ਹੈ। ਜਾਣਨਯੋਗ ਤੱਥ ਇਹ ਹੈ ਕਿ ਪਹਿਲੀ ਵਾਰੀ ਪੰਜਾਬੀ ਕਿੱਸਾ ਕਾਵਿ ਵਿਚ ਭਗਤੀ ਦੇ ਥੀਮ ਦਾ ਪ੍ਰਵੇਸ਼ ਕਾਦਰਯਾਰ ਦੇ ਕਿੱਸੇ ਪੂਰਨ ਭਗਤ ਰਾਹੀਂ ਹੀ ਹੋਇਆ ਹੈ। ਪੂਰਨ ਦੀ ਭਗਤੀ ਅਜਿਹੀ ਪ੍ਰਮਾਣਕ ਭਗਤੀ ਸੀ ਜਿਸ ਨੂੰ ਪੰਜਾਬੀਆਂ ਨੇ ਸਵੀਕਾਰ ਕਰਦਿਆਂ ਪੂਰਨ ਭਗਤ ਨੂੰ ਉੱਤਮ ਨਾਇਕ ਦਾ ਦਰਜਾ ਦਿੱਤਾ ਹੈ। ਇਸ ਤੱਥ ਦਾ ਪ੍ਰਮਾਣ ਪ੍ਰੋ. ਪੂਰਨ ਸਿੰਘ ਦੀ ਲੰਮੀ ਕਵਿਤਾ 'ਪੂਰਨ ਨਾਥ ਜੋਗੀ' ਹੈ, ਜਿਸ ਵਿਚ ਉਸ ਨੇ ਪੂਰਨ ਭਗਤ ਦੀ ਭਗਤੀ ਨੂੰ ਆਦਰਸ਼ਕ ਮੰਨਿਆ ਹੈ। ਉਸ ਦੇ ਸ਼ਬਦਾਂ ਵਿਚ:—

ਪੂਰਨ ਇਕ ਰੱਬ ਦੀ ਜੋਤ ਵਾਂਗ ਬਲਦਾ।
ਨੇੜੇ ਨਾ ਆ ਸਕੇ ਕੋਈ ਨੀਵਾਂ ਪਿਆਰ ਉਥੇ,
ਉਸ ਦੇ ਜਿਸਮ ਵਿਚ ਸੀ ਇਕ ਗਗਨੀ ਉਚਾਈ।

ਨਿਰਸੰਦੇਹ ਪੂਰਨ ਭਗਤ ਆਦਰਸ਼ਕ ਭਗਤ ਸੀ, ਉਸ ਦੀ ਇਸ ਭਗਤੀ ਨੂੰ ਆਧਾਰ ਬਣਾ ਕੇ ਕਾਦਰਯਾਰ ਨੇ ਜੋ ਕਿੱਸਾ ਰਚਿਆ ਹੈ, ਉਹ ਸਚਮੁੱਚ ਇਕ ਨਵੇਂ ਥੀਮ ਦਾ ਪ੍ਰਵੇਸ਼ ਕਰਦਾ ਹੈ।

ਕਿੱਸਾ

# ਪੂਰਨ ਭਗਤ

(ਕਾਦਰਯਾਰ)

## ਪਹਿਲੀ ਸੀਹਰਫ਼ੀ

## ਪੂਰਨ ਦਾ ਜਨਮ

'ਅਵੱਲ' ਆਖ ਸੁਣਾ ਖੁਦਾ ਤਾਈਂ,
ਜਿਹਨੂੰ ਪੀਰ ਫਕੀਰ ਧਿਆਉਂਦੇ ਨੇ ।
ਲੋਹ ਕਲਮ ਤੇ ਜਮੀਨ ਅਸਮਾਨ ਤਾਰੇ,
ਚੰਨ ਸੂਰਜ ਭੀ ਸੀਸ ਨਿਵਾਉਂਦੇ ਨੇ ।
ਮੱਛ ਕੱਛ ਸੰਸਾਰ ਸਮੁੰਦਰਾਂ ਦੇ,
ਉਹ ਭੀ ਰੱਬ ਦੇ ਜੀ ਕਹਾਉਂਦੇ ਨੇ ।
ਕਾਦਰਯਾਰ ਮੀਆਂ ਜੰਗਲ ਜੂਹ ਬੇਲੇ,
ਸੱਭੇ ਰੱਬ ਦਾ ਬਿਰਦ ਕਮਾਉਂਦੇ ਨੇ ।
ਅਲਫ਼ ਆਖ ਸਖੀ ਸਿਆਲਕੋਟ ਅੰਦਰ,
ਪੂਰਨ ਪੁੱਤ ਸਲਵਾਨ ਨੇ ਜਾਇਆ ਈ ।
ਜਦੋਂ ਜੰਮਿਆ ਰਾਜੇ ਨੂੰ ਖ਼ਬਰ ਹੋਈ,
ਸੱਦ ਪੰਡਤਾਂ ਵੇਦ ਪੜ੍ਹਾਇਆ ਈ ।
ਬਾਰ੍ਹਾਂ ਬਰਸ ਨਾ ਰਾਜਿਆ ਮੂੰਹ ਲੱਗੀਂ,
ਦੇਖ ਪੰਡਤਾਂ ਏਹ ਫ਼ਰਮਾਇਆ ਈ ।
ਕਾਦਰਯਾਰ ਮੀਆਂ ਪੂਰਨ ਭਗਤ ਤਾਈਂ,
ਬਾਪ ਜੰਮਦਿਆਂ ਹੀ ਭੋਹਰੇ ਪਾਇਆ ਈ ।। ੧ ।।

ਬੇ ਬੇਦ ਉਤੇ ਜਿਵੇਂ ਲਿਖਿਆ ਸੀ,
ਤਿਵੇਂ ਪੰਡਤਾਂ ਆਖਿ ਸੁਣਾਇ ਦਿੱਤਾ ।
ਪੂਰਨ ਇਕ ਹਨੇਰਿਓਂ ਨਿਕਲਿਆ ਸੀ,
ਦੂਜੀ ਕੋਠੜੀ ਦੇ ਵਿਚ ਪਾਇ ਦਿੱਤਾ ।

ਸਭੋ ਗੋਲੀਆਂ ਬਾਂਦੀਆਂ ਦਾਈਆਂ ਨੂੰ.
ਬਾਰ੍ਹਾਂ ਬਰਸ ਦਾ ਖ਼ਰਚ ਪੁਵਾਇ ਦਿੱਤਾ।
ਕਾਦਰਯਾਰ ਮੀਆਂ ਪੂਰਨ ਭਗਤ ਤਾਈਂ
ਬਾਪ ਜੰਮਦਿਆਂ ਕੈਦ ਕਰਵਾਇ ਦਿੱਤਾ।। ੨।।

ਤੇ ਤਾਬਿਆ ਨਾਲ ਉਸਤਾਦ ਹੋਏ,
ਲੱਗੇ ਵਿੱਦਿਆ ਅਕਲ ਸਿਖਾਵਣੇ ਨੂੰ
ਛਿਆਂ ਬਰਸਾ ਦਾ ਪੂਰਨ ਭਗਤ ਹੋਇਆ,
ਪਾਂਧੇ ਪੋਥੀਆਂ ਦੇਣ ਪੜ੍ਹਾਵਣੇ ਨੂੰ।
ਤੀਰ-ਅੰਦਾਜ਼ੀਆਂ ਹੱਥ ਕਮਾਨ ਦਿੰਦੇ,
ਦੱਸਣ ਤਰਗਸ਼ਾਂ ਤੀਰ ਚਲਾਵਣੇ ਨੂੰ।
ਕਾਦਰਯਾਰ ਜੁਆਨ ਜਦ ਹੋਇਆ ਪੂਰਨ.
ਦੰਮ ਦੰਮ ਲੋਚੇ ਬਾਹਰ ਆਵਣੇ ਨੂੰ।। ੩।।

## ਪੂਰਨ ਦਾ ਪਿਓ ਦੇ ਦਰਬਾਰ ਆਉਣਾ.

ਸੇ ਸਾਬਤੀ ਵਿੱਦਿਆ ਸਿੱਖ ਕੇ ਜੀ,
ਬਾਰਾਂ ਬਰਸ ਗੁਜ਼ਰੇ ਖ਼ਬਰਦਾਰ ਹੋਇਆ।
ਪੂਰਨ ਪੁੱਤਰ ਰਾਜੇ ਸਲਵਾਹਨ ਤਾਈਂ.
ਰੱਖ ਪੈਂਤੜੇ ਮਿਲਣ ਤਿਆਰ ਹੋਇਆ।
ਚੜ੍ਹੀ ਹਿਰਸ ਰਾਜੇ ਸਲਵਾਹਨ ਤਾਈਂ.
ਚੁੱਕ ਅੱਡੀਆਂ ਪੱਬਾਂ ਦੇ ਭਾਰ ਹੋਇਆ।
ਕਾਦਰਯਾਰ ਸੂਰਤ ਰਾਜੇ ਜਦੋਂ ਡਿੱਠੀ,
ਚੜ੍ਹੀ ਹਿਰਸ ਤੇ ਮਸਤ ਸੰਸਾਰ ਹੋਇਆ।। ੪।।

ਜੀਮ ਜਾਇ ਰਾਜੇ ਸਲਵਾਹਨ ਆਂਦੀ.
ਇਕ ਇਸਤ੍ਰੀ ਹੋਰ ਵਿਆਹੇ ਕੇ ਜੀ।
ਉਸ ਦੀ ਜ਼ਾਤ ਚਮਿਆਰੀ ਤੇ ਨਾਮ ਲੂਣਾ,
ਘਰ ਆਂਦੀ ਸੀ ਦੀਨ ਮਨਾਇ ਕੇ ਜੀ।
ਸੂਰਤ ਉਸ ਦੀ ਚੰਦ ਮਹਿਤਾਬ ਵਾਂਗੂੰ.
ਜਦੋਂ ਬੈਠੀ ਸੀ ਜ਼ੇਵਰ ਪਾਇ ਕੇ ਜੀ।
ਕਾਦਰਯਾਰ ਕੀ ਆਖ ਸੁਣਾਵਸਾਂ ਮੈਂ,

ਪੰਛੀ ਡਿਗਦੇ ਦਰਸ਼ਨ ਪਾਇ ਕੇ ਜੀ ।। ੫ ।।

ਹੇ ਹਾਰ ਸ਼ਿੰਗਾਰ ਸਭ ਪਹਿਰ ਕੇ ਜੀ,
ਪੂਰਨ ਨਾਲ ਮਹੂਰਤਾਂ ਬਾਹਰ ਆਇਆ ।
ਕੱਢ ਭੋਰਿਉਂ ਬਾਪ ਦਾ ਭੌਰ ਤਾਜ਼ੀ,
ਨਿਗ੍ਹਾ ਰੱਖ ਕੇ ਵਿਚ ਬਾਜ਼ਾਰ ਆਇਆ ।
ਖ਼ੁਸ਼ੀ ਬਹੁਤ ਹੋਈ ਰਾਣੀ ਇੱਛਰਾਂ ਨੂੰ,
ਦਰਿ ਘਰ ਦੇਣ ਵਧਾਈਆਂ ਸੰਸਾਰ ਆਇਆ ।
ਕਾਦਰਯਾਰ ਮੀਆਂ ਬਾਰ੍ਹਾਂ ਬਰਸ ਪਿੱਛੋਂ,
ਪੂਰਨ ਰਾਜਿਆਂ ਦੇ ਦਰਬਾਰ ਆਇਆ ।। ੬ ।।

ਖ਼ੇ ਖ਼ੁਸ਼ੀ ਹੋਈ ਸਲਵਾਹਨ ਰਾਜੇ,
ਪੂਰਨ ਆਇ ਕੇ ਜਦੋਂ ਸਲਾਮ ਕੀਤਾ ।
ਖ਼ੁਸ਼ੀ ਨਾਲ ਨਾ ਮੇਉਂਦਾ ਵਿਚ ਜਾਮੇ,
ਗਊਆਂ ਮਣਸੀਆਂ ਤੇ ਪੁੰਨ ਦਾਨ ਕੀਤਾ ।
ਪੂਰਨ ਵਿਚ ਕਚਹਿਰੀ ਦੇ ਆਣ ਬੈਠਾ,
ਲੋਕਾਂ ਸਭਨਾਂ ਵਲ ਧਿਆਨ ਕੀਤਾ ।
ਕਾਦਰਯਾਰ ਮੀਆਂ ਸ਼ਲਵਾਹਨ ਰਾਜੇ,
ਹੱਥੋਂ ਸਾਈ ਦੇ ਨਾਮ ਕੁਝ ਦਾਨ ਕੀਤਾ ।। ੭ ।।

ਦਾਲ ਦੱਸਦਾ ਪੁੱਛਦਾ ਲਾਗੀਆਂ ਨੂੰ,
ਸਲਵਾਹਨ ਰਾਜਾ ਤਦੋਂ ਗੱਜ ਕੇ ਜੀ ।
"ਪੂਰਨ ਭਗਤ ਦਾ ਢੂੰਡਸਾਂ ਸਾਕ ਯਾਰੋ,
ਜਿਥੇ ਚਲ ਢੁਕੀਏ ਦਿਨ ਅਜ ਕੇ ਜੀ ।
ਮੈਨੂੰ ਸਿਕਦਿਆਂ ਰੱਬ ਨੇ ਲਾਲ ਦਿਤਾ,
ਅੱਖੀਂ ਵੇਖ ਲੀਤਾ ਹੁਣ ਰੱਜ ਕੇ ਜੀ ।"
ਕਾਦਰਯਾਰ ਮੀਆਂ ਪੂਰਨ ਭਗਤ ਅੱਗੋਂ,
ਕਹਿੰਦਾ ਸੁਖ਼ਨ ਸੱਚਾ ਇਕ ਵੱਜ ਕੇ ਜੀ ।। ੮ ।।

ਜ਼ਾਲ ਜ਼ਰਾ ਨਾ ਬਾਪ ਤੇ ਸਹਾ ਕਰਦਾ,
ਕਹਿੰਦਾ, "ਬਾਬਲਾ ਪੱਤ ਵਿਆਹ ਨਾਹੀ

ਜਿਸ ਵਾਸਤੇ ਲੋਕ ਵਿਆਹ ਕਰਦੇ,
ਮੇਰੇ ਮਨ ਅਜੇ ਕੋਈ ਚਾਹੁ ਨਾਹੀ ।
ਮੇਰਾ ਭੌਰ ਸਲਾਮਤੀ ਰਹੂ ਏਵੇਂ,
ਬੰਨ੍ਹ ਬੇੜੀਆਂ ਬਾਬਲਾ ਪਾਉ ਨਾਹੀ ।"
ਕਾਦਰਯਾਰ ਨਾ ਸੰਗਦਾ ਕਹੇ ਪੂਰਨ,
"ਮੈਥੋਂ ਰੱਬ ਦਾ ਨਾਉਂ ਭੁਲਾਉ ਨਾਹੀ ।"੯ । ।

ਰੇ ਰੰਗ ਤਗੀਰ ਹੋ ਗਿਆ ਸੁਣ ਕੇ,
ਪੂਰਨ ਭਗਤ ਵਲੋਂ ਸਲਵਾਹਨ ਦਾ ਈ ।
ਕੋਲੋਂ ਉਠਿ ਵਜ਼ੀਰ ਨੇ ਮਤਿ ਦਿਤੀ,
"ਅਜੇ ਇਹ ਕੀ ਰਾਜਿਆ ਜਾਣਦਾ ਈ ।
ਜਦੋਂ ਹੋਗੁ ਜੁਆ ਕਰ ਲੈਗੁ ਆਪੇ,
ਤੈਥੋਂ ਬਾਹਰਲਾ ਫਿਕਰ ਵਿਆਹਣ ਦਾ ਈ ।"
ਕਾਦਰਯਾਰ ਵਜ਼ੀਰ ਦੇ ਲੱਗ ਆਖੇ
ਰਾਜਾ ਫੇਰ ਖੁਸ਼ੀ ਅੰਦਰ ਆਂਵਦਾ ਈ । ੧੦ । ।

ਜ਼ੇ ਜ਼ੁਬਾਨ ਥੀਂ ਰਾਜੇ ਨੇ ਹੁਕਮ ਕੀਤਾ,
"ਘਰ ਜਾਹੁ ਸਲਾਮ ਕਰ ਮਾਈਆ ਨੂੰ ।
ਜਿਸ ਵਾਸਤੇ ਭੋਰੇ ਦੇ ਵਿਚ ਪਾਇਆ,
ਹੁਣ ਮੋੜ ਨਾ ਖ਼ੁਸ਼ੀਆਂ ਆਈਆਂ ਨੂੰ ।"
ਹੁਕਮ ਬਾਪ ਦਾ ਉੱਠ ਕੇ ਮੰਨ ਤੁਰਦਾ,
ਅੱਗੇ ਲਾਇ ਲੈਂਦਾ ਨਫ਼ਰਾਂ ਨਾਈਆਂ ਨੂੰ ।
ਕਾਦਰਯਾਰ ਮੈਂ ਸਿਫਤਿ ਕੀ ਕਰਾਂ ਉਸ ਦੀ,
ਰੰਨਾਂ ਦੇਖ ਭੁਲਾਇਆ ਸਾਈਆਂ ਨੂੰ । । ੧੧ । ।

## ਪੂਰਨ ਦਾ ਲੂਣਾ ਨੂੰ ਮਿਲਣ ਜਾਣਾ

ਸ਼ੀਨ ਸ਼ਹਿਰ ਆਇਆ ਘਰ ਮਾਈਆਂ ਦੇ,
ਪੂਰਨ ਪੁੱਛਦਾ ਨੌਕਰਾਂ ਚਾਕਰਾਂ ਨੂੰ,
ਜਿਸ ਜਾਇਆ ਓਸ ਨੂੰ ਮਾਨ ਵੱਡਾ,
ਮੱਥਾ ਟੇਕਣਾ ਅੱਬਲਾਂ ਮਾਤਰਾਂ ਨੂੰ,
ਰਾਣੀ ਲੂਣਾ ਦੇ ਮਹਿਲ ਨੂੰ ਰਵਾਂ ਹੋਇਆ,

ਅੰਦਰ ਜਾਇ ਵੜਿਆ ਪੁੱਤਰ ਖ਼ਾਤਰਾਂ ਨੂੰ ।
ਕਾਦਰਯਾਰ ਬਹਾਲ ਕੇ ਨਫ਼ਰ ਪਿੱਛੇ,
ਪੌੜੀ ਚੜ੍ਹਿਆ ਮੱਥਾ ਟੇਕਨ ਮਾਤਰਾਂ ਨੂੰ ।। ੧੨ ।।

ਸ਼ੀਨ ਸ਼ੌਕ ਦੇ ਨਾਲ ਜੋ ਭਗਤ ਪੂਰਨ,
ਮੱਥਾ ਟੇਕਣ ਮਤਰੇਈ ਨੂੰ ਜਾਉਂਦਾ ਜੀ ।
ਅੱਗੇ ਲੰਘ ਕੇ ਸਾਹਮਣੇ ਖੜਾ ਹੁੰਦਾ,
ਹੱਥ ਬੰਨ੍ਹ ਕੇ ਸੀਸ ਨਿਵਾਉਂਦਾ ਜੀ ।
ਸੂਰਤ ਵੇਖ ਕੇ ਹੋਇ ਬੇਤਾਬ ਗਈ
ਹੋਰ ਕੁਝ ਨਾਹੀ ਨਜ਼ਰ ਆਉਂਦਾ ਜੀ ।
ਕਾਦਰਯਾਰ ਜੋ ਲੂਣਾ ਦੇ ਦਿਲ ਅੰਦਰ,
ਆਣ ਪਾਪ ਜੋ ਘੇਰਣਾ ਪਾਉਂਦਾ ਜੀ ।। ੧੩ ।

ਸੁਵਾਦ ਸਿਫ਼ਤ ਨਾ ਹੁਸਨ ਦੀ ਜਾਇ ਝੱਲੀ,
ਰਾਣੀ ਦੇਖ ਕੇ ਪੂਰਨ ਨੂੰ ਤੁਰਤ ਮੁੱਠੀ ।
ਸੂਰਤ ਨਜ਼ਰ ਆਈ ਰਾਜਾ ਭੁੱਲ ਗਿਆ,
ਸਿਰ ਪੈਰ ਤਾਈਂ ਅੱਗ ਭੜਕ ਉੱਠੀ ।
ਦਿਲੋਂ ਪੁੱਤਰ ਨੂੰ ਯਾਰ ਬਣਾਇਆ ਸੂ,
ਉਸ ਦੀ ਸਾਬਤੀ ਦੀ ਵਿਚੋਂ ਲੱਜ ਟੁੱਟੀ ।
ਕਾਦਰਯਾਰ ਤਰੀਮਤ ਹੁਸਿਆਰੀ,
ਲੱਗੀ ਵੇਖ ਵਗਾਵਣੇ ਨਦੀ ਪੁੱਠੀ । ੧੪ ।।

ਜੁਆਦ ਜਰਬ ਤੇ ਜ਼ੋਰ ਦੇ ਨਾਲ ਰਾਜਾ,
ਅੰਦਰ ਲੰਘ ਕੇ ਰੰਗ ਮਹੱਲ ਜਾਇ ।
ਹੱਥ ਬੰਨ੍ਹ ਕੇ ਸਾਹਮਣੇ ਖੜ੍ਹਾ ਹੁੰਦਾ,
"ਮੱਥਾ ਟੇਕਣਾ ਦਾਂ ਮੇਰੀ ਧਰਮ ਮਾਇ ।"

ਅੱਗੋਂ ਦੇਵਣਾ ਉਸ ਪਿਆਰ ਸਾਈ,
ਸਗੋਂ ਦੇਖ ਰਾਣੀ ਮੱਥੇ ਵੱਟ ਪਾਇ ।
ਕਾਦਰਯਾਰ ਖਲੋਇ ਕੇ ਦੇਖ ਅੱਖੀਂ,
ਚੜਿਆ ਕਹਿਰ ਚਰਿਤ੍ਰ ਜੋ ਵਰਤ ਜਾਇ ।। ੧੫ ।।

ਤੋਇ ਤਾਲਿਆ ਮੇਰਿਆ ਘੇਰ ਆਂਦਾ,
ਲੂਣਾ ਆਪ ਦਲੀਲਾਂ ਦੇ ਫ਼ਿਕਰ ਬੰਨੇ ।
ਮੈਂ ਵੀ ਸੁਰਗ ਪਰਾਪਤੀ ਥੀਵਨੀ ਹਾਂ,
ਪੂਰਨ ਭਗਤ ਜੇ ਆਖਿਆ ਇਕ ਮੰਨੇ ।
ਲੱਗੀ ਦੇਣ ਲੰਗਾਰ ਅਸਮਾਨ ਤਾਈਂ,
ਉਹਦੀ ਸਾਬਤੀ ਦੇ ਵਿਚੋਂ ਥੰਮ੍ਹ ਭੰਨੇ ।
ਕਾਦਰਯਾਰ ਤਰੀਮਤ ਹੈਂਸਿਆਰੀ,
ਭੰਨਣ ਲੂਣ ਲੱਗੀ ਵਿਚ ਥਾਲ ਛੰਨੇ ।। ੧੬ ।।

## ਪੂਰਨ ਤੇ ਲੂਣਾ ਦੀ ਵਾਰਤਾਲਾਪ

ਜ਼ੋਇ ਜ਼ਾਹਰਾ ਆਖਦੀ ਸ਼ਰਮ ਕੇਹੀ,
"ਮਾਈ ਮਾਈ ਨਾ ਰਾਜਿਆ ਆਖ ਮੈਨੂੰ ।
ਕੁੱਖੇ ਰਖ ਨਾ ਜੰਮਿਓ ਜਾਇਓ ਵੇ,
ਮਾਤਾ ਆਖਣਾ ਹੈਂ ਕੇਹੜੇ ਸਾਕ ਮੈਨੂੰ ।
ਹੋਗੁ ਉਮਰ ਤੇਰੀ ਮੇਰੀ ਇਕ ਰਾਜਾ,
ਗੁੱਝਾ ਲਾਇਆ ਈ ਦਰਦ ਫ਼ਿਰਾਕ ਮੈਨੂੰ ।
ਕਾਦਰਯਾਰ ਨਾ ਸੰਗਦੀਂ ਕਹੇ ਲੂਣਾ,
ਕਰ ਚਲਿਓ ਮਾਰ ਹਲਾਕ ਮੈਨੂੰ ।" ੧੭ ।।

ਐਨ ਅਰਜ਼ ਕਰਦਾ ਸ਼ਰਮਾਇ ਰਾਜਾ,
"ਮਾਇ ਸੁਖ਼ਨ ਅਵੱਲੜੇ ਬੋਲ ਨਾਹੀ
ਮਾਵਾਂ ਪੁੱਤਰਾਂ ਨੇਹੁ ਨਾ ਕਦੇ ਲੱਗਾ,
ਜਗ ਵਿਚ ਮੁਕਾਲਖਾ ਘੋਲ ਨਾਹੀ ।
ਸੀਨੇ ਨਾਲ ਲਗਾਇ ਕੇ ਰੱਖ ਮੈਨੂੰ,
ਪੁੱਤਰ ਜਾਣ ਮਾਏ ਦਿਲੋਂ ਡੋਲ ਨਾਹੀ ।
ਕਾਦਰਯਾਰ ਮੀਆਂ ਦੋਵੇਂ ਝਗੜਦੇ ਨੀ,
ਸਾਈਂ ਬਾਝ ਦੂਜਾ ਕੋਈ ਕੋਲ ਨਾਹੀ ।। ੧੮ ।।

ਗ਼ੈਨ ਗ਼ਮ ਨਾ ਜਾਣਦੀ ਖ਼ੌਫ਼ ਖ਼ਤਰਾ,
ਲੂਣਾ ਉੱਠ ਕੇ ਪਕੜਦੀ ਆਣ ਚੋਲਾ ।
"ਇਕ ਵਾਰ ਤੂੰ ਬੈਠ ਪਲੰਘ ਉਤੇ,

ਕਰਾਂ ਮਿਨਤ ਤੇਰੀ ਸੁਣੀ ਅਰਜ਼ ਢੋਲਾ ।
ਪਰੀ ਜੇਹੀ ਮੈਂ ਇਸਤ੍ਰੀ ਅਰਜ਼ ਕਰਦੀ,
ਜਾਹ ਤੂੰ ਮਰਦ ਨਾਹੀ ਕੋਈ ਹੈਂ ਭੋਲਾ ।"
ਕਾਦਰਯਾਰ ਨਾ ਸੰਗਦੀ ਕਹੇ ਲੂਣਾ,
"ਸੇਜ ਮਾਣ ਮੇਰੀ ਜਿੰਦ ਜਾਨ ਢੋਲਾ ।" ੧੯ ।।

ਫ਼ੇ ਫ਼ੇਰ ਕਹਿਆ ਗੁੱਸੇ ਹੋਇ ਪੂਰਨ,
"ਤੈਨੂੰ ਵਗ ਕੀ ਗਈ ਹੈ ਬਾਣ ਮਾਏ ।
ਜਿਹਦੀ ਇਸਤ੍ਰੀ ਓਹੀ ਹੈ ਬਾਪ ਮੇਰਾ,
ਤਿਸ ਦੀ ਤੁਖ਼ਮ ਥੀ ਜੰਮਿਆ ਜਾਣ ਮਾਏ ।
ਗੱਲਾਂ ਇਹੋ ਜਹੀਆਂ ਜਦੋਂ ਹੋਣਗੀਆਂ,
ਪੁੱਠੀ ਹੋਗੁ ਜ਼ਿਮੀ ਅਸਮਾਨ ਮਾਏ ।
ਕਾਦਰਯਾਰ ਮੀਆਂ ਪੂਰਨ ਦਏ ਮੱਤੀਂ,
ਕਿਧਰ ਗਿਆ ਈ ਅੱਜੁ ਧਿਆਨ ਮਾਏਂ" ।।੨੦ ।।

ਕਾਫ਼ "ਕਹਿਰ ਕਰਾ ਨਾ ਪੂਰਨਾ ਵੇ,
ਆਖੇ ਲੱਗ ਜਾ ਜੇ ਭਲਾ ਚਾਹਨਾ ਏਂ ।
ਝੋਲੀ ਅੱਡ ਮੈਂ ਖਲੀ ਹਾਂ ਪਾਸ ਤੇਰੇ,
ਹੋਸਿਆਰਿਆ ਖ਼ੈਰ ਨਹੀ ਪਾਉਨਾ ਏਂ ।
ਕੁੱਛੜ ਬੈਠ ਮੰਮਾ ਕਦੋਂ ਚੁੰਘਿਆ ਏਂ,
ਐਵੇਂ ਕੂੜ ਦੀ ਮਾਉਂ ਬਣਾਵਣਾ ਏਂ"
ਕਾਦਰਯਾਰ ਨਾ ਸੰਗਦੀ ਕਹੇ ਲੂਣਾ,
"ਕਿਉਂ ਗਰਦਨੀ ਖ਼ੂਨ ਰਖਾਵਣਾ ਏਂ ।। ੨੧ ।।

ਕਾਫ਼ ਕਹੇ ਪੂਰਨ, "ਸੁਣੀ ਸਚੁ ਮਾਤਾ,
ਤੇਰੇ ਪਲੰਘ ਤੇ ਪੈਰ ਨਾ ਮੂਲ ਧਰਸਾਂ,
ਅੱਖੀ ਫੇਰ ਕੇ ਮੂਲ ਨਾ ਨਜ਼ਰ ਕਰਾਂ,
ਮੈਂ ਤਾਂ ਸੂਲੀ ਤੇ ਚੜ੍ਹਨ ਕਬੂਲ ਕਰਸਾਂ ।"
ਕੰਨੀ ਖਿੱਚ ਕੇ ਅੰਦਰੋਂ ਬਾਹਰ ਆਇਆ,
ਕਹਿੰਦਾ, "ਧਰਮ ਗਵਾਇ ਕੇ ਕੀ ਮਰਸਾਂ ।"
ਕਾਦਰ ਯਾਰ ਨਾ ਸੰਗਦੀ ਕਹੇ ਲੂਣਾ,
"ਤੇਰੇ ਲਹੂ ਦਾ ਪੂਰਨਾ ਘੁੱਟ ਭਰਸਾਂ ।" ੨੨ ।।

## ਰਾਜੇ ਦਾ ਮਹਿਲੀਂ ਆਉਣਾ

ਲਾਮ ਲਾਹ ਕੇ ਹਾਰ ਸ਼ਿੰਗਾਰ ਰਾਣੀ,
ਰਾਜੇ ਆਂਵਦੇ ਨੂੰ ਬੁਰੇ ਹਾਲ ਹੋਈ ।

ਰਾਜਾ ਦੇਖ ਹੈਰਾਨ ਅਸਚਰਜ ਹੋਇਆ,
ਮਹਿਲੀਂ ਜਗਿਆ ਨਾ ਸ਼ਮ੍ਹਾਦਾਨ ਕੋਈ ।
ਬੈਠ ਪੁੱਛਦਾ, "ਰਾਣੀ ਦੱਸ ਮੈਨੂੰ,
ਵਕਤ ਸੰਧਿਆ ਦੇ ਚੜ੍ਹ ਪਲੰਘ ਸੋਈ ।"
ਕਾਦਰਯਾਰ ਸਲਵਾਹਨ ਦੀ ਗੱਲ ਸੁਣ ਕੇ,
ਰਾਣੀ ਉਠ ਕੇ ਧ੍ਰੋਹ ਦੇ ਨਾਲ ਰੋਈ ।। ੨੩ ।।

ਮੀਮ "ਮੈਨੂੰ ਕੀ ਪੁੱਛਨਾ ਏਂ ਰਾਜਿਆ ਓਇ,
ਮੇਰਾ ਦੁੱਖ ਕਲੇਜੜਾ ਜਾਲਿਓ ਈ ।
ਜਾਇ ਪੁੱਛ ਖਾਂ ਪੁੱਤਰ ਆਪਣੇ ਨੂੰ,
ਜਿਹੜਾ ਭੋਹਰੇ ਕੋਤਲ ਪਾਲਿਓ ਈ
ਉਹਨੂੰ ਰੱਖ ਤੇ ਦੇਹ ਜਵਾਬ ਸਾਨੂੰ,
ਸਾਡਾ ਸ਼ੌਕ ਜੇ ਤਾਂ ਦਿਲੋਂ ਟਾਲਿਓ ਈ,
ਕਾਦਰਯਾਰ ਜਦ ਝੂਠ ਪਹਾੜ ਜੇਡਾ,
ਰਾਣੀ ਰਾਜੇ ਨੂੰ ਤੁਰਤ ਸਖਾਲਿਓ ਈ ।। ੨੪ ।।

ਨੂੰਨ ਨਾਉਂ ਲੈ ਖਾਂ ਇਸ ਗੱਲ ਦਾ ਤੂੰ,
ਜਿਹੜੀ ਗੱਲ ਪੂਰਨ ਤੈਨੂੰ ਆਖ ਗੈਆ ।
ਜੇਹੜਾ ਨਾਲ ਤੇਰੇ ਮੰਦਾ ਬੋਲਿਆ ਸੀ,
ਉਸ ਨੂੰ ਦੇਵਾਂ ਫਾਹੇ ਮੇਰਾ ਪੁੱਤ ਕੇਹਾ ।
ਅੱਜ ਨਾਲ ਮਾਵਾਂ ਕਰੇ ਸੁਖਨ ਐਸੇ,
ਭਲਕੇ ਦੇਗ ਖੱਟੀ ਮੈਨੂੰ ਖੱਟ ਏਹਾ ।
ਕਾਦਰਯਾਰ ਫਿਰ ਹੋਈ ਬੇਦਾਦ ਨਗਰੀ,
ਅੰਨ੍ਹੇ ਰਾਜੇ ਦੇ ਪੂਰਨ ਵੱਸ ਪੈਆ ।। ੨੫ ।।

ਵਾਉ ਵੇਖ ਰਾਜਾ ਮੰਦਾ ਹਾਲ ਮੇਰਾ,
ਰਾਣੀ ਆਪ ਦਿਲੋਂ ਦਰਦ ਦਸਿਆ ਈ ।

ਪੁੱਤਰ ਪੁੱਤਰ ਮੈਂ ਆਖਦੀ ਰਹੀ ਮੂੰਹੋਂ.
ਪੂਰਨ ਭਰਤਿਆਂ ਵਾਂਗਰਾਂ ਹੱਸਿਆ ਈ ।
ਵੀਟੀ ਕੱਢ ਕੇ ਦੱਸਦੀ ਵੇਖ ਚੂੜਾ.
ਭੰਨੀ ਵੰਗ ਤੇ ਹੱਥ ਵਲਸਿਆ ਈ ।
ਕਾਦਰਯਾਰ ਮੈਂ ਜ਼ੋਰ ਦਿਖਾਲਿਆ ਈ.
ਪੂਰਨ ਤਦੋਂ ਮਹਿਲਾਂ ਥੋਂ ਨੱਸਿਆ ਈ ।। ੨੬ ।।

ਹੇ ਹੋਇ ਖੜਾ ਦਲਗੀਰ ਰਾਜਾ,
ਰੱਤੋ ਰੱਤ ਅੱਖੀਂ ਮੱਥੇ ਵੱਟ ਪਾਏ ।
ਪੱਥਰ ਦਿਲ ਹੋਇਆ ਸਕੇ ਪੁੱਤਰ ਵਲੋਂ.
ਦਿਲੋਂ ਗ਼ਜ਼ਬ ਦਾ ਭਾਂਬੜ ਮਚ ਜਾਏ ।

ਮੱਛੀ ਵਾਂਗ ਤੜਫ਼ਦਾ ਰਾਤ ਰਹਿਆ.
ਕਦੀ ਪਏ ਲੰਬਾ ਕਦੀ ਉੱਠ ਬਹੇ ।
ਕਾਦਰਯਾਰ ਮੰਦਾ ਦੁੱਖ ਇਸਤ੍ਰੀ ਦਾ.
ਪੂਰਨ ਜੀਂਵਦਾ ਕਿਸੇ ਸਬੱਬ ਰਹੇ ।। ੨੭ ।।

ਲਾਮ ਲੂਤੀਆਂ ਰਹਿਣ ਨ ਦੇਂਦੀਆਂ ਨੇ.
ਨਾਲ ਨਾਲਸ਼ਾਂ ਸ਼ਹਿਰ ਵੈਰਾਨ ਕੀਤਾ ।
ਮੁੱਢੋਂ ਗੱਲਾਂ ਵੀ ਹੁੰਦੀਆਂ ਆਈਆਂ ਨੀ.
ਅੱਗੇ ਕਈਆਂ ਦਾ ਅਲਖ ਜਹਾਨ ਕੀਤਾ ।
ਪੂਰਨ ਨਾਲ ਅਵੱਲੀ ਵੀ ਹੋਣ ਲੱਗੀ.
ਜਿਸ ਦੀ ਮਾਉਂ ਐਸਾ ਫਰਮਾਨ ਕੀਤਾ ।
ਕਾਦਰਯਾਰ ਚੜ੍ਹਿਆ ਦਿਨ ਸੁੱਖ ਦਾ ਜੀ.
ਰਾਜੇ ਬੈਠ ਚੌਕੀ ਇਸ਼ਨਾਨ ਕੀਤਾ ।। ੨੮ ।।

## ਰਾਜੇ ਦਾ ਪੂਰਨ ਨੂੰ ਬੁਲਾ ਭੇਜਣਾ

ਅਲਫ਼ ਆਖਦੀ ਸੱਦ ਕੇ ਚੋਬਦਾਰਾਂ.
ਜ਼ਰਾ ਸੱਦ ਕੇ ਪੂਰਨ ਲਿਆਵਨਾ ਜੇ ।
ਝਬ ਜਾਓ ਸ਼ਿਤਾਬ ਨਾ ਢਿੱਲ ਲਾਵੋ.
ਨਾਲ ਸੱਦ ਵਜ਼ੀਰ ਲਿਆਵਨਾ ਜੇ ।

ਕੱਢੇ ਗਾਲੀਆਂ ਦੁਹਾਂ ਨੂੰ ਕਰੋ ਹਾਜ਼ਰ.
ਝਬਦੇ ਜਾਓ ਨਾ ਛੱਡ ਕੇ ਆਵਨਾ ਜੇ ।
ਕਾਦਰਯਾਰ ਜੇ ਪੁੱਛਸੀ ਕੰਮ ਅੱਗੋਂ,
ਰਾਜੇ ਸੱਦਿਆ ਜਾਇ ਫੁਰਮਾਵਨਾ ਜੇ । । ੨੯ । ।

ਯੇ ਯਾਦ ਕੀਤਾ ਰਾਜੇ ਬਾਪ ਤੈਨੂੰ.
ਹੱਥ ਬੰਨ੍ਹ ਕੇ ਆਖਿਆ ਚੋਬਦਾਰਾਂ ।
ਸੁਣੀ ਗੱਲ ਤੇ ਦਿਲ ਨੂੰ ਸੁਝ ਗਈਅਸੁ.
ਜਿਹੜੀ ਗਾਂਵਦੀ ਸੀ ਕੱਲ੍ਹ ਮਾਉਂ ਵਾਰਾਂ ।
ਜਿਸ ਕੰਮ ਨੂੰ ਰਾਜੇ ਯਾਦ ਕੀਤਾ.
ਰਾਗ ਵੱਜਿਆ ਤੇ ਬੁੱਝ ਗਈਆਂ ਤਾਰਾਂ ।
ਕਾਦਰਯਾਰ ਮੀਆਂ ਤੁਰ ਪਿਆ ਪੂਰਨ.
ਆਣ ਕਰਦਾ ਹੈ ਬਾਪ ਨੂੰ ਨਮਸਕਾਰਾਂ । । 30 ।

ਦੂਜੀ ਸੀਹਰਫ਼ੀ

## ਰਾਜੇ ਦੀ ਪੂਰਨ ਨਾਲ ਗੱਲ ਬਾਤ ਤੇ ਕਤਲ ਦਾ ਹੁਕਮ

ਅਲਫ ਆਓ ਖਾਂ ਪੂਰਨਾ ਕਹੇ ਰਾਜਾ.
ਬੱਚਾ ਨਿੱਜ ਤੂੰ ਜੰਮਿਉਂ ਜਾਇਉਂ ਵੇ ।

ਜੇ ਮੈਂ ਜਾਣਦਾ ਮਾਰਦਾ ਤਦੋਂ ਤੈਨੂੰ,
ਜਦੋਂ ਭੋਹਰੇ ਪਾਲਣਾ ਪਾਇਉਂ ਵੇ ।
ਸੀਨੇ ਲਾਇਓ ਈ ਪੂਰਨਾ ਦਾਗ਼ ਮੇਰੇ.
ਰੱਖੇ ਪੈਰ ਪੁੱਠ ਘਨੇ ਚਾਇਉਂ ਵੇ ।
ਕਾਦਰਯਾਰ ਕਹਿੰਦਾ ਸਲਵਾਹਨ ਰਾਜਾ.
ਘਰਿ ਕੀ ਕਰਤੂਤਿ ਕਰ ਆਇਉਂ ਵੇ । । ੧ । ।

ਬੇ ਬਹੁਤ ਹੋਇਆ ਕਹਿਰਵਾਨ ਰਾਜਾ.
ਰੱਤੋ ਰੱਤ ਮੱਥਾ ਚਮਕੇ ਵਾਂਗ ਖ਼ੂਨੀ,
ਕਹਿੰਦਾ ਦੂਰ ਹੋ ਪੂਰਨਾ ਅੱਖੀਆਂ ਥੀਂ,
ਟੰਗੂੰ ਲਿੰਗ ਚਿਰਾਇ ਕੇ ਚਵੀਂ ਕੰਨੀ ।
ਜਦੋਂ ਮੈਂ ਵਿਆਹ ਦੀ ਗੱਲ ਕੀਤੀ.

ਤਦੋਂ ਰੋਣ ਲੱਗੋਂ ਧਰ ਹੱਥ ਕੰਨੀਂ ।
ਕਾਦਰਯਾਰ ਕਹਿੰਦਾ ਸਲਵਾਹਨ ਰਾਜਾ,
ਹੁਣ ਕੀਤੀ ਆ ਮਾਓ ਪਸੰਦ ਵੰਨੀ ।। ੨ ।।

ਤੇ ਤੁਹਮਤ ਅਜ਼ਗੈਬ ਦੀ ਬੁਰੀ ਹੁੰਦੀ,
ਪੂਰਨ ਘੱਤ ਊਂਧੀ ਰੁੰਨਾ ਜ਼ਾਰ ਜ਼ਾਰੀ ।
ਕਹਿੰਦਾ ਵੱਸ ਨਾ ਬਾਬਲਾ ਕੁਝ ਮੇਰੇ,
ਤੁਹਾਡੀ ਮਾਪਿਆਂ ਦੀ ਗਈ ਮੱਤ ਮਾਰੀ ।
ਹੋਰ ਕਿਸੇ ਦਾ ਕੁਝ ਨਾ ਜਾਵਣਾ ਈ,
ਮੈਨੂੰ ਮਾਰ ਰਾਜਾ ਤੇਰੀ ਬੁੱਧ ਮਾਰੀ ।
ਕਾਦਰਯਾਰ ਜੇ ਕੋਲ ਉਗਾਹ ਹੁੰਦੇ,
ਕਹਿੰਦੇ ਖੋਲ਼ ਹਕੀਕਤਾਂ ਤ਼ੁਰਤ ਸਾਰੀ ।। ੩ ।।

ਸੇ ਸਾਬਤੀ ਮੇਰੀ ਤੂੰ ਵੇਖ ਰਾਜਾ,
ਇਕ ਤੇਲ ਦਾ ਪੂਰਾ ਕੜਾਹ ਤਾਵੇ ।
ਤਪੇ ਤੇਲ ਜਾਂ ਅੱਗ ਦੇ ਵਾਂਗ ਹੋਵੇ,
ਇਕ ਦਸਤ ਮੇਰਾ ਪਕੜ ਵਿਚ ਪਾਵੋ ।
ਸੱਚ ਨਿਤਰੇ ਸੱਚਿਆਂ ਝੂਠਿਆ ਦਾ,
ਅੱਖੀਂ ਵੇਖ ਕੇ ਕੁਝ ਕਲੰਕ ਲਾਵੋ ।
ਕਾਦਰਯਾਰ ਜੇ ਉਂਗਲੀ ਦਾਗ਼ ਲੱਗੇ,
ਫੇਰ ਕਰੋ ਮੈਨੂੰ ਜਿਹੜੀ ਤ਼ਬਾਹ ਚਾਵੋ ।। ੪ ।।

ਜੀਮ ਜੋਸ਼ ਆਇਆ ਸਲਵਾਹਨ ਰਾਜੇ,
ਅੱਗੋਂ ਉੱਠ ਕੇ ਇਕ ਚੁਪੇੜ ਮਾਰੀ ।
ਕਹਿੰਦਾ ਫੇਰ ਬਰੋਬਰੀ ਬੋਲਣਾ ਹੈਂ,
ਕਰੇਂ ਗ਼ਜ਼ਬ ਹਰਾਮੀ ਐਡ ਖ਼ਾਰੀ ।

ਅੱਖੀਂ ਦੇਖ ਨਿਸ਼ਾਨੀਆਂ ਆਇਆ ਮੈਂ,
ਤੇਰੇ ਦਿਲ ਦੀ ਪੂਰਨਾ ਗੱਲ ਸਾਰੀ ।
ਕਾਦਰਯਾਰ ਗੁਨਾਹ ਦਾ ਦੋਸ਼ ਕੋਈ,
ਪਰਨ ਘਰ ਰੋਂਦਾ ਉਧੀ ਜ਼ਾਰ ਜ਼ਾਰੀ ।। ੫ ।।

ਹੇ ਹੁਕਮ ਨਾ ਫੇਰਦਾ ਕੋਈ ਅੱਗੋਂ,
ਪਰੇਸ਼ਾਨ ਸਾਰਾ ਪਰਵਾਰ ਹੋਇਆ ।
ਥਰ ਥਰ ਕੰਬਦੇ ਮਹਲ ਤੇ ਮਾੜੀਆਂ ਨੇ,
ਕਹਿਰਵਾਨ ਜਦੋਂ ਸਰਦਾਰ ਹੋਇਆ ।
ਕਰੇ ਸੱਦ ਦੇ ਹੁਕਮ ਜੱਲਾਦੀਆਂ ਨੂੰ,
ਧੁੰਮੀ ਖ਼ਬਰ ਨਗਰੀ ਹਾ ਹਾ ਕਾਰ ਹੋਇਆ ।
ਕਾਦਰਯਾਰ ਵਜ਼ੀਰ ਨੂੰ ਦੇਇ ਗਾਲੀਂ,
ਤੇਰੀ ਅਕਲ ਕਿਹੜੀ ਦਰਕਾਰ ਹੋਇਆ ।। ੬ ।।

## ਇੱਛਰਾ ਨੂੰ ਪੂਰਨ ਦੀ ਸਜ਼ਾ ਦਾ ਪਤਾ ਲੱਗਣਾ

ਖ਼ੇ ਖ਼ਬਰ ਹੋਈ ਰਾਣੀ ਇੱਛਰਾਂ ਨੂੰ,
ਜਿਸ ਜਾਇਆ ਪੂਰਨ ਪੁੱਤ ਸਾਈ ।
ਚੂੜਾ ਭੰਨ ਤੇ ਤੋੜ ਹਮੇਲ ਥੀੜੇ,
ਵਾਲ ਪੁੱਟ ਰਾਣੀ ਸਿਰ ਖ਼ਾਕ ਪਾਈ ।
ਮੰਦਾ ਘਾਓ ਪਿਆਰਿਆਂ ਪੁੱਤਰਾਂ ਦਾ,
ਰਾਣੀ ਭੱਜ ਕੇ ਰਾਜੇ ਦੇ ਪਾਸ ਆਈ ।
ਕਾਦਰਯਾਰ ਖੜੋਇ ਪੁਕਾਰ ਕਰਦੀ,
ਇਹਦੇ ਨਾਲ ਕੀ ਰਾਜਿਆ ਵੈਰ ਸਾਈ ।। ੭ ।।

ਦਾਲ ਦੇਖ ਰਾਣੀ ਕਹੇ ਆਪ ਰਾਜਾ,
ਇਹਦੇ ਨਾਲ ਗਵਾਊਂਦਾ ਮਾਰ ਤੈਨੂੰ ।
ਕੇਹੇ ਵਾਰ ਬਦਕਾਰ ਨੇ ਜੰਮਿਆ ਸੀ,
ਜਿਸ ਜੰਮਦਿਆਂ ਲਾਇਆ ਈ ਦਾਗ਼ ਮੈਨੂੰ ।
ਜਿਨ੍ਹਾਂ ਵਿਚ ਹਿਯਾਉ ਨਾ ਸ਼ਰਮ ਹੋਵੇ,
ਐਸੇ ਪੁੱਤਰ ਨਾ ਜੰਮਦੇ ਨਿੱਜ ਕੈਨੂੰ ।
ਕਾਦਰਯਾਰ ਕਹਿੰਦਾ ਸਲਵਾਹਨ ਰਾਜਾ,
ਤਦ ਵਸਦਾ ਜੇ ਤੁਸੀ ਵਰੋਂ ਏਨੂੰ ।। ੮ ।।

ਜ਼ਾਲ ਜ਼ਰਾ ਨਾ ਰਾਜਿਆ ਗੱਲ ਸੱਚੀ ।
ਜਿਸ ਗੱਲ ਦਾ ਭਰਮ ਵਿਚਾਰਿਆ ਈ ।
ਕਹਿੰਦੀ ਇੱਛਰਾਂ ਰਾਜਿਆ ਹੋਸ਼ ਕੀਚੇ,

ਕੂੜੀ ਤੁਹਮਤੋਂ ਪੁੱਤਰ ਨੂੰ ਮਾਰਿਆ ਈ ।

ਆਖੇ ਲਗ ਰੰਨਾਂ ਪੁਟਿਆਰੀਆਂ ਦੇ.
ਕਰਮ ਮੱਥਿਉਂ ਆਪਣਿਉ ਹਾਰਿਆ ਈ ।
ਕਾਦਰਯਾਰ ਰਾਜੇ ਸਲਵਾਹਨ ਅੱਗੇ.
ਰਾਣੀ ਇੱਛਰਾਂ ਜਾਇ ਪੁਕਾਰਿਆ ਈ ।। ੯ ।।

ਰੇ ਰਹੇ ਨਾ ਵਰਜਿਆ ਮੂਲ ਰਾਜਾ.
ਉਸੀ ਵਕਤ ਜੱਲਾਦ ਸੱਦਾਂਵਦਾ ਈ ।
ਲੱਗੇ ਰੋਣ ਦਿਵਾਨ ਵੀਜ਼ਰ ਖਲੇ,
ਦਿਲ ਰਾਜੇ ਦੇ ਤਰਸ ਨਾ ਆਂਵਦਾ ਈ ।
ਇਹਦੇ ਹੱਥ ਤੇ ਪੈਰ ਆਜ਼ਾਦ ਕਰੋ.
ਰਾਜਾ ਮੁੱਖ ਥੀਂ ਇਹ ਫੁਰਮਾਂਵਦਾ ਈ ।
ਕਾਦਰਯਾਰ ਖਲੋਇ ਕੇ ਮਾਉਂ ਤਾਈਂ.
ਪੂਰਨ ਭਗਤ ਸਲਾਮ ਬੁਲਾਂਵਦਾ ਈ ।। ੧੦ ।

ਜ਼ੇ ਜ਼ੋਰ ਨਾ ਡਾਢੇ ਦੇ ਨਾਲ ਕੋਈ,
ਪਕੜ ਬੇਗੁਨਾਹ ਮੰਗਾਇਆ ਮੈਂ ।
ਕੈਹਨੂੰ ਖੋਲ੍ਹ ਕੇ ਦਿਲ ਦਾ ਹਾਲ ਦੱਸਾ,
ਜਿਹੜਾ ਘਾਤ ਗੁਨਾਹ ਕਰਾਇਆ ਮੈਂ ।
ਮੈਂ ਤਾਂ ਝੂਰਨਾ ਆਪਣੇ ਤਾਲਿਆ ਨੂੰ,
ਇਹੋ ਕਰਮ ਨਸੀਬ ਲਖਾਇਆ ਮੈਂ ।
ਕਾਦਰਯਾਰ ਕਹਿੰਦਾ ਪੂਰਨ ਭਗਤ ਓਥ,
ਹੁਣ ਰਾਜੇ ਨੇ ਚੋਰ ਬਣਾਇਆ ਮੈਂ ।। ੧੧ ।।

ਸੀਨ ਸਮਝ ਰਾਜਾ ਬੁਧਿ ਹਾਰ ਨਾਹੀ,
ਕਹਿੰਦੀ ਇੱਛਰਾਂ ਵਾਸਤਾ ਪਾਇਕੇ ਜੀ ।
ਅੰਬ ਵੱਢ ਕੇ ਅੱਕ ਨੂੰ ਵਾੜ ਦੇਵੇਂ,
ਪਛੋਤਾਵੇਂਗਾ ਵਕਤ ਵਿਹਾਏ ਕੇ ਜੀ ।
ਬੂਟਾ ਆਪਣਾ ਆਪ ਪੁਟਾਣ ਲੱਗੋਂ,
ਜੜ੍ਹਾਂ ਮੁੱਢ ਤਾਈਂ ਉਕਰਾਏ ਕੇ ਜੀ ।
ਕਾਦਰਯਾਰ ਜੇ ਪੂਰਨ ਨੂੰ ਮਾਰਿਓ ਈ.

ਬਾਪ ਕੌਣ ਬੁਲਾਊਗਾ ਆਏ ਕੇ ਜੀ ।। ੧੨ ।।

ਸ਼ੀਨ ਸ਼ਕਲ ਨਾ ਰਾਜੇ ਦੀ ਨਰਮ ਹੋਈ.
ਕਹਿਰਵਾਨ ਹੋ ਕੇ ਕਹਿੰਦਾ ਨਾਲ ਗੁੱਸੇ ।
ਬਾਹਰ ਜਾਇ ਕੇ ਚੀਰੋ ਹਲਾਲ ਖ਼ੋਰੇ.
ਛੰਨ ਰੱਤੁ ਪਾਵੋ ਜਿਹੜੀ ਵਿਚ ਜੁੱਸੇ ।
ਇਹਦੇ ਹੱਥ ਸਹਿਕਾਇ ਕੇ ਵੱਢਿਓ ਜੇ.
ਵਾਂਗ ਬੱਕਰੇ ਦੇ ਇਹਦੀ ਜਾਨ ਕੁੱਸੇ ।
ਕਾਦਰਯਾਰ ਜਾਂ ਰਾਜੇ ਦਾ ਹੁਕਮ ਹੋਇਆ.
ਪਕੜ ਲਿਆ ਜੱਲਾਦਾਂ ਨੇ ਵਕਤ ਉਸੇ ।। ੧੩ ।।

ਸ੍ਵਾਦ ਸਾਹਿਬ ਤੋਂ ਲਿਖਿਆ ਲੇਖ ਏਵੇਂ.
ਪੂਰਨ ਭਗਤ ਨੂੰ ਲੈ ਜੱਲਾਦ ਚੱਲੇ ।
ਗਲੀ ਕੂਚਿਆਂ ਸ਼ਹਿਰ ਹੜਤਾਲ ਹੋਈ,
ਪਾਸ ਰੋਣ ਵਜ਼ੀਰ ਦੀਵਾਨ ਖੱਲੇ ।
ਤਦੋਂ ਗ਼ਸ਼ਿ ਆਈ ਰਾਣੀ ਇੱਛਰਾਂ ਨੂੰ.
ਜਾਨ ਨਿਕਲ ਨਾ ਜਾਂਦੀ ਹੈ ਕਿਸੇ ਗੱਲੇ ।
ਕਾਦਰਯਾਰ ਮੀਆਂ ਮਾਵਾਂ ਪੁੱਤਰਾਂ ਨੂੰ .
ਲੂਣਾ ਮਾਰਿਆ ਕੁਫ਼ਰ ਦੇ ਝਾੜ ਪੱਲੇ ।। ੧੪ ।।

ਜ਼ੁਆਦ ਜ਼ਾਮਨੀ ਦੇ ਛੁਡਾਵਣੀ ਹਾਂ.
ਲੂਣਾ ਲਿਖ ਕੇ ਭੇਜਿਆ ਖ਼ਤ ਚੋਰੀ ।
ਪੁੱਤਰ ਬਣਨ ਲੱਗੋਂ ਮੇਰਾ ਪੂਰਨ ਵੇ.
ਦੇਖ ਕਹੀ ਮੈਂ ਦਿੱਤੀ ਆ ਮਾਉਂ ਲੋਰੀ ।
ਆਖੇ ਲੱਗ ਮੇਰੇ ਅਜੇ ਹਈ ਵੇਲਾ.
ਇਸੀ ਵਕਤ ਛੁਡਾਵਸ਼ਾਂ ਨਾਲ ਜੋਰੀ ।
ਕਾਦਰਯਾਰ ਕਿਉਂ ਜਾਨ ਗੁਆਵਨਾ ਹੈਂ.
ਲਾਇ ਦਿਨੀਆਂ ਤੁਹਮਤਾਂ ਵੱਲ ਹੋਰੀ ।। ੧੫ ।।

ਤੋਇ ਤਰਫ ਖ਼ੁਦਾਇ ਦੇ ਜਿੰਦ ਦੇਣੀ.
ਪੂਰਨ ਆਖਦਾ ਵੱਤ ਨਾ ਆਵਣਾ ਈ ।
ਆਖ਼ਰ ਜੀਵਣਾ ਲੱਖ ਹਜ਼ਾਰ ਬਰਸਾਂ.

ਅੰਤ ਫੇਰ ਮਾਇ ਮਰ ਜਾਵਨਾ ਈ ।
ਖ਼ਤ ਵਾਚ ਕੇ ਪੂਰਨ ਨੇ ਲਬ ਸੁਟੀ,
ਕਿਹੜੀ ਗੱਲ ਤੋਂ ਧਰਮ ਗਵਾਵਨਾ ਈ ।
ਕਾਦਰਯਾਰ ਅਣਹੁੰਦੀਆਂ ਕਰਨ ਜਿਹੜੇ,
ਆਖ਼ਰ ਫੇਰ ਉਨ੍ਹਾਂ ਪੱਛੋਤਾਵਨਾ ਈ ।। ੧੬ ।।

ਜ਼ੁਇ ਜ਼ੁਲਮ ਕੀਤਾ ਮਾਇ ਮਾਤਰੇ ਨੀ,
ਪੂਰਨ ਆਖਦਾ ਪੂਰੀ ਨਾ ਪਵੇ ਤੇਰੀ ।
ਮੰਦਾ ਘਾਤ ਕਮਾਇਆ ਈ ਨਾਲ ਮੇਰੇ,
ਧਰਮ ਹਾਰ ਕੇ ਤੁਧ ਦਲੀਲ ਫੇਰੀ ।
ਜਿਹੜੀ ਬਣੀ ਮੈਨੂੰ ਹੁਣ ਝੱਲਸਾਂ ਮੈਂ
ਮਰ ਜਾਇਗੀ ਰੋਂਦੜੀ ਮਾਇ ਮੇਰੀ ।
ਕਾਦਰਯਾਰ ਜੱਲਾਦਾਂ ਨੂੰ ਕਹੇ ਪੂਰਨ,
ਮਿਲ ਲੈਣ ਦੇਵੋ ਮੈਨੂੰ ਇਕ ਵੇਰੀ ।। ੧੭ ।।

ਐਨ ਅਰਜ਼ ਕੀਤੀ ਸਲਵਾਹਨ ਅੱਗੇ,
ਖ਼ਾਤਰ ਮਾਉਂ ਜੱਲਾਦ ਖਲੋਂਵਦੇ ਨੀ ।
ਰਾਣੀ ਇੱਛਰਾਂ ਤੇ ਪੂਰਨ ਭਗਤ ਉੱਥੇ,
ਜਾਂਦੀ ਵਾਰ ਦੋਵੇਂ ਮਿਲ ਰੋਂਵਦੇ ਨੀ ।
ਪਾਣੀ ਡੋਲ੍ਹ ਕੇ ਰੱਤ ਦਾ ਨੀਰ ਉੱਥੇ,
ਦਿਲੋਂ ਹਿਰਸ ਜਹਾਨ ਦੀ ਧੋਂਵਦੇ ਨੀ ।
ਕਾਦਰਯਾਰ ਜੱਲਾਦ ਫਿਰ ਪਏ ਕਾਹਲੇ,
ਪੱਤਰ ਮਾਇ ਥੋਂ ਵਿਦਿਆ ਹੋਂਵਦੇ ਨੀ ।। ੧੮ ।।

ਗ਼ੈਨ ਗ਼ਮ ਖਾਧਾ ਰਾਣੀ ਹੋਈ ਅੰਨ੍ਹੀ,
ਆਹੀਂ ਮਾਰਦੀ ਰੱਬ ਦੇ ਦੇਖ ਬੂਹੇ ।
ਪੁੱਤਰ ਪਕੜ ਬਿਗਾਨਿਆਂ ਮਾਪਿਆਂ ਦੇ,
ਪੂਰਨ ਭਗਤ ਨੂੰ ਲੈ ਗਏ ਬਾਹਰ ਜੂਹੇ ।
ਉਹਦੇ ਦਸਤ ਸਹਿਕਾਏ ਕੇ ਵੱਢਿਓ ਨੇ,
ਉਹਦੀ ਲੋਥ ਵਹਾਂਵਦੇ ਵਿਚ ਖੂਹੇ ।
ਕਾਦਰਯਾਰ ਆ ਲੂਣਾ ਨੂੰ ਦੇਣ ਰੱਤੂ,
ਵੇਖ ਲਾਂਵਦੀ ਹਾਰ ਸ਼ਿੰਗਾਰ ਸਹੇ ।। ੧੯ ।।

## ਕਵੀਓਵਾਚ

ਫੇ ਫੇਰ ਖਲੋਇ ਕੇ ਸਿਫ਼ਤ ਕੀਤੀ,
ਏਹਨਾਂ ਤ੍ਰੀਮਤਾਂ ਖ਼ਾਨ ਨਿਵਾਇ ਦਿੱਤੇ ।
ਰਾਜੇ ਭੋਜ ਉਤੇ ਅਸਵਾਰ ਹੋਈਆਂ,
ਮਾਰ ਅੱਡੀਆਂ ਅਕਲ ਭੁਲਾਇ ਦਿੱਤੇ ।
ਪੂਰਨ ਭਗਤ ਵਿਚਾਰਾ ਸੀ ਕੌਣ ਕੋਈ.
ਯੂਸਫ਼ ਜਹੇ ਤਾਂ ਖੂਹ ਪੁਵਾਇ ਦਿੱਤੇ ।
ਕਾਦਰਯਾਰ ਤ੍ਰੀਮਤਾਂ ਡਾਢੀਆਂ ਨੀ,
ਦਹਿਸਰ ਜੇਹੇ ਤਾਂ ਥਾਂਇ ਮਰਵਾਏ ਦਿੱਤੇ ।। ੨੦ ।।

ਕਾਫ਼ ਕਰਮ ਜਾਂ ਬੰਦੇ ਦੇ ਜਾਗਦੇ ਨੀ,
ਰੱਬ ਆਣ ਸਬੱਬ ਬਣਾਂਵਦਾ ਈ ।
ਸਿਰੋ ਪਾਉ ਪਹਿਨਾਉਂਦਾ ਕੈਦੀਆਂ ਨੂੰ,
ਦੁੱਖ ਦੇਇ ਕੇ ਸੁਖ ਦਿਖਾਉਂਦਾ ਈ ।
ਰੱਬ ਬੇ-ਪ੍ਰਵਾਹ ਬੇਅੰਤ ਹੈ ਜੀ,
ਉਹਦਾ ਅੰਤ ਹਿਸਾਬ ਨਾ ਆਉਂਦਾ ਈ ।
ਕਾਦਰਯਾਰ ਫਿਰ ਸਾਬਤੀ ਦੇਖ ਉਸ ਦੀ,
ਰੱਬ ਹੱਕ ਨੂੰ ਚਾਇ ਪੁਚਾਉਂਦਾ ਈ ।। ੨੧ ।।

## ਗੋਰਖ ਨਾਥ ਦਾ ਆਉਣਾ

ਕਾਫ਼ ਕਈ ਜੋ ਮੁੱਦਤਾਂ ਗੁਜ਼ਰ ਗਈਆਂ,
ਬਾਰਾਂ ਬਰਸ ਗੁਜ਼ਰੇ ਪੂਰਨ ਖੂਹ ਪਾਇਆਂ ।
ਸਾਈਂ ਕਰਮ ਕੀਤਾ ਬਖ਼ਸ਼ਨਹਾਰ ਹੋਇਆ,
ਕੋਈ ਹੁਕਮ ਸਬੱਬ ਦਾ ਆਣ ਲਾਇਆ ।
ਗੁਰੂ ਗੋਰਖ ਨਾਥ ਨੂੰ ਖ਼ੁਸ਼ੀ ਹੋਈ.
ਸਿਆਲਕੋਟ ਦੀ ਤਰਫ਼ ਨੂੰ ਸੈਲ ਆਇਆ ।
ਕਾਦਰਯਾਰ ਜਾ ਖੂਹੇ ਤੇ ਕਰਨ ਡੇਰਾ,
ਇਕ ਸਾਧ ਜੋ ਪਾਣੀ ਨੂੰ ਲੈਣ ਧਾਇਆ ।। ੨੨ ।।

ਲਾਮ ਲੱਜ ਤਾਂ ਖੂਹੇ ਵਹਾਇ ਦਿੱਤੀ,
ਤਲੇ ਪਾਣੀ ਦੇ ਵਲ ਧਿਆਨ ਕਰਕੇ,

ਵਿੱਚੋਂ ਆਦਮੀ ਦਾ ਬੁੱਤ ਨਜ਼ਰ ਆਇਆ,
ਸਾਧ ਵੇਖਦਾ ਬੁੱਤ ਨਜ਼ੀਰ ਧਰ ਕੇ ।
ਖਾਧਾ ਖ਼ੌਫ ਤੇ ਹੋਸ਼ ਨਾ ਰਹੀ ਕਾਈ,
ਦੌੜ ਆਇਆ ਗੁਰੂ ਦੇ ਪਾਸ ਡਰ ਕੇ ।
ਕਾਦਰਯਾਰ ਸੁਣਾਂਵਦਾ ਗੁਰੂ ਤਾਈਂ,
ਆਇਆ ਜੀਂਵਦਾ ਮੈਂ ਕਿਵੇਂ ਕਿਵੇਂ ਮਰ ਕੇ ।। ੨੩ ।।

ਮੀਮ ਮੈਂ ਜਾ ਗੁਰੂ ਜੀ ਖੂਹੇ ਚੜ੍ਹਿਆ,
ਤਲੇ ਪਾਣੀ ਦੇ ਵਲ ਧਿਆਨ ਪਾਇਆ ।
ਖਾਧਾ ਖ਼ੌਫ ਤੇ ਹੋਸ਼ ਨਾ ਰਹੀ ਕਾਈ,
ਵਿੱਚੋਂ ਆਦਮੀ ਦਾ ਬੁੱਤ ਨਜ਼ਰ ਆਇਆ ।
ਕਰਮ ਕਰੋ ਤੇ ਚਲ ਕੇ ਆਪ ਦੇਖੋ,
ਕੋਈ ਆਦਮੀ, ਜਿੰਨ ਕਿ ਭੂਤ ਸਾਇਆ ।
ਕਾਦਰਯਾਰ ਅਚਰਜ ਦੀ ਗੱਲ ਸੁਣ ਕੇ
ਸਾਰਾ ਝੁੰਡ ਗੁਰੂ ਸੇਤੀ ਉਠਿ ਧਾਇਆ ।। ੨੪ ।।

## ਗੁਰੂ ਗੋਰਖ ਦਾ ਪੂਰਨ ਨੂੰ ਖੂਹ ਵਿਚੋਂ ਕਢਾਉਣਾ

ਨੂਨ ਨਾਲ ਦੇ ਸਾਧ ਖ਼ਮੋਸ਼ ਹੋਇ,
ਗੁਰੂ ਪੁੱਛਦਾ ਆਪ ਖਲੋਇ ਕੇ ਜੀ ।
ਸੱਚ ਦੱਸੁ ਖਾਂ ਤੂੰ ਹੈਂ ਕੌਣ ਕੋਈ,
ਗੁਰੂ ਪੁੱਛਦਾ ਕਾਹਲਿਆਂ ਹੋਇ ਕੇ ਜੀ ।
ਬਾਰਾਂ ਬਰਸ ਨਾ ਆਦਮੀ ਮੂੰਹ ਲੱਗਾ,
ਪੂਰਨ ਬੋਲਿਆ ਸੀ ਵਿਚੋਂ ਰੋਇ ਕੇ ਜੀ ।
ਕਾਦਰਯਾਰ ਮੈਂ ਰੂਪ ਹਾਂ ਆਦਮੀ ਦਾ,
ਭਾਵੇਂ ਦੇਖ ਲਵੋ ਅਜ਼ਮਾਇ ਕੇ ਜੀ ।। ੨੫ ।।

ਵਾਉ ਵਾਸਤਾ ਪਾਇ ਕੇ ਕਹੇ ਪੂਰਨ,
ਮੰਨੋ ਰੱਬ ਦੇ ਨਾਉਂ ਸੁਆਲ ਮੇਰਾ ।
ਜਿਹੜੀ ਬਣੀ ਸੀ ਆਖਿ ਸੁਣਾਵਸਾਂ ਮੈਂ,
ਜਿਸ ਕਾਰਨ ਹੋਇਆ ਇਹ ਹਾਲ ਮੇਰਾ ।
ਅਹਿਲ ਤਰਸ ਹੋ ਸਾਈਂ ਦੇ ਰੂਪ ਤੁਸੀਂ,
ਬਾਹਰ ਕੱਢ ਕੇ ਪੁੱਛੋ ਹਵਾਲ ਮੇਰਾ ।

ਕਾਦਰਯਾਰ ਤੁਸੀਂ ਕੱਢੋ ਬਾਹਰ ਮੈਨੂੰ.
ਫੇਰ ਪੁੱਛਣਾ ਹਾਲ ਅਹਿਵਾਲ ਮੇਰਾ ।। ੨੬ ।।

ਹੇ ਹੁਕਮ ਜੁਬਾਨ ਥੀਂ ਨਾਥ ਕੀਤਾ,
ਲੱਜ ਤੁਰਤ ਵਹਾਂਵਦੇ ਵਿਚ ਚੇਲੇ ।
ਪੂਰਨ ਬਾਹਰ ਆਇਆ ਗੁਰੂ ਲੋਥ ਡਿੱਠੀ.
ਜਿਵੇਂ ਘਾਇਲ ਕੀਤਾ ਸ਼ੇਰ ਵਿਚ ਬੇਲੇ ।
ਸੋਹਣੀ ਸੂਰਤਿ ਵਿਚ ਨਾ ਫਰਕ ਕੋਈ.
ਹੱਥ ਪੈਰ ਮੇਲੇ ਗੁਰੂ ਓਸ ਵੇਲੇ ।
ਕਾਦਰਯਾਰ ਜਾ ਰੱਬ ਨੂੰ ਯਾਦ ਕੀਤਾ.
ਸੱਚਾ ਰੱਬ ਜੋ ਇਸ ਦੇ ਜ਼ਖ਼ਮ ਮੇਲੇ ।। ੨੭ ।।

ਲਾਮ ਲੋਥ ਚੁਕਾਇ ਕੇ ਗੁਰੂ ਹੋਰਾਂ.
ਪੂਰਨ ਭਗਤ ਨੂੰ ਆਂਦਾ ਹੈ ਚੁੱਕ ਡੇਰੇ ।
ਬੈਠ ਨਾਲ ਤਾਗੀਦ ਦੇ ਪੁੱਛਿਓ ਨੇ.
ਕਿਹੜੇ ਸ਼ਹਿਰ ਨੀ ਲੜਕਿਆ ਘਰ ਤੇਰੇ ।
ਕਿਸ ਦਾ ਪੁੱਤ ਤੇ ਕੀ ਹੈ ਨਾਉਂ ਤੇਰਾ,
ਕਿੰਨ ਖੂਹ ਪਾਇਆ ਵੱਢੇ ਹੱਥ ਤੇਰੇ ।
ਕਾਦਰਯਾਰ ਸੁਣਾਂਵਦਾ ਗੁਰੂ ਤਾਈਂ.
ਰੱਬ ਜਾਣਦਾ ਜੋ ਬਣੀ ਨਾਲ ਮੇਰੇ ।। ੨੮ ।।

ਅਲਫ ਆਖਦਾ ਮੁਲਖ ਉਜੈਨ ਸਾਡਾ.
ਰਾਜਾ ਬਿਕ੍ਰਮਜੀਤ ਦੀ ਵੱਲ ਹੈ ਜੀ ।
ਉਸ ਮੁਲਖੋਂ ਆਇਆ ਸਾਡਾ ਬਾਪ ਦਾਦਾ.
ਸਿਆਲਕੋਟ ਬੈਠੇ ਹੁਣ ਮੱਲ ਹੈ ਜੀ ।
ਪੂਰਨ ਨਾਉਂ ਤੇ ਪੁੱਤਰ ਸਲਵਾਹਨ ਦਾ ਹਾਂ.
ਜਿਸ ਵੱਢ ਸੁਟਾਇਆ ਵਿਚ ਡੱਲ ਦੇ ਜੀ ।
ਕਾਦਰਯਾਰ ਸੁਣ ਆਪਣਾ ਆਪ ਦੱਸੋ.
ਤਦੇ ਖੋਲ੍ਹ ਦੱਸਾਂ ਅੱਗੋਂ ਗੱਲ ਹੈ ਜੀ ।। ੨੯ ।।

ਯੇ ਯਾਦ ਕਰ ਚੇਲਿਆਂ ਕਹਿਆ ਕੋਲੋਂ,
ਗੁਰ ਨਾਥ ਜਾਂ ਹੋਇਆ ਬਖ਼ਸ਼ਨਹਾਰਾ ।

ਕੁਝ ਮੰਗ ਲੈ ਬੇਪਰਵਾਹੀਆਂ ਥੋਂ,
ਟਿੱਲੇ ਥਾਲ ਗੁੰਦਾਈ ਦਾ ਸੰਤੁ ਭਾਰਾ ।
ਇਹਦਾ ਜੋਗ ਦਰਗਾਹ ਮਨਜ਼ੂਰ ਹੋਇਆ,
ਮੱਥਾ ਟੇਕਦਾ ਕੁਲ ਜਹਾਨ ਸਾਰਾ ।
ਕਾਦਰਯਾਰ ਫਕੀਰਾਂ ਦੀ ਗੱਲ ਸੁਣ ਕੇ,
ਪੂਰਨ ਪਿਆ ਪੈਰੀ ਹੋਇਆ ਮਿੰਨਤਦਾਰਾ ।। ੩੦ ।।

ਤੀਜੀ ਸੀਹਰਫ਼ੀ

## ਪੂਰਨ ਦਾ ਗੁਰੂ ਗੋਰਖ ਨੂੰ ਆਪਣਾ ਹਾਲ ਦੱਸਣਾ

ਅਲਫ ਆਖ ਸੁਣਾਵਾਂਦਾ ਗੁਰੂ ਤਾਈਂ,
ਕਿੱਸਾ ਹਾਲ ਹਕੀਕਤਾਂ ਖੋਲ੍ਹ ਕੇ ਜੀ ।
ਨੇਕੀ ਮਾਇ ਤੇ ਬਾਪ ਦੀ ਯਾਦ ਕਰ ਕੇ,
ਸੱਭੋ ਦੱਸਦਾ ਓਸ ਨੂੰ ਫੋਲ ਕੇ ਜੀ ।
ਗੁਰੂ ਨਾਥ ਜਾ ਓਸ ਦੇ ਦਰਦ ਰੁੰਨਾ,
ਹੰਝੂ ਰੱਤ ਦੀਆ ਅੱਖੀਂ ਡੋਲ੍ਹ ਕੇ ਜੀ ।
ਕਾਦਰਯਾਰ ਸੁਣਾਵਦਾ ਗੱਲ ਸਭੋ,
ਸੁਖ਼ਨ ਦਰਦ ਫਿਰਾਕ ਦੇ ਬੋਲ ਕੇ ਜੀ ।। ੧ ।।

ਬੇ ਬਹੁਤ ਸਾਂ ਲਾਡਲਾ ਜੰਮਿਆ ਮੈਂ,
ਘੱਤ ਧੌਲਰੀਂ ਪਾਲਿਆ ਬਾਪ ਮੈਨੂੰ ।
ਬਾਰ੍ਹੀਂ ਵਰ੍ਹੀਂ ਮੈਂ ਗੁਰੂ ਜੀ ਬਾਹਰ ਆਇਆ,
ਜਦੋਂ ਹੁਕਮ ਕੀਤਾ ਬਾਬਲ ਆਪ ਮੈਨੂੰ ।
ਲਾਗੀ ਸੱਦ ਕੇ ਕਰਨ ਵਿਆਹ ਲੱਗੇ,
ਚੜ੍ਹ ਗਿਆ ਸੀ ਗ਼ਮ ਦਾ ਤਾਪ ਮੈਨੂੰ ।
ਕਾਦਰਯਾਰ ਮੈਂ ਆਖਿਆ ਬਾਪ ਨੂੰ ਜੀ,
ਨਹੀਂ ਭਾਂਵਦੀ ਏ ਗੱਲ ਆਪ ਮੈਨੂੰ ।। ੨ ।।

ਤੇ ਤੱਕ ਡਿੱਠਾ ਬਾਬਲ ਵੱਲ ਮੇਰੇ,
ਦਿਲੋਂ ਸਮਝਿਆ ਮੈਂ ਹੋਈ ਕਹਿਰਵਾਨੀ ।
ਕਿਵੇਂ ਰੱਬ ਕਰਾਇਆ ਤੇ ਆਖਿਓ ਸੂ,
ਕਰ ਹਕਮ ਜ਼ੁਬਾਨ ਥੀਂ ਮਿਹਰਬਾਨੀ ।

ਜਾਇ ਪੂਰਨਾ ਮਾਇ ਨੂੰ ਟੇਕ ਮੱਥਾ.
ਗੱਲ ਸਮਝੀਏ ਗੁਰੂ ਜੀ ਹੋਇ ਦਾਨੀ ।
ਕਾਦਰਯਾਰ ਮੈਂ ਜਾਇ ਜਾਂ ਮਹਲ ਵੜਿਆ.
ਦੇਖ ਹੋਇਆ ਸੀ ਲੂਣਾ ਦਾ ਸਿਦਕ ਫ਼ਾਨੀ ।। ੩ ।।

ਸੇ ਸਾਬਤੀ ਰਹੀ ਨਾ ਵਿਚ ਉਸ ਦੇ
ਮੈਨੂੰ ਪਕੜ ਕੇ ਪਾਸ ਬਹਾਨ ਲੱਗੀ ।
ਗੁਰੂ ਨਾਥ ਜੀ ਗੱਲ ਨੂੰ ਸਮਝਿਆ ਜੇ.
ਕਿਲ੍ਹਾ ਜ਼ਿਮੀਂ ਅਸਮਾਨ ਦਾ ਢਾਹਣ ਲੱਗੀ ।
ਕੰਨੀ ਖਿੱਚ ਮੈਂ ਅੰਦਰੋਂ ਬਾਹਰ ਆਇਆ.
ਜਦੋਂ ਧਰਮ ਡਿੱਠਾ ਜਿੰਦ ਜਾਨ ਲੱਗੀ ।
ਕਾਦਰਯਾਰ ਜਾਂ ਰਾਤ ਨੂੰ ਆਇਆ ਰਾਜਾ,
ਉਹਨੂੰ ਨਾਲਸ਼ਾਂ ਨਾਲ ਸਿਖਾਣ ਲੱਗੀ ।। ੪ ।।

ਜੀਮ ਜਦੋਂ ਸੁਣੀ ਰਾਜੇ ਗੱਲ ਉਹਦੀ.
ਉਸੇ ਵਕਤ ਮੈਨੂੰ ਸੱਦਵਾਇ ਕੇ ਜੀ.
ਕਹਿਰਵਾਨ ਹੋਇ ਬਾਪ ਦੇ ਨੈਨ ਖ਼ੂਨੀ,
ਧੱਪਾ ਮਾਰਿਆ ਪਾਸ ਬਿਠਲਾਇ ਕੇ ਜੀ ।
ਉਸੇ ਵਖਤ ਜੱਲਾਦਾ ਨੂੰ ਆਖਿਆ ਸੂ,
ਖੂਹੇ ਵਿਚ ਪਾਓ ਇਹਨੂੰ ਜਾਇ ਕੇ ਜੀ ।
ਕਾਦਰਯਾਰ ਮੀਆਂ ਏਸ ਖੂਹੇ ਅੰਦਰ,
ਕਰ ਗਏ ਦਾਖ਼ਲ ਮੈਨੂੰ ਆਇ ਕੇ ਜੀ ।। ੫ ।।

ਹੇ ਹਾਲ ਸੁਣਾਂਵਦਾ ਗੁਰੂ ਤਾਈਂ.
ਕੇਹਾ ਵਰਤਿਆ ਇਹ ਨਜ਼ੂਲ ਮੈਨੂੰ ।
ਮੇਰੇ ਮਾਇ ਤੇ ਬਾਪ ਦੇ ਵੱਸ ਨਾਹੀ.
ਸੱਭੇ ਰੱਬ ਦਿਖਾਂਵਦਾ ਸੂਲ ਮੈਨੂੰ ।
ਕਰੋ ਕਰਮ ਜੀ ਰੱਬ ਦਾ ਵਾਸਤਾ ਜੇ.
ਹੋਵਨ ਨੈਣ ਪਰਾਣ ਵਸੂਲ ਮੈਨੂੰ.
ਕਾਦਰਯਾਰ ਸੁਣਾਂਵਦਾ ਗੁਰੂ ਤਾਈਂ.
ਪਿੱਛਾ ਦੇਇ ਨਾ ਜਾਇ ਸੂ ਮੂਲ ਮੈਨੂੰ ।। ੬ ।।

ਖ਼ੇ ਖ਼ੁਸ਼ੀ ਹੋਈ ਗੁਰੂ ਨਾਥ ਤਾਈਂ,
ਜਲ ਪਾਇ ਕੇ ਪੂਰਿਆਂ ਤੁਰਤ ਕੀਤਾ ।
ਹੱਥੀਂ ਆਪਣੀ ਓਸ ਦੇ ਮੂੰਹ ਲਾਇਆ,
ਪੜਦੇ ਖੁਲ੍ਹ ਗਏ ਜਦੋਂ ਘੁੱਟ ਪੀਤਾ ।
ਫੇਰ ਬੇਪਰਵਾਹ ਗੁਰੂ ਨਾਥ ਹੁਰਾਂ,
ਪੂਰਨ ਭਗਤ ਤਾਈਂ ਸਾਵਧਾਨ ਕੀਤਾ ।
ਕਾਦਰਯਾਰ ਗੁਜ਼ਾਰ ਕੇ ਬਰਸ ਬਾਰਾਂ,
ਖਸਤਹਾਲ ਤਾਈਂ ਖ਼ੁਸ਼ਹਾਲ ਕੀਤਾ । ੭ । । ।

## ਪੂਰਨ ਦੀ ਯੋਗ ਦੀ ਮੰਗ ਤੇ ਗੋਰਖ ਦੀ ਪ੍ਰਵਾਨਗੀ

ਦਾਲ ਦੇਣ ਲੱਗਾ ਰੁਖ਼ਸਤ ਓਸ ਵੇਲੇ,
ਗੁਰੂ ਆਖਦਾ ਬੱਚਾ ਜੀ ਮੁਲਖ ਜਾਵੇਂ ।
ਦੇਖ ਬਾਪ ਤੇ ਮਾਇ ਨੂੰ ਠੰਡ ਪਾਵੇਂ,
ਦੁੱਖ ਕੱਟਿਆ ਜਾਇ ਤੇ ਸੁੱਖ ਪਾਵੇਂ ।
ਪੂਰਨ ਆਖਦਾ ਬੇਹਿਸਾਬ ਹੈ ਜੀ,
ਕੰਨ ਪਾੜ ਮੇਰੇ ਅੰਗ ਖ਼ਾਕ ਲਾਵੇਂ ।
ਕਾਦਰਯਾਰ ਕਹਿੰਦਾ ਪੂਰਨ ਭਗਤ ਓਥੇ,
ਮਿਹਰਬਾਨਗੀ ਦੇ ਘਰ ਵਿਚ ਆਵੇਂ । । ੮ । ।

ਜ਼ਾਲ ਜ਼ਰਾ ਨਾ ਪਓ ਖ਼ਿਆਲ ਮੇਰੇ,
ਗੁਰੂ ਆਖਦਾ ਜੋਗ ਕਮਾਨ ਔਖਾ ।
ਫ਼ਾਕਾ ਫ਼ਿਕਰ ਤੇ ਸਫ਼ਰ ਕਬੂਲ ਕਰਨਾ,
ਦੁਨੀਆ ਛੱਡ ਦੇਣੀ ਮਰ ਜਾਣ ਔਖਾ ।
ਕਾਮ ਮਾਰ ਕੇ ਕ੍ਰੋਧ ਨੂੰ ਦੂਰ ਕਰਨਾ,
ਮੰਦੀ ਹਿਰਸ ਦਾ ਤੋੜਨਾ ਮਾਨ ਔਖਾ ।
ਕਾਦਰਯਾਰ ਕਹਿੰਦਾ ਗੁਰੂ ਪੂਰਨ ਤਾਈਂ,
ਏਸ ਰਾਹ ਦਾ ਮਸਲਾ ਪਾਨ ਔਖਾ । । ੯ । ।

ਰੇ ਰੋਇ ਕੇ ਪੂਰਨ ਹੱਥ ਬੰਨ੍ਹੇ,
ਲੜ ਛੱਡ ਤੇਰਾ ਕਿਥੇ ਜਾਵਸਾਂ ਮੈਂ ।
ਫ਼ਾਕਾ ਫ਼ਿਕਰ ਤੇ ਸਬਰ ਕਬੂਲ ਸਿਰ ਤੇ,

ਤੇਰਾ ਹੁਕਮ ਬਜਾਇ ਲਿਆਵਸਾਂ ਮੈਂ ।
ਕਰੋਂ ਕਰਮ ਤੇ ਸੀਸ ਪਰ ਹੱਥ ਰੱਖੇ,
ਖ਼ਿਜ਼ਮਤਗਾਰ ਗ਼ੁਲਾਮ ਸਦਾਵਸਾਂ ਮੈਂ ।
ਕਾਦਰਯਾਰ ਤਵਾਜ਼ਿਆ ਹੋਗੁ ਜਿਹੜੀ,
ਟਹਿਲ ਸਾਬਤੀ ਨਾਲ ਕਮਾਵਸਾਂ ਮੈਂ ।। ੧੦ ।।

ਜ਼ੇ ਜ਼ੋਰ ਬੇਜ਼ੋਰ ਹੋ ਗੁਰੂ ਅੱਗੇ,
ਪੂਰਨ ਆਇ ਕੇ ਸੀਸ ਨਿਵਾਂਵਦਾ ਏ ।
ਗੁਰੂ ਪਕੜ ਕੇ ਸੀਸ ਤੋਂ ਲਿੱਟ ਕਤਰੀ,
ਕੰਨ ਪਾੜ ਕੇ ਮੁੰਦਰਾਂ ਪਾਂਵਦਾ ਏ ।
ਗੇਰੀ ਰੰਗ ਪੁਸ਼ਾਕੀਆਂ ਖੋਲ੍ਹ ਬੁਚਕੇ,
ਹੱਥੀਂ ਆਪਣੀ ਨਾਥ ਪਹਿਨਾਂਵਦਾ ਏ ।
ਕਾਦਰਯਾਰ ਗੁਰੂ ਸਵਾ ਲੱਖ ਵਿੱਚੋਂ,
ਪੂਰਨ ਭਗਤ ਮਹੰਤ ਬਣਾਂਵਦਾ ਏ ।। ੧੧।

## ਕਵੀਓਵਾਚ

ਸੀਨ ਸੁਣੋ ਲੋਕੋ ਕਿੱਸਾ ਆਸ਼ਕਾਂ ਦਾ,
ਜਿਨ੍ਹਾਂ ਰੱਬ ਦੇ ਨਾਮ ਤੋਂ ਜਾਨ ਵਾਰੀ ।
ਓਨ੍ਹਾਂ ਜਾਨ ਤੋਂ ਮੌਤ ਕਬੂਲ ਕੀਤੀ,
ਪਰ ਸਾਬਤੀ ਨਾ ਦਿਲੋਂ ਮੂਲ ਹਾਰੀ ।
ਰੱਬ ਜਦ ਕਦ ਓਨ੍ਹਾਂ ਨੂੰ ਬਖ਼ਸ਼ਦਾ ਹੈ,
ਦੁੱਖ ਦੇਇ ਕੇ ਸੁੱਖ ਦੀ ਕਰੇ ਕਾਰੀ ।
ਕਾਦਰਯਾਰ ਜੇ ਓਸ ਦੇ ਹੋਇ ਰਹੀਏ,
ਸ਼ਰਮ ਪੈਂਦੀ ਹੈ ਉਸ ਨੂੰ ਬਹੁਤ ਭਾਰੀ ।। ੧੨ ।।

## ਪੂਰਨ ਦਾ ਸੁੰਦਰਾਂ ਤੋਂ ਖ਼ੈਰ ਲਿਆਉਣਾ

ਸ਼ੀਨ ਸ਼ਹਿਰ ਭਲਾ ਰਾਣੀ ਸੁੰਦਰਾਂ ਦਾ,
ਪੂਰਨ ਚੱਲਿਆ ਖ਼ਾਕ ਰਮਾਏ ਕੇ ਜੀ ।
ਜੋਗੀ ਆਖਦੇ ਪੂਰਨਾ ਅੱਜ ਜੇ ਤੂੰ,
ਆਵੇਂ ਸੁੰਦਰਾਂ ਤੋਂ ਫਤਹਿ ਪਾਇ ਕੇ ਜੀ ।
ਅੱਗੋਂ ਕਈ ਜੋਗੀ ਉਥੇ ਹੋਇ ਆਏ,

ਮਹਿਲੀਂ ਬੈਨ ਆਵਾਜ਼ ਬੁਲਾਇ ਕੇ ਜੀ।
ਕਾਦਰਯਾਰ ਤੇਰੀ ਸਾਨੂੰ ਖ਼ਬਰ ਨਾਹੀ,
ਜ਼ੋਰ ਕਰੇਂ ਜੇ ਪੂਰਨਾ ਜਾਇ ਕੇ ਜੀ।। ੧੩।।

ਸ੍ਵਾਦ ਸਾਹਿਬ ਦਾ ਨਾਮ ਧਿਆਏ ਕੇ ਜੀ,
ਪੂਰਨ ਆਖਦਾ ਹੁਕਮ ਦੀ ਢਿੱਲ ਕਾਈ।
ਗੁਰੂ ਨਾਥ ਫੜਾਇ ਕੇ ਹੱਥ ਲੋਟਾ,
ਥਾਪੀ ਪੁਸ਼ਤ ਪਨਾਹ ਦੀ ਮਗਰ ਲਾਈ।
ਗੁਰੂ ਆਖਦਾ ਬੱਚਾ ਜੀ ਮਗਰ ਲਾਈ
ਗੁਰੂ ਆਖਦਾ ਬੱਚਾ ਜੀ ਮੱਤ ਸਾਡੀ,
ਹਰ ਕਿਸੇ ਨੂੰ ਸਮਝਨਾ ਭੈਣ ਮਾਈ।
ਕਾਦਰਯਾਰ ਸੰਮਾਲ ਕੇ ਮੁਲਖ ਫਿਰਨਾ,
ਮਤਿ ਦਾਗੁ ਨਾ ਸੂਰਤਿ ਨੂੰ ਲੱਗ ਜਾਈ।। ੧੪।।

ਜੁਆਦ ਜ਼ਰੂਰਤ ਜੇ ਕਿਸੇ ਦੀ ਹੁੰਦੀ ਮੈਨੂੰ,
ਕਿਉਂ, ਆਪਣਾ ਆਪ ਗੁਵਾਂਵਦਾ ਮੈਂ।
ਪਹਿਲਾਂ ਲੂਣਾ ਦਾ ਆਖਿਆ ਮੰਨ ਲੈਂਦਾ,
ਖੂਹੇ ਪੈਂਦਾ ਕਿਉਂ ਦਸਤ ਵਢਾਉਂਦਾ ਮੈਂ।
ਹੁਣ ਫੇਰ ਰਹੇ ਤੁਸੀਂ ਆਖ ਮੈਨੂੰ,
ਹਿਰਸ ਹੁੰਦੀ ਤੇ ਮੁਲਖ ਨੂੰ ਜਾਉਂਦਾ ਮੈਂ।
ਕਾਦਰਯਾਰ ਜੇ ਖ਼ੁਸ਼ੀ ਦੀ ਗੱਲ ਹੁੰਦੀ,
ਘਰ ਸੈ ਵਿਆਹ ਕਰਾਉਂਦਾ ਪ।। ੧੫।।

ਤੋਇ ਤਾਲਿਆ ਵੰਦ ਫਕੀਰ ਪੂਰਨ,
ਪਹਿਲੇ ਰੋਜ਼ ਗਦਾਈ ਨੂੰ ਚੱਲਿਆ ਈ।
ਰਾਣੀ ਸੁੰਦਰਾਂ ਦੇ ਮਹਿਲ ਜਾਇ ਵੜਿਆ,
ਬੂਹਾ ਰੰਗ ਮਹਿਲ ਦਾ ਮੱਲਿਆ ਈ।
ਮਹਿਲਾਂ ਹੇਠ ਜਾਂ ਪੂਰਨ ਆਵਾਜ਼ ਕੀਤੀ,
ਰਾਣੀ ਖ਼ੈਰ ਗੋਲੀ ਹੱਥ ਘੱਲਿਆ ਈ।
ਕਾਦਰਯਾਰ ਗ਼ੁਲਾਮ ਬਿਹੋਸ਼ ਹੋਈ।
ਸੂਰਤ ਵੇਖ ਸੀਨਾ ਥਰਥੱਲਿਆ ਈ।। ੧੬।।
ਜ਼ੋਇ ਜ਼ਾਹਰਾ ਗੋਲੀ ਨੂੰ ਕਹੇ ਪੂਰਨ,

ਘੱਲ ਰਾਣੀ ਨੂੰ ਆਇ ਕੇ ਖ਼ੈਰ ਪਾਵੇ ।
ਅਸੀਂ ਖ਼ੈਰ ਲੈਣਾ ਰਾਣੀ ਸੁੰਦਰਾਂ ਤੋਂ,
ਤੁਸਾਂ ਗੋਲੀਆਂ ਥੋਂ ਨਹੀਂ ਲੈਣ ਆਏ ।
ਪੂਰਨ ਕਿਹਾ ਤਾਂ ਗੋਲੀ ਨਾ ਉਜ਼ਰ ਕੀਤਾ,
ਪਿੱਛਾਂ ਪਰਤ ਕੇ ਰਾਣੀ ਦੇ ਕੋਲ ਜਾਏ ।
ਕਾਦਰਯਾਰ ਮੀਆਂ ਰਾਣੀ ਸੁੰਦਰਾਂ ਨੂੰ,
ਗੋਲੀ ਜਾਇ ਤਾਹਨਾ ਤਨ ਬੀਚ ਲਾਏ ।। ੧੭ ।।

ਐਨ ਅਰਜ਼ ਮੰਨ ਰਾਣੀਏ ਕਹੇ ਗੋਲੀ,
ਤੈਨੂੰ ਸੂਰਤ ਦਾ ਵੱਡਾ ਮਾਨ ਮੋਈਏ ।
ਜਿਹੜਾ ਆਇਆ ਅੱਜ ਫ਼ਕੀਰ ਸਾਈਂ,
ਮੈਂ ਵੀ ਵੇਖ ਕੇ ਹੋਈ ਹੈਰਾਨ ਮੋਈਏ ।
ਤੇਰੇ ਕੋਲੋਂ ਹੈ ਸੋਹਣਾ ਦਸ ਹਿੱਸੇ,
ਭਾਵੇਂ ਗ਼ੈਰਤਾਂ ਦਿਲ ਵਿਚ ਜਾਨ ਮੋਈਏ ।
ਕਾਦਰਯਾਰ ਮੈਥੋਂ ਨਹੀਂ ਖ਼ੈਰ ਲੈਂਦਾ,
ਤੇਰੇ ਦੇਖਣ ਨੂੰ ਖੜਾ ਆਨ ਮੋਈਏ ।। ੧੮ ।।

## ਪੂਰਨ ਨੂੰ ਵੇਖਦਿਆਂ ਹੀ ਸੁੰਦਰਾਂ ਦਾ ਮੋਹਤ ਹੋ ਜਾਣਾ

ਗ਼ੈਨ ਗੁੱਸਾ ਆਇਆ ਰਾਣੀ ਸੁੰਦਰਾਂ ਨੂੰ,
ਬਾਰੀ ਖੋਲ੍ਹ ਝਰੋਖੇ ਦੇ ਵਿਚ ਰਾਣੀ ।
ਕਰ ਨਜ਼ਰ ਫਕੀਰ ਦੀ ਤਰਫ਼ ਡਿੱਠਾ,
ਸੂਰਤ ਦੇਖ ਕੇ ਓਸ ਦੀ ਸਿੱਕ ਧਾਣੀ ।
ਆਖੇ ਗੋਲੀਏ ਨੀ ਇਹਨੂੰ ਸੱਦ ਅੰਦਰ,
ਇਹਦੀ ਸੂਰਤ ਹੀ ਮੇਰੀ ਮਨ ਭਾਣੀ ।
ਕਾਦਰਯਾਰ ਗੋਲੀ ਕਹਿੰਦੀ ਆਉ ਅੰਦਰ,
ਰਾਣੀ ਸੁੰਦਰਾਂ ਦੇ ਦਿਲ ਮਿਹਰਬਾਨੀ ।। ੧੯ ।।

ਫੇ ਫੇਰ ਕਹਿਆ ਪੂਰਨ ਭਗਤ ਅੱਗੋਂ,
ਅੰਦਰ ਜਾਣ ਫ਼ਕੀਰਾਂ ਦਾ ਕਰਮ ਨਾਹੀ ।
ਬਾਹਰ ਆਇ ਕੇ ਰਾਣੀ ਤੂੰ ਖ਼ੈਰ ਪਾਈਂ,
ਅਸੀਂ ਫ਼ਕਰ ਹਾਂ ਤੇ ਦਿਲੋਂ ਨਰਮੁ ਨਾਹੀ ।

ਅਸੀਂ ਆਏ ਹਾਂ ਤਲਬ ਦੀਦਾਰ ਦੀ ਨੂੰ.
ਕੋਈ ਹੋਰ ਸਾਡੇ ਦਿਲ ਭਰਮ ਨਾਹੀ।
ਕਾਦਰਯਾਰ ਅਸੀਲਾਂ ਦੇ ਅਸੀਂ ਜਾਏ.
ਕੋਈ ਜਾਤਿ ਕੁਜਾਤਿ ਬੇਧਰਮੁ ਨਾਹੀ।। ੨੦।।

ਕਾਫ਼ ਕੁਫਲ ਸੰਦੂਕ ਦਾ ਖੋਲ੍ਹ ਰਾਣੀ.
ਭਰੀ ਬੋਰੀ ਉਲੱਟ ਕੇ ਢੇਰ ਕਰਦੀ।
ਹੀਰੇ ਲਾਲ ਜਵਾਹਰ ਹੋਰ ਪਾਏ.
ਭਰੇ ਥਾਲ ਲਿਆਂਵਦੀ ਪੂਰ ਜ਼ਰਦੀ।
ਰਾਣੀ ਸੁੰਦਰਾਂ ਮੁੱਖ ਤੋਂ ਲਾਹਿ ਪੜਦਾ,
ਚਰਨ ਚੁੰਮ ਕੇ ਪੈਰ ਤੇ ਸੀਸ ਧਰਦੀ।
ਕਾਦਰਯਾਰ ਕਹੇ ਖੜੇ ਹੋ ਰਹੋ ਇਥੇ.
ਰੋਜ਼ ਰਹਾਂਗੀ ਹੋਇ ਗ਼ੁਲਾਮ ਬਰਦੀ।। ੨੧।।

ਕਾਫ ਕਰਮ ਕਰੋ ਵਸੋਂ ਪਾਸ ਮੇਰ.
ਖਲੀ ਇਕ ਮੈਂ ਅਰਜ਼ ਗੁਜ਼ਾਰਨੀ ਹਾਂ।
ਅੰਦਰ ਚਲੋ ਤਾਂ ਰੰਗ ਮਹਲ ਤਾਈਂ.
ਤੋਸਕ ਫ਼ਰਸ਼ ਵਿਛਾਇ ਬਹਾਵਨੀ ਹਾਂ।
ਕਰਾਂ ਟਹਿਲ ਜੋ ਤੁਸਾਂ ਦੀ ਖ਼ੁਸ਼ੀ ਹੋਵੇ,
ਭੋਜਨ ਖਾਓ ਤਾਂ ਤੁਰਤ ਪਕਾਵਨੀ ਹਾਂ।
ਕਾਦਰਯਾਰ ਰਾਣੀ ਖੜੀ ਅਰਜ਼ ਕਰਦੀ.
ਘੜੀ ਰਹੋ ਤਾਂ ਜੀਓਕਾ ਪਾਵਨੀ ਹਾਂ।। ੨੨।।

ਲਾਮ ਲਿਆਈਏ ਭਿੱਛਿਆ ਕਹੇ ਪੂਰਨ.
ਅੰਦਰ ਵਾੜ ਬਣਾਓ ਨਾ ਚੋਰ ਸਾਨੂੰ.
ਅੱਗੇ ਇਕ ਫਾਹੀ ਵਿੱਚੋਂ ਲੰਘ ਆਏ.
ਹੁਣ ਕਜ਼ੀਏ ਪਾਓ ਨਾ ਹੋਰ ਸਾਨੂੰ।
ਮਹਲਾਂ ਵਿਚ ਸੁਹਾਂਵਦੇ ਤੁਸੀ ਰਾਜੇ.
ਅਸੀ ਜਾਂਦੜੇ ਭਲੇ ਹਾਂ ਟੋਰ ਸਾਨੂੰ।
ਕਾਦਰਯਾਰ ਫਿਰ ਭੋਜਨ ਦੀ ਭੁੱਖ ਨਾਹੀ.
ਸਵਾ ਪਹਿਰ ਦੀ ਵਾਟ ਨਾ ਮੋੜ ਸਾਨੂੰ।। ੨੩।।

ਮੀਮ ਮਿਨਤਾਂ ਕਰੇ ਨਾ ਰਹੇ ਪੂਰਨ.
ਲੈ ਕੇ ਭਿੱਛਿਆ ਗੁਰੂ ਦੇ ਕੋਲ ਆਇਆ ।
ਹੱਥ ਜੋੜ ਕਹਿੰਦਾ ਗੁਰੂ ਨਾਥ ਅੱਗੇ.
ਮੈਂ ਤਾਂ ਰੋਬਰੋ ਜਾਇ ਕੇ ਖ਼ੈਰ ਲਿਆਇਆ ।
ਗੁਰੂ ਨਾਥ ਤੇ ਦੇਖ ਹੈਰਾਨ ਹੋਇਆ.
ਹੀਰੇ ਲਾਲ ਜਵਾਹਰਾਂ ਕਿਸ ਪਾਇਆ ।
ਕਾਦਰਯਾਰ ਕਹਿੰਦਾ ਰਾਣੀ ਸੁੰਦਰਾ ਨੇ.
ਇਹ ਖ਼ੈਰ ਤੁਸਾਂ ਵਲ ਏ ਘਲਾਇਆ । । ੨੪ । ।

## ਪੂਰਨ ਦਾ ਹੀਰੇ ਜਵਾਹਰ ਮੋੜਨ ਆਉਣਾ

ਨੂਨ ਨਹੀਂ ਇਹ ਦੌਲਤਾਂ ਕੰਮ ਸਾਡੇ.
ਗੁਰੂ ਆਖਦਾ ਮੋੜ ਲੈ ਜਾਓ ਪੂਤਾ ।
ਮਾਇਆ ਲੋਭ ਫ਼ਕੀਰਾਂ ਦਾ ਕੰਮ ਨਾਹੀ.
ਭਿੱਖਿਆ ਭੋਜਨ ਮੰਗ ਲੈ ਆਏ ਪੂਤਾ ।
ਫਕਰ ਜਹੀ ਨਾ ਦੌਲਤ ਹੋਰ ਕੋਈ.
ਸਾਨੂੰ ਦਿਤੀ ਹੈ ਆਪ ਅਲਾਹੁ ਪੂਤਾ ।
ਕਾਦਰਯਾਰ ਜਵਾਹਰਾ ਨੂੰ ਰੋੜ ਜਾਣੇ.
ਇਹ ਦੌਲਤ ਦੁਨੀਆ ਹਵਾਇ ਪੂਤਾ । । ੨੫ । ।

ਵਾਓ ਵੰਞਣ ਲੱਗਾ ਅਗਲੇ ਭਲਕ ਪੂਰਨ.
ਮੋਤੀ ਮੋੜਨੇ ਨੂੰ ਸ਼ਹਿਰ ਵਲ ਉਤੇ ।
ਰਾਣੀ ਸੁੰਦਰਾਂ ਓਸ ਦਾ ਰਾਹ ਤੱਕੇ.
ਖੜੀ ਦੇਖਦੀ ਰੰਗ ਮਹਲ ਉਤੇ ।
ਜਾਣੀ ਜਾਣ ਫਕੀਰਾਂ ਦਾ ਰੱਬ ਵਾਲੀ.
ਪੂਰਨ ਜਾਇ ਵੜਿਆ ਘੜੀ ਵਖਤ ਉਤੇ ।
ਕਾਦਰਯਾਰ ਪੂਰਨ ਉਸ ਦਾ ਗਾਹਕ ਨਾਹੀ.
ਰਾਣੀ ਲੋੜਦੀ ਸੀ ਜਿਹੜੀ ਗੱਲ ਉਥੇ । । ੨੬ । ।

ਹੇ ਹੱਸ ਕੇ ਆਇ ਸਲਾਮ ਕਰਦੀ.
ਰਾਣੀ ਸੁੰਦਰਾਂ ਪੂਰਨ ਭਗਤ ਤਾਈਂ ।
ਪੂਰਨ ਭਗਤ ਉਲਟ ਕੇ ਆਖਿਆ ਸੂ,

ਮੋਤੀ ਸਾਂਭ ਰਾਣੀ ਸਾਡੇ ਕੰਮ ਨਾਹੀ ।
ਪੱਕੇ ਭੋਜਨ ਦੀ ਦਿਲ ਨੂੰ ਚਾਹ ਹੈਗੀ,
ਇੱਛਿਆ ਹਈ ਤਾਂ ਤੁਰਤ ਪਕਾਇ ਲਿਆਈਂ ।
ਕਾਦਰਯਾਰ ਮੇਰਾ ਗੁਰੂ ਖ਼ਫੇ ਹੁੰਦਾ,
ਲਾਲ ਮੋਤੀਆਂ ਹੀਰੇ ਨਾ ਚਿੱਤ ਲਾਈ ।। ੨੭ ।।

ਲਾਮ ਲਿਆਏ ਕੇ ਹੀਰੇ ਜਵਾਹਰਾਂ ਨੂੰ,
ਪੂਰਨ ਸੁੰਦਰਾਂ ਦੇ ਪੱਲੇ ਪਾਵਦਾ ਈ ।
ਰਾਣੀ ਸੁੰਦਰਾਂ ਦੇਖ ਬੇਤਾਬ ਹੋਈ,
ਪੂਰਨ ਦੇ ਮੋਤੀ ਤੁਰਤ ਜਾਂਵਦਾ ਈ ।
ਰਾਣੀ ਸੁੰਦਰਾ ਭੋਜਨ ਪਕਾਨ ਲੱਗੀ,
ਪੂਰਨ ਗੁਰੂ ਜੀ ਦੇ ਪਾਸ ਆਂਵਦਾ ਈ ।
ਕਾਦਰਯਾਰ ਪੂਰਨ ਜਾਇ ਗੁਰੂ ਅੱਗੇ,
ਹੱਥ ਬੰਨ੍ਹ ਕੇ ਸੀਸ ਨਿਵਾਂਵਦਾ ਈ ।। ੨੮ ।।

## ਕਵੀਓਵਾਚ

ਅਲਫ ਆਖਦੇ ਸੂਰਿਤ ਹੈ ਰਿਜ਼ਕ ਅੱਧਾ,
ਜੇਕਰ ਆਪ ਕਿਸੇ ਨੂੰ ਰੱਬ ਦੇਵੇ ।
ਸੂਰਤਵੰਦ ਜੇ ਕਿਸੇ ਵਲ ਦੇਖੇ,
ਸਭ ਕੋਈ ਬੁਲਾਂਵਦਾ ਹੱਸ ਕੇ ਵੇ ।
ਮਾਰੇ ਸੂਰਤਾਂ ਦੇ ਮਰ ਗਏ ਆਸ਼ਕ,
ਨਹੀਂ ਹੁਸਨ ਦਾ ਦਰਦ ਫ਼ਿਰਾਕ ਦੇਵੇ ।
ਕਾਦਰਯਾਰ ਪ੍ਰਵਾਹ ਕੀ ਸੋਹਣਿਆਂ ਨੂੰ,
ਜਿਨਾਂ ਹੁਸਨ ਦੀ ਮੰਗੀ ਮੁਰਾਦ ਲੇਵੇ ।। ੨੯ ।।

## ਰਾਣੀ ਸੁੰਦਰਾਂ ਦਾ ਗੁਰੂ ਗੋਰਖ ਕੋਲ ਜਾਣਾ

ਯੇ ਯਾਦ ਕੀਤੀ ਖੋਲ੍ਹ ਚੀਜ਼ ਸਾਰੀ,
ਪੂਰਨ ਆਖਦਾ ਗੁਰੂ ਜੀ ਆਂਵਦੀ ਏ ।
ਰਾਣੀ ਸੁੰਦਰਾਂ ਮੁੱਖ ਥੋਂ ਲਾਹ ਪੜਦਾ,
ਹੱਥ ਬੰਨ੍ਹ ਕੇ ਸੀਸ ਨਿਵਾਂਵਦੀ ਏ ।
ਛੱਤੀ ਭੋਜਨ ਗੁਰੂ ਦੇ ਰੱਖ ਅੱਗੇ,

ਆਜਿਜ਼ ਹੋਇ ਕੇ ਅਰਜ਼ ਫ਼ਰਮਾਂਵਦੀ ਏ ।
ਕਾਦਰਯਾਰ ਅਸੀਂ ਖੜੇ ਦੇਖਣੇ ਨੂੰ,
ਰਾਣੀ ਕੀ ਇਨਾਮ ਲੈ ਆਂਵਦੀ ਏ ।। ੩੦ ।।

**ਚੌਥੀ ਸੀਹਰਫ਼ੀ**

ਅਲਫ ਆਦਿ ਜੋਗੀ ਸਭੇ ਦੇਖ ਉਹਨੂੰ,
ਚਾਰੋਂ ਤਰਫ਼ ਚੁਫ਼ੇਰਿਉਂ ਘੱਤ ਘੇਰਾ ।
ਰਾਣੀ ਸੁੰਦਰਾਂ ਮੁੱਖ ਤੋਂ ਲਾਹ ਪੜਦਾ,
ਸਭਨਾਂ ਵਲ ਦਿਦਾਰ ਦਾ ਦੇ ਫੇਰਾ ।
ਗੁਰੂ ਨਾਥ ਤੇ ਪੂਰਨ ਰਹੇ ਸਾਬਤ,
ਹੋਰ ਡੋਲਿਆ ਸਿੱਧਾਂ ਦਾ ਸਭ ਡੇਰਾ ।
ਕਾਦਰਯਾਰ ਗੁਰੂ ਤਰਸਵਾਨ ਹੋਇਆ,
ਮੂੰਹੋਂ ਮੰਗ ਰਾਣੀ ਜੋ ਕੁਝ ਜੀਉ ਤੇਰਾ ।। ੧ ।।

ਬੇ ਬਹੁਤ ਹੈ ਗੁਰੂ ਜੀ ਦਇਆ ਤੇਰੀ,
ਰਾਣੀ ਆਖਦੀ ਕੁਝ ਅਟਕਾ ਨਾਹੀ ।
ਹੀਰੇ ਲਾਲ ਜਵਾਹਰ ਸਵਰਨ ਮੋਤੀ,
ਘਰ ਮੇਂਵਦੇ ਮਾਲ ਮੱਤਾਹ ਨਾਹੀਂ ।
ਅੱਗੇ ਗੋਲੀਆਂ ਬਾਂਦੀਆਂ ਦਾਈਆਂ ਨੇ,
ਹੋਰ ਕਾਸੇ ਦੀ ਕੁਝ ਪਰਵਾਹ ਨਾਹੀ ।
ਕਾਦਰਯਾਰ ਦੀਦਾਰ ਨੂੰ ਅਸੀਂ ਆਏ,
ਹੋਰ ਮੰਗਣੇ ਦੀ ਦਿਲ ਚਾਹ ਨਾਹੀ ।। ੨ ।।

ਤੇ ਤੁੱਠਾ ਹਾਂ ਰਾਣੀਏ ਮੰਗ ਮੈਥੋਂ,
ਦੂਜੀ ਵਾਰ ਕਹਿੰਦਾ ਗੁਰੂ ਇਹੋ ਵੇਲਾ ।
ਰੰਗ ਰੰਗ ਦੇ ਬਾਗ਼ ਬਹਾਰ ਹੋਇ,
ਸਭ ਆਇਆ ਹੈ ਗੁਰੂ ਦੇ ਦੇਖ ਮੇਲਾ ।
ਰਾਣੀ ਸੁੰਦਰਾਂ ਫੇਰ ਕੇ ਨਜ਼ਰ ਕੀਤੀ,
ਪੂਰਨ ਭਗਤ ਹੈ ਅੰਮ੍ਰਿਤ ਫਲ ਕੇਲਾ ।
ਕਾਦਰਯਾਰ ਜੇ ਤੁੱਠਾ ਹੈਂ ਬਖ਼ਸ ਮੈਨੂੰ,
ਰਾਣੀ ਆਖਦੀ ਪੂਰਨ ਭਗਤ ਚੇਲਾ ।। ੩ ।।

## ਪੂਰਨ ਚਲਿਆ ਰਾਣੀ ਦੀ ਢੱਕ ਹੋ ਕੇ

ਸੇ ਸਾਬਤੀ ਨਾਲ ਕਰ ਬਚਨ ਬੈਠਾ.
ਦਿਲ ਖੁੱਸਦੇ ਗੁਰੂ ਨੇ ਟੋਰਿਆ ਈ ।
ਪੂਰਨ ਚਲਿਆ ਰਾਣੀ ਦੀ ਢੱਕ ਹੋ ਕੇ,
ਹੁਕਮ ਗੁਰੂ ਦਾ ਓਸ ਨਾ ਮੋੜਿਆ ਈ ।
ਰਾਣੀ ਸੁੰਦਰਾਂ ਕਰੇ ਦਲੀਲ ਦਿਲ ਦੀ.
ਸੋਈ ਕਰਮ ਪਾਇਆ ਜੋ ਮੈਂ ਲੋੜਿਆ ਈ ।
ਕਾਦਰਯਾਰ ਮੀਆਂ ਵਾਟੇ ਜਾਇ ਪੂਰਨ.
ਰਾਣੀ ਗੁਰੂ ਦਾ ਸੰਗ ਵਿਛੋੜਿਆ ਈ ।। ੪ ।।

ਜੀਮ ਜਦੋਂ ਲੈ ਸੁੰਦਰਾਂ ਤੁਰੀ ਪੂਰਨ.
ਕਹਿੰਦੀ ਅੱਜ ਚੜ੍ਹੀ ਚਿੱਲੇ ਰਾਜ ਦੇ ਜੀ ।
ਖ਼ੁਸੀ ਵਿਚ ਨਾ ਮੇਂਵਦੀ ਚੋਲੜੇ ਦੇ.
ਬੰਦ ਟੁੱਟ ਗਏ ਪਿਸ਼ਵਾਜ਼ ਦੇ ਜੀ ।
ਜੈਸਾ ਲਾਲ ਮੈਂ ਅੱਜ ਖ਼ਰੀਦ ਆਂਦਾ.
ਐਸਾ ਹੋਰ ਨਾ ਕੋਈ ਵਿਹਾਜਦੇ ਜੀ ।
ਕਾਦਰਯਾਰ ਜਾਂ ਆਪਣੇ ਸ਼ਹਿਰ ਵੜੀ.
ਕੰਮ ਵੇਖ ਗ਼ਰੀਬ ਨਿਵਾਜ ਦੇ ਜੀ ।। ੫ ।।

## ਪੂਰਨ ਦਾ ਬਹਾਨੇ ਨਾਲ ਨੱਸ ਜਾਣਾ

ਹੇ ਹੋਸ਼ ਕੀਤੀ ਪੂਰਨ ਭਗਤ ਉੱਥੇ,
ਬੈਠ ਹਾਲ ਹਵਾਲ ਪੜ੍ਹਾਇਆ ਈ ।
ਜਿਨ੍ਹਾਂ ਗੱਲਾਂ ਥੋਂ ਰੱਬ ਜੀ ਸੰਗਦਾ ਸਾਂ,
ਕੇਹਾ ਰਾਣੀ ਨੇ ਮੈਨੂੰ ਰੰਜਾਣਿਆ ਈ ।
ਉਥੇ ਆਖਦਾ ਮੈਂ ਦਿਸ਼ਾ ਬੈਠ ਆਵਾਂ,
ਦਿਲੋਂ ਸਮਝ ਕੇ ਬੋਲ ਵਖਾਣਿਆ ਈ ।
ਕਾਦਰਯਾਰ ਖੜੋਇ ਕੇ ਸੁੰਦਰਾਂ ਨੂੰ,
ਪੂਰਨ ਆਖਦਾ ਵਾਂਗ ਅੰਵਾਣਿਆਂ ਈ ।। ੬ ।।

ਖ਼ੇ ਖ਼ਬਰ ਨਾ ਸੀ ਰਾਣੀ ਸੁੰਦਰਾਂ ਨੂੰ,
ਪੂਰਨ ਦੇਇ ਦਗ਼ਾ ਤੁਰ ਜਾਂਵਦਾ ਈ ।

ਮੈਂ ਤਾਂ ਜਾਣਦੀ ਸੀ ਮੇਰੇ ਹੁਸਨ ਮੱਤਾ.
ਜਿਹੜਾ ਏਹ ਅਰਜ਼ਾਂ ਫੁਰਮਾਂਵਦਾ ਈ ।
ਉਹਨੂੰ ਗੋਲੀਆਂ ਬਾਂਦੀਆਂ ਨਾਲ ਦਿੱਤੀਆਂ.
ਆਖੇ ਫਿਰ ਦਿਸ਼ਾ ਘਰ ਆਂਵਦਾ ਈ ।
ਕਾਦਰਯਾਰ ਮੀਆਂ ਵਾਟੇ ਜਾਇ ਪੂਰਨ.
ਟਿੱਲੇ ਬਾਲ ਦਾ ਰਾਹ ਪਛਾਣਦਾ ਈ ।। ੭ ।।

ਦਾਲ ਦੱਸਿਆ ਆ ਕੇ ਗੋਲੀਆਂ ਨੇ.
ਪੂਰਨ ਰਾਣੀਏ ਧ੍ਰੋਹ ਕਮਾਇ ਗਇਆ ।
ਅਸੀਂ ਗੁਰੂ ਦੇ ਵਾਸਤੇ ਪਾਇ ਰਹੀਆਂ.
ਹੱਥੀਂ ਪੈ ਕੰਨੀ ਛੁਡਵਾਇ ਗਇਆ ।
ਰਾਣੀ ਸੁੰਦਰਾਂ ਸੁਣ ਬਿਤਾਬ ਹੋਈ.
ਸੱਸੀ ਵਾਂਗ ਮੈਨੂੰ ਬਿਰਹੋਂ ਲਾਇ ਗਇਆ ।
ਕਾਦਰਯਾਰ ਖਲੋਇ ਕੇ ਪੁੱਛਿਆ ਸੂ.
ਦੱਸੋ ਗੋਲੀਓ ਨੀ ਕਿਹੜੇ ਰਾਹ ਗਇਆ ।। ੮ ।।

ਜ਼ਾਲ ਜ਼ਰਾ ਨਾ ਤਾਕਤ ਰਹੀ ਤਨ ਵਿਚ.
ਕੀਹਲੀ ਸੁੰਦਰਾ ਗ਼ਮਾਂ ਦੇ ਗੀਤ ਲੋਕੋ ।
ਮੈਂ ਤਾਂ ਭੁੱਲੀ ਤੁਸੀਂ ਨਾ ਭੁੱਲੋ ਕੋਈ.
ਲਾਵੋ ਜੋਗੀਆਂ ਨਾਲ ਪ੍ਰੀਤ ਲੋਕੋ ।
ਜੰਗਲ ਗਏ ਨਾ ਬਹੁੜੇ ਸੁੰਦਰਾਂ ਨੂੰ.
ਜੋਗੀ ਨਹੀਂ ਜੇ ਕਿਸੇ ਦੇ ਮੀਤ ਲੋਕੋ ।
ਕਾਦਰਯਾਰ ਪਿੱਛਾ ਖੜੀ ਦੇਖਦੀ ਸਾਂ.
ਖੁਸ ਵਕਤ ਵੀ ਹੋਇਆ ਬਤੀਤ ਲੋਕੋ ।। ੯ ।।

ਰੇ ਰੰਗ ਮਹਲ ਤੇ ਚੜ੍ਹੀ ਰਾਣੀ.
ਰੋਇ ਆਖਦੀ ਪੂਰਨਾ ਲੁੱਟ ਗਇਉਂ ।
ਬਾਗ਼ ਹਿਰਸ ਦਾ ਪੱਕ ਤਿਆਰ ਹੋਇਆ.
ਹੱਥੀਂ ਲਾਇ ਕੇ ਬੂਟੀਆਂ ਪੁੱਟ ਗਇਉਂ ।
ਘੜੀ ਬੈਠ ਨਾ ਕੀਤੀਆਂ ਰੱਜ ਗੱਲਾਂ,
ਝੂਠੀ ਪ੍ਰੀਤ ਲਗਾਇ ਕੇ ਉੱਠ ਗਇਉਂ ।

ਕਾਦਰਯਾਰ ਮੀਆਂ ਸੱਸੀ ਵਾਂਗ ਮੈਨੂੰ,
ਥਲਾਂ ਵਿਚ ਕੁਕੇਂਦੀ ਨੂੰ ਸੁੱਟ ਗਇਉਂ ।। ੧੦ ।।

ਜ਼ੇ ਜ਼ੋਰ ਨਾ ਸੀ ਸੋਹਣੇ ਨਾਲ ਤੇਰੇ,
ਖੜੀ ਦਸਤ ਪੁਕਾਰਦੀ ਵੱਲ ਸੂਹੀ ।
ਪੂਰਨ ਨਜ਼ਰ ਨਾ ਆਂਵਦਾ ਸੁੰਦਰਾਂ ਨੂੰ,
ਰਾਣੀ ਰੰਗ ਮਹਲ ਤੋਂ ਟੁੱਟ ਮੂਈ ।
ਧੱਪੇ ਇਸ਼ਕ ਦੇ ਮਾਰ ਹੈਰਾਨ ਕੀਤੀ,
ਪਾਟੇ ਨੈਨ ਨੱਕੋਂ ਚਲੀ ਰੱਤ ਸੂਹੀ ।
ਕਾਦਰਯਾਰ ਜਾ ਲੋਕ ਹੈਰਾਨ ਕੀਤੀ,
ਅੱਜ ਬਾਜ਼ ਤੇ ਚਿੜੀ ਅਸਵਾਰ ਹੋਈ ।। ੧੧ ।।

ਸੀਨ ਸੁੰਦਰਾਂ ਦੇ ਸਵਾਸ ਮੁਕਤ ਹੋਏ,
ਪੂਰਨ ਨੱਸ ਕੇ ਗੁਰੂ ਦੇ ਪਾਸ ਪੁੰਨਾ ।
ਗੁਰੂ ਆਖਿਆ ਸੀ ਕਰ ਕਹਿਰ ਆਇਉਂ,
ਤੇਰੇ ਕਾਰਨ ਹੋਇਆ ਹੈ ਅੱਜ ਖ਼ੂੰਨਾ ।
ਪੂਰਨ ਪਰਤ ਡਿੱਠਾ ਗੁਰੂ ਖ਼ਫ਼ਾ ਦਿਸੇ,
ਭਰ ਨੈਨ ਗਿੜਾਵਨੇ ਤਦੇ ਰੁੰਨਾ ।
ਕਾਦਰਯਾਰ ਗੁਰੂ ਕਹਿਆ ਜਾਇ ਗੋਲਾ,
ਮਿਲ ਮਾਪਿਆਂ ਨੂੰ ਪਵੀ ਠੰਢ ਉਨਾਂ ।। ੧੨ ।।

## ਪੂਰਨ ਦਾ ਮੁੜ ਸਿਆਲਕੋਟ ਜਾਣਾ

ਸ਼ੀਨ ਸ਼ਹਿਰ ਸਿਆਲਕੋਟ ਦੀ ਤਰਫ਼ ਬੰਨੇ,
ਗੁਰੂ ਵਿਦਾ ਕੀਤਾ ਮਿਹਰਬਾਨ ਹੋ ਕੇ ।
ਬਾਗ਼ ਆਪਣੇ ਆਸਣ ਆਨ ਲਗਾਇਆ,
ਬਾਗ਼ੀ ਵਰ੍ਹੀਂ ਰਾਜੇ ਨਿਗਾਹਵਾਨ ਹੋ ਕੇ ।
ਲੋਕ ਆਖਦੇ ਮੋਇਆ ਹੈ ਖ਼ਸਮ ਇਹਦਾ,
ਮੁੱਕੇ ਫਲ ਤੇ ਰੁੱਖ ਵੈਰਾਨ ਹੋ ਕੇ ।
ਕਾਦਰਯਾਰ ਤਰੌਂਕਿਆ ਜਾਇ ਪਾਣੀ,
ਦਾਖਾਂ ਪੱਕੀਆਂ ਨੀ ਸਾਵਧਾਨ ਹੋ ਕੇ । ੧੩ ।।

ਸ੍ਵਾਦ ਸਿਫ਼ਤਿ ਸੁਣ ਕੇ ਕਰਾਮਾਤ ਜ਼ਾਹਰਾ,
ਸਾਰਾ ਸ਼ਹਿਰ ਹੁਮਾਇ ਕੇ ਆਂਵਦਾ ਈ ।
ਬਾਰਾਂ ਬਰਸ ਗੁਜ਼ਰੇ ਲਖੇ ਕੌਣ ਜੋਈ,
ਪੜਦਾ ਪਾਇ ਕੇ ਮੁੱਖ ਛਪਾਂਵਦਾ ਈ ।
ਜੇ ਕੋਈ ਪਾਸ ਆਵੇ ਓਹ ਮੁਰਾਦ ਪਾਵੇ,
ਨਾਮ ਰੱਬ ਦੇ ਆਸ ਪੁਚਾਂਵਦਾ ਈ ।
ਕਾਦਰਯਾਰ ਜਾਂਦੇ ਦੁੱਖ ਦੋਖੀਆਂ ਦੇ,
ਪੂਰਨ ਅੰਨ੍ਹਿਆਂ ਨੈਨ ਦਿਵਾਂਵਦਾ ਜੀ ।। ੧੪ ।।

ਜ਼ੁਆਦ ਜ਼ਰਬ ਚਲਾਂਵਦਾ ਜੋਤਿ ਐਸੀ,
ਰਾਜਾ ਸਣੇ ਰਾਣੀ ਚਲ ਆਇਆ ਈ ।
ਅੱਗੇ ਅੱਗੇ ਸਲਵਾਹਨ ਤੇ ਪਿੱਛੇ ਲੂਣਾ,
ਰੱਬ ਦੁਹਾਂ ਨੂੰ ਬਾਗ਼ ਲਿਆਇਆ ਈ ।
ਪੂਰਨ ਜਾਣਿਆ ਮਾਤਾ ਤੇ ਪਿਤਾ ਆਏ,
ਜਿਨ੍ਹਾਂ ਮਾਰ ਖੂਹੇ ਘਤਵਾਇਆ ਈ ।
ਕਾਦਰਯਾਰ ਮੀਆਂ ਅੱਗੋਂ ਉੱਠ ਪੂਰਨ,
ਚੁੰਮ ਚਰਣ ਤੇ ਸੀਸ ਨਿਵਾਇਆ ਈ ।। ੧੫ ।।

ਤੋਇ ਤਰਫ਼ ਤੇਰੀ ਮੱਥਾ ਟੇਕਣੇ ਨੂੰ,
ਰਾਜਾ ਕਹੇ ਅਸੀਂ ਸੇਵਾਦਾਰ ਆਏ ।
ਅੱਗੋਂ ਉੱਠ ਕੇ ਤੁਧ ਫ਼ਕੀਰ ਸਾਈਂ,
ਵੱਡਾ ਭਾਰ ਸਾਡੇ ਸਿਰ ਚਾੜ੍ਹਿਆ ਏ ।
ਮੇਰੇ ਭਾਣੇ ਤੇ ਰਾਜਿਆ ਰੱਬ ਤੈਨੂੰ,
ਕਰ ਗੁਰਾਂ ਦੇ ਰੂਪ ਉਤਾਰਿਆ ਏ ।
ਕਾਦਰਯਾਰ ਤੂੰ ਦੇਸ਼ ਦਾ ਮਾਲ ਖ਼ਾਵੰਦ,
ਤਾਂ ਮੈਂ ਏਤਨਾ ਬਚਨ ਪੁਕਾਰਿਆ ਏ ।। ੧੬ ।।

ਜ਼ੋਇ ਜ਼ਾਹਰਾ ਦੱਸ ਤੂੰ ਮੂੰਹੋਂ ਰਾਜਾ,
ਕਿਉਂਕਰ ਚੱਲ ਕੇ ਆਇਓਂ ਅਸਥਾਨ ਮੇਰੇ ।
ਰਾਜਾ ਆਖਦਾ ਸੱਚ ਫਕੀਰ ਸਾਈਂ,
ਘਰ ਨਹੀਂ ਹੁੰਦੀ ਸੰਤਾਨ ਮੇਰੇ ।
ਆਂਙਣ ਦਿਸ ਨਾ ਖੇਡਦਾ ਬਾਲ ਮੈਨੂੰ,

ਸੁੰਞੇ ਪਏ ਨੀ ਮਹਿਲ ਵੈਰਾਨ ਮੇਰੇ ।
ਕਾਦਰਯਾਰ ਮੀਆਂ ਚਵੀ ਬਰਸ ਗੁਜ਼ਰੇ,
ਘਰ ਵੱਸਦੀ ਏ ਨਾ ਨਿਸ਼ਾਨ ਮੇਰੇ ।। ੧੭ ।।

ਐਨ ਅਕਲ ਸਾਡੀ ਅੰਦਰ ਆਂਵਦਾ ਏ,
ਇਕ ਪੁੱਤਰ ਤੇਰੇ ਘਰ ਹੋਇਆ ਹੈ ।
ਉਹਨੂੰ ਜਾਇ ਕੇ ਵਿਚ ਉਜਾੜ ਦੇ ਜੀ,
ਵਾਂਗੂੰ ਬੱਕਰੇ ਦੇ ਕਿਸੇ ਕੋਹਿਆ ਹੈ ।
ਉਹਦੀ ਵਾਰਤਾ ਰਾਜਿਆ ਦੱਸ ਮੈਨੂੰ,
ਕਿਸ ਦੁੱਖ ਅਜ਼ਾਬ ਨਾਲ ਮੋਇਆ ਹੈ ।
ਕਾਦਰਯਾਰ ਸਲਵਾਹਨ ਨੂੰ ਯਾਦ ਆਇਆ,
ਦੁੱਖ ਪੁਤ੍ਰ ਦੇ ਨੈਣ ਭਰ ਰੋਇਆ ਹੈ ।। ੧੮ ।।

ਗ਼ੈਨ ਗੁਜਰ ਗਏ ਜਦੋਂ ਬਰਸ ਚਵੀ,
ਰਾਜਾ ਆਖਦਾ ਤਦ ਫ਼ਕੀਰ ਸਾਈਂ ।
ਬੇਟਾ ਇਕ ਮੇਰੇ ਘਰ ਜੰਮਿਆ ਸੀ,
ਰਾਣੀ ਇੱਛਰਾਂ ਦੇ ਸੀ ਸ਼ਿਕਮ ਤਾਈਂ ।
ਮਾਤ੍ਰ ਮਾਇ ਨੂੰ ਵੇਖ ਕੁਧਰਮ ਹੋਇਆ,
ਸੁਣ ਮਾਰਿਆ ਉਸ ਦੀ ਦਰਦ ਖਾਹੀ ।
ਕਾਦਰਯਾਰ ਕਹਿੰਦਾ ਪੂਰਨ ਭਗਤ ਅੱਗੋਂ,
ਰਾਜਾ ਮਾਇ ਝੂਠੀ ਪੁੱਤਰ ਦੋਸ਼ ਨਾਹੀਂ ।। ੧੯ ।।

ਫੇ ਫੋਲ ਕੇ ਵਾਰਤਾ ਦੱਸ ਮੈਨੂੰ,
ਪੂਰਨ ਆਖਦਾ ਪੁਤ੍ਰ ਦੀ ਗੱਲ ਸਾਰੀ ।
ਘਰ ਹੋਗੁ ਅਉਲਾਦ ਜੂ ਤਦ ਤੇਰੇ,
ਜੋ ਕੁਝ ਵਰਤੀ ਜ਼ਬਾਨ ਥੀਂ ਦੱਸ ਸਾਰੀ ।
ਸੱਚੋ ਸੱਚ ਨਿਤਾਰ ਕੇ ਦੱਸ ਮੈਨੂੰ,
ਝੂਠੀ ਗੱਲ ਨਾ ਕਰੀਂ ਤੂੰ ਜ਼ਰਾ ਕਾਈ ।
ਕਾਦਰਯਾਰ ਔਲਾਦ ਦੀ ਸਿੱਕ ਮੰਦੀ,
ਲੂਣਾ ਖੋਲ੍ਹ ਕੇ ਦਰਦ ਸਭ ਦੱਸਿਆ ਈ ।। ੨੦ ।।

ਕਾਫ਼ ਕਹਿਰ ਹੋਈ ਤਕਸੀਰ ਮੈਥੋਂ.
ਰਾਣੀ ਖੋਲ੍ਹ ਕੇ ਸੱਚ ਸੁਣਾਇਆ ਈ ।
ਭੁੱਲਾ ਪੂਰਨ ਨਾਹੀਂ. ਭੁੱਲੀ ਮੈਂ ਭੈੜੀ.
ਜਦੋਂ ਮਿਲਣ ਮਹਿਲੀਂ ਮੈਨੂੰ ਆਇਆ ਈ ।
ਗੱਲਾਂ ਕੀਤੀਆਂ ਮੈਂ ਆਪ ਹੁਦਰੀਆਂ ਨੀ,
ਤੁਹਮਤਿ ਲਾਇ ਕੇ ਲਾਲ ਕੁਹਾਇਆ ਈ ।
ਕਾਦਰਯਾਰ ਸਲਵਾਹਨ ਜਾਂ ਗੱਲ ਸੁਣੀ.
ਲਹੂ ਫੁਟ ਨੈਣਾਂ ਵਿਚੋਂ ਆਇਆ ਈ ।। ੨੧ ।।
ਕਾਫ਼ ਕਰਮ ਕੀਤੇ ਤੁੱਧ ਹੀਨ ਮੇਰੇ.
ਰਾਜਾ ਕਹੇ ਲੂਣਾ ਹੈਂਸਿਆਰੀਏ ਨੀ ।
ਅਜੇਹਾ ਪੁਤ੍ਰ ਨਾ ਆਂਵਦਾ ਹੱਥ ਮੈਨੂੰ
ਤੁੱਧ ਮਾਰ ਗੁਵਾਇਆ ਈ ਡਾਰੀਏ ਨੀ ।
ਸ਼ਕਲ ਵੇਖ ਕੇ ਸਿਦਕੋਂ ਬਿਸਿਦਕ ਹੋਈਏ,
ਤੁਹਮਤ ਦੇ ਕੇ ਪੁਤ੍ਰ ਕਿਉਂ ਮਾਰੀਏ ਨੀ ।
ਕਾਦਰਯਾਰ ਤੇਰੀ ਮੈਨੂੰ ਖ਼ਬਰ ਹੁੰਦੀ ।
ਤੀਰੋਂ ਲੇਖ ਕਰਦਾ ਚੰਚਲ ਹਾਰੀਏ ਨੀ ।। ੨੨ ।।

ਲਾਮ ਲਿਖੀਆਂ ਵਰਤੀਆਂ ਨਾਲ ਉਹਦੇ,
ਪੂਰਨ ਆਖਦਾ ਜਾਣ ਦੇ ਭੋਗ ਰਾਜਾ ।
ਇਹਦੇ ਵੱਸ ਨਾਹੀ ਹੋਈ ਰੱਬ ਵਲੋਂ,
ਤੂੰ ਤਾਂ ਹੋਈ ਨੂੰ ਬਖ਼ਸ਼ਣ ਯੋਗ ਰਾਜਾ ।
ਦਿੱਤਾ ਇਕ ਚਾਵਲ ਇਹ ਚੱਖ ਮਾਤਾ.
ਜੋਧਾ ਪੁੱਤਰ ਤੁਸਾਂ ਘਰ ਹੋਗ ਰਾਜਾ ।
ਕਾਦਰਯਾਰ ਪਰ ਉਸ ਦੀ ਮਾਉਂ ਵਾਂਗੂੰ.
ਸਾਰੀ ਉਮਰ ਦਾ ਹੋਸੀ ਵਿਯੋਗ ਰਾਜਾ ।। ੨੩ ।।

## ਮਾਂ ਪੁੱਤਰ ਦਾ ਮੇਲ

ਮੀਮ ਮਿਲਣ ਆਈ ਮਾਤਾ ਇੱਛਰਾਂ ਏ,
ਦੱਸ ਮੈਨੂੰ ਲੋਕੋ ਆਇਆ ਸਾਧ ਕੋਈ ।
ਮੇਰੇ ਪੁੱਤਰ ਦਾ ਬਾਗ਼ ਵੈਰਾਨ ਪਾਇਆ.
ਫੇਰ ਲੱਗਾ ਹੈ ਕਰਨ ਆਬਾਦ ਕੋਈ ।

ਮੈਂ ਭੀ ਲੈ ਆਵਾਂ ਦਾਰੂ ਅੱਖੀਆਂ ਦਾ.
ਪੂਰਨ ਛੱਡ ਨਾ ਗਿਆ ਸੁਆਦ ਕੋਈ ।
ਕਾਦਰਯਾਰ ਮੈਂ ਤਾਂ ਲੱਖ ਵੱਟਨੀ ਹਾਂ.
ਦਾਰੂ ਦੇਇ ਫ਼ਕੀਰ ਮੁਰਾਦ ਕੋਈ ।। ੨੪ ।।

ਨੂਨ ਨਜ਼ਰ ਕੀਤੀ ਪੂਰਨ ਪਰਤ ਡਿੱਠਾ.
ਮਾਤਾ ਆਂਵਦੀ ਏ ਕਿਸੇ ਹਾਲ ਮੰਦੇ ।
ਅਡੀ ਖੋੜਿਆਂ ਨਾਲ ਬਿਹੋਸ਼ ਹੋਈ.
ਉਹਨੂੰ ਨਜ਼ਰ ਨਾ ਆਂਵਦੇ ਖਾਰ ਕੰਡੇ ।
ਪੂਰਨ ਵੇਖ ਕੇ ਸਹਿ ਨਾ ਸਕਿਆ ਈ,
ਰੋਏ ਉੱਠਿਆ ਹੋਇ ਹੈਰਾਨ ਬੰਦੇ ।
ਕਾਦਰਯਾਰ ਮੀਆਂ ਅੱਗੋਂ ਉੱਠ ਪੂਰਨ,
ਦੇਖਾਂ ਕਿਸ ਤਰ੍ਹਾਂ ਮਾਉਂ ਦੇ ਦਰਦ ਵੰਡੇ ।। ੨੫ ।

ਵਾਉ ਵਰਤਿਆ ਕੀ ਤੇਰੇ ਨਾਲ ਮਾਤਾ.
ਪੂਰਨ ਆਖਦਾ ਦੱਸ ਖਾਂ ਸਾਰ ਮੈਨੂੰ ।
ਤੇਰੇ ਰੋਂਦੇ ਦੇ ਨੈਣ ਬਿਸੀਰ ਹੋਏ.
ਨਜ਼ਰ ਆਂਵਦਾ ਏ ਅਜ਼ਾਰ ਮੈਨੂੰ ।
ਮਾਤਾ ਆਖਦੀ ਦੁੱਖ ਨਾ ਫੋਲ ਬੇਟਾ.
ਪਿਆ ਪੁੱਤਰ ਬੈਰਾਗ ਗੁਬਾਰ ਮੈਨੂੰ ।
ਕਾਦਰਯਾਰ ਬੁਰੇ ਦੁੱਖ ਪੁੱਤਰਾਂ ਦੇ.
ਗਿਆ ਦਰਦ ਵਿਛੋੜੇ ਦਾ ਮਾਰ ਮੈਨੂੰ ।। ੨੬ ।।

ਹੇ ਹੱਥ ਨਹੀਂ ਆਂਵਦੇ ਮੋਏ ਮਾਤਾ,
ਪੂਰਨ ਆਖਦਾ ਮਾਇ ਤੂੰ ਰੋਇ ਨਾਹੀ ।
ਅਰਜਨ ਦਾਸ ਜਹੇ ਢਾਹੀਂ ਮਾਰ ਗਏ,
ਬਣਿਆ ਇਕ ਅਭਿਮਨੋ ਕੋਇ ਨਾਹੀ ।
ਕੈਨੂੰ ਨਹੀਂ ਲੱਗੇ ਸੱਲ ਪੁੱਤਰਾਂ ਦੇ.
ਮਾਤਾ ਤੂੰ ਦਿਲਗੀਰ ਭੀ ਹੋਇ ਨਾਹੀ ।
ਕਾਦਰਯਾਰ ਦਿਲੇਰੀਆਂ ਦੇ ਪੂਰਨ,
ਗ਼ਮ ਖਾਹ ਮਾਏ ਖ਼ਫਤਨ ਹੋਇ ਨਾਹੀ ।। ੨੭ ।।

ਲਾਮ ਲਈ ਆਵਾਜ਼ ਪਛਾਣ ਮਾਤਾ,
ਸੱਚ ਆਖ ਬੇਟਾ ਕਿਥੋਂ ਆਇਆ ਹੈਂ ।
ਕਿਹੜਾ ਮੁਲਖ ਤੇਰਾ ਕੈਂਧਾ ਪੁੱਤਰ ਹੈ ਤੂੰ,
ਕਿਹੜੀ ਮਾਇ ਕਰਮਾਂ ਵਾਲੀ ਜਾਇਆ ਹੈ ।
ਅੱਖੀਂ ਦਿਸੇ ਤਾਂ ਸੂਰਤੋਂ ਲੱਭ ਲਵਾਂ,
ਬੋਲੀ ਵਲੋਂ ਤਾਂ ਪੁੱਤਰ ਪਰਤਾਇਆ ਹੈਂ ।
ਕਾਦਰਯਾਰ ਆਖੇ ਦੱਸ ਭੇਤ ਮੈਨੂੰ,
ਜਾਂ ਮੈਂ ਭੁੱਲੀ ਜਾ ਰੱਬ ਮਿਲਾਇਆ ਹੈ ।। ੨੮ ।।

ਅਲਫ ਆਖਦਾ ਪੂਰਨ ਭੁੱਲ ਨਾਹੀ,
ਤੂੰ ਤਾ ਬੈਠ ਕੇ ਸਮਝ ਕਰ ਸਾਰ ਮੇਰੀ ।
ਟਿੱਲਾ ਮੁਲਖ ਦੇ ਪੁਤ੍ਰ ਨਾਥ ਦਾ ਹੀਂ,
ਏਹ ਯੋਗ ਕਮਾਵਨੀ ਕਾਰ ਮੇਰੀ ।
ਮੁੱਢੋਂ ਸ਼ਹਿਰ ਉਜੈਨ ਬਰਾਦਰੀ ਦੇ,
ਰਾਜਬੰਸੀਆ ਦੀ ਦੁਨੀਆਦਾਰ ਮੇਰੀ ।
ਕਾਦਰਯਾਰ ਸਲਵਾਹਨ ਦਾ ਪੁਤ੍ਰ ਹਾਂ ਮੈਂ,
ਪੂਰਨ ਨਾਮ ਤੇ ਜ਼ਾਤ ਪਰ੍ਿਆਰ ਮੇਰੀ ।। ੨੯ ।।

ਯੇ ਯਾਦ ਨਾ ਮਾਤਾ ਨੂੰ ਗ਼ਮ ਰਿਹਾ,
ਪੜਦੇ ਬੇਦੀ ਦੇ ਸੜ ਕੇ ਖੁਲ੍ਹ ਗਏ ।
ਪੂਰਨ ਵੇਖਦੀ ਨੂੰ ਥਣੀਂ ਦੁੱਧ ਪਿਆ,
ਧਾਰ ਮੁੱਖ ਪਰਨਾਲੜੇ ਚੱਲ ਗਏ ।
ਉਹਨੂੰ ਉੱਠ ਕੇ ਸੀਨੇ ਦੇ ਨਾਲ ਲਾਇਆ,
ਰੱਬ ਸੁੱਖ ਦਿਤੇ ਦੁੱਖ ਭੁੱਲ ਗਏ ।
ਕਾਦਰਯਾਰ ਮੀਆ ਮਾਈ ਇੱਛਰਾਂ ਦੇ,
ਸਾਨ ਸ਼ੌਕਤ ਸਭੇ ਹੋਰ ਭੁੱਲ ਗਏ ।। ੩੦ ।।

**ਸੀਹਰਫੀ ਪੰਜਵੀਂ**

ਅਲਫ ਆਪ ਖ਼ੁਦਾਇ ਮਿਲਾਇਆ ਹੈ,
ਪੂਰਨ ਬਾਰ੍ਹੀ ਵਰ੍ਹੀ ਫੇਰ ਮਾਪਿਆ ਨੂੰ ।
ਨਾਲੇ ਮਾਤਾ ਨੂੰ ਅੱਖੀਆ ਦਿੱਤੀਆਂ ਸੂ,
ਨਾਲੇ ਲਾਲ ਦਿੱਤਾ ਇਕਲਾਪਿਆ ਨੂੰ ।

ਰਾਜਾ ਰੋਇ ਕੇ ਜੀ ਉੱਠ ਗਲ ਮਿਲਿਆਸ਼
ਪਛੋਤਾਵਦਾ ਬਚਨ ਅਲਾਪਿਆਂ ਨੂੰ ।
ਕਾਦਰਯਾਰ ਕਹਿੰਦਾ ਪੂਰਨ ਭਗਤ ਉਹਨਾਂ,
ਪਛੋਤਾਵੇ ਨਾ ਵਕਤ ਵਿਹਾਪਿਆਂ ਨੂੰ ।। ੧ ।।

ਬੇ ਬਹੁਤ ਹੋਈ ਪਰੇਸ਼ਾਨ ਲੂਣਾ,
ਪੂਰਨ ਵੇਖਦੀ ਨੂੰ ਚੜ੍ਹ ਤਪ ਜਾਇ ।
ਰੂਹ ਸਿਆਹ ਹੋਇਆ ਪੜਦੇ ਜੋਤਿ ਚਲੀ,
ਜ਼ਿਮੀਂ ਵਿਹਲ ਨਾ ਦੇਇ ਸੂ ਛਪ ਜਾਇ ।
ਪੂਰਨ ਨਜ਼ਰ ਕੀਤੀ ਲੂਣਾ ਖਲੀ ਪਿੱਛੇ,
ਲੋਕ ਪਾਸ ਆਵਨ ਚੜ੍ਹ ਧੁੱਪ ਜਾਇ ।
ਕਾਦਰਯਾਰ ਜੋ ਜੋ ਮੱਥਾ ਟੇਕਦਾ ਹੈ,
ਲੂਣਾ ਨਾਲ ਹੈਰਾਨਗੀ ਖਪਿ ਜਾਇ ।। ੨ ।।

ਤੇ ਤੂੰ ਨਾ ਹੋ ਗ਼ਮਨਾਕ ਮਾਇ,
ਪੂਰਨ ਆਖਦਾ ਲੂਣਾ ਨੂੰ ਬਾਲ ਹੋਈ ।
ਤੇਰੇ ਵੱਸ ਨਹੀਂ ਸੁਣਦਾ ਕੋਲ ਰਾਜਾ ।
ਪਿਛਲਾ ਰੱਖੀਂ ਨਾ ਖ਼ਾਬ ਖ਼ਿਆਲ ਕੋਈ ।
ਦਾਵਨਗੀਰ ਮੈਂ ਆਪਣੇ ਬਾਪ ਦਾ ਹਾਂ,
ਜਿਸ ਪੁੱਛਿਆ ਨਹੀਂ ਹਵਾਲ ਕੋਈ ।
ਕਾਦਰਯਾਰ ਜੇਹੀ ਮੇਰੇ ਬਾਪ ਕੀਤੀ,
ਐਸੀ ਕੌਣ ਕਰਦਾ ਪੁੱਤਰ ਨਾਲ ਕੋਈ ।। ੩ ।।

ਸੇ ਸਾਬਤੀ ਇਕ ਨਾ ਗੱਲ ਚਲੇ,
ਰਾਜਾ ਘਟ ਲੱਥਾ ਸ਼ਰਮਿੰਦਗੀ ਥੋਂ ।
ਦਿਲੋਂ ਜਾਣ ਦੇ ਮੈਥੋਂ ਕੀ ਵਰਤਿਆ ਸੀ,
ਸਾਹਿਬ ਵਲ ਹੋਇਆ ਇਹਦੀ ਜ਼ਿੰਦਗੀ ਥੋਂ ।
ਦਰਗਾਹ ਵਿਚ ਜੁਆਬ ਕੀ ਕਰਾਂਗਾ ਮੈਂ,
ਕੰਮ ਮੂਲ ਨਾ ਹੋਇਆ ਪਸਿੰਦਗੀ ਥੋਂ ।
ਕਾਦਰਯਾਰ ਸਲਵਾਹਨ ਦਾ ਉਸ ਵੇਲੇ,
ਰੰਗ ਜ਼ਰਦ ਹੋਇਆ ਸ਼ਰਮਿੰਦਗੀ ਥੋਂ ।। ੪ ।।

## ਸਲਵਾਹਨ ਦਾ ਪੂਰਨ ਨੂੰ ਰਾਜ ਭਾਗ ਸੰਭਾਲਣ ਲਈ ਕਹਿਣਾ

ਜੀਮ ਜਾਓ ਵਸੋ ਤੁਸੀਂ ਘਰ ਬਾਰੀਂ,
ਪੂਰਨ ਆਖਦਾ ਬਾਪ ਨੂੰ ਸੁਣੀ ਰਾਜਾ ।
ਕਰੇ ਮਾਂ ਦੀ ਸੰਪਟਾ ਉਸ ਵੇਲੇ,
ਬਾਹੋਂ ਪਕੜ ਲੈ ਜਾਇ ਤੂੰ ਹੁਣੀ ਰਾਜਾ ।
ਨਾਲੇ ਲੂਣਾ ਨੂੰ ਜਾਣਨਾ ਉਸੇ ਤਰ੍ਹਾਂ,
ਸੱਚੋ ਸੱਚ ਨਿਤਾਰ ਕੇ ਪੁਣੀਂ ਰਾਜਾ ।
ਕਾਦਰਯਾਰ ਉਸ ਰੋਜ਼ ਦਾ ਫ਼ਿਕਰ ਕਰ ਕੇ,
ਕਿੱਸਾ ਜੋੜ ਬਣਾਇਆ ਸੀ ਗੁਣੀ ਰਾਜਾ ।। ੫ ।।

ਹੇ ਹੁਕਮ ਕੀਤਾ ਰਾਜੇ ਓਸ ਵੇਲੇ,
ਘਰ ਚਲ ਮੇਰੇ ਆਖੇ ਲੱਗ ਪੂਤਾ ।
ਕੁੰਜੀ ਫੜ ਤੂੰ ਦਸਤ ਖ਼ਜ਼ਾਨਿਆਂ ਦੀ,
ਪਹਿਨ ਬੈਠ ਤੂੰ ਹੁਕਮ ਦੀ ਪੱਗ ਪੂਤਾ ।
ਤੈਨੂੰ ਦੇਖ ਮੇਰਾ ਮਨ ਸਾਧ ਹੋਇਆ,
ਦਿਲੋਂ ਬੁਝੀ ਹੈ ਹਿਰਸ ਦੀ ਅੱਗ ਪੂਤਾ ।
ਕਾਦਰਯਾਰ ਕਰਦਾ ਸਲਵਾਹਨ ਤਰਲੇ,
ਮੈਂ ਤਾਂ ਸੌਤਰਾਂ ਸੱਦਿਆ ਜੱਗ ਪੂਤਾ ।। ੬ ।।

ਖ਼ੇ ਖ਼ਾਹਸ਼ ਜੰਜਾਲ ਦੀ ਨਾਹੀਂ ਮੈਨੂੰ,
ਪੂਰਨ ਆਖਦਾ ਬੰਨ੍ਹ ਕੇ ਰੱਖਦੇ ਹੋ ।
ਮੇਰੇ ਵਲੋਂ ਤਾਂ ਰਾਜ ਲੁਟਾਇ ਦੇਵੋ,
ਜੇਕਰ ਆਪ ਕਮਾਇ ਨਾ ਸਕਦੇ ਹੋ ।
ਜੈਨੂੰ ਦਰਦ ਮੇਰਾ ਮੈਂ ਤਾਂ ਸਮਝ ਲਿਆ,
ਤੁਸੀਂ ਤਰਲੇ ਕਰਦੇ ਮਾਰੇ ਨੱਕ ਦੇ ਹੋ ।
ਕਾਦਰਯਾਰ ਮੈ ਸਰਪਰ ਜਾਵਨਾ ਜੇ,
ਨਹੀਂ ਪਾਸ ਰਹਿਣਾ ਜਿਹੜੀ ਤੱਕਦੇ ਹੋ ।। ੭ ।।

ਦਾਲ ਦੇ ਕੇ ਫੇਰ ਦੁਆ ਮੂੰਹੋਂ,
ਫੇਰ ਮਾਪਿਆਂ ਨੂੰ ਇਕ ਬਚਨ ਕੈਸੀ ।
ਤਖ਼ਤ ਬਹੇਗਾ ਹੋਰ ਭਿਰਾਉ ਮੇਰਾ,

ਜਿਹੜਾ ਹੋਗੁ ਤੁਸਾਂ ਘਰ ਰਾਜ ਵੈਸੀ ।
ਮਰਦ ਹੋਗੁ ਰਾਜਾ ਵੱਡੇ ਹੌਸਲੇ ਦਾ,
ਜਿਥੇ ਪਵੇ ਮੁਕੱਦਮਾ ਫ਼ਤਹਿ ਲੈਸੀ ।
ਕਾਦਰਯਾਰ ਰਸਾਲੂ ਨੂੰ ਬੇਟਾ ਆਖੀਂ,
ਫੇਰ ਰਾਜ ਰਾਜਾ ਤੇਰਾ ਸੁਖੀ ਰਹਿਸੀ ।। ੮ ।।

ਜ਼ਾਲ ਜ਼ਰਾ ਨਾ ਪਵੇ ਖ਼ਿਆਲ ਮੇਰੇ,
ਫੇਰ ਮਾਇ ਅੱਗੇ ਹੱਥ ਬੰਦਿਉ ਸੂ ।
ਆਖੇ ਮਾਉ ਨੂੰ ਨਗਰ ਦਾ ਥਾਵਿ ਮੇਰਾ,
ਕਹਿਆ ਬਾਪ ਦਾ ਸਭ ਚਾ ਰੱਦਿਓ ਸੂ ।
ਆਖੇ ਜੋਗੀਆਂ ਨੂੰ ਕਰੋ ਕੂਚ ਡੇਰਾ,
ਪੱਲਾ ਹਿਰਸ ਦਾ ਚਾਇ ਉਲੱਦਿਓ ਸੂ ।
ਕਾਦਰਯਾਰ ਲੱਗਾ ਉਥੋਂ ਤੁਰਨ ਪੂਰਨ,
ਮਾਈ ਇੱਛਰਾਂ ਨੂੰ ਫੇਰ ਸੱਦਿਓਂ ਸੂ ।। ੯ ।।

ਰੇ ਰੋਇ ਕੇ ਆਖਦਾ ਮਾਂ ਤਾਈਂ,
ਜਿਹੜਾ ਕਰਮ ਲਿਖਿਆ ਸੋਈ ਪਾਲਿਆ ਮੈਂ ।
ਇਸ ਸ਼ਹਿਰ ਥੀਂ ਬਾਪ ਤਗੀਰ ਕਰ ਕੇ,
ਕੇਹੜੀ ਪਤਿ ਦੇ ਨਾਲ ਨਿਕਾਲਿਆ ਮੈਂ ।
ਕਿਹਨੂੰ ਖੋਲ੍ਹ ਕੇ ਦਿਲੇ ਦਾ ਹਾਲ ਦੱਸਾਂ,
ਜਿਹੜਾ ਜਫ਼ਰ ਸਰੀਰ ਤੇ ਜਾਲਿਆ ਮੈਂ ।
ਕਾਦਰਯਾਰ ਮੀਆਂ ਪੂਰਨ ਭਗਤ ਆਖੇ,
ਵੰਡ ਲਏ ਨੇ ਆਪਣੇ ਤਾਲਿਆ ਮੈਂ ।। ੧੦ ।।

ਜ਼ੇ ਜ਼ਿੰਦਗਾਨੀ ਤਦ ਹੋਗ ਮੇਰੀ,
ਆਖੇ ਲੱਗ ਮੇਰੇ ਘਰ ਚੱਲ ਪੂਤਾ ।
ਚਵ੍ਹੀ ਬਰਸ ਗੁਜ਼ਰੇ ਆਹੀਂ ਮਾਰਦੀ ਨੂੰ,
ਤੇਰੇ ਨਾਲ ਨਾ ਕੀਤੀ ਹੈ ਗੱਲ ਪੂਤਾ ।
ਦੂਰ ਗਿਆਂ ਦੇ ਦਰਦ ਫਿਰਾਕ ਬੁਰੇ,
ਸੀਨੇ ਰਹਿੰਦੇ ਨੇ ਸੱਜਰੇ ਸੱਲ ਪੂਤਾ ।
ਕਾਦਰਯਾਰ ਕਰ ਕੇ ਹੱਥੀਂ ਕਾਲ ਮੇਰਾ,
ਏਥੋਂ ਫੇਰ ਜਾਈਂ ਕਿਤੇ ਵੱਲ ਪੂਤਾ ।। ੧੧ ।।

## ਪੂਰਨ ਦਾ ਵਿਦਿਆ ਹੋਣਾ

ਸੀਨ ਸਮਝ ਮਾਤਾ ਤੂੰ ਤਾਂ ਭੋਲੀਏ ਨੀ.
ਪੂਰਨ ਭਗਤ ਖਲੋਇ ਕੇ ਦੇ ਮੱਤੀਂ ।
ਗੋਪੀ ਚੰਦ ਦੀ ਮਾਂ ਸਾਲਾਹੀਏ ਨੀ,
ਜਿਸ ਤੋਰਿਆ ਪੁੱਤਰ ਫ਼ਕੀਰ ਹੱਥੀਂ ।
ਤੂੰ ਭੀ ਟੋਰ ਮਾਤਾ ਰਾਜ਼ੀ ਹੋਏ ਕੇ ਨੀ.
ਮੈਨੂੰ ਜਾਣ ਦੇ ਫਾਹੀ ਨਾ ਮੂਲ ਘੱਤੀ ।
ਕਾਦਰਯਾਰ ਫਕੀਰ ਦਾ ਰਹਿਣ ਨਾਹੀ.
ਰੋਇ ਰੋਇ ਕੇ ਮੇਰੇ ਨਾ ਮਗਰ ਵੱਤੀਂ ।। ੧੨ ।।

ਸ਼ੀਨ ਸ਼ੀਰ ਖ਼ੋਰਾ ਮੈਥੋਂ ਜੁਦਾ ਹੋਇਉਂ,
ਮਸਾਂ ਮਸਾਂ ਮੈਂ ਡਿੱਠਾ ਹੈ ਮੁੱਖ ਤੇਰਾ ।
ਚਵੀ ਬਰਸ ਗੁਜ਼ਰੇ ਨਾਹਰੇ ਮਾਰਦੀ ਨੂੰ.
ਅਜੇ ਫੋਲ ਨਾ ਪੁੱਛਿਆ ਦੁੱਖ ਤੇਰਾ ।
ਦੱਸੀਂ ਪੂਰਨਾ ਵੇ ਹੋਈ ਫੇਰ ਕੀਕਰ.
ਲਗਓ ਮਰ ਹਯਾਤੀ ਦਾ ਰੁਖ ਤੇਰਾ ।
ਕਾਦਰਯਾਰ ਮੈਂ ਨਿੱਤ ਚਿਤਾਰਦੀ ਸਾਂ.
ਖ਼ਾਬ ਵਿਚ ਸੁਨੇਹੜਾ ਸੁੱਖ ਤੇਰਾ ।। ੧੩ ।।

ਸੁਆਦ ਸਾਹਿਬ ਦਿੱਤੀ ਜਿੰਦ ਜਾਨ ਮੇਰੀ.
ਕੀ ਤੂੰ ਲੱਗੀ ਹੈਂ ਸੱਚ ਪੁੱਛਣ ਮਾਏ ।
ਗੁਰੂ ਨਾਥ ਜੀ ਕੱਢਿਆ ਖੂਹ ਵਿਚੋਂ.
ਰੱਬ ਦਿੱਤੇ ਨੀ ਨੈਨ ਪਰਾਣ ਮਾਏ ।
ਮੱਤ ਖ਼ਫਾ ਹੋਵੇ ਕਰੇ ਕਾਲ ਮੇਰਾ.
ਉਹਦੇ ਕੋਲ ਦੇਵੋ ਮੈਨੂੰ ਜਾਣ ਮਾਏ ।
ਕਾਦਰਯਾਰ ਜ਼ਬਾਨ ਥੀਂ ਕੌਲ ਕੀਤਾ.
ਫੇਰ ਮਿਲਾਂਗਾ ਮੈਂ ਆਣ ਮਾਏ ।। ੧੪ ।।

ਜ਼ੁਆਦ ਜ਼ਾਮਨੀ ਗੁਰਾਂ ਦੀ ਵਿਚ ਲੈ ਕੇ,
ਮਾਤਾ ਟੋਰਿਆ ਏਤ ਕਰਾਰ ਲੋਕੋ ।

ਦਿਲੋ ਸਮਝਿਆ ਰੱਬ ਦਾ ਭਲਾ ਹੋਵੇ.
ਸਾਂਝ ਰੱਖੀ ਸੂ ਵਿਚ ਸੰਸਾਰ ਲੋਕੋ ।
ਡਿਗੇ ਲਾਲ ਹੱਥਾ ਵਿਚੋਂ ਲੱਭਦੇ ਨਹੀ.
ਕਰਮਾਂ ਵਾਲਿਆਂ ਨੂੰ ਦੂਜੀ ਵਾਰ ਲੋਕੋ ।
ਪੂਰਨ ਹੋ ਟੁਰਿਆ ਵਿਦਾ ਇੱਛਰਾਂ ਤੋ.
ਕਿੱਸਾ ਜੋੜਿਆ ਸੀ ਕਾਦਰਯਾਰ ਲੋਕੋ ।। ੧੫ ।।

ਤੁਇ ਤਰਫ ਤੁਰਿਆ ਗੁਰੂ ਆਪਣੇ ਦੀ.
ਜਾ ਕੇ ਚਰਨਾਂ ਤੇ ਸੀਸ ਨਿਵਾਂਵਦਾ ਈ ।
ਪਹਿਲਾਂ ਜਾਇ ਪਰਦਖਨਾ ਤਿੰਨ ਕਰਦਾ.
ਮੁੱਖੋਂ ਆਦਿ ਅਲੱਖ ਜਗਾਂਵਦਾ ਈ ।
ਸਾਰੇ ਸੰਤਾਂ ਨੂੰ ਫੇਰ ਡੰਡੌਤ ਕਰ ਕੇ.
ਆਸਣ ਲਾਇ ਧੂੰਆ ਫੇਰੁ ਪਾਂਵਦਾ ਈ ।
ਕਾਦਰਯਾਰ ਫਿਰ ਪੁੱਛਿਆ ਗੁਰੂ ਪੂਰੇ.
ਮਾਈ ਬਾਪ ਦਾ ਹਾਲ ਸੁਣਾਂਵਦਾ ਈ ।। ੧੬ ।।

## ਗੋਰਖ ਨੂੰ ਸਿਆਲਕੋਟ ਦਾ ਹਾਲ ਦੱਸਣਾ

ਜ਼ੋਇ ਜਦੋਂ ਪਹਿਲੋਂ ਓਥੇ ਜਾਇ ਵੜਿਆ.
ਡਿੱਠਾ ਬਾਗ ਉਜਾੜ ਵੈਰਾਨ ਹੋਇਆ
ਇਕ ਬ੍ਰਿਛ ਦੇ ਹੇਠ ਮੈਂ ਜਾਇ ਬੈਠਾ.
ਪਰ ਉਹ ਭੀ ਸੀ ਨਾਥ ਜੀ ਸੁੱਕਾ ਹੋਇਆ ।
ਨਾਮ ਸਿਮਰ ਕੇ ਆਪ ਦਾ ਛਿੱਟਾ ਦਿਤਾ.
ਜੜ੍ਹਾਂ ਸੇਤੀ ਉਹ ਗੁਰੂ ਜੀ ਹਰਾ ਹੋਇਆ ।
ਕਾਦਰਯਾਰ ਸਭ ਬਾਗ਼ ਗੁਲਜ਼ਾਰ ਹੋਇਆ.
ਧੁੰਮੀਂ ਖ਼ਲਕ ਤੇ ਸਹਿਰ ਵਹੀਰ ਹੋਇਆ ।। ੧੭ ।।

ਅੰਨ ਆਇ ਉਥੇ ਲੋਕ ਅਰਜ ਕਰਦੇ.
ਲੱਗੇ ਆਪਣੇ ਅਰਥ ਸੁਹਾਵਣੇ ਨੂੰ ।
ਮਿਹਰਬਾਨਗੀ ਆਪ ਦੀ ਨਾਲ ਸਾਈਆਂ.
ਅਰਥੀਂ ਅਰਥ ਲੱਗੇ ਤਦੋ ਪਾਵਣੇ ਨੂੰ ।

ਸੁਣਿਆ ਰਾਜੇ ਤੇ ਰਾਣੀ ਤੇ ਸਹਿਤ ਆਇਆ,
ਦਿਲੋਂ ਲੋਚੇ ਮੁਰਾਦ ਦੇ ਪ਼ਾਵਣੇ ਨੂੰ ।
ਕਾਦਰਯਾਰ ਮੈਂ ਅਦਬ ਤਾਂ ਬਹੁਤ ਕੀਤਾ,
ਪਿਤਾ ਜਾਣ ਕੇ ਜੀਉ ਡਰਾਵਣੇ ਨੂੰ ।। ੧੮ ।।

ਗ਼ੈਨ ਗ਼ਮ ਦੇ ਨਾਲ ਮੂੰਹੋਂ ਬੋਲਿਆ ਈ,
ਸਲਵਾਹਨ ਰਾਜਾ ਸ਼ਰਮਾਇ ਕੇ ਜੀ ।
ਅਸੀਂ ਲੋਕ ਸੰਸਾਰੀ ਹਾਂ ਦੁੱਖਾਂ ਭਰੇ,
ਤੁਸੀਂ ਸਾਧ ਤਪੱਸੀ ਪ੍ਰੀਤ ਭਾਇ ਕੇ ਜੀ ।
ਅਸਾਂ ਆਖਿਆ ਅਰਥ ਕਹੁ ਆਪਣਾ ਤੂੰ,
ਰਾਜਾ ਰੋਇਆ ਦਰਦ ਸੁਣਾਇ ਕੇ ਜੀ ।
ਕਾਦਰਯਾਰ ਬੁਲਾਏ ਕੇ ਆਖਿਆ ਮੈਂ,
ਇਕ ਪੁੱਤਰ ਹੋਸੀ ਘਰ ਆਇਕੇ ਜੀ ।। ੧੯ ।।

ਫੇ ਫੇਰ ਰਾਣੀ ਮੂੰਹੋਂ ਸੱਚ ਕਹਿਆ,
ਪੂਰਨ ਪੁੱਤਰ ਇਹਦੇ ਘਰ ਜੰਮਿਆ ਸੀ ।
ਨਾਲ ਤੁਹਮਤਾਂ ਮੈਂ ਮਰਵਾਇ ਦਿੱਤਾ,
ਰਾਜਾ ਸੁਣ ਕੇ ਗੱਲ ਨੂੰ ਕੰਬਿਆ ਸੀ ।
ਫੇਰ ਕਿਹਾ ਮੈਂ ਰਾਜਿਆ ਬਖ਼ਸ਼ ਏਨੂੰ,
ਘਰ ਪੁੱਤਰ ਹੋਗੁ ਰਾਜਾ ਥੰਮਿਆ ਸੀ ।
ਕਾਦਰਯਾਰ ਤਦੋਂ ਰਾਣੀ ਇੱਛਰਾਂ ਦਾ,
ਦਰਸ ਕੀਤਾ ਜਿਹਦਾ ਜੀਓ ਗੰਮਿਆ ਸੀ ।। ੨੦ ।।

ਕਾਫ ਕਰਮ ਹੋਏ ਤਦੋਂ ਇੱਛਰਾਂ ਤੇ,
ਰੱਬ ਓਸ ਨੂੰ ਨਾਥ ਜੀ ਨੈਨ ਦਿੱਤੇ ।
ਦੇਖ ਸੂਰਤ ਮੇਰੀ ਤਦੋ ਰੋਣ ਲੱਗੀ,
ਬੱਚਾ ਛੱਡ ਕੇ ਜਾਈਂ ਨਾ ਵਲ ਕਿਤੇ ।

ਮੈਨੂੰ ਤਰਸਦੀ ਨੂੰ ਰੱਬ ਮੇਲਿਆ ਹੈ,
ਰੱਬ ਲਿਖੇ ਸੇ ਪੂਰਨਾ ਭਾਗ ਮੱਥੇ ।
ਕਾਦਰਯਾਰ ਕਹਿਆ ਮੈਂ ਫੇਰ ਮਿਲਸਾਂ,

ਤਦੋਂ ਤੁਰ ਕੇ ਆਇਆ ਹਾਂ ਵਲ ਇਥੇ ।। ੨੧
ਕਾਫ਼ ਕੁਫਰ ਥੀ ਗੁਰੂ ਜੀ ਖ਼ੌਫ਼ ਆਵੇ,
ਜਿਹੜਾ ਹੁਕਮ ਕਰੋ ਸੋਈ ਕਰੇ ਚੇਲਾ ।
ਜੇਕਰ ਕਹੋ ਤਰਾਂ ਤਪ ਵਿਚ ਬੇਲਾ ।
ਮੇਰਾ ਬਚਨ ਹੈ ਨਾਥ ਜੀ ਨਾਲ ਮਾਤਾ,
ਤੇਰੀ ਕਿਰਪਾ ਜੋ ਹੋਇ ਤਾਂ ਹੋਇ ਮੇਲਾ ।
ਕਾਦਰਯਾਰ ਦਿਆਲ ਹੋ ਗੁਰੂ ਕਹਿੰਦਾ,
ਬੱਚਾ ਚਲਾਂਗੇ ਸਭ ਲੈ ਨਾਲ ਡੇਰਾ ।। ੨੨ ।।

ਲਾਮ ਲੱਦ ਅਸਬਾਬ ਸਭ ਸਾਧ ਚੱਲ,
ਚੜ੍ਹੇ ਪਰਬਤਾਂ ਦੇ ਉਪਰ ਜਾਇ ਭਾਈ ।
ਕੋਈ ਕਰੇ ਤਪੱਸਿਆ ਕਠਨ ਭਾਰੀ,
ਨਾਮ ਸਾਈਂ ਦਾ ਜਪਦੇ ਦਿਨੇ ਰਾਤੀਂ.
ਇਕ ਸਾਸ ਨਾ ਦੇਣ ਭੁਲਾਇ ਭਾਈ ।
ਕਾਦਰਯਾਰ ਸਾਧ ਖ਼ੁਦਾਇ ਦੇ ਜੀ,
ਕਰ ਕੇ ਕਰਮ ਦਿੰਦੇ ਬੰਨ੍ਹ ਲਾਇ ਭਾਈ ।੨੩ ।।

ਮੀਮ ਮੱਲ ਬੈਠੇ ਸੀ ਸਾਧ ਡੇਰੇ,
ਚਰਚਾ ਕਰਨ ਜੋ ਜੋਗ ਧਿਆਨ ਦੀ ਜੀ ।
ਸ਼ੁੱਧ ਰੂਪ ਦਾ ਕਰਦੇ ਜਾਪ ਸਾਰੇ,
ਮਾਇਆ ਤੱਜੀ ਹੈ ਦੇਸ਼ ਜਹਾਨ ਦੀ ਜੀ ।
ਪੂਰਨ ਦੇਖ ਕੇ ਗੁਰਾਂ ਦੀ ਚਾਲ ਸਾਰੀ,
ਰੁਚ ਰਹੀ ਹੈ ਵਿਚ ਜਹਾਨ ਦੀ ਜੀ ।
ਕਾਦਰਯਾਰ ਤਦੋਂ ਫੇਰ ਆਖਦਾ ਈ
ਗੁਰੂ ਸੁਣੀਏ ਬਾਤ ਨਿਦਾਨ ਦੀ ਜੀ ।। ੨੪ ।।

## ਪੂਰਨ ਦਾ ਮੁੜ ਮਾਂ ਨੂੰ ਮਿਲਣ ਆਉਣਾ

ਨੂਨ ਨਾਲ ਦੇ ਸਿੱਧਾਂ ਨੇ ਕਹਿਆ ਉੱਥੇ,
ਜੀ ਅਸੀਂ ਚਲੀਏ ਸੈਲ ਵਲਾਇਤਾਂ ਦੇ ।

ਦੱਖਣ ਪੂਰਬ ਤੇ ਪਸਚਮ ਦੇਖ ਸਾਰੇ,
ਲੱਥੇ ਆਇ ਕੇ ਵਿਚ ਗੁਜਰਾਇਤਾ ਦੇ ।
ਟਿੱਲੇ ਆਪਣੇ ਤੇ ਸਿੱਧ ਆਇ ਬੈਠੇ,
ਵੱਡੇ ਸੂਰਮੇ ਨੀ ਕਰਾਮਾਇਤਾਂ ਦੇ ।
ਕਾਦਰਯਾਰ ਕੀ ਸਿੱਧਾਂ ਦੀ ਸਿਫਤ ਕਰੀਏ,
ਬਣ ਬੈਠ ਨੀ ਕਈ ਜਮਾਇਤਾਂ ਦੇ ।। ੨੫ ।।

ਵਾਓ ਵਤਨ ਸਿਆਲਕੋਟ ਅੰਦਰ,
ਮੇਰੀ ਮਾਇ ਤੇ ਬਾਪ ਅਨਾਥ ਸਾਧੋ ।
ਮੈਂ ਤਾਂ ਮਾਇ ਦੇ ਨਾਲ ਕਰਾਰ ਕੀਤਾ,
ਫਿਰ ਆਵਾਂਗਾ ਦੂਜੜੀ ਵਾਰ ਸਾਧੋ ।
ਪੁੱਤਰ ਭਇਆ ਰਸਾਲੂ ਸਲਵਾਹਨ ਦੇ ਜੀ,
ਰਾਜ ਦਿੱਤਾ ਹੈ ਉਸ ਨੂੰ ਨਾਥ ਸਾਧੋ ।
ਕਾਦਰਯਾਰ ਪ੍ਰਤਿੱਗਿਆ ਪੂਰੀ ਕਰੀਏ,
ਨਾਲ ਧਰਮ ਦੇ ਕਰਨਾ ਹੈ ਸਾਥ ਸਾਧੋ ।। ੨੬ ।।

ਹੇ ਹੁਕਮ ਕੀਤਾ ਗੁਰੂ ਨਾਥ ਨੇ ਜੀ,
ਸਿੱਧ ਮੰਡਲੀ ਉੱਠ ਤਿਆਰ ਹੋਈ ।
ਧੂੜ ਅੰਗ ਬਿਭੂਤ ਤੇ ਪਹਿਰ ਖ਼ਿਲਤ
ਨਾਦ ਸਿੰਗੀਆਂ ਧੁਨਕ ਅਧਾਰ ਹੋਈ
ਮੁੱਖੋਂ ਤੁਰਨ ਅਲਖ ਜਗਾਇ ਕਰ ਕੇ,
ਖ਼ਬਰ ਤੁਰਤ ਹੀ ਵਿਚ ਸੰਸਾਰ ਹੋਈ ।
ਕਾਦਰਯਾਰ ਮੀਆਂ ਰਾਣੀ ਇੱਛਰਾਂ ਦੇ,
ਭਾਗ ਜਾਗ ਆਏ ਖ਼ਬਰਦਾਰ ਹੋਈ ।। ੨੭ ।।

ਲਾਮ ਲਾਇ ਦਿੱਤਾ ਵਿਚ ਬਾਗ਼ ਡੇਰਾ,
ਰਾਜਾ ਸਣੇ ਪਰਵਾਰ ਚੱਲ ਆਇਆ ਈ ।
ਰਾਣੀ ਇੱਛਰਾਂ ਤੇ ਸਲਵਾਹਨ ਰਾਜਾ,
ਲੂਣਾ ਪੁੱਤਰ ਰਸਾਲੂ ਜੋ ਜਾਇਆ ਈ ।
ਹੋਰ ਨੌਕਰਾਂ ਚਾਕਰ ਟਹਿਲਣਾਂ ਨੇ,
ਹੱਥ ਜੋੜ ਕੇ ਸੀਸ ਨਿਵਾਇਆ ਈ ।

ਕਾਦਰਯਾਰ ਜਾਂ ਗੁਰਾ ਦਾ ਦਰਸ ਕੀਤਾ.
ਰਾਜੇ ਰਾਣੀਆਂ ਨੇ ਸੁੱਖ ਪਾਇਆ ਈ ।। ੨੮ ।।
ਅਲਫ ਅਲਖ ਜਗਾਇ ਕੇ ਆਖਿਆ ਸੂ.
ਰਾਜਾ ਮੰਗ ਲੈ ਜੋ ਕੁਝ ਮੰਗਨਾ ਈ
ਅੱਗੋਂ ਉੱਠ ਰਸਾਲੂ ਨੇ ਬਚਨ ਕੀਤਾ.
ਕਰਾਮਾਤ ਦੱਸੋ ਕਿਆ ਸੰਗਨਾ ਈ ।
ਪੂਰਨ ਆਪਣੇ ਗੁਰੂ ਨੂੰ ਯਾਦ ਕਰ ਕੇ.
ਝੋਲੀ ਵਿਚੋਂ ਦਿੱਤਾ ਕੱਢ ਕੰਗਨਾ ਈ ।
ਕਾਦਰਾਰ ਜਾਂ ਡਿੱਠੀ ਆ ਜੋਗ ਸਕਤਾ.
ਹੱਥ ਜੋੜ ਕੇ ਦਾਨ ਸੁੱਖ ਮੰਗਨਾ ਈ ।। ੨੯ ।।

ਯੇ ਯਾਦ ਕੀਤਾ ਪੂਰਨ ਮਾਓ ਤਾਈਂ.
ਬੱਚਾ ਕੀਤਾ ਈ ਕੌਲ ਕਰਾਰ ਪੂਰਾ ।
ਸਿੱਧ ਮੰਡਲੀ ਦੇ ਵਿਚ ਜੋਗੀ ਵੱਡਾ,
ਹੁਣ ਮਿਲਿਆ ਹੈ ਨਾਥ ਜੀ ਗੁਰੂ ਪੂਰਾ ।
ਭਰਮ ਭੇਦ ਭਾਗੇ ਮੇਰੇ ਜਨਮ ਦੇ ਜੀ.
ਮੁਕਤ ਹੋਇ ਬੈਕੁੰਠ ਜਾ ਪੈਨੁ ਚੂੜਾ ।
ਕਾਦਰਯਾਰ ਕਿੱਸਾ ਪੂਰਨ ਭਗਤ ਵਾਲਾ.
ਤੁਸੀਂ ਸੁਣੋ ਲੋਕੋ ਇਥੇ ਹੋਇਆ ਪੂਰਾ ।। ੩੦।।

## ਕਿੱਸੇ ਦੀ ਸਮਾਪਤੀ

ਮੌਜ਼ਹ ਮਾਛੀਕੇ ਪਿੰਡ ਹੈ ਜਗਹ ਮੇਰੀ.
ਸੰਧੂ ਜ਼ਾਤ ਹੈ ਆਖ ਸੁਣਾਇਆ ਮੈਂ ।
ਇਕ ਸੌ ਚਾਲ੍ਹੀ ਜਾਂ ਬੈਂਤ ਤਿਆਰ ਕੀਤੇ.
ਸਭਨਾਂ ਭਲਿਆਂ ਨੂੰ ਜਾ ਸੁਣਾਇਆ ਮੈਂ ।
ਕਿੱਸਾ ਪੂਰਨ ਭਗਤ ਦਾ ਫਿਕਰ ਕਰ ਕੇ.
ਸੋਲ੍ਹਾਂ ਦਿਨਾਂ ਦੇ ਵਿਚ ਬਣਾਇਆ ਮੈਂ ।
ਕਾਦਰਯਾਰ ਜੋ ਏਸ ਨੂੰ ਯਾਦ ਕਰਸੀ.
ਖ਼ੁਸੀ ਰਹੇਗਾ. ਆਖ ਸੁਣਾਇਆ ਮੈਂ ।
ਕਿੱਸਾ ਬੈਠ ਕੇ ਜਦੋਂ ਦਰੁਸਤ ਕੀਤਾ.

ਬੈਠ ਯਾਰਾਂ ਨੂੰ ਚਾ ਸੁਣਾਇਆ ਮੈਂ ।
ਪੂਰਨ ਰਾਜੇ ਦੀ ਗੱਲ ਸੁਣਾਇਕੇ ਜੀ,
ਇਹ ਖੂਹ ਇਨਾਮ ਲਿਖਾਇਆ ਮੈਂ ।।
ਅੱਗੇ ਫੇਰ ਰਸਾਲੂ ਦਾ ਜ਼ਿਕਰ ਕਰਸਾਂ,
ਅਜੇ ਇਸ ਵੱਲੋਂ ਚਿੱਤ ਚਾਇਆ ਮੈਂ ।
ਕਾਦਰਯਾਰ ਸੁਣਾਵਸਾਂ ਜੋੜ ਸਾਰਾ,
ਨਾਲ ਸੱਚ ਦੇ ਆਖ ਸੁਣਾਇਆ ਮੈਂ ।

# ਕਿੱਸਾ ਸੋਹਣੀ ਮਹੀਂਵਾਲ

## ਕਿੱਸਾਕਾਰ— ਫਜ਼ਲ ਸ਼ਾਹ

ਸੋਹਣੀ ਵਿਚ ਦਰਿਆ ਦੇ ਜਾਇ ਵੜੀ.
ਕੰਬ ਗਏ ਨੀ ਜ਼ਿਮੀਂ ਅਸਮਾਨ ਮੀਆਂ ।
ਅੰਬਰ ਕੜਕ ਡਰਾਉਂਦੇ ਰਅਦ ਵਾਂਗੂੰ.
ਵੇਖ ਸਹਿਮ ਗਈ ਉਸ਼ਦੀ ਜਾਨ ਮੀਆਂ ।
ਮੁੱਖ ਮੋੜਿਆਂ ਇਸ਼ਕ ਨੂੰ ਲਾਜ ਲੱਗਦੀ.
ਮਹੀਵਾਲ ਤੋਂ ਜਾਨ ਕੁਰਬਾਨ ਮੀਆਂ ।

# ਕਿੱਸਾ ਸੋਹਣੀ ਮਹੀਂਵਾਲ— ਇਸ਼ਕ ਦੀ ਇੰਤਹਾ

ਸੋਹਣੀ ਵਿਚ ਦਰਿਆ ਦੇ ਜਾਇ ਵੜੀ,
ਕੰਬ ਗਏ ਨੀ ਜ਼ਿਮੀਂ ਅਸਮਾਨ ਮੀਆਂ ।

ਪੰਜਾਬੀ ਕਿੱਸਾਕਾਰੀ ਦੇ ਇਤਿਹਾਸ ਵਿਚ ਫਜ਼ਲ ਸ਼ਾਹ ਦੀ ਰਚਨਾ 'ਸੋਹਣੀ ਮਹੀਵਾਲ' ਇਕ ਅਜਿਹੀ ਪ੍ਰਾਪਤੀ ਹੈ, ਜਿਸ ਨੂੰ ਪੰਜਾਬੀ ਕਿੱਸਿਆਂ ਵਿਚ ਪਹਿਲੀ ਕਤਾਰ ਦਾ ਰੁਤਬਾ ਹਾਸਲ ਹੈ । ਇਹ ਸਾਹਿਤਕ ਪ੍ਰਾਪਤੀ ਉਦੋਂ ਹੋਰ ਵੀ ਮੁੱਲਵਾਨ ਪ੍ਰਤੀਤ ਹੁੰਦੀ ਹੈ ਜਦੋਂ ਇਸ ਕਾਵਿ ਪਰੰਪਰਾ ਦਾ ਰੋਸਨ ਇਤਿਹਾਸ ਢਲ ਰਿਹਾ ਸੀ । ਫਜਲ ਸ਼ਾਹ 19ਵੀਂ ਸਦੀ ਦੇ ਦੂਜੇ ਅੱਧ ਦਾ ਕਿੱਸਾਕਾਰ ਹੈ ਅਤੇ ਇਸ ਪੜਾਅ ਉਪਰ ਕਿੱਸਾ ਕਾਵਿ ਆਪਣੀ ਸਿਖਰ ਤੋਂ ਥਿੜਕ ਰਿਹਾ ਸੀ । ਅਜਿਹੀ ਸਥਿਤੀ ਵਿਚ ਫਜਲ ਸ਼ਾਹ ਦੀ ਰਚਨਾ 'ਸੋਹਣੀ ਮਹੀਂਵਾਲ' ਇਕ ਅਜਿਹੀ ਉਤਕ੍ਰਿਸ਼ਟ ਰਚਨਾ ਹੈ, ਜਿਸ ਨੂੰ ਵਾਰਿਸ ਦੀ ਹੀਰ, ਹਾਸ਼ਮ ਦੀ ਸੱਸੀ ਅਤੇ ਕਾਦਰਯਾਰ ਦੇ ਕਿੱਸੇ ਪੂਰਨ ਭਗਤ ਦੇ ਤੁੱਲ ਮਾਨਤਾ ਦਿੱਤੀ ਜਾਂਦੀ ਹੈ । ਪਾਕਿਸਤਾਨ ਦਾ ਨਾਮਵਰ ਲੇਖਕ ਮੁਹੰਮਦ ਸਰਵਰ ਆਪਣੀ ਪੁਸਤਕ 'ਪੰਜਾਬੀ ਅਦਬ' ਵਿਚ ਲਿਖਦਾ ਹੈ, "ਫਜ਼ਲ ਸ਼ਾਹ ਕਾ ਸ਼ਾਹਕਾਰ ਸੋਹਣੀ ਮਹੀਂਵਾਲ ਹੈ, ਜਿਸ ਕੀ ਪੰਜਾਬੀ ਅਦਬ ਮੇ ਏਕ ਮੁਸਤਕਿਲ ਹੈਸੀਅਤ ਹੈ । ਸੋਹਣੀ ਮਹੀਂਵਾਲ ਦਾ ਕਿੱਸਾ ਫਜ਼ਲ ਸ਼ਾਹ ਸੇ ਪਹਿਲੇ ਔਰ ਬਾਅਦ ਮੇਂ ਬਹੁਤ ਸੇ ਸ਼ੁਅਰਾ ਨੇ ਨਜ਼ਮ ਕੀਆ ਹੈ ਲੇਕਨ ਵਾਰਸ ਸ਼ਾਹ ਕੀ ਹੀਰ ਕੀ ਤਰਹ ਫਜ਼ਲ ਸ਼ਾਹ ਕੀ ਸੋਹਣੀ ਬਹੁਤ ਜਿਆਦਾ ਮਕਬੂਲ ਹੈ ।"

ਫਜ਼ਲ ਸ਼ਾਹ ਦਾ ਜਨਮ 1828 ਈ. ਵਿਚ ਨਵਾਂ ਕੋਟ, ਲਾਹੌਰ ਵਿਚ ਹੋਇਆ । ਕੁਟੈਸ਼ੀ ਜਾਤ ਦਾ ਮੁਸਲਮਾਨ ਫਜ਼ਲ ਸ਼ਾਹ ਆਪਣੇ ਬਾਰੇ ਇੰਜ ਲਿਖਦਾ ਹੈ:—

ਮੇਰੇ ਮਿਲਣ ਸੰਦੀ ਜੇਕਰ ਸਿੱਕ ਤੈਨੂੰ,
ਦੱਸਾਂ ਆਪਣਾ ਥਾਂ ਮਕਾਨ ਬੇਲੀ ।
ਨਵਾਂ ਕੋਟ ਲਾਹੌਰ ਦੀ ਤਰਫ ਦੱਖਣ,
ਪੈਂਡਾ ਨੀਮ ਫਰਸੰਗ ਦਾ ਜਾਨ ਬੇਲੀ ।
ਉਸ ਜਗ੍ਹਾ ਤੇ ਮੈਂ ਵਸਨੀਕ, ਕੀਤੀ,
ਗੱਲ ਇਸਕ ਦੀ ਕੁਲ ਬਿਆਨ ਬੇਲੀ ।
ਵੀਹਵੇਂ ਸਾਲ ਅੰਦਰ ਮੇਰਾ ਪੈਰ ਆਹਾ,

ਕੀਤਾ ਖ਼ਿਜਰ ਮੈਨੂੰ ਖੈਰ ਦਾਨ ਬੇਲੀ ।
ਕੀਤੀ ਜੋੜ ਕਿਤਾਬ ਦਰੁਸਤ ਸਾਰੀ,
ਰੋਜ਼ੇ ਚੌਧਵੇਂ ਮਾਹ ਰਮਜਾਨ ਬੇਲੀ ।
ਹਿਜਰਤ ਨਬੀ ਕਰੀਮ ਥੀਂ ਗਏ ਆਹੇ,
ਬਾਰਾ ਸੈ ਤੇ ਪੈਂਹਠ ਪਛਾਨ ਬੇਲੀ ।

ਫਜ਼ਲ ਸ਼ਾਹ ਦੀ ਇਸ ਰਚਨਾ ਦਾ ਰਚਨਾ ਕਾਲ 1848-49 ਹੈ । ਕਿੱਸੇ ਦੀ ਬੋਲੀ ਠੇਠ ਕੇਂਦਰੀ ਪੰਜਾਬੀ ਮਾਝੀ ਹੈ । ਬੈਂਤ ਦਾ ਕਮਾਲ ਅਤੇ ਕਰੁਣਾ ਦੀ ਸਿਖਰ ਇਸ ਕਿੱਸੇ ਦੀ ਅਹਿਮ ਪ੍ਰਾਪਤੀ ਹੈ । ਡਾ. ਦੀਵਾਨ ਸਿੰਘ ਫਜ਼ਲ ਸ਼ਾਹ ਦੀ ਸਾਹਿਤਕ ਪ੍ਰਾਪਤੀ ਦਾ ਉਲੇਖ ਇੰਜ ਕਰਦਾ ਹੈ, "ਫਜ਼ਲ ਸਾਹ ਤੋਂ ਪਹਿਲਾਂ ਤੇ ਪਿਛੋ 'ਸੋਹਣੀ' ਦਾ ਕਿੱਸਾ ਬਹੁਤ ਸਾਰੇ ਕਵੀਆਂ ਨੇ ਜ਼ੋਰ ਲਾ ਕੇ ਲਿਖਿਆ ਪਰ 'ਸੋਹਣੀ ਫ਼ਜ਼ਲ ਸ਼ਾਹ' ਨੂੰ ਕੋਈ ਨਾ ਪੁੱਜ ਸਕਿਆ । ਹਾਸ਼ਮ ਤੇ ਕਾਦਰ ਯਾਰ ਦੋ ਵੱਡੇ ਉਸਤਾਦਾ ਨੇ, ਜੋ ਉਸ ਤੋਂ ਪਹਿਲਾਂ ਹੋਏ, ਆਪਣੇ ਕਿੱਸੇ ਜਿਵੇਂ ਉਨ੍ਹਾਂ ਦੀ ਬਾਕੀ ਰਚਨਾ ਦਾ ਢੰਗ ਹੈ, ਬੜੀ ਸੰਕੁਚਵੀਂ ਤੇ ਸੰਖੇਪ ਸੈਲੀ ਵਿਚ ਬਿਆਨ ਕੀਤੇ ਪਰ ਫਜ਼ਲ ਸ਼ਾਹ ਲੋੜੀਦਾ ਤੇ ਢੁੱਕਵਾਂ ਵਿਸਥਾਰ ਜੋ ਰਸ-ਭਰਪੂਰਤਾ ਅਤੇ ਰੋਚਕਤਾ ਦਾ ਉੱਚਾ ਨਮੂਨਾ ਹੈ, ਪੈਦਾ ਕਰਕੇ ਉਨ੍ਹਾਂ ਤੋਂ ਵਧ ਗਿਆ ।"

ਫਜ਼ਲ ਸ਼ਾਹ ਦੇ ਕਿੱਸੇ ਦੀ ਵੱਡੀ ਪ੍ਰਾਪਤੀ ਇਸ਼ਕ ਦੇ ਤਿੱਖੇ ਵੇਗ ਦਾ ਪ੍ਰਮਾਣਕ ਪ੍ਰਗਟਾਉ, ਵਿਜੋਗ ਭਾਵਨਾ ਅਤੇ ਸਬਦ ਅਲੰਕਾਰ ਰਾਹੀ ਅੰਦਰਲੇ ਦਰਦ ਨੂੰ ਸਾਕਾਰ ਕਰਨਾ ਹੈ । ਤ੍ਰਾਸਦ ਸੰਵੇਦਨਾ ਦਾ ਪ੍ਰਮਾਣਕ ਬਿੰਬ ਫਜ਼ਲ ਸ਼ਾਹ ਦੀ ਬੁਧਿ ਵਿਵੇਕ ਦੀ ਸਾਖੀ ਭਰਦਾ ਹੈ । ਵਿਅਕਤੀ ਅਤੇ ਸਮਾਜ ਦਾ ਤਨਾਉ ਜਿਸ ਤਿੱਖੀ ਸੰਵੇਦਨਾ ਨਾਲ ਫਜਲ ਸ਼ਾਹ ਨੇ ਚਿਤਰਿਆ ਹੈ, ਉਹ ਆਪਣੇ ਆਪ ਵਿਚ ਬੜਾ ਅਰਥ ਭਰਪੂਰ ਹੈ, ਸੋਹਣੀ ਦੀ ਮਾਂ ਦਾ ਇਹ ਕਹਿਣਾ ਹੈ ਕਿ, "ਹਿੱਕੇ ਹਿਸ਼ਕ ਰਹਿਸੀ ਹਿੱਕੇ ਜਾਨ ਰਹਿਸੀ, ਇਨ੍ਹਾਂ ਦੋਹਾਂ ਥੀਂ ਇਕ ਮਨਾ ਧੀਆ ।" ਤ੍ਰਾਸਦੀ ਦੇ ਬੀਜ ਵੱਲ ਪ੍ਰਮਾਣਕ ਸੰਕੇਤ ਹੈ ਕਿ ਵਿਅਕਤੀ ਅਤੇ ਸਮਾਜ ਦੇ ਪ੍ਰਸਪਰ ਤਨਾਉ ਵਿਚ ਵਿਅਕਤੀ ਦੀ ਤ੍ਰਾਸਦ ਹੋਣੀ ਸਪੱਸ਼ਟ ਹੈ । ਵਾਰਸ ਦੀ ਹੀਰ ਵਾਂਗ ਫ਼ਜ਼ਲ ਸ਼ਾਹ ਦੀ ਸੋਹਣੀ ਮਹੀਂਵਾਲ ਇਕ ਅਜਿਹੀ ਪ੍ਰਮਾਣਕ ਤ੍ਰਾਸਦੀ ਹੈ ਜੋ ਵਿਅਕਤੀ ਦੀ ਆਤਮਕ ਦ੍ਰਿੜ੍ਹਤਾ ਅਤੇ ਸਮਾਜਕ ਮੁੱਲਾਂ ਦੇ ਕਰੜੇ ਬੰਧਨ ਦੀ ਜੀਵੰਤ ਝਾਕੀ ਪ੍ਰਸਤੁਤ ਕਰਦੀ ਹੈ । ਫ਼ਜ਼ਲ ਸ਼ਾਹ ਇਸ ਆਤਮਕ ਦ੍ਰਿੜ੍ਹਤਾ ਵਾਲੀ ਨਾਇਕਾ ਦੀ ਹੋਣੀ ਇੰਜ ਉਸਾਰਦਾ ਹੈ:—

ਪਾਣੀ ਚੜ੍ਹ ਆਇਆ ਉਾਰ ਕੰਢਿਆਂ ਦੇ,
ਉਸ ਰਾਤ ਸੀ ਐਡ ਤੂਫਾਨ ਮੀਆਂ ।
ਸੋਹਣੀ ਵਿਚ ਦਰਿਆ ਦੇ ਜਾਇ ਵੜੀ
ਕੰਬ ਗਏ ਨੀ ਜ਼ਿਮੀਂ ਅਸਮਾਨੀ ਮੀਆਂ ।
ਅੰਬਰ ਕੜਕ ਡਰਾਉਂਦੇ ਰਅਦ ਵਾਂਗੂੰ,

ਵੇਖ ਸਹਿਮ ਗਈ ਉਸਦੀ ਜਾਨ ਮੀਆ ।
ਮੁੜ ਮੁੜ ਦੇ ਤਸੱਲੀਆ ਜੀ ਤਾਈਂ,
ਮੰਦਾ ਯਾਰ ਤੋਂ ਮੁਖ ਭਵਾਨ ਮੀਆਂ ।
ਮੁਖ ਮੋੜਿਆ ਇਸ਼ਕ ਨੂੰ ਲਾਜ ਲੱਗਦੀ,
ਮਹੀਂਵਾਲ ਤੋਂ ਜਾਨ ਕੁਰਬਾਨ ਮੀਆਂ ।

ਫਜ਼ਲ ਸ਼ਾਹ ਦੀ ਵੱਡੀ ਰਚਨਾਤਮਕ ਪ੍ਰਾਪਤੀ ਸਬਦ ਅਲੰਕਾਰਾਂ ਰਾਹੀਂ ਤ੍ਰਾਸਦ ਥਿਤੀ ਨੂੰ ਗੂੜ੍ਹੇ ਰੂਪ ਵਿਚ ਸਾਕਾਰ ਕਰਨਾ ਹੈ । ਅਜਿਹਾ ਹਾਸਲ ਪਹਿਲੀ ਵਾਰ ਪੰਜਾਬੀ ੜੱਸਾਕਾਰੀ ਵਿਚ ਮਿਲਦਾ ਹੈ । ਸ਼ਬਦ ਅਲੰਕਾਰ ਦੀ ਖ਼ੂਬੀ ਹੇਠਾਂ ਦਿੱਤੀਆ ਕਾਵਿ ।ਤਰਾਂ ਤੋਂ ਸਿੱਧ ਹੁੰਦੀ ਹੈ:—

ਮਹੀਂਵਾਲ ਤਾਈਂ ਵਾਲ ਵਾਲ ਮੇਰਾ,
ਕਰੇ ਯਾਦ ਅੱਲ੍ਹਾ, ਕਰੇ ਯਾਦ ਅੱਲ੍ਹਾ ।
ਯਾਰ ਯਾਰ ਕਰਦੀ ਓੜਕ ਹੋ ਗਈ ਆਂ,
ਬਰਬਾਦ ਅੱਲ੍ਹਾ, ਬਰਬਾਦ ਅੱਲ੍ਹਾ ।
ਕੀਤੀ ਪਕੜ ਤਕਦੀਰ ਮੁਰਾਦ ਬਾਝੋਂ,
ਬੇਆਬਾਦ ਅੱਲ੍ਹਾ, ਬੇਆਬਾਦ ਅਲ੍ਹਾ ।
ਫਜ਼ਲ ਸ਼ਾਹ ਮੀਆਂ ਸੋਹਣੀ ਡੁੱਬ ਮੋਈ,
ਫਰਿਆਦ ਅੱਲ੍ਹਾ, ਫਰਿਆਦ ਅੱਲ੍ਹਾ ।

ਨਿਰਸੰਦੇਹ ਫ਼ਜ਼ਲ ਸ਼ਾਹ ਦੀ ਰਚਨਾ ਸੋਹਣੀ ਮਹੀਂਵਾਲ ਤਿੱਖੇ ਇਸ਼ਕ ਦੀ ਇੰਤਹਾ ; ਪ੍ਰਗਟਾਉਣ ਵਾਲਾ ਉਤਕ੍ਰਿਸ਼ਟ ਕਿੱਸਾ ਹੈ । ਤ੍ਰਾਸਦੀ ਦਾ ਪ੍ਰਮਾਣਕ ਬਿੰਬ, ਬ੍ਰਿਹਾ ੀ ਵੇਦਨਾ, ਕਰੁਣਾ ਦੀ ਦਰਦ ਭਰੀ ਝਾਕੀ, ਸ਼ਬਦ ਅਲੰਕਾਰ ਅਤੇ ਠੇਠ ਪੰਜਾਬੀ ੜੇਸਦੀ ਕਿੱਸਾਕਾਰੀ ਦੇ ਰਚਨਾਤਮਕ ਗਣ ਹਨ ।

# ਸੋਹਣੀ ਮਹੀਂਵਾਲ

## ਮਗਲਾਚਰਨ

### ਰੱਬ ਦੀ ਸਿਫ਼ਤ (ਦਰ ਬਿਆਨ ਹਮਦ)

ਅੱਵਲ ਹਮਦ ਸਨਾਇ ਖ਼ੁਦਾਇ ਤਾਈਂ,
ਜਿਸ ਇਸ਼ਕ ਥੀਂ ਕੁਲ ਜਹਾਨ ਕੀਤਾ ।
ਨਬੀ ਪਾਕ ਰਸੂਲ ਮਾਸ਼ੂਕ ਕਰਕੇ,
ਮਖ਼ਲੂਕ ਕੋਲੋਂ ਆਲੀਸ਼ਾਨ ਕੀਤਾ ।
ਲੋਹ ਕਲਮ ਚੌਦਾਂ ਤਬਕ ਅਰਸ਼ ਕੁਰਸੀ,
ਸਭ ਇਸ਼ਕ ਸੇਤੀ ਨਿਗ੍ਹਾਬਾਨ ਕੀਤਾ ।
ਹੋਇਆ ਫਜ਼ਲ ਖ਼ੁਦਾਇ ਦਾ ਆਸ਼ਕਾਂ ਤੇ,
ਜਦੋਂ ਇਸ਼ਕ ਨੇ ਆਨ ਮਕਾਨ ਕੀਤਾ ।

### ਰਸੂਲ ਦੀ ਸਿਫ਼ਤ (ਨਅਤ)

ਦੂਜੀ ਨਅਤ ਆਖਾਂ ਨਬੀ ਪਾਕ ਤਾਈਂ,
ਜੈਂਦੇ ਸ਼ਾਨ ਕੁਰਾਨ ਨਜ਼ੂਲ ਹੋਇਆ ।
ਅਹਦ ਨਾਲ ਹੋਇਆ ਇਕ ਜ਼ਾਤ ਅਹਿਮਦ,
ਜਿਸ ਰਾਤ ਵਸਾਲ ਵਸੂਲ ਹੋਇਆ ।
ਨਬੀ ਐ ਅਦਨੇ ਕੋਲੋਂ ਹੈ ਅਕਬਰ,
ਵਿਚ ਖ਼ਾਸ ਜਨਾਬ ਕਬੂਲ ਹੋਇਆ ।
ਫ਼ਜ਼ਲ ਸ਼ਾਹ ਪਰਵਾਹ ਕੀ ਉੱਮਤਾਂ ਨੂੰ,
ਜਿਨ੍ਹਾਂ ਪੁਸ਼ਤ ਪਨਾਹ ਰਸੂਲ ਹੋਇਆ ।

### ਰਸੂਲ ਦੇ ਚਾਰ ਯਾਰਾਂ ਦੀ ਸਿਫ਼ਤ

ਪਹਿਲਾ ਯਾਰ ਸਦੀਕ ਰਸੂਲ ਸੰਦਾ,
ਜਿਸ ਸਿਦਕ ਯਕੀਨ ਕਮਾਲ ਕੀਤਾ ।
ਦੂਜਾ ਉਮਰ ਪਛਾਣ ਈਮਾਨ ਸੇਤੀ,
ਸੱਚਾ ਕੌਲ ਜਿਸ ਨੇ ਅਦਲ ਨਾਲ ਕੀਤਾ ।

ਤੀਜਾ ਇਬਨਿ ਅੱਫ਼ਾਨ ਅਸਮਾਨ ਮੰਨੀਂ.
ਸਾਰੀ ਉਮਰ ਨ ਗ਼ੈਰ ਖ਼ਿਆਲ ਕੀਤਾ ।
ਫਜਲ ਯਾਰ ਚੌਥਾ ਅਲੀ ਸਾਹ ਮਰਦਾ.
ਯਜ਼ਦਾਂ ਆਪ ਆਹਾ ਲਾਲੋ ਲਾਲ ਕੀਤਾ ।

## ਸੱਯਦ ਅਬਦੁਲ ਕਾਦਰ ਜੀਲਾਨੀ ਦੀ ਸਿਫ਼ਤ

ਆਲੀ ਪਾਕ ਜਨਾਬ ਹੈ ਗ਼ੌਸ ਆਜਮ.
ਮਹੀਯੁੱਦੀਨ ਜਹਾਨ ਦਾ ਪੀਰ ਮੀਆਂ ।
ਨਾਲ ਇਕ ਨਿਗਾਹ ਦੇ ਸ਼ਾਹ ਕੀਤੇ.
ਕਈ ਲੱਖ ਕੰਗਾਲ ਫਕੀਰ ਮੀਆਂ ।
ਬਾਹਰ ਕੱਢਿਆ ਡੁੱਬਦਿਆਂ ਬੇੜਿਆ ਨੂੰ.
ਕਰਾਮਾਤ ਦੇ ਪਾਇ ਜ਼ੰਜੀਰ ਮੀਆਂ ।
ਫਜ਼ਲ ਸ਼ਾਹ ਨੂੰ ਕੁਝ ਪ੍ਰਵਾਹ ਨਾਹੀਂ,
ਜੈਂਦਾ, ਪੀਰ ਪੀਰਾਂ ਦਸਤਗੀਰ ਮੀਆਂ ।

## ਕਿੱਸੇ ਦੀ ਉਥਾਨਕਾ

ਇਕ ਰੋਜ਼ ਆਹਾ ਚੰਗਾ ਈਦ ਕੋਲੋਂ.
ਰਲ ਸੈਰ ਗਏ ਸਾਰੇ ਯਾਰ ਮੀਆ ।
ਬਾਗ਼ ਬਾਗ਼ ਹੋਏ ਯਾਰ ਬਾਗ਼ ਜਾ ਕੇ.
ਰੰਗਾ ਰੰਗ ਦੀ ਦੇਖ ਬਹਾਰ ਮੀਆਂ ।
ਕਈ ਮਸਤ ਹੋਏ ਸਰੂ ਦੇਖ ਸਿੱਧਾ,
ਕਈ ਦੇਖ ਮਜਨੂੰ ਮਜਨੂੰ ਵਾਰ ਮੀਆਂ ।
ਅੱਖੀਂ ਯਾਰ ਦੇ ਨਾਲ ਮਿਸਾਲ ਦੇਂਦੇ.
ਕਈ ਨਰਗਸ ਨੂੰ ਦੇਖ ਬੀਮਾਰ ਮੀਆਂ । ।
ਕਈ ਰੱਖ ਖ਼ਿਆਲ ਮਹਿਬੂਬ ਵਾਲਾ,
ਮਹਿੰਦੀ ਦੇਖਦੇ ਦਸਤ ਚਨਾਰ ਮੀਆਂ ।
ਕਈ ਦੇਖ ਸ਼ਮਸ਼ਾਦ ਦਿਲ ਸ਼ਾਦ ਹੋਏ,
ਕਈ ਮੋਤੀਏ ਦੇ ਦੇਖ ਹਾਰ ਮੀਆਂ ।
ਫ਼ਜ਼ਲ ਸ਼ਾਹ ਸਾਰੇ ਯਾਰ ਸੈਰ ਕਰ ਕੇ.
ਓੜਕ ਬੈਠਦੇ ਨਾਲ ਕਰਾਰ ਮੀਆਂ ।

## ਯਾਰਾਂ ਵਲੋਂ ਕਿੱਸਾ ਲਿਖਣ ਦੀ ਫ਼ਰਮਾਇਸ਼

ਵਾਰੋ ਵਾਰ ਲੱਗੇ ਗੁਫਤਗੂ ਕਰਨੇ,
ਆਹੇ ਯਾਰ ਜੋ ਸੁਘੜ ਸੁਜਾਨ ਮੀਆਂ।
ਕੋਈ ਇਲਮ ਤੌਹੀਦ ਦਾ ਕਹੇ ਨੁਕਤਾ,
ਕੋਈ ਸ਼ੂਰਾ ਦਾ ਖੋਲ੍ਹ ਬਿਆਨ ਮੀਆਂ।
ਕੋਈ ਕਹੇ ਸਰੋਦ ਪ੍ਰੇਮ ਵਾਲਾ,
ਕੋਈ ਦੇਇ ਬੈਠਾ ਤਾਰ ਤਾਨ ਮੀਆਂ।
ਕੋਈ ਕਹੇ ਖ਼ੁਦਾਇ ਦੀ ਕਸਮ ਮੈਨੂੰ,
ਮੇਰਾ ਯਾਰ ਹੈ ਦੀਨ ਇਮਾਨ ਮੀਆਂ।
ਕੋਈ ਗੱਲ ਸੁਣਾਂਵਦਾ ਆਸ਼ਕਾਂ ਦੀ,
ਕੋਈ ਘੱਤ ਦਿੰਦਾ ਘੱਮਸਾਨ ਮੀਆਂ।
ਓੜਕ ਕਰਨ ਸਵਾਲ ਕਮਾਲ ਮੈਨੂੰ,
ਗੱਲਾਂ ਸਾਰੀਆਂ ਨੂੰ ਪੁਣ ਛਾਨ ਮੀਆਂ।
ਆਖਣ ਸੋਹਣੀ ਤੇ ਮਹੀਂਵਾਲ ਵਾਲਾ,
ਕਰੋ ਕੁਲ ਬਿਆਨ ਅਯਾਨ ਮੀਆਂ।
ਫ਼ਜ਼ਲ ਸ਼ਾਹ ਕਿੱਸਾ ਅਲਫੋ ਯੇ ਤੀਕਰ,
ਕਰੋ ਸਿਅਰ ਪੰਜਾਬ ਜ਼ੁਬਾਨ ਮੀਆਂ।

## ਕਵੀ ਵਾਕ (ਮਕੂਲਾ ਸ਼ਾਇਰ)

ਯਾਰਾਂ ਅਕਲ ਸ਼ਊਰ ਥੀਂ ਦੂਰ ਕਹਿਆ,
ਇਸ ਬਾਤ ਕੋਲੋਂ ਪਰੇਸ਼ਾਨ ਹੋਇਆ।
ਮੈਨੂੰ ਪਿਆ ਧੋਖਾ ਸ਼ਿਅਰ ਬਹੁਤ ਔਖਾ,
ਕੋਤਾਹ ਅਕਲ ਦਾ ਬਹੁਤ ਹੈਰਾਨ ਹੋਇਆ।
ਓੜਕ ਹੋ ਲਾਚਾਰ ਕਬੂਲ ਕੀਤਾ,
ਕਿੱਸਾ ਜੋੜਨੇ ਤਰਫ਼ ਧਿਆਨ ਹੋਇਆ।
ਫ਼ਜ਼ਲ ਸ਼ਾਹ ਅਲਾਹ ਤੇ ਰੱਖ ਤਕਵਾ,
ਕਿਹੜਾ ਕੰਮ ਜੋ ਨਹੀਂ ਆਸਾਨ ਹੋਇਆ।

## ਤਥਾ (ਪੁਰਾਣੇ ਆਸ਼ਕਾਂ ਦਾ ਬਿਆਨ)

ਬੈਠ ਜੀਉ ਦੇ ਨਾਲ ਸਲਾਹ ਕੀਤੀ,
ਪਾਇਆ ਦੋਸਤਾਂ ਜਦੋਂ ਸਵਾਲ ਮੀਆਂ।

ਕਿੱਸੇ ਇਸ਼ਕ ਦੇ ਨੂੰ ਨਾਲ ਹੋਸ਼ ਕਹਿਣਾ,
ਜ਼ਰਾ ਰੱਖਣਾ ਪੈਰ ਸੰਭਾਲ ਮੀਆਂ।
ਇਸ਼ਕ ਵਿਚ ਮੁਸੀਬਤਾਂ ਬਹੁਤ ਮੁਸ਼ਕਲ,
ਬੰਦਾ ਕੌਣ ਝੱਲ ਓਹਦੀ ਝਾਲ ਮੀਆਂ।
ਲੱਖਾਂ ਪੀਰ ਵਲੀ ਇਸ਼ਕ ਡੋਬ ਦਿਤੇ,
ਗਲ ਪਾ ਪ੍ਰੇਮ ਦੇ ਜਾਲ ਮੀਆਂ।
ਇਸ਼ਕ ਅਕਲ ਭੁਲਾ, ਖੁਵਾ ਦਾਣਾ,
ਆਦਮ ਜੱਨਤੋਂ ਦੇ ਨਿਕਾਲ ਮੀਆਂ।। ੪੦ ।।
ਇਬਰਾਹੀਮ ਤਾਈਂ ਏਸ ਇਸ਼ਕ ਜ਼ਾਲਮ,
ਦਿੱਤਾ ਚਿਖਾ ਨਮਰੂਦ ਦੀ ਡਾਲ ਮੀਆਂ।
ਯੂਸਫ ਇਬਨ ਯਾਕੂਬ ਨੂੰ ਖੂਹ ਪਾਇਆ,
ਏਸ ਇਸ਼ਕ ਨੇ ਖ਼ਾਬ ਦਿਖਾਲ ਮੀਆਂ।
ਮੁੱਠੀ ਖ਼ਾਬ ਦੇ ਵਿਚ ਤੈਮੂਰ ਬੇਟੀ,
ਸੂਰਤ ਯੂਸਫ਼ ਦੀ ਦੇਖ ਕਮਾਲ ਮੀਆਂ।
ਜ਼ਾਲਮ ਇਸ਼ਕ ਨੇ ਮਾਰ ਸ਼ਹੀਦ ਕੀਤੇ,
ਬੀਬੀ ਫਾਤਮਾ ਦੇ ਦੋਵੇਂ ਲਾਲ ਮੀਆਂ।
ਢੋਲ ਰੂਮ ਤੇ ਸ਼ਾਮ ਦੇ ਸ਼ਾਹ ਤਾਈਂ,
ਇਸ਼ਕ ਮਾਰ ਲੀਤੇ ਢੋਲ ਢਾਲ ਮੀਆਂ।
ਸ਼ਾਹ ਕੈਸ ਜਿਸ ਨੂੰ ਮਜਨੂੰ ਲੋਕ ਸੱਦਣ,
ਹੋਇਆ ਸੁੱਕ ਮਿਸਾਲ ਹਲਾਲ ਮੀਆਂ।
ਲੈਲਾਂ ਵਿਚ ਮਹਿਲਾਂ ਨਿਤ ਰਹੇ ਰੋਂਦੀ,
ਵੇਖ ਯਾਰ ਦਾ ਮੰਦੜਾ ਹਾਲ ਮੀਆਂ।
ਰਾਂਝਾ ਤਖ਼ਤ ਹਜ਼ਾਰੇ ਦਾ ਚੌਧਰੀ ਸੀ,
ਏਸ ਇਸ਼ਕ ਕੀਤਾ ਚਰਵਾਲ ਮੀਆਂ।
ਬੇਲੇ ਵਿਚ ਬੇਲੀ ਪਿਛੇ ਫਿਰੇ ਕਮਲੀ,
ਕੁੱਠੀ ਇਸ਼ਕ ਦੀ ਹੀਰ ਸਿਆਲ ਮੀਆਂ।
ਆਦਮ ਜਾਮ ਬੇਟੀ ਜਿਸ ਦਾ ਨਾਮ ਸੱਸੀ,
ਗਈ ਯਾਰ ਪਿਛੇ ਖੁਲ੍ਹੇ ਵਾਲ ਮੀਆਂ।
ਪੁੰਨੂੰ ਕੇਚ ਮਕਰਾਨ ਤੋਂ ਇਸ਼ਕ ਆਂਦਾ,
ਥਲਾਂ ਵਿਚ ਮੋਇਆ ਸੱਸੀ ਨਾਲ ਮੀਆਂ।
ਫ਼ਰਹਾਦ ਪਹਾੜ ਨੂੰ ਚੀਰ ਮੋਇਆ,
ਸ਼ੀਰੀਂ ਵਾਸਤੇ ਕਠਨ ਮੁਹਾਲ ਮੀਆਂ।

ਸ਼ੀਰੀਂ ਦਰਦ ਫ਼ਿਰਾਕ ਦੇ ਨਾਲ ਰੁੰਨੀ.
ਸਾਰਾ ਜੀਉ ਦਾ ਖ਼ੂਨ ਉਛਾਲ ਮੀਆਂ ।
ਮਾਹੀ ਯਾਰ ਦਿਤੀ ਜਾਨ ਯਾਰ ਤਾਈਂ.
ਚੰਦਰ ਬਦਨ ਮੋਈ ਕੌਲ ਪਾਲ ਮੀਆਂ ।
ਮਿਰਜ਼ੇ ਤੀਰ ਖਾਧੇ ਖ਼ਾਤਰ ਸਾਹਿਬਾਂ ਦੇ.
ਗਏ ਮੁੱਢ ਕਲੇਜੇ ਨੂੰ ਭਾਲ ਮੀਆਂ ।
ਮੋਈ ਸਾਹਿਬਾਂ ਵੀ ਏਸੇ ਇਸ਼ਕ ਅੰਦਰ
ਕੀਤਾ ਯਾਰ ਦੇ ਨਾਲ ਵਸਾਲ ਮੀਆਂ ।
ਮਨਸੂਰ ਸੂਲੀ ਉਤੇ ਚਾੜ੍ਹ ਦਿਤਾ,
ਏਸ ਇਸ਼ਕ ਮੱਲੀ ਏਹੋ ਚਾਲ ਮੀਆਂ ।
ਸ਼ਮਸ ਜਿਹਾਂ ਦੀ ਖੱਲ ਉਧੇੜ ਸੁੱਟੀ,
ਕੀਮੇ ਮਲਕ ਨੂੰ ਪਏ ਜੰਜਾਲ ਮੀਆਂ
ਮਸਤ ਹੋ ਚਕੋਰ ਨੇ ਦੀਦ ਲਾਈ,
ਵੇਖ ਚੰਦ ਦਾ ਹੁਸਨ ਜਮਾਲ ਮੀਆਂ
ਚਕਵੀ ਚਕਵੇ ਨੂੰ ਇਸ਼ਕ ਕਮਾਲ ਹੋਇਆ,
ਰਾਤੀਂ ਕੰਢਿਆਂ ਤੇ ਕਰਨ ਜਾਲ ਮੀਆਂ ।। ੬੦।
ਭੌਰਾਂ ਬੁਲਬੁਲਾਂ ਨੇ ਬਹੁਤ ਪਿਆਰ ਸੇਤੀ,
ਨਾਲ ਫੁੱਲਾਂ ਕੀਤੀ ਕੀਲ ਕਾਲ ਮੀਆਂ ।
ਲੱਖਾਂ ਮਰਨ ਪਤੰਗ ਬੇਰੰਗ ਹੋ ਕੇ,
ਸੂਰਤ ਸੋਹਣੀ ਵੇਖ ਜਮਾਲ ਮੀਆਂ ।
ਪਹਿਲੋਂ ਸ਼ਹਿਦ ਪਿਆਲ ਵਸਾਲ ਸੰਦਾ.
ਪਿਛੋਂ ਦੇਇ ਅਲੰਬੜਾ ਬਾਲ ਮੀਆਂ ।
ਬਿਨਾਂ ਮਾਰਿਆਂ ਮਰੇ ਨਾ ਮੂਲ ਜ਼ਾਲਮ.
ਗੋਰ ਤੀਕ ਨਾ ਛੱਡਦਾ ਖ਼ਿਆਲ ਮੀਆਂ ।
ਲੱਖਾਂ ਆਸ਼ਕਾਂ ਨੂੰ ਏਸ ਇਸ਼ਕ ਜ਼ਾਲਮ.
ਕੀਤਾ ਬੱਕਰੇ ਵਾਂਗ ਹਲਾਲ ਮੀਆਂ ।
ਰੋੜਾ ਮੋਇਆ ਜਲਾਲੀ ਦੇ ਇਸ਼ਕ ਪਿਛੇ,
ਆਜਜ਼ ਹੋ ਫ਼ਕੀਰ ਕੰਗਾਲ ਮੀਆਂ ।
ਇਸ਼ਕ ਸੋਹਣੀ ਵਿਚ ਝਨਾਉਂ ਡੁੱਬੀ.
ਫੇਰ ਪੇਸ਼ ਪਿਆ ਮਹੀਂਵਾਲ ਮੀਆਂ ।
ਜਿਨ੍ਹਾਂ ਨਾਲ ਇਸ ਇਸ਼ਕ ਦੇ ਨਿਹੁੰ ਲਾਇਆ ।
ਸਾਰੀ ਉਮਰ ਕੀਤੀ ਹਾਲ਼ ਹਾਲ ਮੀਆਂ ।

ਫਜ਼ਲ ਸਾਹ ਮਰੇਲੜੇ ਇਸ਼ਕ ਖ਼ੂਨੀ.
ਕਈ ਖ਼ੂਹਣੀਆਂ ਸਟੀਆਂ ਗਾਲ ਮੀਆ ।

## ਤਥਾ

ਬੱਸ ਬੱਸ ਮੀਆ ਮੱਤੀਂ ਦੇ ਨਾਹੀ.
ਇਸਕ ਜਾਣਦਾ ਨਹੀਂ ਬਖੇੜਿਆਂ ਨੂੰ ।
ਮੱਤਾਂ ਸਭ ਨਸੀਹਤਾਂ ਘੋਲ ਪੀਵੇ.
ਕਾਹਨੂੰ ਛੇੜਿਆ ਈ ਇਨ੍ਹਾਂ ਝੇੜਿਆਂ ਨੂੰ ।
ਸੁਣ ਗੱਲ ਮਕਸੂਦ ਦੀ ਆਪ ਮੂੰਹੋਂ.
ਛੱਡ ਸਾਰਿਆਂ ਝਗੜਿਆਂ ਝੇੜਿਆਂ ਨੂੰ ।
ਫਜ਼ਲ ਮੰਗ ਦੁਆਇ ਖ਼ੁਦਾਇ ਅੱਗੇ,
ਜਿਹੜਾ ਪਾਰ ਲਾਏ ਲੱਖਾ ਬੇੜਿਆ ਨੂੰ ।

## ਦੁਆ, ਅੱਲਾਹ ਦੀ ਦਰਗਾਹ ਵਿਚ

ਕੌਲ ਪਾਲਣਾ ਬਹੁਤ ਜ਼ਰੂਰ ਹੋਇਆ.
ਕੀਤਾ ਦੋਸਤਾ ਨਾਲ ਇਕਰਾਰ ਅੱਲਾਹ ।
ਮੈਨੂੰ ਅਕਲ ਸਊਰ ਦੀ ਦਾਤ ਬਖ਼ਸ਼ੀਂ,
ਫਰਿਆਦ ਕਰਾਂ ਔਗਣਹਾਰ ਅੱਲਾਹ ।
ਤੇਰੀ ਮਿਹਰ ਬਾਝੋਂ ਕੀਕਰ ਸ਼ਿਅਰ ਹੋਵੇ.
ਮੈਥੋਂ ਹਰਫ ਦਾ ਨਹੀਂ ਤਕਰਾਰ ਅੱਲਾਹ ।
ਵਗੇ ਸਿਅਰ ਦਾ ਬਹਿਰ ਪੁਰ ਲਹਿਰ ਡੂੰਘਾ.
ਨਹੀ ਸਿਅਰ ਸੰਦੀ ਮੈਨੂੰ ਸਾਰ ਅੱਲਾਹ ।
ਕਰੀਂ ਸ਼ਿਅਰ ਮੇਰਾ ਪੁਰ ਸਿਹਰ ਸਾਈਆਂ.
ਤੈਥੀਂ ਫਜਲ ਦਾ ਨਹੀਂ ਸੁਮਾਰ ਅੱਲਾਹ ।
ਫਜ਼ਲ ਸ਼ਾਹ ਫਕੀਰ ਦਿਲਗੀਰ ਸੰਦਾ.
ਕਰੀਂ ਫਜ਼ਲ ਸੇਤੀ ਬੇੜਾ ਪਾਰ ਅੱਲਾਹ ।

## ਕਿੱਸੇ ਦਾ ਮੁੱਢ

ਇਕ ਸਹਿਰ ਗੁਜਰਾਤ ਝਨਾਉਂ ਕੰਢੇ,
ਉਹਦੇ ਵਿਚ ਤੁੱਲਾ ਘੁਮਿਆਰ ਆਹਾ ।। ੮੦ ।
ਉੱਤਮ ਜ਼ਾਤ ਨਜੀਬ ਨਸੀਬ ਵਾਲਾ,
ਮਸ਼ਹੂਰ ਦਰਬਾਰ ਸਰਕਾਰ ਆਹਾ ।

ਅਫਲਾਤੂਨ ਲੁਕਮਾਨ ਸਾਗਿਰਦ ਉਹਦੇ.
ਅਕਲ ਹੋਸ ਦਾ ਬਹੁਤ ਹੁਸਿਆਰ ਆਹਾ ।
ਗੋਇਆ ਚੀਨ ਦਾ ਸੀ ਚੀਨੀ ਸਾਜ਼ ਤੁੱਲਾ.
ਨਾਲ ਕਸਬ ਕਮਾਲ ਵਿਹਾਰ ਆਹਾ ।
ਕੂਜੇ ਬਾਦੀਏ ਕਰੇ ਤਿਆਰ ਐਸ.
ਜਿਸ ਦੇਖਿਆ ਸੋ ਤਲਬਗਾਰ ਆਹਾ ।
ਜਾ ਕੇ ਨਜਰ ਗੁਜ਼ਾਰਦਾ ਪੇਸ ਸਾਹਾ.
ਏਸ ਚਾਲ ਕੋਲੋਂ ਮਾਲਦਾਰ ਆਹਾ ।
ਸਾਰਾ ਮੁਲਕ ਪੰਜਾਬ ਉਹਦੇ ਭਾਂਡਿਆ ਦਾ.
ਬੜੇ ਸੌਕ ਸੇਤੀ ਖ਼ਰੀਦਾਰ ਆਹਾ ।
ਫਜਲ ਸਾਹ ਹਰ ਸਿਫਤ ਮੌਸੂਫ ਤੁੱਲਾ.
ਨੇਕ ਨਾਮ ਬੇਅੰਤ ਸੁਮਾਰ ਆਹਾ ।

## ਸੋਹਣੀ ਦੀ ਪੈਦਾਇਸ਼

ਇਕ ਰੋਜ ਤੁੱਲਾ ਗਿਆ ਵਿਚ ਮਹਿਲੀ.
ਰਖ ਜੀਉ ਤੇ ਸ਼ੌਕ ਕਮਾਲ ਮੀਆ ।
ਸੂਰਜ ਫੈਜ਼ ਦੇ ਆਣ ਕੇ ਚਮਕ ਮਾਰੀ.
ਪੱਥਰ ਵਿਚ ਪੈਦਾ ਹੋਇਆ ਲਾਲ ਮੀਆ ।
ਸਿੱਪ ਅਬਰ ਨੈਸਾਨ ਦੇ ਕਰਮ ਕੋਲੋ.
ਬਾਰਦਾਰ ਹੋਇਆ ਮੋਤੀ ਨਾਲ ਮੀਆਂ ।
ਕੀਤੇ ਕੰਮ ਖ਼ੁਦਾਇ ਦੇ ਰਾਸ ਹੋਏ.
ਹਮਲ ਨਾਲ ਹੋਈ ਉਸ ਦੀ ਜ਼ਾਲ ਮੀਆਂ ।
ਜਦੋਂ ਗੁਜਰ ਗਏ ਨੌਂ ਮਾਹ ਪੂਰੇ.
ਕੀਤੀ ਦਰਦ ਨੇ ਬਹੁਤ ਬੇਹਾਲ ਮੀਆਂ ।
ਦਾਈ ਆਨ ਕੀਤਾ ਸਭ ਕਾਰਖ਼ਾਨਾ.
ਜੋ ਕੁਝ ਜਗ ਜਹਾਨ ਦੀ ਚਾਲ ਮੀਆਂ ।
ਪਿਛਲੀ ਰਾਤ ਲੜਕੀ ਪੈਦਾਵਾਰ ਹੋਈ.
ਚਿਹਰਾ ਚਮਕਦਾ ਚੰਨ ਮਿਸਾਲ ਮੀਆਂ ।
ਫਜ਼ਲ ਸਾਹ ਸੋਹਣੀ ਉਸ ਦਾ ਨਾਮ ਰਖਣ.
ਸੋਹਣਾ ਵੇਖ ਕੇ ਹੁਸਨ ਜਮਾਲ ਮੀਆਂ ।

## ਸੋਹਣੀ ਦੀ ਪਰਵਰਸ਼

ਸੋਹਣੀ ਰਾਤ ਸ਼ਬ ਕਦਰ ਦੇ ਜਨਮ ਲਿਆ.
ਵਿਚ ਪੋਤੜੇ ਇਸਕ ਦੇ ਪਾਇਓ ਨੇ ।
ਜੇਹੀ ਗੁੜਤੀ ਮਿਲੀ ਸਾਰੇ ਆਸ਼ਕਾਂ ਨੂੰ
ਸੋਈ ਸੋਹਣੀ ਦੇ ਮੁੱਖ ਲਾਇਓ ਨੇ ।
ਜੋ ਕੁਝ ਸ਼ਰ੍ਹਾ ਸ਼ਰੀਫ ਦੀ ਬਾਤ ਆਹੀ.
ਮੁੱਲਾ ਸੱਦ ਕੇ ਬਾਂਗ ਦਿਵਾਇਓ ਨੇ ।
ਫਜ਼ਲ ਸ਼ਾਹ ਸੋਹਣੀ ਜੰਮਦੀ ਰੋਣ ਲੱਗੀ
ਵੇਖ ਅਕਲ ਤੇ ਹੋਸ਼ ਭੁਲਾਇਓ ਨੇ ।

## ਵਰ੍ਹਾ ਪਹਿਲਾ

ਮਾਂ ਸੋਹਣੀ ਦੀ ਸਦਵਾ ਦਾਈ,
ਦਿੰਦੀ ਸੌਂਪ ਤੇ ਪਾਲਨੇ ਪਾਂਵਦੀ ਸੀ । । ੧੦੦ ।
ਦਾਈ ਬਹੁਤ ਪਿਆਰ ਤੇ ਮਿਹਰ ਸੇਤੀ,
ਨਿੱਤ ਆਪਣਾ ਸ਼ੀਰ ਪਿਲਾਂਵਦੀ ਸੀ ।
ਹੋਰ ਕਈ ਸ਼ਰੀਣੀਆਂ ਦੁੱਧ ਪੇੜੇ,
ਮੱਖਣ ਖੰਡ ਦੇ ਨਾਲ ਚਟਾਂਵਦੀ ਸੀ ।
ਫ਼ਜ਼ਲ ਵਰ੍ਹੇ ਦੀ ਸੋਹਣੀ ਬਹਿਣ ਲੱਗੀ.
ਜੀਉ ਮਾਉਂ ਤੇ ਬਾਪ ਦੇ ਭਾਂਵਦੀ ਸੀ ।

## ਵਰ੍ਹਾ ਦੂਜਾ

ਦੂਜੇ ਵਰ੍ਹੇ ਦੀ ਸੋਹਣੀ ਟੁਰਨ ਲੱਗੀ,
ਕਰੇ ਨਾਲ ਇਸ਼ਾਰਤਾਂ ਗੱਲ ਮੀਆਂ ।
ਜੇਕਰ ਗੱਲ ਕਰਦੀ ਲੱਖ ਵਲ ਪੈਂਦੇ,
ਅਜੇ ਗੱਲ ਦਾ ਨਹੀ ਸੀ ਵੱਲ ਮੀਆਂ ।
ਮੁਖ ਚੌਧਵੀਂ ਰਾਤ ਦਾ ਚੰਦ ਆਹਾ,
ਸੋਹਨ ਤਖ਼ਤੀਆਂ ਹੱਸੀਆਂ ਗੱਲ ਮੀਆਂ ।
ਫਜ਼ਲ ਲੱਖ ਸ਼ਰੀਣੀਆਂ ਮਾਉਂ ਉਸ ਦੀ,
ਕੋਲ ਬੈਠ ਖਵਾਂਵਦੀ ਝੱਲ ਮੀਆਂ ।

## ਵਰ੍ਹਾ ਤੀਜਾ

ਵਰ੍ਹੇ ਤੀਸਰੇ ਦੀ ਜਾਂ ਹੋਈ ਸੋਹਣੀ.

ਮੂੰਹੋਂ ਗੱਲ਼ ਕਰਦੀ ਨਾਲ ਪਿਆਰ ਮੀਆਂ ।
ਮਾਈ ਬਾਪ ਕਬੀਲੜਾ ਖ਼ੁਸ਼ ਸਾਰੇ.
ਕਰਦੇ ਜੀਉ ਤੇ ਜਾਨ ਨਿਸਾਰ ਮੀਆਂ ।
ਕਦੇ ਨਾਲ ਕੁੜੀਆਂ ਬਹਿ ਕੇ ਖੇਡਦੀ ਸੀ.
ਕਦੇ ਰੋ ਪੈਂਦੀ ਜ਼ਾਰੋ ਜ਼ਾਰ ਮੀਆਂ ।
ਫਜਲ ਸਾਹ ਖਿਡਾਵੀਆ ਸੋਹਣੀ ਦੀਆਂ
ਕਈ ਗੋਲੀਆਂ ਸੀ ਟਹਿਲਦਾਰ ਮੀਆਂ ।

## ਵਰ੍ਹਾ ਚੌਥਾ

ਚੌਥੇ ਵਰ੍ਹੇ ਸਦਾਇ ਸੁਨਿਆਰ ਤਾਈਂ.
ਮਾਂ ਨੱਕ ਤੇ ਕੰਨ ਵਿਨ੍ਹਾਵਦੀ ਸੀ ।
ਕਰੇ ਤੁਰਤ ਤਿਆਰ ਨਾ ਦੇਰ ਲਾਏ.
ਜੋ ਕੁਛ ਸੋਹਣੀ ਚਾਹੁੰਦੀ ਖਾਵਦੀ ਸੀ ।
ਖੇਹਨੂੰ ਸੱਤ ਵੰਨਾ ਖਾਤਰ ਸੋਹਣੀ ਦੇ.
ਮਾ ਬੈਠ ਕੇ ਪਾਸ ਕਢਾਂਵਦੀ ਸੀ ।
ਫਜਲ ਸਾਹ ਮੀਆ ਮਾਂ ਚਾਹ ਕਰਕੇ.
ਕੁੜੀਆ ਸੱਦ ਕੇ ਪਾਸ ਖਿਡਾਂਵਦੀ ਸੀ ।

## ਵਰ੍ਹਾ ਪੰਜਵਾਂ

ਵਰ੍ਹੇ ਪੰਜਵੇਂ ਚੂੰਡੀਆਂ ਸੋਹਣੀ ਦੀਆਂ.
ਮਾ ਗੁੰਦ ਕੇ ਖ਼ੂਬ ਸਵਾਰੀਆਂ ਜੇ ।
ਗਲ਼ ਪਾ ਕੁੜਤੀ ਉਤੇ ਦਏ ਚੁੰਨੀਂ,
ਫ਼ੌਜਾਂ ਹੁਸਨ ਦੇ ਮੁਲਖ ਤੇ ਚਾੜ੍ਹੀਆ ਜੇ ।
ਪਾਈ ਮਸ਼ਰੂ ਦੀ ਤੰਤ ਸਲਵਾਰ ਉਸ ਦੇ.
ਰਹੇ ਖੇਡਦੀ ਜਾਨ ਕਵਾਰੀਆਂ ਜੇ ।
ਫਜ਼ਲ ਸ਼ਾਹ ਅੱਖੀਂ ਸੁਰਮੇ ਧਾਰੀਆਂ ਸਨ.
ਜਿਵੇਂ ਤੇਜ਼ ਕਟਾਰੀਆਂ ਧਾਰੀਆਂ ਜੇ ।

## ਵਰ੍ਹਾ ਛੇਵਾਂ

ਵਰ੍ਹੇ ਛੇਵੇਂ ਦੀ ਗੁੱਡੀਆ ਖੇਡਦੀ ਸੀ.
ਸੱਦ ਪਿਆਰੀਆ ਅਹਿਲ ਸਹੇਲੀਆ ਨੂੰ ।੧੨੦।।
ਲੈ ਕੇ ਬੈਠਦੀ ਬਹੁਤ ਪਿਆਰ ਸੇਤੀ.

ਸ਼ੀਸ਼ ਮਹਿਲ ਦੇ ਵਿਚ ਅਕੇਲੀਆਂ ਨੂੰ ।
ਸੋਹਣੀ ਬਹੇ ਸਰਦਾਰ ਹੋ ਸੋਹਣੀਆ ਦੀ,
ਲਾਇਆ ਰਬ ਨੇ ਭਾਗ ਹਵੇਲੀਆਂ ਨੂੰ ।
ਫਜ਼ਲ ਸ਼ਾਹ ਸਈਆ ਨਾਲ ਮਿਲੇ ਏਵੇਂ,
ਜਿਵੇਂ ਮਿਲਣ ਬੇਲੀ ਨਿੱਤ ਬੇਲੀਆਂ ਨੂੰ ।

## ਵਰ੍ਹਾ ਸੱਤਵਾਂ

ਵਰ੍ਹੇ ਸੱਤਵੇਂ ਪੜ੍ਹੇ ਕੁਰਾਨ ਸੋਹਣੀ,
ਨਾਲ ਨੇਕ ਜ਼ਬਾਨ ਸਫਾ ਮੀਆਂ ।
ਐਨ ਹੇ ਹਮਜ਼ਾ ਹੋਰ ਹਰਫ ਸਾਰੇ,
ਕਰੇ ਨਾਲ ਤਰੀਕ ਅਦਾ ਮੀਆਂ ।
ਸਬਕ ਯਾਦ ਕਰ ਕੇ ਬੀਬੀ ਆਪਣੀ ਨੂੰ,
ਦੇਵੇ ਠੇਕ ਜ਼ਬਾਨ ਸੁਣਾ ਮੀਆਂ ।
ਫਜ਼ਲ ਸ਼ਾਹ ਸੋਹਣੀ ਇਕ ਸਾਲ ਅੰਦਰ,
ਲਿਆ ਕੁਲ ਕੁਰਾਨ ਮੁਕਾ ਮੀਆਂ ।

## ਵਰ੍ਹਾ ਅੱਠਵਾਂ

ਵਰ੍ਹੇ ਅੱਠਵੇਂ ਸੱਦ ਸਹੇਲੀਆਂ ਨੂੰ,
ਨਾਲ ਪਿਆਰ ਦੇ ਛੋਪ ਰਲ ਪਾਂਵਦੀ ਸੀ ।
ਮੱਥਾ ਚਮਕਦਾ ਬਦਲ ਮੁਨੀਰ ਵਾਕਰ,
ਨੱਕ ਨੱਥ ਬੁਲਾਕ ਸੁਹਾਵਦੀ ਸੀ ।
ਨਾਜ਼ਕ ਬਾਂਹ ਉਲਾਰ ਕੇ ਤੰਦ ਪਾਵੇ,
ਨਾਲ ਸ਼ੌਕ ਦੇ ਕੱਤਦੀ ਗਾਂਵਦੀ ਸੀ ।
ਫ਼ਜ਼ਲ ਸ਼ਾਹ ਵਾਂਗੂੰ ਖ਼ੁਸ਼ਹਾਲ ਰਹਿੰਦੀ,
ਗ਼ਮ ਜੀਉ ਤੇ ਮੂਲ ਨਹੀਂ ਲਿਆਂਵਦੀ ਸੀ ।

## ਵਰ੍ਹਾ ਨਾਵਾਂ

ਨਾਵੇਂ ਵਰ੍ਹੇ ਸੀ ਹੁਸਨ ਨੇ ਚਮਕ ਮਾਰੀ,
ਹੂਰਾਂ ਜੱਨਤੀ ਦੇਖ ਸ਼ਰਮਾਨ ਮੀਆਂ ।
ਇਕੋ ਹਾਣ ਪਿਸਤਾਨ ਪਠਾਨ ਦੋਵੇਂ,
ਬੈਠੇ ਪਕੜ ਕੇ ਤੀਰ ਕਮਾਨ ਮੀਆਂ ।
ਮਿਰਗ ਦੇਖ ਕੇ ਅੱਖੀਆਂ ਸੋਹਣੀਆਂ ਨੂੰ,

ਫਿਰਨ ਜੰਗਲਾ ਵਿਚ ਹੈਰਾਨ ਮੀਆਂ ।
ਫ਼ਜ਼ਲ ਮੁੱਖ ਤੇ ਖ਼ਾਲ ਸਿਆਹ ਹਬਸ਼ੀ,
ਗੋਇਆ ਚੀਨ ਦਾ ਸੀ ਨਿਗੁਾਬਾਨ ਮੀਆਂ ।

## ਵਰ੍ਹਾ ਦਸਵਾਂ

ਦਸਵੇਂ ਵਰ੍ਹੇ ਚੜ੍ਹਾਂਵਦੀ ਦਸਤ ਵੰਗਾਂ,
ਚਾਂਦੀ ਸੋਨਿਓਂ ਰੰਗ ਸੁਵਾਰੀਆਂ ਨੂੰ ।
ਕੱਚੀ ਓਢਨੀ ਲੈ ਕਪੂਰ ਧੂੜੀ,
ਕਦੀ ਜੋੜਦੀ ਨਾਲ ਫੁਲਕਾਰੀਆਂ ਨੂੰ ।
ਕਦੀ ਲਏ ਸਾਲੂ ਕਦੀ ਲਏ ਭੋਛਨ,
ਕਦੀ ਛਾਇਲਾਂ ਛੋਪ ਸਾਲਾਰੀਆਂ ਨੂੰ ।
ਫ਼ਜ਼ਲ ਕੁੜਤੀਆਂ ਨਾਲ ਲਵਾਂਵਦੀ ਸੀ:
ਸੋਹਣੀ ਸੁਰਖ਼ ਸਫ਼ੈਦ ਕਨਾਰੀਆਂ ਨੂੰ ।

## ਵਰ੍ਹਾ ਯਾਰ੍ਹਵਾਂ

ਵਰ੍ਹੇ ਯਾਰ੍ਹਵੇਂ ਅਕਲ ਸ਼ਊਰ ਆਇਆ,
ਕੀਤਾ ਨੂਰ ਜ਼ਹੂਰ ਖ਼ੁਦਾ ਮੀਆਂ ।। ੧੪੦ ।।
ਮਾਈ ਬਾਪ ਤਾਈਂ ਕਰਕੇ ਜੀ ਬੋਲੇ,
ਲਿਆਵੇ ਅਦਬ ਅਦਾਬ ਖਜਾ ਮੀਆਂ ।
ਅੱਖੀਂ ਸ਼ਰਮ ਹਯਾ ਦੇ ਨਾਲ ਰੱਖੇ,
ਕਿਸੇ ਤਰਫ਼ ਨਾ ਦੇਖਦੀ ਚਾ ਮੀਆਂ ।
ਫ਼ਜ਼ਲ ਭੁੱਲ ਜੇ ਕਰੇ ਨਿਗਾਹ ਸੋਹਣੀ,
ਕਈ ਸ਼ਾਹ ਹੋ ਜਾਨ ਗਦਾ ਮੀਆਂ ।

## ਵਰ੍ਹੇ ਬਾਰ੍ਹਵੇ ਸੋਹਣੀ ਦਾ ਹੁਸਨ

ਵਰ੍ਹੇ ਬਾਰ੍ਹਵੇਂ ਵਿਚ ਪਰਵਾਰ ਸੋਹਣੀ,
ਜਿਵੇਂ ਚੌਧਵੀਂ ਚੰਦ ਪਰਵਾਰ ਬੇਲੀ ।
*ਤ੍ਰਿੰਵਣ ਵਿਚ ਬੈਠੀ ਸਈਆਂ ਨਾਲ ਸੋਹਣੀ,
ਪੈਣ ਚਰਖ਼ਿਆਂ ਦੇ ਘੁਮਕਾਰ ਬੇਲੀ ।
ਕੋਈ ਦੇਇ ਜੋਟੇ ਕੋਈ ਦੇਇ ਪੂਣੀ,
ਕੋਈ ਕੱਤਦੀ ਬਾਂਹ ਉਲਾਰ ਬੇਲੀ ।
ਕੋਈ ਮਲੇ ਦੰਦਾਸੜਾ ਕੋਈ ਸੁਰਖ਼ੀ:

ਕੋਈ ਲਾਂਵਦੀ ਹਾਰ ਸ਼ਿੰਗਾਰ ਬੇਲੀ ।
ਕੋਈ ਪਾ ਸੁਰਮਾ ਕੋਈ ਪਾ ਕੱਜਲ,
ਨੋਕਦਾਰ ਰਖੇ ਕਾਲੀ ਧਾਰ ਬੇਲੀ ।
ਕੋਈ ਹੁਸਨ ਤੇ ਹੋ ਮਗਰੂਰ ਬੈਠੀ,
ਕੋਈ ਗੱਲ ਕਰਦੀ ਨਾਲ ਪਿਆਰ ਬੇਲੀ ।
ਕੋਈ ਤੇਜ਼ ਨਿਗਾਹ ਦੇ ਨਾਲ ਵੇਖੇ,
ਤਿੱਖੇ ਨੈਣ ਜਿਉਂ ਤੇਜ਼ ਕਟਾਰ ਖੇਲੀ ।
ਕੋਈ ਫਾਹੁਣੇ ਵਾਸਤੇ ਆਸ਼ਕਾਂ ਦੇ,
ਪਾਏ ਜ਼ੁਲਫ਼ਾਂ ਦੇ ਪੇਚ ਸਵਾਰ ਬੇਲੀ ।
ਸਈਆ ਇਕ ਤੋਂ ਇਕ ਚੜ੍ਹੰਦੀਆ ਸਨ,
ਐਪਰ ਸੋਹਣੀ ਸੀ ਸਰਦਾਰ ਬੇਲੀ ।
ਫਜ਼ਲ ਸਾਹ ਤਾਰੀਫ਼ ਹੁਣ ਸੋਹਣੀ ਦੀ
ਅਸੀਂ ਆਖਦੇ ਹਾ ਮਜ਼ੇਦਾਰ ਬੇਲੀ ।

## ਤਥਾ

ਚਰਖ਼ਾ ਸੋਹਣੀ ਦਾ ਚੰਦਨ ਚੀਰ ਘੜਿਆ,
ਉਹਦੀ ਜੜਤ ਚਾਦੀ ਸੋਨੇ ਨਾਲ ਆਹੀ ।
ਮਾਹਲ ਪੱਟ ਦੀ ਫੁੰਮਣਾਦਾਰ ਸੋਂਹਣੀ,
ਹੋਰ ਲੱਠ ਕਰੀਰ ਦੀ ਸਾਲ ਆਹੀ ।
ਜਿਵੇਂ ਸੂਰਜ ਤਰਫ਼ ਨਾ ਧਿਆਨ ਹੋਵੇ,
ਏਵੇਂ ਹੁਸਨ ਦੀ ਜ਼ੋਰ ਮਸ਼ਾਲ ਆਹੀ ।
ਸੀਨਾ ਸਾਫ਼ ਸੀ ਦੰਦ ਬਲੌਰ ਕੋਲੋਂ,
ਹੋਰ ਸਿਫ਼ਤ ਨਾ ਵਿਚ ਖ਼ਿਆਲ ਆਹੀ ।
ਸੋਹਣੀ ਨਾਮ ਆਹਾ ਸੋਹਣੇ ਨੈਣ ਉਸਦੇ,
ਸੋਹਣੀ ਹੰਸ ਤੇ ਮੋਰ ਦੀ ਚਾਲ ਆਹੀ ।
ਸੋਹਣੇ ਦੰਦ ਰੁਖ਼ਸਾਰ ਅਨਾਰ ਵਾਂਗੂੰ,
ਸੋਹਣੇ ਮੁਖੜੇ ਤੇ, ਸੋਹਣੀ ਖ਼ਾਲ ਆਹੀ ।
ਸੋਹਣੇ ਵਾਲ ਕਮਾਲ ਦਰਾਜ਼ ਉਸ ਦੇ,
ਸੋਹਣੇ ਹੋਠ ਸੁਰਖ਼ੀ ਲਾਲੋਂ ਲਾਲ ਆਹੀ ।। ੧੬੦ ।।
ਫਜ਼ਲ ਸੱਚ ਦੀ ਸੋਹਣੀ ਸੋਹਣੀ ਸੀ,
ਲੜੀ ਮੋਤੀਆਂ ਦੀ ਵਾਲ ਵਾਲ ਆਹੀ ।

### ਤਥਾ

ਓਹਦੇ ਨੈਣ ਕਸੁੰਭੇ ਦੇ ਰੰਗ ਆਹੇ,
ਸੁਰਮਾ ਪਾਂਵਦੀ ਖ਼ੂਨ ਗੁਜ਼ਾਰਿਆਂ ਨੂੰ ।
ਨੱਕ ਵਾਂਗ ਤਲਵਾਰ ਦੀ ਧਾਰ ਆਹਾ,
ਪਾਏ ਧਾੜ ਹਜ਼ਾਰ ਵੇਚਾਰਿਆ ਨੂੰ ।
ਮੱਥਾ ਚੌਧਵੀਂ ਰਾਤ ਦਾ ਚੰਦ ਆਹਾ,
ਸੂਰਜ ਕਰੇ ਕੁਰਬਾਨ ਸਤਾਰਿਆਂ ਨੂੰ ।
ਫਜ਼ਲ ਖ਼ਾਸ ਤਸਵੀਰ ਕਸਮੀਰ ਦੀ ਸੀ,
ਰਹੇ ਹੋਸ਼ ਨਹੀਂ ਦੇਖਣੇ ਹਾਰਿਆਂ ਨੂੰ

### ਤਥਾ

ਹੋਠ ਲਾਲ ਸੂਹੇ ਵਾਂਗ ਲਾਲ ਰੱਤੇ
ਲਾਲ ਵੇਖ ਸ਼ਰਮਾਂਵਦੇ ਲਾਲੀਆਂ ਨੂੰ ।
ਵਲਾਂ ਵਾਲੀਆਂ ਉਸ ਦੀਆਂ ਵਾਲੀਆਂ ਨੇ,
ਲਿਆ ਲੁੱਟ ਜਹਾਨ ਦੇ ਵਾਲੀਆਂ ਨੂੰ ।
ਵਲ ਵਲ ਪੇਚ ਸੁਆਰਦੀ ਮੁਖੜੇ ਤੇ,
ਲੋਕ ਨਾਗ ਸੱਦਨ ਜ਼ੁਲਫਾਂ ਕਾਲੀਆ ਨੂੰ ।
ਫਜ਼ਲ ਬਾਣ ਚਲਾਣ ਸਿਖਾਂਵਦੀ ਸੀ,
ਅੱਖੀਂ ਕਾਲੀਆਂ ਤੇ ਮਤਵਾਲੀਆਂ ਨੂੰ

### ਤਥਾ

ਸੋਹਣੇ ਦੰਦ ਆਹੇ ਦਾਣੇ ਮੋਤੀਆਂ ਦੇ
ਸੋਹਣੇ ਤੌਰ ਰਖੇ ਪਾਲੋ ਪਾਲ ਮੀਆ ।
ਸੀਨੇ ਸਾਫ਼ ਤੇ ਸੇਉ ਵਲਾਇਤੀ ਸਨ,
ਜ਼ੁਲਫ਼ਾਂ ਨਾਗ ਆਹੇ ਰਖਵਾਲ ਮੀਆਂ ।
ਨੀਮ ਖ਼੍ਵਾਬ ਆਹੇ ਦੋਵੇਂ ਨੈਨ ਉਸ ਦੇ
ਸੋਹਣਾ ਮੁਖ ਮਹਿਤਾਬ ਮਿਸਾਲ ਮੀਆਂ ।
ਨਾਲ ਨਾਜ਼ ਦੇ ਕਦਮ ਉਠਾਂਵਦੀ ਸੀ,
ਸੋਹਣੀ ਪੈਰ ਰੱਖੇ ਪਾਲੋ ਪਾਲ ਮੀਆਂ ।
ਸੋਹਣੇ ਪੈਰ ਕੂਲੇ ਨਾਜ਼ਕ ਵਾਂਗ ਰੇਸ਼ਮ,
ਮਹਿੰਦੀ ਨਾਲ ਰੰਗੇ ਲਾਲੋ ਲਾਲ ਮੀਆਂ ।

ਫ਼ਜ਼ਲ ਸ਼ਾਹ ਜਹਾਨ ਬੇਜਾਨ ਹੋਇਆ,
ਵੇਖ ਗਰਮ ਬਾਜ਼ਾਰ ਜਮਾਲ ਮੀਆਂ ।

## ਸੋਹਣੀ ਦੇ ਜ਼ੇਵਰ

ਸੋਹਣੀ ਹੁਸਨ ਦੀ ਖਾਨ ਉਸ਼ਨਾਕ ਆਹੀ,
ਟਿੱਕਾ ਵਾਂਗ ਸੂਰਜ ਲਾਟਾਂ ਮਾਰਦਾ ਸੀ ।
ਚੌਕਪਲੀ ਨੇ ਪੀਰ ਤੇ ਵਲੀ ਮੁੱਠੇ,
ਚੰਦਨਹਾਰ ਰਮਕਾਰ ਤਲਵਾਰ ਦਾ ਸੀ ।
ਅਤਰਦਾਨ ਗੁਮਾਨ ਦੇ ਨਾਲ ਬੈਠਾ,
ਫ਼ੌਜਦਾਰ ਹਜ਼ਾਰ ਸਵਾਰ ਦਾ ਸੀ ।
ਫਜ਼ਲ ਸ਼ਾਹ ਨਿਗਾਹ ਜੇ ਕਰੇ ਸੋਹਣੀ,
ਜੱਗ ਜਾਨ ਜਹਾਨ ਨੂੰ ਵਾਰਦਾ ਸੀ ।

## ਤਥਾ

ਬਾਜੂ ਬੰਦ ਆਹੇ ਬੰਦ ਆਸ਼ਕਾਂ ਦੇ,
ਲੱਖਾਂ ਬੰਦਿਆਂ ਨੂੰ ਬੰਦੀਵਾਨ ਕੀਤਾ ।। ੧੮੦ ।
ਕਾਲੇ ਕੇਸ ਆਹੇ ਉਹਦੇ ਅਤਰ ਭਿੰਨੇ,
ਕਾਲੇ ਨੈਣਾਂ ਨੇ ਦੇਖ ਤੂਫ਼ਾਨ ਕੀਤਾ ।
ਕਈ ਮੋਮਨਾਂ ਸਾਫ਼ *ਈਮਾਨੀਆਂ ਨੂੰ,
ਉਸ ਦੀ ਜ਼ੁਲਫ ਕਾਲੀ ਪਰੇਸ਼ਾਨ ਕੀਤਾ ।
ਪਾਜ਼ੇਬ ਫ਼ਰੇਬ ਦੇ ਪੇਚ ਪਾਏ,
ਕੰਨ ਫੁੱਲ ਮਲੂਲ ਜਹਾਨ ਕੀਤਾ ।
ਦਾਉਣੀ ਘੱਤ ਛਾਉਣੀ ਬੈਠੀ ਹੁਸਨ ਉਤੇ,
ਰਾਖੀ ਹੁਸਨ ਦਾ ਖ਼ੂਬ ਸਮਾਨ ਕੀਤਾ,
ਫ਼ਜ਼ਲ ਸ਼ਾਹ ਮੀਆਂ ਨਾਲੇ ਪੱਟ ਦੇ ਨੇ,
ਨਾਲੇ ਪੱਟ ਜਹਾਨ ਵੈਰਾਨ ਕੀਤਾ ।

## ਤਥਾ

ਮੋਹਨਮਾਲ ਨੇ ਮੋਹ ਜਹਾਨ ਲਿਆ,
ਕੰਠ ਮਾਲ ਕੀਤੀ ਕਠਨ ਜਾਨ ਜਾਨੀ ।
ਗਲ ਦੇ ਨਾਮ ਬਦਨਾਮ ਤਮਾਮ ਕੀਤੇ,

ਹੈਂਕਲ ਕਰੇ ਬੇਕਲ ਕੁਲ ਜਹਾਨ ਜਾਨੀ ।
ਕੰਨੀ ਸੋਹਣੀਆਂ ਝੁਮਕੀਆਂ ਝੁਮਕ ਲਾਈ,
ਚੰਦ ਚਮਕਦਾ ਜਿਵੇਂ ਅਸਮਾਨ ਜਾਨੀ ।
ਫਜ਼ਲ ਸ਼ਾਹ ਛੱਲੇ ਵਲਦਾਰ ਉਸ ਦੇ,
ਇਕ ਪਲਕ ਅੰਦਰ ਜਲ ਜਾਨ ਜਾਨੀ ।

### ਤਥਾ

ਬੰਦੀਆਂ ਬੰਦ ਕਰਨ ਰਾਹ ਆਸ਼ਕਾਂ ਦੇ,
ਜ਼ੰਜੀਰੀਆਂ ਚੁੱਕ ਜ਼ੰਜੀਰ ਕੀਤੇ ।
ਕੜੇ ਸ਼ੇਰ ਮੂੰਹੋਂ ਦਿੱਸਨ ਸ਼ੇਰ ਵਾਂਗੂੰ,
ਜਿਨ੍ਹਾਂ ਪੀਰ ਫ਼ਕੀਰ ਦਿਲਗੀਰ ਕੀਤੇ ।
ਫੌਜਾਂ ਪਹੁੰਚੀਆਂ ਨੇ ਦਿੱਲੀ ਦਿਲਾਂ ਉਤੇ,
ਆਨ ਪਹੁੰਚੀਆਂ ਲੱਖ ਵਹੀਰ ਕੀਤੇ ।
ਫਜ਼ਲ ਹੱਸ ਕੇ ਗੱਲ ਗਵਾਇ ਨਾਹੀਂ
ਓਹਦੇ ਹੱਸ ਨੇ ਸ਼ਾਹ ਫਕੀਰ ਕੀਤੇ ।

### ਹੁਸਨ ਦਾ ਹੋਰ ਬਿਆਨ

ਜ਼ੁਲਫਾਂ ਨਾਗ ਕਾਲੇ ਕੁੰਡਲਦਾਰ ਆਹੇ,
ਬਾਝ ਛੇੜਿਆਂ ਮਾਰਦੇ ਡੰਗ ਮੀਆਂ ।
ਅੱਖੀਂ ਕੱਸ ਤੁਫੰਗ ਨਿਸ਼ੰਗ ਮਾਰਨ,
ਬਾਜ ਸੰਗ ਕਰੇਂਦੀਆਂ ਜੰਗ ਮੀਆਂ ।
ਇਕ ਦੀਦ ਕੰਨੋਂ ਨੈਣ ਜਾਨ ਕੱਢਣ,
ਲੈਂਦੇ ਮੁਫਤ ਨੇ ਖ਼ਲਕਤੋਂ ਮੰਗ ਮੀਆਂ ।
ਫ਼ਜ਼ਲ ਸ਼ਾਹ ਮਹਿਬੂਬ ਦੇ ਮੁੱਖ ਉਤੇ,
ਆਸ਼ਕ ਮਰਨ ਮਿਸਾਲ ਪਤੰਗ ਮੀਆਂ ।

### ਸੋਹਣੀ ਦਾ ਜਮਾਲ

ਸੋਹਣੀ ਆਸ਼ਕਾਂ ਦੇ ਲਹੂ ਨਾਲ ਰੱਤੀ,
ਨਾਜ਼ਕ ਪੈਰ ਜੋ ਫੁੱਲ ਗੁਲਾਬ ਮੀਆਂ ।
ਲੜੀਆਂ ਮੋਤੀਆਂ ਦੀਆਂ ਲੜੀਆਂ ਜਾ ਦਿੱਲੀ,
ਫੇਰ ਮਾਰਿਆ ਆਨ ਪੰਜਾਬ ਮੀਆ ।

*ਦੀਵੇ ਨਾਲ ਪਤੰਗਿਆਂ ਜਿਵੇਂ ਕੀਤੀ.
ਏਵੇਂ ਆਸ਼ਕਾਂ ਦੀ ਬਣੀ ਬਾਬ ਮੀਆਂ ।। ੨੦੦।
ਫਜ਼ਲ ਸਾਹ ਫਕੀਰ ਹੋ ਗਏ ਲੱਖਾਂ.
ਵੇਖ ਹੁਸਨ ਮਹਿਬੂਬ ਦੀ ਤਾਬ ਮੀਆਂ ।

## ਕਵੀ ਵਾਕ

ਰੱਖ ਸਿਫਤ ਸਨਾਇ ਮੌਕੂਫ ਏਥੇ.
ਤੇਰੇ ਕਹਿਣ ਤੋਂ ਹੁਸਨ ਕਮਾਲ ਬੇਲੀ ।
ਮਤਾਂ ਮੇਰੇ ਜਹਾਨ ਬੇਜਾਨ ਹੋ ਕੇ.
ਐਡੀ ਹੁਸਨ ਦੀ ਅੱਗ ਨਾ ਬਾਲ ਬੇਲੀ ।
ਜਾ ਕੇ ਬਲਖ਼ ਬੁਖ਼ਾਰਿਓਂ ਢੂੰਡ ਲਿਆਵੇਂ,
ਕਾਰਨ ਸੋਹਣੀ ਦੇ ਮਹੀਂਵਾਲ ਬੇਲੀ ।
ਫਜ਼ਲ ਵਿਚ ਗੁਜਰਾਤ ਦੇ ਆਨ ਉਸ ਨੂੰ.
ਕਰੇ ਸੋਹਣੀ ਦੇ ਨਾਲ ਵਸਾਲ ਬੇਲੀ ।

## ਬਿਆਨ ਆਲੀ ਸੌਦਾਗਰ

ਸੁਣੋ ਬਲਖ਼ ਬੁਖ਼ਾਰੇ ਦੀ ਗੱਲ ਮੈਥੋਂ.
ਦੋਵੇਂ ਸਹਿਰ ਸਨ ਬਹੁਤ ਆਬਾਦ ਪਿਆਰੇ ।
ਅਮਨ ਚੈਨ ਤੇ ਰਾਜ ਚੁਗੱਤਿਆਂ ਦਾ,
ਕੋਈ ਕਰੇ ਨਾ ਮੂਲ ਫ਼ਰਿਆਦ ਪਿਆਰੇ ।
ਇਕ ਗ਼ਨੀ ਆਹਾ ਸਖੀ ਮਰਦ ਭਾਰੀ.
ਕਰੇ ਨਿਤ ਖ਼ੁਦਾਇ ਨੂੰ ਯਾਦ ਪਿਆਰੇ ।
ਵਿਚ ਬਲਖ਼ ਬੁਖ਼ਾਰੇ ਦੇ ਮਹਿਲ ਉਸ ਦੇ,
ਆਹਾ ਮਾਲ ਦੇ ਨਾਲ ਆਜ਼ਾਦ ਪਿਆਰੇ ।
ਨਿੱਤ ਕਰੇ ਸੌਦਾਗਰੀ. ਹੋਰ ਸੌਦੇ,
ਰੱਖੇ ਪੀਰ ਫ਼ਕੀਟ ਨੂੰ ਸ਼ਾਦ ਪਿਆਰੇ ।
ਹੈਸੀ ਜ਼ਾਤ ਦਾ ਮੁਗਲ ਅਸੀਲ ਮਿਰਜ਼ਾ,
ਆਲੀ ਨਾਮ ਤੇ ਨੇਕ ਨਿਹਾਦ ਪਿਆਰੇ ।
ਜਿਤਨੇ ਲੋਕ ਸੌਦਾਗਰੀ ਕਰਨ ਵਾਲੇ.
ਸਭਨਾਂ ਦੇਇ ਪੈਸੇ ਸੰਦੀ ਦਾਦ ਪਿਆਰੇ ।
ਫਜ਼ਲ ਸ਼ਾਹ ਸਭ ਚੀਜ਼ ਮੌਜੂਦ ਆਹੀ.
ਐਪਰ ਨਹੀਂ ਸੀ ਇੱਕ ਔਲਾਦ ਪਿਆਰੇ ।

## ਪੁੱਤਰ ਲਈ ਫ਼ਕੀਰ ਪਾਸ ਜਾਣਾ

ਐਸੀ ਬਾਤ ਕੋਲੋਂ ਪਰੇਸ਼ਾਨ ਹੋਇਆ
ਗਏ ਐਸ਼ ਜਹਾਨ ਦੇ ਭੁੱਲ ਯਾਰਾ ।
ਕਿਸੇ ਨਾਲ ਨਾ ਹੱਸ ਕੇ ਗੱਲ ਕਰਦਾ,
ਰਹੇ ਰੋਵਦਾ ਨਿਤ ਮਲੂਲ ਯਾਰਾ ।
ਗ਼ਮਾਂ ਘੇਰ ਚੌਫੇਰ ਅੰਧੇਰ ਕੀਤਾ,
ਲੈਣ ਦੇਣ ਅਰਾਮ ਨਾ ਮੂਲ ਯਾਰਾ ।
ਕਿਸੇ ਆਇ ਰਜ਼ਾਇ ਥੀਂ ਗੱਲ ਟੋਰੀ,
ਇਕ ਫਕਰ ਹੈ ਕੁਰਬ ਰਸੂਲ ਯਾਰਾ ।
ਜੇਕਰ ਹੱਥ ਉਠਾਇ ਦੁਆ ਮੰਗੇ,
ਕਰੇ ਤੁਰਤ ਖ਼ੁਦਾਇ ਕਬੂਲ ਯਾਰਾ ।
ਵਿਚ ਗ਼ਾਰ ਫਲਾਣੀ ਦੇ ਰਹੇ ਖ਼ੂਫੀਆ
ਖਾਏ ਘਾਹ ਤੇ ਬਰਗ ਬਬੂਲ ਯਾਰਾ ।
ਸੁਣ ਕੇ ਗੱਲ ਮਿਰਜ਼ਾ ਗਿਆ ਗ਼ਾਰ ਅੰਦਰ,
ਵੇਖੇ ਜਾਇਕੇ ਉਹ ਮਕਬੂਲ ਯਾਰਾ ।। ੨੨੦ ।।
ਫਜ਼ਲ ਸ਼ਾਹ ਫਕੀਰ ਨੇ ਵੇਖ ਕਹਿਆਸ,
ਵਿਚ ਗ਼ਾਰ ਆਇਓਂ ਕਿਤ ਸੂਲ ਯਾਰਾ ।।

## ਤਥਾ

ਹੱਥ ਜੋੜ ਫ਼ਕੀਰ ਤੇ ਅਰਜ਼ ਕੀਤੀ,
ਡੁੱਬੇ ਤਾਰ ਸਾਈਂ ਡੁੱਬੇ ਤਾਰ ਸਾਈਂ !
ਬੇੜਾ ਵਿਚ ਫ਼ਰਾਕ ਦੇ ਪਿਆ ਮੇਰਾ,
ਲਾਈਂ ਪਾਰ ਸਾਈਂ ! ਲਾਈਂ ਪਾਰ ਸਾਈ !
ਮੇਰੇ ਮੁਲਕ ਦਾ ਵਾਰਸੀ ਮੂਲ ਨਾਹੀ,
ਮੈਂ ਲਾਚਾਰ ਸਾਈਂ ! ਮੈਂ ਲਾਚਾਰ ਸਾਈ!
ਕਰ ਕੇ ਫਜ਼ਲ ਦੁਆ ਉਲਾਦ ਮੈਨੂੰ,
ਬਖ਼ਸ਼ਨਹਾਰ ਸਾਈਂ ! ਬਖ਼ਸ਼ਨਹਾਰ ਸਾਈ !

## ਫ਼ਕੀਰ ਦਾ ਉਸ ਲਈ ਦੁਆ ਕਰਨਾ

ਮੁਗ਼ਲ ਨੇਕ ਸਾਇਤ ਰੁਜੂ ਆਨ ਹੋਇਆ,
ਆਈ ਫਲ ਮਕਸੂਦ ਦੀ ਬਾਸ ਮੀਆਂ
ਹੱਥ ਉਠਾਇ ਦੁਆ ਫਕੀਰ ਮੰਗੀ,
ਜਾਹ ਕੰਮ ਹੋਏ ਤੇਰੇ ਰਾਸ ਮੀਆਂ ।

ਸੁੱਕੀ ਵੇਲ ਤੇਰੀ ਰੱਬ ਹਰੀ ਕਰਸੀ.
ਜਾਹ ਜੀਉ ਤੇ ਰੱਖ ਧਰਵਾਸ ਮੀਆਂ ।
ਤੈਨੂੰ ਰੱਬ ਫਰਜ਼ੰਦ ਦਿਲਬੰਦ ਦੇਸੀ.
ਨਾਲ ਫ਼ਜ਼ਲ ਪੁਚਾਵਸੀ ਆਸ ਮੀਆਂ ।
ਐਪਰ ਲਿਖਿਆ ਵਿਚ ਤਕਦੀਰ ਏਵੇਂ.
ਥੋੜ੍ਹੇ ਰੋਜ਼ ਰਹਿਸੀ ਤੇਰੇ ਪਾਸ ਮੀਆਂ ।
ਫਜ਼ਲ ਉਸਨੂੰ ਚੌਧਵੇਂ ਸਾਲ ਅੰਦਰ.
ਕਰਸੀ ਇਸ਼ਕ ਕਮਾਲ ਉਦਾਸ ਮੀਆਂ ।

## ਮਿਰਜ਼ਾ ਆਲੀ ਦਾ ਘਰ ਨੂੰ ਮੁੜਨਾ

ਮਿਰਜ਼ਾ ਦੇ ਤਾਜ਼ੀਮ ਫ਼ਕੀਰ ਤਾਈਂ.
ਗਿਆ ਹਰਮ ਖ਼ਾਨੇ ਨਾਲ ਚਾਹ ਦੇ ਜੀ ।
ਰਾਤ ਚੌਧਵੀਂ ਰਾਤ ਦੀ ਚਾਂਦਨੀ ਸੀ,
ਸੂਰਜ ਇਕ ਹੋਇਆ ਨਾਲ ਮਾਹ ਦੇ ਜੀ ।
ਸੁੱਕਾ ਮੁੱਦਤਾਂ ਦਾ ਹੋਇਆ ਸੇਉ ਹਰਿਆ,
ਵਾਹ ਵਾਹ ਏਹ ਕੰਮ ਅੱਲਾਹ ਦੇ ਜੀ ।
ਫਜ਼ਲ ਸ਼ਾਹ ਨਾ ਵਿਚ ਸ਼ੁਮਾਰ ਹੋਵਨ,
ਜੋ ਜੋ ਫਜ਼ਲ ਹੋਵਨ ਓਸ ਸ਼ਾਹ ਦੇ ਜੀ ।

## ਮਿਰਜ਼ੇ ਦੀ ਮੁਰਾਦ ਬਰ ਆਉਣਾ

ਓਸੇ ਰਾਤ ਵਸਾਲ ਦੀ ਬਾਤ ਸੇਤੀ,
ਹੋਈ ਨਾਲ ਉਮੇਦ ਹਜ਼ੂਰ ਮੀਆਂ ।
ਗਏ ਖ਼ੈਰ ਦੇ ਗੁਜ਼ਰ ਨੌਂ ਮਾਹ ਪੂਰੇ,
ਦਾਈ ਸੱਦੀ ਆ ਨਾਲ ਜ਼ਰੂਰ ਮੀਆਂ ।
ਸੁਬ੍ਹਾ ਵਕਤ ਬੇਟਾ ਪੈਦਾਵਾਰ ਹੋਇਆ,
ਗਿਆ ਖਿੰਡ ਜਹਾਨ ਤੇ ਨੂਰ ਮੀਆਂ ।
ਫਜ਼ਲ ਸ਼ਾਹ ਜੇਕਰ ਘੜੀਓਂ ਮੀਂਹ ਵੱਸੇ,
ਨਾਹੀ ਰੱਬ ਰਹੀਮ ਥੀਂ ਦੂਰ ਮੀਆਂ ।

## ਦਾਈ ਦਾ ਮਿਰਜ਼ੇ ਨੂੰ ਖ਼ਬਰ ਦੇਣਾ

ਦਾਈ ਵੇਖ ਕੇ ਹੁਸਨ ਖ਼ਿਆਲ ਕੀਤਾ,
ਸ਼ਾਇਦ ਫੇਰ ਯੂਸਫ਼ ਨਮੂਦਾਰ ਹੋਇਆ ।। ੨੪੦ ।।
ਰੱਬਾ ਉਮਰ ਬਖ਼ਸ਼ੀਂ ਏਸ ਮਾਹ ਤਾਈਂ,
ਤੇਰਾ ਫ਼ਜ਼ਲ ਬੇਅੰਤ ਸ਼ੁਮਾਰ ਹੋਇਆ ।
ਦਾਈ ਦੇਇ ਪੈਗ਼ਾਮ ਗ਼ੁਲਾਮ ਤਾਈਂ,
ਖ਼ੁਸ਼ੀ ਦਿਲਾਂ ਨੂੰ ਸਬਰ ਕਰਾਰ ਹੋਇਆ ।
ਗਿਆ ਦੌੜ ਗ਼ੁਲਾਮ ਖ਼ੁਸ਼ਖ਼ਬਰ ਲੈ ਕੇ,
ਮਿਰਜ਼ੇ ਪਾਸ ਜਾ ਅਰਜ਼ ਗੁਜ਼ਾਰ ਹੋਇਆ ।
ਸੁਣ ਕੇ ਖ਼ਬਰ ਫ਼ਰਜ਼ੰਦ ਦਿਲਬੰਦ ਸੰਦੀ,
ਮਿਰਜ਼ਾ ਖ਼ੁਸ਼ੀ ਦੇ ਨਾਲ ਗੁਲਜ਼ਾਰ ਹੋਇਆ ।
ਪੜ੍ਹੇ ਸ਼ੁਕਰ ਅਲਹਮਦ ਹਜ਼ਾਰ ਵੇਰੀਂ,
ਔਗਣਹਾਰ ਦਾ ਰੱਬ ਸੱਤਾਰ ਹੋਇਆ ।
ਕੀਤਾ ਮੰਗਤਿਆਂ ਆਣ ਹਜੂਮ ਬਹੁਤਾ,
ਬਾਝ ਟੋਕ ਹੱਥ ਰੋਕ ਵਿਹਾਰ ਹੋਇਆ ।
ਦਿੱਤੀ ਮੀਂਹ ਦੇ ਵਾਂਗ ਬਰਸਾ ਦੌਲਤ,
ਗੋਇਆ ਫ਼ਜ਼ਲ ਥੀਂ ਅਬਰ ਬਹਾਰ ਹੋਇਆ ।

## ਨਾਂ ਰੱਖਣ ਦੀ ਰਸਮ

ਕੰਨੀਂ ਬਾਂਗ ਦਿਵਾਂਵਦਾ ਸੱਦ ਮੁੱਲਾਂ,
ਕਹਿਆ ਨਬੀ ਦਾ ਜਾਨ ਪਛਾਨ ਜਾਨੀ ।
ਉਸਦਾ ਨਾਮ ਰੱਖਣ ਇੱਜ਼ਤ ਬੇਗ ਮਿਰਜ਼ਾ,
ਦੇਖ ਫ਼ਾਲ ਕਿਤਾਬ ਕੁਰਆਨ ਜਾਨੀ ।
ਦਿਤੇ ਰੱਬ ਨੇ ਸਿੱਕ ਸਿਕੰਦਿਆਂ ਨੂੰ,
ਸਾਬੀ ਆਪ ਹੋਇਆ ਮਿਹਰਬਾਨ ਜਾਨੀ ।
ਫ਼ਜ਼ਲ ਸ਼ਾਹ ਦਾ ਬਦਰ ਕਮਾਲ ਹੋਇਆ,
ਯੂਸਫ਼ ਵਾਂਗ ਜਮਾਲ ਅਯਾਨ ਜਾਨੀ ।

## ਦੂਜਾ ਤੇ ਤੀਜਾ ਵਰ੍ਹਾ

ਦੂਜੇ ਵਰ੍ਹੇ ਗ਼ੁਲਾਮ ਹਰ ਰੋਜ਼ ਉਸ ਨੂੰ
ਲੈ ਕੇ ਜਾਂਵਦਾ ਵਿਚ ਦਰਬਾਰ ਦੇ ਜੀ ।
ਆਸਾਂ ਸਿੱਕਦਿਆਂ ਆਸਾਂ ਵਰ ਆਈਆਂ,

ਨਿੱਤ ਰੱਬ ਦਾ ਸ਼ੁਕਰ ਗੁਜ਼ਾਰਦੇ ਜੀ ।
ਬਾਪ ਵਾਂਗ ਯਾਕੂਬ ਦੇ ਪਿਆਰ ਰੱਖੇ,
ਆਏ ਸਬਰ ਨਾ ਬਾਝ ਦੀਦਾਰ ਦੇ ਜੀ ।
ਤੀਜੇ ਵਰ੍ਹੇ ਨੂੰ ਫ਼ਜ਼ਲ ਥੀਂ ਮੀਂਹ ਵਰ੍ਹੇ,
ਲੱਗਾ ਗੱਲ ਕਰਨੇ ਨਾਲ ਪਿਆਰ ਦੇ ਜੀ ।

## ਵਰ੍ਹਾ ਚੌਥਾ

ਚੌਥੇ ਵਰ੍ਹੇ ਸੋਨੇ ਸੰਦੇ ਕੜੇ ਘੜੇ.
ਜੜੇ ਹੀਰਿਆਂ ਪੰਨਿਆਂ ਨਾਲ ਮੀਆਂ ।
ਬਾਜ਼ੂ ਬੰਦ ਬੱਧੇ ਉਪਰ ਬਾਜ਼ੂਆਂ ਦੇ.
ਉਤੇ ਜੜਤ ਜੜਾਇਕੇ ਲਾਲ ਮੀਆਂ ।
ਇਕ ਹੱਸ ਜੜਾਊ ਸੀ ਚੂਨੀਆਂ ਦਾ.
ਉਸ ਦੇ ਗਲ ਅੰਦਰ ਦਿਤਾ ਡਾਲ ਮੀਆਂ ।
ਅੱਲਾ ਵਾਲੜੇ ਦੇ ਕੰਨੀਂ ਵਾਲੜੇ ਪਾ,
ਦਿੱਤੀ ਅੱਗ ਉਤੇ ਅੱਗ ਬਾਲ ਮੀਆਂ ।
ਜ਼ਰੀ ਬਾਦਲੇ ਦਾ ਗਲ ਪਾ ਕੁੜਤਾ,
ਉਤੇ ਦੇਣ ਉਸ ਦੇ ਲਾਲ ਸ਼ਾਲ ਮੀਆਂ ।। ੨੬੦ ।
ਫਜ਼ਲ ਸ਼ਾਹ ਨਾ ਵਿਚ ਖ਼ਿਆਲ ਤੇਰੇ,
ਐਸਾ ਚਮਕਿਆ ਹੁਸਨ ਜਮਾਲ ਮੀਆਂ ।

## ਪੰਜਵਾਂ ਵਰ੍ਹਾ

ਵਰ੍ਹੇ ਪੰਜਵੇਂ ਵੇਖ ਕੇ ਵਾਰ ਚੰਗਾ.
ਮਸਜਦ ਵਿਚ ਲੈ ਜਾਇ ਬਹਾਇਓਿ ਨੇ ।
ਇਕ ਥਾਲ ਭਰ ਕੇ ਸੁੱਚੇ ਮੋਤੀਆਂ ਦਾ,
ਉਸਤਾਦ ਦੀ ਨਜ਼ਰ ਟਿਕਾਇਓ ਨੇ ।
ਨੀਯਤ ਖ਼ੈਰ ਕਹਿ ਕੇ ਵੰਡ ਸ਼ੀਰਨੀ ਨੂੰ,
ਪਹਿਲੇ ਕਾਇਦਾ ਹੱਥ ਫੜਾਇਓ ਨੇ ।
ਥੋੜ੍ਹੇ ਦਿਨ ਅੰਦਰ ਬਹੁਤ ਪਿਆਰ ਸੇਤੀ.
ਸਾਰਾ ਕਾਇਦਾ ਪੁਖ਼ਤ ਕਰਾਇਓ ਨੇ ।
ਜਦੋਂ ਕਾਇਦਾ ਖ਼ੂਬ ਦਰੁਸਤ ਹੋਇਆ,
ਫੇਰ ਪੜ੍ਹਨ ਕੁਰਾਨ ਤੇ ਲਾਇਓ ਨੇ ।
ਅਲਹਮਦ ਥੀਂ ਸ਼ੁਰੂ ਕਰਾ ਉਸ ਨੂੰ,

ਵਾਉਨਾੱਸ ਤੇ ਜਾ ਪੁਜਾਇਓ ਨੇ ।
ਸਾਰੇ ਹਰਫ ਤੇ ਲਫ਼ਜ਼ ਤਹਿਕੀਕ ਕਰ ਕੇ,
ਕਈ ਹਾਫਜ਼ੇ ਨਾਲ ਦੁਹਰਾਇਓ ਨੇ ।
ਇੱਜ਼ਤ ਬੇਗ ਨੇ ਯਾਦ ਕੁਰਾਨ ਕੀਤਾ,
ਸਾਰਾ ਬਾਪ ਨੂੰ ਯਾਦ ਸੁਣਾਇਓ ਨੇ ।
ਦੇਣ ਬਹੁਤ ਉਸਤਾਦ ਨੂੰ ਮਾਲ ਦੌਲਤ,
ਸਿਰੋਪਾ ਬਿਠਾਇ ਪਹਿਨਾਇਓ ਨੇ ।
ਫਜ਼ਲ ਕਰਨ ਆਮੀਨ ਇੱਜ਼ਤ ਬੇਗ਼ ਸੰਦੀ,
ਹੋਰ ਸ਼ਗਨ ਸ਼ਗੂਨ ਮਨਾਇਓ ਨੇ ।

## ਛੇਵੇਂ ਤੋਂ ਬਾਰ੍ਹਵੇਂ ਵਰ੍ਹੇ ਦਾ ਬਿਆਨ

ਵਰ੍ਹੇ ਛੇਵੇਂ ਹਰਫ ਐਸੇ ਸਾਫ ਲਿਖੇ,
ਕਰਨ ਕੁਲ ਉਸਤਾਦ ਕਬੂਲ ਮੀਆਂ ।
ਵਰ੍ਹੇ ਸਤੱਵੇਂ ਨਜ਼ਮ ਤੋਂ ਨਸਰ ਪੜ੍ਹਿਆ,
ਕੀਤਾ ਇਲਮ ਸੱਯਾਕ ਹਸੂਲ ਮੀਆਂ ।
ਵਰ੍ਹੇ ਅੱਠਵੇਂ ਸਰਫ ਤੇ ਨਾਅਵ ਪੜ੍ਹਿਆ,
ਹੋਰ ਫਿਕਾ ਹਦੀਸ ਰਸੂਲ ਮੀਆਂ ।
ਨਾਵੇਂ ਵਰ੍ਹੇ ਕਮਾਲ ਹਕੀਮ ਹੋਇਆ,
ਕੀਤੇ ਕਾਇਦੇ ਕੁਲ ਵਸੂਲ ਮੀਆਂ ।
ਦਸਵੇਂ ਵਰ੍ਹੇ ਅਤਾ ਖ਼ੁਦਾਇ ਦੇ ਥੀਂ,
ਪੜ੍ਹਿਆ ਕੁਲ ਫਰੂਹ ਅਸਲੂ ਮੀਆਂ ।
ਵਰ੍ਹੇ ਯਾਰ੍ਹਵੇਂ ਨੂੰ ਹੋਇਆ ਖ਼ਾਸ ਫਜ਼ਲ,
ਪੜ੍ਹੇ ਸਮਝ ਮਾਕੂਲ ਮਨਕੂਲ ਮੀਆਂ ।
ਵਰ੍ਹੇ ਬਾਰ੍ਹਵੇਂ ਇਲਮ ਨਜੂਮ ਸੰਦਾ,
ਲਿਆ ਸਮਝ ਸਾਰਾ ਅਰਜ਼ ਤੂਲ ਮੀਆਂ ।
ਫਜ਼ਲ ਸ਼ਾਹ ਚੌਧੀਂ ਵਰ੍ਹੀਂ ਤਾਕ ਹੋਇਆ,
ਕੋਈ ਇਲਮ ਨਾ ਛੱਡਿਆ ਮੂਲ ਮੀਆਂ ।

## ਇਲਮ ਦਾ ਕਮਾਲ

ਕੋਈ ਇਲਮ ਦੇ ਬਾਝ ਨਾ ਗੱਲ ਕਰਦਾ,
ਦਿਤਾ ਅਕਲ ਸਊਰ ਖ਼ੁਦਾ ਸਾਈਂ ।। ੨੮੦ ।
ਕਈ ਲੱਖ ਦਾਨਾ ਸ਼ਾਬਾਨ ਜੇਹੇ,

ਉਹਦੇ ਅਕਲ ਸ਼ੰਦੀ ਖ਼ਾਕ ਪਾ ਸਾਈਂ ।
ਗੋਇਆ ਫੇਰ ਹੋਇਆ ਅਫ਼ਲਾਤੂਨ ਪੈਦਾ,
ਦਿਤਾ ਆਲਮਾਂ ਹੋਸ਼ ਭੁਲਾ ਸਾਈਂ ।
ਮੁਨਸ਼ੀ ਫ਼ਲਕ ਦੇ ਨੇ ਹਥੋਂ ਕਲਮ ਸੁੱਟੀ,
ਲਿਖਿਆ ਵੇਖ ਕੇ ਬਹੁਤ ਸਫਾ ਸਾਈਂ ।
ਜੋ ਕਛੂ ਕਹੇ ਜ਼ਬਾਨ ਥੀਂ ਆਲਮਾਂ ਨੂੰ,
ਕੋਈ ਕਰੇ ਨਾ ਚੂੰ ਚਰਾਂ ਸਾਈਂ ।
ਫ਼ਜ਼ਲ ਸਮਝ ਉਸ ਨੂੰ ਇਲਮ ਅਕਲ ਵਾਲਾ,
ਹਥੋਂ ਲਿਆਂਵਦੇ ਅਦਬ ਬਜਾ ਸਾਈਂ ।
ਸ਼ੁਬ੍ਹੇ ਦਰਸੀਆਂ ਦੇ ਕੀਤੇ ਹੱਲ ਉਸ ਨੇ,
ਦਿੱਤਾ ਗੱਲ ਦੇ ਨਾਲ ਉਡਾ ਸਾਈਂ ।
ਜਿਹੜਾ ਇਲਮ ਥੀਂ ਪੁੱਛੇ ਸਵਾਲ ਕੋਈ,
ਦੇਵੇ ਤੁਰਤ ਜਵਾਬ ਸੁਣਾ ਸਾਈਂ ।
ਫਜ਼ਲ ਸ਼ਾਹ ਤੇ ਨਹੀ ਇਤਬਾਰ ਜਿਸ ਨੂੰ,
ਪੁੱਛੇ ਬਲਖ ਬੁਖ਼ਾਰਿਓਂ ਜਾ ਸਾਈਂ ।

## ਤੀਰਅੰਦਾਜ਼ੀ ਸਿੱਖਣ ਦਾ ਬਿਆਨ

ਵਰ੍ਹੇ ਤੇਰ੍ਹਵੇਂ ਇੱਜ਼ਤ ਬੇਗ ਤਾਈਂ,
ਹੱਥ ਤੀਰ ਕਮਾਨ ਫੜਾਨ ਬੇਲੀ ।
ਤੀਰਅੰਦਾਜ਼ ਉਸਤਾਦ ਮੈਦਾਨ ਜਾ ਕੇ,
ਨਿਤ ਤੀਰ ਚਲਾਨ ਸਿਖਾਨ ਬੇਲੀ ।
ਕੋਲ ਬੈਠ ਜਾਵਣ ਤੀਰੰਦਾਜ਼ ਸਾਰੇ,
ਕਰਨ ਕਾਇਦੇ ਕੁਲ ਅਯਾਨ ਬੇਲੀ ।
ਸੱਜਾ ਪੈਰ ਪਿੱਛੇ ਖੱਬਾ ਪੈਰ ਅੱਗੇ,
ਖਿੱਚੇ ਜ਼ੁਲਫ ਦੀ ਤਰਫ ਕਮਾਨ ਬੇਲੀ ।
ਬਾਜ਼ੂ ਰਾਸਤ ਕਰਕੇ ਤੀਰ ਸਾਫ ਮਾਰੇ,
ਰਖੇ ਵਿਚ ਨਿਸ਼ਾਨ ਧਿਆਨ ਬੇਲੀ ।
ਵਕਤ ਖਿੱਚਣ ਦੇ ਬਾਂਹ ਨਾ ਮੂਲ ਡੋਲੇ,
ਸਾਹ ਘੁੱਟਣਾ ਜਾਨ ਪਛਾਨ ਬੇਲੀ ।
ਮਿਰਜਾ ਅਕਲ ਤੇ ਇਲਮ ਦਾ ਕੋਟ ਆਹਾ,
ਲਿਆ ਸਮਝ ਤਮਾਮ ਬਿਆਨ ਬੇਲੀ ।
ਐਸੇ ਤੀਰ ਤਦਬੀਰ ਦੇ ਨਾਲ ਮਾਰੇ,

ਚੀਰ ਖ਼ਾਕ ਤੋਂਦੇ ਨਿਕਲ ਜਾਨ ਬੇਲੀ ।
ਆਹਾ ਵਾਂਗ ਤਕਦੀਰ ਨੇ ਤੀਰ ਉਸ ਦੇ.
ਅੱਖਾ ਮੁੜਨ ਬਾਝੋਂ ਲਿਆਂ ਜਾਨ ਬੇਲੀ ।
ਫ਼ਜ਼ਲ ਸ਼ਾਹ ਐਸਾ ਤੀਰੰਦਾਜ਼ ਹੋਇਆ.
ਰਹੇ ਕੁਲ ਉਸਤਾਦ ਹੈਰਾਨ ਬੇਲੀ ।

## ਘੋੜ ਸਵਾਰੀ ਸਿੱਖਣਾ ਤੇ ਦਿੱਲੀ ਜਾਣ ਦੀ ਖ਼ਾਹਿਸ਼ ਕਰਨਾ

ਵਰ੍ਹੇ ਚੌਧਵੇਂ ਨੂੰ ਚੜ੍ਹ ਘੋੜਿਆਂ ਤੇ.
ਨਾਲ ਨਾਜ਼ ਦੇ ਕਦਮ ਉਠਾਂਵਦਾ ਸੀ ।। 300 ।
ਚੀਨੀ ਭੌਰ ਕੁਮੈਤ ਇਰਾਕੀਆਂ ਨੂੰ.
ਹੰਸ ਮੋਰ ਦੀ ਚਾਲ ਸਿਖਾਂਵਦਾ ਸੀ ।
*ਕਦੀ ਦੇ ਜੌਲਾਨ ਮੈਦਾਨ ਜਾ ਕੇ.
ਕਦੀ ਚਾਲ ਰਵਾਲ ਕਢਾਂਵਦਾ ਸੀ ।
ਕਾਰਨ ਸੈਰ ਸ਼ਿਕਾਰ ਤਿਆਰ ਹੋ ਕੇ,
ਨਿੱਤ ਬਾਰ ਦੇ ਵੱਲ ਸਿਧਾਂਵਦਾ ਸੀ ।
ਜਿਹੜੇ ਮਿਰਗ ਨੂੰ ਮਰਗ ਖ਼ੁਦਾ ਵਲੋਂ.
ਸੋਈ ਤੀਰ ਜਵਾਨ ਦਾ ਖਾਂਵਦਾ ਸੀ ।
ਘੋੜ ਫੇਰਨੇ ਥੀਂ ਲੱਗੀ ਵਾਉ ਉਸ ਨੂੰ.
ਦਿੱਲੀ ਦੇਖਨੇ ਨੂੰ ਚਿੱਤ ਚਾਂਵਦਾ ਸੀ ।
*ਰਖ ਜੀਉ ਤੇ ਸ਼ੌਕ ਸੌਦਾਗਰੀ ਦਾ,
ਯਾਰਾ ਨਾਲ ਸਲਾਹ ਪਕਾਂਵਦਾ ਸੀ ।
ਨਿੱਤ ਬਾਪ ਦੇ ਜਾ ਹਜ਼ੂਰ ਮਿਰਜ਼ਾ.
ਫ਼ੁਰਸਤ ਦੇਖ ਕੇ ਸੁਖ਼ਨ ਅਲਾਵਦਾ ਸੀ ।
ਆਖੇ ਬਾਪ ਜੀ ਇਕ ਮੈਂ ਅਰਜ ਕਰਨੀ.
ਏਹੋ ਆਖ ਖ਼ਾਮੋਸ਼ ਹੋ ਜਾਂਵਦਾ ਸੀ ।
ਜੇਕਰ ਬਾਪ ਪੁੱਛੇ ਦੱਸੇ ਮੂਲ ਨਾਹੀਂ.
ਕਈ ਰੋਜ਼ ਇਸ ਤੌਰ ਲੰਘਾਵਦਾ ਸੀ ।
ਤਾਹੀਂ ਆਖਸਾਂ ਜਦੋਂ ਕਬੂਲ ਕਰਸੋਂ.
ਏਵੇਂ ਬਾਪ ਨੂੰ ਬਾਤ ਸੁਣਾਂਵਦਾ ਸੀ ।
ਫ਼ਜ਼ਲ ਸ਼ਾਹ ਪਰ ਇਸ਼ਕ ਨੇ ਖਿਚ ਕੀਤੀ.
ਮਨ ਭਾਂਵਦਾ ਜੀਉ ਮਨਾਂਵਦਾ ਸੀ ।

## ਦਿੱਲੀ ਜਾਣ ਦੀ ਇਜਾਜ਼ਤ ਮਿਲਣੀ

ਕਹਿਆ ਬਾਪ ਸਵਾਲ ਕਬੂਲ ਮੈਨੂੰ.
ਹੋਸੀ ਕੁਲ ਮਕਸੂਦ ਹਸੂਲ ਤੈਨੂੰ ।
ਮੂੰਹੋਂ ਮੰਗ ਬੇਟਾ ਜੋ ਕੁਝ ਮੰਗਣਾ ਈ.
ਕੋਈ ਸੰਗ ਨਾਹੀ ਮੈਥੋਂ ਮੂਲ ਤੈਨੂੰ ।
ਤੇਰਾ ਆਖਿਆ ਮੂਲ ਨਾ ਮੋੜਸਾਂ ਮੈਂ
ਦਿਤਾ ਜ਼ਾਮਨ ਖ਼ਾਸ ਰਸੂਲ ਤੈਨੂੰ ।
ਗੱਲ ਦੱਸ ਵੇਦਣ ਦਿਲ ਆਪਣੇ ਦੀ.
ਕੀਤਾ ਕਿਹੜੀ ਗੱਲ ਮਲੂਲ ਤੈਨੂੰ ।

## ਇੱਜ਼ਤਬੇਗ ਦੀ ਤਿਆਰੀ ਤੇ ਪਿਓ ਦਾ ਉਦਾਸ ਹੋਣਾ

ਜਦੋਂ ਬਾਪ ਨੇ ਗੱਲ ਮਨਜ਼ੂਰ ਕੀਤੀ.
ਦੱਸੇ ਖੋਲ੍ਹ ਕੇ ਕੁਲ ਬਿਆਨ ਮੀਆਂ ।
ਤਸਲੀਮਾਤ ਕਰਕੇ ਹੱਥ ਜੋੜ ਖੜਾ.
ਫੇਰ ਕਰੇ ਦੁਆ ਪਛਾਨ ਮੀਆਂ ।
ਤੂਬਾ ਵਾਂਗ ਤੇਰੇ ਸਾਏ ਹੇਠ ਪਾਏ.
ਕੁਲ ਖ਼ਲਕ ਜਹਾਨ ਈਮਾਨ ਮੀਆਂ ।
ਦਿਲ ਚਾਹੁੰਦਾ ਏ ਦਿੱਲੀ ਦੇਖਣੇ ਲੂੰ.
ਦੇ ਹੁਕਮ ਬਾਬਾ ਮਿਹਰਬਾਨ ਮੀਆਂ ।
ਦੂਜਾ ਜੀਊ ਤੇ ਸ਼ੌਕ ਸੌਦਾਗਰੀ ਦਾ,
ਜਿੱਤ ਕਿੱਤ ਏਹੋ ਨਿੱਤ ਧਿਆਨ ਮੀਆ ।। ੩੨੦ ।
ਕਰਾਂ ਜਾ ਖ਼ਰੀਦ ਫਰੋਖ਼ਤ ਦਿੱਲੀ
ਨਾਲ ਦੋਸਤਾਂ ਅਕਲ ਦੇ ਤਾਨ ਮੀਆਂ ।
ਬਾਪ ਸੁਣਦਿਆਂ ਸਾਰ ਬੇਹੋਸ਼ ਹੋਇਆ.
ਗੋਇਆ ਨਿਕਲ ਗਈ ਉਹਦੀ ਜਾਨ ਮੀਆਂ ।
ਜਦੋਂ ਹੋਸ਼ ਆਈ ਜ਼ਾਰੋ ਜ਼ਾਰ ਰੁੰਨਾ.
ਇੱਜ਼ਤਬੇਗ ਹੋ ਰਿਹਾ ਹੈਰਾਨ ਮੀਆਂ ।
ਓੜਕ ਕੌਲ ਕਰਾਰ ਨਾ ਹਾਰਿਓ ਸੂ.
ਕਰੇ ਟੋਰਨੇ ਦਾ ਸਾਮਾਨ ਮੀਆਂ ।
ਤੁਰਤ ਭੇਜ ਗ਼ੁਲਾਮ ਸਦਾਇ ਲਏ.
ਉਠਾਂ ਸਣੇ ਸਾਰੇ ਸਾਰਬਾਨ ਮੀਆਂ ।

ਦਿਤਾ ਹੁਕਮ ਤਿਆਰ ਸ਼ਤਾਬ ਹੋਵੇ.
ਸਾਰਬਾਨ ਪਲਾਨ ਚਾ ਪਾਨ ਮੀਆਂ ।
ਲੌਂਗ ਲਾਚੀਆਂ ਪਿਸਤੇ ਸਾਊਗੀ ਦੇ.
ਭਰੇ ਬੋਰੀਆਂ ਚੁੱਕ ਲਦਾਨ ਮੀਆਂ ।
ਅੰਬਰ ਮੁਸ਼ਕ ਕਾਫ਼ੂਰ ਬਾਦਾਮ ਜਾਫਲ,
ਮੁਸ਼ਕ ਤਿੱਬਤੀ ਊਠ ਉਠਾਨ ਮੀਆ ।
ਹੋਰ ਸੇਓ ਖਰੋਟ ਖਜੂਰ ਲੱਦੀ,
ਮੇਵੇ ਕਾਬਲੀ ਤੇ ਖ਼ੁਰਾਸਾਨ ਮੀਆ ।
ਕੀਮਖ਼ਾਬ ਸੰਜਾਬ ਸਮੂਰ ਮਖਮਲ.
ਲੱਠਾ ਕਮਰਖ ਤੇ ਹੋਰ ਕਤਾਨ ਮੀਆਂ ।
ਸਬਜ਼ ਸੁਰਖ਼ ਸਿਆਹ ਹਰੀਰ ਲੱਦੀ,
ਜ਼ਰੀ ਬਾਦਲਾ ਟੂਲ ਹਲਵਾਨ ਮੀਆਂ ।
ਹੋਰ ਮਾਲ ਨਾ ਕੁਝ ਖ਼ਿਆਲ ਮੇਰੇ.
ਕੀ ਕਰਾਂ ਬਿਆਨ ਅਯਾਨ ਮੀਆ ।
ਸਾਰਾ ਮਾਲ ਅਸਬਾਬ ਰਵਾਨ ਕਰਕੇ,
ਬੇਟਾ ਬਾਪ ਦੋਵੇਂ ਘਰੀਂ ਜਾਨ ਮੀਆਂ ।
ਜੋ ਕੁਝ ਬਾਤ ਆਹੀ ਅਲਫੋਂ ਯੇ ਤੀਕਰ.
ਉਸ ਦੀ ਮਾਈ ਨੂੰ ਬੈਠ ਸੁਨਾਨ ਮੀਆਂ ।
ਖ਼ੁਸੀ ਐਸ਼ ਇਨਸਾਨ ਦੇ ਬਾਗ਼ ਵਿਚੋਂ,
ਘੁਲੀ ਆਇਕੇ ਬਾਦ ਖ਼ਜ਼ਾਨ ਮੀਆਂ ।
ਮਾਈ ਲਾ ਕਲੇਜੜੇ ਨਾਲ ਰੁੰਨੀ.
ਤੇਰਾ ਰੱਬ ਰਹੀਮ ਰਹਿਮਾਨ ਮੀਆ ।
ਤੁੱਧ ਬਾਝ ਕਿਸ ਨੂੰ ਸੁੱਖ ਚੈਨ ਹੋਸੀ.
ਸੁੰਞਾ ਦੇਖਸਾ ਕੁੱਲ ਜਹਾਨ ਮੀਆ ।
ਬੱਚਾ ਕੰਡ ਨਾ ਦੇਇ ਨਿਮਾਣਿਆ ਨੂੰ.
ਤੇਰੇ ਬਾਝ ਜਹਾਨ ਵੈਰਾਨ ਮੀਆਂ ।
ਕਰਾਂ ਚਾ ਕੁਰਬਾਨ ਪਰਦੇਸ ਤਾਈਂ,
ਮੇਰੀ ਜਾਨ ਤੂੰਹੇਂ ਮਾਨ ਤਾਨ ਮੀਆਂ ।
ਬੱਚਾ ਸਫ਼ਰ ਨੂੰ ਸਕਰ ਮਿਸਾਲ ਕਹਿੰਦੇ.
ਦਿੱਲੀ ਜਾਵਣਾ ਨਹੀਂ ਅਸਾਨ ਮੀਆਂ ।। ੩੪੦ ।।
ਗੋਇਆ ਖੋਲ੍ਹ ਕਿਤਾਬ ਨਸੀਹਤਾਂ ਦੀ,

ਰਹੀ ਮਾਂ ਉਸ ਨੂੰ ਲੱਖ ਰਾਨ ਮੀਆਂ ।
ਆਖ਼ਰ ਹੋ ਲਾਚਾਰ ਕਬੂਲ ਕੀਤਾ,
ਜਾਹ ਰੱਬ ਤੇਰਾ ਨਿਗ੍ਹਾਬਾਨ ਮੀਆਂ ।
ਰੋ ਰੋ ਬਾਪ ਤੇ ਹੋਰ ਅਮੀਰ ਸਾਰੇ,
ਬਾਹਰ ਜਾ ਕੇ ਵਿਦਾ ਕਰਾਨ ਮੀਆਂ ।
ਮਾਂ ਬਾਪ ਨੂੰ ਦਰਦ ਫ਼ਿਰਾਕ ਵਾਲਾ,
ਲੱਗਾ ਵਿਚ ਕਲੇਜੜੇ ਬਾਨ ਮੀਆਂ ।
ਕਹਿੰਦਾ ਆਬ ਤੇ ਇਸ਼ਕ ਨੇ ਖਿੱਚ ਕੀਤੀ
ਲੰਮੇ ਰਾਹ ਹੋ ਟੁਰੇ ਰਵਾਨ ਮੀਆਂ ।
ਫ਼ਜ਼ਲ ਆਸ਼ਕਾਂ ਮੁੜਨ ਮੁਹਾਲ ਹੋਇਆ
ਜਿਨ੍ਹਾਂ ਇਸਕ ਕੀਤਾ ਪਰੇਸ਼ਾਨ ਮੀਆਂ ।

## ਮਾਂ ਦੀ ਗਿਰੀਆ ਜ਼ਾਰੀ

ਮਾਈ ਚੜ੍ਹ ਚੁਬਾਰੇ ਤੇ ਕੂਕਦੀ ਸੀ,
ਮੇਰਾ ਵੇਖ ਅੱਖੀਂ ਸੰਦਾ ਨੀਰ ਬੱਚਾ ।
ਬੇਤਰਸਿਆ ਤਰਸ ਨਾ ਮੂਲ ਤੈਨੂੰ,
ਮੈਨੂੰ ਗਇਓਂ ਬਣਾਇ ਫ਼ਕੀਰ ਬੱਚਾ ।
ਲਾਈ ਸਾਂਗ ਫਿਰਾਕ ਦੀ ਕਾਰ ਮੈਨੂੰ,
ਗਈ ਹਾਂ ਕਲੇਜੜਾ ਚੀਰ ਬੱਚਾ ।
ਏਸ ਦਰਦ ਅੰਦਰ ਮਰ ਜਾਵਸਾਂਗੀ,
ਤੈਨੂੰ ਬਖ਼ਸ਼ਿਆ ਆਪਣਾ ਸ਼ੀਰ ਬੱਚਾ ।
ਖਾਣ ਪੀਣ ਅਰਾਮ ਹਰਾਮ ਹੋਇਆ,
ਕਿਹਾ ਲਾ ਗਇਓਂ ਮੈਨੂੰ ਤੀਰ ਬੱਚਾ ।
ਜੋ ਕੁਛ ਲੋਹ ਮਹਫੂਜ਼ ਥੀਂ ਲਿਖਿਆ ਸੀ,
ਸੋਈ ਵਹਿ ਮਿਲੀ ਤਕਦੀਰ ਬੱਚਾ ।
ਆਖੇ ਲੱਗ ਲੋਕਾਂ ਹੋਸਿਆਰਿਆਂ ਦੇ,
ਤੁਰਿਓਂ ਸ਼ੌਕ ਦੀ ਤੋੜ ਜ਼ੰਜੀਰ ਬੱਚਾ ।
ਨਬੀ ਪਾਕ ਰਸੂਲ ਦੀ ਰੱਖ ਹੋਵੀ,
ਨਿਗਾਹਬਾਨ ਤੇਰੇ ਪੰਜ ਪੀਰ ਬੱਚਾ ।
ਜਿਥੋਂ ਤੀਕ ਨਿਗਾਹ ਦਰਾਜ਼ ਆਹੀ,
ਰਹੀ ਵੇਖਦੀ ਲਾ ਨਜ਼ੀਰ ਬੱਚਾ ।
ਵੇ ਮੈਂ ਰੱਬ ਰਹੀਮ ਨੂੰ ਸੌਂਪਿਓਂ ਤੂੰ,

ਜਿਸ ਨੇ ਮਾਰੀ ਆਂ ਬੇ-ਤਕਸੀਰ ਬੱਚਾ ।
ਜਦੋਂ ਦਿਸਣੋਂ ਰਿਹਾ ਫ਼ਰਜ਼ੰਦ ਉਸ ਨੂੰ,
ਡਿੱਗੀ ਆਖ ਕੇ, "ਮੈਂ ਦਿਲਗੀਰ ਬੱਚਾ" ।
ਨਾਲ ਫ਼ਜ਼ਲ ਦੇ ਫੇਰ ਮਿਲਾਪ ਸਾਡਾ,
ਜਦੋਂ ਹੋਵਸੀ ਰੋਜ਼ ਅਖ਼ੀਰ ਬੱਚਾ ।

## ਮਿਰਜ਼ਾ ਇੱਜ਼ਤ ਬੇਗ ਦਾ ਦਿੱਲੀ ਪਹੁੰਚਣਾ

ਛੱਡ ਰੋਂਦਿਆਂ ਤੇ ਕੁਰਲਾਂਦਿਆਂ ਨੂੰ,
ਕੂੰਜ ਵਾਂਗ ਮੁਸਾਫ਼ਰਾਂ ਦੂਰ ਹੋਏ ।
ਪਹੁੰਚ ਮੰਜ਼ਲੋ ਮੰਜ਼ਲੀ ਜਾਇ ਦਿੱਲੀ,
ਐਪਰ ਪੈਂਡਿਆਂ ਦੇ ਨਾਲ ਚੂਰ ਹੋਏ ।। ੩੬੦ ।।
ਆਇਆ ਇਕ ਸੌਦਾਗਰ ਬਲਖ਼ ਵਿਚੋਂ,
ਦਿੱਲੀ ਸ਼ਹਿਰ ਦੇ ਵਿਚ ਮਸ਼ਹੂਰ ਹੋਏ ।
ਲਿਆ ਮਾਲ ਚੁਕਾਇ ਸੌਦਾਗਰਾਂ ਨੇ,
ਸੌਦੇ ਹੁਸਨ ਦੇ ਹੋਰ ਜ਼ਰੂਰ ਹੋਏ ।
ਗੋਇਆ ਯੂਸਫ ਨਾਲ ਕਰਵਾਨਿਆਂ ਦੇ,
ਜਿਨ੍ਹਾਂ ਦੇਖਿਆ ਸੋ ਨੂਰੋ ਨੂਰ ਹੋਏ ।
ਪਾਤਸ਼ਾਹ ਕੀਤੀ ਚਾਹ ਦੇਖਣੇ ਦੀ,
ਗਏ ਤੁਰਤ ਨ ਪਲਕ ਸਾਬੂਰ ਹੋਏ ।
ਰੰਗਾ ਰੰਗ ਤੋਹਫ਼ੇ ਪਾਤਸ਼ਾਹ ਕਾਰਨ,
ਲਏ ਨਾਲ ਜੋ ਨਜ਼ਰ ਮਨਜ਼ੂਰ ਹੋਏ ।
ਫਜ਼ਲ, ਸ਼ਾਹ ਜਹਾਨ ਦੀ ਵਿਚ ਮਜਲਸ,
ਸਨੇ ਤੋਹਫ਼ੇ ਜਾ ਹਜ਼ੂਰ ਹੋਏ ।

## ਪਾਤਸ਼ਾਹ ਦੀ ਖ਼ਿਦਮਤ ਵਿਚ ਤੋਹਫ਼ੇ ਪੇਸ਼ ਕਰਨੇ

ਤਸਲੀਮਾਤ ਕਰ ਕੇ ਇੱਜ਼ਤ ਬੇਗ ਮਿਰਜ਼ਾ,
ਤੋਹਫ਼ੇ ਨਜ਼ਰ ਗੁਜ਼ਾਰਦਾ ਜਾ ਮੀਆਂ ।
ਲੱਖ ਮੋਹਰ ਦਿਤੀ ਪਾਤਸ਼ਾਹ ਉਸ ਨੂੰ,
ਭਾਰਾ ਹੋਰ ਦਿਤਾ ਸਿਰੋਪਾ ਮੀਆਂ ।
ਘੋੜਾ ਸ਼ੇਖ਼ ਸਮੁੰਦ ਅਤਾ ਕੀਤਾ,
ਸੁੱਕੇ ਸੁੰਮ ਲੰਘੇ ਦਰਿਆ ਮੀਆਂ ।
ਕੀਤਾ ਚਾ ਮੁਆਫ ਵਸੂਲ ਉਸ ਨੂੰ,

ਕੀਤੀ ਹੋਰ ਜਗੀਰ ਅਤਾ ਮੀਆਂ ।
ਪਹਿਲੇ ਹਮਦ ਖ਼ੁਦਾਇ ਬਜਾਏ ਲਿਆਵੇ,
ਫੇਰ ਸ਼ਾਹ ਦੀ ਕਰੇ ਸਨਾ ਮੀਆਂ ।
ਦੁਨੀਆ ਵਿਚ ਰਖੇ ਰੱਬ ਸ਼ਾਦ ਤੈਨੂੰ,
ਆਖ਼ਰ ਦੇ ਜਜ਼ਾ ਖ਼ੁਦਾ ਮੀਆਂ ।
ਜ਼ਮਸ਼ੈਦ ਫ਼ਰੀਦੂੰ, ਕਾਊਸ ਖ਼ਿਸਰੋ,
ਤੇਰੇ ਮਰਤਬੇ ਦੀ ਖ਼ਾਕ ਪਾ ਮੀਆਂ ।
ਨੌਸ਼ੀਰਵਾਂ ਵਾਂਗ ਹੈ ਅਦਲ ਤੇਰਾ,
ਹਾਥੀ ਕੀੜੀਓਂ ਕਰੇ ਹਯਾ ਮੀਆਂ ।

ਹਾਤਮ ਕੁਲ ਜਹਾਨ ਤੇ ਬਖ਼ਸ਼ ਕੀਤੀ,
ਐਪਰ ਏਸ ਦਰਬਾਰ ਗਦਾ ਮੀਆਂ ।
ਦਿਤਾ ਰੱਬ ਸਕੰਦਰੀ ਮੁਲਖ ਤੈਨੂੰ,
ਵਾਲੀ ਵਾਰਸੀ ਖ਼ਲਕ ਬਨਾ ਮੀਆਂ ।
ਸ਼ੇਰ ਗੁਰਗ ਰਖਣ ਖੌਫ਼ ਬੱਕਰੀ ਥੀਂ,
ਦਿੱਤੀ ਜ਼ੁਲਮ ਦੀ ਬੇਖ਼ ਉਠਾ ਮੀਆਂ ।
ਮਿਰਜ਼ਾ ਪਾਇ ਇਨਾਮ ਸਲਾਮ, ਕਰ ਕੇ,
ਡੇਰੇ ਆ ਵੜਿਆ ਨਾਲ ਚਾ ਮੀਆ ।
ਨਿੱਤ ਸੈਰ ਕਾਰਨ ਦਿੱਲੀ ਸ਼ਹਿਰ ਅੰਦਰ
ਜਾਇ ਜ਼ੀਨ ਸਮੁੰਦ ਤੇ ਪਾ ਮੀਆਂ ।
ਓੜਕ ਹੋ ਉਦਾਸ ਤਿਆਰ ਹੋ ਕੇ,
ਕੋਈ ਰੋਜ਼ ਇਸ ਤੌਰ ਲੰਘਾ ਮੀਆਂ ।। ੩੮੦ ।
ਕਰੇ ਤਰਫ਼ ਲਾਹੌਰ ਦੀ ਕੂਚ ਮਿਰਜ਼ਾ,
ਸਾਰਾ ਮਾਲ ਮਤਾ ਲਦਾ ਮੀਆਂ ।
ਫ਼ਜ਼ਲ ਸ਼ਾਹ ਲਾਹੌਰ ਦੇ ਵਿਚ ਮਿਰਜ਼ਾ,
ਪਹੁੰਚਾ ਮੰਜ਼ਲੋ ਮੰਜ਼ਲੀ ਆ ਮੀਆਂ ।

## ਲਾਹੌਰ ਦੀ ਸੈਰ

ਰਾਤ ਖ਼ੈਰ ਦੇ ਨਾਲ ਗੁਜ਼ਾਰੀਆ ਨੇ,
ਜੀਉ ਵਿਚ ਆਰਾਮ ਕਰਾਰ ਹੋਏ ।
ਸੁੰਦਰ ਚਾਲ ਕਮਾਲ ਲਾਹੌਰ ਵਾਲੀ,
ਸਾਰੇ ਦੇਖਨੇ ਦੇ ਤਲਬਗਾਰ ਹੋਏ ।

ਦਿਨੇ ਲਾਇ ਪੁਸ਼ਾਕੀਆਂ ਪਹਿਨ ਬਾਣੇ,
ਕਾਰਨ ਸੈਰ ਬਾਜ਼ਾਰ ਤਿਆਰ ਹੋਏ ।
ਜਾ ਕੇ ਵੇਖਿਆ ਸ਼ਹਿਰ ਮਿਸਾਲ ਜੱਨਤ,
ਐਪਰ ਵੇਖਣੇ ਥੀਂ ਗੁਲਜ਼ਾਰ ਹੋਏ ।
ਬਾਂਕੇ ਤੌਰ ਲਾਹੌਰ ਦੇ ਲੋਕ ਸਾਰੇ,
ਸ਼ੁਗਲਦਾਰ ਆਪੋ ਆਪਣੇ ਕਾਰ ਹੋਏ ।
ਫਿਰਨ ਲਟਕਦੇ ਵਿਚ ਬਾਜ਼ਾਰ ਸੋਹਣੇ,
ਤਿੱਖੇ ਨੈਣ ਮਿਸਾਲ ਕਟਾਰ ਹੋਏ ।
ਕੋਈ ਸੁਣੇ ਫਰਿਆਦ ਨਾ ਆਸ਼ਕਾਂ ਦੀ,
ਕਤਲ ਬਾਝ ਤਲਵਾਰ ਹਜ਼ਾਰ ਹੋਏ ।
ਆਖਣ ਹੋਰ ਨਾ ਸ਼ਹਿਰ ਲਾਹੌਰ ਜੇਹਾ;
ਸਭ ਸ਼ਹਿਰ ਲਾਹੌਰ ਤੋਂ ਵਾਰ ਹੋਏ ।
ਮਨ ਭਾਂਵਦੇ ਲਏ ਖ਼ਰੀਦ ਤੁਹਫੇ,
ਸੌਦੇ ਰੋਕ ਨਾ ਮੂਲ ਉਧਾਰ ਹੋਏ ।
ਓੜਕ ਵਤਨ ਤੇ ਜੀਉ ਉਦਾਸ ਹੋਇਆ,
ਉਠ ਘੋੜਿਆਂ ਤੇ ਅਸਵਾਰ ਹੋਏ ।
ਫਜ਼ਲ ਸਹਿਰ ਲਾਹੌਰ ਤੋਂ ਕੂਚ ਕਰ ਕੇ,
ਵਾਂਗ ਬਾਜ਼ ਦੇ ਤੇਜ਼ ਤਰਾਰ ਹੋਏ ।

## ਇੱਜ਼ਤ ਬੇਗ ਦਾ ਸ਼ਹਿਰ ਲਾਹੌਰ ਥੀਂ ਕੂਚ ਕਰਨਾ ਅਤੇ ਗੁਜਰਾਤ ਠਹਿਰਨਾ

ਰਾਵੀ ਲੰਘ ਝਨਾਂ ਤੋਂ ਪਾਰ ਹੋਏ,
ਦੂਰੋਂ ਨਜ਼ਰ ਪਈ ਗੁਜਰਾਤ ਮੀਆਂ ।
ਸੂਰਜ ਗਿਆ ਗਰੂਬ ਹੋ ਸ਼ਾਮ ਪਈ,
ਅਗੋਂ ਮੂੰਹ ਆਈ ਕਾਲੀ ਰਾਤ ਮੀਆਂ ।
ਡੇਰੇ ਵਿਚ ਸਰਾਂ ਦੇ ਮਾਰ ਲੱਥੇ,
ਲਾਈ ਸੁਰਖ਼ ਸਫ਼ੈਦ ਕਨਾਤ ਮੀਆ ।
ਦੋ ਤਿੰਨ ਰੋਜ਼ ਰਹੇ ਜਗ੍ਹਾ ਦੇਖ ਚੰਗੀ,
ਕੀਤੀ ਨਾਲ ਲੋਕਾਂ ਮੁਲਾਕਾਤ ਮੀਆਂ ।
ਪਾਣੀ ਲਾਲ ਝਨਾਇ ਦੇ ਇਸ਼ਕ ਰੱਤੇ
ਇੱਜ਼ਤ ਬੇਗ ਤਾਈਂ ਕੀਤਾ ਮਾਤ ਮੀਆਂ ।

ਅੱਗੇ ਜਾਵਣਾ ਬਹੁਤ ਮੁਹਾਲ ਹੋਇਆ.
ਯਾਰ ਆਖ ਰਹੇ ਨੇਕ ਜ਼ਾਤ ਮੀਆਂ ।
ਜੀਉ ਲੋਚ ਲੈਂਦਾ ਛੈਲ ਸੋਹਣਿਆਂ ਦਾ.
ਇਹ ਇਸ਼ਕ ਸੰਦੀ ਕਰਾਮਾਤ ਮੀਆਂ ।। ੪੦੦ ।
ਏਥੇ ਹੋਰ ਦਾ ਹੋਰ ਫ਼ਤੂਰ ਹੋਸੀ,
ਮਿਰਜ਼ਾ ਖੋਵਸੀ ਜ਼ਾਤ ਸਿਫ਼ਾਤ ਮੀਆਂ ।
ਸਾਰਾ ਮਾਲ ਮਤਾਅ ਲੁਟਾ ਦੇਸੀ,
ਪੈਸੀ ਇਸ਼ਕ ਦੀ ਆਣ ਅਫਾਤ ਮੀਆਂ ।
ਫਜ਼ਲ ਸ਼ਾਹ ਦੇਖੋ ਇੱਜ਼ਤ ਬੇਗ ਮਿਰਜ਼ਾ,
ਹੋਸੀ ਵਿਚ ਗੁਜਰਾਤ ਦੇ ਘਾਤ ਮੀਆਂ ।

### ਇੱਜ਼ਤ ਬੇਗ ਦਾ ਮਹਿਫ਼ਲ ਲਗਾਣਾ

ਇਕ ਰੋਜ਼ ਇੱਜ਼ਤ ਬੇਗ ਖ਼ੁਸ਼ੀ ਸੇਤੀ.
ਮਹਿਫ਼ਲ ਵਿਚ ਬਹਿਸ਼ਤ ਬਣਾਂਵਦਾ ਜੇ ।
ਕਈ ਗਾਇਕਾ ਹੋਰ ਕਲਾਉਤਾਂ ਨੂੰ,
ਮਿਰਜ਼ਾ ਘੱਲ ਪੈਗ਼ਾਮ ਸਦਾਂਵਦਾ ਜੇ ।
ਵਾਰੋ ਵਾਰ ਲੱਗੇ ਰੰਗ ਰਾਗ ਕਰਨੇ.
ਵੇਲੇ ਵਕਤ ਦਾ ਰਾਗ ਸੁਣਾਂਵਦਾ ਜੇ ।
ਕੋਈ ਕਹੇ ਬਿਹਾਗ ਤੇ ਹੋਰ ਭੈਰੋ,
ਰਾਮਕਲੀ ਥੀਂ ਜੀਓ ਲਖਾਂਵਦਾ ਜੇ ।
ਕੋਈ ਕਹੇ ਬਿਲਾਵਲ ਹੋਰ ਟੋਡੀ.
ਕੋਈ ਸਾਵਰੀ ਤੇ ਜ਼ੋਰ ਪਾਂਵਦਾ ਜੇ ।
ਕੋਈ ਭੈਰਵੀਂ ਗਾਂਵਦਾ ਹੋਰ ਆਸਾ,
ਕੋਈ ਸਿੱਧ ਤਿਲੰਗ ਬਜਾਂਵਦਾ ਜੇ ।
ਕੋਈ ਸਾਜ਼ ਆਵਾਜ਼ ਨੂੰ ਇਕ ਕਰ ਕੇ.
ਮਲ੍ਹਾਰ ਥੀਂ ਮੀਂਹ ਬਰਸਾਂਵਦਾ ਜੇ ।
ਕੋਈ ਸਾਰੰਗ ਕੋਈ ਧਨਾਸਰੀ ਨੂੰ.
ਤਾਨਸੈਨ ਦੀ ਹੋਸ਼ ਭੁਲਾਂਵਦਾ ਜੇ ।
ਕੋਈ ਜੋਗ ਨਿਮਾਣੀ ਨੂੰ ਮੂੰਹ ਕਰ ਕੇ,
ਦਿਲੋਂ ਸਬਰ ਕਰਾਰ ਲੈ ਜਾਂਵਦਾ ਜੇ
ਕੋਈ ਕਹੇ ਬਿਲਾਵਲ ਸ਼ੌਕ ਸੇਤੀ.
ਕੋਈ ਚਿੱਤ ਪਹਾੜੀ ਤੇ ਲਾਵਦਾ ਜੇ

ਕੋਈ ਪੂਰਬਾ ਪੂਰਬੀ ਹੋਰ ਪੀਲੋ.
ਬਰਵਾ ਨਾਲ ਪਿਆਰ ਅਲਾਂਵਦਾ ਜੇ ।
ਕੋਈ ਸੋਰਠ ਕਾਨੜਾ ਬੰਗਲਾ ਭੀ,
ਮਾਲਕੌਂਸ ਬਿਭਾਗ ਨੂੰ ਗਾਂਵਦਾ ਜੇ ।
ਕੋਈ ਸ਼ਾਮ ਕਲਿਆਨ ਦੀ ਤਾਨ ਮਾਰੇ,
ਕੋਈ ਨਟ ਕਲਿਆਨ ਸੁਣਾਂਵਦਾ ਜੇ ।
ਕੋਈ ਭਰੇ ਖਮਾਚ ਬੰਗਾਲੜੀ ਨੂੰ.
ਕੋਈ ਗੌੜੀਓਂ ਤਾਨ ਉਠਾਂਵਦਾ ਜੇ ।
ਕੋਈ ਕਹੇ ਘੋੜੀ ਕੋਈ ਲਲਤ ਪੰਚਮ,
ਕੋਈ ਦੀਪਕ ਗੌਂਡ ਅਲਾਂਵਦਾ ਜੇ ।
ਫ਼ਜ਼ਲ ਸ਼ਾਹ ਵਡਹੰਸ ਹੰਡੋਲ ਕੋਈ,
ਮੌਲਸਰੀ ਥੀਂ ਜੀਓ ਚਲਾਂਵਦਾ ਜੇ ।

### ਗ਼ੁਲਾਮ ਦਾ ਪਿਆਲੇ ਖ਼ਰੀਦਣ ਜਾਣਾ ਤੇ ਆ ਕੇ ਸੋਹਣੀ ਦਾ ਹੁਸਨ ਬਿਆਨ ਕਰਨਾ

ਇਕ ਰੋਜ਼ ਮਿਰਜ਼ੇ ਇੱਜ਼ਤ ਬੇਗ ਤਾਈਂ,
ਕੋਈ ਆਣ ਕੇ ਗੱਲ ਸੁਣਾਂਵਦਾ ਜੇ ।। ੪੨੦ ।
ਤੁੱਲਾ ਨਾਮ ਘੁਮਿਆਰ ਹੈ ਜ਼ਾਤ ਉੱਤਮ,
ਕੁੱਜੇ ਬਾਦੀਏ ਖ਼ੂਬ ਬਣਾਂਵਦਾ ਜੇ ।
ਇਕ ਬਾਦੀਆ ਮੂਲ ਮੰਗਾਇ ਦੇਖੋ,
ਜੇਕਰ ਦੇਖਣੇ ਨੂੰ ਜੀ ਚਾਂਹਵਦਾ ਜੇ ।
ਦਿੱਤਾ ਭੇਜ ਗ਼ੁਲਾਮ ਸ਼ਿਤਾਬ ਮਿਰਜ਼ੇ,
ਜਾਇ ਪਹੁੰਚਿਆ ਪੁੱਛ ਪੁਛਾਂਵਦਾ ਜੇ ।
ਅੱਗੇ ਕੱਤਦੀ ਸੀ ਸਈਆਂ ਨਾਲ ਸੋਹਣੀ,
ਜਿਸ ਵਕਤ ਗੁਲਾਮ ਸਿਧਾਂਵਦਾ ਜੇ ।
ਹੁਸਨ ਦੇਖ ਗ਼ੁਲਾਮ ਗ਼ੁਲਾਮ ਹੋਇਆ,
ਬਿਨਾਂ ਮੌਤ ਆਈ ਮਰ ਜਾਂਵਦਾ ਜੇ ।
ਸਾਹਿਬ ਭੇਜਿਆ ਵਣਜ ਵਿਹਾਜਣ ਨੂੰ.
ਹੱਥੋਂ ਆਪਣਾ ਆਪ ਵਿਕਾਂਵਦਾ ਜੇ ।
ਐਪਰ ਡਾਢ ਦੇ ਕੇ ਜੀਉ ਆਪਣੇ ਨੂੰ.
ਤੁੱਲੇ ਵੱਲ ਹੀ ਪੈਰ ਉਠਾਂਵਦਾ ਜੇ ।

ਆਖੇ ਬਾਦੀਆ ਇਕ ਖ਼ਰੀਦਣਾ ਹੈ
ਤੁੱਲਾ ਕੱਢ ਦੋ ਚਾਰ ਫੜਾਂਵਦਾ ਜੇ ।
ਸਭ ਇਕ ਤੋਂ ਇਕ ਚੜ੍ਹੰਦੜੇ ਸਨ,
ਇਕ ਪਕੜ ਲਿਆ ਮਨ ਭਾਂਵਦਾ ਜੇ ।
ਇਕ ਦਿਰਮ ਥੀਂ ਮੁਲ ਖ਼ਰੀਦ ਕਰ ਕੇ,
ਇੱਜ਼ਤ ਬੇਗ ਦੇ ਪਾਸ ਲੈ ਜਾਂਵਦਾ ਜੇ ।
ਮਿਰਜ਼ਾ ਦੇਖ ਕੇ ਬਹੁਤ ਖ਼ੁਸ਼ਹਾਲ ਹੋਇਆ,
ਮੁੜ ਮੁੜ ਦੋਸਤਾਂ ਪਿਆ ਦਿਖਾਂਵਦਾ ਜੇ ।

ਏਸੇ ਖ਼ੁਸ਼ੀ ਦੇ ਵਿਚ ਗ਼ੁਲਾਮ ਯਾਰੋ,
ਵੇਖੋ ਹੋਰ ਫ਼ਤੂਰ ਕੀ ਪਾਂਵਦਾ ਜ ।
ਸੋਹਣਾ ਛੈਲ ਸ਼ਜ਼ਾਦੜਾ ਮੱਸ ਭਿੰਨਾ,
ਛੁਰੀ ਇਸ਼ਕ ਦੀ ਨਾਲ ਕੁਹਾਂਵਦਾ ਜੇ ।
ਐਪਰ ਕੁਝ ਗੁਲਾਮ ਨੂੰ ਦੋਸ਼ ਨਾਹੀਂ,
ਕਿਹੜਾ ਲਿਖਿਆ ਲੇਖ ਮਿਟਾਂਵਦਾ ਜੇ ।
ਜੋ ਕੁਝ ਵੇਖਿਆ ਸੀ, ਇੱਜ਼ਤ ਬੇਗ ਤਾਈ,
ਹੱਥ ਜੋੜ, ਗ਼ੁਲਾਮ ਸੁਣਾਂਵਦਾ ਜੇ ।
ਆਖੇ ਇਕ ਮਹਿਬੂਬ ਮੈਂ ਵੇਖ ਆਇਆ,
ਐਸਾ ਵੇਖਣੇ ਵਿਚ ਨਾ ਆਂਵਦਾ ਜੇ ।
ਐਪਰ ਧੀ ਤੁੱਲੇ ਘੁਮਿਆਰ ਦੀ ਹੈ,
ਸੂਰਜ ਵੇਖ ਉਸ ਨੂੰ ਸ਼ਰਮਾਂਵਦਾ ਜੇ ।
ਚਿਹਰਾ ਚੌਧਵੀਂ ਰਾਤ ਦਾ ਚੰਦ ਆਹਾ,
ਹੱਥੋਂ ਚੰਦ ਦਾ ਚੰਦ ਸਦਾਂਵਦਾ ਜੇ ।
ਪਲਕਾਂ ਤੀਰ ਜ਼ੁਲਫ ਜ਼ੰਜੀਰ ਉਸ ਦੀ,
ਗੋਇਆ ਨਾਗ ਕਾਲਾ ਕੁੰਡਲ ਪਾਂਵਦਾ ਜੇ ।
ਆਦਮ ਕੌਣ ਜੋ ਨਾਂਹ ਬੇਹੋਸ਼ ਹੋਵੇ,
ਨੂਰੀ ਮਲਕ ਭੀ ਹੋਸ਼ ਭੁਲਾਵਦਾ ਜੇ ।
ਮਰਦਾਂ ਵਿਚ ਜਿਉਂ ਹੁਸਨ ਕਮਾਲ ਤੇਰਾ,
ਤਿਵੇਂ ਉਸ ਦਾ ਰੂਪ ਸੁਹਾਂਵਦਾ ਜੇ ।। ੪੪੦ ।।
ਕੁਛ ਪੁੱਛ ਨਾ ਸਾਹਿਬਾਂ ਮੂਲ ਮੈਥੋਂ,
ਸਾਹਿਬ ਨਾਮ ਗ਼ੁਲਾਮ ਧਰਾਂਵਦਾ ਜੇ ।
ਗੱਲ ਸੁਣਦਿਆਂ ਪਕੜ ਹੋ ਗਈ ਉਸ ਨੂੰ,

ਬਾਜ਼ ਦੇਖਿਆ ਹਾਲ ਵੰਞਾਂਵਦਾ ਜੇ ।
ਵਿਚੋਂ ਸਾਂਗ ਮਹਿਬੂਬ ਦੀ ਭਾਲ ਗਈਆ.
ਪਰ ਜ਼ਾਹਰਾ ਨਾ ਲਖਾਂਵਦਾ ਜੇ ।
ਗੱਲ ਇਸ਼ਕ ਦੀ ਥੀਂ ਗਲ ਇਸ਼ਕ ਪਿਆ.
ਕਲਾ ਸੁੱਤੜੀ ਪਿਆ ਜਗਾਂਵਦਾ ਜੇ ।
ਆਖੇ ਚਲ ਮਹਿਬੂਬ ਦਿਖਾਲ ਮੈਨੂੰ,
ਜਿਹੜਾ ਜ਼ੁਲਫ ਦੇ ਨਾਗ ਲੜਾਂਵਦਾ ਜੇ ।
ਤਰਤੁ ਨਾਲ ਗ਼ੁਲਾਮ ਰਵਾਂ ਹੋਇਆ.
ਉਸੀ ਜਾਇ ਲੈ ਜਾ ਪਹੁੰਚਾਂਵਦਾ ਜੇ ।
ਦੇਖ ਤੁੱਲੇ ਨੂੰ ਅਦਬ ਅਦਾਬ ਸੇਤੀ,
ਮਿਰਜ਼ਾ ਦੂਆ ਸਲਾਮ ਬੁਲਾਂਵਦਾ ਜੇ ।
ਤੁੱਲੇ ਮੰਨ ਸਲਾਮ ਕਬੂਲ ਕੀਤੀ,
ਕਰੋ ਹੁਕਮ ਜੋ ਜੀ ਮਨਾਂਵਦਾ ਜੇ ।
ਉਸ ਦੀ ਬਾਤ ਸੁਣ ਕੇ ਇੱਜ਼ਤਬੇਗ ਮਿਰਜ਼ਾ,
ਅਦਬ ਨਾਲ ਇਹ ਅਰਜ਼ ਸੁਣਾਂਵਦਾ ਜੇ ।
ਕੁੱਜੇ ਪਿਆਲੜੇ ਕੁਝ ਖ਼ਰੀਦਣੇ ਮੈਂ.
ਫ਼ਜ਼ਲ ਸ਼ਾਹ ਮਿਰਜ਼ਾ ਫਰਮਾਂਵਦਾ ਜੇ ।

## ਮਿਰਜ਼ੇ ਦਾ ਸੋਹਣੀ ਤੇ ਆਸ਼ਕ ਹੋਣਾ ਅਤੇ ਮੁੜ ਮੁੜ ਦੇਖਣ ਲਈ ਪਿਆਲੇ ਖ਼ਰੀਦਣ ਦਾ ਬਹਾਨਾ ਬਨਾਣਾ

ਤੁੱਲਾ ਕੰਮ ਦੇ ਵਿਚ ਮਸ਼ਗੂਲ ਆਹਾ.
ਐਪਰ ਕੰਮ ਹੈ ਸੀ ਤੱਤੇ ਤਾ ਜਾਨੀ ।
ਸੱਦੇ ਨਾਲ ਪਿਆਰ ਦੇ ਸੋਹਣੀ ਨੂੰ,
ਆ ਕੇ ਭਾਂਡੜੇ ਇਨ੍ਹਾਂ ਵਿਖਾ ਜਾਨੀ ।
ਜਿਵੇਂ ਬੱਦਲਾਂ ਥੀਂ ਚੰਦ ਬਾਹਰ ਆਵੇ.
ਸੋਹਣੀ ਨਿਕਲੀ ਨਾਲ ਅਦਾ ਜਾਨੀ ।
ਸੂਰਤ ਸੋਹਣੀ ਦੇਖ ਕੇ ਸੋਹਣੀ ਦੀ,
ਇੱਜ਼ਤਬੇਗ ਡਿੱਗਾ ਗ਼ਸ਼ ਖਾ ਜਾਨੀ ।
ਮੂੰਹੋਂ ਆਖ ਅੱਲਾ ਬੇਲੀ ਪਕੜ ਬਾਂਹੋਂ.
ਲਏ ਤੁਰਤ ਗ਼ੁਲਾਮ ਉਠਾ ਜਾਨੀ ।
ਸੋਹਣੀ ਦੇਖ ਕੇ ਹੋ ਹੈਰਾਨ ਖੱਲੀ,

ਤੁੱਲਾ ਰੰਗ ਨੂੰ ਲਏ ਵਟਾ ਜਾਨੀ ।
ਅੱਖੀਂ ਨਾਲ ਗੁਲਾਮ ਨੇ ਦੱਸ ਦਿਤਾ.
ਏਥੇ ਕੋਈ ਫ਼ਰੇਬ ਬਣਾ ਜਾਨੀ ।
ਆਖੇ ਪੈਰ ਰਜ਼ਾਇ ਥੀਂ ਚਲ ਗਿਆ.
ਐਪਰ ਰੱਖਿਆ ਆਪ ਖ਼ੁਦਾ ਜਾਨੀ ।
ਓੜਕ ਭਾਂਡੜੇ ਦੇ ਦਿਖਾਏ ਸੋਹਣੀ,
ਇੱਜ਼ਤਬੇਗ ਨੂੰ ਨਾਲ ਲੈ ਜਾ ਜਾਨੀ ।
ਕੋਈ ਚੀਜ਼ ਪਸੰਦ ਨਾ ਆਂਵਦੀ ਏ,
ਕੀਤਾ ਬਹੁਤ ਵਟਾ ਸਟਾ ਜਾਨੀ ।। ੪੬੦ ।।
ਮੁੱਖ ਦੇਖਣੇ ਦੀ ਅਸਲ ਭੁੱਖ ਉਸ ਨੂੰ,
ਹੋਇਆ ਦੇਸ ਥੀਂ ਮੋੜ ਮੁੜਾ ਜਾਨੀ ।
ਕਹਿਆ ਹੋਰ ਥੀਂ ਜਾਇ ਖ਼ਰੀਦ ਵੀਰਾ,
ਸੋਹਣੀ ਹੋਇ ਕੇ ਬਹੁਤ ਖ਼ਫਾ ਜਾਨੀ ।
ਜਦੋਂ ਝਿੜਕ ਮਹਿਬੂਬ ਦੀ ਕਾਰ ਹੋਈ,
ਕਦੇ ਫੇਰ ਨਾ ਕੁਝ ਦੁਰ੍ਹਾ ਜਾਨੀ ।
ਐਪਰ ਝਿੜਕ ਕੇਹੀ ਯਾਰੋ ਸਾਂਗ ਆਹੀ,
ਗਈ ਜੀਉ ਤੇ ਜਾਨ ਜਲਾ ਜਾਨੀ ।
ਮਿਰਜ਼ੇ ਸਮਝਿਆ ਬਹੁਤ ਮਖ਼ੌਲ ਸੰਦਾ,
ਓੜਕ ਲਏ ਦੋ ਚਾਰ ਚੁਕਾ ਜਾਨੀ ।
ਜੋ ਕੁਝ ਮੁਖ ਥੀਂ ਮੰਗਿਆ ਸੋਹਣੀ ਨੇ,
ਦਿੱਤਾ ਤੁਰਤ ਪੱਲੇ ਵਿਚ ਪਾ ਜਾਨੀ ।
ਝੱਲ ਸਾਂਗ ਪਿਆਰਿਆਂ ਸੱਜਣਾ ਦੀ,
ਡੇਰੇ ਆਇਆ ਹਾਲ ਵੰਞਾ ਜਾਨੀ ।

ਲੱਗਾ ਜ਼ਖ਼ਮ ਅਵੱਲੜਾ ਇਸ਼ਕ ਵਾਲਾ,
ਗਈ ਪੀੜ ਕਲੇਜੜੇ ਧਾ ਜਾਨੀ ।
ਯਾਰ ਵੇਖ ਕੇ ਹਾਲ ਬੇਹਾਲ ਉਸ ਦਾ,
ਕੁੱਲ ਗੱਲ ਪੁੱਛਣ ਪਾਸ ਆ ਜਾਨੀ ।
ਰੰਗ ਜ਼ਰਦ ਤੇ ਹਾਏ ਹਾਏ ਕੂਕੇਂ,
ਇਹ ਕੇਹੀ ਬਣੀ ਤੇਰੇ ਭਾ ਜਾਨੀ ।
ਆਖੇ ਪੀੜ ਕਲੇਜੜੇ ਕਾਰ ਮੈਨੂੰ,
ਹੋਈ ਹਾਜ਼ਮਾ ਨਹੀਂ ਗਜ਼ਾ ਜਾਨੀ ।

ਜੀਵਨ ਆਪਣੇ ਤੋਂ ਹੱਥ ਧੋਇ ਬੈਠਾ,
ਕੋਈ ਵਾਹ ਲਾਵੇ ਮੈਥੋਂ ਆ ਜਾਨੀ ।
ਯਾਰਾਂ ਰੋ ਕਿਹਾ ਜੀਵੇ ਜਾਨ ਤੇਰੀ,
ਹੁਣ ਹੋਵਸੀ ਤੁੱਧ ਸ਼ਿਫ਼ਾ ਜਾਨੀ ।
ਸਿਰਕਾ ਖ਼ਾਸ ਅੰਗੂਰੀ ਤੇ ਅਰਕ ਕਈ,
ਰਹੇ ਸ਼ਰਬਤ ਯਾਰ ਪਿਲਾ ਜਾਨੀ ।
ਕਾਰਣ ਨਬਜ਼ ਦਿਖਾਲਣੇ ਯਾਰ ਸੰਦੀ,
ਲਏ ਹਿਕਮਤੀ ਕੁਲ ਸਦਾ ਜਾਨੀ ।
ਬਲਦੀ ਅੱਗ ਤੇ ਤੇਲ ਪਲੱਟਿਓ ਨੇ,
ਦੇਣ ਕਾਹੜਿਆਂ ਨਾਲ ਜਲਾ ਜਾਨੀ ।
ਕੁਝ ਫ਼ਰਕ ਨਾ ਪੈਂਦੜਾ ਮੂਲ ਯਾਰੋ,
ਰਹੇ ਜ਼ੋਰ ਤਬੀਬ ਲਗਾ ਜਾਨੀ ।
ਅਸਲੀ ਮਰਜ਼ ਨਾ ਕੋਈ ਪਛਾਣ ਸੱਕੇ,
ਆਏ ਨਾਮ ਹਕੀਮ ਰਖਾ ਜਾਨੀ ।
ਦੁੱਖ ਹੋਰ ਤੇ ਹੋਰ ਦਵਾ ਕੀਤੀ,
ਮੁੱਖ ਯਾਰ ਦਾ ਅਸਲ ਦਵਾ ਜਾਨੀ ।
ਇਸ਼ਕ ਮੁਸ਼ਕ ਦੋਵੇਂ ਛਿਪੇ ਰਹਿਣ ਨਾਹੀਂ,
ਓੜਕ ਗੱਲ ਗਏ ਯਾਰ ਪਾ ਜਾਨੀ ।। ੪੮੦ ।
ਮਿਰਜ਼ਾ ਰੋਇ ਕੇ ਕਹੇ ਗੁਲਾਮ ਤਾਈਂ,
ਚਲ ਫੇਰ ਮਹਿਬੂਬ ਦਿਖਾ ਜਾਨੀ ।
ਆਖੇ ਸਾਹਿਬਾ ਅੱਜ ਮੌਕੂਫ ਰਖੋ,
ਦਿਉ ਗੱਲ ਨੂੰ ਦਿਲੋਂ ਭੁਲਾ ਜਾਨੀ ।
ਮਤਾਂ ਸਮਝ ਜਾਵੇ ਬਾਪ ਸੋਹਣੀ ਦਾ,
ਬਹੁਤੇ ਫੇਰਿਆਂ ਵਿਚ ਖ਼ਤਾ ਜਾਨੀ ।
ਜੇਕਰ ਸਬਰ ਕਰਸੇਂ ਮਿਲਸੀ ਅਜਰ ਤੈਨੂੰ,
ਨਿਤ ਫ਼ਜ਼ਰ ਨੂੰ ਜਾਣ ਠਰ੍ਹਾ ਜਾਨੀ ।
ਸਾਇਤ ਉਸ ਨੂੰ ਸਾਲ ਮਿਸਾਲ ਆਹੀ,
ਕਿਵੇਂ ਭਲਕ ਤੇ ਕਰੇ ਟਿਕਾ ਜਾਨੀ ।
ਓਸੇ ਹਾਲ ਅੰਦਰ ਇੱਜ਼ਤ ਬੇਗ ਸੰਦੀ,
ਗਈ ਕਹਿਰ ਦੀ ਰਾਤ ਵਿਹਾ ਜਾਨੀ ।
ਹੋਈ ਫਜਰ ਗੁਲਾਮ ਨੂੰ ਨਾਲ ਲਿਆ,
ਗਿਆ ਘਰ ਤੁੱਲੇ ਕਰ ਧਾ ਜਾਨੀ ।

ਤੁੱਲਾ ਵਿਚ ਨਮਾਜ਼ ਗੁਦਾਜ਼ ਆਹਾ,
ਦੋਵੇਂ ਹੋ ਖੱਲੇ ਇਕ ਦਾ ਜਾਨੀ ।
ਜਦੋਂ ਫੇਰ ਦੁਆ ਸਲਾਮ ਮੰਗੀ,
ਕਰਨ ਫੇਰ ਸਲਾਮ ਦੁਆ ਜਾਨੀ ।
ਸੁਬ੍ਹਾ ਵਕਤ ਸੋਹਣੀ ਬਾਹਰ ਨਿਕਲੀ ਸੀ,
ਆਫ਼ਤਾਬ ਦੀ ਜਾ ਬਜਾ ਜਾਨੀ ।
ਪਾਲਾ ਰਾਤ ਵਾਲਾ ਉਸ ਦੂਰ ਕੀਤਾ,
ਸੂਰਜ ਹੁਸਨ ਦੇ ਜ਼ੋਰ ਸ਼ੁਆ ਜਾਨੀ ।
ਗਿਆ ਫੁੱਲ ਕਲੂਬ ਦਾ ਫੁੱਲ ਓਵੇਂ
ਦਿੱਤੀ ਆਸ ਖ਼ੁਦਾਇ ਪੁਜਾ ਜਾਨੀ ।
ਮੁੱਖ ਵੇਖਿਆਂ ਦੁੱਖ ਤੇ ਦਰਦ ਸਾਰੇ,
ਯਕ ਬਾਰ ਸਨ ਗਏ ਸਿਧਾ ਜਾਨੀ ।
ਖ਼ੁਸ਼ੀ ਨਾਲ ਕਹਿਆ ਭਾਂਡੇ ਹੋਰ ਦੇਵੋ,
ਤੁੱਲਾ ਕਰੇ ਹਵਾਲੜੇ ਚਾ ਜਾਨੀ ।
ਕੁਝ ਪਿਆਲੜੇ ਤੇ ਕੁਝ ਬਾਦੀਏ ਵੀ,
ਲੈਂਦੇ ਵੇਖ ਕੇ ਮੁੱਲ ਕਰਾ ਜਾਨੀ ।
ਫਜ਼ਲ ਸ਼ਾਹ ਮਹਿਬੂਬ ਦੀ ਚਾਹ ਕਾਰਨ,
ਨਿੱਤ ਜਾਣ ਦੀ ਫੜੀ ਅਦਾ ਜਾਨੀ ।

## ਭਾਂਡੇ ਵੇਚਣ ਦੀ ਦੁਕਾਨ ਕਰਨੀ ਤੇ ਕੰਗਾਲ ਹੋ ਜਾਣਾ ਇੱਜ਼ਤ ਬੇਗ ਦਾ

ਇਕ ਰੋਜ਼ ਗੁਲਾਮ ਨੂੰ ਸੱਦ ਆਖੇ,
ਮੈਥੋਂ ਭਾਂਡੜੇ ਨਾਂਹ ਸਮਾਨ ਬੇਲੀ ।
ਬਹੁਤ ਨੇਕ ਸਲਾਹ ਗੁਲਾਮ ਦਿਤੀ,
ਕੱਢੀ ਵਿਚ ਗੁਜਰਾਤ ਦੁਕਾਨ ਬੇਲੀ ।
ਭਾਂਡੇ ਜੋੜ ਸਾਰੇ ਪਾਲੋ ਪਾਲ ਰੱਖੇ,
ਕਰਕੇ ਖ਼ੂਬ ਸਫ਼ਾ ਮਕਾਨ ਬੇਲੀ ।
ਖੁਲ੍ਹਾ ਦਸਤ ਖ਼ਰੀਦ ਫ਼ਰੋਖ਼ਤ ਅੰਦਰ,
ਲੱਗੇ ਭਾਂਡੜੇ ਕੁਲ ਵਿਕਾਨ ਬੇਲੀ ।। ੫੦੦ ।।
ਭਾਡੇ ਵੇਚਣੇ ਕੁਲ ਫ਼ਰੇਬ ਆਹਾ,
ਹੈਸੀ ਯਾਰ ਦੀ ਤਰਫ਼ ਧਿਆਨ ਬੇਲੀ ।
ਨਿੱਤ ਏਸ ਬਹਾਨੜੇ ਦੇਖਦਾ ਸੀ,
ਜਿਹੜੇ ਯਾਰ ਲਾਇਆ ਸੀਨੇ ਬਾਨ ਬੇਲੀ ।

ਦੇਖੋ ਇਸ਼ਕ ਦਾ ਵਣਜ ਵਪਾਰ ਯਾਰੋ.
ਮਹਿੰਗੇ ਲਏ ਸਸਤੇ ਦਵੇ ਆਨ ਬੇਲੀ ।
ਏਸ ਘਾਟੜੇ ਨੂੰ ਲਾਹਾ ਜਾਣਦਾ ਸੀ.
ਅਕਲ ਇਸਕ ਦਾ ਵੈਰ ਪਛਾਨ ਬੇਲੀ ।
ਐਸਾ ਘਾਟੜਾ ਜਿਸ ਵਣਜਾਰੜੇ ਨੂੰ.
ਕਿਚਰਕ ਰਹਿਸੀਆ ਵਿਚ ਇਮਾਨ ਬੇਲੀ ।
ਓੜਕ ਦੱਸ ਸਾਰੇ ਕੰਮ ਹੋਇ ਗਏ.
ਕੀਤੇ ਕੰਮ ਕਜ਼ਾ ਖ਼ਿਜ਼ਾਨ ਬੇਲੀ ।
ਪਹਿਰਾ ਜ਼ੁਹਰ ਮੁਰੀਖ਼ ਦਾ ਆਣ ਹੋਇਆ,
ਸੁਟੇ ਮੁਸ਼ਤਰੀ ਤੀਰ ਕਮਾਨ ਬੇਲੀ ।
ਜੋ ਕੁਝ ਭਾਗ ਮਥੇ ਉਤੇ ਲਿਖਿਆ ਸੀ.
ਆਏ ਬੁਰੇ ਨਸੀਬ ਨਦਾਨ ਬੇਲੀ ।
ਜਿੱਥੇ ਕਹਿਰ ਖ਼ੁਦਾਇ ਨਜ਼ੂਲ ਕਰਸੀ.
ਦੱਸ ਕੌਣ ਹੋਵੇ ਮਿਹਰਬਾਨ ਬੇਲੀ ।
ਹੋਏ ਯਾਰ ਤਮਾਮ ਬੇਜ਼ਾਰ ਉਸ ਤੋਂ,
ਚਾਰ ਰੋਜ਼ ਦੇ ਸਨ ਮਹਿਮਾਨ ਬੇਲੀ ।
ਛੱਡ ਗਏ ਪਰਦੇਸ ਇਕੱਲੜੇ ਨੂੰ,
ਆਪੋ ਧਾਪ ਹੋ ਗਏ ਰਵਾਨ ਬੇਲੀ ।
ਨਾ ਉਹ ਊਠ ਨਾ ਮਾਲ ਸੁਦਾਗਰੀ ਦਾ,
ਹੋਈ ਕੁਲ ਮਤਾਅ ਵੈਰਾਨ ਬੇਲੀ ।
ਨਾ ਉਹ ਰਿਹਾ ਗ਼ੁਲਾਮ ਨਾ ਯਾਰ ਜਾਨੀ
ਹੋਇਆ ਹੋਰ ਦਾ ਹੋਰ ਸਾਮਾਨ ਬੇਲੀ ।
ਜਿਹੜੇ ਯਾਰ ਅਤੇ ਗਮਖ਼ਾਰ ਆਹੇ,
ਸੋ ਭੀ ਹੋਇ ਗਏ ਖਾਰਿ ਜਾਨ ਬੇਲੀ ।
ਦੁੱਖ ਦਰਦ ਫ਼ਿਰਾਕ ਨਜ਼ੂਲ ਹੋਏ,
ਪਰੇਸ਼ਾਨ ਹੋਇਆ. ਪਰੇਸ਼ਾਨ ਬੇਲੀ ।
ਅਚਨਚੇਤ ਖ਼ਿਜ਼ਾਂ ਨੇ ਕੰਮ ਕੀਤਾ ।
ਨਾ ਕੁਝ ਸਾਨ ਨਾ ਕੁਝ ਗੁਮਾਨ ਬੇਲੀ ।
ਉੱਕਾ ਖਾਣ ਜੋਗਾ ਪੱਲੇ ਨਾ ਰਹਿਆ,
ਸਭ ਟੁੱਟ ਗਏ ਮਾਣ ਤਾਨ ਬੇਲੀ ।
ਦੋ ਤਿੰਨ ਰੋਜ਼ ਉਧਾਰ ਲਿਆ ਵੇਚੇ.
ਅੰਪਰ ਘਾਟੜੇ ਕੰਮ ਗਵਾਨ ਬੇਲੀ ।

ਲਈ ਮਾਲਕਾਂ ਖੋਹ ਦੁਕਾਨ ਉਸ ਤੋਂ,
ਇੱਜ਼ਤਬੇਗ ਹੋ ਖਲਾ ਹੈਰਾਨ ਬੇਲੀ ।
ਜਰ ਦਾ ਜ਼ੋਰ ਆਹਾ ਸੋਈ ਟੁੱਟ ਗਿਆ,
ਅੱਖਾ ਆਨ ਹੋਇਆ ਆਨ ਜਾਨ ਬੇਲੀ ।। ੫੨੦ ।
ਘਰ ਯਾਰ ਦੇ ਕਿਹੜੇ ਤੌਰ ਜਾਵੇ,
ਦੰਮਾਂ ਬਾਝ ਨ ਕੰਮ ਅਸਾਨ ਬੇਲੀ ।
ਰੱਬਾ ਬਾਝ ਤੇਰੇ ਕਿਸ ਤੇ ਜਾਇ ਕੂਕਾਂ,
ਤੂਹੇਂ ਆਜਜ਼ਾਂ ਦਾ ਨਿਗਹਬਾਨ ਬੇਲੀ ।
ਮੇਰਾ ਹਾਲ ਅਹਿਵਾਲ ਮਲੂਮ ਤੈਨੂੰ,
ਵੈਰੀ ਜਾਨ ਹੋਇਆ ਅਸਮਾਨ ਬੇਲੀ ।
ਮੈਨੂੰ ਸਾਹ ਤੋਂ ਚਾ ਗਦਾਇ ਕੀਤਾ,
ਤੇਰੀਆਂ ਕੁਦਰਤਾਂ ਤੋਂ ਕੁਰਬਾਨ ਬੇਲੀ ।
ਜਿਸ ਵਾਸਤੇ ਮੈਂ ਇਸ ਹਾਲ ਪਹੁੰਚਾ
ਸੋ ਭੀ ਜਾਣਦਾ ਨਹੀਂ ਨਦਾਨ ਬੇਲੀ ।
ਵਿਹਲ ਪਾਇ ਜੇ ਕਦੀ ਬੁਲਾਇਆ ਮੈਂ,
ਮਾਰੇ ਸਾਂਗ ਮੈਨੂੰ ਚਾੜ੍ਹ ਸਾਨ ਬੇਲੀ ।
ਐਸਾ ਕੌਣ ਦਰਦੀ ਦੁਖ ਦਰਦ ਮੇਟੇ,
ਮਾਈ ਬਾਪ ਨੂੰ ਜਾ ਸੁਣਾਨ ਬੇਲੀ ।
ਆਪ ਜਾਣਦਾ ਏਂ ਮੇਰਾ ਹਾਲ ਸਾਈਆਂ,
ਕਿਸ ਵਾਸਤੇ ਕਰਾਂ ਬਿਆਨ ਬੇਲੀ ।
ਆਈਆ ਕੁਲ ਮੁਸੀਬਤਾਂ ਜ਼ੋਰ ਕਰ ਕੇ,
ਕੀਤਾ ਆਨ* ਫਿਰਾਕ ਤੁਫਾਨ ਬੇਲੀ ।
ਮੇਰੇ ਜੇਡ ਨਾ ਹੋਰ ਦੁਖਿਆਰ ਕੋਈ,
ਅੱਲਾਹ ਆਪ ਹੋਇਆ ਕਹਿਰਵਾਨ ਬੇਲੀ ।
ਜੇਕਰ ਵਖਤ ਪਾਵੇ ਸ਼ਾਹਜ਼ਾਦਿਆਂ ਨੂੰ,
ਦਰ ਦਰ ਉਤੇ ਧੱਕੇ ਖਾਨ ਬੇਲੀ ।
ਫ਼ਜ਼ਲ ਸ਼ਾਹ ਮੁਸੀਬਤਾਂ ਪੇਸ ਆਈਆਂ,
ਕੀ ਕਰਾਂ ਬਿਆਨ ਅਯਾਨ ਬੇਲੀ ।

## ਤੁੱਲੇ ਦੇ ਘਰ ਮਿਰਜ਼ੇ ਦਾ ਨੌਕਰ ਰਹਿਣਾ ਅਤੇ ਮਹੀਂਵਾਲ ਸਦਵਾਣਾ

ਇੱਜ਼ਤ ਬੇਗ ਕਮਾਲ ਦਲੀਲ ਸੇਤੀ,
ਗਇਆ ਘਰ ਤੁੱਲੇ ਘੁਮਿਆਰ ਸਾਈਂ ।

ਰੋ ਰੋ ਕੁੱਲ ਮੁਸੀਬਤਾਂ ਜ਼ਾਹਰ ਕਰਦਾ,
ਆਹੀ ਮਾਰ ਕੀਤਾ ਇਜਹਾਰ ਸਾਈ ।

ਜੋ ਕੁਝ ਮਾਲ ਆਹਾ ਚੋਰ ਘਿੰਨ ਗਏ,
ਹੋਇਆ ਆਇ ਕੇ ਬਹੁਤ ਲਾਚਾਰ ਸਾਈਂ ।
ਪੱਲੇ ਦਿਰਮ ਦੀਨਾਰ ਦਾ ਨਾਮ ਨਾਹੀਂ,
ਦੰਮਾਂ ਆਣ ਦਿਤੀ ਐਸੀ ਹਾਰ ਸਾਈਂ ।

ਅੰਪਰ ਦਿਤਿਆਂ ਬਾਝ ਪ੍ਰਤੀਤ ਨਾਹੀਂ,
ਜੋ ਕੁਝ ਤੁੱਧ ਤੋਂ ਲਿਆ ਉਧਾਰ ਸਾਈਂ ।
ਏਸ ਵਾਸਤੇ ਮੈਂ ਦਰਬਾਰ ਆਇਆ,
ਕੋਈ ਦੱਸ ਦਿਉਂ ਮੈਨੂੰ ਕਾਰ ਸਾਈਂ ।
ਵਾਂਗ ਗੋਲਿਆਂ ਹੁਕਮ ਕਬੂਲ ਤੇਰਾ,
ਕਰਸਾਂ ਕਾਰ ਤਮਾਮ ਸਵਾਰ ਸਾਈ
ਇੱਜ਼ਤ ਬੇਗ ਤਾਈਂ ਕਾਮਾ ਰੱਖਣੇ ਦੀ
ਕਰੇ ਜੀਉ ਦੇ ਵਿਚ ਵਿਚਾਰ ਸਾਈਂ ।। ੮੪੦ ।

ਕੂੜਾ ਢੋਣ ਸੰਦੀ ਦੱਸੀ ਕਾਰ ਤੁੱਲੇ,
ਮਿਰਜ਼ਾ ਮੰਨਿਆ ਨਾਲ ਪਿਆਰ ਸਾਈਂ ।
ਏਸ ਬਾਤ ਨੂੰ ਲੱਖ ਅਹਿਸਾਨ ਜਾਤਾ,
ਇੱਜ਼ਤ ਬੇਗ ਨੇ ਵਾਸਤੇ ਯਾਰ ਸਾਈਂ ।
ਸਿਰ ਤੇ ਚਾਈ ਕੂੜਾ ਨਿੱਤ ਢੋਂਵਦਾ ਸੀ,
ਹੋਰ ਖ਼ਿਦਮਤਾਂ ਕਰੇ ਹਜ਼ਾਰ ਸਾਈਂ ।
ਹੁਣ ਕਾਮਿਆਂ ਦਾ ਹੋਇਆ ਆਣ ਕਾਮਾ,
ਦੇਖੋ ਇਸ਼ਕ ਦਾ ਵਣਜ ਵਪਾਰ ਸਾਈਂ ।
ਗੱਲ ਦੱਸਣੇ ਦੀ ਕੋਈ ਜਾ ਨਾਹੀਂ,
ਮਤਾਂ ਜਾਏ ਹੰਕਾਰ ਕਹਾਰ ਸਾਈਂ ।

ਇੱਜਤ ਬੇਗ ਨੇ ਪਾਸ ਦੁਕਾਨ ਤੁੱਲੇ
ਲਾਇ ਦਿਤੇ ਨੇ ਕਈ ਅੰਬਾਰ ਸਾਈ ।
ਤੁੱਲੇ ਸਮਝਿਆ ਹੋਰ ਨਾ ਲੋੜ ਮੈਨੂੰ,
ਅੰਪਰ ਏਹ ਕਾਮਾ ਖ਼ਬਰਦਾਰ ਸਾਈਂ ।

ਐਸਾ ਹੋਰ ਕਾਮਾ ਕਿਤੇ ਹੋਗ ਵਿਰਲਾ.
ਹਰ ਕੰਮ ਵਿਚ ਹੁਸਿਆਰ ਸਾਈਂ ।
ਤੁੱਲੇ ਸੱਦ ਕਿਹਾ ਇਕ ਰੋਜ਼ ਉਸ ਨੂੰ
ਮੀਆਂ ਚਾਇ ਨਾਹੀਂ ਹੁਣ ਭਾਰ ਸਾਈਂ ।
ਇਹ ਲੈ ਨਿੱਤ ਚਰਾ ਲਿਆ ਮੱਝੀਂ.
ਜਿਵੇਂ ਹੋਰ ਲਿਆਂਵਦੇ ਚਾਰ ਸਾਈਂ ।
ਨਿੱਤ ਸਾਂਭ ਕੇ ਮਹੀਂ ਚਰਾ ਲਿਆਵੇ.
ਕਦੇ ਪਾਰ ਜਾਵੇ ਕਦੇ ਆਰ ਸਾਈ ।
ਇੱਜ਼ਤ ਬੇਗ ਕੋਲੋਂ ਮਹੀਂਵਾਲ ਬਣਿਆ.
ਉਸ ਰੋਜ਼ ਥੀਂ ਵਿਚ ਸੰਸਾਰ ਸਾਈਂ ।
ਮਹੀਂਵਾਲ ਸਦਾਇਆ ਖ਼ਲਕ ਅੰਦਰ.
ਕਾਰਨ ਯਾਰ ਦੇ ਇਕ ਦੀਦਾਰ ਸਾਈਂ ।
ਜਿਹੜੇ ਯਾਰ ਦੇ ਪਿਆਰ ਲਚਾਰ ਕੀਤਾ,
ਕਦੀ ਭੁੱਲ ਨਾ ਕੀਤੀ ਗੁਫਤਾਰ ਸਾਈਂ ।
ਐਪਰ ਵੇਖਦਾ ਸੀ ਨਿੱਤ ਯਾਰ ਤਾਈਂ.
ਏਸ ਵਾਸਤੇ ਰਿਹਾ ਕਰਾਰ ਸਾਈਂ ।
ਇਕ ਰੋਜ਼ ਇਕੱਲੜੀ ਵੇਖ ਸੋਹਣੀ.
ਮਹੀਂਵਾਲ ਰੁੰਨਾ ਜ਼ਾਰੋ ਜਾਰ ਸਾਈਂ ।
ਜੋ ਕੁਝ ਵਰਤਿਆ ਸੀ ਅਲਫ਼ੋਂ ਯੇ ਤੀਕਰ.
ਕੀਤਾ ਯਾਰ ਦੇ ਗੋਸ਼ ਗੁਜ਼ਾਰ ਸਾਈਂ ।

ਤੇਰਾ ਨੌਕਰਾਂ ਵਲ ਧਿਆਨ ਨਾਹੀ
ਮੇਰੇ ਸੋਹਣਿਆ ਦੇ ਸਰਦਾਰ ਸਾਈਂ
ਤੁੱਧ ਕਾਰਨੇ ਮੈਂ ਮਹੀਵਾਲ ਬਣਿਆ.
ਵਾਲੀ ਹੋ ਕੇ ਬਲਖ਼ ਬੁਖ਼ਾਰ ਸਾਈਂ ।। ੮੬੦ ।

ਕਈ ਸਾਲ ਹੋਏ ਇਸੇ ਹਾਲ ਅੰਦਰ.
ਤੈਨੂੰ ਅਜੇ ਨਾ ਖ਼ਿਆਲ ਵਿਚਾਰ ਸਾਈਂ ।
ਵਾਹ ਬੇਪਰਵਾਹੀਆ ਤੇਰੀਆਂ ਓ.
ਕਦੇ ਨਾਂਹ ਹੋਇਓਂ ਗਮਖ਼ਾਰ ਸਾਈ ।
ਦੇਈਂ ਨਾਮ ਖ਼ੁਦਾ ਦਵਾ ਮੈਨੂੰ.
ਡਿੱਗਾ ਆਣ ਤੇਰੇ ਦਰਬਾਰ ਸਾਈਂ ।

ਇਕੇ ਪਿਆਰਿਆ ਦੇਹ ਮੁਰਾਦ ਮੇਰੀ.
ਇਕੇ ਮਾਰ ਮੈਨੂੰ ਤਲਵਾਰ ਸਾਈਂ ।।
ਸੋਹਣੀ ਕੋਲ ਖਲੋਇ ਕੇ ਸੁਣੀ ਸਾਰੀ.
ਮਹੀਂਵਾਲ ਦੀ ਜ਼ਾਰ ਪੁਕਾਰ ਸਾਈਂ ।
ਅੱਖੀ ਪਰਤ ਨਾ ਵੇਖਿਆ ਮੂਲ ਸੋਹਣੀ.
ਸ਼ਰਮਸਾਰ ਰਹੀ. ਸਰਮਸਾਰ ਸਾਈ ।
ਨਾ ਕੁਝ ਗੱਲ ਕੀਤੀ ਮੂੰਹੋਂ ਸੋਹਣੀ ਨੇ.
ਅੰਪਰ ਇਸ਼ਕ ਲਈ ਵਿਚੋਂ ਮਾਰ ਸਾਈਂ ।
ਯਾਰੋ ਗੱਲ ਕਹੀ ਇਕ ਸਾਗ ਆਹੀ.
ਗਈ ਭਾਲ ਕਲੇਜਿਓਂ ਪਾਰ ਸਾਈਂ ।
ਹੋਈ ਪਕੜ ਕਲੇਜੜੇ ਤੁਰਤ ਉਸ ਨੂੰ.
ਆਹੀ ਆਣ ਕੀਤਾ ਧੁੰਧੂਕਾਰ ਸਾਈ ।
ਓਸ ਆਹ ਵਾਲੀ ਧੁੰਧੂਕਾਰ ਵਿਚੋਂ.
ਪਿਆ ਇਸ਼ਕ ਦਾ ਨਜਰ ਬਜਾਰ ਸਾਈ ।
ਮਹੀਵਾਲ ਸੰਦੇ ਕੁਛ ਦੁੱਖ ਵੰਡੇ.
ਆਹੇ ਦੁੱਖ ਜੋ ਬਾਝ ਸ਼ੁਮਾਰ ਸਾਈਂ ।
ਨਿੱਤ ਨਾਲ ਮਹੀਂਵਾਲ ਦੇ ਕਰੇ ਗੱਲਾ.
ਸੋਹਣੀ ਸ਼ਰਮ ਹਯਾ ਉਤਾਰ ਸਾਈਂ ।
ਉਥੇ ਸਰਮ ਹਯਾ ਦੀ ਜਾ ਨਾਹੀਂ.
ਜਿਥੇ ਅੱਖੀਆ ਹੋ ਗਈਆਂ ਚਾਰ ਸਾਈਂ ।
ਫ਼ਜ਼ਲ ਸ਼ਾਹ ਕਿੰਨੇ ਗਾਟੇ ਭੰਨ ਬੈਠੇ.
ਜਿਨ੍ਹਾ ਚੁੱਕਿਆ ਇਸ਼ਕ ਦਾ ਭਾਰ ਸਾਈਂ ।

## ਸੋਹਣੀ ਤੇ ਮਹੀਂਵਾਲ ਦੇ ਇਸ਼ਕ ਦੀ ਆਮ ਚਰਚਾ

ਥੋੜ੍ਹੇ ਦਿਨ ਅੰਦਰ ਇਤਨਾ ਇਸ਼ਕ ਵਧਿਆ.
ਰਹੀ ਹੱਦ ਹਦੂਦ ਨਾ ਕਾ ਮੀਆ ।
ਮਾਈ ਬਾਪ ਸੰਦੀ ਲੱਜ ਲਾਹ ਸੁੱਟੀ,
ਸੋਹਣੀ ਸ਼ਰਮ ਹਯਾ ਵੰਜਾ ਮੀਆਂ ।
ਜਿਥੇ ਇਸ਼ਕ ਆਇਆ ਓਥੇ ਸ਼ਰਮ ਕੇਹੀ.
ਇਸ਼ਕ ਛੱਡਦਾ ਨਹੀਂ ਹਯਾ ਮੀਆਂ ।
ਮਹੀਂਵਾਲ ਦੇ ਨਾਲ ਖ਼ਿਆਲ ਪਾਇਆ.
ਦਿਤਾ ਦਿਲ ਤੋਂ ਖ਼ੌਫ ਉਠਾ ਮੀਆਂ ।

ਸੋਹਣੀ ਯਾਰ ਪਿਛੇ ਕਮਲੀ ਹੋਇ ਰਹੀ,
ਵਾਂਗ ਵਹਿਸ਼ੀਆਂ ਹੋਸ਼ ਭੁਲਾ ਮੀਆਂ ।
ਦੋਵੇਂ ਇਸ਼ਕ ਦੇ ਵਿਚ ਗੁਦਾਜ਼ ਹੋਏ.
ਸੱਚਾ ਇਸ਼ਕ ਜੇ ਨੂਰ ਖ਼ੁਦਾ ਮੀਆਂ ।। ੫੮੦ ।

ਬਾਝ ਡਿੱਠਿਆਂ ਨਾ ਆਰਾਮ ਆਵੇ,
ਦੋਹਾ ਬੇਲੀਆਂ ਨੂੰ ਚੈਨ ਚਾ ਮੀਆਂ ।
ਜ਼ਾਹਰ ਦੋ ਦਿੱਸਣ ਬਾਤਨ ਜਾਨ ਇਕੋ.
ਐਸਾ ਪਿਆਰ ਪਾਇਆ ਨਿਹੁ ਲਾ ਮੀਆਂ ।

ਇਕ ਜਾਨ ਤੇ ਦੁੱਖ ਹਜ਼ਾਰ ਯਾਰੋ,
ਜਿਵੇਂ ਰੱਬ ਦੀ ਖ਼ਾਸ ਰਜ਼ਾ ਮੀਆਂ ।
ਕੁਝ ਵੱਸ ਨਾ ਚਲਦਾ ਸੋਹਣੀ ਦਾ,
ਮਹੀਂ ਚਾਰਨੋਂ ਦੇ ਹਟਾ ਮੀਆਂ ।

ਜਦੋਂ ਬਾਹਰ ਜਾਵੇ ਸੋਹਣੀ ਦੇਖਦੀ ਸੀ,
ਮਹੀਂ ਚਾਰਨੇ ਨੂੰ ਜਿਹੜੇ ਦਾ ਮੀਆਂ ।
ਨਾਲ ਖ਼ੈਰ ਆਵੇ ਮਹੀਂਵਾਲ ਮੇਰਾ,
ਮੂੰਹੋਂ ਮੰਗਦੀ ਰਹੇ ਦੁਆ ਮੀਆਂ ।
ਮਹੀਂਵਾਲ ਦੇ ਨਾਮ ਦਾ ਵਿਰਦ ਰੱਖੇ,
ਦਿਨ ਰਾਤ ਨ ਕਰੇ ਖ਼ਤਾ ਮੀਆਂ ।
ਸੁੰਵੇ ਲੋਕ ਜੋ ਸ਼ਹਿਰ ਗੁਜਰਾਤ ਵਾਲੇ,
ਸੁੱਤੀ ਕਲਾ ਨੂੰ ਦੇਣ ਜਗਾ ਮੀਆਂ ।
ਚੁਗ਼ਲ ਖ਼ੋਰ ਗ਼ੱਮਾਜ਼ ਜੋ ਆਸ਼ਕਾਂ ਦੇ,
ਨਜ਼ਰਬਾਜ਼ ਆਏ ਕਰ ਧਾ ਮੀਆਂ ।
ਬੇਲੀ ਚਾਇ ਵਿਛੋੜਦੇ ਬੇਲੀਆਂ ਤੋਂ,
ਮਿਲੇ ਦਿਲਾਂ ਨੂੰ ਕਰਨ ਜੁਦਾ ਮੀਆਂ ।
ਟੁਰੀ ਵਿਚ ਗੁਜਰਾਤ ਵਿਚਾਰ ਯਾਰੋ,
ਦਿਤੀ ਦੂਤੀਆਂ ਗੱਲ ਹਿਲਾ ਮੀਆਂ
ਇਹ ਤਾਂ ਸੱਚ ਆਹਾ ਕੁਝ ਝੂਠ ਨਾਹੀਂ,
ਸੱਚ ਝੂਠ ਥੀਂ ਦੇਣ ਬਣਾ ਮੀਆ ।
ਖ਼ੁਆਰੀ ਸ਼ੁਹਰਤ ਕੁਝ ਝੂਠ ਨਾਹੀ.

ਸੱਚ ਝੂਠ ਥੀਂ ਦੇਣ ਬਣਾ ਮੀਆਂ ।
ਖ਼ੁਆਰੀ ਸ਼ੁਹਰਤ ਜੱਗ ਜਹਾਨ ਵਾਲੀ,
ਲਿਖੀ ਆਸ਼ਕਾਂ ਦੇ ਧੁਰੋਂ ਭਾ ਮੀਆਂ ।
ਗਲੀਆਂ ਵਿਚ ਬਜ਼ਾਰ ਤੇ ਹੋਰ ਸਾਰੇ,
ਦਿਤੀ ਦੂਤੀਆਂ ਗੱਲ ਪੁਚਾ ਮੀਆਂ ।
ਓਥੇ ਜਾਹ ਨਾ ਰਹੀ ਸਮੇਟਣੇ ਦੀ,
ਕੀਤਾ ਗੱਲ ਨੇ ਬਹੁਤ ਖਿੰਡਾ ਮੀਆਂ ।
ਫ਼ਜ਼ਲ ਸ਼ਾਹ ਇਹ ਚੰਨ ਤੇ ਇਸ਼ਕ ਅੰਬਰ,
ਕਿਹੜਾ ਕੱਜ ਕੇ ਦੇ ਛੁਪਾ ਮੀਆਂ ।

## ਸੋਹਣੀ ਦਾ ਸਹੇਲੀ ਨਾਲ ਸਲਾਹ ਮਸ਼ਵਰਾ ਕਰਨਾ

ਇਕ ਖ਼ਾਸ ਸਹੇਲੜੀ ਸੋਹਣੀ ਦੀ,
ਮਹਿਰਮ ਰਾਜ਼ ਸੀ ਨਾਲ ਵਫ਼ਾ ਵਾਰੀ ।
ਸੁਣ ਕੇ ਗੱਲ ਕਿਤੋਂ ਆਈ ਦੌੜ ਓਵੇਂ,
ਲਈ ਸੋਹਣੀ ਪਾਸ ਬੁਲਾ ਵਾਰੀ ।
ਆਖੇ ਗੱਲ ਤੇਰੀ ਜ਼ਾਹਿਰ ਹੋ ਗਈ,
ਜਿਹੜੀ ਗੱਲ ਦਾ ਕਰੇ ਲੁਕਾ ਵਾਰੀ ।
ਸੋਹਣੀ ਆਖਿਆ ਦੱਸ ਇਲਾਜ ਕੋਈ,
ਤੂੰ ਹੈ ਅਕਲ ਦੇ ਵਿਚ ਦਾਨਾ ਵਾਰੀ ।। ੬੦੦ ।
ਜੇਕਰ ਮਾਂ ਤੇ ਬਾਪ ਨੂੰ ਖ਼ਬਰ ਹੋਸੀ,
ਦੇਸਣ ਮੁਝ ਨੂੰ ਮਾਰ ਮੁਕਾ ਵਾਰੀ ।
ਮਹੀਂਵਾਲ ਨੂੰ ਚਾ ਜਵਾਬ ਦੇਸਣ,
ਤਾਂ ਭੀ ਮਰ ਵੈਸਾਂ ਜ਼ਹਿਰ ਖਾ ਵਾਰੀ ।
ਆਖ ਸੋਹਣੀਏਂ ! ਇਸ਼ਕ ਮਿਸਾਲ ਆਤਸ਼,
ਕੱਖੀਂ ਭਾਹ ਨਾ ਕਰੇ ਛੁਪਾ ਵਾਰੀ ।
ਦੂਜੀ ਗੱਲ ਮਸ਼ਹੂਰ ਹੋ ਗਈ ਤੇਰੀ,
ਏਥੇ ਅਕਲ ਸੰਦੀ ਨਹੀਂ ਜਾ ਵਾਰੀ ।
ਜੇਕਰ ਰੱਬ ਸੱਜਣ ਦੂਤੀ ਜਗ ਸਾਰਾ,
ਕੁਝ ਖ਼ੌਫ਼ ਨਾ ਜੀਉ ਤੇ ਲਿਆ ਵਾਰੀ ।
ਜਿਨ੍ਹਾਂ ਦੁੱਖ ਡਿੱਠੇ ਤਿਨ੍ਹਾਂ ਸੁੱਖ ਪਾਏ,
ਦੁੱਖੋਂ ਸੁੱਖ ਦਿੰਦਾ ਰੱਬ ਚਾ ਵਾਰੀ ।
ਤੰਗੀ ਬਾਦ ਫ਼ਰਹਤ, ਫ਼ਰਹਤ ਬਾਦ ਤੰਗੀ,

ਦਿੱਤਾ ਆਪ ਖ਼ੁਦਾਇ ਫ਼ਰਮਾ ਵਾਰੀ ।
ਸਾਬਤ ਰੱਖ ਯਕੀਨ ਮੁਤੀਨ ਕਰਕੇ,
ਮੁੱਖ ਯਾਰ ਤੋਂ ਨਾਂਹ ਭਵਾ ਵਾਰੀ ।
ਦਿਲੋਂ ਡੋਲ ਨਾ ਮੂਲ ਮੈਂ ਘੋਲ ਘੱਤੀ,
ਨਾਲ ਸਬਰ ਦੇ ਕੰਮ ਰਵਾ ਵਾਰੀ ।
ਜਿਗ ਦਾ ਨਾਮ ਗ਼ਫ਼ੂਰ ਰਹੀਮ ਸਾਈਂ,
ਲੈਸੀ ਫਜ਼ਲ ਤੋਂ ਆਸ ਪੁਗਾ ਵਾਰੀ ।

## ਸੋਹਣੀ ਦੀ ਮਾਂ ਨੇ ਬੁਲਾ ਕੇ ਗੱਲ ਪੁਛਣੀ

ਓੜਕ ਘਰੀਂ ਗਈ ਪਿਆਰੀ ਸੋਹਣੀ ਦੇ,
ਓਸੇ ਤੌਰ ਦੇ ਸੁਖ਼ਨ ਅਲਾ ਮੀਆਂ ।
ਗੱਲ ਸੋਹਣੀ ਦੀ ਉਸ ਦੀ ਮਾਂ ਤਾਈਂ,
ਦਿੱਤੀ ਕਿਸੇ ਹਸੂਦ ਸੁਣਾ ਮੀਆਂ ।
ਕੋਈ ਘੱਲ ਸ਼ਿਤਾਬ ਭੰਡਾਰ ਵਿਚੋਂ,
ਲਈ ਮਾਂ ਨੇ ਧੀ ਸਦਾ ਮੀਆਂ ।
ਲੱਗੀ ਕਰਨ ਨਸੀਹਤਾਂ ਹੋ ਗੁੱਸੇ,
ਫਜ਼ਲ ਸੋਹਣੀ ਪਾਸ ਬਹਾ ਮੀਆਂ ।

## ਮਾਂ ਨੇ ਸੋਹਣੀ ਨੂੰ ਨਸੀਹਤ ਕਰਨੀ

ਮੂੰਹੋਂ ਆਖਦੀ, ਤੱਤੀਏ ਸੋਹਣੀਏ ਨੀ,
ਅਸਾਂ ਤੱਤੀਆਂ ਨੂੰ ਦਿਤੋ ਤਾ ਧੀਆ ।
ਏਸੇ ਵਾਸਤੇ ਪਾਲੀਓਂ ਪੋਸੀਓਂ ਤੂੰ,
ਇੱਜ਼ਤ ਬਾਪ ਦੀ ਦਏਂ ਗਵਾ ਧੀਆ ।
ਨੀ ਤੂੰ ਲੱਜ ਅਸਾਡੜੀ ਲਾਹ ਸੁੱਟੀ,
ਚੰਗਾ ਕੀਤੋ ਈ ਹੱਕ ਅਦਾ ਧੀਆ ।
ਹੁਣ ਵਕਤ ਨਾ ਆਂਵਦਾ ਹੱਥ ਮੇਰੇ,
ਦੇਂਦੀ ਜੰਮਦਿਆਂ ਜ਼ਹਿਰ ਪਿਲਾ ਧੀਆ ।
ਕਿਧਰ ਸੋਹਣੀਏ ! ਗਿਆ ਹਯਾਉ ਤੇਰਾ,
ਵਾਰੀ ਅੱਖੀਆਂ ਨੂੰ ਸਮਝਾ ਧੀਆ ।
ਫਿਰੇ ਵੱਤਦੀ, ਕੱਤਦੀ ਮੂਲ ਨਾਹੀਂ,
ਖੜੀ ਰਹੇ ਮਹੱਲ ਤੇ ਜਾ ਧੀਆ ।। ੬੩੦ ।।
ਸਮਝ ਜਾਹ ਜੇ ਜ਼ਿੰਦਗੀ ਲੋੜਨੀ ਏਂ,

ਜਲੇ ਦਿਲਾਂ ਨੂੰ ਨਾ ਜਲਾ ਧੀਆ ।
ਸ਼ਾਲਾ ਮੌਤ ਆਵੀ, ਕੀ ਕੁਝ ਸਮਝ ਕੀਤੋ,
ਇਸ਼ਕ ਕਾਮਿਆਂ ਨਾਲ ਰਵਾ ਧੀਆ ।
ਸ਼ਾਲਾ ਮਰੇਂ ਤੂੰ ਡਾਰੀਏ ਕਵਾਰੀਏ ਨੀ,
ਹੋ ਜਾ ਦੂਰ, ਨਾ ਪਈ ਖਪਾ ਧੀਆ ।
ਫਜ਼ਲ ਮਾਂ ਆਖੇ ਤੈਥੋਂ ਬਹੁਤ ਹੋਈ,
ਅਸੀਂ ਰੱਜ ਰਹੇ ਜਣ ਜਾ ਧੀਆ ।

## ਕਵੀ ਵਾਕ

ਮੰਤਰ ਲੱਖ ਕਰੋੜ ਨਸੀਹਤਾਂ ਦੇ,
ਰਹੀ ਮਾਂ ਗ਼ਰੀਬ ਚਲਾ ਮੀਆਂ ।
ਕੋਲ ਬੈਠ ਸੁਣੀਆਂ ਸੋਹਣੀ ਸਭ ਗੱਲਾਂ,
ਕੀਤੀ ਮੂਲ ਨਾ ਚੂੰ ਚਰਾ ਮੀਆਂ ।
ਐਪਰ ਇਸ਼ਕ ਰਚਿਆ ਲੂੰ ਲੂੰ ਸੋਹਣੀ ਦੇ,
ਜਾਤਾ ਯਾਰ ਨੂੰ ਇਕ ਖ਼ੁਦਾ ਮੀਆਂ ।
ਜਿਸ ਤੋਂ ਜਾਨ ਈਮਾਨ ਕੁਰਬਾਨ ਕੀਤਾ,
ਕਿਹਾ ਓਸ ਥੀਂ ਫੇਰ ਫਿਰਾ ਮੀਆਂ ।
ਇਸ਼ਕ ਨੰਗ ਨਾਮੂਸ ਨੂੰ ਜਾਣਦਾ ਕੀ,
ਇਸ਼ਕ ਤੋੜਦਾ ਸ਼ਰਮ ਹਯਾ ਮੀਆਂ ।
ਫ਼ਜ਼ਲ ਸ਼ਾਹ ਜੋ ਇਸ਼ਕ ਖ਼ੁਆਰ ਹੋਏ,
ਹੱਥੋਂ ਹੋਂਵਦਾ ਦੂਣ ਸਵਾ ਮੀਆਂ ।

## ਸੋਹਣੀ ਦਾ ਆਪਣੀ ਮਾਂ ਨੂੰ ਜੁਆਬ ਦੇਣਾ

ਓੜਕ ਮਾਂ ਨੂੰ ਆਖਿਆ ਸੋਹਣੀ ਨੇ,
ਜ਼ੁੰਮੇ ਮੁਝ ਨਾ ਕੁਝ ਖ਼ਤਾ ਮਾਏ ।
ਇਸ਼ਕ ਇਸ਼ਕ ਦੱਸੇਂ ਬਾਰ ਬਾਰ ਮੈਨੂੰ,
ਤੇਰੇ ਇਸ਼ਕ ਦੀ ਖ਼ਬਰ ਨਾ ਕਾ ਮਾਏ ।
ਬੇਤਕਸੀਰ ਤਾਈਂ ਬੁਰਾ ਬੋਲਨੀਂ ਏਂ,
ਨਾਲੇ ਦੇਨੀ ਹੈਂ ਬੁਰੀ ਦੁਆ ਮਾਏ ।
ਪਿਆਰੀ ਧੀ ਨੂੰ ਚੋਰੀਆਂ ਲਾਵਨੀ ਏਂ,
ਭਾਵੇਂ ਹੋਰ ਨੇ ਲਿਆ ਚੁਰਾ ਮਾਏ ।

ਕੀ ਕੁਛ ਰੰਗ ਆਹਾ ? ਕਿਤਨੇ ਕੱਦ ਹੈਸੀ ?
ਕਿਸ ਦੇ ਵਿਚ ਤੂੰ ਰੱਖਿਆ ਪਾ ਮਾਏ ।
ਸ਼ਾਲਾ ਹੱਥ ਸੜੇ ਉਹ ਜੋ ਇਸ਼ਕ ਤੇਰਾ,
ਜੇ ਮੈਂ ਖੋਲ੍ਹ ਡਿੱਠਾ, ਹੱਥ ਲਾ ਮਾਏ ।
ਯਾ ਉਹ ਖਾਣ ਵਾਲੀ ਤੇਰੀ ਚੀਜ਼ ਆਹੀ,
ਯਾ ਉਹ ਵਰਤਣੇ ਦੇ ਵਿਚ ਆ ਮਾਏ ।
ਨਾਲ ਕਾਮਿਆਂ ਦੇ ਕੀਕਰ ਲਾਇਆ ਮੈਂ,
ਇਹ ਵੀ ਖੋਲ੍ਹ ਕੇ ਹਾਲ ਸੁਣਾ ਮਾਏ ।
ਮੈਨੂੰ ਅੰਬੜੀਏ ਕੀ ਪਰਵਾਹ ਹੈ ਸੀ,
ਕਰਦੀ ਐਡ ਲੁਕਾ ਛਿਪਾ ਮਾਏ ।
ਲੈਂਦੀ ਰੂਬਰੂ ਜੇ ਮੈਨੂੰ ਲੋੜ ਹੁੰਦੀ,
ਨਾ ਸੀ ਤੁਧ ਥੀਂ ਕੁਝ ਲੁਕਾ ਮਾਏ ।। ੬੪੦ ।।
ਤੂੰ ਬੇਉਜਾਰਿਆਂ ਨੂੰ ਝੂਠੇ ਉਜਰ ਦੇਵੇਂ,
ਉੱਚੀ ਬੋਲੀਓਂ ਧੁੰਮ ਤੂੰ ਪਾ ਮਾਏ ।
ਵੇਦਨ ਆਪਣੇ ਜੀਉ ਦੀ ਦੱਸ ਮੈਨੂੰ,
ਭਾਵੇਂ ਬੈਠੀ ਹੈਂ ਕੁਝ ਤੂੰ ਖਾ ਮਾਏ ।
ਅੱਗੇ ਇੰਜ ਤੂੰ ਕਦੇ ਨਾ ਮੂਲ ਕੀਤਾ,
ਜਿਵੇਂ ਅੱਜ ਕੀਤੀ ਮੇਰੇ ਭਾ ਮਾਏ ।
ਜੇਕਰ ਮਰਜ਼ ਸ਼ੁਦਾ ਦਾ ਅਸਰ ਹੋਇਆ,
ਫ਼ਜ਼ਲ ਸ਼ਾਹ ਨੂੰ ਨਬਜ਼ ਦਿਖਾ ਮਾਏ ।

### ਮਾਂ ਦਾ ਸੋਹਣੀ ਨੂੰ ਗੁੱਸੇ ਹੋਣਾ

ਮਰੇਂ ਸੋਹਣੀਏ ਨੀ ! ਛਲੇਂ ਮਾਉਂ ਤਾਈਂ,
ਐਡੇ ਮਕਰ ਫ਼ਰੇਬ ਬਣਾ ਧੀਆ ।
ਕਿਹੜੀ ਗੱਲ ਉਤੇ ਤੈਨੂੰ ਮੱਤ ਦਿਤੀ,
• ਕਿਹੜੀ ਗੱਲ ਨੂੰ ਪਕੜੀਓਂ ਜਾ ਧੀਆ ।
ਆਲੀ ਭੋਲੜੀ ਕੁਝ ਨਾ ਜਾਣਦੀ ਹੈਂ,
ਤੈਥੀਂ ਗੱਲ ਦਾ ਵੱਲ ਨਾ ਆ ਧੀਆ
ਯਾਰੀ ਲਾਈਓਂ ਈਂ ਨਾਲ ਕਾਮਿਆਂ ਦੇ
ਵੇਖਾਂ ਕੀ ਹੋਸੀ ਤੇਰੇ ਭਾ ਧੀਆ ।
*ਚਾਦਰ ਸਤਰ ਹਯਾ ਦੀ ਚਾਕ ਕਰ ਕੇ,
ਪਿੱਛੇ ਚਾਕ ਫਿਰੇ ਮਥਤਲਾ ਧੀਆ ।

ਜਾਗ. ਫ਼ਜ਼ਲ ਥੀਂ ਕਹਿਰ ਨਜ਼ੂਲ ਹੋਸੀ.
ਸੁਣ ਕੇ ਦੇਸੀਆ ਬਾਪ ਮੁਕਾ ਧੀਆ ।

## ਜੁਆਬ ਸੋਹਣੀ

ਤੋਬਾ ਆਖ ਅੰਮਾ ਝੂਠ ਬੋਲ ਨਾਹੀ.
ਏਸ ਗੱਲ ਨੂੰ ਖਾਸ ਨਿਤਾਰ ਮਾਏ ।
ਜੇਕਰ ਕੁਝ ਮੇਰੇ ਵਿਚ ਐਬ ਦੇਖੇਂ.
ਖਿੱਚ ਮਾਰ ਮੈਨੂੰ ਤਲਵਾਰ ਮਾਏ ।
ਕੁਝ ਖ਼ੌਫ ਖ਼ੁਦਾਇ ਨਾ ਮੂਲ ਤੈਨੂੰ.
ਧੀਆਂ ਕਵਾਰੀਆਂ ਨੂੰ ਦੱਸ ਯਾਰ ਮਾਏ ।
ਕਿਤੇ ਅੱਖੀਆ ਪਰਤ ਨਾ ਵੇਖਿਆ ਮੈਂ.
ਸਰਮਸਾਰ ਰਹੀ. ਸਰਮਸਾਰ ਮਾਏ ।
ਦੇਵੇ ਦੋਸ਼ ਪਈ ਬੇਦੋਸ਼ ਤਾਈ.
ਭਲਾ ਗ਼ੈਬ ਦੇ ਬਾਜ ਨਾ ਮਾਰ ਮਾਏ ।
ਫਜਲ ਸਾਹ ਤੋਂ ਪੁੱਛ ਅਹਿਵਾਲ ਮੇਰਾ.
ਜੇਕਰ ਨਹੀਂ ਤੈਨੂੰ ਇਤਬਾਰ ਮਾਏ ।

## ਜੁਆਬ ਮਾਂ

ਤੇਰੀ ਗੱਲ ਤਮਾਮ ਮੈਂ ਜਾਣਨੀ ਹਾ.
ਗੱਲਾਂ ਨਾਲ ਨਾ ਪਈ ਵਸਾਹ ਧੀਆ ।
ਹੈਸਿਆਰੀਏ. ਕੁਆਰੀਏ. ਡਾਰੀਏ ਨੀ !
ਧੀਆ ਬੇਟੀਆਂ ਦੇ ਕਰੀਂ ਰਾਹ ਧੀਆ ।
ਪਈ ਮੁਖ ਸਵਾਰ ਕੇ ਕਰੇ ਗੱਲਾਂ.
ਮੈਥੋਂ ਐਸੀਆਂ ਸਿੱਖ ਕੇ ਜਾਹ ਧੀਆ ।
ਭੱਠ ਪਿਆ ਤੇਰਾ ਨਿਜ ਜੰਮਣਾ ਨੀ,
ਪੱਤ ਸਟੀਓ ਈ ਸਾਡੀ ਲਾਹ ਧੀਆਂ ।। ੬੬੦ ।।
ਨੀ ਤੂੰ ਖ਼ਾਵੰਦ ਚਾਹਿਆ ਲੋੜਨੀ ਹੈ.
ਅੱਜ ਕਲ੍ਹ ਕਰਸਾਂ ਤੇਰਾ ਵਿਆਹ ਧੀਆ ।
ਫ਼ਜ਼ਲ ਸ਼ਾਹ ਦੀ ਕਸਮ. ਨਾ ਝੂਠ ਮੂਲੋ.
ਮੈਨੂੰ ਸੋਹਣੀਏ ਲਾਇਆ ਈ ਦਾਹ ਧੀਆ ।

## ਜੁਆਬ ਸੋਹਣੀ

ਸੋਹਣੀ ਰੋ ਕਿਹਾ ਹੇ ਜ਼ਾਲਮੇ ਨੀ !
ਮੈਨੂੰ ਸਾੜ ਨਾਹੀਂ ਮੰਦੇ ਹਾਲ ਮਾਏ ।
ਐਸੀ ਗੱਲ ਨਾ ਆਖਣੋਂ ਸੰਗਨੀ ਹੈਂ,
ਬੋਲ ਬੋਲ ਤੂੰ ਮੁਖ ਸੰਭਾਲ ਮਾਏ ।
ਜੋ ਕੁਛ ਨਹੀਂ ਕਰਨੀ, ਕਿਸੇ ਨਾ ਕੀਤੀ,
ਅੱਜ ਕਰ ਲੈ ਤੂੰ ਮੇਰੇ ਨਾਲ ਮਾਏ ।
ਕੁਝ ਖਾ ਮਰਸਾਂ ਤੇਰੀਆ ਬੋਲੀਆਂ ਤੋਂ,
ਹੋਰ ਜਾਲ ਮਾਏ, ਹੋਰ ਜਾਲ ਮਾਏ ।
ਹੁਣ ਦੇਹ ਨਖ਼ਸਮੜੀ ਖਸਮ ਮੈਨੂੰ,
ਪਹਿਲੇ ਦਸਿਓ ਈ ਮਹੀਂਵਾਲ ਮਾਏ ।
ਕਿਵੇ ਨਿੱਘਰ ਜ਼ਮੀਨ ਨ ਮੂਲ ਗਈ ਏ,
ਨਾ ਇਹ ਭੂਠ ਸੰਦੀ ਅੱਗ ਬਾਲ ਮਾਏ ।
ਇਹਨਾ ਬੋਲੀਆ ਤੇ ਮਰ ਜਾਣ ਚੰਗਾ,
ਮੇਰਾ ਆਣ ਪੁੱਜਾ ਹੁਣ ਕਾਲ ਮਾਏ ।
ਫਜਲ ਸਾਹ ਸੋਹਣੀ ਯਾਰ ਨਾਲ ਮੱਤੀ,
ਮਹੀਂਵਾਲ ਕੂਕੇ ਵਾਲ ਵਾਲ ਮਾਏ ।

## ਕਲਾਮ ਮਾਂ

ਤੇਰਾ ਹਾਲ ਅਹਿਵਾਲ ਮਲੂਮ ਮੈਨੂੰ,
ਬਸ ਰੋਹ ਦੇ ਵਿਚ ਨਾ ਆ ਧੀਆ ।
ਜੇਕਰ ਮੌਤ ਆਵੇ ਤੇਰੀ ਜਹੀਆਂ ਨੂੰ,
ਮਾਪੇ ਲਿਆਉਂਦੇ ਸ਼ੁਕਰ ਬਜਾ ਧੀਆ ।
ਇਹ ਭੀ ਮਕਰ ਫ਼ਰੇਬ ਕਮਾਲ ਤੇਰਾ,
ਜਿਹੜਾ ਰੋਣ ਉਤੇ ਪਾਇਓ ਤਾ ਧੀਆ ।
ਤੁਧ ਜੇਹੀਆਂ ਨ ਡਰਨ ਬਲਾਈਆਂ ਤੋਂ,
ਰਾਤੀਂ ਚੀਰ ਵੰਜਨ ਦਰਿਆ ਧੀਆ ।
ਐਵੇ ਜਾਣਨੀ ਹੈਂ ਮੈਂ ਭੀ ਮਾਂ ਤੇਰੀ,
ਮੈਨੂੰ ਨੈਣ ਨ ਪਈ ਦਿਖਾ ਧੀਆ ।
ਰਾਤੀ ਬਾਪ ਤੇਰੇ ਤਾਈਂ ਖ਼ਬਰ ਕਰਸਾਂ,
ਜਿੰਦੋਂ ਦੇਸੀਆ ਤੁਧ ਵੰਜਾ ਧੀਆ ।

ਤੈਨੂੰ ਜਾਣਦੀ ਹਾਂ ਕਾਰੇ ਹੱਥੀਏ ਨੀ !
ਗੱਲਾਂ ਨਾਲ ਨਾ ਪਈ ਠਗਾ ਧੀਆ ।
*ਮਹੀਂਵਾਲ ਨੂੰ ਚਾ ਜਵਾਬ ਦੇਸਾਂ.
ਜਦੋਂ ਲਿਆਵਸੀ ਮਹੀਂ ਚਰਾ ਧੀਆ ।
ਅੰਗ ਸਾਕ ਕਬੀਲੜਾ ਕੀ ਸਾਡਾ.
ਕਿਹੜੇ ਦੇਸ ਦੀ ਉਹ ਬਲਾ ਧੀਆ ।
ਫ਼ਜ਼ਲ ਰੱਬ ਦੇ ਥੀਂ ਕੱਲ ਲਹਿ ਵੈਸੀ.
ਮਹੀਂਵਾਲ ਵਾਲਾ ਤੇਰਾ ਚਾ ਧੀਆ ।। ੬੮੦ ।

## ਜੁਆਬ ਸੋਹਣੀ

ਅੱਗੇ ਨਹੀਂ ਤਾਂ ਹਾਲ ਤਹਕੀਕ ਹੋਇਆ.
ਹੁਰਮਤ ਨਾਲ ਰਸੂਲ ਖ਼ੁਦਾ ਮਾਏ ।
ਰੱਖ ਸਿਦਕ ਯਕੀਨ ਨਾ ਹਾਰਸਾਂਗੀ.
ਮਹੀਂਵਾਲ ਤੋ ਜਾਨ ਫ਼ਿਦਾ ਮਾਏ ।
ਧੁਰੋਂ ਲੇਖ ਜੋ ਉਸ ਦਾ ਨਾਲ ਮੇਰੇ.
ਦਸਾਂ ਕੌਣ ਤੂੰ ਦਏਂ ਹਟਾ ਮਾਏ ।
ਤੇਰੇ ਬੋਲ ਮੈਂ ਪਾਲ ਵਿਖਾਲਸਾਂਗੀ.
ਬੱਸ ਹੋਰ ਨਾ ਪਈ ਸਤਾ ਮਾਏ ।
ਮੇਰਾ ਮਰਨ ਜੀਵਨ ਉਸ ਦੇ ਨਾਲ ਹੋਸੀ.
ਜਹੀਦਾ ਦੱਸਨੀ ਹੈਂ ਮਾਨੂੰ ਚਾ ਮਾਏ ।
ਫ਼ਜ਼ਲ ਯਾਰ ਪਿਛੇ ਮਰ ਜਾਵਸਾਂਗੀ.
ਸਾਡੇ ਜੀਵਣੇ ਥੀ ਚਿਤ ਚਾ ਮਾਏ ।

## ਮਾਂ ਦਾ ਉਸ ਨੂੰ ਝਿੜਕਣਾ

ਐਵੇਂ ਪਾੜ ਨਾ ਪਈ ਅਸਮਾਨ ਤਾਈਂ.
ਅਜੇ ਸਿੱਖਣੀ ਹੈਂ ਵਲ ਯਾਰੀਆਂ ਨੀ ।
ਪਿੱਛੇ ਚਾਕ ਦੇ ਮਰਨ ਕਬੂਲਨੀ ਹੈਂ.
ਸਰਮਾਂ ਸੋਹਣੀਏ ਕੁਲ ਉਤਾਰੀਆਂ ਨੀ ।
ਤੂੰ ਤਾਂ ਲੱਜ ਅਸਾਡੜੀ ਲਾਹ ਸੁੱਟੀ.
ਮੰਗਣ ਖਸਮ ਨਾ ਧੀਆਂ ਕੁਆਰੀਆਂ ਨੀ ।
ਆਪ ਜਾਣਸੇਂਗੀ ਜਦੋਂ ਤੁੱਧ ਤਾਈਂ.

ਪੈਣ ਆਣ ਖ਼ੁਆਰੀਆਂ ਭਾਰੀਆਂ ਨੀ ।
ਫਜ਼ਲ ਸ਼ਾਹ ਦੇ ਨਾਲ ਪਿਆਰ ਪਾਇਓ,
ਡੋਬ ਸੱਟੀਓ ਨੀ ਵਾਹੀਆਂ ਸਾਰੀਆ ਨੀ ।

### ਜੁਆਬ ਸੋਹਣੀ

ਯਾਰ ਯਾਰ ਕੀ ਪਈ ਸੁਣਾਉਣੀ ਹੈਂ,
ਜੇਕਰ ਜਾਨ ਕਹੇਂ ਮਹੀਂਵਾਲ ਮਾਏ ।
ਮੇਰਾ ਰੱਬ ਰਹੀਮ ਤੇ ਖ਼ਾਸ ਕਾਬ੍ਹਾ,
ਜੇ ਈਮਾਨ ਕਹੇਂ ਮਹੀਂਵਾਲ ਮਾਏ ।
ਵਾਲੀ ਵਾਰਸੀ ਦੋ ਜਹਾਨ ਅੰਦਰ,
ਮੇਰਾ ਖ਼ਾਨ ਕਹੇਂ ਮਹੀਂਵਾਲ ਮਾਏ ।
ਰੋਜ ਅਜ਼ਲ ਦੀ ਹੋ ਗ਼ੁਲਾਮ ਰਹੀਆਂ,
ਮੇਰਾ ਹਾਨ ਕਹੇਂ ਮਹੀਂਵਾਲ ਮਾਏ ।
ਮੇਰਾ ਰੋਜ਼ ਮਿਸਾਕ ਦਾ ਯਾਰ ਪਿਆਰਾ,
ਜੇਕਰ ਮਾਨ ਕਹੇਂ ਮਹੀਂਵਾਲ ਆਏ ।
ਫਜ਼ਲ ਯਾਰ ਤੋਂ ਜਾਨ ਕੁਰਬਾਨ ਮੇਰੀ,
ਮੇਰਾ ਤਾਨ ਕਹੇਂ ਮਹੀਂਵਾਲ ਮਾਏ ।

### ਮਾਂ ਦਾ ਜੁਆਬ ਦੇਣਾ

ਤੋਬਾ ਆਖ ਇਸ ਕੁਫਰ ਦੀ ਗੱਲ ਕੋਲੋਂ,
ਮਤਾਂ ਕਹਿਰ ਤੇ ਪਵੇ ਬਲਾ ਧੀਆ ।
ਤੈਨੂੰ ਕੁਝ ਈਮਾਨ ਦੀ ਖ਼ਬਰ ਨਾਹੀਂ,
ਪੜ੍ਹਿਆ ਦਿਤੋ ਈ ਸਭ ਰੁੜ੍ਹਾ ਧੀਆ ।। ੭੦੦ ।
ਜੋਇ ਲਿਖਿਆ ਲੇਖ ਨਸੀਬ ਮੇਰੇ,
ਅੱਜ ਲਿਆ ਤੈਥੀਂ ਝੋਲੀ ਪਾ ਧੀਆ ।
ਫ਼ਜ਼ਲ ਯਾਦ ਕਰਸੇਂ ਉਸ ਵੇਲੜੇ ਨੂੰ,
ਜਦੋਂ ਜਾਸੀਆ ਵਕਤ ਵਿਹਾ ਧੀਆ ।

### ਜੁਆਬ ਸੋਹਣੀ

ਸੋਹਣੀ ਰੋਹ ਥੀਂ ਨੀਰ ਪਲਟ ਆਖੇ,
ਬੱਸ ਬੱਸ ਮਾਏ ਮਤੀਂ ਦੱਸ ਨਾਹੀਂ ।
ਕਾਹਨੂੰ ਸ਼ਰਬਤ ਕਰੇ ਨਸੀਹਤਾਂ ਦੇ,

ਕੁਝ ਮੂੰਹ ਤਾਈਂ ਮਾਏ ਦੱਸ ਨਾਹੀਂ ।
ਕਾਉਂ ਵਾਂਗ ਮਾਈ ਖਾਧੋ ਮਗ਼ਜ਼ ਮੇਰਾ,
ਤੇਰੇ ਮੁਖ ਤਾਈਂ ਕਦੇ ਬੱਸ ਨਾਹੀਂ ।
ਐਵੇਂ ਬੋਲੀਆਂ ਮਾਰ ਜਲਾਵਨੀ ਹੈਂ,
ਭਾਵੇਂ ਮੈਂ ਸੋਹਣੀ ਤੇਰੇ ਵੱਸ ਨਾਹੀਂ ।
ਜਿੱਚਰ ਤੀਕ ਮਹੀਂਵਾਲ ਨੂੰ ਨਾ ਦੇਖਾਂ,
ਮੇਰੀ ਰੋਂਦਿਆਂ ਸੁੱਕਦੀ ਅੱਸ ਨਾਹੀਂ ।
ਮਹੀਂਵਾਲ ਤੋਂ ਮੁੜਨ ਮੁਹਾਲ ਹੋਇਆ,
ਗੱਲਾਂ ਦੱਸ ਮੇਰਾ ਜੀਉ ਖੱਸ ਨਾਹੀਂ ।
ਓਸੇ ਯਾਰ ਦੀ ਕਸਮ, ਨਾ ਝੂਠ ਮੂਲੇ,
ਸੁੰਵਾ ਜੀਓ ਮੇਰਾ ਮੇਰੇ ਵੱਸ ਨਾਹੀਂ ।
ਤੇਰੇ ਜ਼ੇਵਰ ਜ਼ਹਿਰ ਮਿਸਾਲ ਮੈਨੂੰ,
ਲਾਲ ਸੱਪ ਦਿਸੇ, ਗਲ ਹੱਸ ਨਾਹੀਂ ।
ਜਿਧਰ ਦੇਖਣੀ ਆਂ ਮਹੀਂਵਾਲ ਦਿਸੇ,
ਅਸਾਂ ਕਮਲਿਆਂ ਨੂੰ ਮਾਏ ਹੱਸ ਨਾਹੀਂ ।
ਤੀਰ ਗ਼ਜ਼ਬ ਤੇ ਕਹਿਰ ਕਲੂਰ ਵਾਲੇ,
ਸਾਡੇ ਮਾਰਨੇ ਨੂੰ ਲੱਕ ਕੱਸ ਨਾਹੀਂ ।
ਜਾਨ ਬੁੱਝ ਜੇ ਕਰੇਂ ਖ਼ੁਆਰ ਮੈਨੂੰ,
ਹਾਸਲ ਕੁਝ ਤੈਨੂੰ ਬਾਝ ਭੱਸ ਨਾਹੀਂ ।
ਧੀਆਂ ਬੇਟੀਆਂ ਦੇ ਪੜਦੇ ਫ਼ਾਸ਼ ਕਰਨੇ,
ਪੱਤਾਂ ਵਾਲਿਆਂ ਦੇ ਐਸੇ ਜੱਸ ਨਾਹੀਂ ।
ਮੈਨੂੰ ਸੋਹਣੀਏ ਨਾ ਪਰਵਾਹ ਆਹੀ,
ਅੰਪਰ ਵਾਹ ਪਿਆ ਨਾਲ ਡਾਰੀਆਂ ਨੀ ।
ਜੇਕਰ ਫ਼ਜ਼ਲ ਨੂੰ ਚਾਇ ਗਵਾਇਓ ਈ,
ਬੱਦਲ ਕਹਿਰ ਦੇ ਵਾਂਗ ਹੁਣ ਵੱਸ ਨਾਹੀਂ ।

## ਸੋਹਣੀ ਦੇ ਬਾਪ ਨੂੰ ਪਤਾ ਲਗਣਾ

ਫੇਰ ਕੁਝ ਜਵਾਬ ਨਾ ਮਾਉਂ ਕੀਤਾਂ,
ਕੋਲੋਂ ਉਠ ਗਈ ਗੁੱਸੇ ਨਾਲ ਮੀਆਂ ।
ਆਖੇ ਖਾਵਣਾ ਅੰਨ ਹਰਾਮ ਹੋਇਆ,
ਜਿੱਚਰ ਨਾਹ ਕੱਢਾਂ ਮਹੀਂਵਾਲ ਮੀਆਂ ।
ਕਿਤੋਂ ਗੱਲ ਸੁਣ ਕੇ ਤੁੱਲਾ ਘਰੀਂ ਆਇਆ,

ਕਹਿਰ ਗਜ਼ਬ ਦੇ ਨਾਲ ਮਲਾਲ ਮੀਆ ।
ਘਰ ਆਂਵਦੇ ਨੂੰ ਮਾਂ ਸੋਹਣੀ ਦੀ,
ਦਿੱਤੀ ਅੱਗ ਉਤੇ ਅੱਗ ਬਾਲ ਮੀਆਂ ।
ਚਾਕ ਮਹੀਂ ਚਰਾਵਣ ਰਖਿਓਈ,
ਇਕੇ ਬੇਟੀਆਂ ਦਾ ਚਰਵਾਲ ਮੀਆਂ ।। ੭੨੦ ।।

ਕਾਮੇ ਚਾਕ ਗ਼ੁਲਾਮ ਤੇ ਹੋਰ ਨੌਕਰ,
ਵਿਰਲੇ ਹੋਣ ਇਹ ਨਿਮਕ ਹਲਾਲ ਮੀਆਂ ।
ਦੇਹ ਸਾਫ ਜਵਾਬ ਜਾਂ ਘਰੀਂ ਆਵੇ,
ਮਹੀਂ ਚਾਰ ਜਦੋਂ ਮਹੀਂਵਾਲ ਮੀਆਂ ।
ਅੱਜ ਸੋਹਣੀ ਨੂੰ ਮੈਂ ਵੀ ਮੱਤ ਦਿੱਤੀ,
ਸਗੋਂ ਬੋਲਿਆ ਸੂ ਮੰਦੇ ਹਾਲ ਮੀਆਂ ।
ਕਰ ਵਿਆਹ ਕਿਤੇ ਮਤਾ ਸੋਹਣੀ ਭੀ,
ਸੁੱਟੇ ਕੋੜਮੇ ਦਾ ਨਾਮ ਗਾਲ ਮੀਆਂ ।
ਇਤਨੇ ਵਿਚ ਬਾਹਰੋਂ ਮਹੀਂਵਾਲ ਆਇਆ,
ਮਹੀਂ ਚਾਰ ਕੇ ਹੋ ਖ਼ੁਸ਼ਹਾਲ ਮੀਆਂ ।
ਖੂੰਡੀ ਮੋਢੜੇ ਤੇ ਮਹੀਂ ਸਭ ਪਿਛੇ,
ਘਰੀਂ ਆਇ ਪਹੁੰਚਾ ਚਾਲੋ ਚਾਲ ਮੀਆਂ ।
ਮਹੀਂਵਾਲ ਡਿੱਠਾ ਦੋਵੇਂ ਕਹਿਰ ਭਰੇ,
ਨਾਲੇ ਕਰਨ ਬੈਠ ਕੀਲ ਕਾਲ ਮੀਆਂ ।
ਚੋਰ ਯਾਰ ਤਾਈਂ ਆਪੇ ਖੁੜਕ ਜਾਂਦੀ,
ਗਿਆ ਸਮਝ ਇਹ ਹਾਲ ਮੁਹਾਲ ਮੀਆਂ ।
ਭਾਵੇਂ ਗੱਲ ਸਾਡੀ ਜ਼ਾਹਿਰ ਹੋ ਗਈ,
ਦਿੱਤਾ ਯਾਰ ਨਾ ਅੱਜ ਜਮਾਲ ਮੀਆਂ ।
ਫਜ਼ਲ ਖ਼ਿਆਲ ਏਸੇ ਮਹੀਂਵਾਲ ਆਹਾ,
ਤੁੱਲਾ ਕਹੇ ਅੱਖੀਂ ਕਰ ਕੇ ਲਾਲ ਮੀਆਂ ।

### ਮਹੀਂਵਾਲ ਨੂੰ ਨੌਕਰੀ ਤੋਂ ਜੁਆਬ ਮਿਲਣਾ

ਬੱਸ ਬੱਸ ਮੀਆ ਮਹੀਂ ਚਾਰ ਨਾਹੀਂ,
ਐਵੇਂ ਖਾ ਕੇ ਨਿਮਕ ਹਰਾਮ ਕੀਤੋ ।
ਜਿਸ ਨਿਮਕ ਖਵਾਲਿਓ ਘਰੇ ਉਸ ਦੇ,

ਸੰਨ੍ਹ ਮਾਰਨੇ ਦਾ ਗੁੱਝਾ ਕਾਮ ਕੀਤੋ ।
ਓਸੇ ਰੁੱਖ ਨੂੰ ਵੱਢਣਾ ਲੋੜਿਓ ਈ.
ਜਿਸ ਰੁੱਖ ਦੇ ਹੇਠ ਆਰਾਮ ਕੀਤੋ ।
ਧੀਆਂ ਬੇਟੀਆਂ ਦੇ ਨਾਲ ਕਰੇਂ ਹਾਸੀ,
ਏਸੇ ਵਾਸਤੇ ਤੁੱਧ ਗ਼ੁਲਾਮ ਕੀਤੋ ।
ਜਿਸ ਨੇ ਪਾਲ ਖਵਾਇਆ ਘਰੀ ਉਸ ਦੇ,
ਸੰਨ੍ਹ ਮਾਰਨੇ ਦਾ ਗੁੱਝਾ ਕਾਮ ਕੀਤੋ ।
ਖਾ ਖਾ ਦੁੱਧ ਮਲਾਈਆਂ ਪਾਟ ਗਇਓਂ,
ਓ ਨਾਕਾਮ ! ਇਹ ਕਾਮ ਕੀ ਖ਼ਾਮ ਕੀਤੋ ।
ਕੀ ਇਹ ਸਮਝ ਦਲੇਰੀਆਂ ਕੀਤੀਆਂ ਨੀ,
ਭਾਵੇਂ ਅਸਾਂ ਤਾਈਂ ਖ਼ਾਸ ਆਮ ਕੀਤੋ ।
ਤੈਨੂੰ ਰੱਬ ਦੇ ਖ਼ੌਫ ਥੀਂ ਜਾਣ ਦਿੱਤਾ,
ਨਹੀ ਜਾਣਦੋਂ ਕੰਮ ਜੋ ਖ਼ਾਮ ਕੀਤੋ ।
ਸਾਡੀਆਂ ਇੱਜ਼ਤਾਂ ਨੂੰ ਹੱਥ ਪਾਉਣ ਲਗੋਂ,
ਖਾ ਲੂਣ ਹਰਾਮ ਤਮਾਮ ਕੀਤੋ ।
ਭਲੀ ਨੀਤ ਦੇ ਨਾਲ ਟੁਰ ਜਾ ਇਥੋਂ,
ਮੈਨੂੰ ਜੱਗ ਦੇ ਵਿਚ ਬਦਨਾਮ ਕੀਤੋ ।। ੭੪੦ ।
ਫ਼ਜਲ ਸ਼ਾਹ ਅੰਪਰ ਏਥੇ ਰਹੀਂ ਨਾਹੀਂ,
ਜਾਹਰ ਆਪਣਾ ਚਾ ਅੰਜਾਮ ਕੀਤੋ ।

## ਹਾਲ ਮਹੀਂਵਾਲ ਦੇ ਦਰਦ ਫ਼ਰਾਕ ਦਾ

ਮਹੀਂਵਾਲ ਨੂੰ ਜਦੋਂ ਜਵਾਬ ਮਿਲਿਆ,
ਮਹੀਂ ਛੱਡ ਕੇ ਤੁਰਤ ਰਵਾਨ ਹੋਇਆ ।
ਆਖੇ ਰਹਿਣ ਕੇਹਾ ਬਹਿਣ ਬਹੁਤ ਮੁਸ਼ਕਲ,
ਮੇਰਾ ਭੇਤ ਤਮਾਮ ਅਯਾਨ ਹੋਇਆ ।
ਬਾਝ ਯਾਰ ਉਜਾੜ ਚੌਕੂਟ ਦਿਸ਼ੇ,
ਪਰੇਸਾਨ ਹੋਇਆ ਪਰੇਸ਼ਾਨ ਹੋਇਆ ।
ਅੰਖਾ ਸੱਜਨਾਂ ਦੇ ਘਰੀਂ ਜਾਣ ਮੇਰਾ,
ਦੂਤੀ ਆਣ ਖ਼ੂਨੀ ਅਸਮਾਨ ਹੋਇਆ ।
ਜੰਗਲ ਜਾ ਰਾਤੀਂ ਕਿਤੇ ਬੈਠ ਰੁੰਨਾ,
ਅੰਪਰ ਰੋਂਦਿਆ ਜ਼ੋਰ ਤਫਾਨ ਹੋਇਆ ।

*ਕਿਹੜੀ ਵਲ ਜਾਵਾਂ ਕੋਈ ਜਾ ਨਾਹੀਂ.
ਤੇਰੇ ਨਾਮ ਉਤੋਂ ਕੁਰਬਾਨ ਹੋਇਆ ।

ਜਿਧਰ ਜਾਵਨਾ ਹਾ ਉਧਰ ਮਿਲਣ ਧੱਕੇ.
ਵੈਰੀ ਮੁਝ ਦਾ ਕੁਲ ਜਹਾਨ ਹੋਇਆ ।
ਮੰਗੀ ਮੰਤ ਨਾ ਆਂਵਦੀ ਹੱਥ ਮੇਰੇ.
ਤੇਰਾ ਮਿਲਣ ਮੈਨੂੰ ਔਖਾ ਆਨ ਹੋਇਆ ।
ਤੁਧ ਬਾਝ ਅਰਾਮ ਹਰਾਮ ਮੈਨੂੰ.
ਭੁੱਲਾ ਬੇਲੀਆ ਓਇ ਪੀਣ ਖਾਨ ਹੋਇਆ ।
ਕੀਕਰ ਮਿਲਾਂਗੇ ਦਸ ਇਲਾਜ ਕੋਈ.
ਔਖਾ ਅੱਜ ਮੇਰਾ ਆਣ ਜਾਨ ਹੋਇਆ .
ਮਸਜਦ ਦਾਇਰਿਆਂ ਵਿਚ ਬਾਜ਼ਾਰ ਫਿਰਦਾ.
ਫ਼ਜ਼ਲ ਸ਼ਾਹ ਦੇ ਵਾਂਗ ਹੈਰਾਨ ਹੋਇਆ ।

### ਹਾਲ ਸੋਹਣੀ ਦੇ ਫ਼ਰਾਕ ਦਾ

ਓਧਰ ਸੋਹਣੀ ਰੋਂਦੜੀ ਬੈਠ ਗੋਸ਼ੇ.
ਦੱਸ ਜਾ ਮੈਨੂੰ ਭਲਾ ਬੇਲੀਆ ਓਇ ।
ਆਖੇ ਦੂਤੀਆ ਦੇ, ਯਾਰ ਛੱਡ ਨਾਹੀਂ.
ਗਲ ਲਾ ਮੈਨੂੰ ਭਲਾ ਬੇਲੀਆ ਓਇ ।
ਤੁਝ ਬਾਝ ਅਰਾਮ ਹਰਾਮ ਹੋਇਆ.
ਤੇਰਾ ਚਾ ਮੈਨੂੰ ਭਲਾ ਬੇਲੀਆ ਓਇ ।
ਸੁੰਞੇ ਦਰਦ ਬੇਦਰਦ ਨੇ ਕਰਦ ਲਾ ਕੇ.
ਕੁੱਠਾ ਚਾ ਮੈਨੂੰ ਭਲਾ ਬੇਲੀਆ ਓਇ ।
ਜਿਚਰ ਮਿਲੇਂ ਨਾ ਸਬਰ ਕਰਾਰ ਆਵੇ,
ਕਿਸੇ ਦਾਅ ਮੈਨੂੰ ਭਲਾ ਬੇਲੀਆ ਓਇ ।
ਮੂੰਹ ਦੇ ਭਾਰ ਪਈਆਂ ਕੁੱਠੀ ਦਰਦ ਗ਼ਮ ਦੀ.
ਆ ਚਾ ਮੈਨੂੰ ਭਲਾ ਬੇਲੀਆ ਓਇ ।
ਚੋਰੀ ਮਾਉਂ ਤੇ ਬਾਪ ਤੋਂ ਆ ਮਿਲਣਾ.
ਕਿਸੇ ਦਾਅ ਮੈਨੂੰ ਭਲਾ ਬੇਲੀਆ ਓਇ ।
ਨਾਮ ਰੱਬ ਦੇ ਕਰੀਂ ਖ਼ਿਆਲ ਸਾਈਆਂ.
ਮੁਖ ਵਿਖਾ ਮੈਨੂੰ ਭਲਾ ਬੇਲੀਆ ਓਇ ।। ੭੬੦ ।
ਸੀਨੇ ਸਾਂਗ ਮਾਰੇ ਵਿਛੜ ਜਾਣ ਤੇਰਾ.

ਘੇਰਾ ਪਾ ਮੈਨੂੰ ਭਲਾ ਬੇਲੀਆ ਓਇ ।
ਤੁੱਧ ਬਾਝ ਜਹਾਨ ਦੇ ਦੁੱਖ ਸਾਰੇ,
ਪਏ ਧਾ ਮੈਨੂੰ ਭਲਾ ਬੇਲੀਆ ਓਇ ।
ਫ਼ਜ਼ਲ ਕੁਝ ਨਾ ਸੁੱਝਦਾ ਮੁਝ ਤਾਈਂ,
ਤੇਰਾ ਚਾ ਮੈਨੂੰ ਭਲਾ ਬੇਲੀਆ ਓਇ ।

### ਤਥਾ

ਤੁਝ ਬਾਝ ਅੰਧੇਰ ਚੁਫੇਰ ਦਿੱਸੇ,
ਕਰਦੀ ਵੈਣ ਫਿਰਾਂ ਮਹੀਂਵਾਲਿਆ ਓਇ ।
ਤੇਰੇ ਮੁੱਖ ਦੀ ਭੁੱਖ ਕਮਾਲ ਮੈਨੂੰ,
ਬਾਝ ਚੈਣ ਫਿਰਾਂ ਮਹੀਂਵਾਲਿਆ ਓਇ ।
ਖੁਲ੍ਹੇ ਵਾਲ ਬੇਹਾਲ ਮੈਂ ਨਾਲ ਗ਼ਮ ਦੇ,
ਭੁਲ੍ਹੇ ਨੈਣ ਫਿਰਾਂ ਮਹੀਂਵਾਲਿਆ ਓਇ ।
ਫਜ਼ਲ ਸ਼ਾਹ ਪੁਛੇਂਦੜੀ ਰਾਹ ਡੇਰਾ,
ਦਿਨ ਰੈਣ ਫਿਰਾਂ ਮਹੀਂਵਾਲਿਆ ਓਇ ।

### ਸੋਹਣੀ ਦਾ ਨਿਕਾਹ ਅਤੇ ਵਿਦਾ ਹੋਣਾ

ਦੋਵੇਂ ਧੀ ਨੂੰ ਕਿਤੇ ਮੰਗਾਵਣੇ ਦੀ,
ਉਸੇ ਰੋਜ਼ ਸਲਾਹ ਪਕਾਂਵਦੇ ਜੀ ।
ਇਕ ਵਿਚ ਗੁਜਰਾਤ ਘੁਮਾਰ ਆਹਾ,
ਪੁੱਤਰ ਉਸ ਦੇ ਨਾਲ ਮੰਗਾਂਵਦੇ ਜੀ ।
ਕਰ ਕੇ ਦਾਜ ਚਾ ਕਾਜ ਤਿਆਰ ਕਰਦੇ,
ਕੁਝ ਰੋਜ਼ ਪਾ ਕੇ ਗੰਢੀ ਪਾਂਵਦੇ ਜੀ ।
ਸੁੰਦਰ ਛੈਲ ਮਲੂਕ ਤੇ ਹੋਰ ਬਾਂਕੇ,
ਜੋੜ ਮਿਲ ਕੇ ਜੰਵ ਲੈ ਆਂਵਦੇ ਜੀ ।
ਓੜਕ ਸੋਹਣੀ ਰੋਂਦੜੀ ਧੋਂਦੜੀ ਨੂੰ,
ਡੋਲੀ ਪਾਇ ਵਿਆਹ ਲੈ ਜਾਂਵਦੇ ਜੀ ।
ਕਿੱਸਾ ਵਿਆਹ ਦਾ ਤੂਲ ਨਾ ਮੂਲ ਕੀਤਾ,
ਪੜ੍ਹਨ ਵਾਲੜੇ ਚਿੱਤ ਨਾ ਲਾਂਵਦੇ ਜੀ ।
ਗੱਲ ਦਰਦ ਦੇ ਨਾਲ ਹੈ ਗਰਜ਼ ਮੈਨੂੰ,
ਕੀਤਾ ਤੂਲ ਨਾ ਜਿਵੇਂ ਵਧਾਂਵਦੇ ਜੀ ।
ਫ਼ਜ਼ਲ ਸ਼ਾਹ ਤਿਨਾਂਦੜਾ ਸ਼ਿਅਰ ਕਿਹਾ,
ਜਿਹੜੇ ਸ਼ਿਅਰ ਬੇਦਰਦ ਅਲਾਂਵਦੇ ਜੀ ।

## ਸੋਹਣੀ ਤੇ ਉਹਦਾ ਖ਼ਾਵੰਦ

ਆਈਂ ਕਹਿਰ ਕਲੂਰ ਦੀ ਰਾਤ ਯਾਰੋ.
ਦੋਵੇਂ ਪਲੰਘ ਤੇ ਚਾ ਸਵਾਨ ਮੀਆਂ ।
ਲੱਗਾ ਦਸਤ ਦਰਾਜ਼ ਰਕੀਬ ਕਰਨੇ.
ਦਿੱਤੀ ਸੋਹਣੀ ਪੇਸ਼ ਨਾ ਜਾਨ ਮੀਆਂ ।
ਹੱਥੋਂ ਮਾਰ ਕੀਤਾ ਖ਼ੂਬ ਸੋਹਣੀ ਨੇ,
ਦਿੱਤੀ ਹੋਸ਼ ਭੁਲਾ ਜਹਾਨ ਮੀਆਂ ।
ਦੋਵੇਂ ਹੱਥ ਉਠਾਇ ਦੁਆ ਮੰਗੀ.
ਮਹੀਂਵਾਲ ਦੀ ਰੱਖ ਅਮਾਨ ਮੀਆਂ ।
ਹੁਕਮ ਨਾਲ ਨਾਮਰਦ ਹੋ ਗਿਆ ਓਵੇਂ,
ਉਸ ਦੀਆਂ ਕੁਦਰਤਾਂ ਤੋਂ ਕੁਰਬਾਨ ਮੀਆਂ ।। ੨੮੦ ।।
ਮਹੀਵਾਲ ਦੀ ਰੱਬ ਅਮਾਨ ਰੱਖੀ.
ਦੂਤੀ ਲਾ ਰਿਹਾ ਲੱਖ ਤਾਨ ਮੀਆਂ ।
ਯੂਸਫ ਵਾਂਗ ਈਮਾਨ ਰਹਿਮਾਨ ਰੱਖੇ.
ਓਵੇਂ ਮਿਹਰ ਨਿਸ਼ਾਨ ਨਿਹਾਨ ਮੀਆਂ ।
ਮਹੀਂਵਾਲ ਦੇ ਨਾਲ ਸੀ ਜੋੜ ਉਸ ਦਾ,
ਲਿਖਿਆ ਲੋਹ ਮਹਿਫੂਜ਼ ਬਿਆਨ ਮੀਆਂ ।
ਕਿਹੜਾ ਆਸ਼ਕਾਂ ਦੇ ਸੰਗ ਭੰਗ ਪਾਵੇ.
ਜੋੜੇ ਜੋੜ ਜੋ ਰੱਬ ਰਹਿਮਾਨ ਮੀਆਂ ।
ਫ਼ਜ਼ਲ ਸਾਹ ਮਜਾਲ ਕੀ ਹੋਰ ਸੰਦੀ.
ਲਿਆਵੇ ਕੁਝ ਖਿਆਲ ਗੁਮਾਨ ਮੀਆ ।

## ਮਹੀਂਵਾਲ ਦਾ ਹਿਜਰ ਵਿਚ ਤੜਪਣਾ

ਮਹੀਂਵਾਲ ਨੂੰ ਜ਼ਿਮੀਂ ਨਾ ਵਿਹਲ ਦੇਵੇ.
ਸੋਹਣੀ ਵਿਆਹ ਲੈ ਗਏ ਜਾਂ ਹੋਰ ਬੇਲੀ ।
ਜਿਹੜੇ ਮਾਲ ਪਿਛੇ ਮਹੀਂਵਾਲ ਬਣਿਆ.
ਸੋਈ ਘਿੰਨ ਗਏ ਸੁੰਵੇ ਚੋਰ ਬੇਲੀ ।
ਅੱਗੇ ਦੁੱਖ ਆਹਾ ਵਿਛੜ ਜਾਣ ਵਾਲਾ.
ਪਾਇਆ ਆਣ ਦੁੱਖਾਂ ਹੋਰ ਜੋਰ ਬੇਲੀ ।
ਸੁੰਞੇ ਕਾਗ ਨੇ ਆਣ ਮਕਾਨ ਕੀਤਾ.
ਜਿਹੜੇ ਬਾਗ ਸਨ ਹੰਸ ਤੇ ਮੋਰ ਬੇਲੀ ।
ਮੇਰੀ ਆਸ ਮੁਰਾਦ ਨਾ ਮੂਲ ਪੁੰਨੀ.

ਰਿਹਾ ਪੀਰ ਫ਼ਕੀਰ ਨੂੰ ਸੋਰ ਬੇਲੀ ।
ਫਲ ਲਾ ਮੁਹੱਬਤਾਂ ਬੀਜਿਆ ਸੀ.
ਨਾ ਸੀ ਖਬਰ ਜੋ ਹੋਸੀਆ ਸ਼ੋਰ ਬੇਲੀ ।
ਨਿਕਲ ਜਾਨ ਵੈਸੀ ਕਿਸੇ ਰੋਜ਼ ਮੇਰੀ.
ਕਰਦੀ ਆਹ ਫ਼ੁਗਾਣ ਤੇ ਸ਼ੋਰ ਬੇਲੀ ।
ਫਜ਼ਲ ਭੱਠ ਪਿਆ ਮੇਰਾ ਜੀਵਣਾ ਓਇ,
ਤੁਧ ਬਾਝ ਮੈਨੂੰ ਚੰਗੀ ਗੋਰ ਬੇਲੀ ।

## ਮਹੀਂਵਾਲ ਦਾ ਸੋਹਣੀ ਵਲ ਖ਼ਤ ਭੇਜਣਾ

ਇਕ ਖ਼ਾਸ ਸਹੇਲੜੀ ਸੋਹਣੀ ਦੀ,
ਪੁੱਛਣ ਹਾਲ ਆਈ ਮਹੀਂਵਾਲ ਦਾ ਜੀ ।
ਆਖੇ ਕੋਈ ਸੁਨੇਹੜਾ ਦੇਹ ਮੈਨੂੰ.
ਲਿਖ ਖ਼ਤ ਸਾਰਾ ਆਪਣੇ ਹਾਲ ਦਾ ਜੀ ।
*ਲਾਈ ਸਾਂਗ ਦੋ ਧਾਰ ਕਹਾਰ ਤੈਨੂੰ,
ਐਪਰ ਕੌਣ ਤਕਦੀਰ ਨੂੰ ਟਾਲਦਾ ਜੀ ।
ਲਈ ਕਲਮ ਦਵਾਤ ਮੰਗਾ ਕਾਗ਼ਜ਼.
ਲਿਖੇ ਕਾਗ਼ਜ ਤੇ ਖ਼ੂਨ ਉਛਾਲਦਾ ਜੀ ।
ਮਹੀਂਵਾਲ ਲਿਖਿਆ ਖ਼ਤ ਯਾਰ ਵੱਲੇ,
ਹੈਸੀ ਫ਼ਜ਼ਲ ਫ਼ਕੀਰ ਦੇ ਨਾਲ ਦਾ ਜੀ ।

## ਮਹੀਂਵਾਲ ਦਾ ਖ਼ਤ

ਹਮਦ ਨਅਤ ਖ਼ੁਦਾ ਰਸੂਲ ਦੀ ਥੀਂ.
ਜਿਦ੍ਹੀ ਸਿਫਤ ਦਾ ਅੰਤ ਸ਼ੁਮਾਰ ਨਾਹੀਂ ।
ਤਾਅਨੇ ਤਰਫ ਸੋਹਣੀ ਮਹੀਂਵਾਲ ਲਿਖੇ.
ਤੇਰਾ ਸੋਹਣੀਏ ਕੁਝ ਇਤਬਾਰ ਨਾਹੀਂ ।। ੮੦੦ ।।
ਅਨੀ ਵਹੁਟੀਏ. ਮੁਨਸ ਦੀਏ ਪਿਆਰੀਏ ਨੀ !
ਸੱਚਾ ਤੁਧ ਦਾ ਕੌਲ ਇਕਰਾਰ ਨਾਹੀ ।
ਤੈਨੂੰ ਲੱਖ ਕਰੋੜ ਮੁਬਾਰਕਾਂ ਨੀ.
ਖ਼ੁਸ਼ੀ ਐਸ਼ ਵਲੋਂ ਮਿਲੇ ਵਾਰ ਨਾਹੀਂ ।
ਗੂੜ੍ਹਾ ਪਿਆਰ ਹੋਇਆ ਖਾਵੰਦ ਨਾਲ ਤੇਰਾ.
ਐਸਾ ਹੋਰ ਕਿਤੇ ਗੂੜ੍ਹਾ ਪਿਆਰ ਨਾਹੀਂ
ਭਲਾ ਹੋਇਆ ਤੁਸਾਡੜੀ ਆਸ ਪੁੰਨੀ.

ਕੋਈ ਤੁੱਧ ਜੇਹਾ ਐਸ਼ਦਾਰ ਨਾਹੀ ।
ਮਤਾਂ ਖ਼ੁਸੀ ਥੀਂ ਹੋ ਖ਼ੁਸ਼ ਮਰਗ ਜਾਏ.
ਖਾਣਾ ਖ਼ਸਮ ਦਾ ਮੁਫਤ ਉਜਾੜ ਨਾਹੀਂ ।
ਕੋਈ ਤੁਝ ਜਿਹੀ ਕਿਤੇ ਜੱਗ ਉਤੇ.
ਘਰ ਸਾਹੁਰੇ ਵਿਚ ਸਰਦਾਰ ਨਾਹੀ ।
ਡੋਲੀ ਚੜ੍ਹਦਿਆਂ ਮੂਲ ਨਾ ਡੋਲੀਓਂ ਤੂੰ.
ਹੋਈਓਂ ਅਸਾਂ ਵਲੋਂ ਸ਼ਰਮਸ਼ਾਰ ਨਾਹੀਂ ।
ਤੁਸੀਂ ਸਾਹੁਰੇ ਹੋ ਮਗਰੂਰ ਬੈਠੇ.
ਕੋਆ ਅਸਾਂ ਜੇਹਾ ਹੋਰ ਖ੍ਵਾਰ ਨਾਹੀ ।

ਇਹ ਤਾਂ ਜੋਬਨਾ ਠੱਗ ਬਜ਼ਾਰ ਦਾ ਈ.
ਮਾਨ ਮੱਤੀਏ ਰੂਪ ਸਿੰਗਾਰ ਨਾਹੀਂ ।
ਲਈ ਦੀਦ ਖ਼ਰੀਦ. ਈਮਾਨ ਦਿਤਾ.
ਝੂਠਾ ਆਸ਼ਕਾ ਵਣਜ ਵਪਾਰ ਨਾਹੀ ।
ਸ਼ਾਲਾ ਮਰੇ ਜਿਹੜਾ ਤੇਰੀ ਸੇਜ ਮਾਣੇ.
ਕਿਵੇਂ ਵਰਤਸੀ ਕਹਿਰ ਕਹਾਰ ਨਾਹੀ ।
ਪੀਵੇ ਆਬਹਯਾਤ ਰਕੀਬ ਮੇਰਾ.
ਸ਼ਾਲਾ ਸਬਰ ਪਵੇ ਉੱਕ ਵਾਰ ਨਾਹੀ ।
ਮੇਰੀ ਲੱਖ ਫਰਿਆਦ ਦੀ ਦਾਦ ਮਿਲਸੀ.
ਬੱਸ ਹੋਰ ਮੈਨੂੰ ਮਾਰ ਖ਼ਾਰ ਨਾਹੀਂ ।
ਗਲ ਝੂਠਿਆਂ ਤੌਕ ਜੰਜੀਰ ਪੈਸਣ.
ਢੋਈ ਮਿਲਸੀਆ ਓਸ ਦਰਬਾਰ ਨਾਹੀਂ ।
ਨਾਹੀਂ ਕੰਮ ਅਸੀਲ ਦਾ ਨੱਸ ਜਾਣਾ.
ਬਾਜ਼ੀ ਇਸ਼ਕ ਦੀ ਹਾਰ ਲਾਚਾਰ ਨਾਹੀ ।
ਝੂਠੇ ਕੌਲ ਇਕਰਾਰ ਕਿਉ ਕੀਤਿਓ ਨੀ.
ਘਰੋਂ ਕੱਢ ਮੁੜ ਕੇ ਲਈਉ ਸਾਰ ਨਾਹੀਂ ।
"ਇੰਨ ਕੈਦ ਕੂਨ" ਕਿਹਾ ਰੱਬ ਸੱਚੇ.
ਤੁਸਾਂ ਜੇਡ ਕੋਈ ਹੋਰ ਮਕਾਰ ਨਾਹੀਂ ।
ਮੁੜ ਕੇ ਹੋਸ ਸੰਭਾਲ ਤੂੰ ਪਿਆਰੀਏ ਨੀ.
ਕੀਤੇ ਕੌਲ ਇਕਰਾਰ ਵਿਸਾਰ ਨਾਹੀਂ ।
ਜਲੀ ਹੋਏ ਪਤੰਗ ਜੇ ਜਾਲਿਓ ਈ.
ਅੰਪਰ ਸੋਖਤਾਂ ਲਾਇ ਕੇ ਮਾਰ ਨਾਹੀਂ ।

ਤੇਰਾ ਨਾਮ ਲੈਂਦਾ ਫਿਰਾਂ ਵਿਚ ਗਲੀਆਂ.
ਬਾਝ ਰੋਣ ਮੈਨੂੰ ਹੋਰ ਕਾਰ ਨਾਹੀਂ ।। ੮੨੦ ।
ਰੋਕ ਜਾਨ ਮੈਂ ਵਾਂਗ ਪਤੰਗ ਦਿੱਤੀ.
ਕੀਤਾ ਤੁੱਧ ਦੇ ਨਾਲ ਉਧਾਰ ਨਾਹੀਂ ।
ਦਾਮਨ ਲੱਗਿਆਂ ਦੀ ਲੱਜ਼ ਪਾਲਣੀ ਸੀ.
ਹੱਥੀਂ ਡੋਬਿਓ ਈ ਲਾਇਓ ਪਾਰ ਨਾਹੀਂ ।
ਦੁਖ ਪੇਸ਼ ਪਾ ਕੇ ਆਪ ਨੱਸ ਗਈਓਂ.
ਕੋਈ ਮੈਂ ਜਿਹਾ ਔਗਣਹਾਰ ਨਾਹੀਂ ।
ਸਖ਼ੀ ਸੋਈ ਜੋ ਤੁਰਤ ਜਵਾਬ ਦੇਵੇ.
ਸਖ਼ੀ ਕਿਸੇ ਤਾਈਂ ਲਾਵਣ ਲਾਰ ਨਾਹੀ ।
ਅੱਗੇ ਰੱਜ ਰਹੇ ਤੇਰੇ ਪਿਆਰ ਕੋਲੋਂ.
ਬੱਸ ਯਾਰ ਓ ਮਾਰ ਦੁਬਾਰ ਨਾਹੀਂ ।
ਚਾਰ ਰੋਜ਼ ਦਾ ਹੁਸਨ ਪਰਾਹੁਣਾ ਈ.
ਕੂੜੇ ਹੁਸਨ ਉਤੇ ਪਾਵੀਂ ਭਾਰ ਨਾਹੀਂ ।
ਸਦਾ ਰੰਗ ਮਹੱਲ ਨਾ ਮਾੜੀਆਂ ਨੀ.
ਸਦਾ ਹੁਸਨ ਦਾ ਗਰਮ ਬਾਜ਼ਾਰ ਨਾਹੀਂ ।
ਸਦਾ ਦੁੱਖ ਤੇ ਸਦਾ ਨਾ ਹੋਣ ਮੌਜਾ.
ਸਦਾ ਬੁਲਬੁਲਾਂ ਬਾਗ਼ ਬਹਾਰ ਨਾਹੀਂ ।
ਭੁੱਲ ਯਾਰ ਤੇਰੇ ਨਾਲ ਪਿਆਰ ਪਾਇਆ,
ਨਾ ਸੀ ਖ਼ਬਰ ਜੋ ਯਾਰ ਗ਼ਮਖ਼੍ਵਾਰ ਨਾਹੀਂ ।
ਮਨੋ ਹਾਰ ਜੇ ਕੀਤੀਓ ਨਾਂਹ ਮੇਰੀ.
ਐਪਰ ਸਿਦਕ ਰੱਖੀਂ ਮਨੋਂ ਹਾਰ ਨਾਹੀਂ ।
ਤੇਰੇ ਵਾਸਤੇ ਵਿਚ ਪਰਦੇਸ ਰੁਲਿਆ.
ਔਗੁਣਹਾਰ ਦਾ ਸ਼ਹਿਰ ਦਿਆਰ ਨਾਹੀਂ ।
ਨਹੀਂ ਮਹੀਂ ਚਰਾਈਆਂ ਤੁੱਧ ਕਾਰਨ.
ਛੱਡੇ ਬਾਪ ਮਾਈ ਪਿਆਰੇ ਯਾਰ ਨਾਹੀਂ ।
ਦੁੱਖਾਂ ਘੇਰਿਆ ਮੈਂ ਕਿਹੜੀ ਵੱਲ ਜਾਵਾਂ,
ਨੇੜੇ ਮੁੜ ਦਾ ਬਲਖ਼ ਬੁਖ਼ਾਰ ਨਾਹੀਂ ।
ਚੰਗੀ ਕੀਤੀਆ ਪਿਆਰਿਆ ਸੱਜਣਾ ਓ.
ਸੱਜਣ ਮਾਰਦੇ ਖਿੱਚ ਤਲਵਾਰ ਨਾਹੀਂ ।
ਸਿੱਕ ਫਜ਼ਲ ਦੀ ਵਰਤਿਆ ਕਹਿਰ ਭਾਰਾ.
ਤੈਥੋਂ ਜ਼ਾਲਮੇ ਸੱਚ ਨਿਤਾਰ ਨਾਹੀਂ ।

## ਬਿਆਨ ਸੋਹਣੀ ਨੂੰ ਖ਼ਤ ਮਿਲਣਾ

ਲੈ ਕੇ ਖ਼ਤ ਗਈ ਤਰਫ ਸੋਹਣੀ ਦੇ,
ਮਹੀਂਵਾਲ ਦੀ ਮੋਹਰ ਲਗਾ ਬੇਲੀ ।
ਚੋਰੀ ਸੱਸ ਕੋਲੋਂ ਖ਼ਤ ਯਾਰ ਵਾਲਾ,
ਦੇਵੇ ਯਾਰ ਦੇ ਹੱਥ ਫੜਾ ਬੇਲੀ ।
ਯਾਰੋ ਖ਼ਤ ਕੇਹਾ ਚੰਨ ਈਦ ਦਾ ਸੀ,
ਮੁੜ ਮੁੜ ਜਾਨ ਨੂੰ ਕਰੇ ਫਿਦਾ ਬੇਲੀ ।
ਜਿਉਂ ਜਿਉਂ ਪੇਚ ਖੋਲ੍ਹੇ ਸੋਹਣੀ ਖ਼ਤ ਵਾਲੇ,
ਦੇਵੇ ਜੀਉ ਦੇ ਪੇਚ ਗਵਾ ਬੇਲੀ ।
ਨਾਲੇ ਕਰੇ ਮੁਤਾਲਿਆ ਖ਼ਤ ਚੁੰਮੇ,
ਰੋਵੇ ਨਾਲ ਕਲੇਜੜੇ ਲਾ ਬੇਲੀ ।। ੮੪੦

*ਡਿੱਠੀ ਰਤ ਡੁੱਲ੍ਹੀ ਉੱਪਰ ਖ਼ਤ ਸੋਹਣੀ,
ਐਪਰ ਵੇਖ ਡਿੱਗੀ, ਗ਼ਸ਼ ਖਾ ਬੇਲੀ ।
ਅੱਗੇ ਸੱਜਰਾ ਫੱਟ ਚਮਾਂਦੜਾ ਸੀ,
ਦੂਜੀ ਵਾਰ ਲਾਇਆ ਯਾਰ ਘਾ ਬੇਲੀ ।
ਤਾਅਨੇ ਤੇਜ਼ ਤਲਵਾਰ ਦੀ ਧਾਰ ਕੋਲੋਂ,
ਕਰਦੇ ਘਾਇਲ ਨੂੰ ਘਾਇਲ ਚਾ ਬੇਲੀ ।
ਤਾਅਨੇ ਯਾਰ ਵਾਲੇ ਆਹੇ ਤੇਜ਼ ਖ਼ੂਨੀ,
ਗਏ ਮੁਢ ਕਲੇਜੜੇ ਧਾ ਬੇਲੀ ।
ਜਦੋਂ ਹੋਸ਼ ਆਈ ਓਸੇ ਪਿਆਰੜੀ ਤੋਂ,
ਲਈ ਕਲਮ ਦਵਾਤ ਮੰਗਾ ਬੇਲੀ ।
ਲਿਖੇ ਯਾਰ ਦੇ ਵੱਲ ਜਵਾਬ ਨਾਮਾ,
ਫ਼ਜ਼ਲ ਹਾਲ ਦਾ ਖ਼ਤ ਬਣਾ ਬੇਲੀ ।

## ਜੁਆਬ ਸੋਹਣੀ

ਅੱਵਲ ਹਮਦ ਹਜ਼ਾਰ ਖ਼ੁਦਾ ਤਾਈਂ
ਜੈਂਦੀ ਸਿਫ਼ਤ ਦਾ ਅੰਤ ਨਾ ਕਾ ਜਾਨੀ ।
ਲੱਖ ਵਾਰ ਦਰੂਦ ਰਸੂਲ ਤਾਈਂ,
ਜਿਸ ਦੀ ਸ਼ਾਨ 'ਲੌ ਲਾਕ' ਕਲਮਾ ਜਾਨੀ
ਇਸ ਥੀਂ ਬਾਦ ਕਰੋੜ ਸਲਾਮ ਪਿੱਛੇ,
ਸਣੀਂ ਹਾਲ ਤੂੰ ਜਾ ਬਜਾ ਜਾਨੀ ।

ਜਿਸ ਰੋਜ਼ ਮਾਈ ਬਾਪ ਤੁੱਧ ਤਾਈਂ,
ਮਹੀਂ ਚਾਰਨੇਂ ਦੇਣ ਹਟਾ ਜਾਨੀ ।
ਏਵੇਂ ਵਾਵੇਲਾ ਪਈ ਕੂਕਦੀ ਸਾਂ,
'ਮੈਥੇ ਆ ਜਾਨੀ ! ਮੈਥੇ ਆ ਜਾਨੀ !
ਬਿਨਾਂ ਮੌਤ ਆਈ ਕੋਈ ਮਰੇ ਨਾਹੀਂ,
ਬੈਠੀ ਖਾਣ ਤੇ ਪੀਣ ਚੁਕਾ ਜਾਨੀ ।
ਮਹੀਂਵਾਲ ਮੇਰਾ ਵਾਲ ਵਾਲ ਕੂਕੇ,
ਸੁੰਵੀ ਮਾਂ ਨੂੰ ਰਹੀਆਂ ਕੁਰਲਾ ਜਾਨੀ ।
ਓੜਕ ਮੁੜ ਮੰਗਾਇ ਵਿਆਹਿਓ ਨੇ,
ਜ਼ੋਰੋ ਜ਼ੋਰ ਦਿੱਤੀ ਡੋਲੀ ਪਾ ਜਾਨੀ ।
ਗਾਨਾ ਤੋੜ ਕੇ ਸੁੱਟਿਆ ਵਿਚ ਵਿਹੜੇ,
ਦਿੱਤੇ ਕੱਪੜੇ ਖ਼ਾਕ ਰੁਲਾ ਜਾਨੀ ।
ਜੇਕਰ ਖ਼ਬਰ ਹੁੰਦੀ ਇਨ੍ਹਾਂ ਬੰਨ੍ਹ ਦੇਣੀ,
ਮਰਦੀ ਖਾਇ ਕੇ ਕੁਝ ਬਲਾ ਜਾਨੀ ।
ਅੰਪਰ ਇਹ ਸ਼ਰਮਿੰਦਗੀ ਲਿਖੀ ਆਹੀ,
ਤੁੱਧ ਯਾਰ ਵਲੋਂ ਮੇਰੇ ਭਾ ਜਾਨੀ ।
ਘਰ ਸਾਹੁਰੇ ਮੂਲ ਨਾ ਗੱਲ ਕੀਤੀ,
ਸੁੰਵੀ ਸੱਸ ਭੀ ਰਹੀ ਬੁਲਾ ਜਾਨੀ ।
ਮੇਰੇ ਪਾਸ ਰਕੀਬ ਸੁਆਲਿਓ ਨੇ,
ਸੁੰਵੀ ਪਲੰਘ ਤੇ ਸੇਜ ਵਿਛਾ ਜਾਨੀ ।
ਲੱਗਾ ਦਸਤ ਦਰਾਜ਼ ਰਕੀਬ ਕਰਨੇ,
ਹਿੰਮਤ ਰੱਬ ਦਿੱਤੀ ਮੈਨੂੰ ਚਾ ਜਾਨੀ ।। ੮੬੦ ।।

ਸਾਰੀ ਉਮਰ ਮੇਰੇ ਹੱਥ ਯਾਦ ਕਰਸੀ,
ਦਿੱਤੀ ਮਾਰ ਕੇ ਹੋਸ਼ ਭੁਲਾ ਜਾਨੀ ।
ਮਹੀਂਵਾਲ ਦੀ ਰੱਖ ਅਮਾਨ ਰੱਬਾ,
ਮੰਗੀ ਦੁਆ ਮੈਂ ਹੱਥ ਉਠਾ ਜਾਨੀ ।
ਮੇਰੀ ਅਰਜ਼ ਅਜ਼ੀਮ ਤੇ ਕੂਕ ਪਹੁੰਚੀ,
ਪਈ ਤੁਰਤ ਕਬੂਲ ਦੁਆ ਜਾਨੀ ।
ਓਵੇ ਰੱਬ ਦੇ ਕਰਮ ਤੇ ਫ਼ਜ਼ਲ ਕੋਲੋਂ,
ਸੁੱਤਾ ਮੁਝ ਤੋਂ ਹੋ ਜੁਦਾ ਜਾਨੀ ।
ਸਵੇਂ ਨਿੱਤ ਨਵੇਕਲਾ ਮੁਝ ਕੋਲੋਂ,

ਕਦੀ ਨਾਹ ਵੇਖੇ ਅੱਖੀਂ ਚਾ ਜਾਨੀ ।
ਘਰ ਸਹੁਰੇ ਖ਼ਾਸ ਅਨਜੋੜ ਮੇਰੀ,
ਦਿੱਤੀ ਪੇਕਿਆਂ ਮਨੋਂ ਭੁਲਾ ਜਾਨੀ ।
ਸਾਇਤ ਸਾਲ ਮੈਨੂੰ ਅੱਖੀਂ ਨੀਂਦ ਨਾਹੀਂ,
ਕਿੱਕਰ ਕਹਿਰ ਦੀ ਰੈਣ ਵਿਹਾ ਜਾਨੀ ।
ਬੈਠੀ ਯਾਦ ਕਰਾਂ ਮੇਰੇ ਸਾਈਆਂ ਓ,
ਤੇਰਾ ਚਾ ਜਾਨੀ ਤੇਰਾ ਚਾ ਜਾਨੀ ।
ਤੁੱਧ ਬਾਝ ਪਲੰਘ ਪਲੰਗ ਦਿੱਸੇ,
ਸੇਜ ਸੀਖ਼ ਤੇ ਜਾਨ ਚੜ੍ਹਾ ਜਾਨੀ ।
ਹੀਆਂ ਵਾਗ ਸ਼ੀਹਾਂ ਕੜਕ ਪੈਣ ਮੈਨੂੰ,
ਇਕ ਪਲਕ ਨਾ ਮਿਲੇ ਟਿਕਾ ਜਾਨੀ ।
ਦਾਵਣ ਖਾਵਣ ਆਂਵਦੀ ਮੁਝ ਤਾਈਂ,
ਜਿਵੇਂ ਡੰਗ ਮਾਰੇ ਅਯਦਹਾ ਜਾਨੀ ।
ਪਾਵੇ ਵੇਖਣ ਥੀਂ ਧਾਵੇ ਸੂਲ ਮੈਨੂੰ,
ਆਵੇ ਦੁੱਖ, ਪਾਵੇ ਘਬਰਾ ਜਾਨੀ ।
ਲੇਫ ਸੇਫ ਮਾਰੇ ਜੇਕਰ ਲਵਾਂ ਉਤੇ,
ਦੁੱਖ ਸੂਲ ਵਾਲਾ ਦੇਵੇ ਤਾ ਜਾਨੀ !
ਜੋ ਕੁਝ ਹਾਲ ਮੇਰਾ ਮੇਰੇ ਸਾਈਆਂ ਓ,
ਦਿੱਤਾ ਤੁੱਧ ਨੂੰ ਸਭ ਸੁਣਾ ਜਾਨੀ ।
ਬਲਦੀ ਅੱਗ ਤੇ ਤੇਲ ਪਲੱਟਿਓ ਈ,
ਦਿੱਤੋ ਭੜਕਦੀ ਨੂੰ ਭੜਕਾ ਜਾਨਾ ।
ਤਾਨ੍ਹੇ ਲਿਖਿਓ ਨੀ ਆਤਸ਼ ਵਾਂਗ ਤੱਤੇ,
ਗਏ ਜਿਗਰ ਤੇ ਜਾਨ ਜਲਾ ਜਾਨੀ ।
ਲਾਵਾਂ ਭਾਹ ਨਫ਼ਸਮਤੇ ਖ਼ਸਮ ਤਾਈਂ,
ਜਾਤਾ ਸਿਦਕ ਥੀਂ ਇਕ ਖ਼ੁਦਾ ਜਾਨੀ ।
ਆਪੇ ਵੇਖਸੇ ਕੁਫ਼ਲ ਸੰਦੂਕ ਜੋੜੇ,
ਬਲਦੀ ਤੇਲ ਨਾ ਪਾਇ ਮਚਾ ਜਾਨੀ ।
ਤਾਕਤ ਨਾਂਹ ਜੋ ਝੂਠ ਨੂੰ ਝੂਠ ਆਖਾਂ,
ਜੋ ਕੁਝ ਲਿਖਿਆ ਨਾਲ ਜਰਾ ਜਾਨੀ ।
ਉਸ ਕੌਲ ਉਪਰ ਪਹਿਰਾ ਦੇਵਸਾਂਗੀ,
ਮਰਾਂ, ਕਰਾ ਜੇ ਫੇਰ ਫਿਰਾਂ ਜਾਨੀ ।। ੮੮੦ ।
ਜੇਕਰ ਤੱਧ ਥੀਂ ਪਿਆਰਿਆ ਮੁੱਖ ਮੋੜਾਂ,

ਸ਼ਾਲਾ ਦੋਜ਼ਖ਼ੀਂ ਮਿਲੇ ਸਜ਼ਾ ਜਾਨੀ ।
ਸ਼ਾਹਦ ਰੱਬ ਮੇਰਾ ਤੂਹੈਂ ਖ਼ਾਸ ਕ਼ਾਬਾ.
ਸਿਜਦਾ ਹੋਰ ਨਾ ਕਿਤੇ ਰਵਾ ਜਾਨੀ ।
ਲਈਆ ਨਾਲ ਤੇਰੇ ਲਾਵਾਂ ਪਿਆਰਿਆ ਓ.
ਰੋਜ ਅਜਲ ਦੇ ਅਕਦ ਪੜ੍ਹਾ ਜਾਨੀ ।
ਦਾਮਨ ਲੱਗਿਆ ਦੀ ਰਖੀਂ ਸ਼ਰਮ ਸਾਈਆ.
ਦਮਾਂ ਬਾਝ ਮੈਂ ਰਹੀ ਵਿਕਾ ਜਾਨੀ ।
ਮੈਂ ਤੇ ਗੋਲੀਆਂ ਦੀ ਪੜਗੋਲੜੀ ਹਾਂ.
ਨਾਲ ਸਿਦਕ ਯਕੀਨ ਸਫਾ ਜਾਨੀ ।
ਓਹੋ ਨਾਲ ਈਮਾਨ ਅਮਾਨ ਤੇਰੀ.
ਰੱਖੀ ਗੈਰ ਥੀ ਬਹੁਤ ਛੁਪਾ ਜਾਨੀ ।
ਕਦੀ ਆਬਹਯਾਤ ਵਸਾਲ ਵਾਲਾ.
ਅਸਾ ਪਿਆਸਿਆ ਨੂੰ ਆ ਪਿਲਾ ਜਾਨੀ ।
ਯਿਸੇ ਨਾਲ ਬਹਾਨੜੇ ਆ ਏਥੇ.
ਕਿਵੇਂ ਪਿਆਰਿਆ ਮੁੱਖ ਦਿਖਾ ਜਾਨੀ ।
ਦੂਤੀ ਕੋਈ ਪਛਾਣ ਨਾ ਮੂਲ ਸਕੇ.
ਕੋਈ ਆਵਣਾ ਭੇਸ ਵਟਾ ਜਾਨੀ ।
ਅੰਗੁਣਹਾਰ ਲਾਚਾਰ ਬੀਮਾਰ ਪਈਆਂ.
ਤੇਰਾ ਦੇਖਣਾ ਅਸਲ ਦਵਾ ਜਾਨੀ ।
ਨਾਮ ਰੱਬ ਦੇ ਮਿਲੀਂ ਪਿਆਰਿਆ ਓ,
ਮੋਈ ਪਈ ਨੂੰ ਫੇਰ ਜਿਵਾ ਜਾਨੀ ।
ਕਰਸਾਂ ਹੋਰ ਸਲਾਹ ਮੈਂ ਨਾਲ ਤੇਰੇ.
ਜਦੋਂ ਆਵਸੇਂਗਾ ਮੇਰੇ ਦਾ ਜਾਨੀ ।
ਮੁੜ ਕੇ ਸੋਹਣੀ ਦਾ ਖ਼ਤ ਯਾਰ ਵੱਲੇ.
ਲੈ ਕੇ ਗਈ ਸ਼ਿਤਾਬ ਸਿਧਾ ਜਾਨੀ ।
ਫਜ਼ਲ ਯਾਰ ਵਾਲਾ ਖ਼ਤ ਯਾਰ ਤਾਈਂ.
ਦਿੱਤਾ ਓਸ ਨੇ ਫੇਰ ਪੁਚਾ ਜਾਨੀ ।

**ਮਹੀਂਵਾਲ ਨੇ ਭੇਸ ਵਟਾ ਕੇ ਸੋਹਣੀ ਪਾਸ ਜਾਣਾ**

ਖ਼ਤ ਯਾਰ ਵਾਲਾ ਮਹੀਂਵਾਲ ਪੜ੍ਹ ਕੇ.
ਚੁੰਮ ਨਾਲ ਕਲੇਜੜੇ ਲਾਂਵਦਾ ਜੇ ।
ਲਿਖਿਆ ਯਾਰ ਆਹਾ. ਮਿਲ ਜਾਹ ਯਾਰਾ.

ਯਾਰ ਯਾਰ ਕਾਰਨ ਚਿੱਤ ਚਾਹੁੰਦਾ ਜੇ ।
ਕੋਈ ਘਣੇ ਨ ਢੋ ਮਿਲਾਪ ਵਾਲਾ,
ਓੜਕ ਹੋ ਕੇ ਨੀਰ ਵਹਾਵਦਾ ਜੇ ।
ਕਿਹੜੇ ਤੌਰ ਮਿਲਸਾਂ ਪਿਆਰੇ ਯਾਰ ਤਾਈ
ਲੱਖ ਫਿਕਰ ਦਲੀਲ ਦੁੜਾਵਦਾ ਜੇ ।
ਗਿਆ ਇਸ਼ਕ ਸਿਖਾ ਗਦਾ ਹੋਣਾ,
ਓੜਕ ਵਕਤ ਇਹ ਇਸ਼ਕ ਸਿਖਾਵਦਾ ਜੇ ।

ਪਹਿਲੋਂ ਚਾਕ ਹੋਇਆ ਹੁਣ ਖ਼ਾਕ ਮਲੀ,
ਕਾਰਨ ਯਾਰ ਦੇ ਭੇਸ ਵਟਾਂਵਦਾ ਜੇ । ੯੦੦ ।
ਜਾਲਮ ਇਸ਼ਕ ਨੇ ਪੀਰ ਫ਼ਕੀਰ ਕੀਤੇ,
ਤਖ਼ਤੋਂ ਸ਼ਾਹ ਭੀ ਚਾ ਗਿਰਾਂਵਦਾ ਜੇ ।
ਘਰ ਘਰ ਫਿਰ ਬਹਾਨੜੇ ਨਾਲ ਮੰਗਦਾ,
ਕਾਰਨ ਯਾਰ ਦੇ ਸਗਣ ਮਨਾਂਵਦਾ ਜੇ ।
ਕੋਈ ਦੇ ਗਾਲੀ ਕੋਈ ਬੁਰਾ ਬੋਲੇ,
ਕੋਈ ਮਿਹਰ ਸੇਤੀ ਖ਼ੈਰ ਪਾਂਵਦਾ ਜੇ ।
ਅੱਵਲ ਕੁੱਲ ਮੁਸੀਬਤਾਂ ਝੱਲ ਲੈਂਦਾ,
ਭਾਰ ਇਸ਼ਕ ਵਾਲਾ ਜਿਹੜਾ ਚਾਂਵਦਾ ਜੇ ।
ਇਕ ਖੈਰ ਮਹਿਬੂਬ ਦੀ ਚਾਹ ਆਹੀ,
ਹੋਰ ਖੈਰ ਬਦਖ਼ੈਰ ਧਰਾਂਵਦਾ ਜੇ ।

ਗਲੀ ਜਾਨ ਵਾਲਾ ਗਲੀ ਵਿਚ ਕੂਚੇ,
ਫਿਰੇ ਕੂੰਜ ਵਾਂਗੂੰ ਕੁਰਲਾਂਵਦਾ ਜੇ ।
ਓੜਕ ਝਾਗ ਕੂਚੇ ਦੁੱਖ ਦਰਦ ਵਾਲੇ,
ਘਰ ਸਾਹੁਰੇ ਯਾਰ ਦੇ ਜਾਂਵਦਾ ਜੇ ।
ਖ਼ੈਰ ਆਨ ਫਕੀਰ ਨੂੰ ਦਾਨ ਕੀਜੇ,
ਉੱਚੀ ਨਾਲ ਅਵਾਜ਼ ਬੁਲਾਵਦਾ ਜੇ ।
ਕੰਨੀਂ ਯਾਰ ਦੀ ਸੁਣੇ ਅਵਾਜ਼ ਸੋਹਣੀ,
ਅੰਪਰ ਵਿਚ ਪਛਾਨ ਨ ਆਵਦਾ ਜੇ ।
ਕਹਿਆ ਸੱਸ, ਫਕੀਰ ਨੂੰ ਖ਼ਰ ਪਾਵੀ,
ਸਾਨੂੰ ਆਸਰਾ ਫਕਰ ਦੇ ਨਾਮ ਦਾ ਜੇ ।
ਸੋਹਣੀ ਖ਼ੈਰ ਫਕੀਰ ਨੂੰ ਪਾਉਣ ਚੱਲੀ,

ਦੇਖੋ ਵਿਛੜੇ ਰੱਬ ਮਿਲਾਂਵਦਾ ਜੇ ।
ਓਹਲੇ ਹੋ ਕਹਿਆ ਇਹ ਲੈ ਖ਼ੈਰ ਸਾਈ,
ਮਹੀਂਵਾਲ ਰੁਮਾਲ ਨੂੰ ਡਾਂਹਵਦਾ ਜੇ ।
ਖ਼ੈਰ ਲੈਂਦਿਆਂ ਸਾਰ ਨਿਸਾਰ ਹੋਇਆ,
ਸਾਰਾ ਹੋਸ਼ ਹਵਾਸ ਭੁਲਾਂਵਦਾ ਜੇ ।
ਸੋਹਣੀ ਖ਼ਾਸ ਮਿਸਾਲ ਮਸਾਲ ਆਹੀ,
ਆਸ਼ਕ ਵਾਂਗ ਪਤੰਗ ਜਲਾਵਦਾ ਜੇ ।
ਕੀਤੀ ਢੂੰਡ ਸੋਹਣੀ ਮਹੀਂਵਾਲ ਭਾਵੇਂ,
ਜਿਹੜਾ ਦੇਖ ਮੈਨੂੰ ਗ਼ਮ ਖਾਂਵਦਾ ਜੇ ।
ਓੜਕ ਲਿਆ ਪਛਾਣ ਤੇ ਝੱਸ ਤਲੀਆਂ,
ਯਾਰ ਯਾਰ ਨੂੰ ਤੁਰਤ ਉਠਾਵਦਾ ਜੇ ।
ਗਲ ਲੱਗ ਮਿਲੀ, ਬੁਝੀ ਅੱਗ ਦਿਲ ਦੀ,
ਅੰਪਰ ਖ਼ੌਫ਼ ਰਕੀਬ ਦੀ ਮਾਉਂ ਦਾ ਜੇ ।
ਲੱਗੀ ਹਾਲ ਦੱਸਣ ਛੇਤੀ ਨਾਲ ਸੋਹਣੀ,
ਮਹੀਂਵਾਲ ਵੀ ਰੋ ਸੁਣਾਂਵਦਾ ਜੇ ।
ਕਿਸੇ ਨਾਹ ਸੁਣੀ ਇਕ ਦੂਸਰੇ ਦੀ,
ਓੜਕ ਕਹੇ ਸੋਹਣੀ ਮਨ ਭਾਂਵਦਾ ਜੇ ।
ਜਾਹ ਸਿਦਕ ਯਕੀਨ ਥੀਂ ਬੈਠ ਸਾਈਆ,
ਅੰਪਰ ਪਾਸ ਜੋ ਘਾਟ ਝਨਾਉ ਦਾ ਜੇ ।। ੯੨੦ ।।
ਦੇਸੀ ਰੱਬ ਮੁਰਾਦ ਪੁਗਾ ਤੇਰੀ,
ਜਿਹੜਾ ਕੁਲ ਦੀ ਆਸ ਪੁਜਾਂਵਦਾ ਜੇ ।
ਫਜ਼ਲ ਸ਼ਾਹ ਮਹਿਬੂਬ ਦੀ ਚਾਹ ਅੰਦਰ,
ਸਾਇਤ ਸਾਲ ਮਿਸਾਲ ਲੰਘਾਂਵਦਾ ਜੇ ।

## ਮਹੀਂਵਾਲ ਦਾ ਰਾਤ ਨੂੰ ਮੱਛੀ ਦਾ ਕਬਾਬ ਬਣਾ ਕੇ ਦਰਿਆ ਤਰ ਕੇ ਆਉਣਾ

ਮਹੀਂਵਾਲ ਕਦੀਮ ਦੇ ਲਾਇ ਝੰਡੇ,
ਬੈਠਾ ਬੇਲਿਆ ਦੇ ਮਾਨ ਤਾਨ ਬੇਲੀ ।
*ਰੌਣਕ ਵੇਖ ਫ਼ਕੀਰ ਦੀ ਲੋਕ ਸਾਰੇ,
ਮਹਿਰਮ ਹਾਲ ਹੋਏ ਉਸ ਦੇ ਆਨ ਬੇਲੀ ।
ਜਿਹੜੇ ਘਾਟ ਤੇ ਖ਼ਾਸ ਮਲਾਹ ਆਹੇ,
ਸੌਂਪ ਬੇੜੀਆਂ ਘਰੀਂ ਉਹ ਜਾਨ ਬੇਲੀ ।

ਨਿੱਤ ਦੇਣ ਪੁਚਾਇ ਫਕੀਰ ਤਾਈ.
ਦਿਨ ਰਾਤ ਜੋ ਘਰੀ ਪਕਾਨ ਬੇਲੀ ।
ਹੋਰ ਮੀਰ ਸਿਕਾਰ ਸਿਕਾਰ ਕਰਦੇ.
ਮੱਛੀ ਬਾਝ ਸੁਮਾਰ ਬਿਆਨ ਬੇਲੀ ।
ਹਿੱਸਾ ਪੀਰ ਫਕੀਰ ਦਾ ਵੱਖ ਕਰਕੇ,
ਮਹੀਵਾਲ ਦੀ ਨਜਰ ਟਿਕਾਨ ਬੇਲੀ ।
ਅੰਪਰ ਸੱਜਣਾ ਬਾਝ ਹਰਾਮ ਉਸ ਨੂੰ.
ਖਾਣ ਪੀਣ ਤੋਂ ਐਸ ਜਹਾਨ ਬੇਲੀ ।
ਨਿੱਤ ਲਾ ਮਸਾਲੜੇ ਭੁੰਨ ਮੱਛੀ.
ਹੋਵੇ ਯਾਰ ਦੇ ਵਲ ਰਵਾਨ ਬੇਲੀ ।
ਸੁੱਤੇ ਵਕਤ ਜਾ ਲੋਕ ਦਰਾਜ ਥੀਦ.
ਅੰਪਰ ਓਸ ਵੇਲੇ ਵਿਹਲ ਪਾਨ ਬੇਲੀ ।
ਓਧਰ ਸੋਹਣੀ ਭੀ ਇੰਤਜਾਰ ਕਰਦੀ.
ਮਹੀਵਾਲ ਦੀ ਤਰਫ ਧਿਆਨ ਬੇਲੀ ।
ਪਹਿਲੇ ਗਲ ਮਿਲਦੇ ਪਿਛੋ ਕੱਢ ਮੱਛੀ.
ਰਲ ਖਾਣ ਦੋਵੇ ਜਾਨੀ ਜਾਨ ਬੇਲੀ ।
ਗਲ ਮਿਲਣ ਸਤੀ ਦੁੱਖ ਦਰਦ ਜਾਵੇ.
ਗਮ ਸੂਲ ਫਿਰਾਕ ਸਿੱਧਾਨ ਬੇਲੀ ।

ਦੁੱਖ ਦੂਰ ਤਮਾਮ ਜਰੂਰ ਥੀਦ
ਜਦੋ ਰੱਬ ਹੁੰਦਾ ਮਿਹਰਬਾਨ ਬੇਲੀ ।
ਦੂਜੇ ਭਲਕ ਮਹੀਵਾਲ ਭੁੰਨ ਮੱਛੀ.
ਆਵੇ ਲੰਘ, ਝਨਾਉ ਤੂਫਾਨ ਬੇਲੀ ।
ਰਾਤੀ ਕਾਲੀਆ ਚੀਰ ਕੇ ਯਾਰ-ਕਾਰਨ.
ਕਰ ਕੇ ਆਵਦਾ ਜਾਨ ਕੁਰਬਾਨ ਬੇਲੀ ।
ਮਿਲ ਕੇ ਯਾਰ ਤਾਈ ਫੇਰ ਪਾਰ-ਜਾਵੇ.
ਬੈਠੇ ਆਪਣੇ ਜਾ ਮਕਾਨ ਬੇਲੀ ।
ਫਜਲ ਸਾਹ ਮੀਆ ਚੋਰੀ ਦੂਤੀਆ ਥੀਂ.
ਕਈ ਰੋਜ ਇਸ ਤੌਰ ਲੰਘਾਨ ਬੇਲੀ ।

## ਇਕ ਦਿਨ ਮੱਛੀ ਨਾ ਮਿਲਣ ਤੇ ਪੱਟ ਚੀਰ ਕੇ ਕਬਾਬ ਬਣਾ ਕੇ ਲੈ ਜਾਣਾ

ਇਕ ਰੋਜ਼ ਰਜਾਇ ਥੀਂ ਅਬਰ ਬਣਿਆ,
ਲੱਥਾ ਮੀਂਹ ਪਹਾੜ ਦੇ ਵਾਰ ਜਾਨੀ । ੯੪੦ ।
ਬਹੁਤ ਰੋਜ਼ ਥੀਂ ਜ਼ੋਰ ਝਨਾਉਂ ਚੜ੍ਹੀ,
ਮੱਛੀ ਹੱਲ ਗਈ ਓਸ ਵਾਰ ਜਾਨੀ ।
ਕੋਈ ਮੀਰ ਸ਼ਿਕਾਰ ਭੀ ਨਾ ਪਹੁੰਚਾ,
ਭਾਇ ਆਸ਼ਕਾਂ ਬਣੀ ਲਾਚਾਰ ਜਾਨੀ ।
ਵੇਲਾ ਨਿਤ ਦਾ ਆਇ ਨਜ਼ੀਕ ਪਹੁਤਾ,
ਪਈ ਰਾਤ ਕਾਲੀ ਧੁੰਧੂਕਾਰ ਜਾਨੀ ।
ਮਹੀਂਵਾਲ ਕੰਢੇ ਉਤੇ ਆਇ ਖਲਾ,
ਕੂਕੇ ਰੱਝ ਤੇ ਕਰੇ ਪੁਕਾਰ ਜਾਨੀ ।
ਆਖੇ ਚਾਰ ਮੁਸੀਬਤਾਂ ਪੇਸ਼ ਆਈਆਂ,
ਹੋਇਓ ਸਾਹਿਬਾ ਆਪ ਕਹਾਰ ਜਾਨੀ ।
ਇਕ ਨਹੀਂ ਮੱਛੀ ਦੂਜੇ ਨੈਂ ਚੜ੍ਹੀ,
ਤੀਜਾ ਮੀਂਹ, ਚੌਥਾ ਇੰਤਜ਼ਾਰ ਜਾਨੀ ।
ਜੇਕਰ ਯਾਰ ਤਾਈਂ ਅੱਜ ਨਾਂਹ ਮਿਲਸਾਂ,
ਕਿਹਾ ਉਸ ਦਾ ਮੈਂ ਯਾਰ ਗਾਰ ਜਾਨੀ ।
ਖ਼ਾਤਰ ਯਾਰ ਦੀ ਚੀਰ ਝਨਾਉਰ ਜਾਵਾਂ,
ਖ਼ਾਲੀ ਜਾਵਾਂ ਨਹੀਂ ਦਰਕਾਰ ਜਾਨੀ ।
ਓੜਕ ਫੇਰ ਝੁੱਗੀ ਅੰਦਰ ਜਾਇ ਵੜਿਆ,
ਚੀਰੇ ਪੱਟ ਨੂੰ ਖੱਲ ਉਤਾਰ ਜਾਨੀ ।
ਆਸ਼ਕ ਮਾਸ ਜ਼ਿੰਦਾ ਵੱਢ ਲਿਆ ਪੱਟੋਂ
ਮਾਸ ਰੋਜ਼ ਦਾ ਭੁੰਨ ਵਿਚਾਰ ਜਾਨੀ ।
ਖ਼ਾਸੇ ਲਾ ਮਾਸਲੜੇ ਚਾਟੂ ਸੀਖ਼ਾਂ,
ਹੱਥੀ ਭੁੰਨਦਾ ਖ਼ੂਬ ਸਵਾਰ ਜਾਨੀ ।
ਬੰਨ੍ਹ, ਪੱਟ ਤੇ ਪੱਟੀਆਂ ਭੁੰਨ ਗੋਸ਼ਤ,
ਗਿਆ ਲੰਘ ਝਨਾਉਂ ਥੀਂ ਪਾਰ ਜਾਨੀ ।
ਪਹਿਲੋਂ ਯਾਰ ਨੂੰ ਮਿਲ, ਸ਼ਿਕਾਰ ਪਿੱਛੋਂ,
ਦੇਵੇ ਯਾਰ ਦੀ ਨਜ਼ਰ ਗੁਜ਼ਾਰ ਜਾਨੀ ।
ਸੋਹਣੀ ਪਕੜ, ਕਬਾਬ ਨੂੰ ਮੁੱਖ ਪਾਵੇ,
ਸੁੱਟੇ ਹੋਇ ਕੇ ਤੁਰਤ ਬੇਜ਼ਾਰ ਜਾਨੀ ।

ਸੱਚ ਦੱਸ ਬਲਾ ਕੀ ਆਂਦੀਓ ਈ.
ਅੱਜ ਭੁੰਨ ਕੇ ਯਾਰ ਗਮਖ਼ਾਰ ਜਾਨੀ ।
ਮਹੀਂਵਾਲ ਕਿਹਾ ਮੱਛੀ ਆਂਦੀ ਆ ਮੈਂ.
ਤੇਰੇ ਕਾਰਨੇ ਯਾਰ ਦਿਲਦਾਰ ਜਾਨੀ ।
ਖਾਓ ਨਾਲ ਯਕੀਨ ਵਿਸ਼ਵਾਸ ਨਾਹੀਂ.
ਲਿਆ ਭੁੰਨ ਮੈਂ ਆਪ ਸ਼ਿਕਾਰ ਜਾਨੀ ।
ਮੱਛੀ ਅੱਜ ਵਾਲੀ ਸੱਚ ਸਖ਼ਤ ਆਹੀ.
ਕਰੋ ਕੁਝ ਨਾ ਹੋਰ ਵਿਚਾਰ ਜਾਨੀ ।
ਸੋਹਣੀ ਫੇਰ ਮਜ਼ਾਖ ਦੇ ਨਾਲ ਕਹਿਆ.
ਮੱਛੀ ਨਹੀਂ ਇਹ ਯਾਰ ਸਰਦਾਰ ਜਾਨੀ ।
ਏਹਦਾ ਹੋਰਦਾ ਹੋਰ ਸਵਾਦ ਆਵੇ.
ਮੈਥੇ ਆਖ ਤੂੰ ਸੱਚ ਨਿਤਾਰ ਜਾਨੀ ।। ੯੬੦ ।
ਮਹੀਂਵਾਲ ਨੇ ਹਾਲ ਵਿਖਾਲ ਦਿਤਾ.
ਜਦੋਂ ਪੁੱਛ ਕੀਤੀ ਬਾਰ ਬਾਰ ਜਾਨੀ ।
ਪੱਟੋਂ ਪੱਟੀਆਂ ਖੋਲ੍ਹ ਕੇ ਯਾਰ ਅੱਗੇ.
ਮਹੀਂਵਾਲ ਰੁੰਨਾ ਜ਼ਾਰੋ ਜਾਰ ਜਾਨੀ ।
ਅਜੇ ਨਹੀਂ ਸਵਾਦ ਜੇ ਤੁੱਧ ਤਾਈਂ,
ਹਾਜ਼ਰ ਜਾਨ ਮੇਰੀ ਮੈਨੂੰ ਮਾਰ ਜਾਨੀ ।
ਸੋਹਣੀ ਵੇਖ ਰੁੰਨੀ ਫੱਟ ਪੱਟ ਸੰਦਾ.
ਪੁੱਟ ਸੁੱਟਦੀ ਵਾਲ ਹਜ਼ਾਰ ਜਾਨੀ ।
ਪੱਟ ਚੀਰ ਸਾਈਂਆ ਮੈਨੂੰ ਪੱਟਿਓ ਈ.
ਪੱਟ ਪੱਟ ਤੇ ਸਟਿੱਓ ਯਾਰ ਜਾਨੀ ।
ਛੇਤੀ ਪੱਟ ਤੇ ਪੱਟੀਆ ਬੰਨ੍ਹ ਯਾਰਾ.
ਤੈਥੋਂ ਘੋਲ ਘੱਤੀ ਸੁਟੀ ਵਾਰ ਜਾਨੀ ।
ਬੱਸ ਸਜਣਾ ਓ ਤੈਥੋਂ ਹੱਦ ਹੋਈ.
ਜਾਹ ਬੈਠ ਹੁਣ ਨਾਲ ਕਰਾਰ ਜਾਨੀ ।
ਜਿਤ ਜ਼ਿਤ੍ਰ ਮਿਲਸਾਂ ਨਿੱਤ ਪਾਰ ਤੈਨੂੰ.
ਤੁਸਾਂ ਆਵਣਾ ਨਹੀਂ ਉਰਾਰ ਜਾਨੀ ।
ਮਹੀਂਵਾਲ ਬੀਮਾਰ ਸਿਧਾਰ ਗਿਆ.
ਪਾਰ ਵਾਰ. ਇਹ ਮੰਨ ਗੁਫਤਾਰ ਜਾਨੀ ।
ਇਸ ਥੀਂ ਬਾਦ ਸੋਹਣੀ ਮਹੀਂਵਾਲ ਤਾਈਂ.
ਜਾ ਕੇ ਪਾਰ ਮਿਲੇ ਨਾਲ ਯਾਰ ਜਾਨੀ ।

ਨਿੱਤ ਘੜਾ ਲੈ ਕੇ ਠਿਲ੍ਹ ਪਾਰ ਜਾਵੇ.
ਕਰੇ ਯਾਰ ਦਾ ਜਾ ਦੀਦਾਰ ਜਾਨੀ ।
ਮੁੜਦੀ ਵਾਰ ਲੁਕਾ ਕੇ ਰੱਖ ਆਵੇ.
ਘੜਾ ਬੂਟਿਆਂ ਦੇ ਵਿਚਕਾਰ ਜਾਨੀ ।
ਫਜ਼ਲ ਸ਼ਾਹ ਪਰ ਮੁਦਤਾਂ ਗੁਜ਼ਰ ਗਈਆਂ.
ਰਹੀ ਸੋਹਣੀ ਦੀ ਏਹੋ ਕਾਰ ਜਾਨੀ ।

## ਸੋਹਣੀ ਦੀ ਨਨਾਣ ਨੂੰ ਖ਼ਬਰ ਹੋਣੀ ਤੇ ਪੱਕੇ ਘੜੇ ਦਾ ਬਦਲਣਾ

ਇਕ ਰਾਤ ਚੱਲੀ ਸੋਹਣੀ ਯਾਰ ਵੱਲ.
ਸੋਹਣਾ ਹਾਰ ਸ਼ਿੰਗਾਰ ਲਗਾ ਬੇਲੀ ।
ਸੁੱਤੀ ਪਈ ਨਨਾਣ ਨੂੰ ਜਾਗ ਆਈ.
ਉਹ ਭੀ ਮਗਰ ਚਲੀ ਕਰ ਧਾ ਬੇਲੀ ।
ਸੋਹਣੀ ਨਿਕਲ ਦਰਵਾਜ਼ਿਓਂ ਰਵਾਂ ਹੋਈ.
ਧਰਿਆ ਮੂੰਹ ਝਨਾਓਂ ਦੇ ਦਾ ਬੇਲੀ ।
ਖੋਜ ਚੋਰ ਸੰਦਾ ਖੋਜੀ ਪਕੜ ਲਿਆ.
ਅੰਪਰ ਚੋਰ ਨੂੰ ਖ਼ਬਰ ਨਾ ਕਾ ਬੇਲੀ ।
ਘੜਾ ਚਾ ਲੈਂਦੀ ਓਹਨਾਂ ਬੂਟਿਆਂ ਥੀਂ.
ਜਿਥੇ ਆਂਵਦੀ ਨਿੱਤ ਲੁਕਾ ਬੇਲੀ ।
ਸਿਰ ਤੇ ਬੰਨ੍ਹ ਵਾਹਲ ਰੱਬ ਯਾਦ ਕਰ ਕੇ.
ਸੋਹਣੀ ਠਿੱਲ ਪਈ ਦਰਿਆ ਬੇਲੀ ।
ਮਿਲ ਕੇ ਯਾਰ ਨੂੰ ਲੰਘ ਉਰਾਰ ਆਵੇ.
ਰੱਖੇ ਘੜੇ ਨੂੰ ਫੇਰ ਛੁਪਾ ਬੇਲੀ ।। ੯੮੦ ।
ਓਹਲੇ ਬੈਠ ਨਿਨਾਣ ਨੇ ਸਭ ਡਿੱਠਾ.
ਅੰਪਰ ਉੱਠ ਗਈ ਗੁੱਸਾ ਖਾ ਬੇਲੀ ।
ਅੱਗੋਂ ਸੋਹਣੀ ਵੀ ਘਰੀਂ ਜਾ ਸੁੱਤੀ.
'ਅਲਫੋਂ ਯੇ ਤੀਕਰ ਗਲ ਪਾ ਬੇਲੀ ।
ਜਦੋਂ ਫਜਰ ਹੋਈ ਉਹ ਭੀ ਕਹਿਰ-ਭਰੀ.
ਗਈ ਤਰਫ ਦੁਕਾਨ ਸਿਧਾ ਬੇਲੀ ।
ਫੇਰ ਤਰਫ ਝਨਾਉਂ ਦੀ ਰਵਾਂ ਹੋਈ.
ਕੱਚਾ ਘੜਾ ਦੁਕਾਨ ਥੀਂ ਚਾ ਬੇਲੀ ।
ਜਿੱਥੇ ਸੋਹਣੀ ਘੜਾ ਟਿਕਾਇਆ ਸੀ.
ਜਾ ਪਹੁੰਚੀਆ ਓਸੇ ਹੀ ਜਾ ਬੇਲੀ ।

ਕੱਚਾ ਬੂਟਿਆਂ ਵਿਚ ਲੁਕਾ ਰੱਖੇ.
ਪੱਕੇ ਘੜੇ ਦੇ ਨਾਲ ਵਟਾ ਬੇਲੀ ।
ਕੱਚੀ ਕੱਚ ਕੀਤਾ ਧੁਰੋਂ ਸੱਚ ਆਹਾ.
ਕਿਹੜਾ ਲਿਖਿਆ ਲੇਖ ਮਿਟਾ ਬੇਲੀ ।
ਘਰੀਂ ਆਇ ਪਹੁੰਚੀ ਖ਼ੂਨਣ ਆਸਕਾਂ ਦੀ,
ਦੇਵੇ ਮਾਂ ਨੂੰ ਬਾਤ, ਸੁਣਾ ਬੇਲੀ ।
ਉਸ ਦੀ ਮਾਓਂ ਭੀ ਮਾਰਨਾ ਲੋੜਦੀ ਸੀ.
ਦਿੱਤੀ ਆਸ ਖ਼ੁਦਾ ਪੁਜਾ ਬੇਲੀ ।
ਜੇਕਰ ਪਿਛਾਂਹ ਮੁੜਾਂ ਕਾਫ਼ਰ ਹੋਇ ਮਰਾਂ.
ਦੋਜ਼ਖ਼ ਕੁਲ ਕੁਫਾਰ ਦੀ ਜਾ ਬੇਲੀ ।
ਮਹੀਂਵਾਲ ਤਾਈਂ ਕ਼ਾਬਾ ਜਾਣਿਆ ਮੈਂ.
ਕਿਹੜਾ ਕਾਬਿਓਂ ਮੁੱਖ ਭਵਾ ਬੇਲੀ ।
ਸੱਚਾ ਇਸ਼ਕ ਤਾਹੀਂ ਜੇਕਰ ਅੱਜ ਮਿਲਸਾਂ.
ਦਿਆਂ ਜਾਨ ਨੂੰ ਘੋਲ ਘੁਮਾ ਬੇਲੀ ।
ਇਕੇ ਯਾਰ ਦਾ ਜਾ ਦੀਦਾਰ ਕੀਤਾ.
ਇਕੇ ਜਾਨ ਹੋ ਗਈ ਵਿਦਾ ਬੇਲੀ ।
ਬਾਝ ਯਾਰ ਦਿਲਦਾਰ ਗੁਬਾਰ ਦਿਸੇ.
ਮਹੀਂਵਾਲ ਦਾ ਹੈ ਮੈਨੂੰ ਚਾ ਬੇਲੀ ।
ਘੜਾ ਪਕੜ ਕੇ ਹੋ ਰਵਾਨ ਟੁਰੀ.
ਨਾਲ ਸਿਦਕ ਯਕੀਨ ਸਫਾ ਬੇਲੀ ।
ਇਕ ਯਾਰ ਦਾ ਪਿਆਰ ਦਰਕਾਰ ਜਾਤਾ.
ਚਲੀ ਗ਼ੈਰ ਦੀ ਪ੍ਰੀਤ ਚੁਕਾ ਬੇਲੀ ।। ੧੦੨੦ ।
ਸੋਹਣੀ ਜਾਇ ਪਹੁੰਚੀ ਉਪਰ ਕੰਢੜੇ ਦੇ.
ਮੂੰਹੋ ਮੰਗਦੀ ਖੜੀ ਦੁਆ ਬੇਲੀ ।
ਸਿਰ ਤੇ ਬੰਨ੍ਹ ਵਾਹਲ ਕਲਮਾ ਯਾਦ ਕੀਤਾ.
ਟੁਰੀ ਯਾਰ ਦਾ ਲੈਣ ਲਕਾ ਬੇਲੀ ।
ਫਜ਼ਲ ਜਾਣ ਕੇ ਜਾਨ ਵੰਞਾਣ ਆਸ਼ਕ.
ਮੁੜਦੇ ਇਸਕ ਨੂੰ ਲਾਜ ਨਾ ਲਾ ਬੇਲੀ ।

## ਸੋਹਣੀ ਦਾ ਦਰਿਆ ਵਿਚ ਠਿੱਲ੍ਹਣਾ ਤੇ ਘੁੰਮਣਘੇਰੀ ਵਿਚ ਪੈ ਜਾਣਾ

ਪਾਣੀ ਚੜ੍ਹ ਆਇਆ ਉਪਰ ਕੰਢਿਆਂ ਦੇ.
ਓਸ ਰਾਤ ਸੀ ਅੰਡ ਤੂਫ਼ਾਨ ਮੀਆਂ ।

ਸੋਹਣੀ ਵਿਚ ਦਰਿਆ ਦੇ ਜਾਇ ਵੜੀ.
ਕੰਬ ਗਏ ਨੀ ਜ਼ਿਮੀਂ ਅਸਮਾਨ ਮੀਆਂ ।
ਅੰਬਰ ਕੜਕ ਡਰਾਂਵਦੇ ਰੂਦ ਵਾਂਗੂੰ.
ਦੇਖ ਸਹਿਮ ਗਈ ਉਹਦੀ ਜਾਨ ਮੀਆਂ ।
ਮੁੜ ਮੁੜ ਦੇ ਤਸੱਲੀਆਂ ਜੀ ਤਾਈਂ.
ਮੰਦਾ ਯਾਰ ਤੋ ਮੁੱਖ ਭਵਾਨ ਮੀਆਂ ।
ਮੁੱਖ ਮੋੜਿਆਂ ਇਸ਼ਕ ਨੂੰ ਲਾਜ ਲੱਗੇ.
ਮਹੀਂਵਾਲ ਤੋਂ ਜਾਨ ਕੁਰਬਾਨ ਮੀਆਂ ।
ਮਹੀਂਵਾਲ ਹੈ ਦੋ ਜਹਾਨ ਅੰਦਰ.
ਮਾਲ ਜਾਨ ਤੇ ਦੀਨ ਈਮਾਨ ਮੀਆਂ ।
ਵਾਲੀ ਰੂਹ ਦਾ ਹੋ ਉਦਾਸ ਟੁਰਿਆ.
ਝੁਲੀ ਆਇ ਕੇ ਵਾ ਖ਼ਿਜ਼ਾਨ ਮੀਆਂ ।
ਓੜਕ ਬੰਨ੍ਹ ਮੁੰਡਾਸੜਾ ਠਿੱਲ੍ਹ ਪਈ.
ਕੱਚੇ ਘੜੇ ਉਤੇ ਲਾਇਆ ਤਾਨ ਮੀਆਂ ।
ਜੋ ਕੁਝ ਲੋਹ ਮਹਫ਼ੂਜ਼ ਤੇ ਲਿਖਿਆ ਸੀ.
ਸੋਈ ਵਹਿ ਮਿਲਸੀ ਅੱਜ ਆਨ ਮੀਆ ।
ਕਰੇ ਜਾਨ ਹਵਾਲੜੇ ਯਾਰ ਦੇ ਜੀ.
ਜਿਹੜਾ ਯਾਰ ਸੀ ਵਿਰਦ ਜਬਾਨ ਮੀਆਂ ।
ਅੱਜ ਸ਼ਾਖ ਉਮੈਦ ਦੀ ਟੁੱਟ ਪੈਸੀ,
ਹੋਸੀ ਬਾਗ਼ ਵਜੂਦ ਵਰਾਨ ਮੀਆ ।
ਫ਼ਜ਼ਲ ਯਾਰ ਤੋਂ ਮੁੱਖ ਨਾ ਮੋੜਿਓ ਸੂ.
ਹੋਈ ਯਾਰ ਦੇ ਵਲ ਰਵਾਨ ਮੀਆਂ ।

## ਸੋਹਣੀ ਦਾ ਗ਼ੋਤੇ ਖਾਣਾ

ਵੰਝੀਂ ਹਾਥ ਝਨਾਉਂ ਅੰਧੇਰ ਚੜ੍ਹੀ.
ਓਸ ਰਾਤ ਸੀ ਐਡ ਉਛਾਲ ਹੋਈ ।
ਕੱਚਾ ਘੜਾ ਗੁਦਾਜ ਹੋ ਗਿਆ ਸਾਰਾ.
ਵਾਹਲ ਭਿੱਜ ਗਈ ਮੰਦੇ ਹਾਲ ਹੋਈ ।
ਘੁੰਮਣਘੇਰ ਚੁਫੇਰ ਅੰਧੇਰ ਕੀਤਾ.
ਨਾਲ ਲਹਿਰ ਕਜ਼ਾ ਪਾਮਾਲ ਹੋਈ ।
ਹੁਣ ਆਇ ਕੇ ਦੇਖ ਪਿਆਰਿਆ ਓਏ.

ਜੋ ਕੁਛ ਮੈਂ ਨਿਮਾਣੀ ਦੇ ਨਾਲ ਹੋਈ ।
ਰੱਬ ਕਰੇ ਨਸੀਬ ਨਾ ਦੂਤੀਆ ਦੇ,
ਜੋ ਕੁਝ ਨਾਲ ਮੇਰੇ ਮਹੀਂਵਾਲ ਹੋਈ ।। ੧੦੪੦ ।
ਲੱਖ ਮੌਜ ਸੰਦੀ ਪਈ ਫੌਜ ਮੈਨੂੰ,
ਮੈਥੋਂ ਜ਼ਰਾ ਨਾ ਸੁਰਤ ਸੰਭਾਲ ਹੋਈ ।
ਗਿਆ ਪਾਟ ਜਹਾਜ਼ ਉਮੈਦ ਵਾਲਾ,
ਮੇਰੀ ਜ਼ਿੰਦਗੀ ਖ਼ਾਬ ਖ਼ਿਆਲ ਹੋਈ ।
ਸਿਰ ਸਿਰ ਲਾ ਬਾਜੀ ਤੱਤੀ ਖੇਡ ਬੈਠੀ,
ਓੜਕ ਤਿੰਨ ਕਾਣੇ ਮੇਰੀ ਚਾਲ ਹੋਈ ।
ਜਿਹੜੀ ਸੋਹਣੀ ਲਈ ਫਕੀਰ ਹੋਇਓਂ
ਛੁਰੀ ਅਜਲ ਦੇ ਨਾਲ ਹਲਾਲ ਹੋਈ ।
ਛੁੱਟਾ ਤੀਰ ਤਕਦੀਰ ਦਾ ਗੈਬ ਵਲੋਂ
ਮੇਰੀ ਜਾਨ ਓਦਿ ਪਿਆਰਿਆ ਢਾਲ ਹੋਈ ।
ਕਈ ਲੱਖ ਅਫਾਤ ਝਨਾਉ ਸੰਦੀ,
ਮੇਰੇ ਖਾਣ ਕਾਰਨ ਖੁਸਹਾਲ ਹੋਈ ।
ਹਾਏ ! ਹਾਏ ! ਹਾਲ ਮੇਰਾ ਤੈਨੂੰ ਕੌਣ ਦੱਸੇ,
ਫਰਿਆਦ ਮੇਰੀ ਵਾਲ ਵਾਲ ਹੋਈ ।
ਸਾਲਾ ਮਰੇ ਉਸ ਘੜਾ ਵਟੇਦੜੀ ਦਾ,
ਜਿਹੜੀ ਅਸਾ ਵਿਛੋੜ ਨਿਹਾਲ ਹੋਈ ।
ਮੇਰ ਰੂਹ ਦੇ ਬਾਜ ਪਰਵਾਜ਼ ਕੀਤਾ,
ਖ਼ਾਲੀ ਆਸਕਾਂ ਹੱਥ ਦਵਾਲ ਹੋਈ ।
ਇਕ ਵਾਰ ਦੀਦਾਰ ਹੁਣ ਆ ਦੇਵੀਂ,
ਤੇਰੇ ਮੁੱਖ ਦੀ ਭੁੱਖ ਕਮਾਲ ਹੋਈ ।
ਮੁੜ ਕੇ ਰੋਜ ਕਿਆਮਤ ਮਿਲੜਾ ਈ,
ਏਹੋ ਭਾ ਅਸਾਡੜੇ ਨਾਲ ਹੋਈ ।
ਰੱਜ ਕੀਤੀਆਂ ਨਾ ਤੇਰੇ ਨਾਲ ਗੱਲਾਂ,
ਸਾਰੀ ਉਮਰ ਦੁੱਖਾ ਅੰਦਰ ਜਾਲ ਹੋਈ ।
ਹੋਇਆ ਸੁੱਖ ਨਸੀਬ ਨਾ ਤੱਤੜੀ ਨੂੰ,
ਹੱਥੋਂ ਤਾਨ੍ਹਿਆ ਜਾਨ ਵਬਾਲ ਹੋਈ ।
ਦਿਲ ਦਾ ਖ਼ੂਨ ਅੱਖੀਂ ਭਰ ਕੇ ਰੋਨੀਆ ਮੈਂ,
ਮੇਰੇ ਹੰਝੂਆਂ ਥੀ ਨਦੀ ਲਾਲ ਹੋਈ ।
ਚੋਰੀ ਮਿਲਣ ਆਇਆ ਅੱਗੇ ਦਤੀਆ ਤੋਂ,

ਹੁਣ ਬੇਲੀਆ ਗੱਲ ਮੁਹਾਲ ਹੋਈ ।
ਫ਼ਜ਼ਲ ਯਾਰ ਪਿਆਰੇ ਨੂੰ ਕੂਕਦੀ ਸੀ,
ਸੋਹਣੀ ਗ਼ੋਤਿਆਂ ਨਾਲ ਨਿਢਾਲ ਹੋਈ ।

## ਸੋਹਣੀ ਦੇ ਵੈਣ

ਹੁਣ ਆ ਮਿਲ ਪਿਆਰਿਆ ਵੇਲੜਾ ਈ,
ਲੱਗੀ ਸਾਂਗ ਵਿਛੋੜੇ ਦੀ ਤਾਰ ਮੈਨੂੰ ।
ਹੋਸੀ ਜੀਉਂਦਿਆਂ ਫੇਰ ਨਾ ਮੇਲ ਤੇਰਾ,
ਜਾਂਦੀ ਵਕਤ ਆ ਦੇਹ ਦੀਦਾਰ ਮੈਨੂੰ ।
ਲੱਗਾ ਤੀਰ ਫ਼ਿਰਾਕ ਦਾ ਵਿਚ ਸੀਨੇ,
ਨਿਕਲ ਪਾਰ ਗਿਆ ਅਵਾਸਾਰ ਮੈਨੂੰ । ੧੦੬੦ ।
ਅਜ਼ਰਾਈਲ ਵਕੀਲ ਹੈ ਆਣ ਖੱਲਾ,
ਦੇਂਦਾ ਲੈਣ ਨਾ ਪਲਕ ਕਰਾਰ ਮੈਨੂੰ ।
ਮੁੜ ਮੁੜ ਦੇਹ ਉਥੱਲ ਪਥੱਲ ਸਾਈਂਆ,
ਲਿਆ ਝੰਬ ਅੰਧੇਰੀ ਨੇ ਮਾਰ ਮੈਨੂੰ ।
ਨਾਲ ਗੜ੍ਹਾ ਲੱਥਾ ਕਿਸੇ ਕਹਿਰ ਦਾ ਈ,
ਖਾਵੇ ਬਿਜਲੀ ਦਾ ਚਮਕਾਰ ਮੈਨੂੰ ।
ਮੂਸੇ ਵਾਂਗ ਆਈ ਯਾਰ ਰਾਤ ਕਾਲੀ,
ਧੁੰਧੂਕਾਰ ਤੇ ਅਬਰ ਗੁਬਾਰ ਮੈਨੂੰ ।
ਮੇਰੀ ਜਾਨ ਅਜ਼ਾਬ ਦੇ ਮੁਖ ਆਈ,
ਮੌਲਾ ਸਮਝ ਲੀਤਾ ਗੁਣਹਗਾਰ ਮੈਨੂੰ ।
ਲੈ ਓ ਯਾਰ ! ਲਬਾਂ ਉਤੇ ਜਾਨ ਆਈ,
ਹੁਣ ਦੀਦ ਤਾਂ ਦੇਹ ਇਕ ਵਾਰ ਮੈਨੂੰ ।
ਲੰਮੇ ਵਹਿਣ ਪਈ ਆ ਤੇਰੀ ਸੋਹਣੀ ਓਇ,
ਹੁਣ ਆ ਲੰਘਾ ਖਾਂ ਪਾਰ ਮੈਨੂੰ ।
ਮੱਛ ਕੱਛ ਕੁੰਮੇ ਤੰਦਵੇਂ ਬੁਲ੍ਹਣਾਂ ਭੀ,
ਆਏ ਖਾਣ ਹਜ਼ਾਰ ਸੰਸਾਰ ਮੈਨੂੰ ।
ਏਹੋ ਲੇਖ ਮੇਰੇ ਮੱਥੇ ਲਿਖਿਆ ਸੀ,
ਜਿਹੜਾ ਅੱਜ ਹੋਇਆ ਇਜ਼ਹਾਰ ਮੈਨੂੰ ।
ਮੇਰੀ ਜਾਨ ਤਰਸੰਦੜੀ ਲਏ ਤਰਲੇ,
ਮਿਲ ਜਾਹ ਓ ਪਿਆਰਿਆ ਯਾਰ ਮੈਨੂੰ ।
ਲੱਖ ਕਕ ਅਰਸੋ ਲੰਘ ਪਾਰ ਗਈਆ,

ਦਿੱਤੀ ਦਾਦ ਨਾ ਰੱਬ ਕੱਹਾਰ ਮੈਨੂੰ ।
ਤੱਤੀ ਰੱਜ ਨਾ ਦੇਖਿਆ ਮੁੱਖ ਤੇਰਾ,
ਆਣ ਬਣੀ ਓ ਯਾਰ ਲਾਚਾਰ ਮੈਨੂੰ ।
ਮੇਰੇ ਕਰਮ ਸਵੱਲੜੇ ਧੁਰੋਂ ਨਾਹੀ,
ਦਿੱਤੀ ਭਾਗ ਨਸੀਬ ਨੇ ਹਾਰ ਮੈਨੂੰ ।
ਆਪ ਆਇ ਕੇ ਮੁੱਖ ਵਿਖਾ ਸੋਹਣਾ,
ਮਰਦੀ ਵਾਰ ਤਾ ਸ਼ੁਕਰ ਗੁਜ਼ਾਰ ਮੈਨੂੰ ।
ਮੋਈ ਹੋਈ ਵੀ ਪਈ ਪੁਕਾਰਸਾਂਗੀ,
ਕੀਕਰ ਭੁੱਲ ਵੈਸੀ ਤੇਰਾ ਪਿਆਰ ਮੈਨੂੰ ।
ਪਈ ਧਾੜ ਅਜ਼ਗੈਬ ਦੀ ਤਾੜ ਕੇ ਤੇ,
ਰਾਹੋਂ ਲੁੱਟਿਆ ਈ ਮੇਰੇ ਯਾਰ ਮੈਨੂੰ ।
ਫਜ਼ਲ ਯਾਰ ਪਿਆਰਿਆ ਲਾ ਛਾਤੀ,
ਗ਼ਮਖ਼ਾਰ ਮੇਰੇ ਦਿਲਦਾਰ ਮੈਨੂੰ ।

ਤਥਾ

ਕਿਸ ਨੂੰ ਆਣ ਕੇ ਢੂੰਡਸੇਂ ਵਿਚ ਨੈ ਦੇ,
ਵੰਝੀਂ ਹਾਥ ਪਾਣੀ ਜਲ ਥੱਲ ਹੋਸੀ ।
ਕਿਹੜਾ ਦੇ ਦਿਲਾਸੜਾ ਤੁੱਧ ਤਾਈਂ,
ਕਿਸ ਨਾਲ ਸਾਈਂਆ ਤੇਰੀ ਗੱਲ ਹੋਸੀ ।। ੧੦੮੦ ।
ਜਦੋਂ ਸੋਹਣੀ ਦਾ ਕੋਈ ਨਾਮ ਲੈਸੀ
ਤੇਰੇ ਕਾਲਜੇ ਦੇ ਵਿਚ ਸੱਲ ਹੋਸੀ ।
ਮੌਲਾ ਜਾਣਦਾ ਹੈ ਸੁੰਞੀ ਜਾਨ ਮੇਰੀ,
ਤੇਰਾ ਨਾਮ ਲੈਂਦੀ ਕਿਹੜੇ ਵੱਲ ਹੋਸੀ ।
ਜਿਹੜਾ ਬੂਟੜਾ ਆਸ ਉਮੈਦ ਵਾਲਾ,
ਸੋਈ ਪਿਆਰਿਆ ਓਇ ਬਾਝ ਫੱਲ ਹੋਸੀ ।
ਤੇਰੇ ਗਏ ਨੀ ਪਾਨ ਕੁਮਲਾ ਸਾਰੇ,
ਕਲ੍ਹ ਵੇਖ ਲਈ ਸੁੱਕੀ ਵੱਲ ਹੋਸੀ ।
ਜਦੋਂ ਸੁਣੇਂਗਾ ਹਾਲ ਅਸਾਡੜੇ ਨੂੰ,
ਕੋਇਲਾ ਜੀਉ ਤੇਰਾ ਜਲ ਬੱਲ ਹੋਸੀ ।
ਫ਼ਜ਼ਲ ਸ਼ਾਹ ਜੇ ਆਹ ਫ਼ੁਗਾਨ ਕਰਸੇਂ,
ਤਦੋਂ ਅਰਸ਼ ਅਜ਼ੀਮ ਨੂੰ ਹੱਲ ਹੋਸੀ ।

ਤਥਾ

ਸੋਹਣੀ ਕੂਕਦੀ ਬੇਲੀਆ. ਬੇਲੀਆ ਓ.
ਦੱਸ ਕੌਣ ਦਰਦੀ ਏਡੇ ਹੈਣ ਤੇਰੇ।
ਇਕ ਸਾਕ ਆਹਾ ਤੇਰਾ ਨਾਲ ਮੇਰੇ.
ਏਥੇ ਹੋਰ ਨਾਹੀਂ ਸਾਕ ਸੈਣ ਤੇਰੇ।
ਪਿੱਛਾ ਦੂਰ ਰਿਹਾ ਤੇਰਾ ਸੱਜਣਾ ਓ.
ਹੁਣ ਕੋਲ ਨਾਹੀ ਭਾਈ ਭੈਣ ਤੇਰੇ।
ਫਿਰਸੈਂ ਕੰਢਿਆਂ ਤੇ ਡਾਵਾਂ ਡੋਲ ਭੌਂਦਾ.
ਕੋਈ ਨਾਂਹ ਸੁਣਸੀ ਸੁੰਵੇ ਵੈਣ ਤੇਰੇ।
ਜਦੋਂ ਦਰਦ ਫਿਰਾਕ ਦੀ ਧਾੜ ਪੈਂਸੀ.
ਕਿਹੜੇ ਵੱਲ ਵੈਸਣ ਸੁੱਖ ਚੈਣ ਤੇਰੇ।
ਫਜ਼ਲ ਨਾਲ ਸ਼ਾਲਾ ਜੁਗਾਂ ਤੀਕ ਜੀਵੇਂ.
ਖ਼ੁਸੀ ਨਾਲ ਗੁਜ਼ਰਨ ਦਿਨ ਰੈਣ ਤੇਰੇ।

ਤਥਾ

ਮਰ ਚੁੱਕੀ ਆ ਜਾਨ ਹੈ ਨੱਕ ਉਤੇ.
ਮੈਥੇ ਆ ਓਇ ਬੇਲੀਆ ਵਾਸਤਾ ਈ।
ਮੇਰਾ ਆਖ਼ਰੀ ਵਕਤ ਵਸਾਲ ਹੋਇਆ,
ਟਾਲ ਲਾ ਓਇ ਬੇਲੀਆ ਵਾਸਤਾ ਈ।
ਰਹੇ ਨਿੱਤ ਚਮਾਂਦੜਾ ਵਿਚ ਸੀਨੇ.
ਤੇਰਾ ਘਾ ਓਇ ਬੇਲੀਆ ਵਾਸਤਾ ਈ।
ਫੌਜ ਦਰਦ ਫ਼ਿਰਾਕ ਦੇ ਸੂਲ ਵਾਲੀ.
ਪਈ ਧਾ ਓਇ ਬੇਲੀਆ ਵਾਸਤਾ ਈ।
ਰੋਮ ਰੋਮ ਅੰਦਰ ਤੇਰਾ ਨਾਮ ਆਲੀ.
ਰਚਿਆ ਜਾ ਓਇ ਬੇਲੀਆ ਵਾਸਤਾ ਈ।
ਮੈਥੇ ਫ਼ਜ਼ਲ ਦੀ ਮੋੜ ਮੁਹਾਰ ਸਾਈਆ,
ਫੇਰਾ ਪਾ ਓਇ ਬੇਲੀਆ ਵਾਸਤਾ ਈ।

ਤਥਾ

ਮਲਕੁਲ ਮੌਤ ਆਇਆ ਜਿੰਦ ਲੈਣ ਕਾਰਨ,
ਮੇਰੇ ਪਾਸ ਓਇ ਪਿਆਰਿਆ ਵੇਲੜਾ ਈ।
ਜੇਕਰ ਪਹੁੰਚਣਾ ਈ ਮੈਥੀਂ ਪਹੁੰਚ ਸਾਈਆਂ.

ਤੇਰੀ ਆਸ ਓਇ ਪਿਆਰਿਆ ਵੇਲੜਾ ਈ ।। ੧੧੦੦ ।
ਮੱਛੀ ਯੂਨਸ ਵਾਲੜੀ ਆਣ ਪਹੁੰਚੀ,
ਖਾਣ ਮਾਸ ਓਇ ਪਿਆਰਿਆ ਵੇਲੜਾ ਈ ।
ਤੈਨੂੰ ਖਲੀ ਉਡੀਕਦੀ ਰਾਹ ਉਤੇ,
ਕੋਈ ਸਾਸ ਓਇ ਪਿਆਰਿਆ ਵੇਲੜਾ ਈ ।
ਕਾਹਨੂੰ ਪਾਰ ਝਨਾਉਂ ਥੀਂ ਪਾਰ ਕੀਤੋ,
ਸੁੰਞਾ ਵਾਸ ਓਇ ਪਿਆਰਿਆ ਵੇਲੜਾ ਈ ।
ਜਲਦੀ ਜਾਨ ਮੇਰੀ ਜਲਦੀ ਪਹੁੰਚ ਫ਼ਜ਼ਲੋਂ,
ਜਲਦੀ ਪਾਸ ਓਇ ਪਿਆਰਿਆ ਵੇਲੜਾ ਈ ।

ਤਥਾ

ਮੁੜ ਮੁੜ ਸੋਹਣੀ ਪਈ ਪੁਕਾਰਦੀ ਸੀ,
ਮਿਲ ਜਾਹ ਓਇ ਸੱਜਣਾ ਵੇਲੜਾ ਈ ।
ਔਖੇ ਵਕਤ ਆ ਦੇਹ ਦਿਦਾਰ ਮੈਨੂੰ,
ਤੇਰੀ ਚਾਹ ਓਇ ਸੱਜਣਾ ਵੇਲੜਾ ਈ ।
ਸੁੰਵੇ ਰੂਹ ਨੇ ਕੁਲ ਜੰਜਾਲ ਸੁੱਟੇ,
ਗਲੋਂ ਲਾਹ ਓਇ, ਸੱਜਣਾ ਵੇਲੜਾ ਈ ।
ਲਹਿਰ ਕਹਿਰ ਦੇ ਨਾਲ ਕੱਹਾਰ ਵਲੋਂ,
ਪਿਆ ਵਾਹ ਓਇ ਸੱਜਣਾ ਵੇਲੜਾ ਈ ।
ਤੇਰੀ ਸੋਹਣੀ ਹੋ ਨਿਢਾਲ ਪਈ ਆ,
ਲੰਮੇ ਰਾਹ ਓਇ ਸੱਜਣਾ ਵੇਲੜਾ ਈ ।
ਸੁਣ ਕੇ ਮਲਕੁਲ ਮੌਤ ਹੈਰਾਨ ਹੋਇਆਸ਼
ਮੇਰੀ ਆਹ ਓਇ ਸੱਜਣਾ ਵੇਲੜਾ ਈ ।
ਮੈਨੂੰ ਕਸਮ ਤੇਰੀ, ਲਿਆ ਰੋਕ ਪਾਣੀ,
ਮੇਰਾ ਸਾਹ ਓਇ ਸੱਜਣਾ ਵੇਲੜਾ ਈ ।
ਮਰਦੀ ਵਾਰ ਵਿਖਾ ਨਿਮਾਣਿਆਂ ਨੂੰ,
ਮੁੱਖ ਮਾਹ ਓਇ ਸੱਜਣਾ ਵੇਲੜਾ ਈ ।
ਜਿਹੜਾ ਕੰਢੜੇ ਤੇ ਬੂਟਾ ਜਾਨ ਦਾ ਸੀ,
ਲੱਗੀ ਢਾਹ ਓਇ ਸੱਜਣਾ ਵੇਲੜਾ ਈ ।
ਮੁਰਗ਼ ਰੂਹ ਦਾ ਮੀਰ ਸਿਕਾਰ ਖ਼ੂਨੀ,
ਲਿਆ ਫਾਹ ਓਇ ਸੱਜਣਾ ਵੇਲੜਾ ਈ ।
ਮੈਨੂੰ ਵਸਲ ਦੀਦਾਰ ਦੇ ਬਾਝ ਕੋਈ,

ਨਾਹੀ ਚਾਹ ਓਇ ਸੱਜਣਾ ਵਲੜਾ ਈ ।
ਤੇਰ ਫਜਲ ਦੇ ਬਾਝ ਨਾ ਹੋਰ ਮੇਰਾ,
ਦਰਦਖਾਹ ਓਇ ਸੱਜਣਾ ਵੱਲੜਾ ਈ ।

## ਸਹੇਲੀਆਂ ਵਲ

ਅਲਾ ਬੇਲੀਆ, ਸਾਡੜੇ ਕੂਚ ਡੇਰੇ,
ਮਿਲ ਜਾਵਣਾ ਅਹਿਲ ਸਹੇਲੀਓ ਨੀ ।
ਧੁੱਰੀ ਰਬ ਦੀ ਜੇ ਇਕ ਵਾਰ ਮੇਥੇ,
ਫੇਰਾ ਪਾਵਣਾ ਅਹਿਲ ਸਹੇਲੀਓ ਨੀ ।
ਸੋਹਣੇ ਯਾਰ ਦੇ ਵੱਸ ਬੇਵੱਸ ਹੋਇਆ,
ਮਰਾ ਆਵਣਾ ਅਹਿਲ ਸਹੇਲੀਓ ਨੀ ।
ਗਈ ਵਰਤ ਕਜਾ ਕਹਾਰ ਵਲੋਂ,
ਓਹਦਾ ਧਾਵਣਾ ਅਹਿਲ ਸਹੇਲੀਓ ਨੀ ।। ੧੧੨੦ ।

ਮਰੀ ਮਾ ਨੂੰ ਵਟ ਨਾ ਕਰਨ ਦਣਾ,
ਜੀਉ ਲਾਵਣਾ ਅਹਿਲ ਸਹਲੀਓ ਨੀ ।
ਦਾਣਾ ਅੱਜ ਤੇ ਛੋਪ ਨਖੇੜ ਮੇਰਾ,
ਚਰਖਾ ਡਾਵਣਾ ਅਹਿਲ ਸਹੇਲੀਓ ਨੀ ।
ਮਤਾ ਅੱਜ ਤਹਕੀਕ ਮੌਕੂਫ ਹੋਇਆ,
ਛੋਪ ਪਾਵਣਾ ਅਹਿਲ ਸਹਲੀਓ ਨੀ ।
ਘਰੋ ਘਰੀ ਜਾ ਕ ਇਕ ਦੂਸਰੀ ਨੂੰ,
ਸੱਦ ਲਿਆਵਣਾ ਅਹਿਲ ਸਹੇਲੀਓ ਨੀ ।
ਉਸੇ ਤੇਰ ਭੰਡਾਰ ਦੇ ਵਿਚ ਬਹਿ ਕੇ,
ਰਲ ਗਾਵਣਾ ਅਹਿਲ ਸਹੇਲੀਓ ਨੀ ।
ਮੇਰੀ ਚੋਗ ਜੇ ਅੱਜ ਨਿਖੁੱਟ ਗਈ,
ਖਾਧਾ ਖਾਵਣਾ ਅਹਿਲ ਸਹੇਲੀਓ ਨੀ ।
ਮੇਰੀ ਜਾ ਤੇ ਕਿਸ ਪਿਆਰੜੀ ਦਾ,
ਪੀੜ੍ਹਾ ਡਾਵ੍ਹਣਾ ਅਹਿਲ ਸਹੇਲੀਓ ਨੀ ।
ਫਜਲ ਯਾਤ ਨੂੰ ਹਾਲ ਤਬਾਹ ਮੇਰਾ,
ਸਮਝਾਵਣਾ ਅਹਿਲ ਸਹੇਲੀਓ ਨੀ ।

### ਮਾਂ ਨੂੰ ਯਾਦ ਕਰਨਾ

ਸੋਹਣੀ ਵੱਤ ਪੁਕਾਰਦੀ ਮਾਉਂ ਤਾਈਂ
ਹੁਣ ਆ ਖਾਂ ਤੂੰ ਮੇਰੇ ਕੋਲ ਮਾਏ ।
ਸੋਹਣੀ ਕੋਝਿਆਂ ਦੀ ਪੜਕੋਝੜੀ ਨੂੰ,
ਕਾਹਨੂੰ ਕੀਤੋ ਈ ਔਡ ਕਲੋਲ ਮਾਏ ।
ਸ਼ਾਲਾ ਨਿਜ ਜਣੇਂਦੀਉਂ ਸੋਹਣੀ ਨੂੰ,
ਅਣਭੋਲ ਮਾਏ, ਅਣਭੋਲ ਮਾਏ ।
ਗਲ ਘੁੱਟ ਇੱਕੇ ਮੈਨੂੰ ਮਾਰਨਾ ਸੀ,
ਇੱਕੇ ਦੇਵਣਾ ਸੀ ਜ਼ਹਿਰ ਘੋਲ ਮਾਏ ।
ਜੋ ਕੁਝ ਮੈਂ ਗ਼ਰੀਬ ਦੇ ਨਾਲ ਵਰਤੀ,
ਹੁਣ ਪੁੱਛ ਨਾਹੀਂ ਮੈਥੋਂ ਫੋਲ ਮਾਏ ।
ਕਾਲੀ ਚੜ੍ਹੀ ਅੰਧੇਰੜੀ ਮੌਤ ਵਾਲੀ,
ਮੈਨੂੰ ਦਿਸਣੋਂ ਰਿਹਾ ਨਿਰੋਲ ਮਾਏ ।
ਦੇਈਂ ਪਿਆਰ ਦਿਲਾਸੜਾ ਮਿਹਰ ਸੇਤੀ,
ਜਿਥੇ ਦੇਖਸੇਂਗੀ ਮੇਰਾ ਢੋਲ ਮਾਏ ।
ਮੇਰੀ ਜਾਨ ਲਬਾਂ ਉਤੇ ਆਨ ਖੱਲੀ,
ਫਜ਼ਲ ਸ਼ਾਹ ਵਾਂਗੂੰ ਡਾਵਾਂ ਡੋਲ ਮਾਏ ।

### ਮਾਂ ਤੋਂ ਮੁਆਫ਼ੀ ਮੰਗਣੀ

ਭੁੱਲ ਚੁੱਕ ਮੁਆਫ ਕਰ ਭੁੱਲਿਆਂ ਨੂੰ,
ਜੋ ਕੁਝ ਭੁੱਲ ਹੋਈ ਤਕਸੀਰ ਮਾਏ ।
ਏਹੋ ਵੇਲੜਾ ਈ ਤੇਰੇ ਬਖ਼ਸ਼ਣੇ ਦਾ,
ਮੈਨੂੰ ਬਖ਼ਸ਼ ਬੱਤੀ ਧਾਰਾਂ ਸ਼ੀਰ ਮਾਏ ।
ਲੈ ਕੇ ਪਹੁੰਚ ਸ਼ਿਤਾਬ ਨਿਮਾਣਿਆਂ ਤੇ,
ਮਹੀਂਵਾਲ ਬੇਹਾਲ ਫਕੀਰ ਮਾਏ ।
ਨਾਮ ਰੱਬ ਦੇ ਕਿਵੇਂ ਵਿਖਾਲ ਮੈਨੂੰ,
ਮੁੱਖ ਯਾਰ ਦਾ ਬਦਰ ਮੁਨੀਰ ਮਾਏ । ੧੧੪੦ ।
ਦੱਸ ਕੰਣ ਸਾਨੀ ਜਿਹੜਾ ਮੋੜ ਦੇਵੇ,
ਰੱਬ ਡਾਢੜੇ ਦੀ ਤਕਦੀਰ ਮਾਏ ।

ਤੇਰਾ ਸੀਰ ਪਿਆਵਣਾ ਯਾਦ ਆਇਆ,
ਡੁਲ ਪਿਆ, ਅੱਖੀਂ ਸੰਦਾ ਨੀਰ ਮਾਏ ।

ਕਿਵੇਂ ਯਾਰ ਦਾ ਅੱਜ ਮਿਲਾਪ ਹੋਵੇ.
ਕੋਈ ਕਰ ਵੇਖਾਂ ਤਦਬੀਰ ਮਾਏ ।

ਅਜੇ ਜਾਨ ਨਾਹੀਂ ਅਜ਼ਰਾਈਲ ਲਈ,
ਆਏ ਮੁਨਕਰ ਅਤੇ ਨਕੀਰ ਮਾਏ ।
ਮੇਰੇ ਹਾਲ ਨੂੰ ਦੇਖ ਬੇਹਾਲ ਹੋਇਆ,
ਫਜ਼ਲ ਸ਼ਾਹ ਦਿਲਗੀਰ ਫ਼ਕੀਰ ਮਾਏ ।

## ਸੋਹਣੀ ਦੀ ਫ਼ਰਿਆਦ ਅੱਲ੍ਹਾ ਦੀ ਦਰਗਾਹ ਵਿਚ

ਐਡਾ ਕਹਿਰ ਤੇ ਕਹਿਰ ਨਜ਼ੂਲ ਕੀਤੋ.
ਭਾਵੇਂ ਹੋਈ ਦਰਗਾਹ ਦੀ ਚੋਰ ਅੱਲ੍ਹਾ ।
ਜੇਕਰ ਮਾਰਨਾ ਈ ਸੱਚ ਸੋਹਣੀ ਨੂੰ,
ਨਾਲ ਯਾਰ ਕਰੀਂ ਮੇਰੀ ਗੋਰ ਅੱਲ੍ਹਾ ।
ਮੇਰੇ ਯਾਰ ਨੂੰ ਕੂਕ ਨਾ ਸੁਣਨ ਦੇਂਦੀ,
ਲਾਈ ਬੱਦਲਾਂ ਨੇ ਘਨਘੋਰ ਅੱਲ੍ਹਾ ।
ਮਹੀਂਵਾਲ ਨੂੰ ਚਾ ਵਿਛੋੜਿਓ ਈ,
ਨਹੀਂ ਨਾਲ ਤੇਰੇ ਕੋਈ ਜ਼ੋਰ ਅੱਲ੍ਹਾ ।
ਇਕ ਪਲਕ ਅੰਦਰ ਬੇੜਾ ਆਜਜ਼ਾਂ ਦਾ,
ਦਿੱਤਾ ਵਿਚ ਝਨਾਉਂ ਨਿਘੋਰ ਅੱਲ੍ਹਾ ।
ਔਖੀ ਬਣੀ ਦੇ ਵਿਚ ਨਿਮਾਣਿਆਂ ਦਾ.
ਤੇਰੇ ਫ਼ਜ਼ਲ ਬਾਝੋਂ ਨਾਹੀਂ ਹੋਰ ਅੱਲ੍ਹਾ ।

**ਤਥਾ**

ਮਹੀਂਵਾਲ ਫਕੀਰ ਦੇ ਦੁਸਮਨਾਂ ਨੂੰ
ਕੀਤੋ ਸ਼ਾਦ ਅੱਲ੍ਹਾ. ਕੀਤੋ ਸ਼ਾਦ ਅੱਲ੍ਹਾ ।
ਰੋਜ਼ ਹਸ਼ਰ ਦੇ ਤੀਕ ਪੁਕਾਰਸਾਂਗੀ,
ਦੇਈਂ ਦਾਦ ਅੱਲ੍ਹਾ. ਦੇਈਂ ਦਾਦ ਅੱਲ੍ਹਾ ।
ਮਹੀਂਵਾਲ ਤਾਈਂ ਵਾਲ ਵਾਲ ਮੇਰਾ.
ਕਰੇ ਯਾਦ ਅੱਲ੍ਹਾ, ਕਰੇ ਯਾਦ ਅੱਲ੍ਹਾ ।
ਯਾਰ ਯਾਰ ਕਰਦੀ ਓੜਕ ਹੋ ਗਈ ਆਂ,
ਬਰਬਾਦ ਅੱਲ੍ਹਾ, ਬਰਬਾਦ ਅੱਲ੍ਹਾ ।
ਫ਼ਜ਼ਲ ਸ਼ਾਹ ਮੀਆਂ ਸੋਹਣੀ ਡੁੱਬ ਮੋਈ,
ਫ਼ਰਿਆਦ ਅੱਲ੍ਹਾ, ਫਰਿਆਦ ਅੱਲ੍ਹਾ ।

### ਰੂਹ ਦੇ ਫਿਰਾਕ ਵਿਚ ਵੈਣ

ਭੌਰਾ ਰੂਹ ਦਾ ਹੋ ਉਦਾਸ ਟੁਰਿਆ,
ਲੰਮੇ ਵਹਿਣ ਪਾ ਕੇ ਅੱਲ੍ਹਾ ਆਣਿਆ ਨੂੰ ।
ਜਾਂਦੇ ਰੂਹ ਨੂੰ ਬੁੱਤ ਪੁਕਾਰ ਕੀਤੀ,
ਕਿਥੇ ਚਲਿਐਂ ਛੱਡ ਨਿਮਾਣਿਆ ਨੂੰ ।
ਮੈਨੂੰ ਬਣੀ ਤੇ ਹੋਰ ਬਣਾਇਓ ਈ,
ਬੱਧੇ ਭਾਰ ਓ ਯਾਰ ਪਲਾਣਿਆ ਨੂੰ ।
ਸੋਹਣੀ ਵਿਚ ਝਨਾਉਂ ਦੇ ਡੋਬ ਚਲਿਓਂ,
ਮੱਛ ਕੱਛ ਸੰਸਾਰ ਦੇ ਖਾਣਿਆ ਨੂੰ ।। ੧੧੬੦ ।
ਜਾਂਦੀ ਵਾਰ ਨਾ ਕੀਤੀ ਆ ਗੱਲ ਕੋਈ,
ਪਿੱਛਾ ਦਿਤਾ ਈ ਉਮਰ ਵਿਹਾਣਿਆ ਨੂੰ ।
ਅੱਧੀ ਰਾਤ ਕਰਵਾਨਿਆ ਕੂਚ ਕੀਤਾ,
ਛੱਡ ਚਲਿਓਂ ਤੰਬੂਆਂ ਤਾਣਿਆਂ ਨੂੰ ।
ਵਿਚ ਸਹੁ ਦਰਿਆ ਦੇ ਡੋਬ ਚਲਿਓ,
ਸਭੇ ਮਾਲ ਮਤਾਅ ਪਲਾਣਿਆਂ ਨੂੰ ।
ਪਹਿਲ ਯਾਰ ਬਣਾਇਓ ਪਿਆਰ ਸੇਤੀ,
ਪਿਛੋਂ ਮਾਰਿਓ ਕੁੱਲ ਸਿਆਣਿਆ ਨੂੰ ।
ਵਾਂਗ ਬਾਜ਼ ਦੇ ਤੇਜ਼ ਪਰਵਾਜ਼ ਕੀਤੋ,
ਰਾਜ਼ ਦੱਸਿਓ ਨਾ ਅੰਞਾਣਿਆਂ ਨੂੰ ।
ਨਾਮ ਰੱਬ ਦੇ ਮੰਨ ਸਵਾਲ ਮੇਰਾ,
ਗਲ ਲਾ ਇਕ ਵਾਰ ਨਿਮਾਣਿਆ ਨੂੰ ।
ਡੋਬ ਸੋਹਣੀ ਨੂੰ ਕਿਹੜੀ ਵਲ ਵੈਸੇਂ,
ਯਾਰਾ ਦੱਸ ਕੇ ਜਾਹ ਟਿਕਾਣਿਆ ਨੂੰ ।
ਨਹੀ ਕੰਮ ਅਸੀਲ ਦਾ ਛੱਡ ਦੇਣਾ,
ਯਾਰਾਂ ਬੇਲੀਆਂ ਬਹੁਤ ਪੁਰਾਣਿਆਂ ਨੂੰ ।
ਕਾਹਨੂੰ ਜਾਦੂੜਾ ਪਾਇ ਕੇ ਠੱਗਿਓ ਈ,
ਮਹੀਂਵਾਲ ਤੋਂ ਘੋਲ ਘੁਮਾਣਿਆ ਨੂੰ ।
ਕਿਹਨੂੰ ਸੌਂਪ ਚਲਿਓਂ ਵਿਚ ਨੈਂ ਦੇ ਓਇ,
ਅਸਾਂ ਆਜਜਾ ਦਰਦ ਰੰਞਾਣਿਆਂ ਨੂੰ ।
ਨਿਹੁੰ ਨਾਲ ਪਰਦੇਸੀਆਂ ਭੁੱਲ ਲਾਇਆ ।
ਖੇਤ ਬੀਜਿਆ ਭੁੰਨਿਆਂ ਦਾਣਿਆਂ ਨੂੰ ।

ਫਜ਼ਲ ਸ਼ਾਹ ਮੀਆਂ ਏਵੇਂ ਲੇਖ ਆਹੇ.
ਮੋੜੇ ਕੌਣ ਖੁਦਾਇ ਦੇ ਭਾਣਿਆ ਨੂੰ ।

## ਸੋਹਣੀ ਦੀ ਲਾਸ਼ ਦਾ ਮਹੀਂਵਾਲ ਵਲ ਸੁਨੇਹਾ

ਲੈ ਜਾ ਸੁਨੇਹੜਾ ਸੱਜਣਾਂ ਦਾ.
ਆਖੀਂ ਲੱਦ ਗਈ ਤੇਰੀ ਯਾਰ ਮੀਆਂ ।
ਹੱਥ ਜੋੜ ਸਲਾਮ ਦੁਆ ਕਹਿਣੀ.
ਜਾਣਾ ਗੱਲ ਨਾ ਮਨੋਂ ਵਿਸਾਰ ਮੀਆ ।
ਢਾਈਂ ਮਾਰ ਕੇ ਅਰਜ਼ ਗੁਜ਼ਾਰ ਦੇਣੀ.
ਅੱਗੇ ਯਾਰ ਦੇ ਬਾਂਹ ਉਲਾਰ ਮੀਆਂ ।
ਤੇਰੀ ਸੋਹਣੀ ਵਿਚ ਝਨਾਉਂ ਡੁੱਬੀ.
ਪਿਆ ਮੌਤ ਦਾ ਲੱਖ ਅਸਵਾਰ ਮੀਆਂ ।
ਅਸੀਂ ਆਪਣੀ ਉਮਰ ਨੂੰ ਭੋਗ ਚਲੇ.
ਤੁਸੀਂ ਜੀਵੋ ਸਾਲ ਹਜ਼ਾਰ ਮੀਆ ।
ਕੀਤਾ ਬਹੁਤ ਚਾਰਾ ਯਾਰਾ ਮਿਲਣ ਕਾਰਨ.
ਤੁਸੀਂ ਸੁਣੀ ਨਾ ਕੂਕ ਪੁਕਾਰ ਮੀਆਂ ।
ਤੇਰੇ ਇਸ਼ਕ ਨੂੰ ਦਾਗ ਨਾ ਲਗਣ ਦਿਤਾ.
ਕੀਤੀ ਤੁਸਾਂ ਤੇ ਜਾਨ ਨਿਸਾਰ ਮੀਆਂ ।
ਫਜ਼ਲ ਸ਼ਾਹ ਸੋਹਣੀ ਸੋਹਣੀ ਹੋ ਡੁੱਬੀ.
ਮੋਈ ਕੌਲ ਕਰਾਰ ਨਾ ਹਾਰ ਮੀਆਂ ।। ੧੧੮੦ ।।

## ਅਫਾਤਾਂ ਦਾ ਮਾਸ ਖਾਣ ਨੂੰ ਆਉਣਾ ਤੇ ਲਾਸ਼ ਦਾ ਬੋਲਣਾ

ਮੱਛ ਕੱਛ ਸੰਸਾਰ ਤੇ ਬੁਲ੍ਹਣਾਂ ਦਾ.
ਉਸੇ ਵਕਤ ਹੋਇਆ ਫੇਰਾ ਪਾਵਣਾ ਓਇ ।
ਉੱਚੀ ਬੋਲ ਕੇ ਬੁੱਤ ਪੁਕਾਰ ਕੀਤੀ.
ਅਸਾਂ ਆਜਜ਼ਾਂ ਤੋਂ ਹੱਟ ਜਾਵਣਾ ਓਇ ।
ਮਹੀਂਵਾਲ ਦੀ ਮੈਂ ਅਮਾਨ ਸੋਹਣੀ.
ਮੇਰੇ ਮਾਸ ਨੂੰ ਹੱਥ ਨਾ ਲਾਵਣਾ ਓਇ ।
ਕੀਤਾ ਰੱਬ ਹਰਾਮ ਤੁਸਾਡੜੇ ਤੇ.
ਅਸਾਂ ਆਸ਼ਕਾਂ ਦਾ ਮਾਸ ਖਾਵਣਾ ਓਇ ।
ਹੱਥੋਂ ਜਾ ਪਿਆਰਿਆਂ ਸੱਜਣਾਂ ਨੂੰ.
ਮੇਰਾ ਹਾਲ ਅਹਿਵਾਲ ਸੁਣਾਵਣਾ ਓਇ ।

ਕਸਮ ਰੱਬ ਦੀ ਪਈ ਉਡੀਕਣੀ ਆਂ.
ਏਹੋ ਯਾਰ ਨੂੰ ਮੁੱਖ ਵਿਖਾਵਣਾ ਓਇ ।
ਮੇਰੇ ਮੁੱਖ ਨੂੰ ਦਾਗ਼ ਨਾ ਲਾਵਿਆ ਜੇ.
ਤੇਰਾ ਯਾਰ ਹੋ ਗਿਆ ਪਰਾਵ੍ਹਣਾ ਓਇ ।
ਫ਼ਜ਼ਲ ਸ਼ਾਹ ਫਕੀਰ ਨੂੰ ਜਾ ਕਹਿਣਾ.
ਝੱਬ ਆਵਣਾ ਓਇ. ਝੱਬ ਆਵਣਾ ਓਇ ।

## ਮਹੀਂਵਾਲ ਦਾ ਉਡੀਕ ਵਿਚ ਬੇਕਰਾਰ ਹੋਣਾ

ਓਧਰ ਪਿਆ ਉਡੀਕਦਾ ਸੋਹਣੀ ਨੂੰ.
ਯਾਰ ਯਾਰ ਸੰਦਾ ਤਲਬਗਾਰ ਮੀਆਂ ।
ਨੈਣ ਤੱਕਦੇ ਮੂਲ ਨਾ ਥੱਕਦੇ ਨੀ.
ਨਰਗਸ ਵਾਗ ਦੋਵੇਂ ਇੰਤਜ਼ਾਰ ਮੀਆ ।
ਉਭੇ ਸਾਹ ਲੈ ਕੇ ਮਾਰੇ ਢਾਹ ਮੂੰਹ ਥੀਂ.
ਨਾਲ ਨੈਣ ਰੋਵਣ ਜਾਰੋ ਜ਼ਾਰ ਮੀਆਂ ।
ਰੱਖਣ ਕੱਲ ਤੇ ਮਿਲਣ ਮੌਕੂਫ ਮੇਰਾ.
ਅੱਜ ਕਿਵੇਂ ਲੰਘਣ ਪਾਰ ਯਾਰ ਮੀਆਂ ।
ਫੇਰ ਆਖ ਦੇਂਦੇ ਅੱਜ ਖ਼ੈਰ ਨਾਹੀਂ.
ਮੇਰੇ ਜੀਅ ਨ ਚੈਨ ਕਰਾਰ ਮੀਆ ।
ਮੇਰੀ ਜਾਨ ਫਰਿਆਦ ਫਰਿਆਦ ਕਰਦੀ.
ਭਾਵੇਂ ਯਾਰ ਨੂੰ ਬਣੀ ਲਚਾਰ ਮੀਆਂ ।
ਗਿਆ ਬੁਝ ਚਰਾਗ਼ *ਮਹਿਬੂਬ ਵਾਲਾ.
ਬਾਝ ਯਾਰ ਹੋਇਆ ਧੁੰਧੂਕਾਰ ਮੀਆ ।
ਅਚਨਚੇਤ ਪਈ ਕੰਨ ਆਸ਼ਕਾਂ ਦੇ.
ਰੋਂਦੇ ਰੂਹ ਦੀ ਜ਼ਾਰ ਪੁਕਾਰ ਮੀਆਂ ।
ਮਹੀਂਵਾਲ ਖ਼ਿਆਲ ਦੇ ਨਾਲ ਕਹਿਆ.
ਸ਼ਾਇਦ ਵਿਛੜੇ ਨੇ ਇਹਦੇ ਯਾਰ ਮੀਆਂ ।
ਏਸੇ ਹਾਲ ਅੰਦਰ ਮਹੀਂਵਾਲ ਆਹਾ.
ਰੂਹ ਪਹੁੰਚਿਆ ਜਾ ਦਰਬਾਰ ਮੀਆਂ ।
ਅੱਵਲ ਦੇ ਸਲਾਮ ਪਿਆਰਿਆਂ ਦਾ.
ਪਿਛੋਂ ਰੋ ਕੀਤਾ ਇਜ਼ਹਾਰ ਮੀਆਂ ।
ਜੋ ਕੁਝ ਵਰਤਿਆ ਸੀ ਸਿਰ ਸੋਹਣੀ ਦੇ.
ਦਿਤਾ ਯਾਰ ਦੇ ਗੋਸ਼ ਗੁਜ਼ਾਰ ਮੀਆਂ ।। ੧੨੦੦ ।

ਖ਼ੂਨੀ ਮੌਤ ਓੜਕ ਪਿਆਰ ਸੋਹਣੀ ਨੂੰ,
ਲਿਆ ਵਿਚ ਝਨਾਉਂ ਦੇ ਮਾਰ ਮੀਆ ।
ਸੋਹਣੀ ਡੁੱਬ ਮੋਈ ਵਿਚਕਾਰ ਨੈਂ ਦੇ,
ਹੋਈ ਮੂਲ ਨ ਪਾਰ ਉਰਾਰ ਮੀਆ ।
ਡਿੱਗਾ ਹੋ ਬੇਹੋਸ਼ ਖ਼ਾਮੋਸ਼ ਹੋ ਕੇ,
ਮਹੀਂਵਾਲ ਇਹ ਸੁਣਦਿਆਂ ਸਾਰ ਮੀਆਂ ।
ਬੈਠ ਪੁੱਛਦਾ ਹਾਲ ਅਹਿਵਾਲ ਸਾਰਾ,
ਜਦੋ ਫੇਰ ਆਈ ਉਸ ਨੂੰ ਸਾਰ ਮੀਆਂ ।
ਸੱਚ ਆਖਿਓ ਈ ਇਕੋ ਝੂਠ ਕਹਿਓ,
ਤੇਰਾ ਨਹੀਂ ਪੈਂਦਾ ਇਤਬਾਰ ਮੀਆਂ ।
ਰੂਹ ਨਬੀ ਕਰੀਮ ਦੀ ਕਸਮ ਖਾਧੀ,
ਯਾਰ ਝੂਠ ਨਾਹੀਂ ਇਹੋ ਕਾਰ ਮੀਆਂ ।
ਹਾਏ ਓ ਦੁਸ਼ਮਨਾ ਇਹ ਨਾ ਆਖਣਾ ਸੀ,
ਖਿੱਚ ਮਾਰਦੋਂ ਤੇਜ਼ ਕਟਾਰ ਮੀਆਂ ।
ਸੁਣ ਕੇ ਬਾਤ ਮਹਿਬੂਬ ਦੇ ਘਾਤ ਵਾਲੀ,
ਰੋ ਰੋ ਆਖਦਾ ਹੱਥ ਪਸਾਰ ਮੀਆ ।
ਮੈਨੂੰ ਜ਼ਾਲਮਾ ਇਹ ਕੀ ਆਖਿਓ ਈ,
ਪਿਆ ਕੂਕਦਾ ਬਾਂਹ ਉਲਾਰ ਮੀਆ ।
ਮੁੱਖ ਜ਼ਰਦ ਹੋਇਆ ਦਿਲ ਦਰਦ ਹੋਇਆ,
ਲੱਗੀ ਦਰਦ ਕਲੇਜੜੇ ਕਾਰ ਮੀਆਂ ।
ਝੜੀ ਲਾ ਰਹੇ ਦੋਵੇਂ ਨੈਣ ਉਸ ਦੇ,
ਸਾਵਣੀ ਮੀਂਹ ਜਿਉਂ ਅਬਰ ਬਹਾਰ ਮੀਆਂ ।
ਹੋਇਆ ਦੂਸਰੀ ਵਾਰ ਬੇਹੋਸ਼ ਮੁੜ ਕੇ,
ਕੋਲੋਂ ਰੂਹ ਹੋ ਗਿਆ ਉਡਾਰ ਮੀਆ ।

ਲੱਗਾ ਤੀਰ ਪਿਆਰਿਆਂ ਸੱਜਣਾਂ ਦਾ,
ਅਵਾਸਾਰ ਹੋ ਗਿਆ ਦੁਸਾਰ ਮੀਆ ।
ਜਦੋ ਸੁਰਤ ਆਈ ਤੁਰਤ ਮਾਰ ਢਾਈਂ,
ਰੱਬ ਯਾਦ ਕਰੇ ਬਾਰ ਬਾਰ ਮੀਆਂ ।
ਏਸ ਬਾਤ ਤਾਈਂ ਕਰੀਂ ਝੂਠ ਰੱਬਾ,
ਤੇਰਾ ਨਾਮ ਹੈ ਰੱਬ ਗ਼ੱਫਾਰ ਮੀਆ ।
ਜੇਕਰ ਮਾਰਿਆ ਈ ਤਾਂ ਭੀ ਮੇਲ ਸਾਈਆ,

ਇੱਕ ਵਾਰ ਮੇਰਾ ਦਿਲਦਾਰ ਮੀਆਂ ।
ਏਵੇਂ ਵਾਵੇਲਾ ਪਿਆ ਕੂਕਦਾ ਸੀ,
ਦੇ ਜਾਹ ਓਇ ਯਾਰ ਦੀਦਾਰ ਮੀਆਂ ।
ਤੇਰੇ ਦਰਦ ਫਿਰਾਕ ਨੇ ਯਾਰ ਜਾਨੀ,
ਲਾਈ ਵਿਚ ਸੀਨੇ ਕਾਨੀ ਸਾਰ ਮੀਆਂ ।
ਦਿਸੇ ਹੱਥ ਪਸਾਰਿਆ ਮੂਲ ਨਾਹੀਂ,
ਉਠੇ ਚਾਰ ਚੁਫੇਰ ਗ਼ੁਬਾਰ ਮੀਆਂ ।
ਕੁੱਠਾ ਯਾਰ ਓ ਪਿਆਰ ਤੁਸਾਡੜੇ ਨੇ,
ਗਲ ਰੱਖ ਤਲਵਾਰ ਦੀ ਧਾਰ ਮੀਆਂ ।। ੧੨੨੦ ।
ਇੱਕ ਵਾਰ ਦੀਦਾਰ ਦੇ ਕੋਝਿਆਂ ਨੂੰ,
ਮੇਰੇ ਸੋਹਣਿਆ ਦੇ ਸਰਦਾਰ ਮੀਆਂ ।
ਲਾਈ ਸਾਂਗ ਓ ਪਿਆਰਿਆ ਯਾਰ ਮੈਨੂੰ,
ਬੰਨ੍ਹ ਪੱਟੀਆਂ ਆਣ ਸਵਾਰ ਮੀਆਂ ।
ਮੈਨੂੰ ਇੱਕ ਇਕੱਲਿਆਂ ਛੋੜ ਕੇ ਤੇ,
ਤੁਰਿਓਂ ਬੰਨ੍ਹ ਕੇ ਸਫ਼ਰ ਦੇ ਭਾਰ ਮੀਆਂ ।
ਫਜ਼ਲ ਯਾਰ ਨੂੰ ਹਾਲ ਮਲੂਮ ਮੇਰਾ,
ਮੈਥੋਂ ਪੁੱਛ ਨਾ ਹਾਲ ਨਿਤ੍ਰਾਰ ਮੀਆ ।

## ਮਹੀਂਵਾਲ ਦਾ ਵਾਵੇਲਾ

ਹਾਇ ਓ ਯਾਰ ਵਿਛੋੜ ਕੇ ਸੱਟ ਗਿਓ,
ਕੀਤਾ ਕਹਿਰ ਕੰਹਾਰ ਨਜ਼ੂਲ ਮੈਨੂੰ ।
ਤੁੱਧ ਪਾਸ ਇਲਾਜ ਸੀ ਆਸ਼ਕਾ ਦਾ,
ਹੱਥੋਂ ਕੀਤੋ ਈ ਚਾ ਰੰਜੂਲ ਮੈਨੂੰ ।
ਕਲਮਲ ਜਾਨ ਆਈ ਮੇਰੀ ਪਿਆਰਿਆ ਓ,
ਇਕ ਪਲਕ ਟਿਕਾ ਨਾ ਮੂਲ ਮੈਨੂੰ ।
ਲੱਘੀ ਸੂਲ ਗ਼ਮ ਦੀ, ਅਤੇ ਸੂਲ ਪੈਰੀਂ,
ਹੋਇਆ ਵਿਚ ਕਲੇਜੜੇ ਸੂਲ ਮੈਨੂੰ ।
ਤੇਰੇ ਵਾਸਤੇ ਹੋ ਫ਼ਕੀਰ ਗਿਆ,
ਰੱਬ ਚਾੜ੍ਹਿਆ ਨਾ ਕਿਸੇ ਤੂਲ ਮੈਨੂੰ ।
ਦਿੱਤੀ ਕੰਡ ਨਾ ਜਾਹ ਪਰਦੇਸੀਆਂ ਨੂੰ,
ਭਲਾ ਬੇਲੀਆ ਕਰੀ ਕਬੂਲ ਮੈਨੂੰ ।

ਦੇਖਾਂ ਪਿਆਰਿਆ ਰੱਜ ਕੇ ਮੁੱਖ ਤੇਰਾ,
ਕਰੇ ਫਜਲ ਜੇ ਰੱਬ ਰਸੂਲ ਮੈਨੂੰ ।

**ਤਥਾ**

ਫਿਰੇ ਵਾਵੇਲਾ ਕਰਦਾ ਕੰਢਿਆ ਤੇ
ਯਾਰਾ ਛੱਡ ਕੇ ਜਾ ਨਾ ਦੂਰ ਮੈਨੂੰ ।
ਅੱਗੇ ਘਾਓ ਕਲੇਜੜੇ ਕਾਰ ਆਹਾ,
ਲਾਈ ਸਾਂਗ ਦੋਬਾਰ ਜਰੂਰ ਮੈਨੂੰ ।
ਜੀਵੇਂ ਜਾਨ ਦੇ ਨਾਲ ਹਜ਼ਾਰ ਬਰਸਾਂ,
ਵਿਛੜ ਜਾਵਣਾ ਨਹੀਂ ਮਨਜੂਰ ਮੈਨੂੰ ।
ਤੇਰੇ ਹਿਜਰ ਬੀਮਾਰ ਨੇ ਮਾਰ ਲਿਆ,
ਰਿਹਾ ਮੂਲ ਨਾ ਅਕਲ ਸ਼ਊਰ ਮੈਨੂੰ ।
ਛੱਡ ਗਿਉ ਓਇ ਯਾਰ ਨਿਮਾਣਿਆਂ ਨੂੰ,
ਕਰ ਕੇ ਨਾਲ ਫਿਰਾਕ ਦੇ ਚੂਰ ਮੈਨੂੰ ।
ਵਿਚ ਜੀਉ ਦੇ ਹੋਰ ਉਮੈਦ ਆਹੀ,
ਪਾਇਆ ਹੋਰ ਦਾ ਹੋਰ ਫਤੂਰ ਮੈਨੂੰ ।
ਫਜ਼ਲ ਸ਼ਾਹ ਨਾ ਮਾਰ ਫਿਰਾਕ ਅੰਦਰ,
ਸੱਦ ਲਈ ਓ ਯਾਰ ਹਜੂਰ ਮੈਨੂੰ ।

**ਮਹੀਂਵਾਲ ਦਾ ਗ਼ਰਕ ਹੋਣਾ ਤੇ ਦੋਹਾਂ ਆਸ਼ਕਾਂ ਦਾ ਮਿਲਣਾ**

ਮਹੀਂਵਾਲ ਕੰਢੇ ਉਤੇ ਕੂਕਦਾ ਸੀ,
ਕੇਹਾ ਲਾ ਗਿਉਂ ਮੈਨੂੰ ਬਾਨ ਬੇਲੀ ।
ਅਜ਼ਰਾਈਲ ਨੇ ਮੁਝ ਵਣਜਾਰੜੇ ਦੀ,
ਲੁੱਟ ਲਈ ਹੈ ਕੁੱਲ ਦੁਕਾਨ ਬੇਲੀ ।। ੧੨੪੦ ।
ਤੁਧ ਯਾਰ ਦੀ ਕਸਮ ਨਾ ਝੂਠ ਮੂਲੋਂ,
ਤੇਰੇ ਬਾਝ ਜਹਾਨ ਵੈਰਾਨ ਬੇਲੀ ।
ਲੱਦ ਗਿਉਂ ਬੇਖ਼ਬਰ ਬੇਸਬਰ ਕੋਲੋਂ,
ਸਾਂਗ ਮਾਰਿਓ ਜਾਨ ਪਛਾਨ ਬੇਲੀ ।
ਐਵੇਂ ਚੁੱਪ ਚੁਪਾਤੜਾ ਨੱਸ ਗਿਓਂ,
ਕੋਈ ਦੱਸ ਨਾ ਥਾਂ ਮਕਾਨ ਬਲੀ ।
ਲੱਕ ਤੋੜ ਗਿਓਂ ਅਸਾਂ ਆਜਜ਼ਾਂ ਦਾ,
ਸੰਦੀ ਮੌਤ ਦਾ ਮਾਰ ਵਦਾਨ ਬੇਲੀ ।

ਆਵੇ ਸਬਰ ਨਾਹੀ ਅੱਖੀ ਰੋਦਿਆ ਨੂੰ.
ਮੈਨੂੰ ਦੇਹ ਦਿਲਾਸੜਾ ਆਨ ਬੇਲੀ ।
ਹੁਕਮ ਰੱਬ ਦੇ ਥੀ ਲਾਸ ਸੋਹਣੀ ਦੀ.
ਹੋਈ ਯਾਰ ਦੇ ਵੱਲ ਰਵਾਨ ਬੇਲੀ ।
ਜਿਧਰ ਯਾਰ ਆਹਾ ਓਧਰ ਲਾਸ ਗਈ.
ਪਾਣੀ ਲਾ ਰਿਹਾ ਲੱਖ ਤਾਨ ਬੇਲੀ ।
ਓਵੇ ਨਣ ਆਹੇ ਇੰਤਜਾਰ ਦੋਵੇ.
ਮਹੀਵਾਲ ਦੀ ਤਰਫ ਧਿਆਨ ਬੇਲੀ ।
ਰੁੜ੍ਹਦੀ ਲਾਸ ਆਈ ਨੇੜੇ ਕੰਢੜੇ ਦੇ.
ਜਿਥੇ ਖੱਲਾ ਆਹਾ ਪਰਸਾਨ ਬੇਲੀ ।
ਦੇਖੋ ਇਸਕ ਇਹ ਆਸਕਾ ਸਾਦਕਾ ਦਾ.
ਥੱਤ ਕੁਦਰਤੋ ਕਰੇ ਬਿਆਨ ਬੇਲੀ ।
ਦੋਵੇ ਹੱਥ ਪਸਾਰ ਪੁਕਾਰ ਕੀਤੀ.
ਮਿਲ ਜਾਹ ਮੈਨੂੰ ਮੇਰੇ ਹਾਨ ਬੇਲੀ ।
ਅਚਨਚਤ ਆਹਾ ਦੂਰੋ ਨਜਰ ਪਿਆ.
ਜਿਨ੍ਹਾ ਬਲੀਆ ਦਾ ਨਿਗ੍ਹਾਬਾਨ ਬੇਲੀ ।
ਮਹੀਵਾਲ ਮਾਰ ਛਾਲ ਵਿਚ ਨ ਦ.
ਮੇਹ ਆਖਦਾ ਮ ਕੁਰਬਾਨ ਬਲੀ ।
ਗਲ ਲਗ ਮਿਲ ਬੁਝੀ ਅੱਗ ਦਿਲ ਦੀ.
ਮਹੀਵਾਲ ਦਿੱਤੀ ਓਵੇ ਜਾਨ ਬੇਲੀ ।
ਸੂਰਜ ਵਾਗ ਗਰੂਬ ਹੋ ਗਏ ਦੋਵੇ.
ਲੱਭੇ ਜਾ ਕਿਤ ਡੂਘੀ ਥਾਨ ਬੇਲੀ ।
ਪਿਛੇ ਇਸਕ ਜਾਨੀ ਦਿੱਤੀ ਜਾਨ ਜਾਨੀ.
ਰੱਖ ਸਿਦਕ ਯਕੀਨ ਈਮਾਨ ਬਲੀ ।
ਬਿਜਲੀ ਆਹ ਫਿਰਾਕ ਦੇ ਨਾਲ ਮਾਰੇ.
ਪਹੁੰਚੀ ਖਬਰ ਜਮੀਨ ਅਸਮਾਨ ਬੇਲੀ ।
ਉੱਚੀ ਰੋਣ ਲੱਗਾ ਬਦਲ ਮਾਰ ਚੀਕਾ.
ਸੁਣੀ ਆਹ ਫੁਗਾਨ ਜਹਾਨ ਬੇਲੀ ।
ਭਾਵ ਰੋਜ ਕਿਆਮਤਾ ਆਣ ਪਹੁੰਚਾ.
ਕੀਤਾ ਕੁਲ ਜਹਾਨ-ਗੁਮਾਨ ਬੇਲੀ ।
ਜਾਨ ਦਿਤਿਆ ਬਾਝ ਨਾ ਯਾਰ ਮਿਲਦਾ.
ਜਾਣ ਬੁੱਝ ਕੇ ਜਾਨ ਵੰਞਾਨ ਬੇਲੀ ।। ੧੨੬੦ ।।

ਦਿੱਤੀ ਜਾਨ ਤੇ ਜਾਨ ਨੂੰ ਪਾ ਲਿਆ.
ਬਾਝੋਂ ਜਾਨ ਦੇ ਜਾਨ ਨਾ ਜਾਨ ਬੇਲੀ ।
ਫਜ਼ਲ ਸਾਹ ਪਰ ਖਾਤਮਾ ਆਸਕਾ ਦਾ.
ਕਰੋ ਕੁਲ ਬਿਆਨ ਅਯਾਨ ਬੇਲੀ ।

## ਸੋਹਣੀ ਮਹੀਂਵਾਲ ਦਾ ਸੋਗ

ਮਾਤਮ ਲਈ ਫਿਰਦੇ ਪਰੇਸਾਨ ਹੋਏ.
ਅਸਮਾਨ ਸਿਆਹ ਕਬਾ ਮੀਆ ।
ਕੁਰਸੀ ਅਰਸ ਦੋਵੇਂ ਪਏ ਕੰਬਦੇ ਸਨ.
ਰੱਖ ਜੀਉ ਤੇ ਖ਼ੌਫ ਖ਼ੁਦਾ ਮੀਆਂ ।
ਪਿਆ ਸੋਗ ਤਮਾਮ ਫਰਿਸ਼ਤਿਆ ਨੂੰ.
ਬੈਠ ਨਿੱਤ ਦਾ ਵਿਰਦ ਭੁਲਾ ਮੀਆ ।
ਸੂਰਜ ਦਰਦ ਫਿਰਾਕ ਦੇ ਸੋਗ ਕੋਲੋ.
ਦਿੱਤਾ ਆਪਣਾ ਆਪ ਜਲਾ ਮੀਆਂ ।
ਚੰਨ ਬਦਰ ਮੁਨੀਰ ਹਲਾਲ ਹੋਇਆ.
ਦੋਹਾਂ ਬੇਲੀਆਂ ਦਾ ਗਮ ਖਾ ਮੀਆਂ ।
ਸਾਰੇ ਤਾਰਿਆ ਦੀ ਮੱਧਮ ਲੋ ਹੋਈ.
ਬੈਠ ਮਾਤਮੀ ਫਰਸ ਵਿਛਾ ਮੀਆ ।
ਬਾਸ਼ਕ ਨਾਗ ਤੇ ਧੌਲ ਨੇ ਹੌਲ ਖਾਧਾ.
ਸਕਣ ਨਾਹ ਜ਼ਮੀਨ ਨੂੰ ਚਾ ਮੀਆਂ ।
ਪਿਆ ਸੋਗ ਤਮਾਮ ਪੰਖੇਰੂਆਂ ਨੂੰ.
ਦਿਲੋ ਲਾਹ ਬੈਠੇ ਚੈਨ ਚਾ ਮੀਆਂ ।
ਸੇਰ ਮੁੱਖ ਸ਼ਿਕਾਰ ਥੀਂ ਫੇਰ ਬੈਠੇ.
ਦਿੱਤੇ ਭੁੱਖ ਨੇ ਮਾਰ ਮੁਕਾ ਮੀਆਂ ।
ਚਰਿਆ ਘਾਹ ਨਾ ਗਊਆਂ ਹਰਨੀਆ ਨੇ.
ਦਿੱਤਾ ਨੀਲੀਆਂ ਨੀਰ ਵਹਾ ਮੀਆ ।
ਕੀਕੂੰ ਖੋਲ੍ਹ ਕੇ ਗੱਲ ਸੁਣਾ ਤੈਨੂੰ.
ਸਾਰੇ ਜਗਤ ਤੇ ਪਈ ਕਹਾ ਮੀਆ ।
ਰੋਂਦਾ ਰੂਹ ਰਸੂਲ ਕਰੀਮ ਸੰਦਾ.
ਆਇਆ ਅਰਸ਼ ਅਜ਼ੀਮ ਥੀਂ ਧਾ ਮੀਆਂ ।
ਸਫ਼ਾ ਬੰਨ੍ਹ ਖੱਲੇ ਮੁਰਸ਼ਦ ਪਾਕ ਸਭੇ.
ਪਿਛੇ ਨਬੀ ਕਰੀਮ ਦੇ ਆ ਮੀਆਂ ।

ਕੁਤਬ ਗੌਸ ਤੇ ਵਲੀ ਸ਼ਹੀਦ ਸਾਰੇ.
ਇਹ ਭੀ ਹੋ ਖੱਲ ਇੱਕ ਦਾ ਮੀਆ ।
ਖ਼੍ਵਾਜਾ ਖ਼ਿਜ਼ਰ ਮਿਹਤਰ ਅਲਿਆਸ ਦੋਵੇਂ.
ਢਾਹੀਂ ਮਾਰਦੇ ਹਾਲ ਵੰਜਾ ਮੀਆਂ ।
ਮੂੰਹੋਂ ਕਹਿਣ ਅਫਸੋਸ ਅਫ਼ਸੋਸ ਯਾਰੋ.
ਮੌਤੇ ਰੱਬ ਦੀ ਕੌਣ ਰਜ਼ਾ ਮੀਆਂ ।
ਨਿਹੁੰ ਚਾਹ ਦੇ ਨਾਲ ਨਿਬਾਹ ਦਿਤਾ.
ਵਾਹ ! ਵਾਹ ! ਇਹ ਇਸ਼ਕ ਸਫ਼ਾ ਮੀਆਂ ।
ਮੁੜ ਮੁੜ ਆਖਦੇ ਸ਼ੁਕਰ ਹਜ਼ਾਰ ਵਾਰੀ.
ਗਏ ਇਸਕ ਨੂੰ ਲਾਜ ਨਾ ਲਾ ਮੀਆਂ । ੧੨੮੦ ।
ਨਿਹੁੰ ਲਾ ਕੇ ਮੂਲ ਨਾ ਤੋੜਿਓ ਨੇ.
ਦਿਤਾ ਬੇਲੀਆਂ ਤੋੜ ਚੜ੍ਹਾ ਮੀਆਂ ।
ਜਿਨ੍ਹਾ ਇਸਕ ਮਜਾਜ ਕਮਾਲ ਕੀਤਾ.
ਸੋ ਭੀ ਰੋਂਵਦੇ ਪਏ ਜੁਦਾ ਮੀਆ ।
ਫ਼ਜਲ ਸਾਹ ਪਿਆਰਿਆ ਦੋਸਤਾ ਨੂੰ.
ਦਿਓ ਕੁਲ ਬਿਆਨ ਸੁਣਾ ਮੀਆ ।

## ਮਜਾਜ਼ੀ ਆਸ਼ਕਾਂ ਦੀਆਂ ਰੂਹਾਂ ਦਾ ਆ ਕੇ ਮਾਤਮ ਕਰਨਾ

ਯੂਸਫ ਨਾਲ ਫ਼ਿਰਾਕ ਦੇ ਆਹ ਮਾਰੀ.
ਵਹਿ ਮਿਲੀ ਤੈਨੂੰ ਤਕਦੀਰ ਬੇਲੀ ।
ਪਾਸ ਪਾਸ ਜੁਲੈਖ਼ਾ ਦਾ ਜੀਉ ਹੋਇਆ.
ਜਿਹੜੀ ਆਸਕਾ ਦੇ ਵਿਚ ਪੀਰ ਬੇਲੀ ।
ਮਜਨੂੰ ਬਾਂਹ ਉਲਾਰ ਪੁਕਾਰ ਕੀਤੀ.
ਬਾਹੀ ਭੰਨ ਗਿਉਂ ਮੇਰੇ ਵੀਰ ਬੇਲੀ ।
ਲੈਲੀ ਲੈ ਲਈ ਦੁੱਖ ਦਰਦ ਗਮ ਨੇ.
ਪਾਇਆ ਫੌਜ ਫਿਰਾਕ ਵਹੀਰ ਬੇਲੀ ।
ਫਰਿਆਦ ਫਰਿਆਦ ਫਰਿਹਾਦ ਕੀਤੀ.
ਲੱਗਾ ਕਾਰ ਕਲੇਜੜੇ ਤੀਰ ਬੇਲੀ ।
ਕੌੜੇ ਜ਼ਹਿਰ ਗਮ ਦੇ ਸ਼ੀਰੀ ਘੁੱਟ ਭਰਦੀ.
ਡੁੱਲ੍ਹ ਪਿਆ ਅੱਖੀਂ ਸੰਦਾ ਨੀਰ ਬੇਲੀ ।
ਰਾਂਝੇ ਚਾਕ ਸੰਦਾ ਸੀਨਾ ਚਾਕ ਹੋਇਆ.
ਨਾਲੇ ਖੜੀ ਰੋਵੇ ਕੋਲ ਹੀਰ ਬੇਲੀ ।

ਮੱਛੀ ਵਾਂਗ ਪਿਆ ਪੁੰਨੂ ਤੜਫਦਾ ਸੀ,
ਦਿਤਾ ਖ਼ਾਕ ਰੁਲਾ ਸਰੀਰ ਬੇਲੀ ।
ਖੁੱਲ੍ਹੇ ਵਾਲ ਡੁੱਲ੍ਹੇ ਨੈਣ ਵੈਣ ਕਰਦੀ,
ਸੱਸੀ ਵਹਿਸੀਆ ਦੀ ਤਸਵੀਰ ਬੇਲੀ ।
ਮਿਰਜਾ ਕੂਕਦਾ ਸੀ, ਹਾਇ ਹਾਇ ਯਾਰੋ !
ਮੈਨੂੰ ਗਏ ਬਣਾਏ ਫਕੀਰ ਬੇਲੀ ।
ਤੁੰਨੀ ਸਾਹਿਬਾ ਭੀ ਉੱਚੀ ਮਾਰ ਚੀਕਾ,
ਗਏ ਤੀਰ ਗਮ ਦੇ ਸੀਨਾ ਚੀਰ ਬੇਲੀ ।
ਮਾਹੀ ਯਾਰ ਕੂਕੇ ਯਾਰ ਯਾਰ ਕਰ ਕੇ,
ਕੀਤਾ ਦਰਦ ਫਿਰਾਕ ਜ਼ਹੀਰ ਬੇਲੀ ।
ਚੰਦਰ ਬਦਨ ਨੇ ਖ਼ਾਕ ਰੁਲਾ ਦਿਤਾ,
ਸੋਹਣਾ ਬਦਨ ਜੋ ਮਾਹ ਮੁਨੀਰ ਬੇਲੀ ।
ਫਜ਼ਲ ਹੋਰ ਕਰੋੜ ਹਜੂਮ ਆਹਾ,
ਨਾਹੀ ਵਿਚ ਤਹਰੀਰ ਤਕਰੀਰ ਬੇਲੀ ।

## ਸੋਹਣੀ ਮਹੀਂਵਾਲ ਦਾ ਦਫ਼ਨਾਇਆ ਜਾਣਾ

ਦੋਵੇਂ ਬੁੱਤ ਰੁੜ੍ਹਦੇ ਗੂੜ੍ਹੇ ਪਿਆਰ ਵਾਲੇ,
ਉਸ ਰਜ਼ ਦੇ ਵਿਚ ਝਣਾਉ ਦੇ ਜੀ ।
ਬਾਹਰ ਕੰਢੜੇ ਤੇ ਸਭ ਯਾਰ ਪਿਆਰੇ,
ਪਏ ਕੂੰਜ ਵਾਗੂੰ ਕੁਰਲਾਉਂਦੇ ਜੀ
ਖ੍ਵਾਜਾ ਖਿਜਰ ਮਿਹਤਰ ਅਲਿਆਸ ਤਾਈਂ,
ਨਬੀ ਪਾਕ ਰਸੂਲ ਫਰਮਾਉਂਦੇ ਜੀ ।। ੧੩੦੦ ।
ਝੱਬ ਜਾ ਲਿਆਵਣਾ ਆਸ਼ਕਾਂ ਨੂੰ,
ਮੁੜ ਮੁੜ ਹੁਕਮ ਏਹੋ ਫਰਮਾਉਂਦੇ ਜੀ ।
ਦੋਵੇਂ ਯਾਰ ਤਾਜ਼ੀਮ ਤਸਲੀਮ ਕਰ ਕੇ,
ਲੰਮੇ ਵਹਿਣ ਝਣਾਉਂ ਦੇ ਜਾਉਂਦੇ ਜੀ ।
ਚਾਰੇ ਮਲਕ ਆਏ ਲੈ ਕੇ ਪਲੰਘ ਸੋਹਣਾ,
ਰਲ ਕੇ ਤਰਫ ਝਣਾਉਂ ਦੇ ਜਾਉਂਦੇ ਜੀ ।
ਬਹੁਤ ਢੂੰਡ ਸੇਤੀ ਓੜਕ ਪਾਇਓ ਨੇ
ਚਾਦਰ ਤਾਣ ਉਤੇ ਪਲੰਘ ਚਾਉਂਦੇ ਜੀ ।
ਚਾਰੇ ਮਲਕ ਉਠਾਇ ਕੇ ਪਲੰਘ ਤਾਈਂ,
ਖ਼ਿਦਮਤ ਵਿਚ ਰਸੂਲ ਲਿਆਉਂਦ ਜੀ

ਸੁੱਤੇ ਪਾ ਗਲਵਕੜੀ ਮਿਹਰ ਸੇਤੀ.
ਕਾਰਨ ਗ਼ੁਸਲ ਦੇ ਪਕੜ ਛੁਡਾਉਂਦੇ ਜੀ ।
ਸਾਰੇ ਲਾਇਕੇ ਜ਼ੋਰ ਬੇਜ਼ੋਰ ਹੋਏ.
ਓੜਕ ਆਪ ਨਬੀ ਪਾਸ ਆਉਂਦੇ ਜੀ ।
ਦੂਰੋਂ ਦੇਖ ਕੇ ਪਾਕ ਰਸੂਲ ਤਾਈਂ.
ਦੋਵੇਂ ਬੁੱਤ ਚਾ ਸੀਸ ਨਿਵਾਉਂਦੇ ਜੀ ।
ਕਹੇ ਨਬੀ ਛੱਡੋ ਇਕ ਦੂਸਰੇ ਨੂੰ.
ਜਰਾ ਤੁਸਾਂ ਨਵਾਵਣਾ ਚਾਹੁੰਦੇ ਜੀ ।
ਉਸੀ ਵਕਤ ਜੁਦਾ ਹੋ ਗਏ ਦੋਵੇਂ.
ਇਕ ਪਲਕ ਨਾ ਦੇਰ ਲਗਾਉਂਦੇ ਜੀ ।
ਰੋਜ ਕਫ਼ਨ ਕਾਰਨ ਅਤਰ ਆਬ ਕੇਸਰ.
ਹੂਰਾਂ ਘੱਲ ਰਸੂਲ ਮੰਗਵਾਉਂਦੇ ਜੀ ।
ਓੜਕ ਹੁਕਮ ਰਸੂਲ ਕਰੀਮ ਕੀਤਾ.
ਮਜਨੂੰ ਸੱਦ ਕੇ ਗ਼ੁਸਲ ਦਿਵਾਉਂਦੇ ਜੀ ।
ਕਫਨ ਸੋਹਣੀ ਤੇ ਮਹੀਂਵਾਲ ਸੰਦਾ.
ਅਦਰੀਸ ਥੀਂ ਬੈਠ ਸਵਾਉਂਦੇ ਜੀ ।
ਓਧਰ ਗੁਸਲ ਦਿਤਾ ਲੈਲੀ ਸੋਹਣੀ ਨੂੰ.
ਜਿਸ ਤੌਰ ਦੇ ਨਾਲ ਨਵ੍ਹਾਉਂਦੇ ਜੀ ।
ਜਦੋਂ ਲਏ ਨਵ੍ਹਾ ਧਵਾ ਦੋਵੇਂ.
ਓਸੇ ਪਲੰਘ ਤੇ ਕਫ਼ਨ ਵਿਛਾਉਂਦੇ ਜੀ ।
ਇਕੋ ਕਫ਼ਨ ਦੇ ਵਿਚ ਲਪੇਟਿਓ ਨੇ.
ਦੋਵੇਂ ਯਾਰ ਓਵੇਂ ਗਲ ਲਾਉਂਦੇ ਜੀ ।
ਸਫਾ ਬੰਨ੍ਹ ਜਨਾਜ਼ੇ ਦੇ ਆਹਰ ਹੋਏ.
ਉੱਚੀ ਪਾਕ ਰਸੂਲ ਫਰਮਾਉਂਦੇ ਜੀ ।
ਉਜ਼ੂ ਸਾਜ ਪਿਛੇ ਹੱਥ ਬੰਨ੍ਹ ਖੱਲੇ.
ਨਬੀ ਹੋ ਇਮਾਮ ਪੜ੍ਹਾਉਂਦੇ ਜੀ ।
ਓੜਕ ਸੋਹਣੀ ਤੇ ਮਹੀਂਵਾਲ ਸੰਦੀ.
ਮਈਅਤ ਚਾ ਲਹਿੰਦੇ ਵੱਲ ਜਾਂਵਦੇ ਜੀ ।
ਮਾਰ ਢਾਹੀਂ ਜ਼ਾਰੋ ਜ਼ਾਰ ਰੋਂਦੇ.
ਆਹ ਮਾਰਦੇ ਹਾਲ ਵੰਞਾਂਵਦੇ ਜੀ ।। ੧੩੨੦ ।
ਅੱਠ ਪਹਿਰ ਪਿਆਰਿਆਂ ਸੱਜ਼ਣਾਂ ਦੇ.
ਰਹੇ ਸੱਜਰੇ ਘਾਹ ਚਮਾਂਵਦੇ ਜੀ ।

ਆਵੇ ਸਬਰ ਨਾਹੀਂ ਅੱਖੀਂ ਰੋਂਦਿਆਂ ਨੂੰ,
ਲੱਖ ਵਾਰ ਰਹੇ ਸਮਝਾਉਂਦੇ ਜੀ ।
ਕੰਧਾ ਦੇਣ ਵਾਰੋ ਵਾਰੀ ਯਾਰ ਚਾਰੇ,
ਹੰਝੂ ਮੀਂਹ ਦੇ ਵਾਂਗ ਵਰਸਾਉਂਦੇ ਜੀ ।
ਕਲਮਾ 'ਵਾਹਦ ਹੂ ਲਾ ਸਰੀਕ' ਵਾਲਾ,
ਕੰਧਾ ਦੇਣ ਦੇ ਵਕਤ ਅਲਾਉਂਦੇ ਜੀ ।
ਸਿੱਧਾ ਤਰਫ਼ ਮਦੀਨੇ ਦੇ ਰਾਹ ਫੜਿਆ,
ਪੈਰ ਵਾਉ ਦੇ ਵਾਂਗ ਉਠਾਉਂਦੇ ਜੀ
ਯਾਰ ਘੱਲ ਫ਼ਰੇਸ਼ਤੇ ਨੂਰ ਨੂਰੀ,
ਦੱਖਣ ਰੋਜ਼ਿਓਂ ਕਬਰ ਕਢਾਉਂਦੇ ਜੀ ।
ਕਦਮਾਂ ਵਲ ਰਸੂਲ ਕਰੀਮ ਦੇ ਜੀ,
ਦੋਹਾਂ ਆਸ਼ਕਾਂ ਨੂੰ ਦਫ਼ਨਾਉਂਦੇ ਜੀ ।
ਫ਼ਜ਼ਲ ਫ਼ਾਤਿਹਾ ਆਖ ਰਵਾਨ ਹੋਏ,
ਦੋਹਾਂ ਬੇਲੀਆਂ ਦਾ ਗ਼ਮ ਖਾਉਂਦੇ ਜੀ ।

## ਕਵੀ ਵਾਕ

ਐਸੇ ਸੋਹਣੇ ਛੈਲ ਮਲੂਕ ਦੋਵੇਂ,
ਗਏ ਖ਼ਾਕ ਦੇ ਵਿਚ ਸਮਾ ਮੀਆਂ ।
ਐਪਰ ਇਸ਼ਕ ਨੂੰ ਲਾਜ ਨਾ ਲਾਇਓ ਨੇ,
ਤੋੜ ਚਾੜ੍ਹ ਗਏ ਨਿਹੁੰ ਲਾ ਮੀਆਂ ।
ਇਸ਼ਕ ਲਾਵਣਾ ਏਸ ਦਾ ਨਾਮ ਯਾਰੋ,
ਦਿਤਾ ਰੱਬ ਰਸੂਲ ਪਹੁੰਚਾ ਮੀਆਂ ।
ਤੂੰ ਵੀ ਆਸ਼ਕ ਨਾਮ ਧਰਾ ਬੈਠਾ,
ਏਵੇਂ ਇਸ਼ਕ ਨੂੰ ਪਾਲ ਵਿਖਾ ਮੀਆਂ ।
ਸੱਚਾ ਪਿਆਰ ਜੋ ਯਾਰ ਦੇ ਨਾਲ ਪਾਇਓ,
ਕਰੀਂ ਯਾਰ ਤੋਂ ਜਾਨ ਫ਼ਿਦਾ ਮੀਆਂ ।
ਸਿਰ ਦਿਤਿਆਂ ਸਿਰ ਜੇ ਹੱਥ ਆਵੇ,
ਸਸਤਾ ਵਣਜ ਹੈ ਲਈਂ ਚੁਕਾ ਮੀਆਂ ।
ਮੈਂ ਭੀ ਇਸ਼ਕ ਦੇ ਵਿਚ ਗੁਦਾਜ਼ ਹੋਇਆ,
ਐਪਰ ਦੱਸਣੇ ਦੀ ਨਹੀਂ ਜਾ ਮੀਆਂ ।
ਇਤਨਾ ਦਰਦ ਮੈਨੂੰ ਜੇਕਰ ਆਹ ਮਾਰਾਂ,
ਦਿਆਂ ਰੁੱਖ ਦਰਖ਼ਤ ਜਲਾ ਮੀਆਂ ।

ਮੂੰਹੋਂ ਬੋਲਿਆ ਖੋਲ੍ਹਿਆ ਦਰਦ ਸਾਰਾ.
ਹੋ ਜਾਂਵਦਾ ਯਾਰ ਖ਼ਫਾ ਮੀਆ ।
ਅੰਪਰ ਸਬਰ ਦਿੱਤਾ ਰੱਬ ਫਜ਼ਲ ਸੇਤੀ.
ਮੀਟੀ ਮੁੱਠ ਹੀ ਦੇ ਲੰਘਾ ਮੀਆ ।

## ਤਥਾ

ਤਾਹੀਂ ਸਿਅਰ ਮੇਰਾ ਪੁਰ ਸਿਹਰ ਹੋਇਆ.
ਕੀਤਾ ਰੱਬ ਰਸੂਲ ਅਤਾ ਮੈਨੂੰ ।
ਨਹੀਂ ਤਾ ਆਸ਼ਕਾ ਦਾ ਕਿੱਸਾ ਜੋੜਨੇ ਦਾ.
ਕੀਕਰ ਆਵਦਾ ਚੈਨ ਤੇ ਚਾ ਮੈਨੂੰ ।। ੧੩੪੦ ।
ਦਰਦ ਇਸਕ ਦੇ ਨਾਲ ਨਿਬਾਹ ਦਿੱਤੀ,
ਜਿਹੜੀ ਗੱਲ ਪਈ ਗਲ ਆ ਮੈਨੂੰ ।
ਖ਼ਾਦਮ ਭੁੱਲਿਆ ਜੋ ਕਿਤੇ ਸਿਅਰ ਅੰਦਰ.
ਐਬ ਦੇਖ ਤਾ ਵੀ ਪੜ੍ਹਦਾ ਪਾ ਮੈਨੂੰ ।
ਆਦਮ ਭੁੱਲ ਗਿਆ ਅੰਡੀ ਅਕਲ ਵਾਲਾ,
ਕੋਈ ਬਾਝ ਖਤਾ ਸੁਣਾ ਮੈਨੂੰ ।
ਇਕ ਬੂਟਿਓ ਬਾਗ ਬਣਾ ਦਿੱਤਾ.
ਮਾਲੀ ਕੋਈ ਐਸਾ ਦਿਖਲਾ ਮੈਨੂੰ ।
ਅੱਖੀ ਖੋਲ੍ਹ ਕਾਰੀਗਰੀ ਵੇਖ ਮੇਰੀ.
ਤਾਅਨੇ ਮਾਰ ਨਾ ਪਿਆ ਜਲਾ ਮੈਨੂੰ ।
ਫਜਲ ਸਾਹ ਤਾਈਂ ਫਜ਼ਲ ਸ਼ਾਹ ਕੀਤਾ.
ਸਮਝ ਬਹੁਤ ਫਕੀਰ ਗਦਾ ਮੈਨੂੰ ।

## ਅਖ਼ੀਰੀ ਵਾਕ

ਮੇਰੇ ਮਿਲਣ ਸੰਦੀ ਜੇਕਰ ਸਿੱਕ ਤੈਨੂੰ.
ਦੱਸਾ ਆਪਣਾ ਥਾਂ ਮਕਾਨ ਬੇਲੀ ।
ਨਵਾ ਕੋਟ ਲਾਹੌਰ ਦੀ ਤਰਫ ਦੱਖਣ,
ਪੈਂਡਾ ਨੀਮ ਫਰਸੰਗ ਦਾ ਜਾਨ ਬੇਲੀ ।
ਓਸ ਜਗ੍ਹਾ ਤੇ ਮੈਂ ਵਸਨੀਕ ਕੀਤੀ.
ਗੱਲ ਇਸ਼ਕ ਦੀ ਕੁਲ ਬਿਆਨ ਬੇਲੀ ।
ਵੀਹਵੇਂ ਸਾਲ ਅੰਦਰ ਮੇਰਾ ਪੈਰ ਆਹਾ.
ਕੀਤਾ ਖ਼ਿਜ਼ਰ ਮੈਨੂੰ ਖੈਰ ਦਾਨ ਬੇਲੀ ।

ਕੀਤੀ ਜੋੜ ਕਿਤਾਬ ਦਰੁਸਤ ਸਾਰੀ,
ਰੋਜ਼ੇ ਚੌਧਵੇਂ, ਮਾਹ ਰਮਜ਼ਾਨ ਬੇਲੀ।
ਹਿਜਰਤ ਨਬੀ ਕਰੀਮ ਥੀਂ ਗਏ ਆਹੇ,
ਬਾਰਾਂ ਸੈ ਤੇ ਪੈਂਹਠ ਪਛਾਨ ਬੇਲੀ।
ਅੱਖੀ ਖੋਲ੍ਹ ਕੇ ਵੇਖ ਪਿਆਰਿਆਂ ਦੇ,
ਕੀਤਾ ਇਸ਼ਕ ਦਾ ਬਹਿਰ ਰਵਾਨ ਬੇਲੀ।
ਜੇਕਰ ਇਸ਼ਕ ਥੀਂ ਮਿਲੇ ਮਕਸੂਦ ਤੇਰਾ,
ਮੈਥੀਂ ਕਰੀਂ ਤੂੰ ਦਰਦ ਅਯਾਨ ਬੇਲੀ।

ਅੱਛਾ ਜਾਨ ਨਾਹੀ, ਜਿਨ੍ਹਾਂ ਇਸ਼ਕ ਨਾਹੀਂ,
ਤਿਨ੍ਹਾਂ ਮੂਲ ਨਾ ਦੀਨ ਈਮਾਨ ਬੇਲੀ।
ਦਾਮਨ ਇਸਕ ਦੇ ਲੱਗਿਆ ਯਾਰ ਮਿਲਦਾ,
ਲਈ ਸਮਝ ਨਾ ਥੀਓ ਨਦਾਨ ਬੇਲੀ।
ਮੈਂ ਭੀ ਇਸ਼ਕ ਦਾ ਪੱਲੜਾ ਪਕੜਿਆ ਸੀ,
ਮਿਲਿਆ ਯਾਰ ਮੇਰਾ ਜੀਉ ਜਾਨ ਬੇਲੀ।
ਫਜ਼ਲ ਸ਼ਾਹ ਸੰਦੀ ਹੋਈ ਇਸ਼ਕ ਵਲੋ,
ਕਲਮਾ ਨਬੀ ਦੇ ਨਾਲ ਜ਼ਬਾਨ ਬੇਲੀ।

# ਕਿੱਸਾ ਰਪ ਬਸੰਤ

## ਕਿੱਸਾਕਾਰ— ਦੌਲਤ ਰਾਮ

ਇਸ ਜੱਗ ਤੇ ਰੂਪ ਬਸੰਤ ਦੋਵੇਂ ਧਰਮ ਸੀਸ ਦੇ ਨਾਲ ਨਿਭਾ ਗਏ ਜੀ
ਜਿਚਰ ਰਹੇ ਹਯਾਤੀ ਦੇ ਰੋਜ਼ ਬਾਕੀ ਦੋਵੇਂ ਧਰਮ ਦਾ ਰਾਜ ਕਮਾ ਗਏ ਜੀ
ਨੇਕੀ ਲੈ ਗਏ ਇਸ ਸੰਸਾਰ ਵਿਚੋਂ ਧਰਮ ਰੱਖ ਕੇ ਮੁਕਤ ਨੂੰ ਪਾ ਗਏ ਜੀ
ਬਾਕੀ ਨਾਮ ਕਰਤਾਰ ਦਾ ਰਿਹਾ ਇਕੋ ਭਾਂਡ ਖ਼ਾਕ ਦੇ ਖ਼ਾਕ ਮਿਲਾ ਗਏ ਜੀ
ਦੌਲਤ ਰਾਮ ਭਗਵਾਨ ਦਾ ਭਜਨ ਕਰ ਕੇ ਵਿਚ ਜੋਤ ਦੇ ਜੋਤ, ਸਮਾ ਗਏ ਜੀ

# ਦੌਲਤ ਰਾਮ ਰਚਿਤ ਕਿੱਸਾ ਰੂਪ ਬਸੰਤ ਮਾਨਵੀ ਨੈਤਿਕਤਾ ਦਾ ਪ੍ਰਮਾਣਕ ਪ੍ਰਤਿਮਾਨ

ਪੰਜਾਬੀ ਕਿੱਸਾਕਾਰੀ ਦੇ ਅੰਤਲੇ ਸਮੇਂ ਵਿਚ ਜਿਨ੍ਹਾਂ ਕਿੱਸਾਕਾਰਾਂ ਨੇ ਨਿਵੇਕਲੀ ਕਿੱਸਾਕਾਰੀ ਕੀਤੀ ਹੈ, ਉਨ੍ਹਾਂ ਵਿਚੋਂ ਦੌਲਤ ਰਾਮ ਰਾਮਗੜ੍ਹ ਸਰਦਾਰਾ ਦਾ ਨਾਂ ਇਕ ਵੱਖਰੀ ਪਛਾਣ ਵਾਲਾ ਹੈ। ਇਸ ਗੁਣੀ ਗਿਆਨੀ ਕਿੱਸਕਾਰ ਦਾ ਸਮਾਂ 1864–1934 ਈ. ਹੈ। ਇਸ ਸ਼ਾਇਰ ਨਾਲ ਇਸ ਦੇ ਨਾਂ ਵਾਲਿਆਂ ਨੇ ਡਾਢਾ ਅਨਰਥ ਕੀਤਾ ਹੈ। ਦੌਲਤ ਰਾਮ ਦੇ ਨਾਂ ਹੇਠ ਜਿਨ੍ਹਾਂ ਵਿਅਕਤੀਆਂ ਨੇ ਕਿੱਸੇ ਲਿਖੇ ਹਨ, ਉਨ੍ਹਾਂ ਨੇ ਅਸਲ ਸ਼ਾਇਰ ਦੌਲਤ ਰਾਮ ਦੀ ਸ਼ਾਇਰੀ ਵਿਚ ਰਲਾ ਪਾ ਕੇ ਪਾਠਕ ਨੂੰ ਗੁੰਮਰਾਹ ਕੀਤਾ ਹੈ ਜਦ ਕਿ ਅਸਲ ਦੌਲਤ ਰਾਮ ਕੋਲ ਇਤਿਹਾਸ, ਮਿਥਿਹਾਸ ਅਤੇ ਲੋਕਧਾਰਾ ਦੀ ਪੱਕੀ ਪੀਡੀ ਪਕੜ ਸੀ। ਦੌਲਤ ਰਾਮ ਦੀ ਸ਼ਾਇਰੀ ਦੀ ਪ੍ਰਮਾਣਕਤਾ ਦੀ ਖੋਜ-ਪੜਤਾਲ ਕਰਨ ਵਾਲਿਆਂ ਵਿਚ ਡਾ. ਤੇਜਵੰਤ ਮਾਨ ਦਾ ਵੱਡਾ ਯੋਗਦਾਨ ਹੈ। ਉਸ ਦਾ ਸ਼ੋਧ ਪ੍ਰਬੰਧ ਇਸ ਸ਼ਾਇਰ ਦੀ ਪ੍ਰਮਾਣਕ ਸ਼ਾਇਰੀ ਨੂੰ ਲੱਭਣ ਵਿਚ ਸਹਾਈ ਹੋਇਆ ਹੈ।

ਦੌਲਤ ਰਾਮ ਵਾਸੀ ਰਾਮਗੜ੍ਹ ਕਾਲੀਦਾਸ ਗੁਜਰਾਂਵਾਲੀਆਂ ਦਾ ਸਮਕਾਲੀ ਸੀ। ਉਸ ਦੀ ਪ੍ਰਸਿੱਧ ਕਿੱਸਾਕਾਰੀ ਵਿਚੋਂ ਕਿੱਸਾ ਰੂਪ ਬਸੰਤ, ਕਿੱਸਾ ਰਾਜਾ ਸਰਯਾਲ, ਕਿੱਸਾ ਪੂਰਨ ਭਗਤ, ਕਿੱਸਾ ਰਾਜਾ ਰਸਾਲੂ ਅਤੇ ਕਿੱਸਾ ਰਾਜਾ ਹਰੀ ਚੰਦ ਬੜੇ ਸਵੀਕਾਰ ਹੋਏ ਹਨ। ਉਸ ਦੀ ਸ਼ਾਇਰੀ ਵਿਚੋਂ ਉਸਦੀ ਹਿੰਦੂ ਸ਼ਾਸਤਰਾਂ ਪ੍ਰਤਿ ਦੀਰਘ ਸੂਝ, ਯੋਗ ਸੰਨਿਆਸ ਅਤੇ ਪੁਰਾਣਾਂ ਦੀ ਪਕੜ ਬਾਰੇ ਗਵਾਹੀ ਮਿਲਦੀ ਹੈ। ਗੁਰੂ ਗਿਆਨ ਦੇ ਅਨੁਆਈ ਦੌਲਤ ਰਾਮ ਨੇ ਜਿਹੜੀਆਂ ਧਾਰਮਕ ਪ੍ਰਸੰਗਾਂ ਵਾਲੀਆਂ ਕਥਾਵਾਂ ਰਚੀਆ ਹਨ, ਉਨ੍ਹਾਂ ਵਿਚੋਂ ਉਸ ਦੀ ਧਰਮ ਚੇਤਨਾ ਅਤੇ ਚਿੰਤਨ ਦੀ ਪਛਾਣ ਹੁੰਦੀ ਹੈ। ਉਹ ਲਿਖਦਾ ਹੈ:—

(1) ਕੇਹੜੀ ਗੱਲ ਦਾ ਬੰਦਿਆ ਮਾਨ ਕਰਦੈਂ ਚਾਰ ਰੋਜ ਦਾ ਜਗ ਤੇ ਮੇਲੜਾ ਈ।
ਪਛੋਤਾਵਸੇਂ ਤੂੰ ਏਸ ਵੇਲੜੇ ਨੂੰ ਕਰ ਲੈ ਬੰਦਗੀ ਅਜੇ ਸਵੇਲੜਾ ਈ।
ਭੌਂਦਾ ਫਿਰੇਂਗਾ ਵਿਚ ਚੁਰਾਸੀਆਂ ਦੇ ਫੇਰ ਹੱਥ ਨਾ ਆਵਣਾ ਵੇਲੜਾ ਈ।
ਬਿਨਾ ਬੰਦਗੀ ਬੰਦੇ ਦਾ ਜੀਣ ਬਿਰਥਾ, ਬਿਰਥਾ ਖਾਰ ਨਾ ਜਿਵੇਂ ਕਰੇਲੜਾ ਈ।

(2) ਹਿੰਦੂ ਸੋ ਜੋ ਵੇਦ ਅਨੁਸਾਰ ਹੋਵੇ ਮੁਸਲਮਾਨ ਜੋ ਅਮਲ ਕੁਰਾਨ ਭਾਈ।
ਜੇਹੜੇ ਵੇਦ ਭਗਵਾਨ ਨੂੰ ਰੱਦ ਕਰਦੇ ਸਈ ਰੱਦ ਜਹਾਨ ਤੋਂ ਜਾਨ ਭਾਈ।

ਜੇਹੜੇ ਨਾਮ ਤੇ ਧਰਮ ਦੀ ਚੜ੍ਹੇ ਬੇੜੀ ਸੋਈ ਤਰ ਗਏ ਸਿੱਧ ਜਹਾਨ ਭਾਈ ।
ਜੱਸ ਜੀਵਣਾ ਅਤੇ ਅਪਜੱਸ ਮਰਨਾ ਏਹੋ ਆਖਦੇ ਵੇਦ ਪੁਰਾਣ ਭਾਈ ।

ਨਿਰਸੰਦੇਹ ਦੌਲਤ ਰਾਮ ਇਕ ਅਜਿਹਾ ਕਿੱਸਾਕਾਰ ਸੀ, ਜਿਸ ਦੀ ਸ਼ਾਇਰੀ ਦਾ ਪ੍ਰੇਰਨਾ ਸਰੋਤ ਧਰਮ-ਭਾਵਨਾ ਵੀ ਸੀ । ਉਸ ਕੋਲ ਧਰਮ ਚਿੰਤਨ ਦੀ ਨੈਤਿਕਤਾ ਸੀ ਅਤੇ ਭਾਰਤੀ ਆਦਰਸ਼ਾਂ ਪ੍ਰਤਿ ਡੂੰਘਾ ਲਗਾਉ ਸੀ । ਇਹੀ ਕਾਰਣ ਹੈ ਕਿ ਕਿੱਸਾ ਰੂਪ ਬਸੰਤ ਵਿਚ ਅਜਿਹੀ ਪ੍ਰੇਰਣਾ ਦੇ ਭਰਵੇਂ ਸੰਕੇਤ ਹਨ । ਸਨਾਤਨੀ ਵਿਚਾਰਾਂ ਦਾ ਅਨੁਆਈ ਹੋਣ ਕਾਰਣ ਉਸ ਦਾ ਆਪਣਾ ਜੀਵਨ ਧਰਮੀ ਭਾਵਨਾ ਵਾਲਾ ਸੀ । ਉਸ ਦੀ ਸ਼ਾਇਰੀ ਵਿਚ ਵੀ ਮਨੁੱਖ ਨੂੰ ਸੱਚਾ ਸੁੱਚਾ ਪਵਿੱਤਰ ਜੀਵਨ ਜੀਉਣ ਦੀ ਪ੍ਰੇਰਣਾ ਹੈ ।

ਦੌਲਤ ਰਾਮ ਦਾ ਕਿੱਸਾ ਰੂਪ ਬਸੰਤ ਉਸ ਦੀ ਕਿੱਸਾਕਾਰੀ ਦਾ ਪ੍ਰਮਾਣਕ ਪ੍ਰਤਿਮਾਨ ਹੈ । ਇਸ ਕਿੱਸੇ ਦਾ ਰਚਨਾਕਾਲ 1902-1903 ਹੈ । ਇਸ ਕਥਾ ਦੇ ਕਾਫ਼ੀ ਪ੍ਰਸੰਗ ਪੂਰਨ ਭਗਤ ਦੇ ਕਿੱਸੇ ਨਾਲ ਰਲਦੇ ਪ੍ਰਤੀਤ ਹੁੰਦੇ ਹਨ । ਸਮੀਖਿਆਕਾਰਾਂ ਦਾ ਇਹ ਵੀ ਮੱਤ ਹੈ ਕਿ ਇਹ ਕਥਾ ਪੂਰਨ ਭਗਤ ਦੇ ਬ੍ਰਿਤਾਂਤ ਦਾ ਹੀ ਸਮਿਨਵੈ ਹੈ । ਇਹ ਵਿਚਾਰ ਭਾਵੇਂ ਸਵੀਕਾਰ ਨਹੀਂ ਕੀਤਾ ਗਿਆ ਪਰ ਇਹ ਤੱਥ ਤਾਂ ਸਪੱਸ਼ਟ ਹੀ ਹੈ ਕਿ ਪੰਜਾਬੀ ਕਿੱਸਾਕਾਰੀ ਵਿਚ ਬਹੁਤ ਸਾਰੀਆਂ ਕਥਾਵਾ ਇਕ ਦੂਜੇ ਵਿਚ ਅਭੇਦ ਹੋਈਆਂ ਹਨ । ਰੂਪ ਬਸੰਤ ਅਤੇ ਪੂਰਨ ਦੀ ਕਥਾ ਵਿਚ ਬ੍ਰਿਤਾਂਤ ਦਾ ਕੇਂਦਰੀ ਥੀਮ ਬਿਲਕੁਲ ਇਕੋ ਜਿਹਾ ਹੈ—ਮਤਰੇਈ ਮਾਂ ਦਾ ਪਾਪ ਕਮਾਉਣਾ, ਪਿਉ ਵਲੋਂ ਮੌਤ ਦੀ ਸਜ਼ਾ ਅਤੇ ਫਿਰ ਮੁੜ ਮਤਰੇਈ ਮਾਂ ਦਾ ਆਪਣੇ ਪਾਪਾਂ ਕਾਰਣ ਪਛਤਾਉਣਾ । ਰੂਪ ਬਸੰਤ ਦੇ ਕਿੱਸੇ ਵਿਚ ਪੂਰਨ ਭਗਤ ਨਾਲੋਂ ਵਧੇਰੇ ਪ੍ਰਸੰਗ ਹਨ, ਜਿਸ ਕਰਕੇ ਇਹ ਕਿੱਸਾ ਆਪਣੀ ਵੱਖਰੀ ਪਛਾਣ ਵਾਲਾ ਹੈ । ਮਤਰੇਈ ਮਾਂ ਵਾਲਾ ਕੇਂਦਰੀ ਪ੍ਰਸੰਗ ਰੂਪ ਬਸੰਤ ਦੇ ਕਿੱਸੇ ਵਿਚ ਇੰਜ ਹੈ:—

ਰਾਣੀ ਪਕੜ ਕੇ ਬਾਂਹ ਬਸੰਤ ਸੰਦੀ ਅੰਦਰ ਜਾਇ ਕੇ ਗੋਂਦ ਵਖਾਨ ਲੱਗੀ ।
ਜੇਹੜਾ ਪਲੰਘ ਵਿਛਾਇਕੇ ਰਖਿਆ ਸੀ ਉਤੇ ਕੁੰਵਰ ਨੂੰ ਜਾਇ ਬਠਾਨ ਲੱਗੀ ।
ਜੈਸੇ ਨਾਰ ਬਦਕਾਰ ਦੀ ਕਾਰ ਹੁੰਦੀ ਉਸੇ ਤਰ੍ਹਾਂ ਦੀ ਕਾਰ ਕਮਾਨ ਲੱਗੀ ।
ਦੇਖੋ ਪਲਕ ਦੇ ਭੋਗ ਸੰਜੋਗ ਪਿੱਛੇ ਦੋਵੇਂ ਲੋਕ ਪਰਲੋਕ ਗਵਾਨ ਲੱਗੀ ।
ਪਾਕੇ ਦਗ਼ੇ ਫ਼ਰੇਬ ਦਾ ਜਾਲ ਯਾਰੋ ਪੰਛੀ ਕੁੰਵਰ ਨੂੰ ਵਿਚ ਫਸਾਨ ਲੱਗੀ ।
ਭੈੜੀ ਰੇਤ ਵਿੱਚੋਂ ਬੈਠੀ ਤੇਲ ਕੱਢੇ ਵੇਖੋ ਅੱਗ ਸਮੁੰਦਰ ਨੂੰ ਲਾਨ ਲੱਗੀ ।
ਮਾਵਾਂ ਪੁੱਤਰਾਂ ਨੇਹੁੰ ਨਾ ਕਦੇ ਲੱਗੇ ਧੂੰਏਂ ਨਾਲ ਪਹਾੜ ਉਡਾਨ ਲੱਗੀ ।
ਗੱਲਾਂ ਮਿੱਠੀਆਂ ਦਾ ਉਤੇ ਘੱਤ ਪਾਣੀ ਪੱਥਰ ਮੋਮ ਤੋਂ ਨਰਮ ਬਣਾਨ ਲੱਗੀ ।
ਜੈਸੇ ਯਾਰਨੀ ਰੰਨ ਦੇ ਕਰਮ ਹੁੰਦੇ ਉਸੇ ਤੌਰ ਤੇ ਨਾਜ਼ ਵਖਾਨ ਲੱਗੀ ।
ਤੀਵੀਂ ਮਰਦ ਦਾ ਜਿਵੇਂ ਸਲੂਕ ਹੁੰਦਾ ਓਸੇ ਤਰ੍ਹਾਂ ਪਿਆਰ ਵਧਾਨ ਲੱਗੀ ।
ਕੁੰਵਰ ਤੜਫ਼ ਕੇ ਪਲੰਘ ਦੇ ਹੇਠ ਡਿੱਗਾ ਜਦੋਂ ਹੱਥ ਕਲੇਜੇ ਨੂੰ ਪਾਨ ਲੱਗੀ ।

ਥਰਥਰ ਕੰਬਦਾ ਪਿਆ ਸਰੀਰ ਸਾਰਾ ਭੈੜੀ ਡੈਣ ਦੇ ਵਾਗ ਤਕਾਨ ਲੱਗੀ ।
ਰਾਣੀ ਪਕੜ ਕੇ ਕੁੰਵਰ ਦੀ ਬਾਂਹ ਬੈਠੀ ਨਾਲ ਪਿਆਰ ਦੇ ਬਚਨ ਸੁਣਾਨ ਲੱਗੀ ।
ਮੇਰੇ ਵਿਚ ਸ਼ਾਹਜ਼ਾਦਿਆਂ ਦੱਸ਼ ਕੇਹਾ ਹੱਥ ਜੋੜ ਕੇ ਵਾਸਤੇ ਪਾਨ ਲੱਗੀ ।
ਨਾਮ ਰੱਬ ਦੇ ਬੈਠ ਜਾ ਪਲੰਘ ਉਤੇ ਮੇਰੀ ਜਾਨ ਪਿਆਰਿਆ ਜਾਨ ਲੱਗੀ ।
ਦੋਵੇਂ ਜੋੜ ਕੇ ਹੱਥ ਬਸੰਤ ਆਖੇ ਮਾਈ ਕਰਨ ਕੀ ਜ਼ੁਲਮ ਤੁਫਾਨ ਲੱਗੀ ।
ਨਾਲੇ ਆਪ ਤੂੰ ਨਰਕ ਦੇ ਵਿਚ ਡੁੱਬੇਂ ਨਾਲੇ ਮੁਝ ਨੂੰ ਨਾਲ ਡੁਬਾਨ ਲੱਗੀ ।
ਪੂੰਜੀ ਧਰਮ ਈਮਾਨ ਸੁਸ਼ੀਲਤਾ ਦੀ ਜੂਏ ਕਾਮ ਦੇ ਵਿਚ ਹਰਾਨ ਲੱਗੀ ।
ਹੀਰਾ ਧਰਮ ਅਮੋਲ ਹੈ ਲਾਲ ਤੇਰਾ ਠੱਗਣੀ ਹਿਰਸ ਦੇ ਹੱਥ ਠਗਾਨ ਲੱਗੀ ।
ਚੂਹੜੀ ਚਾਹ ਚਮਯਾਰੀ ਨੂੰ ਮਗਰ ਲਾ ਕੇ ਮਾਏ ਬ੍ਰਹਮ ਨੂੰ ਜੀਵ ਬਣਾਨ ਲੱਗੀ ।
ਦੌਲਤ ਰਾਮ ਕੁਝ ਅਕਲ ਤੇ ਹੋਸ਼ ਕਰ ਤੂੰ ਅੱਖੀਂ ਵੇਖ ਕੇ ਜ਼ੈਹਰ ਕਿਉਂ ਖਾਨ ਲੱਗੀ ।

ਇਹ ਉਪਰੋਕਤ ਬਸੰਤ ਦੀ ਹੋਣੀ ਵੀ ਪੂਰਨ ਵਰਗੀ ਹੈ । ਬਸੰਤ ਵੀ ਪੂਰਨ ਵਾਂਗ ਹੋਣੀ ਭੋਗਣ ਲਈ ਮਜਬੂਰ ਹੈ ਪਰ ਰੱਬ ਦੀ ਕਰਨੀ ਦੋਹਾਂ ਉਪਰ ਨਿਗਾਹਸਾਜ਼ ਹੁੰਦੀ ਹੈ । ਰੂਪ ਅਤੇ ਬਸੰਤ ਦੋਵੇਂ ਭਰਾ ਆਪਣੇ ਪਿਤਾ ਦੇ ਜਬਰ ਤੋਂ ਦੂਰ ਜਾ ਕੇ ਨਵੀਆ ਮੰਜ਼ਲਾਂ ਪ੍ਰਾਪਤ ਕਰਦੇ ਹਨ । ਇਕ ਮਿਸਰ ਦਾ ਰਾਜਾ ਬਣਦਾ ਹੈ ਅਤੇ ਦੂਜਾ ਫਿਰ ਸੰਗਲਾਦੀਪ ਦਾ ਰਾਜ ਪ੍ਰਾਪਤ ਕਰਦਾ ਹੈ । ਮਤਰੇਈ ਮਾ ਚੰਦਰਾਵਤੀ ਆਪਣੇ ਪਾਪਾਂ ਦੇ ਪਸ਼ਚਾਤਾਪ ਵਿਚ ਹੀਰਾ ਚੱਟ ਕੇ ਮਰ ਜਾਂਦੀ ਹੈ । ਰੂਪ ਬਸੰਤ ਦੀ ਕਹਾਣੀ ਦੇ ਅੰਤਰਗਤ ਕਾਫੀ ਲਘੂ ਬ੍ਰਿਤਾਂਤ ਹਨ ਜੋ ਇਸ ਕਿੱਸੇ ਦਾ ਵਿਸਥਾਰ ਪ੍ਰਤੀਤ ਹੁੰਦੇ ਹਨ । ਮੂਲ ਕਥਾ ਤਾਂ ਮਤਰੇਈ ਮਾਂ ਦਾ ਅਨੈਤਿਕ ਕਰਮ ਅਤੇ ਨੈਤਿਕਤਾ ਦੀ ਜਿੱਤ ਹੈ । ਖ਼ੁਦ ਕਿੱਸਾਕਾਰ ਇੰਜ ਲਿਖਦਾ ਹੈ:—

ਇਸ ਜੱਗ ਤੇ ਰੂਪ ਬਸੰਤ ਦੋਵੇਂ ਧਰਮ ਸੀਸ ਦੇ ਨਾਲ ਨਿਭਾ ਗਏ ਜੀ
ਜਿਚਰ ਰਹੇ ਹਯਾਤੀ ਦੇ ਰੋਜ਼ ਬਾਕੀ ਦੋਵੇਂ ਧਰਮ ਦਾ ਰਾਜ ਕਮਾ ਗਏ ਜੀ
ਨੇਕੀ ਲੈ ਗਏ ਇਸ ਸੰਸਾਰ ਵਿਚੋਂ ਧਰਮ ਰੱਖ ਕੇ ਮੁਕਤ ਨੂੰ ਪਾ ਗਏ ਜੀ
ਬਾਕੀ ਨਾਮ ਕਰਤਾਰ ਦਾ ਰਿਹਾ ਇਕੋ ਭਾਂਡੇ ਖ਼ਾਕ ਦੇ ਖ਼ਾਕ ਮਿਲਾ ਗਏ ਜੀ
ਦੌਲਤ ਰਾਮ ਭਗਵਾਨ ਦਾ ਭਜਨ ਕਰਕੇ ਵਿਚ ਜੋਤ ਦੇ ਜੋਤ ਸਮਾ ਗਏ ਜੀ

ਆਪਣੇ ਕਿੱਸੇ ਰੂਪ ਬਸੰਤ ਦੇ ਅੰਤ ਵਿਚ ਕਿੱਸਾਕਾਰ ਆਪਣੇ ਬਾਰੇ ਜਾਣਕਾਰੀ ਦੇਂਦਾ ਲਿਖਦਾ ਹੈ:—

ਕਥਾ ਰੂਪ ਬਸੰਤ ਦੀ ਹੋਈ ਪੂਰੀ ਅੱਜ ਸ਼ੁਕਰ ਹਜ਼ਾਰ ਮਨਾਇਆ ਮੈਂ
ਜੈਸੀ ਬੁਧ ਆਹੀ ਤੈਸਾ ਆਖਿਆ ਏ ਨਹੀ ਸਾਨ ਗੁਮਾਨ ਜਣਾਯਾ ਮੈਂ
ਦੂੱਨਾ ਰਾਮ ਤੇ ਹੋਰ ਪਿਆਰਿਆਂ ਨੂੰ ਕਿੱਸਾ ਜੋੜ ਕੇ ਆਖ ਸੁਣਾਯਾ ਮੈਂ
ਕਿਹਾ ਸਾਰਿਆਂ ਨੇ ਕਿੱਸਾ ਖ਼ੂਬ ਬਣਿਆ ਨਾਮ ਰਾਮ ਨਰਾਇਨ ਦਾ ਗਾਯਾ ਮੈਂ
ਭੀਲਾ ਸ਼ਹਿਰ ਤੇ ਜ਼ਿਲ੍ਹਾ ਹੈ ਮਿੰਟਗੁਮਰੀ ਕਿੱਸ ਬੈਠ ਜਹਾਂ ਰਚਾਯਾ ਮੈਂ

ਬੂਟਾ ਸਿੰਘ ਸਰਦਾਰ ਦੇ ਪਾਸ ਯਾਰੋ ਸਾਲ ਖ਼ੁਸ਼ੀ ਦੇ ਨਾਲ ਲੰਘਾਯਾ ਮੈਂ
ਨਾਲ ਸੁੱਖ ਦੇ ਸਾਲ ਬਤੀਤ ਹੋਯਾ ਚੰਗਾ ਖਾਯਾ ਤੇ ਖ਼ੂਬ ਹੰਢਾਯਾ ਮੈਂ
ਭੀਲੇ ਸ਼ਹਿਰ ਦੇ ਵਿਚ ਨਿਵਾਸ ਕਰਕੇ ਏਹ ਖ਼ੂਬ ਬਿਲਾਸ ਬਣਾਯਾ ਮੈਂ
ਲੁਧਿਆਣੇ ਦੇ ਜ਼ਿਲ੍ਹੇ ਦਾ ਜਨਮ ਮੇਰਾ ਠਾਣਾ ਡੇਹਲੋਂ ਦਾ ਆਖ ਸੁਣਾਯਾ ਮੈਂ
ਹਿੰਦੀ ਲੜਕੇ ਪੜ੍ਹਾਵਣੇ ਕਾਰ ਮੇਰੀ ਜਿਸ ਦੇ ਲਈ ਪ੍ਰਦੇਸ ਮੇਂ ਆਇਆ ਮੈਂ
ਅਸਲੀ ਰਾਮਗੜ੍ਹ ਪਿੰਡ ਦਾ ਜਨਮ ਮੇਰਾ ਅਤੇ ਪਾਸ ਮਲੌਦ ਜਤਾਯਾ ਮੈਂ
ਸੋਲ੍ਹਾਂ ਕੋਸ ਲੁਧਿਆਣਾ ਸ਼ਹਿਰ ਸਾਥੋਂ ਖੰਨਾ ਪੰਦਰਾਂ ਕੋਸ ਅਲਾਯਾ ਮੈਂ
ਤੀਸ ਕੋਸ ਪਟਿਆਲੇ ਦਾ ਫ਼ਾਸਲਾ ਹੈ ਅਠਾਰਾ ਕੋਸ ਨਾਭਾ ਬਤਲਾਯਾ ਮੈਂ
ਪੰਜ ਕੋਸ ਮਲੇਰ ਦਾ ਕੋਟਲਾ ਹੈ ਭਲੀ ਤਰ੍ਹਾਂ ਦੇ ਨਾਲ ਸਮਝਾਇਆ ਮੈਂ
ਤੀਨ ਕੋਸ ਸਟੇਸ਼ਨ ਜਿਤਵਾਲ ਦਾ ਹੈ ਪੱਕਾ ਇਹ ਨਿਸ਼ਾਨ ਲਗਾਯਾ ਮੈਂ
ਸਾਹਿਬ ਦਿਤਾ ਹੈ ਪਿਤਾ ਦਾ ਨਾਮ ਯਾਰੋ ਜਿਸਦੇ ਧਾਮ ਵਿਖੇ ਜਨਮ ਪਾਯਾ ਮੈਂ
ਜ਼ਾਤ ਬਰਣ ਦਾ ਕੁਝ ਨਾ ਮਾਨ ਮੈਨੂੰ ਸਾਰੇ ਏਕ ਹੀ ਬ੍ਰਹਮ ਠੈਹਰਾਯਾ ਮੈਂ
ਵਿੱਦਯਾ ਇਲਮ ਨਾ ਪਿੰਗਲ ਦੀ ਸਾਰ ਮੈਨੂੰ ਐਵੇਂ ਅਕਲ ਦਾ ਢੰਗ ਲਗਾਯਾ ਮੈਂ
ਭੁੱਲ ਚੁੱਕ ਸਭ ਕਰੋ ਮੁਆਫ ਮੇਰੀ ਅੱਗੇ ਸ਼ਾਇਰਾਂ ਵਾਸਤਾ ਪਾਯਾ ਮੈਂ
ਕੀਤੇ ਐਬ ਨੀ ਲੱਖ ਹਜ਼ਾਰ ਯਾਰੋ ਭਲਾ ਇਕ ਨਾ ਕਰਮ ਕਮਾਯਾ ਮੈਂ
ਖੋਟੇ ਕੰਮਾਂ ਦੇ ਵਿਚ ਚਾ ਉਮਰ ਗਾਲੀ ਇਕ ਪਲਕ ਨਾ ਨਾਮ ਧਿਆਯਾ ਮੈਂ
ਨਾ ਮੈਂ ਸਾਧ ਹੋਯਾ ਨਾ ਮੈਂ ਰਿਹਾ ਗ੍ਰਿਹਸਥੀ ਧੋਬੀ ਸੁਆਨ ਜਯੋਂ ਜਨਮ ਗ੍ਵਾਯਾ ਮੈਂ
ਐਪਰ ਕਿਸੇ ਨੂੰ ਕੁਝ ਨਾ ਦੋਸ਼ ਯਾਰੋ ਮਿਲਦਾ ਵਾਹ ਜੋ ਲੇਖ ਲਖਾਯਾ ਮੈਂ
ਇਕੋ ਫਜ਼ਲ ਕਰਤਾਰ ਦਾ ਮੰਗਦਾ ਹਾਂ ਹੋਰ ਫੈਸਲਾ ਕੁਲ ਮੁਕਾਯਾ ਮੈਂ
ਦੌਲਤ ਰਾਮ ਨੂੰ ਬਖ਼ਸ਼ ਰੱਬ ਸੱਚਾ ਜੇਕਰ ਚਿਤ ਭਗਵਾਨ ਦੇ ਭਾਯਾ ਮੈਂ

ਕੁਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਦੌਲਤ ਰਾਮ. ਪੰਜਾਬੀ ਕਿੱਸਾਕਾਰੀ ਦੇ ਅੰਤਲੇ ਪੜਾਅ ਦਾ ਉਹ ਸ਼ਾਇਰ ਹੈ, ਜਿਸ ਨੇ ਪਹਿਲੀ ਵਾਰ ਕੁਝ ਨਵੇਂ ਕਿੱਸਿਆਂ ਦੀ ਰਚਨਾ ਕੀਤੀ ਹੈ। ਰੂਪ ਬਸੰਤ ਦਾ ਕਿੱਸਾ ਉਸ ਦੇ ਪ੍ਰੋਢ ਹੱਥਾਂ ਵਿਚ ਨਿਖਰ ਕੇ ਪੰਜਾਬੀ ਕਿੱਸਾਕਾਰੀ ਦਾ ਮੁੱਲਵਾਨ ਅੰਗ ਬਣਿਆ ਹੈ।

# ਕਿੱਸਾ ਰੂਪ ਬਸੰਤ ਕ੍ਰਿਤ ਕਵੀ ਦੌਲਤ ਰਾਮ ਵਾਸੀ ਰਾਮਗੜ੍ਹ ਜ਼ਿਲ੍ਹਾ ਲੁਧਿਆਣਾ

ਦੋਹਰਾ— ਆਦਿ ਪੁਰਖ ਪਰਮਾਤਮਾ ਧਰੂੰ ਤੁਮ੍ਹਾਰੋ ਧਿਆਨ
ਮੰਦ ਮਤੀ ਕਵਿ ਦਾਸ ਕੋ ਬਖ਼ਸ਼ੋ ਸੁਧ ਗਿਆਨ

ਕੁੰਡਲੀ— ਆਦਿ ਪੁਰਖ ਓਅੰਕਾਰ ਕੋ ਕੋਟ ਕੋਟ ਪ੍ਰਣਾਮ
ਸਕਲ ਸ੍ਰਿਸ਼ਟ ਕੇ ਸਾਰ ਕੋ ਸਿਮਰੇ ਦੌਲਤ ਰਾਮ
ਸਿਮਰੇ ਦੌਲਤ ਰਾਮ ਏਕ ਨਾ ਨਿਮਖ ਵਿਸਾਰੇ
ਸ੍ਵਾਸ ਸ੍ਵਾਸ ਕੇ ਸਾਥ ਹਰੀ ਕਾ ਨਾਮ ਉਚਾਰੇ
ਆਦਿ ਅੰਤ ਅਰ ਮੱਧ ਏਕ ਸਮ ਪੁਰਖ ਅਨਾਦਿ
ਤਿਸ ਕੋ ਮਮ ਪ੍ਰਣਾਮ ਪੁਰਖ ਜੋ ਕਹੀਏ ਆਦਿ

ਦੋਹਰਾ— ਚਾਰ ਵੇਦ ਕਾ ਸਾਰ ਹੈ ਰਾਰਾ ਮਮਾ ਰਾਮ
ਜੋ ਨਿਸਚੇ ਕਰ ਸਿਮਰਿ ਹੈ ਜਾਇ ਰਾਮ ਕੇ ਧਾਮ

## ਚੌਪਾਈ

ਪ੍ਰਥਮੈ ਰਾਮ ਚਰਨ ਮਮ ਬੰਦਨ ।। ਜਾਂਤੇ ਨਾਸ ਹੋਤ ਕਲੂ ਫੰਦਨ
ਸੱਤ ਚਿਤ ਆਨੰਦ ਅਬਿਨਾਸ਼ੀ ।। ਨਮਸਕਾਰ ਆਤਮ ਪਰਕਾਸ਼ੀ
ਤੁਮ ਘਨਸ਼ਯਾਮ ਕ੍ਰਿਪਾਨਿਧ ਸ੍ਵਾਮੀ ।। ਚਾਤ੍ਰਿਕ ਸਮ ਹੌਂ ਮੂਢ ਸਕਾਮੀ
ਕਲੂ ਜਵਾਲ ਸਾੜੇ ਤਨ ਮੇਰਾ ।। ਅੰਮ੍ਰਿਤ ਬੂੰਦ ਨਾਮ ਹਰੀ ਤੇਰਾ
ਕਰੋ ਦਇਆ ਪ੍ਰਭ ਨਾਮ ਜਪਾਓ ।। ਕਲੂ ਅਗਨਿ ਛਿਨ ਮਾਹਿ ਬੁਝਾਓ
ਸਕਲ ਪਸਾਰਾ ਹੈ ਹਰੀ ਤੇਰਾ ।। ਔਰ ਹਾਲ ਕਿਆ ਕਹੂੰ ਘਨੇਰਾ
ਸੁਰ ਨਰ ਮੁਨ ਜਨ ਅੰਤ ਨਾ ਪਾਤੇ ।। ਆਠ ਪਹਰ ਤੁਮ ਸੇ ਲਿਵ ਲਾਤੇ
ਨਾਰਦ ਸ੍ਵਾਸ ਸ੍ਵਾਸ ਗੁਣ ਗਾਵੇ ।। ਮਾਤ ਸਾਰਦਾ ਪਾਰ ਨ ਪਾਵੇ

ਦੋਹਰਾ— ਮੋ ਮਤ ਕਾ ਪ੍ਰਕਾਸ਼ ਏਹ ਜਿਓਂ ਖਗ ਉਡੇ ਅਕਾਸ
ਪਾਰ ਕਛੂ ਪਾਵਤ ਨਹੀ. ਅੰਤ ਭੂਮਿ ਪਰ ਬਾਸ

ਦੋਹਰਾ— ਮੋ ਮੁਖ ਰਸਨਾ ਏਕ ਹੈ ਸ੍ਰੀ ਪਤਿ ਚਰਿਤ੍ਰ ਅਨੰਤ
ਮੈਂ ਕਿਆ ਬਰਣਨ ਕਰ ਸਕੂੰ ਸ਼ੇਸ਼ ਨ ਪਾਵਤ ਅੰਤ

ਕੁੰਡਲੀ— ਨਾਮ ਗਜਾਨਨ ਜਾਸ ਕੋ ਸ਼ਿਵ ਸੁਤ ਗੰਰੀ ਨੰਦ
ਏਕ ਰਦਨ ਸੁਖ ਸਦਨ ਕੇ ਪਾਦ ਪਦਮ ਪ੍ਰਤਿਬੰਦ
ਪਾਦ ਪਦਮ ਪ੍ਰਤਿਬੰਦ ਕਾਟਤੇ ਸਕਲ ਕਲੇਸ਼
ਕਰੇ ਕਾਜ ਸਭ ਸਿੱਧ ਸਿਮਰੀਏ ਆਦਿ ਗਣੇਸ਼
ਕਹਿਦਾ ਦੌਲਤ ਰਾਮ ਕਰੇ ਪੂਰਨ ਸਭ ਕਾਮ
ਤਿਸ ਕੋ ਮਮ ਪ੍ਰਣਾਮ ਜਾਸ ਕੋ ਗਣਪਤੀ ਨਾਮ

ਦੋਹਰਾ— ਸਿਮਰ ਭਵਾਨੀ ਸਾਰਦਾ ਕਾਟੇ ਸਕਲ ਕਲੇਸ਼
ਜਲ ਥਲ ਘਟ ਘਟ ਕੇ ਵਿਖੇ ਸ਼ਕਤੀ ਕਾ ਪਰਵੇਸ਼

ਦੋਹਰਾ— ਦੇਵੀ ਮਾਤਾ ਸਾਰਦਾ ਦੇ ਮੁਝੇ ਬਰਦਾਨ
ਇਕ ਭਗਤੀ ਹਰਿਨਾਮ ਕੀ ਦੁਤੀਆ ਬਖਸ਼ ਗਿਆਨ

ਦੋਹਰਾ— ਅਰੇ ਮੂਢ ਮਨ ਬਾਵਰੇ ਗੁਰ ਚਰਨੀਂ ਚਿੱਤ ਧਾਰ
ਜਾਸ ਕ੍ਰਿਪਾ ਤੇ ਮੂਢ ਤੂੰ ਉਤਰੇ ਭਵਜਲ ਪਾਰ

ਦੋਹਰਾ— ਮੂੰਗਾ ਨਾਥ ਗੁਰਦੇਵ ਕੋ ਕਰਤਾ ਕਵੀ ਅਦੇਸ
ਜਾਸ ਕ੍ਰਿਪਾ ਤੇ ਸੁਰਜ ਜੋ ਹੋ ਗਈ ਬੁਧਿ ਬਸ਼ੇਸ਼

ਕਬਿਤ।। ਗੁਰਾਂ ਬਿਨਾਂ ਗਿਆਨ ਧਿਆਨ ਨਾਮ ਦਾ ਨਾ ਸਾਰ ਆਵੇ ਗੁਰਾਂ ਬਿਨਾਂ ਬੁਧਿ ਨਹੀਂ ਹੋਵੇ ਭਰਪੂਰ ਜੀ। ਗੁਰਾ ਬਿਨਾਂ ਜੀਵ ਅੰਕ ਈਸ ਕੇ ਨਾ ਲਖੇ ਕੋਊ ਗੁਰਾਂ ਬਿਨ ਦ੍ਵੈਤ ਭਾਵ ਹੋਵਦਾ ਨਾ ਦੂਰ ਜੀ। ਗੁਰਾਂ ਬਿਨਾ ਮਿਟੇ ਨਾ ਅੰਧੇਰ ਅਗਿਆਨ ਵਾਲਾ ਗੁਰਾਂ ਬਿਨਾਂ ਕਭੀ ਨਹੀਂ ਭਾਸੇ ਏਕ ਨੂਰ ਜੀ। ਕਹੇ ਕਵਿ ਦੌਲਤ ਗੁਰਾਂ ਦੇ ਬਿਨਾਂ ਗਤਿ ਨਹੀ ਗੁਰਾਂ ਬਿਨਾਂ ਜੀਵਨਾ ਜਗਤ ਵਿਚ ਕੂੜ ਜੀ। ਗੁਰਾਂ ਬਿਨਾਂ ਨੇਮ ਨਾ ਧਰਮ ਨਾ ਕਰਮ ਕੋਈ ਗੁਰਾਂ ਬਿਨਾਂ ਹੋਵੇ ਨਾ ਸਰਮ ਦੇ ਹਜ਼ੂਰ ਜੀ। ਗੁਰਾ ਬਿਨਾਂ ਤਮ੍ਹਾਂ ਵਾਲੀ ਤੰਦ ਕੌਣ ਤੋੜ ਸਕੇ ਗੁਰਾਂ ਬਿਨਾਂ ਚੜ੍ਹੇ ਕੌਣ ਖਿਮਾਂ ਦੀ ਖਜੂਰ ਜੀ। ਗੁਰਾ ਬਿਨਾਂ ਦੁਖਾ ਵਾਲੇ ਸਾਗਰ ਨੂੰ ਤਰੇ ਕੌਣ ਗੁਰਾਂ ਬਿਨਾਂ ਬੁਝੇ ਨਹੀਂ ਤਪਤ ਤਨੂਰ ਜੀ। ਕਹੇ ਕਵਿ ਦੌਲਤ ਗੁਰਾਂ ਤੋਂ ਬਿਨਾਂ ਗਤਿ ਨਹੀਂ ਗੁਰਾਂ ਬਿਨਾਂ ਜੀਵਣਾ ਜਗਤ ਵਿਚ ਕੂੜ ਜੀ

ਦੋਹਰਾ— ਦੁਨੀ ਰਾਮ ਮਦਾਨ ਨੇ ਦੀਆ ਮੁਝੇ ਉਪਦੇਸ਼
ਕਿੱਸਾ ਰੂਪ ਬਸੰਤ ਦਾ ਰਚ ਤੂੰ. ਕਵੀ ਵਿਸ਼ੇਸ਼

ਦੋਹਰਾ— ਫਾਗਨ ਸ਼ੁਦੀ ਤ੍ਰੋਦਸ਼ੀ ਸਾਲ ਉਨਾਹਟਾ ਜਾਨ
ਕੀਤਾ ਪੁਸਤਕ ਸ਼ੁਰੂ ਮੈਂ ਬਚਨ ਮੀਤ ਕਾ ਮਾਨ

ਦੋਹਰਾ— ਆਦਿ ਪੁਰਖ ਪ੍ਰਭ ਸਿਮਰ ਕੇ ਗੁਰੂ ਚਰਨੀਂ ਚਿਤ ਧਾਰ
ਗਾਥਾ ਰੂਪ ਬਸੰਤ ਕੀ ਰਚੂੰ ਬੁੱਧਿ ਅਨੁਸਾਰ

ਕਿੱਸਾ ਸ਼ੁਰੂ ਸਿਫਤ ਸੰਗਲਦੀਪ ਗਦੀ ਹਾਲ ਰਾਜਾ ਖੜਗਸੈਨ ਦਾ

ਦੱਖਣ ਦਿਸ਼ਾ ਦੀ ਤਰਫ ਇਕ ਦੇਸ ਸੋਹਣਾ ਸੰਗਲਦੀਪ ਮਸ਼ਹੂਰ ਸੰਸਾਰ ਲੋਕੋ

ਕੇਹੀ ਕਰਾਂ ਤਾਰੀਫ ਉਸ ਦੇਸ ਦੀ ਮੈਂ ਗੋਯਾ ਸੁਰਗ ਦਾ ਹੈ ਅਵਤਾਰ ਲੋਕੋ
ਕੂਏ ਬੌਲੀਆਂ ਤਾਲ ਆਬਾਦ ਆਹੇ ਘਰ ਘਰ ਵਿਚ ਸੀ ਬਾਗ਼ ਬਹਾਰ ਲੋਕੋ
ਜਗ੍ਹਾ ਜਗ੍ਹਾ ਤੇ ਰਾਗ ਮੌਜੂਦ ਆਹੇ ਬੱਜੇ ਢੋਲ ਮਰਦੰਗ ਸਤਾਰ ਲੋਕੋ
ਸੂਰਤਵੰਦ ਜਨਾਨੀਆਂ ਮਰਦ ਸਾਰੇ ਜਿਵੇਂ ਹੋਂਵਦਾ ਨਕਸ਼ ਨਗਾਰ ਲੋਕੋ
ਮਸ਼ਾਹੂਰ ਏਹ ਗੱਲ ਜਹਾਨ ਉੱਤੇ ਸੰਗਲਦੀਪ ਜੈਸੀ ਨਹੀਂ ਨਾਰ ਲੋਕੋ
ਅਜ ਤੀਕ ਮੌਜੂਦ ਹੈ ਜਾਇ ਦੇਖੋ ਜੇਕਰ ਨਹੀਂ ਔਂਦਾ ਇਤਬਾਰ ਲੋਕੋ
ਏਸ ਗੱਲ ਨੂੰ ਬੀਤ ਗਏ ਸਾਲ ਪੂਰੇ ਸੱਤ ਸੈਂਕੜੇ ਇਕ ਹਜ਼ਾਰ ਲੋਕੋ
ਓਥੇ ਰਾਜ ਰਾਜੇ ਖੜਗਸੈਨ ਦਾ ਸੀ ਆਖਾਂ ਓਸ ਦਾ ਹਾਲ ਉਚਾਰ ਲੋਕੋ
ਉਸ ਦੀ ਵਾਰਤਾ ਕੁਲ ਮਾਲੂਮ ਮੈਨੂੰ ਕਰਾਂ ਅੱਜ ਸਾਰਾ ਇਜ਼ਹਾਰ ਲੋਕੋ
ਚੰਦਰਬੰਸ ਤੇ ਛੱਤਰੀ ਬਰਣ ਆਹਾ ਦਯਾਵਾਨ ਤੇ ਬੁਧਿ ਉਦਾਰ ਲੋਕੋ
ਰਾਜਨੀਤ ਦੇ ਵਿਚ ਪ੍ਰਬੀਨ ਰਾਜਾ ਕਰਦਾ ਅਦਲ ਸੀ ਵੇਦ ਅਨੁਸਾਰ ਲੋਕੋ
ਬਾਰ੍ਹਾਂ ਵਿਦਯਾ ਵਿਚ ਭਰਪੂਰ ਹੈਸੀ ਕਰਦਾ ਗੱਲ ਨਾ ਬਿਨਾਂ ਵਿਚਾਰ ਲੋਕੋ
ਬੁਧਿਵਾਨ ਤੇ ਗੁਣਾਂ ਦੀ ਖਾਨ ਰਾਜਾ ਕਰਦਾ ਦਾਨ ਤੇ ਨਾਮ ਅਧਾਰ ਲੋਕੋ
ਸੰਧਯਾ ਗਾਇਤਰੀ ਨੂੰ ਨਿਤਨੇਮ ਕਰਦਾ ਸਾਧ ਸੰਗ ਤੇ ਸੱਚ ਦੀ ਕਾਰ ਲੋਕੋ
ਪਰ ਇਸਤਰੀ ਮਾਤ ਸਮਾਨ ਜਾਣੇ ਦਿਲੋਂ ਜਤੀ ਔਰ ਸਤੀ ਦਾਤਾਰ ਲੋਕੋ
ਐਸਾ ਤੇਜ ਆਹਾ ਉਸ ਦਾ ਮੁਲਕ ਅੰਦਰ ਗਊ ਸਿੰਘ ਚਰਦੇ ਇਕ ਬਾਰ ਲੋਕੋ
ਚਿੜੀ ਬਾਜ਼ ਦਾ ਖ਼ੌਫ ਨਾ ਮੂਲ ਖਾਵੇ ਬਾਘ ਬੱਕਰੀ ਨਾਲ ਪਿਆਰ ਲੋਕੋ
ਮੋਰ ਸੱਪ ਨੂੰ ਵੇਖ ਕੇ ਖੌਫ ਖਾਵੇ ਐਸਾ ਰਾਵ ਦਾ ਤੇਜ ਬਲਕਾਰ ਲੋਕੋ
ਦੌਲਤਵੰਦ ਗਰੀਬ ਨੂੰ ਇਕ ਜਾਣੇ ਦੇਵੇ ਕਿਸੇ ਨੂੰ ਨਹੀਂ ਅਜਾਰ ਲੋਕੋ
ਚੋਰ ਯਾਰ ਤੇ ਠੱਗ ਬਦਕਾਰ ਸੰਦਾ ਸੀਸ ਕੱਟਦਾ ਮਾਰ ਕਟਾਰ ਲੋਕੋ
ਬੇਈਮਾਨ ਅਤੇ ਝੂਠ ਮਰਦ ਤਾਈਂ ਦੇਵੇਂ ਦੇਸ਼ ਤੋਂ ਤੁਰਤ ਨਿਕਾਲ ਲੋਕੋ
ਸਾਰਾ ਦੇਸ ਉਸ ਦਾ ਅਮਨ ਚੈਨ ਵਸਦਾ ਕਿਸੇ ਤੌਰ ਦਾ ਨਹੀਂ ਇਸਰਾਰ ਲੋਕੋ
ਕੇੜ੍ਹੀ ਕੇੜ੍ਹੀ ਮੈਂ ਸਿਫ਼ਤ ਬਣਾਇ ਆਖਾਂ ਮੈਥੀਂ ਹਵਦਾ ਨਹੀਂ ਪਸਾਰ ਲੋਕੋ
ਥੋੜੀ ਅਕਲ ਤਾਰੀਫ ਹੈ ਬਹੁਤ ਸਾਰੀ ਕਿਵੇਂ ਕਰਾਂ ਮੈਂ ਕੁਲ ਸੁਮਾਰ ਲੋਕੋ
ਰਾਣੀ ਇਕ ਆਹੀ ਖੜਗਸੈਨ ਸੰਦੀ ਨਿਰਮਲ ਬੁਧਿ ਤੇ ਗੁਣਾਂ ਦੀ ਸਾਰ ਲੋਕੋ
ਰੂਪਾਵਤੀ ਮਸ਼ਹੂਰ ਸੀ ਨਾਮ ਉਸ ਦਾ ਰੂਪ ਉਸ ਦਾ ਅਪਾਰ ਅਪਾਰ ਲੋਕੋ
ਜਿਵੇਂ ਇੰਦਰ ਦੀ ਇਸਤਰੀ ਸ਼ਚੀ ਆਹੀ ਤਿਵੇ ਉਸ ਦਾ ਰੂਪ ਸ਼ਿੰਗਾਰ ਲੋਕੋ
ਨਰਮ ਤਬ੍ਹਾ ਆਹੀ ਜਤ ਸਤ ਵਾਲੀ ਜਾਣੇ ਪਤੀ ਨੂੰ ਰੂਪ ਕਰਤਾਰ ਲੋਕੋ
ਪੁੱਤਰ ਰੂਪ ਬਸੰਤ ਦੋ ਰੂਪ ਵਾਲੇ ਜਿਵੇਂ ਹੋਂਵਦਾ ਗੁਲ ਅਨਾਰ ਲੋਕੋ
ਸੱਤ ਬਰਸ ਦੀ ਆਰਜਾ ਰੂਪ ਆਹਾ ਪੰਜ ਬਰਸ ਬਸੰਤ ਕੁਮਾਰ ਲੋਕੋ
ਮੱਥਾ ਚਮਕਦਾ ਦੁਹਾਂ ਦਾ ਦੰਦ ਵਾਂਗੂੰ ਨੰਗੀ ਤੇਗ਼ ਦਾ ਜਿਵੇਂ ਲਸ਼ਕਾਰ ਲੋਕੋ
ਮਾਤਾ ਵੇਖ ਕੇ ਰੂਪ ਅਨੰਦ ਹੋਵੇ ਪਾਣੀ ਪੀਂਵਦੀ ਸੀ ਵਾਰ ਵਾਰ ਲੋਕੋ

ਰਾਜਾ ਵੇਖਦਾ ਸੀ ਜਦੋਂ ਪੁੱਤਰਾਂ ਨੂੰ ਹੋਵੇ ਇਕ ਥੀਂ ਫੂਲ ਕੇ ਚਾਰ ਲੋਕੋ
ਪੁੱਤਰ ਮਿਲਨ ਯਾਰੋ ਭਾਗਾਂ ਵਾਲਿਆਂ ਨੂੰ ਪੁਤਰ ਪਿਤਾ ਪ੍ਰਾਣ ਆਧਾਰ ਲੋਕੋ
ਪੁੱਤਰ ਬਾਝ ਗ੍ਰਹਸਤ ਨਾ ਕੰਮ ਕਿਸੇ ਪੁੱਤਰ ਬਾਝ ਸੁੰਵਾ ਘਰ ਬਾਰ ਲੋਕੋ
ਪੁੱਤਰ ਬਾਝ ਨਾ ਜੱਗ ਤੇ ਨਾਮ ਰਹਿੰਦਾ ਪੁੱਤਰ ਬਾਝ ਕੂੜਾ ਪਰਵਾਰ ਲੋਕੋ
ਪੁੱਤਰ ਪ੍ਰੇਮ ਪਾਰਸ ਨਹੀਂ ਮੁਲ ਮਿਲਦੇ ਚਾਹੇ ਖ਼ਰਚੀਏ ਲਖ ਹਜ਼ਾਰ ਲੋਕੋ
ਇਕ ਰਾਜ ਦੂਜਾ ਪੁਤਰ ਨੇਕ ਹੋਵੇ ਤੀਜੀ ਘਰੀਂ ਸੁਲੱਖਣੀ ਨਾਰ ਲੋਕੋ
ਚੌਥਾ ਦੇਹ ਨੂੰ ਕੋਈ ਨਾ ਰੋਗ ਹੋਵੇ ਏਹੋ ਸੁਵਰਗ ਨਿਸ਼ਾਨੀਆਂ ਚਾਰ ਲੋਕੋ
ਖੜਗਸੈਨ ਦੇ ਪਾਸ ਮੌਜੂਦ ਚਾਰੇ, ਚਾਰੇ ਇਸ ਜਹਾਨ ਦਾ ਸਾਰ ਲੋਕੋ
ਕਿਸੇ ਗੱਲ ਦੀ ਕੁਝ ਪਰਵਾਹ ਨਾਹੀਂ ਸੁੰਦਰ ਮਾੜੀਆਂ ਮਹਿਲ ਮੁਨਾਰ ਲੋਕੋ
ਅਸਲ ਵਿਚ ਵਿਚਾਰੀਏ ਕੂੜ ਸੱਭੇ ਜਾਣ ਲੱਗਿਆਂ ਲਾਣ ਨਾ ਵਾਰ ਲੋਕੋ
ਜਿਵੇਂ ਬੁਦਬੁਦੇ ਹੋਂਵਦੇ ਨੀਰ ਉੱਤੇ ਤਿਵੇਂ ਭਾਸਦੇ ਸਭ ਅਕਾਰ ਲੋਕੋ
ਕਦੀ ਹੋਂਵਦੇ ਨੀ ਕਦੀ ਬਿਨਸ ਜਾਂਦੇ ਜਿਵੇਂ ਬਿਜਲੀ ਦਾ ਚਮਤਕਾਰ ਲੋਕੋ
ਜਿਵੇਂ ਰਾਤ ਨੂੰ ਖ਼ਾਬ ਦਾ ਚਮਤਕਾਰਾ ਤਿਵੇਂ ਜਾਣੀਏ ਜੱਗ ਬਹਾਰ ਲੋਕੋ
ਜਿਨ੍ਹਾਂ ਜਗਤ ਨੂੰ ਸੱਤ ਕਰ ਮੰਨਿਆ ਹੈ ਸੋਈ ਜਨਮ ਲੈਂਦੇ ਬਾਰ ਬਾਰ ਲੋਕੋ
ਏਕੋ ਬ੍ਰਹਮ ਦੁਤਿ ਨਾਸਤੀ ਆਖਦੇ ਨੇ ਹੋਈ ਜਿਨ੍ਹਾਂ ਨੂੰ ਬ੍ਰਹਮ ਵਿਚਾਰ ਲੋਕੋ
ਕੂੜੀ ਏਸ ਜਹਾਨ ਦੀ ਸਿਫਤ ਹੈ ਜੀ ਜਿਸ ਨੇ ਅੰਤ ਨੂੰ ਹੋਵਣਾ ਛਾਰ ਲੋਕੋ
ਦੌਲਤ ਰਾਮ ਕਰਤਾਰ ਦਾ ਭਜਨ ਕਰੀਏ ਭਵਸਾਗਰੋਂ ਹੋਵੀਏ ਪਾਰ ਲੋਕੋ

## ਸਿਫ਼ਤ ਰੂਪ ਬਸੰਤ ਦੀ

ਬਾਲ ਉਮਰ ਸੀ ਰੂਪ ਬਸੰਤ ਸੰਦੀ ਰੂਪ ਦੋਹਾਂ ਦਾ ਬੇਸ਼ੁਮਾਰ ਸਾਈਂ
ਐਸੀ ਸ਼ਕਲ ਨ ਹੋਰ ਜਹਾਨ ਉੱਤੇ ਕਿਸਦੀ ਤਰਫ ਮੈਂ ਕਰਾਂ ਇਸ਼ਾਰ ਸਾਈਂ
ਸੀਸ ਗੋਲ ਆਹੇ ਨਰਯੇਲ ਵਾਂਗੂੰ ਉੱਤੇ ਰੇਸ਼ਮ ਦੇ ਲੱਛੇ ਬਾਰ ਸਾਈਂ
ਕੰਨ ਸੋਹਣੇ ਨੀ ਸੁੱਚੇ ਸਿੱਪ ਵਾਂਗੂ ਜਾਣੋ ਸਿੱਪ ਆਹਾ ਮੋਤੀਦਾਰਸਾਈਂ
ਮੱਥਾ ਚਮਕਦਾ ਦੂਹਾ ਦਾ ਚੰਦ ਵਾਂਗੂੰ ਜਾਣੋ ਚੰਦ ਨੂੰ ਸੁੱਟੀਏ ਵਾਰ ਸਾਈਂ
ਭਵਾਂ ਤ੍ਰੇਢੀਆਂ ਰੇ ਦੇ ਹਰਫ ਵਾਗੂੰ ਲਿਆ ਨਕਸ਼ ਕਮਾਨ ਉਤਾਰ ਸਾਈਂ
ਚਸ਼ਮਾਂ ਹਰਨ ਦੇ ਬੱਚੇ ਮਨਿੰਦ ਜਾਣੋ ਗੋਯਾ ਪਕੜ ਆਂਦਾ ਵਿਚੋਂ ਬਾਰ ਸਾਈਂ
ਚਿੱਟੇ ਦੰਦ ਆਹੇ ਮਿਸਲ ਮੋਤੀਆਂ ਦੀ ਦਾਣਾ ਨਿਕਲੇ ਜਿਵੇਂ ਅਨਾਰ ਸਾਈਂ
ਲਬਾਂ ਨਾਲ ਹੋਸਨ ਲਾਲੀ ਲਾਲ ਜਿਹੀ ਲਾਲੋਂ ਵਧ ਆਹਾ ਚਮਕਾਰ ਸਾਈ
ਸੋਹਣੇ ਮੁੱਖੜੇ ਤੇ ਸੋਹਣੇ ਖ਼ਾਲ ਆਹੇ ਗੋਯਾ ਚੰਦ ਉਤੇ ਪਰਵਾਰ ਸਾਈ
ਨੱਕ ਅਲਫ ਸਿੱਧਾ ਮੁਖੀ ਤੀਰ ਵਾਂਗੂੰ ਗੋਯਾ ਸ਼ਿਕਲ ਚੜ੍ਹੀ ਖੰਜਰ ਧਾਰ ਸਾਈਂ
ਹੋਸਨ ਗੱਲ੍ਹਾਂ ਗੁਲਾਬ ਕਪੋਲ ਦੋਵੇਂ ਮਾਲਾ ਭੌਰਿਆਂ ਦੀ ਜ਼ੁਲਫ ਤਾਰ ਸਾਈਂ
ਗਰਦਨ ਮਿਸਲ ਸੁਰਾਹੀ ਦੀ ਸਮਝ ਪਿਆਰੇ ਸ਼ੀਸ਼ਾ ਕੈਫ ਭਰਿਆ ਰੰਗਦਾਰ ਸਾਈ

ਬਾਹਾਂ ਮੱਖਣੋਂ ਜਾਨ ਮੁਲੈਮ ਦੋਵੇਂ ਰੂਲ ਮੁਨਸ਼ੀਆਂ ਦੀ ਲੀਜੇ ਧਾਰ ਸਾਈਂ
ਪੰਜੇ ਉਂਗਲੀਆਂ ਜਿਵੇਂ ਹਰਵਾਂਹ ਫਲੀਆਂ ਹੱਥ ਨਰਮ ਮਮੋਲਿਓਂ ਸਾਰ ਸਾਈਂ
ਛਾਤੀ ਨਰਮ ਆਹੀ ਜਿਵੇਂ ਸੰਗਮਰਮਰ ਘੜਿਆ ਕਿਸੇ ਉਸਤਾਦ ਸਵਾਰ ਸਾਈਂ
ਚੇਹਨ ਕੁਚਾਂ ਦੇ ਨੀ ਦੋਵੇਂ ਤਰਫ ਯਾਰੋ ਜਿਵੇਂ ਹੋਂਵਦੇ ਫੁਲ ਕਚਨਾਰ ਸਾਈਂ
ਪੇਟ ਨਰਮ ਆਹਾ ਤਕੀਏ ਮਖ਼ਮਲੀ ਜਿਉਂ ਉਤੇ ਪੈਣ ਉਸਦੇ ਬਲ ਚਾਰ ਸਾਈਂ
ਨਾਫ਼ ਹਰਨ ਦੀ ਨਾਫ਼ ਦਾ ਜਾਨ ਨਾਫ਼ਾ ਆਵੇ ਖ਼ੁਸਬੂ ਅਪਰ ਅਪਾਰ ਸਾਈਂ
ਨਾਜ਼ਕ ਕਮਰ ਆਹੀ ਵਾਂਗੂੰ ਚਿਤਰੇ ਦੇ ਲਈ ਸਿੰਘ ਦੀ ਕਮਰ ਉਤਾਰ ਸਾਈਂ
ਅੱਗੇ ਸ਼ਰਮ ਦੀ ਗੱਲ ਹੈ ਸ਼ਰਮ ਕਰ ਤੂੰ ਲਾਫ਼ਾਂ ਬੋਲਦੇ ਮਰਦ ਗਵਾਰ ਸਾਈ
ਪੱਟ ਪੱਟ ਦੇ ਲੱਛਿਓਂ ਨਰਮ ਆਹੇ ਪੱਟ ਦੇਖ ਹੋਵੇ ਸ਼ਰਮਸਾਰ ਸਾਈਂ
ਜੰਘਾਂ ਕੇਲੇ ਦੀ ਗੋਭ ਥੀਂ ਨਰਮ ਜਾਣੋ ਪੈਰ ਹੰਸ ਮਾਨਿੰਦ ਉਚਾਰ ਸਾਈਂ
ਝੂਲਨ ਮਸਤ ਹਾਥੀ ਵਾਂਗ ਟੁਰਨ ਲੱਗੇ ਸੋਹਣੀ ਹੰਸ ਤੇ ਮੋਰ ਦੀ ਚਾਲ ਸਾਈਂ
ਖੀਨਖਾਬ ਦੀ ਜ਼ਰਦ ਪੋਸ਼ਾਕ ਆਹੀ ਤਿੱਲਾ ਰਿਹਾ ਉਤੇ ਦਮਕ ਮਾਰ ਸਾਈਂ
ਚੋਟੀ ਸੀਸ ਤੇ ਖ਼ੂਬ ਸਵਰਨ ਸੰਦੀ ਘੜੀ ਬੈਠ ਉਸਤਾਦ ਸੁਨਿਆਰ ਸਾਈਂ
ਕੰਠੇ ਬੁਗਤੀਆਂ ਖ਼ੂਬ ਸੁਹਾਂਵਦੇ ਨੀ ਨਾਲ ਹੀਰਿਆਂ ਦੇ ਗਲ ਹਾਰ ਸਾਈਂ
ਕੰਙਣ ਬਾਂਹਾਂ ਦੇ ਵਿਚ ਸਵਰਨ ਸੰਦੇ ਪੈਰੀਂ ਨੂਪਰਾਂ ਦਾ ਛਨਕਾਰ ਸਾਈਂ
ਹੱਥਾਂ ਵਿਚ ਚਮਕਣ ਨਗ ਮੁੰਦਰੀਆਂ ਦੇ ਜਿਵੇਂ ਬਿਜਲੀ ਦੀ ਚਮਕਾਰ ਸਾਈਂ
ਦੋਹਾ ਬਾਜੂਆਂ ਵਿਚ ਅਨੰਤ ਆਹੇ ਜੜੇ ਚੂਨੀਆਂ ਜੜਤ ਸਵਾਰ ਸਾਈਂ
ਤਿਲਕ ਕੇਸਰੀ ਦੋਹਾਂ ਦੇ ਮਸਤਕਾਂ ਤੇ ਚਿਮਨੀ ਵਿਚ ਦੀਵਾ ਉਜਯਾਰ ਸਾਈਂ
ਨੈਨ ਚਮਕਦੇ ਵਾਂਗ ਸਤਾਰਿਆਂ ਦੇ ਕਾਲੀ ਘਟਾ ਵਾਂਗੂੰ ਕੱਜਲਧਾਰ ਸਾਈਂ
ਨੌਕਰ ਬਾਂਦੀਆਂ ਨਫਰ ਮੌਜੂਦ ਆਹੇ ਦਿਤਾ ਰਾਜ ਸੱਚੀ ਸਰਕਾਰ ਸਾਈਂ
ਛੱਤੀ ਨਿਆਮਤਾਂ ਮਿਲਦੀਆਂ ਖਾਵਣੇ ਨੂੰ ਕਿਸੇ ਚੀਜ਼ ਦੀ ਨਹੀਂ ਦਰਕਾਰ ਸਾਈਂ
ਭੋਜਨ ਖਾਵਣੇ ਦੀ ਜਦੋਂ ਲੋੜ ਹੋਵੇ ਉਸੇ ਵਕਤ ਹੋ ਜਾਇ ਤਿਆਰ ਸਾਈਂ
ਮਾਤਾ ਦੇਖਿਆਂ ਬਾਝ ਨਸਾਰ ਹੋਵੇ ਆਵੇ ਦੇਖ ਕੇ ਸਬਰ ਕਰਾਰ ਸਾਈਂ
ਪਈ ਤੜਫਦੀ ਸੀ ਮੱਛੀ ਨੀਰ ਬਾਝੋਂ ਇਕ ਪਲਕ ਜੇ ਜਾਣ ਵਸਾਰ ਸਾਈਂ
ਰਾਜਾ ਦੇਖ ਕੇ ਬੜਾ ਅਨੰਦ ਹੋਵੇ ਬੁਲਬੁਲ ਦੇਖ ਜਿਉਂ ਬਾਗ਼ ਬਹਾਰ ਸਾਈਂ
ਲੋਕਾਂ ਵਾਸਤੇ ਦੂਤੀਆ ਦਾ ਚੰਦ ਚੜ੍ਹਦਾ ਜਦੋਂ ਜਾਂਵਦੇ ਵਿਚ ਬਜ਼ਾਰ ਸਾਈਂ
ਸੱਭੇ ਦੌੜਦੇ ਨੀ ਮੁੱਖ ਵੇਖਣੇ ਨੂੰ ਅਗੇ ਆਨ ਕਰਦੇ ਨਮਸਕਾਰ ਸਾਈਂ
ਮੋਮਨ ਦੇਖ ਕੇ ਵਡੇ ਦਿਲਸ਼ਾਦ ਹੁੰਦੇ ਹੋਇਆ ਈਦ ਦਾ ਚੰਦ ਉਭਾਰ ਸਾਈਂ
ਨੀਵੀਂ ਨਜ਼ਰ ਕਰਕੇ ਟੁਰੇ ਜਾਣ ਦੋਵੇਂ ਘੋੜੇ ਵਾਂਗ ਸੋਹਣੀ ਰਫ਼ਤਾਰ ਸਾਈਂ
ਝੜ ਝੜ ਪੈਣ ਗੁਲਾਬ ਦੇ ਫੁਲ ਮੂੰਹੋਂ ਐਸੀ ਕਰਨ ਮਿੱਠੀ ਗੁਫ਼ਤਾਰ ਸਾਈਂ
ਪਲਕਾਂ ਠੈਹਰ ਜਾਵਨ ਜੇਹੜੀ ਜਾ ਉਤੇ ਜਮ੍ਹਾਂ ਹੋਣ ਲੱਖਾਂ ਨਰ ਨਾਰ ਸਾਈਂ
ਜੇਹੜਾ ਵੇਖਦਾ ਉਨ੍ਹਾਂ ਦੀ ਸ਼ਕਲ ਤਾਈਂ ਆਖੇ ਵਾਹ ਬਲਿਹਾਰ ਬਲਿਹਾਰ ਸਾਈਂ

ਮੁਖ ਦੇਖਿਆਂ ਭੁੱਖ ਸਭ ਦੂਰ ਹੋਵੇ ਸੱਭੋ ਦੁੱਖ ਹੋ ਜਾਣ ਫ਼ਰਾਰ ਸਾਈਂ
ਲੋਕਾਂ ਵਿਚ ਸੁਹਾਂਵਦੇ ਕੁੰਵਰ ਦੋਵੇਂ ਜਿਵੇਂ ਗੋਪੀਆਂ ਵਿਚ ਮੁਰਾਰ ਸਾਈਂ
ਸਾਰੀ ਪੁਰੀ ਅਜੁੱਧਿਆ ਸ਼ਾਦ ਹੋਈ ਹੋਏ ਰਾਮ ਲਛਮਣ ਅਵਤਾਰ ਸਾਈਂ
ਨਾਰਾਂ ਵਖ ਕੇ ਕੰਤ ਵਿਸਾਰ ਦਿਤੇ ਐਸਾ ਰੂਪ ਆਹਾ ਛਲਨਹਾਰ ਸਾਈਂ
ਖੋਟੀ ਨੀਤ ਕਰਕੇ ਕਾਮੀ ਪੁਰਸ਼ ਦੇਖਣ ਵੱਗੀ ਜਿਨ੍ਹਾਂ ਨੂੰ ਰੱਬ ਦੀ ਮਾਰ ਸਾਈਂ
ਸਿਫ਼ਤ ਓਸਦੀ ਕਰੇ ਜਹਾਨ ਸਾਰਾ ਜਿਸ ਨੂੰ ਦੇਂਵਦਾ ਹੁਸਨ ਕਰਤਾਰ ਸਾਈਂ
ਦੌਲਤ ਰਾਮ ਜੈਸਾ ਜਾਦੂ ਰੂਪ ਜੋਬਨ ਐਸਾ ਹੋਰ ਨਾ ਵਿਚ ਸੰਸਾਰ ਸਾਈਂ

## ਰਾਜਾ ਖੜਗਸੈਨ ਨੇ ਪੜ੍ਹਨੇ ਪਾਵਣਾ ਰੂਪ ਬਸੰਤ ਕੋ

ਏਵੇਂ ਐਸ਼ ਅਸ਼ਰਤ ਖ਼ੁਸ਼ੀ ਕਰਦਿਆਂ ਨੂੰ ਇਕ ਸਾਲ ਬਤੀਤ ਹੋ ਜਾਂਵਦਾ ਈ
ਛਿਆਂ ਬਰਸਾਂ ਦੀ ਉਮਰ ਬਸੰਤ ਹੋਇਆ ਅੱਠ ਸਾਲ ਦਾ ਰੂਪ ਸਦਾਂਵਦਾ ਈ
ਇਕ ਰੋਜ਼ ਰਾਜਾ ਦਿਲਸ਼ਾਦ ਹੋ ਕੇ ਦੋਹਾਂ ਪੁਤ੍ਰਾਂ ਕੋਲ ਬੁਲਾਂਵਦਾ ਈ
ਓਸੇ ਵਕਤ ਆ ਗਏ ਨੀ ਕੁੰਵਰ ਦੋਵੇਂ ਜਿਵੇਂ ਹੰਸ ਸਰੋਵਰੋਂ ਆਵਦਾ ਈ
ਦੋਹਾਂ ਆਣ ਕੇ ਪਿਤਾ ਦੇ ਚਰਨ ਪਕੜੇ ਰਾਜਾ ਪਿਆਰ ਦੇ ਨਾਲ ਉਠਾਂਵਦਾ ਈ
ਖ਼ੁਸ਼ੀ ਵਿਚ ਨਾ ਮੇਂਵਦਾ ਵਿਚ ਜਾਮੇ ਘੁੱਟ ਘੁੱਟ ਕਲੇਜੜੇ ਲਾਂਵਦਾ ਈ
ਦੋਵੇਂ ਤਰਫ਼ ਬਠਾਇ ਕੇ ਪੁੱਤਰਾਂ ਨੂੰ ਸੱਚੇ ਰੱਬ ਦਾ ਸ਼ੁਕਰ ਬਜਾਂਵਦਾ ਈ
ਪੜ੍ਹਨੇ ਲੈਕ ਹੋਏ ਅੱਜ ਬਾਲ ਮੇਰੇ ਦਿਲ ਦੇ ਵਿਚ ਦਲੀਲ ਠਹਿਰਾਂਵਦਾ ਈ
ਗਿਣ ਕੇ ਤਿਥੀ ਨਛੱਤ੍ਰ ਤੇ ਵਾਰ ਸੋਹਣਾ ਰਾਜਾ ਦੋਹਾਂ ਨੂੰ ਪੜ੍ਹਨ ਬਹਾਂਵਦਾ ਈ
ਮੋਹਰਾਂ ਪੰਜ ਮਠਿਆਈ ਦਾ ਥਾਲ ਭਰ ਕੇ ਉਸਤਾਦ ਦੀ ਨਜ਼ਰ ਟਿਕਾਂਵਦਾ ਈ
ਦੋਹਾਂ ਲੜਕਿਆਂ ਨੂੰ ਉਸਤਾਦ ਯਾਰੋ ਨਾਲ ਪਿਆਰ ਦੇ ਪਾਸ ਬਿਠਾਂਵਦਾ ਈ
ਵੰਡੀ ਸ਼ੀਰਨੀ ਲੜਕਿਆਂ ਸਾਰਿਆਂ ਨੂੰ ਨਾਲੇ ਓਹਨਾਂ ਦੇ ਹੱਥ ਟਿਕਾਂਵਦਾ ਈ
ਅਲਫ਼ ਬੇ ਲਿਖ ਕੇ ਪੱਟੀ ਹੱਥ ਦਿਤੀ ਕਲਮਾਂ ਦੋਹਾਂ ਦੇ ਦਸਤ ਪਕੜਾਂਵਦਾ ਈ
ਜੈਸੇ ਇਲਮ ਪੜ੍ਹਾਨ ਦਾ ਕਾਇਦਾ ਹੈ ਪਹਿਲੋਂ ਕਾਇਦਾ ਸ਼ੁਰੂ ਕਰਾਂਵਦਾ ਈ
ਪੜ੍ਹਦੇ ਨਾਲ ਪਰੀਤ ਦੇ ਵੀਰ ਦੋਵੇਂ ਇਲਮ ਦੋਹਾਂ ਦੇ ਚਿੱਤ ਨੂੰ ਭਾਂਵਦਾ ਈ
ਪੜ੍ਹਿਆ ਇਕ ਮਹੀਨੇ ਦੇ ਵਿਚ ਕਾਇਦਾ ਉਸਤਾਦ ਵੀ ਸ਼ਾਦ ਹੋ ਜਾਂਵਦਾ ਈ
ਫੇਰ ਫਾਰਸੀ ਦੀ ਪਹਿਲੀ ਪੜ੍ਹਨ ਲੱਗੇ ਨਾਲ ਲਿਖਣ ਦਾ ਵਲ ਭੀ ਆਂਵਦਾ ਈ
ਪਹਿਲੀ ਦੂਸਰੀ ਪੜ੍ਹ ਗਏ ਮਾਸ ਅੰਦਰ ਪੜ੍ਹਦਾ ਅਕਲ ਵਾਲਾ ਖੁਲ੍ਹ ਜਾਂਵਦਾ ਈ
ਲਿਖਦੇ ਹਰਫ਼ ਤਸਵੀਰ ਦੇ ਵਾਂਗ ਯਾਰੋ ਬੰਦਾ ਦੇਖ ਕੇ ਹੋਸ਼ ਭੁਲਾਂਵਦਾ ਈ
ਸੇਵਾ ਕਰਨ ਉਸਤਾਦ ਦੀ ਦਿਲੋਂ ਲਾ ਕੇ ਅੰਪਰ ਦਿਲੋਂ ਉਸਤਾਦ ਪੜ੍ਹਾਂਵਦਾ ਈ
ਤਿੰਨ ਕਾਇਦੇ ਇਲਮ ਦੇ ਪਾਵਣੇ ਟੇ ਤਿੰਨੇ ਤੁਸਾਂ ਨੂੰ ਆਖ ਸੁਣਾਂਵਦਾ ਈ
ਖ਼ਿਦਮਤ ਇਕ ਦੂਜਾ ਪੱਲੇ ਮਾਲ ਹੋਵੇ ਤੀਜਾ ਇਲਮ ਨੂੰ ਇਲਮ ਵਧਾਂਵਦਾ ਈ
ਅੰਪਰ ਤਿਹਾ ਦੇ ਵਿਚ ਵਧੀਕ ਜਾਣੋ ਜੇਹੜਾ ਖ਼ਿਦਮਤੋਂ ਇਲਮ ਧਿਆਂਵਦਾ ਈ

ਇਕ ਇਲਮ ਹੋਵੇ ਦੂਜੀ ਅਕਲ ਹੋਵੇ ਤੀਜਾ ਅਮਲ ਮਰਾਤਬਾ ਪਾਂਵਦਾ ਈ
ਇਲਮ ਮਿਲੇ ਕਰਮਾਂ ਵਾਲਿਆ ਨੂੰ ਭਾਗਾਂ ਬਾਝ ਕਿਸ ਨੂੰ ਹੱਥ ਆਂਵਦਾ ਈ
ਇਲਮ ਬਾਝ ਨਾ ਰੱਬ ਦਾ ਮੇਲ ਹੋਵੇ ਇਲਮ ਬਾਝ ਨਾ ਪੀਰ ਸਦਾਂਵਦਾ ਈ
ਇਲਮ ਬਾਝ ਨਾ ਆਕਲਾਂ ਵਿਚ ਜਾ ਕੇ ਕੋਈ ਅਕਲ ਦਾ ਕੋਟ ਕਹਾਵਦਾ ਈ
ਜ਼ੋਰਾਂ ਵਾਲਿਆਂ ਦਾ ਓਥੇ ਜਾ ਨਾਹੀਂ ਜਿਥੇ ਇਲਮ ਵਾਲਾ ਪਹੁੰਚ ਜਾਂਵਦਾ ਈ
ਲੱਖ ਲੱਖ ਪ੍ਰਣਾਮ ਹੈ ਗੁਰੂ ਤਾਈਂ ਜੇਹੜਾ ਇਲਮ ਦਾ ਦਾਨ ਦਵਾਂਵਦਾ ਈ
ਇਲਮ ਬਾਝ ਨਾ ਬੰਦੇ ਦਾ ਮੁੱਲ ਕੌਡੀ ਗੁਰੂ ਕੌਡੀਓਂ ਲਾਲ ਬਣਾਂਵਦਾ ਈ
ਇਲਮ ਬਾਝ ਬੰਦਾ ਪਰਾਂ ਬਾਝ ਪੰਛੀ ਗੁਰੂ ਪੰਖ ਲਾ ਤੁਰਤ ਉਡਾਂਵਦਾ ਈ
ਬੰਦਾ ਇਲਮ ਦੇ ਬਾਝ ਹੈਵਾਨ ਯਾਰੋ ਗੁਰੂ ਢੋਰ ਤੋਂ ਮਰਦ ਬਣਾਂਵਦਾ ਈ
ਜਿਹੜਾ ਕਰੇ ਉਸਤਾਦ ਦੀ ਨਿੰਦਿਆ ਨੂੰ ਜਿੱਥੇ ਜਾਂਵਦਾ ਕਦਰ ਨਾ ਪਾਵਦਾ ਈ
ਨਾਲੇ ਆਪਣਾ ਕਦਰ ਵੰਜਾਂਵਦਾ ਈ ਨਾਲੇ ਲੋਕ ਪ੍ਰਲੋਕ ਗਵਾਂਵਦਾ ਈ
ਐਸੇ ਪੜ੍ਹਨ ਦੇ ਵਿਚ ਗ਼ਲਤਾਨ ਹੋਏ ਖਾਣ ਪੀਣ ਪਹਿਨਣ ਭੁੱਲ ਜਾਵਦਾ ਈ
ਕਰਦੇ ਜ਼ਰਾ ਨਾ ਹੁਕਮ ਅਦੂਲ ਯਾਰੋ ਜੇਹੜਾ ਮੁੱਖੋਂ ਉਸਤਾਦ ਅਲਾਂਵਦਾ ਈ
ਦਿੰਦਾ ਸਬਕ ਉਸਤਾਦ ਦਿਲਸ਼ਾਦ ਹੋ ਕੇ ਨਾਲੇ ਮਾਇਨੇ ਨਾਲ ਸਿਖਲਾਵਦਾ ਈ
ਪਹਿਲੀ ਦੂਸਰੀ ਦਾ ਜਦੋਂ ਪਾਸ ਦਿਤਾ ਫੇਰ ਬਾਗ਼ ਬਹਾਰ ਨੂੰ ਲਾਂਵਦਾ ਈ
ਇਸਦੇ ਬਾਦ ਗੁਲਿਸਤਾਂ ਨੂੰ ਖ਼ਤਮ ਕੀਤਾ ਫੇਰ ਬੋਸਤਾਂ ਸ਼ੁਰੂ ਕਰਾਂਵਦਾ ਈ
ਇਸਦੇ ਬਾਦ ਪੜ੍ਹ ਲਈ ਬਹਾਰ ਦਾਨਿਸ਼ ਨਾਲੇ ਭੇਦ ਕਰੀਮਾਂ ਦਾ ਆਵਦਾ ਈ
ਸਾਰਾ ਹਿਫ਼ਜ਼ ਕਰ ਲਿਆ ਦੀਵਾਨ ਹਾਫ਼ਜ਼ ਐਸਾ ਇਲਮ ਦਾ ਜੋਸ਼ ਹੋ ਜਾਵਦਾ ਈ
ਹੋਏ ਫ਼ਾਰਸੀ ਵਿਚ ਹੁਸ਼ਿਆਰ ਯਾਰੋ ਉਸਤਾਦ ਵੀ ਸ਼ੁਕਰ ਮਨਾਂਵਦਾ ਈ
ਦੌਲਤ ਰਾਮ ਪੜ੍ਹਾਇਕੇ ਫਾਰਸੀ ਨੂੰ ਅਰਬੀ ਇਲਮ ਨੂੰ ਫਰ ਲਗਾਂਵਦਾ ਈ

## ਅਰਬੀ ਪੜ੍ਹਨਾ ਰੂਪ ਬਸੰਤ ਦਾ

ਬਰਸ ਰੋਜ਼ ਅੰਦਰ ਇਲਮ ਫ਼ਾਰਸੀ ਦਾ ਕੀਤਾ ਦੋਹਾਂ ਨੇ ਖ਼ੂਬ ਅਦਾ ਜਾਣੋਂ
ਅਰਬੀ ਇਲਮ ਪੜ੍ਹ ਲਿਆ ਜੇ ਦਿਨਾਂ ਅੰਦਰ ਦਿਤੀ ਅਕਲ ਖ਼ੁਦਾ ਨੇ ਆ ਜਾਣੋ
ਮਾਇਨੇ ਲਾ ਕੇ ਕੁਲ ਕੁਰਾਨ ਪੜ੍ਹਿਆ ਮਤਲਬ ਅਸਲ ਦਾ ਲਿਆ ਜੇ ਪਾ ਜਾਣੋਂ
ਜੇਹੜਾ ਨਫ਼ਾ ਕੁਰਾਨ ਦੇ ਪੜ੍ਹਨ ਦਾ ਹੈ ਸਾਰਾ ਤੁਸਾਂ ਨੂੰ ਦਿਆਂ ਬਤਲਾ ਜਾਣੋਂ
ਬਿਨਾਂ ਅਮਲ ਦੇ ਇਲਮ ਨਾ ਕਿਸੇ ਲੇਖੇ ਏਹੋ ਆਖਦੇ ਲੋਕ ਦਾਨਾ ਜਾਣੋਂ
ਲਿਖਿਆ ਐਸਾ ਵਿਚ ਕੁਰਾਨ ਦੇ ਜੀ ਚਾਰੇ ਤਰਫ਼ ਹੀ ਹੱਕ ਨਮਾ ਜਾਣੋਂ
ਦੂਈ ਦੂਰ ਕਰੋ ਮਨਜ਼ੂਰ ਹੋਵੇ ਹਰ ਯੱਕ ਮੇਂ ਏਕ ਖ਼ੁਦਾ ਜਾਣੋਂ
ਵਜ਼ੂ ਯਾਰ ਦੀ ਰੱਖ ਤਸਵੀਰ ਅੱਗੇ ਮਨ ਸਾਫ ਤਾਂ ਤਨ ਸਫ਼ਾ ਜਾਣੋ
ਬਿਨਾਂ ਨਿਆਜ਼ ਨਮਾਜ਼ ਹੈ ਕੁਫਰ ਭਾਈ ਨਿਆਜ਼ ਨਾਲ ਨਮਾਜ਼ ਵਫ਼ਾ ਜਾਣੋਂ
ਬਾਂਗ ਬਦੀ ਨੂੰ ਛੱਡਿਆਂ ਕੁਫਰ ਤੋੜੇ ਬਦੀ ਕਰੇ ਤਾ ਬਾਂਗ ਗੁਨਾਹ ਜਾਣੋ

ਬਿਨਾਂ ਜ਼ੋਹਦ ਮੁਸ਼ੱਕਤਾਂ ਬੰਦਗੀ ਦੇ ਅੰਨ ਖਾਵਣਾ ਵੱਡਾ ਗੁਨਾਹ ਜਾਣੋਂ
ਖਾਵੋ ਹੱਕ ਹਲਾਲ ਹਰਾਮ ਛੱਡੋ ਬੋਲੋ ਸੱਚ ਖ਼ੁਦਾ ਦਾ ਰਾਹ ਜਾਣੋਂ
ਦਾਵਾ ਕਿਸੇ ਦੇ ਨਾਲ ਨਾ ਰੱਖ ਭਾਈ ਬਾਜ਼ੀ ਜੱਗ ਦੀ ਕੁਲ ਫ਼ਨਾਹ ਜਾਣੋਂ
ਮੋਮਨ ਸੋ ਜੇਹੜਾ ਦਿਲ ਮੋਮ ਹੋਵੇ ਦਿਲ ਸਖ਼ਤ ਤਾਂ ਸਖ਼ਤ ਸਜ਼ਾ ਜਾਣੋਂ
ਰੋਜ਼ਾ ਰਹਿਮ ਖ਼ੁਦਾ ਦਾ ਰੱਖੀਏ ਜੀ ਰੋਜ਼ਾ ਰਹਿਮ ਦੇ ਬਾਝ ਕਜ਼ਾ ਜਾਣੋਂ
ਈਦ ਯਾਦ ਰੱਖੋ ਅੱਲਾ ਆਪਣੇ ਨੂੰ ਕਰੇ ਫਜ਼ਲ ਤਾਂ ਸਦਾ ਖ਼ੁਸ਼ਾ ਜਾਣੋਂ
ਮਾਰੋ ਜੀ ਆਪਣਾ ਛੱਡੋ ਔਰ ਜੀਆਂ ਲਿਖਿਆ ਵਿਚ ਕੁਰਾਨ ਪੜ੍ਹਾ ਜਾਣੋਂ
ਮਾਸ ਖਾਵਣਾ ਵੱਡਾ ਗੁਨਾਹ ਹੈ ਜੀ ਜੇਕਰ ਮਾਇਨੇ ਅਸਲ ਦੇ ਲਾ ਜਾਣੋਂ
ਘੜਿਆ ਰੱਬ ਨੇ ਆਪ ਕਲਬੂਤ ਜੇਹੜਾ ਉਸ ਨੂੰ ਤੋੜਨਾ ਵੱਡੀ ਖ਼ਤਾ ਜਾਣੋਂ
ਦੁੱਖ ਕਿਸੇ ਨੂੰ ਦੇਵਣਾ ਭਲਾ ਨਾਹੀਂ ਜੇਕਰ ਸਰਬ ਕੇ ਬੀਚ ਅਲਾਹ ਜਾਣੋਂ
ਮੱਤ ਪਾਗਲਾਂ ਨੂੰ ਆਪੋ ਆਪਣੀ ਹੈ ਅਤੇ ਆਰਫਾਂ ਇਕ ਸਲਾਹ ਜਾਣੋਂ
ਕਲਮਾ ਕੰਮ ਇਮਾਨ ਨੂੰ ਰੱਖ ਭਾਈ ਕਲਮਾ ਬਿਨਾਂ ਈਮਾਨ ਕੁਰਾਹ ਜਾਣੋਂ
ਬੇਈਮਾਨੀਆਂ ਛੱਡ ਬਕਰੀਦ ਹੋਵੇ ਮਨ ਮਾਰਨਾ ਵੱਡਾ ਵਫਾ ਜਾਣੋਂ
ਛੱਡੋ ਚੋਰੀਆਂ ਯਾਰੀਆਂ ਦਗ਼ੇਬਾਜ਼ੀ ਸੈਲ ਜੱਗ ਮਸਾਲ ਸਰਾਂ ਜਾਣੋਂ
ਜੂਆ ਕੰਜਰੀ ਠੱਗੀਆਂ ਸੂਰ ਸਮਝੋ ਪੀਣਾ ਕੈਫ ਦਾ ਦੋਜ਼ਖ਼ਾਂ ਭਾਹ ਜਾਣੋਂ
ਮੱਕਾ ਮਨ ਤੇ ਤਨ ਮਸੀਤ ਭਾਈ ਸਾਹਰਗ ਨਾੜ ਦੇ ਪਾਸ ਖ਼ੁਦਾ ਜਾਣੋਂ
ਨਜ਼ਰ ਆਂਵਦਾ ਦੇ ਨੈਣਾਂ ਵਾਲਿਆਂ ਨੂੰ ਅਤੇ ਅੰਧਿਆ ਲਈ ਜੁਦਾ ਜਾਣੋਂ
ਮੌਲਾ ਸਾਰਿਆਂ ਦੇ ਵਿਚ ਇੱਕ ਭਾਈ ਜੇਕਰ ਦੂਈ ਦਾ ਭਾਵ ਮਟਾ ਜਾਣੋਂ
ਜੈਸੇ ਮਹਿੰਦੀ ਦੇ ਪੱਤਰੀਂ ਰੰਗ ਰਚਿਆ ਤੈਸੇ ਸਰਬ ਮੇਂ ਰਿਹਾ ਸਮਾ ਜਾਣੋਂ
ਇਕ ਬ੍ਰਹਮ ਦੁਤਿਨਾਸਤੀ ਵੇਦ ਆਖੇ ਪੜ੍ਹੋ ਆਪ ਤੇ ਸੁਣ ਸੁਣਾ ਜਾਣੋਂ
ਦੌਲਤ ਰਾਮ ਕੁਰਾਨ ਦਾ ਅਮਲ ਏਹੋ ਕੀਤਾ ਰੂਪ ਬਸੰਤ ਅਦਾ ਜਾਣੋਂ

## ਰੂਪ ਬਸੰਤ ਦਾ ਹਿੰਦੀ ਤੇ ਸੰਸਕ੍ਰਿਤ ਪੜ੍ਹਨਾ

ਅਰਬੀ ਫਾਰਸੀ ਇਲਮ ਵਸੂਲ ਕਰ ਕੇ ਹਿੰਦੀ ਪੜ੍ਹਨ ਦਾ ਮਤਾ ਪਕਾਂਵਦੇ ਨੀ
ਦੇ ਕੇ ਨਜ਼ਰ ਨਿਆਜ਼ ਤਾਫੀਕ ਮੂਜਬ ਉਸਤਾਦ ਨੂੰ ਸੀਸ ਨਿਵਾਂਵਦੇ ਨੀ
ਲੈ ਕੇ ਆਗਿਆ ਪਿਤਾ ਦੀ ਵੀਰ ਦੋਵੇਂ ਪੜ੍ਹਨੇ ਪਾਠਸ਼ਾਲਾ ਵਿਚ ਜਾਂਵਦੇ ਨੀ
ਯਥਾਯੋਗ ਪ੍ਰਸ਼ਾਦ ਦਾ ਥਾਲ ਭਰ ਕੇ ਅੱਗੇ ਪੰਡਤਾਂ ਜਾਇ ਟਕਾਂਵਦੇ ਨੀ
ਭੇਟਾ ਗੁਰਾਂ ਦੀ ਰੱਖ ਤਾਫੀਕ ਮੂਜਬ ਹੱਥ ਜੋੜ ਪ੍ਰਣਾਮ ਬੁਲਾਂਵਦੇ ਨੀ
ਲੱਗੇ ਪੜ੍ਹਨ ਪ੍ਰੇਮ ਦੇ ਨਾਲ ਪੈਂਤੀ ਤਿੰਨ ਰੋਜ਼ ਦੇ ਵਿਚ ਪਕਾਂਵਦੇ ਨੀ
ਹਿੰਦੀ ਇਲਮ ਪੜ੍ਹਿਆ ਥੋਹੜੇ ਦਿਨਾਂ ਅੰਦਰ ਸੰਸਕ੍ਰਿਤ ਤੇ ਚਿੱਤ ਲਗਾਂਵਦੇ ਨੀ
ਬਾਲ ਬੋਧ ਦਾ ਬੋਧ ਜਾਂ ਆਨ ਹੋਇਆ ਫੇਰ ਪੋਥੀਆਂ ਹੋਰ ਮੰਗਾਂਵਦੇ ਨੀ
ਐਸਾ ਪੜ੍ਹਨ ਸ਼ਲੋਕ ਸਪਸ਼ਟ ਯਾਰੋ ਲਗਾਂ ਮਾਤਰਾਂ ਖ਼ੂਬ ਮਲਾਂਵਦੇ ਨੀ

ਸੇਵਾ ਗੁਰੂ ਦੀ ਕਰਨ ਪ੍ਰੀਤ ਲਾ ਕੇ ਐਪਰ ਗੁਰੂ ਭੀ ਦਿਲੋਂ ਪੜ੍ਹਾਂਵਦੇ ਨੀ
ਬੋਹੜੇ ਦਿਨਾਂ ਅੰਦਰ ਐਸਾ ਬੋਧ ਹੋਯਾ ਵਿਆਕਰਣ ਪ੍ਰਸੰਧੀਆਂ ਲਾਂਵਦੇ ਨੀ
ਵਿਆਕਰਣ ਦੇ ਅਰਥ ਸਪਸ਼ਟ ਹੋਏ ਤਾਲੇ ਬੁਧ ਵਾਲੇ ਖੁਲ੍ਹ ਜਾਵਦੇ ਨੀ
ਇਸ ਦੇ ਬਾਅਦ ਪੁਰਾਣਾਂ ਨੂੰ ਪੜ੍ਹਨ ਲੱਗੇ ਗੀਤਾ ਵਾਚਦੇ ਅਮਲ ਕਮਾਂਵਦੇ ਨੀ
ਦੌਲਤ ਰਾਮ ਪੜ੍ਹ ਲਏ ਪੁਰਾਣ ਠਾਰਾਂ ਫੇਰ ਹੋਰ ਗ੍ਰੰਥ ਲਗਾਂਵਦੇ ਨੀ

### ਐਜ਼ਨ

ਰਾਜਨੀਤ ਦੇ ਪੜ੍ਹਨ ਗ੍ਰੰਥ ਲੱਗੇ ਜਿਸ ਦੇ ਅਮਲ ਕੀਤੇ ਜੱਗ ਜੈ ਹੋਵੇ
ਲਾਯਾ ਯੋਗ ਵਸ਼ਿਸ਼ਟ ਨੂੰ ਸ਼ੁੱਧ ਕਰ ਕੇ ਜਿਸ ਦੇ ਪੜ੍ਹੇ ਵਿਕਾਰ ਦਾ ਖੈ ਹੋਵੇ
ਇਸਦੇ ਬਾਅਦ ਪੜ੍ਹ ਲਿਆ ਵਿਚਾਰ ਸਾਗਰ ਜਿਸਦੇ ਸਮਝਿਆਂ ਕਾਮ ਦਾ ਖੈ ਹੋਵੇ
ਦੌਲਤ ਰਾਮ ਬਬੇਕ ਪੁਰਾਣ ਪੜ੍ਹਿਆ ਜਿਸ ਤੇ ਵਾਸਨਾ ਜੱਗ ਦੀ ਲੈ ਹੋਵੇ

### ਐਜ਼ਨ

ਅਰਘ ਦੀਪਕਾ ਤੇ ਨੀਲ ਕੰਠ ਪੜ੍ਹਿਆ ਜੋਤਸ਼ ਰਮਲ ਦੇ ਅਮਲ ਕਮਾਨ ਲੱਗੇ
ਲਾਯਾ ਕਰਮ ਵਿਪਾਕ ਗ੍ਰੰਥ ਯਾਰੋ ਪਿਛਲੇ ਜਨਮ ਦੀ ਖ਼ਬਰ ਬਤਾਨ ਲੱਗੇ
ਸਾਰਾ ਭੇਦ ਪਾਇਆ ਖਟ ਸਾਸਤ੍ਰਾਂ ਦਾ ਚਾਰੇ ਬਰਨ ਦਾ ਹਾਲ ਸੁਨਾਨ ਲੱਗੇ
ਐਸਾ ਨਯਾਯ ਗ੍ਰੰਥ ਦਾ ਬੋਧ ਹੋਯਾ ਚਾਰੇ ਬੇਦ ਦਾ ਭੇਦ ਜਤਾਨ ਲੱਗੇ
ਹੋਰ ਬੈਦਗੀ ਕਈ ਗ੍ਰੰਥ ਲਾਏ ਸਾਰਾ ਰੋਗ ਦਾ ਭੇਦ ਓਹ ਪਾਣ ਲੱਗੇ
ਐਸੀ ਨਬਜ਼ ਦੀ ਆਣ ਪਛਾਣ ਹੋਣੀ ਖਾਣਾ ਪੇਟ ਦਾ ਕੁਲ ਬਤਲਾਨ ਲੱਗੇ
ਲੱਗਾ ਸ਼ੌਕ ਘੋੜੇ ਉੱਤੇ ਚੜ੍ਹਨ ਦਾ ਜੀ, ਦਯਾ ਧਰਮ ਦੀ ਜ਼ੀਨ ਕਸਾਨ ਲੱਗੇ
ਜਤ ਸਤ ਦੀ ਮੁਖ ਲਗਾਮ ਦੇ ਕੇ ਘੋੜਾ ਗਿਆਨ ਦਾ ਖ਼ੂਬ ਦੁੜਾਨ ਲੱਗੇ
ਘੋੜਾ ਖ਼ੂਬ ਦੁੜਾਂਵਦੇ ਖੜੇ ਹੋ ਕੇ ਸਿੱਧੇ ਰਾਹ ਬਬੇਕ ਨੂੰ ਜਾਨ ਲੱਗੇ
ਨੇਜ਼ੇਬਾਜ਼ੀ ਦਾ ਆਨ ਕੇ ਖ਼ਿਆਲ ਹੋਯਾ ਕਿੱਲਾ ਭਰਮ ਦਾ ਪੱਟ ਵਖਾਨ ਲੱਗੇ
ਪਕੜੀ ਕਰਮ ਵੈਰਾਗ ਕਮਾਨ ਯਾਰੋ ਪੰਜਾਂ ਵੈਰੀਆਂ ਖ਼ੂਬ ਤਕਾਨ ਲੱਗੇ
ਕਾਮ ਕ੍ਰੋਧ ਮੋਹ ਲੋਭ ਹੰਕਾਰ ਪੰਜੇ ਪੰਜਾਂ ਮਾਰ ਕੇ ਤੀਰ ਮੁਕਾਨ ਲੱਗੇ
ਲੈ ਕੇ ਸੀਲ ਸੰਤੋਖ ਦੀ ਢਾਲ ਹੱਥੀਂ ਕਾਮਦੇਵ ਦੀ ਚੋਟ ਬਚਾਨ ਲੱਗੇ
ਪਕੜੀ ਦਸਤ ਬੰਦੂਕ ਬਬੇਕ ਸੰਦੀ ਉੱਤੇ ਖਿਮਾ ਬਰੂਦ ਨੂੰ ਪਾਨ ਲੱਗੇ
ਸੁੰਬ ਗਿਆਨ ਵੀਚਾਰ ਦਾ ਲਾ ਤੋੜਾ ਗੋਲਾ ਨਾਮ ਦਾ ਵਿਚ ਟਿਕਾਨ ਲੱਗੇ
ਐਸਾ ਲਾਂਵਦੇ ਖਿੱਚ ਨਿਸ਼ਾਨ ਯਾਰੋ ਬੁਰਜ ਹੰਗਤਾ ਢਾਹਿ ਗਿਰਾਨ ਲੱਗੇ
ਬਾਜ਼ੀ ਖੇਡਨੇ ਦਾ ਲੱਗਾ ਸ਼ੌਕ ਆ ਕੇ ਪਾਸਾ ਪ੍ਰੇਮ ਦਾ ਖ਼ੂਬ ਵਛਾਨ ਲੱਗੇ
ਵੇਦ ਅਮਲ ਸਤਸੰਗ ਦੀਆਂ ਸਾਰੀਆ ਨੇ ਤਿੰਨ ਮਾਰੀਆਂ ਖ਼ੂਬ ਘੁਕਾਨ ਲੱਗੇ
ਗੋਟੀ ਜੀਵ ਚੌਰਾਸੀਆ ਸਿੰਧ ਭਾਰੀ ਬੇੜੇ ਨਾਮ ਦੇ ਚਾੜ੍ਹ ਤਰਾਨ ਲੱਗੇ

ਜਿੱਤੀ ਸੀਤ ਸਤਸੰਗ ਦੀ ਸਾਫ਼ ਬਾਜ਼ੀ ਮਨ ਮਾਰ ਕੇ ਚਿੱਤ ਪਰਚਾਨ ਲੱਗੇ
ਸਾਧ ਸੇਵਾ ਦਾ ਆਨ ਕੇ ਸ਼ੌਕ ਲੱਗਾ ਭਰਦੇ ਮੁੱਠੀਆਂ ਟਹਿਲ ਕਮਾਨ ਲੱਗੇ
ਮਨ ਬੁਧਿ ਤੇ ਚਿੱਤ ਹੰਕਾਰ ਚਾਰੇ ਅੰਤਹਕਰਣ ਨੂੰ ਸ਼ੁੱਧ ਬਣਾਨ ਲੱਗੇ
ਇੜਾ ਪਿੰਗਲਾ ਸੁਖਮਨਾ ਤੀਨ ਨਾੜੀ ਸਾਧਨ ਤਿਹਾਂ ਦਾ ਖ਼ੂਬ ਪਕਾਨ ਲੱਗੇ
ਹੋਯਾ ਜੋਗ ਅਭਿਆਸ ਦਾ ਕਿਆਸ ਆ ਕੇ ਦਸਵੇਂ ਦ੍ਵਾਰ ਸਵਾਸ ਚੜ੍ਹਾਨ ਲੱਗੇ
ਜਾਗ੍ਰਿਤ ਸੁਪਨ ਸਖੋਪਤੀ ਤੀਨ ਤਜ ਕੇ ਤੁਰੀਯਾਤੀਤ ਮੇਂ ਜਾਇ ਸਮਾਨ ਲੱਗੇ
ਪੜਦਾ ਦੂਈ ਦਾ ਪਾੜ ਕੇ ਦੂਰ ਕੀਤਾ ਜੀਵ ਈਸ ਦਾ ਭੇਦ ਮਿਟਾਨ ਲੱਗੇ
ਲਾਈ ਸਹਿਜ ਸਮਾਧ ਸੰਨਯਾਸ ਵਾਲੀ ਤਤ੍ਵੰਮਸੀ ਦਾ ਸ਼ਬਦ ਅਲਾਨ ਲੱਗੇ
ਖੇਤੀ ਜੀਵ ਰਾਰਾ ਮਮਾ ਬੈਲ ਦੋਵੇਂ ਵਿਚ ਬੀਜ ਬ੍ਰਹਮ ਦਾ ਪਾਨ ਲੱਗੇ
ਚਿੱਤ ਕਪੜਾ ਨਾਮ ਦੀ ਪਕੜ ਸੂਈ ਤੋਪੇ ਏਕਤਾ ਦੇ ਵਿਚ ਲਾਨ ਲੱਗੇ
ਦੌਲਤ ਰਾਮ ਸਭ ਵਾਸਨਾ ਦੂਰ ਕਰ ਕੇ ਚਿੱਤ ਨਾਮ ਦੇ ਵਿਚ ਮਲਾਨ ਲੱਗੇ

### ਐਜ਼ਨ

ਸੰਧਯਾ ਗਾਇਤ੍ਰੀ ਨੂੰ ਨਿਤਨੇਮ ਕਰਦੇ ਜਿਸ ਤੇ ਨਸ਼ਟ ਹੁੰਦੇ ਤ੍ਰੈਨ ਤਾਪ ਭਾਈ
ਨਿਤ ਨੇਮ ਕਰਦੇ ਪੂਜਾ ਠਾਕਰਾਂ ਦੀ ਜੇਹੜੇ ਰਹੇ ਨੇ ਸਰਬ ਵਿਆਪ ਭਾਈ
ਗਊ ਬ੍ਰਾਹਮਣ ਦੀ ਕਰਦੇ ਬਹੁਤ ਸੇਵਾ ਧਰਮ ਛੱਤਰੀ ਸੰਤ ਮਿਲਾਪ ਭਾਈ
ਹੋਏ ਕਮਲ ਦੇ ਵਾਂਗ ਅਲੇਪ ਦੋਵੇਂ ਛੱਡ ਜੱਗ ਦੇ ਸਭ ਕਲਾਪ ਭਾਈ
ਦੌਲਤ ਰਾਮ ਏਹੋ ਨਫ਼ਾ ਵਿੱਦਿਆ ਦਾ ਲੱਭ ਲਿਆ ਜੇ ਆਪਣਾ ਆਪ ਭਾਈ

### ਰਾਜਾ ਖੜਗਸੈਨ ਨੇ ਰੂਪ ਬਸੰਤ ਨੂੰ ਸਭਾ ਵਿਚ ਬੁਲਾਵਣਾ ਅਕਲ ਔਰ ਇਲਮ ਕੀ ਪ੍ਰੀਖਿਆ ਵਾਸਤੇ

ਪੰਜ ਸਾਲ ਅੰਦਰ ਚਾਰੇ ਇਲਮ ਪੜ੍ਹ ਕੇ ਹੋਏ ਵਿਦਯਾ ਵਿਚ ਹੁਸਿਆਰ ਭਾਈ
ਯਾਰ੍ਹਾਂ ਸਾਲ ਦੀ ਉਮਰ ਬਸੰਤ ਹੋਯਾ ਤੇਰ੍ਹਾਂ ਸਾਲ ਦਾ ਰੂਪ ਕੁਮਾਰ ਭਾਈ
ਇਕ ਰੋਜ ਰਾਜਾ ਖੜਗਸੈਨ ਯਾਰੋ ਬੈਠਾ ਲਾਇਕੇ ਖ਼ੂਬ ਦਰਬਾਰ ਭਾਈ
ਅਚਨਚੇਤ ਪੁੱਤਰ ਉਸ ਨੂੰ ਯਾਦ ਆਏ ਦਿਲੋਂ ਜਾਗਿਆ ਮੋਹ ਪਿਆਰ ਭਾਈ
ਆਖੇ ਰੂਪ ਬਸੰਤ ਨੂੰ ਸੱਦ ਲਿਆਓ ਓਸੇ ਵਕਤ ਘੱਲੇ ਚੋਬਦਾਰ ਭਾਈ
ਚੋਬਦਾਰ ਨੇ ਕਹਿਆ ਸ਼ਾਹਜ਼ਾਦਿਆਂ ਨੂੰ ਤੁਹਾਨੂੰ ਯਾਦ ਕੀਤਾ ਸਰਕਾਰ ਭਾਈ
ਓਸੇ ਵਕਤ ਆ ਗਏ ਨੇ ਕੁੰਵਰ ਦੋਵੇਂ ਯਥਾਯੋਗ ਕਰਦੇ ਨਮਸਕਾਰ ਭਾਈ
ਬੈਠੇ ਅਦਬ ਅਦਾਬ ਦੇ ਨਾਲ ਆ ਕੇ ਰਾਮ ਨਾਮ ਦਾ ਕਰਨ ਉਹਾਰ ਭਾਈ
ਦਮੋਂ ਦਮ ਭਗਵਾਨ ਦਾ ਨਾਮ ਲੈਂਦੇ ਜੇਹੜਾ ਕੁਲ ਦਾ ਹੈ ਪ੍ਰਾਣ ਅਧਾਰ ਭਾਈ
ਰਾਜਾ ਦੇਖ ਕੇ ਬੜਾ ਪ੍ਰਸੰਨ ਹੋਇਆ ਸੁੱਟੇ ਅਸ਼ਰਫ਼ੀਆਂ ਸੀਸ ਤੋਂ ਵਾਰ ਭਾਈ
ਲੱਗੇ ਵਾਰਨੇ ਕਰਨ ਤਾਫੀਕ ਮੁਜਬ ਜਿਹੜੇ ਕੁਲ ਆਹੇ ਅਹਿਲਕਾਰ ਭਾਈ

ਓਸ ਰੋਜ਼ ਰਾਜੇ ਜਿਹੜਾ ਦਾਨ ਕੀਤਾ ਮੈਥੋਂ ਹੋਂਵਦਾ ਨਹੀਂ ਸ਼ੁਮਾਰ ਭਾਈ
ਦੌਲਤ ਰਾਮ ਹੁਣ ਆਖ ਤੂੰ ਹਾਲ ਅੱਗੇ ਪਿਛਲੀ ਗੱਲ ਨੂੰ ਦੇਹ ਵਿਸਾਰ ਭਾਈ

## ਐਜ਼ਨ

ਰਾਜੇ ਆਖਿਆ ਦੋਹਾਂ ਸ਼ਾਹਜ਼ਾਦਿਆਂ ਨੂੰ ਮੇਰੇ ਚਿੱਤ ਦਾ ਭਰਮ ਮਿਟਾ ਦੇਓ
ਚਾਰ ਰੋਜ਼ ਦਾ ਜੀਵਣਾ ਜੱਗ ਉਤੇ ਚਿੱਤ ਨਾਮ ਦੇ ਵਿਚ ਮਿਲਾ ਦੇਓ
ਗੱਲਾਂ ਸਿੱਖੀਆਂ ਜੋ ਰਾਜਨੀਤ ਦੀਆਂ ਮੈਨੂੰ ਖੋਲ੍ਹ ਕੇ ਹਾਲ ਸੁਣਾ ਦੇਓ
ਕੀ ਕੁਝ ਇਲਮ ਪੜ੍ਹਿਆ ਕੀ ਕੁਝ ਅਮਲ ਕੀਤਾ ਸਾਰਾ ਹਾਲ ਮੈਨੂੰ ਬਤਲਾ ਦੇਓ
ਪੜ੍ਹ ਕੇ ਇਲਮ ਕੀ ਨਫ਼ਾ ਵਸੂਲ ਕੀਤਾ ਕਰ ਕੇ ਜ਼ਾਹਰ ਸਾਰਾ ਸਮਝਾ ਦੇਓ
ਸਭਾ ਵਿਚ ਬੋਲਣਾ ਕੰਮ ਆਕਲਾਂ ਦਾ ਅਜ ਅਕਲ ਦਾ ਜੋਸ਼ ਦਖਲਾ ਦੇਓ
ਦੌਲਤ ਰਾਮ ਜੋ ਕਾਇਦਾ ਇਲਮ ਦਾ ਹੈ ਮੈਨੂੰ ਨੇਕ ਜ਼ੁਬਾਨ ਸੁਣਾ ਦੇਓ

## ਵਾਕ ਰੂਪ ਕਾ

ਆਖੇ ਅਲਫ਼ ਅੱਲਾਹ ਨੂੰ ਯਾਦ ਰੱਖੋ ਆਖੇ ਬੇ ਤੂੰ ਛੱਡ ਬੁਰਾਈਆਂ ਨੂੰ
ਆਖੇ ਤੇ ਤਕੱਬਰੀ ਛੱਡ ਬੰਦੇ ਆਖੇ ਸੇ ਤੂੰ ਪਕੜ ਸਫ਼ਾਈਆਂ ਨੂੰ
ਜੀਮ ਜ਼ੋਰ ਤੇ ਜ਼ੁਲਮ ਵਿਸਾਰ ਕੇ ਜੀ ਕਰੋ ਜੋਗ ਤੇ ਨੇਕ ਕਮਾਈਆਂ ਨੂੰ
ਆਖੇ ਹੇ ਹਰਾਮ ਨਾ ਮੂਲ ਖਾਓ ਆਖੇ ਚੇ ਤੂੰ ਛੱਡ ਚਤਰਾਈਆਂ ਨੂੰ
ਆਖੇ ਖੇ ਤੂੰ ਖ਼ੁਦੀ ਵਸਾਰ ਭਾਈ ਦਾਲ ਦੂਰ ਕਰ ਦੇਹ ਜੁਦਾਈਆਂ ਨੂੰ
ਜ਼ਾਲ ਆਖਦਾ ਜ਼ਿਕਰ ਅੱਲਾਹ ਕਰੀਏ ਕਰੇ ਰਦ ਜੋ ਕੁਲ ਬਲਾਈਆਂ ਨੂੰ
ਆਖੇ ਰੇ ਰਹਿਮਾਨ ਨੂੰ ਭੁੱਲ ਨਾਹੀਂ ਛਡੋ ਭੈੜੀਆਂ ਕੁਲ ਅਦਾਈਆਂ ਨੂੰ
ਆਖੇ ਜੇ ਜਹਾਨ ਦਾ ਛਡ ਦ੍ਹਾਵਾ ਨੇਕੀ ਪਕੜ ਤੇ ਖਟ ਭਲਾਈ·ਆਂ ਨੂੰ
ਸੀਨ ਆਖਦਾ ਜੀਵਣਾ ਸੁਫਲ ਹੋਵੇ ਮਾਰੇ ਕਾਮ ਕ੍ਰੋਧ ਕਸਾਈਆਂ ਨੂੰ
ਸ਼ੀਨ ਆਖਦਾ ਸ਼ਰਮ ਹਯਾ ਰੱਖੋ ਮਾਤਾ ਜਾਣੀਏ ਨਾਰ ਪਰਾਈਆਂ ਨੂੰ
ਸ੍ਵਾਦ ਆਖਦਾ ਸਬਰ ਕਰ ਬੰਦਿਆ ਓਇ ਜ਼੍ਵਾਦ ਜਗ ਦੀਆਂ ਛੱਡ ਅਸ਼ਨਾਈਆਂ ਨੂੰ
ਤੋਏ ਆਖਦੀ ਵਿਸ਼ੇ ਤੋਂ ਪਕੜ ਤੋਬਾ ਕੋਈ ਥਾਂ ਨਾ ਚੋਰ ਜ਼ਨਾਹੀਆਂ ਨੂੰ
ਜ਼ੋਏ ਆਖਦੀ ਜ਼ਰਾ ਨਾ ਫਿਕਰ ਭਾਈ ਐਨ ਆਖਦਾ ਮਰਦ ਅਲਾਹੀਆਂ ਨੂੰ
ਗ਼ੈਨ ਆਖਦਾ ਗ਼ਮ ਨਾ ਰਹੇ ਕੋਈ ਜੇਕਰ ਪਕੜੀਏ ਦਿਲੋਂ ਦਨਾਈਆਂ ਨੂੰ
ਆਖੇ ਫ਼ੇ ਫਰੇਬ ਨੂੰ ਛੱਡ ਪਿਆਰੇ ਕਿਸੇ ਨਾਲ ਨਾ ਕਰੋ ਲੜਾਈਆਂ ਨੂੰ
ਕਾਫ਼ ਆਖਦਾ ਕਰਮਾਂ ਦਾ ਖੇਲ ਸਾਰਾ ਕਿਹਾ ਦੋਸ਼ ਹੈ ਬੰਧੂਆਂ ਭਾਈਆਂ ਨੂੰ
ਗਾਫ਼ ਆਖਦਾ ਗੁਰੂ ਦੇ ਬਾਝ ਭਾਈ ਕਿਹੜਾ ਜਾਣਦਾ ਰਾਹ ਖ਼ੁਦਾਈਆਂ ਨੂੰ
ਮੀਮ ਆਖਦੀ ਮੌਤ ਵਿਸਾਰ ਨਾਹੀਂ ਲਾਮ ਲਾਜ ਜੋ ਅੱਖੀਆਂ ਲਾਈਆਂ ਨੂੰ
ਨੂਨ ਨਫ਼ਾ ਏਹੋ ਤੇਰੇ ਜੀਵਣੇ ਦਾ ਜੱਪ ਲੈ ਨਾਮ ਤੇ ਛੱਡ ਅੜਵਾਈਆਂ ਨੂੰ

ਆਖੇ ਵਾ ਤੂੰ ਬੰਦਿਆ ਦੇਖ ਅੱਖੀਂ ਮਾਰੇ ਮੌਤ ਜਹਾਨ ਦਿਆਂ ਸਾਈਆਂ ਨੂੰ
ਆਖੇ ਹੇ ਤੂੰ ਹਿਰਸ ਵਿਸਾਰ ਭਾਈ ਹਿਰਸ ਹੋਂਵਦੀ ਮਰਦ ਸ਼ੁਦਾਈਆਂ ਨੂੰ
ਆਖੇ ਯੇ ਤੂੰ ਯਾਦ ਕਰ ਰਾਮ ਤਾਈਂ ਕੱਟੇ ਜਨਮ ਤੇ ਮਰਨ ਦੀਆਂ ਫਾਹੀਆਂ ਨੂੰ
ਦੌਲਤ ਰਾਮ ਦਰਗਾਹ ਨਾ ਮਿਲੇ ਢੋਈ ਚੋਰ ਯਾਰ ਤੇ ਠਗ ਗੁਨਾਹੀਆਂ ਨੂੰ

## ਵਾਕ ਬਸੰਤ ਦਾ

ਕਾਇਦਾ ਫ਼ਾਰਸੀ ਦਾ ਰੂਪ ਆਖਿਆ ਜੋ ਹਿੰਦੀ ਕੁੰਵਰ ਬਸੰਤ ਉਚਾਰਦਾ ਜੀ
ਊੜਾ ਕਹੇ ਓਅੰਕਾਰ ਦਾ ਭਜਨ ਕਰ ਤੂੰ ਜਿਹੜਾ ਬੀਜ ਹੈ ਕੁਲ ਸੰਸਾਰ ਦਾ ਜੀ
ਐੜਾ ਆਖਦਾ ਆਪ ਨੂੰ ਭੁੱਲ ਨਾਹੀਂ ਤੂੰ ਹੀ ਰੂਪ ਸੱਚੇ ਕਰਤਾਰ ਦਾ ਜੀ
ਈੜੀ ਆਖਦੀ ਈਸ ਤੇ ਜੀਵ ਹੋਯਾ ਨਸ਼ਾ ਚੜ੍ਹ ਗਿਆ ਵਿਸ਼ੇ ਵਿਕਾਰ ਦਾ ਜੀ
ਸੱਸਾ ਆਖਦਾ ਸਮਝ ਨਾ ਮੂਰਖਾਂ ਨੂੰ ਪਿਆ ਵੇਦ ਪੁਰਾਣ ਪੁਕਾਰਦਾ ਜੀ
ਹਾਹਾ ਆਖਦਾ ਹੋਰ ਨਾ ਖ਼ੌਫ ਕੋਈ ਤੇਰਾ ਭਰਮ ਤੈਨੂੰ ਪਿਆ ਮਾਰਦਾ ਜੀ
ਕੱਕਾ ਆਖਦਾ ਕਦੇ ਨਾ ਹਾਰ ਹੋਵੇ ਪੱਲੂ ਫੜੇ ਜੋ ਗਿਆਨ ਵਿਚਾਰ ਦਾ ਜੀ
ਖੱਖਾ ਆਖਦਾ ਖੋਲ੍ਹ ਕੇ ਦੇਖ ਚਸ਼ਮਾਂ ਸੁੱਤਾ ਪਿਆ ਕਿਉਂ ਵਕਤ ਗੁਜ਼ਾਰਦਾ ਜੀ
ਗੱਗਾ ਆਖਦਾ ਗੁਰੂ ਦੀ ਕਰੋ ਸੇਵਾ ਬੇੜੇ ਨਾਮ ਦੇ ਚਾੜ੍ਹ ਕੇ ਤਾਰਦਾ ਜੀ
ਘੱਘਾ ਆਖਦਾ ਹੈ ਘੋਰ ਨਰਕ ਜਾਸੀ ਜਿਸ ਨੇ ਆਸਰਾ ਲਿਆ ਹੰਕਾਰ ਦਾ ਜੀ
ਙੱਙਾ ਆਖਦਾ ਙਿਣਤੀਆਂ ਕੂੜ ਸਭੇ ਸੱਚਾ ਨਾ ਹੈ ਕ੍ਰਿਸਨ ਮੁਰਾਰ ਦਾ ਜੀ
ਚੱਚਾ ਆਖਦਾ ਹੈ ਚੰਦ ਰੋਜ਼ ਮੇਲਾ ਦਾਵਾ ਛੱਡ ਕੂੜੇ ਘਰ ਬਾਰ ਦਾ ਜੀ
ਛੱਛਾ ਆਖਦਾ ਛਲਾਂ ਦੀ ਖੇਲ ਬਾਜ਼ੀ ਬੰਦਾ ਕੀਮੀਆਂ ਉਮਰ ਨੂੰ ਹਾਰਦਾ ਸੀ
ਜੱਜਾ ਆਖਦਾ ਜਮਾਂ ਦਾ ਖ਼ੌਫ ਰਖੋ ਛਡੋ ਮੇਲ ਕੂੜੇ ਸੰਸਾਰ ਦਾ ਜੀ
ਝੱਝਾ ਆਖਦਾ ਝੂਠ ਕੇ ਲੱਕ ਬੱਧਾ ਤੈਨੂੰ ਖ਼ੌਫ ਨਾ ਮੌਤ ਕਟਾਰ ਦਾ ਜੀ
ਞੱਞਾ ਆਖਦਾ ਞਾਣੀਆਂ ਛੱਡ ਗੱਲਾਂ ਬੁਰਾ ਹਾਲ ਹੈ ਜੱਗ ਬਿਹਾਰ ਦਾ ਜੀ
ਟੈਂਕਾ ਆਖਦਾ ਟਹਿਲ ਕਰ ਸਾਧੂਆ ਦੀ ਤਾਲਾ ਤੋੜ ਕੇ ਭਰਮ ਅੰਧਾਰ ਦਾ ਜੀ
ਠੱਠਾ ਆਖਦਾ ਓਸ ਨੂੰ ਠਾਕ ਨਾਹੀਂ ਜੇਹੜਾ ਗਿਆਨ ਬਬੇਕ ਨੂੰ ਧਾਰਦਾ ਜੀ
ਡੱਡਾ ਆਖਦਾ ਨਾਮ ਦੀ ਪਕੜ ਡੋਰੀ ਨਾਮ ਰਾਮ ਦਾ ਪਾਰ ਉਤਾਰਦਾ ਜੀ
ਢੱਢਾ ਆਖਦਾ ਮੂਰਖੋਂ ਢੋਰ ਚੰਗਾ ਜਿਸ ਨੂੰ ਪਤਾ ਨਾ ਆਪਣੇ ਯਾਰ ਦਾ ਜੀ
ਣਾਣਾ ਆਖਦਾ ਨਰਕ ਨਿਵਾਸ ਉਸਦਾ ਜੇਹੜਾ ਕਰਮ ਤੇ ਧਰਮ ਵਸਾਰਦਾ ਜੀ
ਤੱਤਾ ਆਖਦਾ ਛੱਡ ਤਕੱਬਰੀ ਨੂੰ ਮੇਲਾ ਜੱਗ ਵਾਲਾ ਦਿਨ ਚਾਰ ਦਾ ਜੀ
ਥੱਥਾ ਥੂਕ ਹੈ ਓਸਦੇ ਜੀਵਣੇ ਨੂੰ ਜੇਹੜਾ ਕੌਲ ਜ਼ਬਾਨ ਦਾ ਹਾਰਦਾ ਜੀ
ਦੱਦਾ ਆਖਦਾ ਦੂਈ ਨੂੰ ਦੂਰ ਕਰ ਦੇਹ ਏਹੋ ਰਾਹ ਹੈ ਮੋਖ ਦੁਆਰ ਦਾ ਜੀ
ਧੱਧਾ ਆਖਦਾ ਧੰਨ ਹੈ ਜਨਮ ਉਸਦਾ ਜੇਹੜਾ ਰੱਬ ਦਾ ਨਾਮ ਚਿਤਾਰਦਾ ਜੀ
ਨੱਨਾ ਆਖਦਾ ਨੀਵੀਆਂ ਰੱਖ ਅੱਖਾਂ ਉੱਚਾ ਦੇਖਣਾ ਕੰਮ ਗਵਾਰ ਦਾ ਜੀ

ਪੱਪਾ ਆਖਦਾ ਪਲਕ ਨਾ ਭੁੱਲ ਪਿਆਰੇ ਬੁਰਾ ਤੇਜ ਹੈ ਕਾਲ ਤਲਵਾਰ ਦਾ ਜੀ
ਫੱਫਾ ਆਖਦਾ ਰੱਬ ਦਾ ਫ਼ਜ਼ਲ ਮੰਗੋ ਕਰੇ ਫ਼ਜ਼ਲ ਤਾਂ ਰੁੜ੍ਹਦਿਆਂ ਤਾਰਦਾ ਜੀ
ਬੱਬਾ ਆਖਦਾ ਏ ਬੁਧਵਾਨ ਸੋਈ ਜੇਹੜਾ ਕੂੜ ਤੇ ਸੱਚ ਨਿਤਾਰਦਾ ਜੀ
ਭੱਭਾ ਆਖਦਾ ਓਸਦੇ ਭਾਗ ਚੰਗੇ ਜੇਹੜਾ ਸੱਚ ਉੱਤੇ ਜਿੰਦ ਵਾਰਦਾ ਜੀ
ਮੱਮਾ ਆਖਦਾ ਸਿੱਖ ਤੂੰ ਮੱਤ ਮੇਰੀ ਖ਼ਿਆਲ ਛੱਡੇ ਦੇਹ ਵਿਸ਼ੇ ਵਿਕਾਰ ਦਾ ਜੀ
ਯੱਯਾ ਆਖਦਾ ਯਾਦ ਕਰ ਬੰਦਿਆ ਓਇ ਵੇਲਾ ਮਾਂ ਦੇ ਗਰਭ ਅਜ਼ਾਰ ਦਾ ਜੀ
ਰਾਰਾ ਆਖਦਾ ਰਾਮ ਦੇ ਫ਼ਜ਼ਲ ਬਾਝੋਂ ਤੇਰੇ ਦੁੱਖ ਨੂੰ ਕੌਣ ਨਿਵਾਰਦਾ ਜੀ
ਲੱਲਾ ਆਖਦਾ ਲੇਖ ਦੀ ਰੇਖ ਡਾਢੀ ਕੇਹੜਾ ਲੇਖ ਦੀ ਰੇਖ ਨੂੰ ਟਾਰਦਾ ਜੀ
ਵੱਵਾ ਆਖਦਾ ਵੇਖ ਤੂੰ ਖ਼ਿਆਲ ਕਰ ਕੇ ਤੇਰਾ ਕਰਮ ਸਾਰੇ ਕੰਮ ਸਾਰਦਾ ਜੀ
ੜਾੜਾ ਆਖਦਾ ਓਹਨਾਂ ਨੂੰ ੜਾੜ ਕੇਹੀ ਪੱਲੇ ਜਿਨ੍ਹਾਂ ਦੇ ਨਾਮ ਕਰਤਾਰ ਦਾ ਜੀ
ਦੌਲਤ ਰਾਮ ਜਹਾਨ ਦੇ ਕੂੜ ਝੇੜੇ ਸੱਚਾ ਨਾਮ ਸੱਚੇ ਓਅੰਕਾਰ ਦਾ ਜੀ

## ਵਾਕ ਕਵੀ ਦਾ ਸਭ ਕੀ ਪ੍ਰਸੰਸਾ

ਸੁਣ ਕੇ ਗਿਆਨ ਵੈਰਾਗ ਦੀ ਗੱਲ ਯਾਰੋ ਸਾਰੀ ਸਭਾ ਦੇ ਲੋਕ ਨਿਹਾਲ ਹੋਏ
ਸੂਰਜ ਗਿਆਨ ਨੇ ਆਨ ਪ੍ਰਕਾਸ਼ ਕੀਤਾ ਫੁੱਲਾਂ ਵਾਂਗ ਸਾਰੇ ਮਾਲੋ ਮਾਲ ਹੋਏ
ਧੰਨ ਧੰਨ ਕਰਦਾ ਦਰਬਾਰ ਸਾਰਾ ਰਾਜਾ ਸਾਰਿਆਂ ਦੇ ਬਾਲੋਂ ਬਾਲ ਹੋਏ
ਰਾਜਾ ਚਿੱਤ ਦੇ ਵਿਚ ਆਨੰਦ ਹੋਇਆ ਪੁੱਤਰ ਵਿੱਦਿਆ ਵਿਚ ਕਮਾਲ ਹੋਏ
ਧੰਨ ਧੰਨ ਹੈ ਓਸ ਦਾ ਜਨਮ ਭਾਈ ਜਿਸਦਾ ਰਾਮ ਦੀ ਤਰਫ਼ ਖ਼ਿਆਲ ਹੋਏ
ਧੰਨ ਧੰਨ ਜਣੇਂਦੜੀ ਮਾਂ ਲੋਕੋ ਜਿਸਦੀ ਕੁੱਖੋਂ ਵਿਚੋਂ ਪੈਦਾ ਲਾਲ ਹੋਏ
ਲੱਗੇ ਗਿਆਨ ਵੈਰਾਗ ਦੀ ਲਾਗ ਉਸ ਨੂੰ ਜਿਸ ਤੇ ਆਪ ਭਗਵਾਨ ਦਿਆਲ ਹੋਏ
ਦੌਲਤ ਰਾਮ ਕਰਤਾਰ ਦਾ ਭਜਨ ਕਰੀਏ ਮੁੜ ਕੇ ਫੇਰ ਨਾ ਜਨਮ ਜੰਜਾਲ ਹੋਏ

## ਰਾਣੀ ਰੂਪਵਤੀ ਨੇ ਚਿੜੀ ਮਰੀ ਵੇਖ ਕੇ ਅਫ਼ਸੋਸ ਕਰਨਾ

ਉੱਠੇ ਲੋਕ ਸਭਾ ਮੌਕੂਫ਼ ਹੋਈ ਚੱਲੀ ਹੋਰ ਦੀ ਹੋਰ ਹੁਣ ਗੱਲ ਸਾਈਂ
ਓਸ ਰੋਜ਼ ਰਾਣੀ ਖੜਗਸੈਨ ਸੰਦੀ ਸੁੱਤੀ ਪਈ ਸੀ ਵਿਚ ਮਹੱਲ ਸਾਈ
ਸਾਵਨ ਮਾਂਹ ਦੀ ਅਜਬ ਬਹਾਰ ਆਹੀ ਵੱਗੇ ਪੁਰੇ ਦੀ ਵਾ ਉਛੱਲ ਸਾਈਂ
ਅੱਚਨਚੇਤ ਯਾਰੋ ਉਸਦੀ ਅੱਖ ਖੁੱਲ੍ਹੀ ਲਗਾ ਧਿਆਨ ਅਸਮਾਨ ਦੀ ਵੱਲ ਸਾਈਂ
ਉਤੇ ਚਿੜੇ ਤੇ ਚਿੜੀ ਦਾ ਆਲ੍ਹਣਾ ਸੀ ਬੈਠੇ ਰੰਗ ਮਹੱਲ ਨੂੰ ਮੱਲ ਸਾਈਂ
ਕੁਦਰਤ ਰੱਬ ਦੀ ਚਿੜੀ ਦੀ ਮੌਤ ਆਈ ਡਿੱਗੀ ਜ਼ਿਮੀਂ ਤੇ ਹੋਏ ਬੇਕਲ ਸਾਈਂ
ਤੜਫ਼ ਤੜਫ਼ ਕੇ ਚਿੜੀ ਨੇ ਜਾਨ ਦਿੱਤੀ ਪਾਇਆ ਮੌਤ ਨੇ ਆਨ ਭੁਚੱਲ ਸਾਈਂ
ਬੱਚੇ ਦੋ ਆਹੇ ਚਿੜੀ ਚਿੜੇ ਸੰਦੇ ਨੈਣੀਂ ਰੋਂਵਦੇ ਨੀਰ ਉਛੱਲ ਸਾਈਂ
ਇਕ ਭੁੱਖ ਦਾ ਦੁੱਖ ਕਮਾਲ ਆਹਾ ਦੂਜਾ ਮਾਂ ਦੇ ਮਰਨ ਦਾ ਸੱਲ ਸਾਈਂ

ਦੋਵੇਂ ਕੂੰਜ ਵਾਂਗੂੰ ਕੁਰਲਾਂਵਦੇ ਨੀ ਗਏ ਨਾਲ ਵਿਯੋਗ ਦੇ ਜਲ ਸਾਈਂ
ਰਾਣੀ ਦੇਖ ਕੇ ਵੱਡਾ ਅਫ਼ਸੋਸ ਕੀਤਾ, ਕੀਤਾ ਮੌਤ ਨੇ ਵੱਡਾ ਕੁਲੱਲ ਸਾਈਂ
ਵਾਰ ਵਾਰ ਪਈ ਪੱਛੋਤਾਂਵਦੀ ਸੀ ਭਾਵੀ ਵੱਡੀ ਅਮੇਟ ਅਚੱਲ ਸਾਈਂ
ਚਿੜੀ ਵਾਸਤੇ ਰਾਣੀ ਦਾ ਕਾਲ ਹੋਸੀ ਭਾਣਾ ਰੱਬ ਦਾ ਵੱਡਾ ਅਟੱਲ ਸਾਈਂ
ਦੌਲਤ ਰਾਮ ਥੋੜ੍ਹੀ ਜਿਹੀ ਗੱਲ ਆਹੀ ਹੋਇਆ ਗੱਲ ਦਾ ਵੱਡਾ ਗਲੱਲ ਸਾਈਂ

## ਚਿੜੇ ਨੇ ਦੂਸਰੀ ਚਿੜੀ ਵਿਆਹ ਕੇ ਲੈ ਆਵਣੀ

ਅਗਨਿ ਚਿੜੇ ਨੂੰ ਕਾਮ ਦੀ ਬਹੁਤ ਹੁੰਦੀ ਏਸ ਗੱਲ ਦਾ ਕੁਝ ਨਾ ਲੁਕ ਸਾਈਂ
ਦੂਜਾ ਚਿੜੀ ਦਾ ਆਨ ਵਿਯੋਗ ਲੱਗਾ ਗਿਆ ਨਾਲ ਫ਼ਿਰਾਕ ਦੇ ਮੁੱਕ ਸਾਈਂ
ਕਾਮੀ ਪੁਰਖ ਨੂੰ ਕਾਮ ਦੀ ਲੋੜ ਡਾਢੀ ਕਿਆ ਪਸ਼ੂ ਤੇ ਕਿਆ ਮਨੁੱਖ ਸਾਈਂ
ਚਿੜੀ ਚਿੜੇ ਨੇ ਹੋਰ ਪ੍ਰਣਾ ਆਂਦੀ ਔਖਾ ਝੱਲਣਾ ਕਾਮ ਦਾ ਦੁੱਖ ਸਾਈਂ
ਕਾਮੀ ਪੁਰਖ ਦੀ ਏਹ ਮਿਸਾਲ ਜਾਣੋਂ ਜਿਵੇਂ ਹੋਂਵਦਾ ਹੈ ਸਿੰਮਲ ਰੁੱਖ ਸਾਈਂ
ਐਪਰ ਰੁੱਖ ਸਿੰਮਲ ਕਿਸੇ ਕੰਮ ਆਵੇ ਕਿਸੇ ਕੰਮ ਨਾ ਓਹ ਮਨੁੱਖ ਸਾਈ
ਹੁੰਦੇ ਪੁੱਤਰਾਂ ਕਰਨ ਵਿਆਹ ਜੇਹੜੇ ਸਾਰੀ ਉਮਰ ਨਾ ਪਾਂਵਦੇ ਸੁੱਖ ਸਾਈਂ
ਦੌਲਤ ਰਾਮ ਨਾ ਕਦੇ ਤ੍ਰਿਪਤ ਹੁੰਦੇ ਲੱਗੀ ਜਿਨ੍ਹਾਂ ਨੂੰ ਕਾਮ ਦੀ ਭੁੱਖ ਸਾਈਂ

## ਚਿੜੀ ਨੇ ਬੱਚਿਆਂ ਨੂੰ ਮਾਰ ਦੇਣਾ ਔਰ ਰਾਣੀ ਨੇ ਦੇਖ ਕੇ ਬਹੁਤ ਅਫ਼ਸੋਸ ਕਰਨਾ

ਅੱਗੇ ਹਾਲ ਸੁਣੋ ਚਿੜੀ ਚੰਦਰੀ ਦਾ ਜੇਹੜੀ ਨਵੀਂ ਵਿਆਹੁਲੀ ਆਂਵਦੀ ਏ
ਆ ਕੇ ਆਹਲਣੇ ਦੇ ਵਿਚ ਪੈਰ ਦਿੱਤਾ ਬੱਚੇ ਵੇਖ ਭੈੜੀ ਸੜ ਜਾਂਵਦੀ ਏ
ਆਖੇ ਇਹਨਾਂ ਦੇ ਨਾਲ ਕੀ ਸਾਕ ਮੇਰਾ ਵਿਚੇ ਵਿਚ ਕਚੀਚੀਆਂ ਖਾਂਵਦੀ ਏ
ਬੱਚੇ ਭੁੱਖ ਦੇ ਨਾਲ ਬੇਤਾਬ ਹੋਏ ਦੇਵੇ ਆਬ ਨਾ ਚੋਜ ਚੁਗਾਂਵਦੀ ਏ
ਮਸ਼ਹੂਰ ਏਹ ਗੱਲ ਜਹਾਨ ਉਤੇ ਮਾਤਰ ਮਾਏ ਨਾ ਭਲਾ ਕਮਾਂਵਦੀ ਏ
ਰਾਮ ਨਾਲ ਕਕੇਈ ਨੇ ਕਹੀ ਕੀਤੀ ਚੌਦਾਂ ਬਰਸ ਬਨਬਾਸ ਭੁਗਾਂਵਦੀ ਏ
ਮਾਤਰ ਮਾਂ ਨੇ ਕੱਢਿਆ ਧ੍ਰੂ ਤਾਈਂ ਬਾਲ ਉਮਰ ਮੁਸੀਬਤਾਂ ਪਾਂਵਦੀ ਏ
ਪੂਰਣ ਭਗਤ ਨਾਲ ਕੀ ਕਰੀ ਲੂਣਾ ਦੋਵੇਂ ਹੱਥ ਤੇ ਪੈਰ ਵਢਾਂਵਦੀ ਏ
ਪਿਛਲੇ ਪੁੱਤਰਾਂ ਦੇ ਸਲ ਮਾਤਰਾਂ ਨੂੰ ਕੋਈ ਨੇਕ ਜੋ ਪਾਲ ਵਖਾਂਵਦੀ ਏ
ਭੈੜੀ ਚਿੜੀ ਦਾ ਸੁਣੋ ਹਵਾਲ ਭਾਈ ਦੇਖੋ ਹੋਰ ਕੀ ਜ਼ੁਲਮ ਕਮਾਂਵਦੀ ਏ
ਕੰਡੇ ਭੱਖੜੇ ਦੇ ਬਾਹਰੋ ਆਣ ਕੇ ਤੇ ਦੋਹਾਂ ਬੱਚਿਆਂ ਮੁਖ ਫਸਾਂਵਦੀ ਏ
ਧੱਕਾ ਮਾਰ ਕੇ ਸੁੱਟਦੀ ਆਹਲਣੇ ਤੋਂ ਭੈੜੀ ਰੱਬ ਦਾ ਖ਼ੌਫ ਨਾ ਖਾਂਵਦੀ ਏ
ਬੱਚੇ ਤੜਫ ਕੇ ਡਿਗੇ ਜ਼ਮੀਨ ਉਤੇ ਰਾਣੀ ਵੇਖ ਹੈਰਾਨ ਹੋ ਜਾਂਵਦੀ ਏ
ਦਯਾ ਉਪਜਦੀ ਹੈ ਧਰਮ ਵਾਲਿਆਂ ਨੂੰ ਪਾਪੀ ਪੁਰਸ਼ ਨੂੰ ਦਇਆ ਨ ਆਂਵਦੀ ਏ
ਰਾਣੀ ਹੱਥ ਫੜ ਕੇ ਦੋਹਾਂ ਬੱਚਿਆਂ ਨੂੰ ਪਾਣੀ ਚਲੀਆਂ ਨਾਲ ਪਿਲਾਂਵਦੀ ਏ

ਕੰਡੇ ਭੱਖੜੇ ਦੇ ਜਦੋਂ ਨਜ਼ਰ ਆਏ ਰੋਇ ਰੋਇ ਕੇ ਨੀਰ ਵਹਾਂਵਦੀ ਏ
ਆਖੇ ਚਿੜੀ ਨੇ ਪਾਪ ਤੇ ਜ਼ੁਲਮ ਕੀਤਾ ਹਾਇ ਹਾਇ ਕਰਕੇ ਨੀਰ ਵਹਾਂਵਦੀ ਏ
ਕੰਡੇ ਬੱਚਿਆਂ ਦੇ ਮੂੰਹੋਂ ਕਢ ਕੇ ਤੇ ਨਾਲ ਪਿਆਰ ਦੇ ਪਾਸ ਬਠਲਾਂਵਦੀ ਏ
ਕਦੀ ਹੱਥ ਦੇ ਨਾਲ ਉਠਾਂਵਦੀ ਏ ਕਦੀ ਕਤਨੀ ਵਿਚ ਟਕਾਂਵਦੀ ਏ
ਪਾਣੀ ਉਂਗਲੀ ਨਾਲ ਪਲਾਂਵਦੀ ਏ ਚੂਰੀ ਕੁੱਟ ਕੇ ਪਈ ਖਲਾਂਵਦੀ ਏ
ਐਪਰ ਬੱਚਿਆਂ ਦੇ ਤਾਲੂ ਛੇਕ ਹੋਏ ਸ਼ਾਂਤ ਉਹਨਾਂ ਨੂੰ ਮੂਲ ਨ ਆਂਵਦੀ ਏ
ਆਖਰਕਾਰ ਬੱਚੇ ਦੋਵੇਂ ਫ਼ੌਤ ਹੋਏ ਆਈ ਮੌਤ ਤਾਂ ਦੇਰ ਨਾ ਲਾਵਦੀ ਏ
ਹੋਣੀ ਸੁੱਤੀਆਂ ਕਲਾ ਜਗਾਂਵਦੀ ਏ ਦੇਖੋ ਰਾਣੀ ਦਾ ਚਿੱਤ ਭਰਮਾਂਵਦੀ ਏ
ਹੋਣੀ ਹੋਣ ਉੱਤੇ ਜਦੋਂ ਆਂਵਦੀ ਏ ਪਹਿਲੇ ਤਾਰ ਅਗੇਤਰੀ ਪਾਂਵਦੀ ਏ
ਪਹਿਲੇ ਚਿੱਤ ਨੂੰ ਆਇ ਭਰਮਾਂਵਦੀ ਏ ਪਿਛੋਂ ਆਪਣੀ ਚੋਟ ਚਲਾਂਵਦੀ ਏ
ਬੱਚੇ ਚਿੜੀ ਦੇ ਚਾਇ ਭੁਲਾਂਵਦੀ ਏ ਰਾਣੀ ਹੋਰ ਵੀਚਾਰ ਠਹਿਰਾਂਵਦੀ ਏ
ਦਿਲ ਦੇ ਵਿਚ ਦਲੀਲ ਬਣਾਂਵਦੀ ਏ ਏਧਰ ਪੱਟਦੀ ਤੇ ਓਧਰ ਲਾਂਵਦੀ ਏ
ਨਾਲੇ ਜੱਗ ਦਾ ਮੋਹ ਵਧਾਂਵਦੀ ਏ ਨਾਲੇ ਗੀਤ ਗੋਬਿੰਦ ਦੇ ਗਾਂਵਦੀ ਏ
ਉਤੋਂ ਰਾਤ ਅੰਧੇਵਦੀ ਆਂਵਦੀ ਏ ਰਾਣੀ ਰਾਜੇ ਨੂੰ ਹਾਲ ਸੁਣਾਂਵਦੀ ਏ
ਰੋਇ ਰੋਇ ਕੇ ਨੈਣ ਵਹਾਂਵਦੀ ਏ ਮੋਹ ਪੁੱਤਰਾ ਨਾਲ ਵਧਾਂਵਦੀ ਏ
ਦੌਲਤ ਰਾਮ ਕੁਝ ਰਾਣੀ ਦੇ ਵੱਸ ਨਾਹੀਂ ਹੋਵੇ ਸੋ ਜੋ ਰੱਬ ਨੂੰ ਭਾਂਵਦੀ ਏ

## ਵਾਕ ਕਵੀਸ਼ਰ ਦਾ ਹਾਲ ਰਾਣੀ

ਏਸੇ ਫਿਕਰ ਅੰਦੇਸੜੇ ਨਾਲ ਯਾਰੋ ਦਿਲ ਰਾਣੀ ਦਾ ਭੁੱਜ ਕਬਾਬ ਹੋਯਾ
ਪਈ ਉੱਪਰੋਂ ਉੱਪਰੋ ਬੋਲਦੀ ਸੀ ਖ਼ਾਲੀ ਅੰਦਰੋਂ ਜਿਵੇਂ ਰਬਾਬ ਹੋਯਾ
ਜਿਵੇਂ ਲਕੜੀ ਨੂੰ ਘੁਣ ਚੱਟ ਜਾਂਦਾ ਤਿਵੇਂ ਮੋਹ ਦਾ ਦੁੱਖ ਅਜ਼ਾਬ ਹੋਯਾ
ਮੋਈ ਮੈਂ ਤਾਂ ਰਾਜੇ ਦਾ ਵਿਆਹ ਹੋਸੀ ਏਹੋ ਚਿੱਤ ਦੇ ਨਾਲ ਹਿਸਾਬ ਹੋਯਾ
ਚਿੜੀ ਵਾਂਗ ਮਾਰ ਸੌਕਣ ਪੁਤੱਰਾਂ ਨੂੰ ਏਸੇ-ਵਾਸਤੇ ਦਿਲ ਬੇਤਾਬ ਹੋਯਾ
ਦੁੱਖ ਔਰਤਾਂ ਨੂੰ ਭਾਰਾ ਸੌਕਣਾਂ ਦਾ ਸੌਕਣ ਮਰੀ ਤਾਂ ਵੱਡਾ ਸਵਾਬ ਹੋਯਾ
ਏਸੇ ਦੁੱਖ ਅੰਦਰ ਰਾਣੀ ਤੜਫਦੀ ਸੀ ਜਿਵੇਂ ਮੀਨ ਦਾ ਹਾਲ ਬੇਆਬ ਹੋਯਾ
ਚੇਹਰਾ ਜ਼ਰਦ ਹੋ ਗਿਆ ਵਸਾਰ ਵਾਂਗੂੰ ਗੋਯਾ ਖ਼ਿਜ਼ਾਂ ਦੀ ਰੁੱਤ ਗੁਲਾਬ ਹੋਯਾ
ਦੋਵੇਂ ਨੈਣ ਨਸਾਰ ਦੇ ਵਾਂਗ ਜਾਰੀ ਜਾਣੋਂ ਜਮ੍ਹਾਂ ਚਰੋਕਣਾ ਆਬ ਹੋਯਾ
ਤਾਕਤ ਰਹੀ ਨਾ ਬੈਠ ਕੇ ਉਠਣੇ ਦੀ ਜਾਣੋਂ ਸਹਜ ਸੁਭਾਓ ਜੁਲਾਬ ਹੋਯਾ
ਹਾਇ ਹਾਇ ਜ਼ੁਬਾਨ ਥੀਂ ਪਈ ਬੋਲੇ ਅੱਖੀਂ ਰੋਂਦਿਆਂ ਰੰਗ ਉਨਾਬ ਹੋਯਾ
ਭੁੱਲੇ ਐਸ਼ ਬਹਾਰ ਜਹਾਨ ਵਾਲੇ ਖਾਣਾ ਪਹਿਨਣਾ ਕੁਲ ਖ਼ਰਾਬ ਹੋਯਾ
ਏਸੇ ਹਾਲ ਅੰਦਰ ਰਾਣੀ ਰੋਂਵਦੀ ਨੂੰ ਉਤੋਂ ਦਿਨ ਭੀ ਆਨ ਨਿਸਾਬ ਹੋਯਾ
ਦੌਲਤ ਰਾਮ ਹੁਣ ਆਖ ਤੂੰ ਹਾਲ ਅੱਗੇ ਜੇਹੜਾ ਸ਼ਾਹ ਦੇ ਨਾਲ ਜਵਾਬ ਹੋਯਾ

## ਰਾਜੇ ਖੜਗਸੈਨ ਦਾ ਮਹੱਲ ਵਿਚ ਆਵਣਾ

ਅੱਧੀ ਰਾਤ ਜਾਂ ਆਨ ਬਤੀਤ ਹੋਈ ਰਾਜਾ ਮਹੱਲ ਅੰਦਰ ਦਾਖ਼ਲ ਆਨ ਹੋਯਾ
ਰਾਣੀ ਰੋਂਵਦੀ ਸੀ ਜ਼ਾਰੋ ਜ਼ਾਰ ਬੈਠੀ ਰਾਜਾ ਵੇਖ ਕੇ ਰੰਗ ਹੈਰਾਨ ਹੋਯਾ
ਖੁਸ਼ੀ ਚਿੰਤ ਦੀ ਰਹਿ ਗਈ ਚਿੱਤ ਅੰਦਰ ਅੱਗੇ ਹੋਰ ਦਾ ਹੋਰ ਸਾਮਾਨ ਹੋਯਾ
ਕਿੱਥੇ ਚਿੜੇ ਤੇ ਚਿੜੀ ਦੇ ਪੁੱਤ ਯਾਰੋ ਥੋੜ੍ਹੀ ਗੱਲ ਦਾ ਵੱਡਾ ਵਧਾਨ ਹੋਯਾ
ਭੜਕੀ ਮੋਹ ਦੀ ਅੱਗ ਤਨੂਰ ਵਾਂਗੂੰ ਦਿਲ ਰਾਣੀ ਦਾ ਭੁੱਜ ਕੇ ਨਾਨ ਹੋਯਾ
ਰਾਜਾ ਆਖਦਾ ਰਾਣੀਏ ਦੱਸ ਮੈਨੂੰ ਤੇਰੇ ਨਾਲ ਕੀ ਜ਼ੁਲਮ ਤੂਫ਼ਾਨ ਹੋਯਾ
ਤੇਰੇ ਨੈਣ ਨਸਾਰ ਦੇ ਵਾਂਗ ਜਾਰੀ ਮੁੱਖ ਰੋਂਦਿਆ ਲਹੂ ਲੁਹਾਨ ਹੋਯਾ
ਦੁੱਖ ਦਰਦ ਕੀ ਤੁੱਧ ਨੂੰ ਹੋਇਆ ਵਾਰਦ ਮੈਨੂੰ ਦੱਸ ਕੀ ਇਹ ਬਿਆਨ ਹੋਯਾ
ਕੱਲ ਰੰਗ ਕਸੁੰਭੜੇ ਵਾਂਗ ਤੇਰਾ ਅੱਜ ਪੀਲੜਾ ਹਲਦ ਸਮਾਨ ਹੋਯਾ
ਇਕੇ ਗੋਲੀਆਂ ਹੁਕਮ ਅਦੂਲ ਕੀਤਾ ਇਕੇ ਹੋਰ ਕੋਈ ਦੁੱਖ ਆਨ ਹੋਯਾ
ਆਈ ਸਾਕ ਅੰਗਾਂ ਵਿਚੋਂ ਖ਼ਬਰ ਭੈੜੀ ਦਿਲ ਸੋਗ ਦੇ ਵਿਚ ਗ਼ਲਤਾਨ ਹੋਯਾ
ਅਖੇ ਹੋਰ ਅੰਦਰੂਨ ਦਾ ਰੋਗ ਕੋਈ ਤੇਰਾ ਰੂਹ ਰਾਣੀ ਪਰੇਸ਼ਾਨ ਹੋਯਾ
ਦੱਸ ਝੱਬ ਮੈਂ ਕਰਾਂ ਇਲਾਜ ਕੋਈ ਤੇਰੇ ਉਪਰੋਂ ਮੈਂ ਕੁਰਬਾਨ ਹੋਯਾ
ਦੁੱਖ ਦੇਖ ਤੇਰਾ ਸੁੱਖ ਦੂਰ ਹੋਏ ਨੀ ਮੈਂ ਆਪਣੀ ਜਾਨੋਂ ਬੇਜਾਨ ਹੋਯਾ
ਲੱਗੇ ਵਾਹ ਤਾ ਕਰਾਂ ਉਪਾ ਕੋਈ ਨਾਲ ਰੱਬ ਦੇ ਜ਼ੋਰ ਨਾ ਤਾਨ ਹੋਯਾ
ਦੌਲਤ ਰਾਮ ਰਾਜਾ ਆਖੇ ਦੱਸ ਛੇਤੀ ਮੇਰਾ ਚਿੱਤ ਬਿਲੰਬ ਮੇਂ ਆਨ ਹੋਯਾ

## ਵਾਕ ਰਾਣੀ ਦਾ

ਰਾਣੀ ਆਖਦੀ ਵਾਹ ਨਾ ਦੱਸਨੇ ਦੀ ਲੱਗਾ ਆਨ ਕਵੱਲੜਾ ਰੋਗ ਰਾਜਾ
ਲੱਗਾ ਰੋਗ ਨਹੀ ਜਾਣੋਂ ਅੱਗ ਲੱਗੀ ਮੈਨੂੰ ਸਾੜ ਕੇ ਕਰ ਗਈ ਫੋਗ ਰਾਜਾ
ਲੋਕ ਆਖਦੇ ਭਰਮ ਦਾ ਮੰਤ ਦਾਰੂ ਮੈਨੂੰ ਲੱਗਿਆ ਭਰਮ ਦਾ ਸੋਗ ਰਾਜਾ
ਏਸੇ ਸੋਗ ਅੰਦਰ ਮਰ ਜਾਵਸਾਂ ਮੈਂ ਕਰਮ ਆਪਣੇ ਲਵਾਂਗੀ ਭੋਗ ਰਾਜਾ
ਛੱਡੀ ਆਸ ਮੈਂ ਆਪਣੇ ਜੀਵਣੇ ਦੀ ਮੇਰੀ ਅੱਜ ਨਖੁੱਟ ਗਈ ਚੋਗ ਰਾਜਾ
ਤੇਰੇ ਵੱਸ ਨਾਹੀ ਹੋਈ ਰੱਬ ਵਲੋਂ ਮੇਰਾ ਟੁੱਟਿਆ ਅੱਜ ਸੰਜੋਗ ਰਾਜਾ
ਮੈਨੂੰ ਬਖ਼ਸ਼ ਭਗਵਾਨ ਦੇ ਵਾਸਤੇ ਤੂੰ ਜੇ ਮੈਂ ਬੋਲਿਆ ਬੋਲ ਅਜੋਗ ਰਾਜਾ
ਦੌਲਤ ਰਾਮ ਕੁਝ ਵਸ ਨਾ ਬੰਦਿਆਂ ਦੇ ਜੇਹੜੀ ਹੋਵਣੀ ਹੈ ਸੋਈ ਹੋਗ ਰਾਜਾ

## ਵਾਕ ਰਾਜਾ ਕਾ

ਰਾਜੇ ਆਖਿਆ ਛੱਡ ਦੇਹ ਹੋਰ ਝੇੜੇ ਮੈਨੂੰ ਅਸਲ ਦੀ ਗੱਲ ਸੁਣਾ ਰਾਣੀ
ਕੇਹੜੀ ਕਿਸਮ ਦਾ ਰੋਗ ਤੇ ਸੋਗ ਹੋਇਆ ਕਿਹਾ ਭਰਮ ਲੱਗਾ ਤੈਨੂੰ ਆ ਰਾਣੀ
ਕੇਹੜੀ ਕਿਸਮ ਦੀ ਆਣ ਕੇ ਅੱਗ ਲੱਗੀ ਜੇਹੜੀ ਜਿਗਰ ਨੂੰ ਗਈ ਜਾਲ ਰਾਣੀ

ਕਿਹਾ ਭਰਮ ਹੋਯਾ ਤੇਰੇ ਜਿਗਰ ਉੱਤੇ ਬੈਠੀ ਜਿਉਣੇ ਦੀ ਆਸ ਚੁਕਾ ਰਾਣੀ
ਤੇਰੀ ਗੱਲ ਸੁਣ ਕੇ ਸੀਨੇ ਸੱਲ ਹੋਇਆ ਮੇਰੇ ਦੂਰ ਹੋਏ ਚੈਨ ਚਾ ਰਾਣੀ
ਕਈ ਵਾਰ ਬੀਮਾਰ ਹੋ ਜਾਣ ਬੰਦੇ ਐਵੇਂ ਚਿੱਤ ਨਾ ਪਈ ਡਰਾ ਰਾਣੀ
ਅਸਲ ਰੋਗ ਦਾ ਹਾਲ ਬਤਲਾ ਮੈਨੂੰ ਕੋਈ ਕਰਾਂ ਮੈਂ ਹੁਣੇ ਉਪਾ ਰਾਣੀ
ਕਿਹਾ ਦੁੱਖ ਕੁਵੱਲੜਾ ਆਣ ਲੱਗਾ ਜਿਹਦਾ ਕਰੇਂ ਤੂੰ ਐਡਾ ਲੁਕਾ ਰਾਣੀ
ਜੇਕਰ ਆਪਣੇ ਰੋਗ ਨੂੰ ਜ਼ਾਹਿਰ ਕਰੀਏ ਤਾਂ ਹੀ ਦੇਨ ਤਬੀਬ ਦਵਾ ਰਾਣੀ
ਬਾਰ ਬਾਰ ਤੇਰੇ ਕੋਲੋਂ ਪੁੱਛਦਾ ਮੈਂ ਮੈਨੂੰ ਮਰਜ਼ ਤਹਕੀਕ ਬਤਲਾ ਰਾਣੀ
ਦੌਲਤ ਰਾਮ ਜੋ ਦੁੱਖ ਦਾ ਹਾਲ ਦੱਸੇਂ ਕਰਾਂ ਇਲਾਜ ਹਕੀਮ ਬੁਲਾ ਰਾਣੀ

## ਵਾਕ ਰਾਣੀ ਦਾ

ਰਾਣੀ ਆਖਦੀ ਰਾਜਿਆ ਦੱਸਣਾ ਕੀ ਮੈਨੂੰ ਪੈ ਗਿਆ ਦੁੱਖਾਂ ਦਾ ਜਾਲ ਸਾਈਂ
ਮੇਰਾ ਰੋਗ ਦਾ ਦਾਰੂੜਾ ਨਹੀਂ ਕੋਈ ਅਜ ਆਨ ਪੁੰਨਾ ਮੇਰਾ ਕਾਲ ਸਾਈਂ
ਆਤਸ਼ ਮੋਹ ਦੀ ਆਨ ਕੇ ਭੜਕ ਉੱਠੀ ਮੇਰੇ ਜਿਗਰ ਨੂੰ ਗਈ ਏ ਬਾਲ ਸਾਈਂ
ਬਾਰ ਬਾਰ ਕੀ ਮੁਝ ਨੂੰ ਪੁੱਛਣਾ ਏਂ ਮੇਰਾ ਜੀਵਣਾ ਅਜ ਮੁਹਾਲ ਸਾਈਂ
ਪੁੱਛੇ ਬਾਝ ਨਾ ਤੁੱਧ ਨੂੰ ਸਬਰ ਆਵੇ ਦੱਸਾਂ ਹਾਲ ਤੂੰ ਰੱਖ ਖ਼ਿਆਲ ਸਾਈਂ
ਰਾਣੀ ਚਿੜੀ ਤੇ ਚਿੜੇ ਦਾ ਹਾਲ ਦੱਸੇ ਨੈਣੀਂ ਰੋਂਵਦੀ ਨੀਰ ਉਛਾਲ ਸਾਈਂ
ਦੌਲਤ ਰਾਮ ਰਾਜੇ ਤਾਈਂ ਕਹਿਆ ਰਾਣੀ ਚਿੜੇ ਚਿੜੀ ਦਾ ਕੁਲ ਹਵਾਲ ਸਾਈਂ

## ਐਜ਼ਨ

ਰਾਣੀ ਆਖਦੀ ਇਹ ਹੈ ਰੋਗ ਮੇਰਾ ਇਸ ਦਾ ਕਿਹਾ ਇਲਾਜ ਬਨਾਵਸੇਂ ਤੂੰ
ਏਸੇ ਦੁੱਖ ਦੇ ਨਾਲ ਮੈਂ ਫੌਤ ਹੋਸਾਂ ਪਿਛੋਂ ਹੋਰ ਵਿਆਹ ਕਰਵਾਵਸੇਂ ਤੂੰ
ਆਖੇ ਲੱਗ ਕੇ ਨਾਰੀਆ ਡਾਰੀਆਂ ਦੇ ਮੇਰੇ ਪੁੱਤਰਾਂ ਮਾਰ ਮੁਕਾਵਸੇਂ ਤੂੰ
ਚਿੜੀ ਚਿੜੇ ਵਾਂਗੂੰ ਮੇਰੇ ਲਾਲ ਦੋਵੇਂ ਛੁਰੀ ਅਜ਼ਲ ਦੀ ਨਾਲ ਕੁਹਾਵਸੇਂ ਤੂੰ
ਮੇਰੀ ਗੱਲ ਦਾ ਕੂੜਾ ਨਾ ਹੋਵਣਾ ਹੈ ਨਾਲ ਅੱਖੀਆਂ ਦੇ ਅਜ਼ਮਾਵਸੇਂ ਤੂੰ
ਦੌਲਤ ਰਾਮ ਏਵੇਂ ਹੋਣੀ ਵਰਤਣੀ ਏਂ ਭਾਣਾ ਰੱਬ ਦਾ ਕਿਵੇਂ ਮਿਟਾਵਸੇਂ ਤੂੰ

## ਵਾਕ ਕਵੀਸ਼ਰ

ਹੋਣੀ ਆਂਵਦੀ ਏ ਜਦੋਂ ਹੋਣ ਉਤੇ ਤਦੋਂ ਅਕਲ ਵੀ ਗੁੰਮ ਹੋ ਜਾਂਵਦੀ ਏ
ਏਸੇ ਤਰ੍ਹਾਂ ਹੀ ਭਾਵੀ ਨੇ ਵਰਤਣਾ ਸੀ ਇਸੇ ਤਰ੍ਹਾਂ ਮੂੰਹੋਂ ਨਿਕਲ ਜਾਂਵਦੀ ਏ
ਐਪਰ ਰਾਣੀ ਦੇ ਕੁਝ ਨਾ ਵੱਸ ਯਾਰੋ ਹੋਣੀ ਆਪ ਹੀ ਮੁੱਖੋਂ ਕਢਾਂਵਦੀ ਏ
ਹੋਣੀ ਨਾਲ ਨਾ ਕਿਸੇ ਦਾ ਜ਼ੋਰ ਭਾਈ ਸ਼ਾਹਜ਼ਾਦਿਆਂ ਘਾਹ ਕੁਆਂਵਦੀ ਏ
ਦੌਲਤ ਰਾਮ ਨਾ ਕਿਸੇ ਦੀ ਪੇਸ਼ ਜਾਵੇ ਹੋਣੀ ਹੋਣ ਉਤੇ ਜਦੋ ਆਂਵਦੀ ਏ

## ਜਵਾਬ ਰਾਜਾ ਦਾ

ਰਾਜੇ ਆਖਿਆ ਅਕਲ ਤੇ ਹੋਸ਼ ਕਰ ਤੂੰ ਐਸਾ ਵਾਕ ਨਾ ਮੁੱਖ ਤੋਂ ਬੋਲ ਰਾਣੀ
ਜਿੰਦ ਜਾਨ ਪਰਾਨ ਤੇ ਮਾਲ ਸਾਰਾ ਸੁੱਟਾਂ ਪੁੱਤਰ ਉਪਰੋਂ ਘੋਲ ਰਾਣੀ
ਤੈਨੂੰ ਰੱਬ ਦਾ ਖ਼ੌਫ ਨਾ ਮੂਲ ਆਵੇ ਪਈ ਬੋਲਦੀ ਬੋਲ ਕਬੋਲ ਰਾਣੀ
ਕਦੀ ਪੁੱਤਰਾਂ ਨੂੰ ਮੰਦਾ ਬੋਲਨੀ ਏਂ ਕਦੀ ਆਪ ਹੀ ਬੈਠਦੀ ਡੋਲ ਰਾਣੀ
ਕਿੱਥੇ ਚਿੜੇ ਤੇ ਚਿੜੀ ਦਾ ਭਰਮ ਲਾਯਾ ਲਿਆ ਗਿਆਨ ਬਬੇਕ ਨੂੰ ਟੋਲ ਰਾਣੀ
ਸੱਚ ਰਾਮ ਦਾ ਦਿਲੋਂ ਧਿਆਨ ਕਰ ਤੂੰ ਭਰਮ ਛੱਡ ਤੇ ਹੋਹੁ ਅਡੋਲ ਰਾਣੀ
ਚਾਰ ਰੋਜ਼ ਦਾ ਜੀਵਣਾ ਜੱਗ ਉਤੇ ਸੱਚ ਬੋਲ ਤੇ ਘੱਟ ਨਾ ਤੋਲ ਰਾਣੀ
ਭਾਗਾਂ ਨਾਲ ਮਨੁੱਖ ਦਾ ਜਨਮ ਹੋਇਆ ਇਸਨੂੰ ਖ਼ਾਕ ਦੇ ਵਿਚ ਨਾ ਰੋਲ ਰਾਣੀ
ਗਿਆਨ ਧਾਰ ਤੇ ਭਰਮ ਨਿਵਾਰ ਦਿਲ ਦਾ ਤਾਂ ਹੀ ਸੌਰਸੀ ਜਨਮ ਅਮੋਲ ਰਾਣੀ
ਕੂੜੇ ਭਰਮ ਦਾ ਦੱਸ ਇਲਾਜ ਕਿਹਾ ਬੈਠਾ ਦੁੱਧ ਮਿੱਟੀ ਵਿਚ ਡੋਲ੍ਹ ਰਾਣੀ
ਮੇਰਾ ਆਵਣਾ ਨਹੀਂ ਇਤਬਾਰ ਤੈਨੂੰ ਕਸਮਾਂ ਲੱਖ ਚਾਵਾਂ ਤੇਰੇ ਕੋਲ ਰਾਣੀ
ਦੌਲਤ ਰਾਮ ਰਾਜਾ ਬਾਰ ਬਾਰ ਆਖੇ ਘੁੰਡੀ ਭਰਮ ਦੀ ਚਿੱਤ ਤੋਂ ਖੋਲ੍ਹ ਰਾਣੀ

## ਐਜ਼ਨ

ਰਾਜਾ ਆਖਦਾ ਹੱਸ ਕੇ ਬੋਲ ਮੂੰਹੋਂ ਕਿਆ ਲਾ ਲਿਆ ਭਰਮ ਫਜ਼ੂਲ ਰਾਣੀ
ਹਾਇ ਹਾਇ ਜ਼ਬਾਨ ਤੇ ਬੋਲਨੀ ਏਂ ਕਿਹਾ ਲੱਗਿਆ ਈ ਗੁੱਝਾ ਸੂਲ ਰਾਣੀ
ਜੇਕਰ ਮੁਝ ਦੇ ਵਿਚ ਗੁਨਾਹ ਕੋਈ ਤਾ ਵੀ ਲੁਕਾ ਨਾ ਰੱਖ ਤੂੰ ਮੂਲ ਰਾਣੀ
ਜੇਕਰ ਭੁੱਲ ਤੈਨੂੰ ਮੰਦਾ ਬੋਲਿਆ ਮੈਂ ਤਾਂ ਭੀ ਬਖ਼ਸ ਮੈਨੂੰ ਮੇਰੀ ਭੁੱਲ ਰਾਣੀ
ਦੁੱਖ ਦੇਖ ਤੇਰਾ ਸੁੱਖ ਦੂਰ ਹੋਏ ਹੋਇਆ ਜੀਵਣਾ ਖ਼ਾਰ ਬੰਬੂਲ ਰਾਣੀ
ਅਸਲੀ ਹਾਲ ਤੂੰ ਆਪਣਾ ਦੱਸ ਮੈਨੂੰ ਤੈਨੂੰ ਕਿਹਾ ਹੈ ਦਰਦ ਰੰਜੂਲ ਰਾਣੀ
ਗਹਿਣੇ ਕਪੜੇ ਦੀ ਜੇਕਰ ਲੋੜ ਤੈਨੂੰ ਮੈਨੂੰ ਆਖ ਮੈਂ ਕਰਾਂ ਕਬੂਲ ਰਾਣੀ
ਐਸੀ ਚੀਜ਼ ਕੇਹੜੀ ਜਿਹੜੀ ਜੱਗ ਉਤੇ ਮੈਨੂੰ ਹੋਂਵਦੀ ਨਹੀਂ ਵਸੂਲ ਰਾਣੀ
ਜੇਕਰ ਜਾਨ ਮੰਗੇਂ ਮੇਰੀ ਜਾਨ ਹਾਜ਼ਰ ਤੇਰਾ ਹੁਕਮ ਨਾ ਕਰਾਂ ਅਦੂਲ ਰਾਣੀ
ਦੌਲਤ ਰਾਮ ਸੰਭਾਲ ਤੂੰ ਸੁਰਤ ਆਪਣੀ ਬਹੁਤਾ ਭਰਮ ਤੇ ਗੱਲ ਮਾਮੂਲ ਰਾਣੀ

## ਵਾਕ ਕਵੀਸ਼ਰ
## ਰਾਣੀ ਰੂਪਵੰਤੀ ਦਾ ਬੀਮਾਰ ਹੋ ਜਾਣਾ

ਰਾਜੇ ਬਹੁਤ ਦਲੇਰੀਆਂ ਦਿਤੀਆਂ ਜੀ ਦਿਲ ਰਾਣੀ ਦਾ ਫੜੇ ਨਾ ਧੀਰ ਸਾਈਂ
ਹਾਇ ਹਾਇ ਜ਼ਬਾਨ ਤੋਂ ਬੋਲਦੀ ਸੀ ਨੈਣੀਂ ਰੋਂਦਿਆਂ ਜਾਂਵਦਾ ਨੀਰ ਸਾਈਂ
ਐਸਾ ਮੋਹ ਦਾ ਆਨ ਕੇ ਬਾਣ ਲੱਗਾ ਦਿਲ ਰਾਣੀ ਦਾ ਗਿਆ ਜੇ ਚੀਰ ਸਾਈਂ
ਚਿੜੇ ਚਿੜੀ ਦਾ ਇਕ ਨਮਿਤ ਹੋਇਆ ਐਪਰ ਆ ਗਈ ਆਪ ਤਕਦੀਰ ਸਾਈਂ

ਰਾਣੀ ਗ਼ਸ਼ਾਂ ਉਤੇ ਗ਼ਸ਼ ਖਾਣ ਲੱਗੀ ਛੁੱਟਾ ਆਣ ਕੇ ਮੌਤ ਦਾ ਤੀਰ ਸਾਈਂ
ਰਾਜਾ ਦੇਖ ਕੇ ਰੰਗ ਹੈਰਾਨ ਹੋਇਆ ਰਹੀ ਸੁਧ ਨਾ ਬੁਧ ਸਰੀਰ ਸਾਈਂ
ਸੁਣਿਆ ਰੂਪ ਬਸੰਤ ਨੇ ਹਾਲ ਸਾਰਾ ਮਾਤਾ ਪਾਸ ਆਏ ਦੋਵੇਂ ਵੀਰ ਸਾਈਂ
ਆਏ ਗੋਲੀਆਂ ਬਾਂਦੀਆਂ ਨਫ਼ਰ ਸਾਰੇ ਮੁਨਸ਼ੀ ਹੋਰ ਦੀਵਾਨ ਵਜ਼ੀਰ ਸਾਈਂ
ਭਾਈ ਬੰਦ ਕੁਟੰਬ ਦੇ ਜਮ੍ਹਾਂ ਹੋਏ ਚਾਰ ਰੋਜ਼ ਦਾ ਜੱਗ ਤੇ ਸੀਰ ਸਾਈਂ
ਐਪਰ ਰਾਣੀ ਨੂੰ ਸੁਧ ਨਾ ਸਾਰ ਕੋਈ, ਹੋਈ ਰੋਗ ਦੇ ਨਾਲ ਜ਼ਹੀਰ ਸਾਈਂ
ਕੋਈ ਆਂਵਦੇ ਤੇ ਕੋਈ ਜਾਂਵਦੇ ਨੀ ਲੋਕਾਂ ਘੱਤਿਆ ਆਨ ਵਹੀਰ ਸਾਈਂ
ਆਪੋ ਆਪਣੀ ਅਕਲ ਦੁੜਾਂਵਦੇ ਨੀ ਹੋਣੀ ਨਾਲ ਕੇਹੀ ਤਦਬੀਰ ਸਾਈਂ
ਦੌਲਤ ਰਾਮ ਬੁਲਾ ਲਏ ਵੈਦ ਰਾਜੇ ਏਹੋ ਜਗ ਦਾ ਜ਼ੋਰ ਅਖ਼ੀਰ ਸਾਈਂ

## ਤਬੀਬਾਂ ਦਾ ਆਵਣਾ

ਰਾਜੇ ਹੁਕਮ ਤਬੀਬਾਂ ਨੂੰ ਆਣ ਦਿਤਾ ਕੋਈ ਸੈਆਂ ਹਕੀਮਾ ਦੇ ਆਨ ਲੱਗੇ
ਪੁਸਤਕ ਆਪਣੇ ਆਪਣੇ ਚੁੱਕ ਲਿਆਏ ਡੇਰੇ ਵਿਚ ਮਹੱਲ ਦੇ ਲਾਨ ਲੱਗੇ
ਵਾਰੋ ਵਾਰ ਆ ਰਾਣੀ ਦੀ ਨਬਜ਼ ਫੜ ਕੇ ਕਰਨ ਨਬਜ਼ ਦੀ ਖ਼ੂਬ ਪਛਾਨ ਲੱਗੇ
ਐਪਰ ਮਰਜ਼ ਨਾ ਕਿਸੇ ਨੂੰ ਜ਼ਾਹਿਰ ਹੋਵੇ ਆਪੋ ਆਪਣੀ ਅਕਲ ਦੁੜਾਨ ਲੱਗੇ
ਕੋਈ ਆਖਦੇ ਨੇ ਮਾਲਖ਼ੌਲੀਆ ਹੈ ਕੋਈ ਮਾਸਰਾ ਰੋਗ ਬਤਾਨ ਲੱਗੇ
ਕੋਈ ਆਖਦੇ ਦਿੱਕ ਦਾ ਰੋਗ ਹੋਯਾ ਕੋਈ ਮੋਹਰਕਾ ਤਾਪ ਬਨਾਨ ਲੱਗੇ
ਕੋਈ ਆਖਦੇ ਏਸ ਨੂੰ ਸਿਲ ਹੋਈ ਕੋਈ ਸੱਨ ਦੀ ਮਰਜ਼ ਠਹਿਰਾਨ ਲੱਗੇ
ਕੋਈ ਆਖ ਦੇਂਦੇ ਜ਼ਾਤਲਜੰਮ ਹੋਈ ਕੋਈ ਰੋਗ ਕੁਲੰਜ ਜਤਾਨ ਲੱਗੇ
ਕੋਈ ਆਖਦੇ ਮਰਜ਼ ਸੌਦਾ ਹੋਈ ਕੋਈ ਵਾ ਅਧਰੰਗ ਸੁਨਾਨ ਲੱਗੇ
ਕੋਈ ਆਖਦੇ ਮਿਰਗੀ ਦੇ ਚੇਹਨ ਸਾਰੇ ਕੋਈ ਖ਼ਾਸ ਤਾਊਨ ਸੁਨਾਨ ਲੱਗੇ
ਕੋਈ ਆਖਦੇ ਜਿਗਰ ਤੇ ਵਰਮ ਹੋਯਾ ਕੋਈ ਭਰਮ ਖ਼ੁਨਾਕ ਦਾ ਪਾਨ ਲੱਗੇ
ਕੋਈ ਆਖਦੇ ਲਕਵੇ ਦਾ ਤੌਰ ਸਾਰਾ ਕੋਈ ਗੁੰਮ ਹੈਜ਼ਾ ਕਹਿ ਕੇ ਜਾਨ ਲੱਗੇ
ਕੋਈ ਕਹੇ ਸਫਰਾ ਸਿਰਸਾਮ ਹੋਯਾ ਕੋਈ ਰੋਗ ਸਕਤਾ ਬਤਲਾਨ ਲੱਗੇ
ਕੋਈ ਆਖਦੇ ਖ਼ੁਸ਼ਕੀ ਦਾ ਜ਼ੋਰ ਹੋਯਾ ਸੰਦਲ ਕੇਵੜਾ ਅਰਕ ਪਲਾਨ ਲੱਗੇ
ਕੋਈ ਆਖਦੇ ਵਿਗੜਿਆ ਖ਼ੂਨ ਦਿਸਦਾ ਦੋਵੇਂ ਦਸਤ ਥੀਂ ਸੀਰ ਛੁਡਾਨ ਲਗੇ
ਕੋਈ ਆਖਦੇ ਬਹੁਤ ਨਕੂੱਵਤੀ ਹੈ ਤਾਕਤਵਰ ਦਵਾ ਖੁਵਾਨ ਲੱਗੇ
ਕੋਈ ਆਖਦੇ ਸਰਦੀ ਨੇ ਜ਼ੋਰ ਪਾਯਾ ਹਲਵਾ ਸੀਸ ਤੇ ਆਇ ਟਿਕਾਣ ਲੱਗੇ
ਕੋਈ ਦੇਣ ਨਸਵਾਰ ਨੱਕ ਛਿਕਣੀ ਦੀ ਕੋਈ ਪਿਪਲੀਆਂ ਘੋਲ ਫੁਕਾਨ ਲੱਗੇ
ਕੋਈ ਆਖਦੇ ਨੀ ਜੁੱਸਾ ਬਲਗ਼ਮੀ ਹੈ ਕੇਸਰ ਲਾਚੀਆਂ ਵਿਚ ਰਲਾਨ ਲੱਗੇ
ਮਿਰਚਾਂ ਲੋਂਗ ਕਸਤੂਰੀ ਤੇ ਮੁਸ਼ਕਅੰਬਰ ਸਿਲਾਜੀਤ ਭੀ ਵਿਚ ਮਲਾਨ ਲੱਗੇ
ਕੋਈ ਦੇਣ ਮਾਜੂਨ ਫ਼ਲਾਸਫ਼ੇ ਦੀ ਕੋਈ ਵਰਕ ਮੁਰੱਬੇ ਨੂੰ ਜਾਨ ਲੱਗੇ

ਸੋਨਾ ਮਾਰਿਆ ਸ਼ੁੱਧ ਫੁਲਾਦ ਯਾਰੋ ਧਾਤਾਂ ਮਾਰੀਆਂ ਖ਼ੂਬ ਅਜ਼ਮਾਨ ਲੱਗੇ
ਕਈ ਤੌਰ ਦੇ ਹੋਰ ਅਨੇਕ ਨੁਸਖ਼ੇ ਆਪੋ ਆਪਣਾ ਜ਼ੋਰ ਲਗਾਨ ਲੱਗੇ
ਜਿਉਂ ਜਿਉਂ ਦੇਣ ਦਾਰੂ ਤਿਉਂ ਤਿਉਂ ਰੋਗ ਜ਼ਿਆਦਾ ਵਿੱਚੇ ਵਿਚ ਸਾਰੇ ਪਛਤਾਨ ਲੱਗੇ
ਕੋਈ ਆਖਦੇ ਮਰਜ਼ ਨਾ ਪਤਾ ਦੇਵੇ ਕੋਈ ਚੋਰੀਓਂ ਪੈਰ ਖਸਕਾਨ ਲੱਗੇ
ਹੱਥਾਂ ਵਿਚ ਬੀਮਾਰ ਜੇ ਗੁਜ਼ਰ ਜਾਵੇ ਤਦੋਂ ਵੈਦ ਨੂੰ ਵੱਡਾ ਅਰਮਾਨ ਲੱਗੇ
ਰਾਣੀ ਬੋਲਦੀ ਬੋਲਦੀ ਗੁੰਮ ਹੋਈ ਏਸ ਵਾਸਤੇ ਹੋਣ ਹੈਰਾਨ ਲੱਗੇ
ਔਖਾ ਵਕਤ ਜਾਂ ਆਨ ਕੇ ਹੋਯਾ ਵਾਰਦ ਤਦੋਂ ਰਾਮ ਦਾ ਧਿਆਨ ਲੱਗੇ
ਜਦੋਂ ਦੇਖਿਆ ਪੇਸ਼ ਨਾ ਮੂਲ ਜਾਂਦੀ ਤਦੋਂ ਗੀਤ ਗੋਬਿੰਦ ਦੇ ਗਾਨ ਲੱਗੇ
ਭਰਾ ਮੌਤ ਤਦਬੀਰ ਦਾ ਮੇਲਾ ਕੇਹਾ ਸੱਭੇ ਹਾਰ ਕੇ ਸੀਸ ਹਲਾਨ ਲੱਗੇ
ਦੌਲਤ ਰਾਮ ਉਸ ਜੰਗ ਨੂੰ ਕੌਣ ਜਿੱਤੇ ਜਿਥੇ ਮੌਤ ਦੇ ਆਇ ਨਿਸ਼ਾਨ ਲੱਗੇ

## ਵਾਕ ਰਾਣੀ ਦਾ

ਵੇਲੇ ਅੰਤ ਦੇ ਰਾਣੀ ਨੂੰ ਹੋਸ਼ ਆਈ ਹਾਲਤ ਉਸ ਦੀ ਆਖ ਸੁਣਾ ਦੇਈਂ
ਖੜਗਸੈਨ ਅੱਗੇ ਰਾਣੀ ਹੱਥ ਜੋੜੇ ਮੇਰੇ ਪੁੱਤ ਨਾ ਮਨੋਂ ਭੁਲਾ ਦੇਈਂ
ਜੇਹੜਾ ਸੁਖ਼ਨ ਜ਼ਬਾਨ ਤੋਂ ਆਖਿਓ ਈ ਉਸ ਨੂੰ ਰਾਜਿਆ ਤੋੜ ਚੜ੍ਹਾ ਦੇਈਂ
ਚਾਰ ਰੋਜ਼ ਦਾ ਜੀਵਣਾ ਜੱਗ ਉੱਤੇ ਮੁਫ਼ਤ ਵਿਚ ਨਾ ਧਰਮ ਗਵਾ ਦੇਈਂ
ਗੱਲ ਧਰਮ ਦੀ ਰਾਜਿਆ ਆਖਦੀ ਹਾਂ ਦੋਵੇਂ ਕੂੜ ਤੇ ਪਾਪ ਹਟਾ ਦੇਈਂ
ਜੇਕਰ ਫੇਰ ਵਿਆਹ ਕਰਵਾਇਓ ਈ ਤਾਂ ਵੀ ਪੁੱਤਰਾਂ ਨਾਲ ਨਭਾ ਦੇਈਂ
ਆਖੇ ਲੱਗ ਕੇ ਰੰਨਾਂ ਟੂਣੇਹਾਰੀਆਂ ਦੇ ਮੇਰੇ ਬਾਲ ਨਾ ਕਤਲ ਕਰਵਾ ਦੇਈਂ
ਹਾਲਤ ਚਿੜੇ ਤੇ ਚਿੜੀ ਦਾ ਯਾਦ ਰੱਖੀਂ ਆਵਾਗੌਣ ਨਾ ਕਿਤੇ ਵਹਾ ਦੇਈਂ
ਵਾਰ ਵਾਰ ਨਾ ਜੱਗ ਤੇ ਆਵਣਾ ਈਂ ਚਿੱਤ ਨਾਮ ਦੇ ਵਿਚ ਮਿਲਾ ਦੇਈਂ
ਬੇੜਾ ਨਾਮ ਤੇ ਧਰਮ ਦਾ ਰੱਖ ਅੱਗੇ ਪਾਪੀ ਜੀਵ ਨੂੰ ਪਾਰ ਲੰਘਾ ਦੇਈਂ
ਕਾਮ ਕ੍ਰੋਧ ਮੋਹ ਲੋਭ ਹੰਕਾਰ ਪੰਜੇ ਪੰਜਾਂ ਵੈਰੀਆਂ ਮਾਰ ਮੁਕਾ ਦੇਈਂ
ਦਿਲੋਂ ਦੂਈ ਦੇ ਭਾਵ ਨੂੰ ਦੂਰ ਕਰ ਕੇ ਜੀਵ ਬ੍ਰਹਮ ਨੂੰ ਇਕ ਬਣਾ ਦੇਈਂ
ਕਾਮਦੇਵ ਦੀ ਅੱਗ ਸਰੀਰ ਸਾੜੇ ਪਾਣੀ ਗਿਆਨ ਦਾ ਪਾਏ ਬੁਝਾ ਦੇਈਂ
ਜੇਹੜੇ ਉਠਦੇ ਦਿਲੋਂ ਸੰਕਲਪ ਭੈੜੇ ਮਨ ਮਾਰ ਕੇ ਵਿਚ ਦਬਾ ਦੇਈਂ
ਮੇਰਾ ਆਖ਼ਰੀ ਵਕਤ ਵਸੂਲ ਹੋਇਆ ਮੇਰੇ ਬਖ਼ਸ਼ ਤੂੰ ਕੁਲ ਗੁਨਾਹ ਦੇਈਂ
ਜੇਕਰ ਭੁਲ ਤੈਨੂੰ ਮੰਦਾ ਬੋਲਿਆ ਮੈਂ ਨਾਮ ਰੱਬ ਦੇ ਦਾਨ ਤੂੰ ਪਾ ਦੇਈਂ
ਸੁਪਨੇ ਵਾਂਗ ਜਹਾਨ ਦਾ ਖੇਲ ਸਾਰਾ ਕਿਤੇ ਮੋਹ ਨਾ ਚਿੱਤ ਨੂੰ ਲਾ ਦੇਈਂ
ਜੇਹੜੀ ਬਣੀ ਸੋ ਸੀਸ ਤੇ ਕੱਟ ਲੈਣੀ ਸੱਚੇ ਰੱਬ ਦਾ ਸ਼ੁਕਰ ਬਜਾ ਦੇਈਂ
ਰਈਯਤ ਆਪਣੀ ਨੂੰ ਨਹੀਂ ਦੁੱਖ ਦੇਣਾ ਹਰ ਇਕ ਨੂੰ ਭਲੀ ਦੁਆ ਦੇਈਂ
ਜੱਸ ਜੀਵਣਾ ਅਤੇ ਅਪਜੱਸ ਮਰਨਾ ਜੱਸ ਜੱਗ ਦੇ ਵਿਚ ਵਧਾ ਦੇਈਂ

ਧਰਮੀ ਬੰਦਿਆਂ ਦਾ ਜੱਸ ਸਦਾ ਰਹਿੰਦਾ ਬ੍ਰਿਛ ਪਾਪ ਦਾ ਜੜ੍ਹੋਂ ਕਟਾ ਦੇਈ
ਵਾਕ ਵੇਦ ਦਾ ਰਾਜਿਆ ਯਾਦ ਰਖੀਂ ਫੁਰਨੇ ਜੱਗ ਦਾ ਖ਼ਿਆਲ ਭੁਲਾ ਦੇਈਂ
ਸਾਰੇ ਏਕ ਓਅੰਕਾਰ ਦਾ ਰੂਪ ਜਾਣੀਂ ਕਿਸੇ ਜੀਵ ਨੂੰ ਨਹੀਂ ਸਜ਼ਾ ਦੇਈਂ
ਦੌਲਤ ਰਾਮ ਜਹਾਨ ਸਰਾਂ ਵਾਸਾ ਪਾਂਧੀ ਹੋਇ ਕੇ ਰੈਣ ਲੰਘਾ ਦੇਈਂ

### ਵਾਕ ਰਾਜਾ ਕਾ

ਰਾਜੇ ਆਖਿਆ ਕਾਸ ਦੇ ਕਰਾਂ ਦਾਵੇ ਚਾਰ ਰੋਜ਼ ਦਾ ਜੱਗ ਤੇ ਮੇਲ ਰਾਣੀ
ਟਿਕਟ ਕੂਚ ਦਾ ਬੰਦਿਆਂ ਦਾ ਰੱਬ ਹੋਯਾ ਮੁਲਕ ਅਦਮ ਨੂੰ ਤਿਆਰ ਹੈ ਰੇਲ ਰਾਣੀ
ਬੰਦਾ ਬੰਨ੍ਹਦਾ ਹੈ ਦਾਵੇ ਮੁਦੱਤਾਂ ਦੇ ਲੱਦ ਜਾਵਣਾ ਸੰਝ ਰਵੇਲ ਰਾਣੀ
ਮਾਯਾ ਜਾਲ ਲਾਯਾ ਫਸੇ ਲੋਕ ਸਾਰੇ ਜਿਵੇਂ ਊਠ ਦੇ ਨੱਕ ਸਵੇਲ ਰਾਣੀ
ਭੁਲਾ ਰੱਬ ਤੇ ਦੁਨੀਆ ਦੇ ਕਰੇ ਦਾਵੇ ਮੂਰਖ ਰੇਤ ਵਿਚੋਂ ਕੱਢੇ ਤੇਲ ਰਾਣੀ
ਐਪਰ ਅਸਾਂ ਦੇ ਕੁਝ ਅਖ਼ਤਿਆਰ ਨਾਹੀਂ ਪਈ ਵਿਸ਼ੇ ਤੇ ਭ੍ਰਮ ਦੀ ਜੇਲ ਰਾਣੀ
ਆਸਾ ਤ੍ਰਿਸ਼ਨਾ ਨੇ ਮਾਰ ਕੇ ਚੂਰ ਕੀਤਾ ਚਿੰਤਾ ਚੰਬੜੀ ਹਾਇ ਹਾਇ ਚੁੜੇਲ ਰਾਣੀ
ਦਸੋ ਨਾਰੀਆਂ ਨੇ ਦਸੋ ਦਿਸ਼ਾ ਰੋਕੀ ਕਿਤੇ ਜਾਣ ਦਾ ਮੂਲ ਨਾ ਵੇਲ੍ਹ ਰਾਣੀ
ਪੰਝੀ ਕੰਨਿਆਂ ਨੇ ਪੱਲੂ ਪਕੜ ਲੀਤੇ ਪਈ ਪੈਰ ਕੁਟੰਬ ਦੀ ਬੇਲ ਰਾਣੀ
ਪੰਜੇ ਧਾੜਵੀ ਲੁਟ ਲੈ ਗਏ ਝੁੱਗਾ ਅੰਦਰ ਲੱਭਦਾ ਲੂਣ ਨਾ ਤੇਲ ਪਾਣੀ
ਆਪਣੇ ਆਪ ਦੇ ਵਿਚ ਮਗ਼ਰੂਰ ਹੋਯਾ ਪਿਆ ਲਾਂਵਦਾ ਅਤਰ ਫੁਲੇਲ ਰਾਣੀ
ਕਰਣਹਾਰ ਦਾ ਨਾਮ ਵਿਸਾਰ ਦਿਤਾ ਪਿਆਰੇ ਲੱਗਦੇ ਜੱਗ ਦੇ ਕੇਲ ਰਾਣੀ
ਰੂਹ ਮਿਸਲ ਕਬੂਤਰਾਂ ਉਡ ਜਾਸੀ ਜਦੋਂ ਕਾਲ ਦੀ ਪਈ ਗੁਲੇਲ ਰਾਣੀ
ਹੁੰਦੀ ਖ਼ਬਰ ਜੇ ਤੁਧ ਵਿਸਾਰ ਜਾਣਾ ਕਰਦਾ ਕਾਸ ਨੂੰ ਐਡ ਪਲੇਲ ਰਾਣੀ
ਸਾਰੀ ਉਮਰ ਨਾ ਭੁੱਲਸੀ ਦੁੱਖ ਤੇਰਾ ਲੱਗਾ ਜਿਗਰ ਵਿਜੋਗ ਦਾ ਸੇਲ ਰਾਣੀ
ਦੌਲਤ ਰਾਮ ਜਹਾਨ ਦੇ ਕੂੜ ਦਾਵੇ ਮੇਟੇ ਕੌਣ ਕਰਤਾਰ ਦੇ ਖੇਲ ਰਾਣੀ

### ਵਾਕ ਕਸ਼ੀਵਰ ਦਾ ਹਾਲ ਰਾਣੀ

ਰਾਣੀ ਬਾਂਹ ਫੜ ਕੇ ਦੁਹਾਂ ਪੁੱਤਰਾਂ ਦੀ ਖੜਗਸੈਨ ਦੇ ਹੱਥ ਪਕੜਾ ਦਿੱਤੀ
ਤਾਕਤ ਰਹੀ ਨਾ ਮੁਖ ਥੀਂ ਬੋਲਣੇ ਦੀ ਰੋਇ ਰੋਇ ਕੇ ਨਦੀ ਵਹਾ ਦਿੱਤੀ
ਤੁਹਾਡਾ ਰੱਬ ਬੇਲੀ ਸਾਡੇ ਕੂਚ ਡੇਰੇ ਜਾਂਦੀ ਵਾਰ ਅਸੀਮ ਦੁਆ ਦਿੱਤੀ
ਦਿਲੋਂ ਟੁੱਟਿਆ ਮੋਹ ਨਾ ਪੁੱਤਰਾਂ ਦਾ ਜ਼ਰਦੀ ਮੌਤ ਨੇ ਮੁੱਖ ਵਰਤਾ ਦਿੱਤੀ
ਦੌਲਤ ਰਾਮ ਪਿਆਰੜੇ ਪੁੱਤ ਡਾਢੇ ਮਾਸਾ ਰੱਬ ਜਹਾਨ ਤੇ ਪਾ ਦਿੱਤੀ।

### ਰਾਣੀ ਰੂਪਵਤੀ ਦੇ ਕਾਲ ਵਸ ਹੋ ਜਾਣ ਦਾ ਹਾਲ

ਨਬਜ਼ ਰਾਣੀ ਦੀ ਚਲਣੋਂ ਬੰਦ ਹੋਈ ਲਾਹ ਮੰਜੀਓਂ ਜ਼ਿਮੀ ਟਕਾਨ ਭਾਈ

ਲੇਪਨ ਪਾਇ ਕੇ ਰੇਤ ਵਿਛਾ ਦਿਤੀ ਆਸਨ ਕੁਸ਼ਾ ਦੇ ਹੇਠ ਵਛਾਨ ਭਾਈ
ਗੰਗਾ ਜਲੀ ਮੰਗਾਇ ਕੇ ਪਾਸ ਰੱਖੀ ਪਾਣੀ ਸਿੱਪੀਆਂ ਨਾਲ ਪਲਾਨ ਭਾਈ
ਜੇਹੜਾ ਦਾਨ ਹੁੰਦਾ ਵੇਲੇ ਅੰਤ ਵਾਲਾ ਦੀਵਾ ਤਲੀ ਤੇ ਰੱਖ ਮਨਸਾਨ ਭਾਈ
ਸਾਧ ਸੰਤ ਅਤੀਤ ਪ੍ਰੇਮ ਵਾਲੇ ਬੈਠੇ ਗੀਤ ਗੋਬਿੰਦ ਦੇ ਗਾਨ ਭਾਈ
ਕਈ ਹੋਰ ਪੰਡਿਤ ਵਿਦਜਾਵਾਨ ਜੇਹੜੇ ਗੀਤਾ ਨਾਲ ਪ੍ਰੀਤ ਸੁਨਾਨ ਭਾਈ
ਵੇਲੇ ਅੰਤ ਦੇ ਹੋਂਵਦਾ ਭਜਨ ਚੰਗਾ ਮੂਰਖ ਰੋਂਵਦੇ ਨੈਣ ਵਹਾਨ ਭਾਈ
ਆਖ਼ਰਕਾਰ ਪ੍ਰਭਾਤ ਦਾ ਵਕਤ ਹੋਸੀ ਦਿੱਤੇ ਰਾਣੀ ਨੇ ਆਨ ਪ੍ਰਾਣ ਭਾਈ
ਓਸੇ ਵਕਤ ਕੱਢੋ ਕੱਢੋ ਹੋਣ ਲੱਗੀ ਇਕ ਪਲਕ ਦੀ ਦੇਰ ਨਾ ਲਾਣ ਭਾਈ
ਪਾਣੀ ਨਾਲ ਨੁਵਾਇਕੇ ਮ੍ਰਿਤਕਾ ਨੂੰ ਕਫਨ ਘੱਤ ਕੇ ਬਾਹਿਰ ਕਢਾਨ ਭਾਈ
ਕੁੱਨੀ ਇਕ ਤੇ ਜਵਾਂ ਦਾ ਸੇਰ ਦਾਲਾ ਜਾਂਦੀ ਵਾਰ ਇਹੋ ਪ੍ਰਵਾਨ ਭਾਈ
ਨਾਲ ਜਿਨ੍ਹਾਂ ਦੇ ਢੇਰ ਪਜਾਰ ਆਹਾ ਤਖ਼ਤਾ ਚੁੱਕ ਕੇ ਆਪ ਲੈ ਜਾਨ ਭਾਈ
ਨਾਰਾਂ ਰੋਂਦੀਆਂ ਧੋਂਦੀਆਂ ਵੈਨ ਗੂੜ੍ਹੇ ਬੰਨ੍ਹ ਸੰਦਲਾ ਪਿੱਟਣਾ ਪਾਨ ਭਾਈ
ਰੋਇ ਰੋਇ ਕੇ ਹਾਲ ਵਜਾਇਓ ਨੇ ਹੋਈਆਂ ਰੋਂਦਿਆਂ ਲਹੂ ਲੁਹਾਨ ਭਾਈ
ਢਾਹਾਂ ਮਾਰ ਕੇ ਰੂਪ ਬਸੰਤ ਰੋਂਦੇ ਦੋਵੇਂ ਕੂੰਜ ਵਾਂਗੂੰ ਕੁਰਲਾਨ ਭਾਈ
ਵਿੱਚੇ ਵਿੱਚ ਰਾਜਾ ਪਰੇਸ਼ਾਨ ਹੋਯਾ ਦੁੱਖ ਓਸ ਦਾ ਨਹੀਂ ਬਿਆਨ ਭਾਈ
ਮਰੇ ਮਾਂ ਨਾ ਬਾਲ ਨਿਆਣਿਆਂ ਦੀ ਪੁੱਤਰ ਮਰੇ ਨਾ ਮੂਲ ਜਵਾਨ ਭਾਈ
ਬੁਢੇ ਕੰਤ ਦੀ ਮਰੇ ਨਾ ਨਾਰ ਯਾਰੋ ਝੁੱਗਾ ਹੋਂਵਦਾ ਹੈ ਬੀਆਬਾਨ ਭਾਈ
ਬਾਲ ਉਮਰ ਨਾ ਨਾਰ ਦਾ ਮਰੇ ਭਰਤਾ ਜੇਕਰ ਰੱਬ ਹੋਵੇ ਮੇਹਰਬਾਨ ਭਾਈ
ਸੋਈ ਦੁਖ ਗ੍ਰਹਸਤ ਦੇ ਜਾਣਦੇ ਨੀ ਲੱਗੇ ਜਿਨ੍ਹਾ ਨੂੰ ਗ੍ਰਹਸਤ ਦੇ ਬਾਨ ਭਾਈ
ਭੌਂਦੇ ਜੱਗ ਤੇ ਫਿਰ ਕਲਬੂਤ ਖ਼ਾਲੀ ਜੁੱਸੇ ਵਿਚ ਨਾ ਲੱਭਦੀ ਜਾਨ ਭਾਈ
ਹੋਵੇ ਸੋ ਜੋ ਰੱਬ ਨੂੰ ਭਾਂਵਦੀ ਏ ਅਸਾਂ ਆਜਜ਼ਾਂ ਜ਼ੋਰ ਨਾ ਤਾਨ ਭਾਈ
ਰਾਮ ਸੱਤ ਕਰਦੇ ਰਾਮ ਸੱਤ ਕਰਦੇ ਜਾਇ ਅੱਪੜੇ ਵਿਚ ਮਸਾਨ ਭਾਈ
ਤਖ਼ਤਾ ਵਿਚ ਮਸਾਨ ਉਤਾਰਿਓ ਨੇ ਚੰਦਨ ਘੱਤ ਕੇ ਚਿਖਾ ਬਣਾਨ ਭਾਈ
ਰਾਣੀ ਜਾਇਕੇ ਚਿਖਾ ਦੇ ਵਿਚ ਰੱਖੀ ਲੰਬੂ ਲਾਇਕੇ ਦੂਰ ਹੋ ਜਾਨ ਭਾਈ
ਡਰਦੇ ਕਾਲ ਤੋਂ ਰਾਮ ਦਾ ਨਾਮ ਲੈਂਦੇ ਐਵੇਂ ਕੂੜ ਦੇ ਕਰਨ ਗੁਮਾਨ ਭਾਈ
ਮੜ੍ਹੀਆ ਵਿਚ ਵਿਹਾਰ ਨੂੰ ਛੇੜ ਬਹਿੰਦੇ ਸੌਦਾ ਹੋਂਵਦਾ ਜਿਵੇਂ ਦੁਕਾਨ ਭਾਈ
ਕੋਈ ਆਖਦੇ ਅਸਾਂ ਤੋਂ ਢੇਰ ਛੋਟੀ ਕੋਈ ਆਖਦੇ ਸਾਡੜੇ ਹਾਨ ਭਾਈ
ਕੋਈ ਆਖਦੇ ਅਸਾਂ ਤੋ ਢੇਰ ਵੱਡੀ ਕੋਈ ਆਖਦੇ ਉਮਰ ਨਾਦਾਨ ਭਾਈ
ਕੋਈ ਆਖਦੇ ਨੀ ਨੇਕ ਬਖ਼ਤ ਆਹੀ ਕੋਈ ਆਖਦੇ ਸੁਘੜ ਸੁਜਾਨ ਭਾਈ
ਕੋਈ ਆਖਦੇ ਨੀ ਜਤ ਸਤ ਵਾਲੀ ਕੋਈ ਆਖਦੇ ਗੁਣਾਂ ਦੀ ਖਾਨ ਭਾਈ
ਕੋਈ ਆਖਦੇ ਕਰਮ ਤੇ ਧਰਮ ਵਾਲੀ ਕਰਦੀ ਨਿੱਤ ਹੈਸੀ ਪੁੰਨ ਦਾਨ ਭਾਈ
ਨੇਕੀ ਉਨਾਂ ਦੀ ਕਰੇ ਜਹਾਨ ਸਾਰਾ ਜੇਹੜੇ ਨੇਕ ਅਮਾਲ ਕਮਾਨ ਭਾਈ

ਤੀਲਾ ਤੋੜ ਕੇ ਜਦੋ ਚਾ ਸੁੱਟਿਆ ਸੀ ਤਦੋ ਭੁੱਲਿਆ ਗਿਆਨ ਧਿਆਨ ਭਾਈ
ਪਏ ਦੁੱਖ ਤਾਂ ਰਾਮ ਨੂੰ ਯਾਦ ਕੀਤਾ ਹੋਏ ਸੁੱਖ ਤਾਂ ਵਿਸ਼ੇ ਦਾ ਧਿਆਨ ਭਾਈ
ਦੁਨੀਆ ਖੇਲਦੀ ਹੈ ਆਪਣੇ ਦਾਅ ਉਤੇ ਅੰਪਰ ਦੇਖਦਾ ਸ੍ਰੀ ਭਗਵਾਨ ਭਾਈ
ਨੇਕੀ ਬਦੀ ਦਾ ਫੈਸਲਾ ਆਪ ਕਰਦਾ ਭਲੇ ਬੁਰੇ ਦੀ ਕਰੇ ਪਛਾਨ ਭਾਈ
ਜਿਨ੍ਹਾਂ ਰਾਮ ਦਾ ਨਾਮ ਵਿਸਾਰਿਆ ਈ ਸੋਈ ਦੋਜ਼ਖ਼ਾਂ ਦੇ ਵਿਚ ਜਾਨ ਭਾਈ
ਮੰਦੇ ਹਾਲ ਹੋਸਨ ਓਨ੍ਹਾਂ ਜ਼ਾਲਮਾਂ ਦੇ ਜੇਹੜੇ ਮਾਸ ਪਰਾਇਆ ਖਾਨ ਭਾਈ
ਸੁੱਖ ਉਹਨਾਂ ਦੇ ਕਦੋਂ ਨਸੀਬ ਹੋਸੀ ਜੇਹੜੇ ਕਿਸੇ ਦਾ ਚਿੱਤ ਦੁਖਾਨ ਭਾਈ
ਇਕ ਕੱਖ ਦੁਖਾਵਣਾ ਭਲਾ ਨਾਹੀਂ ਪਵੇ ਅੱਖ ਤਾਂ ਕਰੇ ਵੈਰਾਨ ਭਾਈ
ਢੋਈ ਮਿਲੇ ਦਰਗਾਹ ਨਾ ਪਾਪੀਆਂ ਨੂੰ ਗ਼ੈਰ ਅਮਲ ਜਿਹੜੇ ਬੇਈਮਾਨ ਭਾਈ
ਬੁੱਧੀਹੀਨ ਜੋ ਮਰਦ ਜਹਾਨ ਉੱਤੇ ਨਹੀਂ ਸਮਝਦੇ ਪਾਨ ਅਪਾਨ ਭਾਈ
ਜੇਹੜੇ ਮੁਰਦੇ ਦੇ ਛੁੱਥਿਆਂ ਭ੍ਰਸ਼ਟ ਹੋਵੇਂ ਸਣੇ ਕਪੜੇ ਕਰੇਂ ਇਸ਼ਨਾਨ ਭਾਈ
ਓਸੇ ਮੁਰਦੇ ਨੂੰ ਚਾਹੜ ਕਬਾਬ ਕਰਕੇ ਪਾਪੀ ਨਾਲ ਸੁਆਦ ਦੇ ਖਾਨ ਭਾਈ
ਹਿੰਦੂ ਸੋ ਜੋ ਵੇਦ ਅਨੁਸਾਰ ਹੋਵੇ ਮੁਸਲਮਾਨ ਜੋ ਅਮਲ ਕੁਰਾਨ ਭਾਈ
ਜੇਹੜੇ ਵੇਦ ਭਗਵਾਨ ਨੂੰ ਰੱਦ ਕਰਦੇ ਸੋਈ ਰੱਦ ਜਹਾਨ ਤੋ ਜਾਨ ਭਾਈ
ਜੇਹੜੇ ਨਾਮ ਤੇ ਧਰਮ ਦੀ ਚੜ੍ਹੇ ਬੇੜੀ ਸੋਈ ਤਰ ਗਏ ਸਿੰਧ ਜਹਾਨ ਭਾਈ
ਜੱਸ ਜੀਵਣਾ ਅਤੇ ਅਪਜੱਸ ਮਰਨਾ ਏਹੋ ਆਖਦੇ ਵੇਦ ਪੁਰਾਣ ਭਾਈ
ਨੇਕੀ ਜਿਨ੍ਹਾਂ ਦੀ ਕਾਇਮ ਜਹਾਨ ਉਤੇ ਸੋਈ ਸਦਾ ਹਯਾਤ ਇਨਸਾਨ ਭਾਈ
ਫਿਟੇ ਮੂੰਹ ਹੈ ਓਸਦੇ ਜੀਵਣੇ ਦਾ ਜਿਸ ਦੀ ਨਿੰਦਿਆ ਕਰੇ ਜਹਾਨ ਭਾਈ
ਧਨ ਮਾਲ ਦਾ ਸ਼ਾਨ ਗੁਮਾਨ ਕੂੜਾ ਚਾਰ ਰੋਜ ਦਾ ਏਹ ਮਹਿਮਾਨ ਭਾਈ
ਜੋਬਨ ਰੂਪ ਹੈ ਠੱਗ ਬਨਾਰਸੀ ਦਾ ਕਿਹਾ ਏਸ ਦਾ ਸ਼ਾਨ ਗੁਮਾਨ ਭਾਈ
ਵੱਡੇ ਰਾਜ ਸਮਾਜ ਤੇ ਭਾਗ ਵਾਲੀ ਓੜਕ ਜਾ ਪਈ ਵਿਚ ਮਸਾਨ ਭਾਈ
ਹਿੰਦੂ ਵਾਸਤੇ ਛੇਕੜੇ ਮੜ੍ਹੀ ਵਾਸਾ ਮੁਸਲਮਾਨ ਦਾ ਗੋਰ ਅਸਥਾਨ ਭਾਈ
ਢਾਈ ਗਜ਼ਾਂ ਦਾ ਛੇਕੜੇ ਕਫ਼ਨ ਮਿਲਣਾ ਪਿਆ ਪਾੜਦਾ ਅਤਲਸੀ ਥਾਨ ਭਾਈ
ਸਾਢੇ ਤਿੰਨ ਹੱਥ ਜ਼ਗ੍ਹਾ ਅਖ਼ੀਰ ਤੇਰੀ ਕੇਹੇ ਮੱਲਦਾ ਮਹਿਲ ਮਕਾਨ ਭਾਈ
ਤੈਂਨੇ ਰਾਮ ਦਾ ਨਾਮ ਵਿਸਾਰ ਦਿੱਤਾ ਪਿਆਰੇ ਲੱਗਦੇ ਵਿਸੇ ਸ਼ਤਾਨ ਭਾਈ
ਅੱਖੀਂ ਵੇਖਦੇ ਸਭ ਜਹਾਨ ਜਾਂਦਾ ਅਜੇ ਛੱਡਦਾ ਨਹੀ ਅਭਿਮਾਨ ਭਾਈ
ਪਿਆ ਵਗੇ ਏਹ ਜੱਗ ਦਰਯਾ ਵਾਗੂੰ ਕਈ ਆਂਵਦੇ ਤੇ ਕਈ ਜਾਨ ਭਾਈ
ਬੰਦੇ ਬੁਦਬੁਦੇ ਹੋਇ ਕੇ ਬਿਨਸ ਜਾਂਦੇ ਭਰਿਆ ਰਹੇ ਸਮੁੰਦਰ ਜਹਾਨ ਭਾਈ
ਓਹ ਭੀ ਰਹੇ ਨਾ ਏਸ ਜਹਾਨ ਉਤੇ ਜੇਹੜੇ ਸ਼ਾਹਾਂ ਦੇ ਸਾਹ ਸੁਲਤਾਨ ਭਾਈ
ਇਕ ਲੱਖ ਪੁੱਤਰ ਸਵਾ ਲੱਖ ਪੋਤਾ ਜਿਸ ਦਾ ਰਿਹਾ ਨਾ ਨਾਮ ਨਿਸ਼ਾਨ ਭਾਈ
ਜਿਨ੍ਹਾਂ ਕਾਲ ਨੂੰ ਬੰਨ੍ਹਿਆ ਨਾਲ ਪਾਵੇ ਓਹ ਭੀ ਹੋ ਗਏ ਅੰਤ ਰਵਾਨ ਭਾਈ
ਛਪਣ ਕੋਟ ਆਹਾ ਵੰਸ ਯਾਦਵਾ ਦਾ ਸੱਭੇ ਖਾ ਲਏ ਕਾਲ ਭਗਵਾਨ ਭਾਈ

ਜੇਹੜੇ ਤੀਰ ਖ਼ੁਦਾਇ ਨੂੰ ਮਾਰਦੇ ਸੇ ਓਹ ਭੀ ਰੜ੍ਹ ਗਏ ਮੌਤ ਦੇ ਥਾਨ ਭਾਈ
ਇੱਕੋ ਨਾਮ ਭਗਵਾਨ ਦਾ ਰਹੇ ਬਾਕੀ ਦੂਜਾ ਰਹੇਗਾ ਧਰਮ ਈਮਾਨ ਭਾਈ
ਦੌਲਤ ਰਾਮ ਨਾ ਜਿਨ੍ਹਾਂ ਨੇ ਰਾਮ ਜਪਿਆ ਸੋਈ ਜੀਂਵਦੇ ਮ੍ਰਿਤ ਸਮਾਨ ਭਾਈ

## ਵਾਕ ਕਵੀਸ਼ਰ

ਜਿੰਦੇ ਮੇਰੀਏ ਨੀ ਤੇਰਾ ਕੌਣ ਬੇਲੀ ਦਾ੍ਵੇ ਕੂੜ ਦੇ ਪਈ ਬਣਾਵਨੀ ਏਂ
ਛੱਡ ਜਾਏਂਗੀ ਮਹਿਲ ਮਕਾਨ ਸੋਹਣੇ ਜੇਹੜੀ ਨਿਤ ਅਮਾਰਤਾਂ ਲਾਵਨੀ ਏਂ
ਛੱਡ ਜਾਵਣਾ ਏ ਸ਼ਹਿਰ ਮਾਪਿਆਂ ਦਾ ਮੁੜ ਕੇ ਫੇਰ ਨਾਹੀਂ ਫੇਰੀ ਪਾਵਨੀ ਏਂ
ਜਦੋਂ ਤਾਰ ਆਈ ਤੇਰੇ ਕੂਚ ਵਾਲੀ ਗੱਡੀ ਪਲਕ ਅੰਦਰ ਛਪ ਜਾਵਨੀ ਏਂ
ਸੱਚੇ ਕੰਤ ਨੇ ਆਣ ਕੇ ਹੁਕਮ ਕੀਤਾ ਚੁੱਕ ਮਾਪਿਆਂ ਨੇ ਡੋਲੀ ਪਾਵਨੀ ਏਂ
ਚੁੱਕ ਲੈਣਗੇ ਚਾਰ ਕਹਾਰ ਤੈਨੂੰ ਜਾ ਕੇ ਜੰਗਲਾਂ ਦੇ ਵਿਚ ਲਾਹਵਨੀ ਏਂ
ਅਕੇ ਗੋਰ ਪਾਸਨ ਅਕੇ ਸਾੜ ਦੇਸਨ ਅਕੇ ਵਿਚ ਦਰਿਆ ਰੁੜ੍ਹਾਵਨੀ ਏ
ਹੱਥੀਂ ਆਪਣੀ ਖ਼ਾਕ ਰਲਾ ਆਸਨ ਜਿਨ੍ਹਾ ਨਾਲ ਮੁਹੱਬਤਾਂ ਲਾਵਨੀ ਏਂ
ਹਾਏ ਕਮਲੀਏ ਤੈਨੂੰ ਸਾਰ ਨਾਹੀਂ ਐਵੇ ਕੀਮੀਆ ਉਮਰ ਵੰਜਾਵਨੀ ਏ
ਕਰਦੀ ਲੋਕਾ ਦੀ ਨਿੰਦਿਆ ਦਿਨੇ ਰਾਤੀਂ ਪਈ ਆਪਣੇ ਐਬ ਛਪਾਵਨੀ ਏ
ਸਾਈਂ ਦੇਖਦਾ ਹੈ ਅੱਠ ਜਾਮ ਤੈਨੂੰ ਕਿਸ ਤੋ ਆਪਣੇ ਪਾਪ ਲੁਕਾਵਨੀ ਏਂ
ਭਰੀ ਅੰਦਰੋਂ ਨਾਲ ਪਲੀਤੀਆਂ ਦੇ ਲੋਕਾ ਵਿਚ ਤੂੰ ਨੇਕ ਸਦਾਵਨੀ ਏਂ
ਹੋਈ ਆਪ ਨੂੰ ਵਾਗ ਦੀਵਾਨਿਆ ਦੇ ਲੋਕਾਂ ਵਾਸਤੇ ਗਿਆਨ ਬਤਾਵਨੀ ਏਂ
ਚਿਤਰਗੁਪਤ ਦੇ ਗੁਪਤ ਗਵਾਹ ਤੇਰੇ ਜਿਨ੍ਹਾਂ ਕੁਲ ਤਹਰੀਰ ਸੁਨਾਵਨੀ ਏ
ਭਾਈ ਬੰਧ ਮਿੱਤਰ ਸਾਰੇ ਮਤਲਬਾ ਦੇ ਜਿਨ੍ਹਾਂ ਨਾਲ ਤੂੰ ਪਿਆਰ ਵਧਾਵਨੀ ਏ
ਜਦੋ ਮੁਨਕਰ ਨਕੀਰ ਨੇ ਪਕੜ ਲੀਤਾ ਬੱਧੀ ਕਿਸੇ ਨੇ ਨਹੀਂ ਛੁਡਾਵਨੀ ਏਂ
ਅੱਖੀਂ ਵੇਂਹਦਿਆਂ ਕੁਲ ਜਹਾਨ ਜਾਦਾ ਤਾ ਭੀ ਵਿਸੇ ਦੇ ਵਿਚ ਲੁਕਾਵਨੀ ਏਂ
ਹੀਰਾ ਜਨਮ ਇਹ ਲਾਲ ਅਮੋਲ ਤੇਰਾ ਬਿਨਾਂ ਭਜਨ ਦੇ ਖ਼ਾਕ ਰੁਲਾਵਨੀ ਏਂ
ਜੂਆ ਜਨਮ ਦਾ ਜਿੱਤ ਲੈ ਹਈ ਵੇਲਾ ਮੁੜ ਕੇ ਫੇਰ ਇਹ ਰੁੱਤ ਨਾ ਆਵਨੀ ਏਂ
ਭਾਈ ਬੰਧ ਕੁਟੰਬ ਨੂੰ ਦੋਸ ਕੂੜਾ ਕੀਤੀ ਆਪਣੀ ਆਪ ਤੈਂ ਪਾਵਨੀ ਏਂ
ਸੁਪਨੇ ਭਰਮ ਦੇ ਵਿਚ ਤੂੰ ਪਈ ਸੁੱਤੀ ਬਿਰਥਾ ਭਜਨ ਦਾ ਵਕਤ ਗਵਾਵਨੀ ਏਂ
ਦੌਲਤ ਰਾਮ ਤੂੰ ਖੋਹਲ ਕੇ ਦੇਖ ਚਸ਼ਮਾ ਕਾਹੇ ਸੁੱਤਿਆ ਰੈਨ ਲੰਘਾਵਨੀ ਏਂ

## ਵਾਕ ਕਵੀਸ਼ਰ

ਕੇਹੜੀ ਗੱਲ਼ ਦਾ ਬੰਦਿਆ ਮਾਨ ਕਰਦਾ ਚਾਰ ਰੋਜ਼ ਦਾ ਜੱਗ ਤੇ ਮੇਲੜਾ ਈ
ਪਛੋਤਾਵਸੇਂ ਤੂੰ ਏਸ ਵੇਲੜੇ ਨੂੰ ਕਰ ਲੈ ਬੰਦਗੀ ਅਜੇ ਸਵੇਲੜਾ ਈ
ਭੌਂਦਾ ਫਿਰੇਂਗਾ ਵਿਚ ਚੁਰਾਸੀਆਂ ਦੇ ਫੇਰ ਹੱਥ ਨਾ ਆਵਣਾ ਵੇਲੜਾ ਈ

ਬਿਨਾਂ ਬੰਦਗੀ ਬੰਦੇ ਦਾ ਜੀਣ ਬਿਰਥਾ ਬਿਰਖਾ ਬਾਰ ਦਾ ਜਿਵੇਂ ਕਰੇਲੜਾ ਈ
ਫਿਰੇ ਮੱਤਿਆ ਵਿਸ਼ੇ ਵਿਕਾਰ ਅੰਦਰ ਪੁੱਤਰ ਮਾਪਿਆਂ ਦਾ ਅਲਬੇਲੜਾ ਈ
ਮਸ਼ਾਹੂਰ ਇਹ ਗੱਲ ਜਹਾਨ ਉਤੇ ਮੌਤ ਗੁਰੂ ਅਤੇ ਜਗ ਚੇਲੜਾ ਈ
ਹੱਥ ਮੌਤ ਦੇ ਰੂਹ ਇਨਸਾਨ ਦਾ ਹੈ ਜਿਵੇਂ ਕੋਲ ਕਸਾਈਆਂ ਛੇਲੜਾ ਈ
ਰੂਹ ਵਾਂਗ ਪਰਿੰਦਿਆਂ ਉਡ ਜਾਸੀ ਜਦੋਂ ਕਾਲ ਦਾ ਪਿਆ ਗੁਲੇਲੜਾ ਈ
ਮਾਯਾ ਦਗ਼ੇ ਫ਼ਰੇਬ ਦੇ ਨਾਲ ਜੋੜੀ ਜਾਂਦੀ ਵਾਰ ਨਾ ਲੱਭਿਆ ਧੇਲੜਾ ਈ
ਦੋਲਤ ਰਾਮ ਆਯਾ ਕੱਲਾ ਜੱਗ ਉਤੇ ਜਾਣਾ ਅੰਤ ਨੂੰ ਰੂਹ ਅਕੇਲੜਾ ਈ

## ਹਾਲ ਰਾਜਾ ਖੜਗਸੈਨ ਦਾ ਰਾਣੀ ਦੇ ਵਿਯੋਗ ਵਿਚ

ਖੜਗਸੈਨ ਦਾ ਸੁਣੋ ਅਹਿਵਾਲ ਅੱਗੋਂ ਜਿਸ ਦੀ ਫ਼ੌਤ ਹੋਈ ਸੋਹਣੀ ਨਾਰ ਯਾਰੋ
ਵਿਚੇ ਵਿਚ ਫ਼ਿਰਾਕ ਨੇ ਖ਼ਾਕ ਕੀਤਾ ਦਿਲ ਭੁੱਜ ਕੇ ਹੋ ਗਿਆ ਛਾਰ ਯਾਰੋ
ਐਵੇਂ ਉਪਰੋਂ ਉਪਰੋਂ ਬੋਲਦਾ ਸੀ ਖ਼ਾਲੀ ਅੰਦਰੋਂ ਜਿਵੇਂ ਸਤਾਰ ਯਾਰੋ
ਭੁੱਲੇ ਐਸ਼ ਬਹਾਰ ਜਹਾਨ ਵਾਲੇ ਹੋਇਆ ਜੀਨ ਬੰਬੂਰ ਦੀ ਖ਼ਾਰ ਯਾਰੋ
ਦਿੱਸੇ ਰਾਜ ਸਮਾਜ ਉਜਾੜ ਵਾਂਗੂੰ ਫੁੱਲਾਂ ਛੇਜ ਹੋਈ ਸੂਲੀ ਸਾਰ ਯਾਰੋ
ਐਸਾ ਕਾਮ ਤੇ ਮੋਹ ਦਾ ਜੋਸ਼ ਹੋਇਆ ਦਿੱਸੇ ਚਾਰ ਚੁਫ਼ੇਰ ਅੰਧਾਰ ਯਾਰੋ
ਖਾਣਾ ਪਹਿਣਨਾ ਕੁਲ ਹਰਾਮ ਹੋਯਾ ਭੁੱਲੇ ਰਾਜ ਦੇ ਰਾਜ ਵਿਹਾਰ ਯਾਰੋ
ਉਡੀ ਅਕਲ ਤੇ ਸ਼ਕਲ ਦੀਵਾਨਿਆਂ ਦੀ ਹੋਯਾ ਮੁੱਖੜਾ ਜ਼ਰਦ ਵਸਾਰ ਯਾਰੋ
ਆਠੋਂ ਜਾਮ ਨਾ ਰਾਣੀ ਦਾ ਖਿਆਲ ਭੁੱਲੇ ਡੁੱਬਾ ਸੋਗ ਦੇ ਸਿੰਧ ਦੀ ਧਾਰ ਯਾਰੋ
ਵਿਸ਼ੇ ਮਾਰ ਵਿਚਾਰ ਦਾ ਨਾਸ ਕੀਤਾ ਆਵੇ ਪਲਕ ਨਾ ਸਬਰ ਕਰਾਰ ਯਾਰੋ
ਕਾਮਦੇਵ ਦੀ ਨਦੀ ਨੇ ਜ਼ੋਰ ਪਾਯਾ ਰੁੜ੍ਹਦੇ ਗਏ ਨੀ ਗਿਆਨ ਵਿਚਾਰ ਯਾਰੋ
ਬੁਰੇ ਹੋਣ ਵਿਛੋੜੇ ਦੇ ਬਾਨ ਭਾਈ ਜਿਸ ਨੂੰ ਲੱਗਦੇ ਉਸ ਨੂੰ ਸਾਰ ਯਾਰੋ
ਵੱਡੇ ਪੀਰ ਫ਼ਕੀਰ ਪੈਗ਼ੰਬਰਾਂ ਨੂੰ ਕੀਤਾ ਬਿਰਹੋਂ ਨੇ ਮਾਰ ਬੀਮਾਰ ਯਾਰੋ
ਸੀਤਾ ਬਾਝ ਕੀ ਰਾਮ ਦਾ ਹਾਲ ਹੋਇਆ ਮਸ਼ਾਹੂਰ ਸਾਰੇ ਸੰਸਾਰ ਯਾਰੋ
ਸ਼ਿਵਜੀ ਉਮਾ ਦੇ ਬਾਝ ਹੈਰਾਨ ਹੋਏ ਜਾ ਕੇ ਢੂੰਡਿਆ ਸੀ ਜੰਗਲਬਾਰ ਯਾਰੋ
ਲਿਖਿਆ ਵਿਚ ਗਣੇਸ਼ ਪੁਰਾਣ ਦੇ ਜੀ ਲਵੋ ਵੇਖ ਜੇ ਨਹੀਂ ਇਤਬਾਰ ਯਾਰੋ
ਕ੍ਰਿਸ਼ਨਦੇਵ ਨੂੰ ਪਲਕ ਨਾ ਸ਼ਾਂਤ ਆਵੇ ਜਾਵੇ ਰਾਧਕਾਂ ਜਦੋਂ ਵਿਸਾਰ ਯਾਰੋ
ਲਿਖਿਆ ਦਸਮ ਦੇ ਵਿਚ ਪ੍ਰਸੰਗ ਸਾਰਾ ਸਾਰੀ ਗੱਲ ਨੂੰ ਲਵੋ ਨਿਤਾਰ ਯਾਰੋ
ਸ਼ੁੱਕਰ ਨਾਰ ਦੇ ਬਾਝ ਬੇਜ਼ਾਰ ਹੋਯਾ ਲਿਖਿਆ ਜੋਗ ਵਸ਼ਿਸ਼ਟ ਮਝਾਰ ਯਾਰੋ
ਨਾਰੀ ਵਾਸਤੇ ਵਿਸ਼ਨੂ ਨੂੰ ਸਰਾਪ ਦਿਤਾ ਹੋਏ ਰਾਮ ਚੰਦਰ ਅਵਤਾਰ ਯਾਰੋ
ਖੜਗਸੈਨ ਨੂੰ ਕਹੋ ਖਾਂ ਦੋਸ਼ ਕਾਹਦਾ ਏਹੋ ਮੁੱਢ ਕਦੀਮ ਦੀ ਕਾਰ ਯਾਰੋ
ਜਿਉਂਦੇ ਮੁਏ ਦਾ ਵੱਡਾ ਮੁਫ਼ਾਸਲਾ ਹੈ ਜਿਵੇਂ ਰਾਈ ਦੇ ਨਾਲ ਪਹਾੜ ਯਾਰੋ
ਵਿਛੜ ਗਿਆ ਦਾ ਮੇਲ ਹਜ਼ਾਰ ਵਾਰੀ ਮੋਏ ਨਹੀਂ ਮਿਲਦੇ ਦੂਜੀ ਵਾਰ ਯਾਰੋ

ਇਵੇਂ ਭੁੱਲ ਜਾਂਦੇ ਬੇਲੀ ਬੇਲੀਆਂ ਨੂੰ ਕੀਤੀ ਜਿਨ੍ਹਾਂ ਨੇ ਨਾਲ ਬਹਾਰ ਯਾਰੋ
ਤੁਰਿਆਂ ਜਾਂਦਿਆਂ ਪਾਂਧੀਆ ਸਾਥ ਹੋਵੇ ਓਹ ਭੀ ਯਾਦ ਰਹਿੰਦੇ ਦਿਨ ਚਾਰ ਯਾਰੋ
ਜੇਹੜੇ ਯਾਰ ਨੂੰ ਦਿਲੋਂ ਵਿਸਾਰਦੇ ਨੀ ਪੱਥਰ ਚਿੱਤ ਓਹ ਮਰਦ ਗਵਾਰ ਯਾਰੋ
ਮੈਨੂੰ ਵੱਡਾ ਅਫ਼ਸੋਸ ਇਸ ਬਾਤ ਦਾ ਹੈ ਮਿਲਦੇ ਫੇਰ ਨਾਹੀਂ ਮੋਏ ਯਾਰ ਯਾਰੋ
ਨੇਕ ਔਰਤਾਂ ਨੂੰ ਮਰਦ ਰੋਂਵਦੇ ਨੇ ਕਰਦੇ ਸੁਕਰ ਜੇ ਮਰੇ ਬਦਕਾਰ ਯਾਰੋ
ਅਸਲ ਵਿਚ ਰੋਣਾ ਕੰਮ ਮੂਰਖਾਂ ਦਾ ਜੇਕਰ ਕੀਜੀਏ ਦਿਲੋ ਵਿਚਾਰ ਯਾਰੋ
ਜਿਸ ਦੀ ਚੀਜ਼ ਸੀ ਉਸ ਨੇ ਸਾਂਭ ਲਈ ਹੱਥੋਂ ਹੋਵੀਏ ਸ਼ੁਕਰ ਗੁਜ਼ਾਰ ਯਾਰੋ
ਗਈ ਬੀਤ ਜੇ ਬਾਤ ਘਸੀਟ ਕੇਹੀ ਉਸ ਨੂੰ ਛੱਡੀਏ ਦਿਲੋਂ ਵਿਸਾਰ ਯਾਰੋ
ਗੱਲਾਂ ਕਰਨੀਆਂ ਬਹੁਤ ਸੁਖਾਲੀਆਂ ਨੀ ਐਪਰ ਅਮਲ ਕਰਨਾ ਦੁਸ੍ਵਾਰ ਯਾਰੋ
ਜਦੋਂ ਚੋਟ ਵਿਯੋਗ ਦੀ ਆਨ ਲੱਗੇ ਤਦੋਂ ਹੋਂਵਦੀ ਅਕਲ ਫਰਾਰ ਯਾਰੋ
ਐਪਰ ਅਸਾਂ ਦੇ ਕੁਝ ਅਖ਼ਤਯਾਰ ਨਾਹੀਂ ਹੋਵੇ ਸੋ ਜੋ ਕਰੇ ਕਰਤਾਰ ਯਾਰੋ
ਖੜਗਸੈਨ ਦਾ ਸੁਣੋ ਬਿਆਨ ਅੱਗੇ ਆਖਾ ਹਾਲ ਤਮਾਮ ਉਚਾਰ ਯਾਰੋ
ਕਦੀ ਸਬਰ ਕਰ ਕੇ ਮਨ ਮਾਰ ਬੈਠੇ ਕਦੀ ਰੋਂਵਦਾ ਸੀ ਢਾਹਾਂ ਮਾਰ ਯਾਰੋ
ਕਦੇ ਬੈਠਿਆਂ ਰੈਨ ਬਤੀਤ ਹੋਵੇ ਕਦੀ ਪਿਆ ਹੀ ਰਹੇ ਨਸਾਰ ਯਾਰੋ
ਮੁੜ ਮੁੜ ਜਾਂਵਦਾ ਓਸ ਮਹੱਲ ਉਤੇ ਜਿਥੇ ਬੈਠਦੀ ਸੀ ਦਿਲਦਾਰ ਯਾਰੋ
ਰਾਣੀ ਨਜ਼ਰ ਨਾ ਕਿਸੇ ਨੂੰ ਆਂਵਦੀ ਏ ਰੋਵੇ ਕੋਕਲਾਂ ਵਾਂਗ ਪੁਕਾਰ ਯਾਰੋ
ਨਾ ਓਹ ਬਾਗ ਰਿਹਾ ਨਾ ਓਹ ਰਿਹਾ ਮਾਲੀ ਨਾ ਓਹ ਰਹਿ ਗਈ ਗੁਲ ਗੁਲਜਾਰ ਯਾਰੋ
ਰੁਤ ਖ਼ਿਜ਼ਾਂ ਦੀ ਆਨ ਕੇ ਹੋਈ ਵਾਰਦ ਬੁਲਬੁਲ ਵਾਂਗ ਰਾਜਾ ਬੇਕਰਾਰ ਯਾਰੋ
ਦੋਵੇਂ ਨੈਣ ਬਰਸਨ ਵਾਂਗੂੰ ਬੱਦਲਾਂ ਦੇ ਰੋਯਾ ਟੁੱਟਿਆ ਮੋਤੀਆਂ ਹਾਰ ਯਾਰੋ
ਜਿਗਰ ਭੁੱਜ ਕੇ ਸੀਖ਼ ਕਬਾਬ ਹੋਯਾ ਬਿਰਹੋਂ ਅੱਗ ਭੜਕੀ ਬੇਸ਼ੁਮਾਰ ਯਾਰੋ
ਬਾਝੋਂ ਪਿਆਰਿਆਂ ਜਾਨੀਆਂ ਸੱਜਨਾ ਦੇ ਦਿੱਸਣ ਸੀਸ਼ ਮਹੱਲ ਉਜਾੜ ਯਾਰੋ
ਸੁੰਞਾ ਪਿੰਜਰਾ ਪਿਆ ਖੜਕਦਾ ਸੀ ਵਿਚੋਂ ਭੌਰ ਹੋ ਗਿਆ ਉਡਾਰ ਯਾਰੋ
ਸੱਭੇ ਗੋਪੀਆਂ ਲੋਪੀਆਂ ਨਾਲ ਦੁੱਖ ਦੇ ਮਥਰਾ ਗਏ ਨੀ ਸ਼ਾਮ ਸਿਧਾਰ ਯਾਰੋ
ਠੀਕਰ ਪਿਆ ਖ਼ਾਲੀ ਠਾਕਰ ਦੂਰ ਹੋਯਾ ਬਿਜਲੀ ਵਾਂਗ ਦੇ ਕੇ ਚਮਕਾਰ ਯਾਰੋ
ਇਕ ਵਾਰ ਜੋ ਭੌਰ ਉਡਾਰ ਹੋਯਾ ਮੁੜ ਕੇ ਦੇਂਵਦਾ ਨਹੀਂ ਦੀਦਾਰ ਯਾਰੋ
ਜਦੋਂ ਤਾਰ ਹਯਾਤੀ ਦੀ ਟੁੱਟ ਜਾਵੇ ਨਹੀਂ ਵੱਜਦੀ ਦੇਹ ਸਤਾਰ ਯਾਰੋ
ਪਏ ਦੁੱਖ ਤਾਂ ਯਾਰ ਨੂੰ ਯਾਦ ਕੀਤਾ ਹੋਏ ਸੁੱਖ ਨਾ ਯਾਰ ਦੀ ਸਾਰ ਯਾਰੋ
ਐਪਰ ਯਾਰ ਭੀ ਤਦੋਂ ਹੀ ਯਾਦ ਕਰਦਾ ਜੇਕਰ ਕੀਜੀਏ ਦਿਲੋਂ ਪਿਆਰ ਯਾਰੋ
ਅੱਠ ਜਾਮ ਭਗਵਾਨ ਨੂੰ ਯਾਦ ਕਰੀਏ ਤਾਂ ਹੀ ਸੌਰਦਾ ਜਨਮ ਅਪਾਰ ਯਾਰੋ
ਬੰਦੇ ਮਹਾਂ ਗਿਆਨ ਦੇ ਵੱਸ ਹੋਏ ਵਿਸਰ ਗਿਆ ਜੇ ਨਾਮ ਮੁਰਾਰ ਯਾਰੋ
ਖੜਗਸੈਨ ਨੂੰ ਮੋਹ ਦਾ ਤੀਰ ਲੱਗਾ ਦਿਤੀ ਸ਼ੁਧ ਤੇ ਬੁਧ ਵਿਸਾਰ ਯਾਰੋ
ਕੋਈ ਖ਼ਬਰ ਨਾ ਰਾਜੇ ਨੂੰ ਦਫਤਰਾਂ ਦੀ ਸੁੰਞਾ ਪਿਆ ਸਰਕਾਰ ਦਰਬਾਰ ਯਾਰੋ

ਏਸੇ ਹਾਲ ਅੰਦਰ ਰਾਜੇ ਝੂਰਦੇ ਨੂੰ ਤਿੰਨ ਮਾਹ ਹੋ ਗਏ ਗੁਜ਼ਾਰ ਯਾਰੋ
ਡਿੱਠਾ ਸ਼ਾਹ ਦਾ ਹਾਲ ਜ਼ਵਾਲ ਹੋਯਾ ਰਈਯਤ ਹੋ ਗਈ ਕੁਲ ਲਾਚਾਰ ਯਾਰੋ
ਕਰਦੇ ਇਕ ਦਲੀਲ ਸਭ ਜਮ੍ਹਾਂ ਹੋ ਕੇ ਜੇਹੜੇ ਕੁਲ ਆਹੇ ਅਹਿਲਕਾਰ ਯਾਰੋ
ਜੇਕਰ ਰਾਜੇ ਦਾ ਹੋਰ ਵਿਆਹ ਹੋਵੇ ਤਾਂ ਹੀ ਭੁੱਲਸੀ ਏਸ ਨੂੰ ਨਾਰ ਯਾਰੋ
ਜੇੜ੍ਹੇ ਨਿਮਕ ਹਲਾਲ ਇਨਸਾਨ ਹੋਵਨ ਕਰਦੇ ਨਿਮਕ ਹਲਾਲ ਦੀ ਕਾਰ ਯਾਰੋ
ਜਾ ਕੇ ਸ਼ਾਹ ਦੀ ਧੀਰ ਧਰਾਂਵਦੇ ਨੀ ਜੇਹੜੇ ਮੁੱਢ ਕਦੀਮ ਦੇ ਯਾਰ ਯਾਰੋ
ਦੌਲਤ ਰਾਮ ਹੁਣ ਰਾਜੇ ਦਾ ਵਿਆਹ ਹੋਸੀ ਕਿੱਸਾ ਸੁਣੋ ਖਾਂ ਨਾਲ ਪਯਾਰ ਯਾਰੋ

## ਵਜ਼ੀਰ ਔਰ ਮੁਸੱਦੀਆਂ ਨੇ ਰਾਜੇ ਨੂੰ ਉਪਦੇਸ਼ ਦੇਣਾ ਸ਼ਾਦੀ ਲਈ

ਸੱਭੇ ਮੰਤਰੀ ਆਇ ਕੇ ਅਰਜ ਕਰਦੇ ਸਾਡੀ ਗੱਲ ਤੇ ਕਰੋ ਪ੍ਰਤੀਤ ਸ਼ਾਹਾ
ਮਸਾਹੂਰ ਏਹ ਗੱਲ ਜਹਾਨ ਉੱਤੇ ਮਿਲਦੇ ਫੇਰ ਨਾਹੀਂ ਮੋਏ ਮੀਤ ਸ਼ਾਹਾ
ਮੁੜ ਕੇ ਫੇਰ ਨਾ ਕਿਸੇ ਨੂੰ ਹੱਥ ਆਵੇ ਜੇਹੜਾ ਕਾਲ ਹੋ ਗਿਆ ਬਤੀਤ ਸਾਹਾ
ਜੇਹੜਾ ਆਪ ਨੂੰ ਮਨੋਂ ਵਿਸਾਰ ਜਾਵੇ ਉਹਦੇ ਨਾਲ ਕੀ ਰਖਣੀ ਪ੍ਰੀਤ ਸ਼ਾਹਾ
ਛੱਡੋ ਮੋਹ ਅੰਦੋਹ ਜਹਾਨ ਵਾਲਾ ਧਾਰੋ ਗਿਆਨ ਪਕੜੋ ਰਾਜਨੀਤ ਸ਼ਾਹਾ
ਜੇਹੜਾ ਜਨਮਿਆ ਓਸ ਦਾ ਕਾਲ ਹੋਸੀ ਘੜਿਆ ਭੱਜਸੀ ਸਮਝ ਸੁਨੀਤ ਸ਼ਾਹਾ
ਨਦੀ ਨਾਵ ਦਾ ਮੇਲ ਜਹਾਨ ਸਾਰਾ ਦੁਸ਼ਮਨ ਕੌਣ ਤੇ ਕੌਣ ਹੈ ਮੀਤ ਸ਼ਾਹਾ
ਜਿਸ ਦਾ ਆਦ ਨਾ ਅੰਤ ਨਾ ਮੱਧ ਕੋਈ ਕਿੱਚਰ ਤੱਗਸੀ ਸਮਝ ਸੁਨੀਤ ਸ਼ਾਹਾ
ਸੱਭੋ ਜਗ ਅਨੀਤ ਪਲੀਤ ਦਿੱਸੇ ਇਕੋ ਰਾਮ ਦਾ ਨਾਮ ਪੁਨੀਤ ਸ਼ਾਹਾ
ਜਿਨ੍ਹਾਂ ਰਾਮ ਦਾ ਨਾਮ ਨਾ ਯਾਦ ਕੀਤਾ ਸੋਈ ਮਰਦ ਬਦਨੀਤ ਪਲੀਤ ਸ਼ਾਹਾ
ਫੁਰਨੇ ਜੱਗ ਦਾ ਮੋਹ ਨਿਵਾਰ ਦਿਲ ਤੇ ਗਾਓ ਨਿੱਤ ਗੋਬਿੰਦ ਦੇ ਗੀਤ ਸ਼ਾਹਾ
ਸਾਦੀ ਜੰਮਿਆਂ ਮੋਏ ਨੂੰ ਰੋਂਵਦੇ ਨੀ ਸੱਭੋ ਉਲਟ ਜਹਾਨ ਦੀ ਰੀਤ ਸ਼ਾਹਾ
ਮੋਯਾ ਜੰਮਿਆਂ ਇਕ ਸਮਾਨ ਰਹਿੰਦੇ ਆਰਫ ਲੋਕ ਅਰਫਾਨ ਤੇ ਸੀਤ ਸਾਹਾ
ਤੁਸਾਂ ਰਾਜਿਆ ਨੂੰ ਪਰਵਾਹ ਕੇਹੀ ਦਿੱਤੀ ਜਿਨ੍ਹਾਂ ਨੂੰ ਰੱਬ ਅਸੀਤ ਸ਼ਾਹਾ
ਨਾਰੀ ਵਾਸਤੇ ਐਡ ਅਫ਼ਸੋਸ ਕੀਤਾ ਹੋਯਾ ਸੁੱਕ ਸਰੀਰ ਤਬੀਤ ਸ਼ਾਹਾ.
ਏਸੋ ਵਕਤ ਵਿਆਹ ਹੋ ਜਾਂਵਦਾ ਏ ਜੇਕਰ ਚਾਂਹਵਦਾ ਏ ਤੇਰਾ ਚੀਤ ਸ਼ਾਹਾ
ਤੈਨੂੰ ਨਾਰੀਆਂ ਦੀ ਪਰਵਾਹ ਕੇਹੀ ਚਾਰੋਂ ਚਕ ਤੇਰੀ ਮਲਕੀਤ ਸਾਹਾ
ਜੇਕਰ ਤੁਧ ਦਾ ਚਿਤ ਨਾਸ਼ਾਦ ਹੋਵੇ ਸਾਡਾ ਜੀਵਣਾ ਵੱਡੀ ਅਨੀਤ ਸ਼ਾਹਾ
ਐਪਰ ਨਾਲ ਭਗਵਾਨ ਦੇ ਜ਼ੋਰ ਨਾਹੀਂ ਚੰਗੀ ਜਾਨੀਏਂ ਗਈ ਜੋ ਬੀਤ ਸ਼ਾਹਾ
ਅੱਗੇ ਵਾਸਤੇ ਕੁਝ ਉਪਾਇ ਕਰੀਏ ਜੂਆ ਜਨਮ ਦਾ ਛੱਡੀਏ ਜੀਤ ਸ਼ਾਹਾ
ਬੁੱਧਵਾਨ ਤੇ ਗੁਣਾਂ ਦੀ ਖਾਣ ਹੈਂ ਤੂੰ ਚਿੰਤਾ ਛੱਡ ਤੇ ਹੋਹੁ ਨਚੀਤ ਸ਼ਾਹ
ਸੱਭੋ ਸੁੱਖ ਹੈ ਗਿਆਨ ਵਿਚਾਰ ਅੰਦਰ ਏਹੋ ਆਖਦੇ ਸੰਤ ਅਤੀਤ ਸ਼ਾਹਾ
ਜਿਨ੍ਹਾਂ ਗਯਾਨ ਵਿਚਾਰ ਨੂੰ ਧਾਰਿਆ ਈ ਜੀਵਨ ਮੁਕਤ ਹੋਏ ਸੁਰਜੀਤ ਸਾਹਾ

ਚਾਹੇ ਗ੍ਰਹਸਤ ਹੋਵੇ ਚਾਹੇ ਤਿਆਗ ਹੋਵੇ ਸੱਭੋ ਸੁੱਖ ਵਿਚਾਰ ਦੀ ਰੀਤ ਸ਼ਾਹਾ
ਦੌਲਤ ਰਾਮ ਭਗਵਾਨ ਦਾ ਭਜਨ ਕਰ ਤੂੰ ਹੋਵੇ ਸੁੱਖ ਸੇ ਕਾਲ ਬਤੀਤ ਸ਼ਾਹਾ

## ਵਾਕ ਰਾਜਾ ਦਾ

ਕਹਿਆ ਸ਼ਾਹ ਪਰਵਾਹ ਨ ਔਰਤਾਂ ਦੀ ਮੇਲਾ ਨੇਕ ਦਾ ਬਹੁਤ ਮੁਹਾਲ ਹੋਵੇ
ਦੂਜੀ ਵਾਰ ਮਿਲਨਾ ਉਸਦਾ ਵੱਡਾ ਮੁਸ਼ਕਲ ਹੱਥੋਂ ਗਿਆ ਬਦਖ਼ਸ਼ਾਂ ਦਾ ਲਾਲ ਹੋਵੇ
ਸੁਖੀ ਰੋਜ਼ ਹਯਾਤੀ ਦੇ ਲੰਘ ਜਾਂਦੇ ਜੇਕਰ ਨੇਕ ਦੇ ਨਾਲ ਵਿਸਾਲ ਹੋਵੇ
ਭਾਗਾਂ ਨਾਲ ਉਸ ਮਰਦ ਦਾ ਮੇਲ ਹੁੰਦਾ ਜੇਹੜੇ ਮਰਦ ਦਾ ਨੇਕ ਅਮਾਲ ਹੋਵੇ
ਸ਼ਾਦੀ ਵਾਸਤੇ ਨਹੀਂ ਇਨਕਾਰ ਮੇਰਾ ਐਪਰ ਫੇਰ ਨਾ ਕੰਮ ਕੁਚਾਲ ਹੋਵੇ
ਆਵੇ ਨਾਰ ਬਦਕਾਰ ਬਦਚਾਲ ਕੋਈ ਮੇਰਾ ਜੱਗ ਦੇ ਵਿਚ ਮੁਕਾਲ ਹੋਵੇ
ਸੁੱਖਾਂ ਵਾਸੇਤ ਲੋਕ ਵਿਆਹ ਕਰਦੇ ਮਤਾਂ ਹੋਰ ਨਾ ਦੁੱਖ ਕਮਾਲ ਹੋਵੇ
ਏਸੇ ਵਾਸਤੇ ਚਿੱਤ ਨੂੰ ਖ਼ੌਫ ਆਵੇ ਸਾਰੀ ਉਮਰ ਨਾ ਦੁੱਖਾਂ ਦਾ ਜਾਲ ਹੋਵੇ
ਐਪਰ ਤੁਸੀਂ ਭੀ ਸਭ ਦਾਨਾ ਬੈਠੇ ਆਖੋ ਸੋ ਜੋ ਨੇਕ ਖ਼ਿਆਲ ਹੋਵੇ
ਦੌਲਤ ਰਾਮ ਭਗਵਾਨ ਜੇ ਕਰੇ ਕਿਰਪਾ ਮੇਲਾ ਮੂਲ ਨਾ ਬਦਾਂ ਦੇ ਨਾਲ ਹੋਵੇ

## ਵਾਕ ਵਜ਼ੀਰ ਕਾ

ਕਹਿਆ ਫੇਰ ਵਜ਼ੀਰ ਨੇ ਸ਼ਾਹ ਤਾਈਂ ਸੱਭੋ ਫ਼ੈਸਲਾ ਕਰਮਾਂ ਦੇ ਨਾਲ ਹੋਵੇ
ਜੇਕਰ ਕਰਮ ਸਵੱਲੜੇ ਹੋਣ ਆਪਣੇ ਮਿੱਟੀ ਪੁੱਟੀਏ ਤਾਂ ਪੈਂਦਾ ਲਾਲ ਹੋਵੇ
ਦੁਨੀਆਦਾਰ ਨੂੰ ਰੰਨ ਤੇ ਧਨ ਚਾਹੀਏ ਅਤੇ ਫੱਕਰਾਂ ਰੱਬ ਦਾ ਖ਼ਿਆਲ ਹੋਵੇ
ਜੇਕਰ ਨਾਲ ਵਿਚਾਰ ਦੇ ਜ਼ਹਿਰ ਖਾਈਏ ਓਹ ਭੀ ਆਬਹਯਾਤ ਮਿਸਾਲ ਹੋਵੇ
ਮੇਲਾ ਨੇਕ ਦਾ ਰੱਬ ਕਰਾਂਵਦਾ ਏ ਜੇਕਰ ਆਪਣਾ ਨੇਕ ਅਮਾਲ ਹੋਵੇ
ਤਕਵਾ ਰੱਬ ਤੇ ਰੱਖ ਕੇ ਕਰੋ ਸਾਦੀ ਨਿਸਚੇ ਨਾਲ ਸਭ ਕੰਮ ਸੁਖਾਲ ਹੋਵੇ
ਚਾਹੇ ਜੋਗ ਕਰੀਏ ਚਾਹੇ ਭੋਗ ਕਰੀਏ ਐਪਰ ਸੁੱਖ ਵਿਚਾਰ ਦੇ ਨਾਲ ਹੋਵੇ
ਸੱਭੇ ਮੁਸ਼ਕਲਾਂ ਹੱਲ ਹੋ ਜਾਣ ਸ਼ਾਹਾ ਜੇਕਰ ਆਪ ਭਗਵਾਨ ਦਿਆਲ ਹੋਵੇ
ਦੌਲਤ ਰਾਮ ਪਰਵਾਹ ਕੀ ਉਨ੍ਹਾਂ ਤਾਈਂ ਪੱਲੇ ਜਿਨ੍ਹਾਂ ਦੇ ਹੁਕਮ ਤੇ ਮਾਲ ਹੋਵੇ

## ਵਾਕ ਕਵੀਸ਼ਰ

ਏਸੇ ਧਨ ਪਿੱਛੇ ਧੰਨ ਧੰਨ ਹੋਵੇ ਧਨ ਵਾਲਿਆਂ ਨਾਲ ਪਿਆਰ ਬੰਦੇ
ਪੱਲੇ ਧਨ ਤੇ ਮੰਨਦਾ ਸਭ ਕੋਈ ਮਾਈ ਬਾਪ ਭਾਈ ਬੇਟਾ ਨਾਰ ਬੰਦੇ
ਪੱਲੇ ਧਨ ਖੁਸਾਮਦਾਂ ਕਰਨ ਸੱਭੇ ਮਿੱਤ੍ਰ ਸਾਕ ਸਾਰੇ ਪਰਵਾਰ ਬੰਦੇ
ਪੈਸਾ ਪਾਸ ਸੱਭੇ ਕੰਮ ਰਾਸ ਹੁੰਦੇ ਪੈਸਾ ਨਹੀਂ ਤਾਂ ਕੰਮ ਖ਼ੁਆਰ ਬੰਦੇ
ਪੈਸਾ ਪਾਸ ਤਾ ਯਾਰ ਹਜ਼ਾਰ ਹੁੰਦੇ ਪੈਸੇ ਬਾਝ ਵਿਰਲਾ ਕੋਈ ਯਾਰ ਬੰਦੇ

ਪੈਸੇ ਨਾਲ ਹੈ ਜੱਗ ਤੇ ਐਸ਼ ਅਸ਼ਰਤ ਪੈਸੇ ਨਾਲ ਹੈ ਹਾਰ ਸ਼ਿੰਗਾਰ ਬੰਦੇ
ਪੈਸਾ ਪਾਸ ਹੋਵੇ ਜੰਗਲ ਵਿਚ ਬੈਠੇ ਓਥੇ ਲੱਗ ਜਾਂਦੀ ਗੁਲਜ਼ਾਰ ਬੰਦੇ
ਪੈਸੇ ਵਾਲਿਆਂ ਦਾ ਸੱਭੇ ਮਾਨ ਕਰਦੇ ਲੈਂਦਾ ਕੌਣ ਕੰਗਾਲ ਦੀ ਸਾਰ ਬੰਦੇ
ਦੌਲਤ ਰਾਮ ਸਭ ਧਨ ਦਾ ਜਾਪ ਕਰਦੇ ਵਿਰਲੇ ਜਾਣਦੇ ਕਰਤਾਰ ਬੰਦੇ

## ਹਾਲ ਰਾਜਾ ਖੜਗਸੈਨ ਦੀ ਸ਼ਾਦੀ ਦਾ

ਹੋ ਕੇ ਜਮ੍ਹਾਂ ਵਜ਼ੀਰ ਦੀਵਾਨ ਸਾਰੇ ਸ਼ਾਦੀ ਕਰਨ ਦਾ ਮਤਾ ਪਕਾਂਵਦੇ ਨੀ
ਇੰਦਰਸੈਨ ਰਾਜਪੂਤ ਉਸ ਗ੍ਰਾਮ ਅੰਦਰ ਬੇਟੀ ਓਸਦੀ ਨਾਲ ਮੰਗਾਂਵਦੇ ਨੀ
ਓਸੇ ਵਕਤ ਬੁਲਾ ਕੇ ਪੰਡਤਾਂ ਨੂੰ ਸਾਹਾ ਬੈਠ ਕੇ ਖ਼ੂਬ ਸੁਧਾਂਵਦੇ ਨੀ
ਗਿਣ ਕੇ ਤਿਥੀ ਨਛੱਤ੍ਰ ਤੇ ਲਗਨ ਸੋਹਣਾ ਅੱਠਾਂ ਦਿਨਾਂ ਦਾ ਕਾਜ ਲਧਾਂਵਦੇ ਨੀ
ਮੋਹਰਾ ਪੰਜ ਛੁਹਾਰੜੇ ਸੱਤ ਲੈ ਕੇ ਖੜਗਸੈਨ ਦੀ ਝੋਲੜੀ ਪਾਂਵਦੇ ਨੀ
ਪੰਡਤ ਮੁਖ ਮਠਿਆਈ ਦੀ ਦੇ ਰੱਤੀ ਮਸਤਕ ਕੇਸਰੀ ਤਿਲਕ ਲਗਾਂਵਦੇ ਨੀ
ਕਰ ਕੇ ਸਗਨ ਸਗੁਨ ਕੁਲ ਰੀਤ ਸਾਰੀ ਕੇਸਰ ਬਸਤ੍ਰਾਂ ਤੇ ਛਿੜਕਾਂਵਦੇ ਨੀ
ਵੰਡੀ ਸ਼ੀਰਨੀ ਸ਼ਹਿਰ ਦੇ ਵਿਚ ਸਾਰੇ ਜੇਹੜੇ ਖਾਂਵਦੇ ਸ਼ੁਕਰ ਬਜਾਂਵਦੇ ਨੀ
ਦਿੱਤੇ ਲਾਗ ਬ੍ਰਾਹਮਣਾਂ ਲਾਗੀਆਂ ਨੂੰ ਸੱਭੇ ਸ਼ਾਦ ਹੋ ਕੇ ਉਠ ਜਵਾਂਦੇ ਨੀ
ਸ਼ਹਿਰੋਂ ਸੱਦ ਕੇ ਕੁਲ ਹਲਵਾਈਆਂ ਨੂੰ ਮਠਿਆਈਆਂ ਖ਼ੂਬ ਪਕਾਂਵਦੇ ਨੀ
ਆਈ ਵੇਸਵਾ ਭਗਤੀਏ ਭੰਡ ਕੰਜਰ ਵਾਜੇ ਨੌਬਤਾਂ ਖ਼ੂਬ ਸੁਹਾਂਵਦੇ ਨੀ
ਰਾਗੀ ਕਈ ਪ੍ਰਕਾਰ ਦੇ ਜਮ੍ਹਾਂ ਹੋਏ ਨਾਨਾ ਤਰ੍ਹਾਂ ਦੇ ਰਾਗ ਨੂੰ ਗਾਂਵਦੇ ਨੀ
ਆਤਸਬਾਜ਼ ਵੀ ਆਨ ਕੇ ਹੋਏ ਕੱਠੇ ਆਤਸਬਾਜ਼ੀਆਂ ਖ਼ੂਬ ਚਲਾਂਵਦੇ ਨੀ
ਕਈ ਤੌਰ ਦਾ ਹੋਰ ਜਲੂਸ ਯਾਰੋ ਲੋਕ ਵੇਖਣੇ ਨੂੰ ਚਲੇ ਆਂਵਦੇ ਨੀ
ਬਾਦਸ਼ਾਹ ਦਾ ਜਿਵੇਂ ਸਾਮਾਨ ਹੁੰਦਾ ਓਸੇ ਤਰ੍ਹਾਂ ਸਾਮਾਨ ਬਣਾਂਵਦੇ ਨੀ
ਦੋਵੇਂ ਤਰਫ ਸਾਦੀ ਵਾਲਾ ਸਾਜ ਹੋਯਾ ਜਿਵੇਂ ਸ਼ਾਦੀਆਂ ਲੋਕ ਰਚਾਂਵਦੇ ਨੀ
ਹੋਯਾ ਅੱਠਵਾਂ ਰੋਜ਼ ਜਾਂ ਆਨ ਪੂਰਾ ਤਿਆਰੀ ਜੰਞ ਦੀ ਤੁਰਤ ਕਰਾਂਵਦੇ ਨੀ
ਘੋੜੇ ਬੱਘੀਆਂ ਫੀਲ ਤਿਆਰ ਹੋਏ ਨਾਲ ਪੀਨਸਾਂ ਖ਼ੂਬ ਸਜਾਂਵਦੇ ਨੀ
ਨੌਸ਼ੇ ਹੋ ਬੈਠਾ ਮੇਰਾ ਸ਼ਾਹ ਦੂਲੋ ਸਿਰ ਤੇ ਫੁੱਲਾ ਦੇ ਹਾਰ ਸੁਹਾਂਵਦੇ ਨੀ
ਦੁਆਲੇ ਪੱਟ ਦੀ ਜ਼ਰਦ ਪੁਸ਼ਾਕ ਆਹੀ ਉੱਪਰ ਸੀਸ ਦੇ ਮੁਕਟ ਟਕਾਂਵਦੇ ਨੀ
ਘੋੜੀ ਸਵਾ ਲੱਖੀ ਉੱਤੇ ਜ਼ੀਨ ਪਾ ਕੇ ਉੱਤੇ ਸ਼ਾਹ ਨੂੰ ਚਾ ਚੜ੍ਹਾਂਵਦੇ ਨੀ
ਵਾਜੇ ਵੱਜਦੇ ਵੇਸਵਾ ਨਾਚ ਕਰਦੀ ਸਿਰ ਤੇ ਛਤਰ ਗ਼ੁਲਾਮ ਝੁਲਾਂਵਦੇ ਨੀ
ਜੈਸੇ ਇੰਦ੍ਰ ਤੇ ਦੇਵਤੇ ਕਰਨ ਬਰਖਾ ਤੈਸੇ ਫੁੱਲਾਂ ਨੂੰ ਲੋਕ ਬਰਸਾਵਦੇ ਨੀ
ਤੋੜੇ ਸਰਫ਼ੀਆ ਦੇ ਹੱਥਾਂ ਵਿਚ ਫੜ ਕੇ ਭਰ ਭਰ ਮੁੱਠੀਆਂ ਪਏ ਲੁਟਾਂਵਦੇ ਨੀ
ਜਾਂਵੀ ਇਕ ਤੇ ਇਕ ਵਧੀਕ ਆਹੇ ਐਪਰ ਸ਼ਾਹ ਨੂੰ ਹੱਥ ਨਾ ਪਾਂਵਦੇ ਨੀ
ਐਸਾ ਰਾਜੇ ਨੂੰ ਆਨ ਕੇ ਹੁਸਨ ਚੜ੍ਹਿਆ ਬੰਦੇ ਦੇਖ ਕੇ ਹੋਸ਼ ਭੁਲਾਂਵਦੇ ਨੀ

ਏਸੇ ਸਾਜ ਸਮਾਜ ਦੇ ਨਾਲ ਯਾਰੋ ਡੇਰਾ ਜਾ ਘਰ ਧੋਤਿਆਂ ਲਾਂਵਦੇ ਨੀ
ਤੰਬੂ ਵਿਚ ਚੁਗਾਨ ਦੇ ਗੱਡ ਦਿੱਤੇ ਲੱਗੀ ਸਭਾ ਤੇ ਨਾਚ ਨਚਾਂਵਦੇ ਨੀ
ਲਾੜਾ ਜਾ ਵੜਿਆ ਘਰ ਸੌਹਰਿਆਂ ਦੇ ਲਾਗੀ ਸੱਦ ਕੇ ਆਪ ਲੈ ਜਾਂਵਦੇ ਨੀ
ਪੀਤਾ ਸੱਸ ਨੇ ਸੀਸ ਤੋਂ ਵਾਰ ਪਾਣੀ ਚੌਕੀ ਡਾਹ ਕੇ ਚਾ ਬਠਲਾਂਵਦੇ ਨੀ
ਜੇਹੜੀ ਰੀਤ ਹੁੰਦੀ ਲੋਕਾਂ ਹਿੰਦੂਆਂ ਦੀ ਸੱਭੇ ਸ਼ਗਨ ਸ਼ਗੂਨ ਰਚਾਂਵਦੇ ਨੀ
ਕਰ ਕੇ ਸ਼ਗਨ ਸ਼ਗੂਨ ਕੁਲ ਰੀਤ ਸਾਰੀ ਡੇਰੇ ਸ਼ਾਹ ਨੂੰ ਚਾ ਪਹੁੰਚਾਂਵਦੇ ਨੀ
ਉੱਤੋਂ ਲਗਨ ਦਾ ਵਕਤ ਵੀ ਆਨ ਹੋਯਾ ਵੇਦੀ ਵਿਆਹ ਦੀ ਤੁਰਤ ਰਚਾਂਵਦੇ ਨੀ
ਓਸੇ ਵਕਤ ਬੁਲਾਇ ਕੇ ਪੰਡਤਾਂ ਨੂੰ ਸੋਹਣਾ ਮੋਤੀਆਂ ਚੌਕ ਪੁਰਾਂਵਦੇ ਨੀ
ਪੱਛਮ ਦਿਸ਼ਾ ਅਡਾਇਕੇ ਖਾਰਿਆਂ ਨੂੰ ਲਾੜਾ ਲਾੜੀ ਦੇ ਪਾਸ ਬਹਾਂਵਦੇ ਨੀ
ਲੈ ਕੇ ਪੁਸ਼ਪ ਚੰਦਨ ਚਾਵਲ ਗਰੀ ਮੇਵਾ ਪਹਿਲੇ ਆਦ ਗਣੇਸ਼ ਮਨਾਂਵਦੇ ਨੀ
ਕੀਤਾ ਵੇਦ ਅਨੁਸਾਰ ਬਿਹਾਰ ਸਾਰਾ ਲਾਵਾਂ ਚਾਰ ਦੇ ਕੇ ਹੇਠਾਂ ਲਾਂਹਵਦੇ ਨੀ
ਲਾੜੇ ਲਾੜੀ ਦੇ ਸੀਸ ਪਰ ਹੱਥ ਧਰ ਕੇ ਮੱਥਾ ਵੱਡਿਆਂ ਪਾਸ ਟਕਾਂਵਦੇ ਨੀ
ਉਤੋਂ ਵਕਤ ਦੁਪੈਹਰ ਦਾ ਆਨ ਹੋਯਾ ਰੋਟੀ ਜੰਞ ਨੂੰ ਸੱਦ ਖੁਲਾਂਵਦੇ ਨੀ
ਰੋਟੀ ਖਾਇਕੇ ਜੰਞ ਆਨੰਦ ਹੋਈ ਤਿਆਰੀ ਖੱਟ ਦੀ ਤੁਰਤ ਕਰਾਂਵਦੇ ਨੀ
ਦਿੱਤਾ ਦਾਜ ਦਿਹਾਜ ਤੌਫੀਕ ਮੂਜਬ ਭਾਈਚਾਰੇ ਨੂੰ ਸੱਦ ਵਖਾਂਵਦੇ ਨੀ
ਜਿਨ੍ਹਾਂ ਬੇਟੀਆ ਕੀਤੀਆਂ ਦਾਨ ਯਾਰੋ ਪਿੱਛੇ ਹੋਰ ਕੀ ਦੱਸ ਲੁਕਾਂਵਦੇ ਨੀ
ਛਕੜ ਰੋਂਵਦੀ ਧੋਂਵਦੀ ਕੰਨਿਆ ਨੂੰ ਮਾਪੇ ਚੁੱਕ ਡੋਲੀ ਵਿਚ ਪਾਂਵਦੇ ਨੀ
ਡੋਲੀ ਘਿਨ ਕੇ ਸ਼ਾਹ ਰਵਾਨ ਹੋਯਾ ਜਾ ਕੇ ਡ਼ੰਗ ਮਹੱਲ ਵਸਾਂਵਦੇ ਨੀ
ਦੌਲਤ ਰਾਮ ਭਗਵਾਨ ਜੇ ਕਰੇ ਕਿਰਪਾ ਸੱਭੇ ਕੰਮ ਦਰੁਸਤ ਹੋ ਜਾਂਵਦੇ ਨੀ

## ਵਾਕ ਕਵੀਸ਼ਰ ਹਾਲ ਰਾਜਾ ਵਾ ਰਾਣੀ ਕਾ

ਕਿੱਸਾ ਵਿਆਹ ਦਾ ਬਹੁਤ ਨ ਤੂਲ ਕੀਤਾ ਪੜ੍ਹਦੇ ਲੋਕ ਨਾਹੀਂ ਚਿੱਤ ਲਾਇਕੇ ਜੀ
ਅੰਪਰ ਮੁਝ ਦਾ ਚਿੱਤ ਵੀ ਸਾਦ ਨਾਹੀਂ ਥੋੜ੍ਹੀ ਗੱਲ ਨੂੰ ਬਹੁਤ ਵਧਾਇਕੇ ਜੀ
ਅੱਗੋਂ ਸੁਣੋ ਧਿਆਨ ਦੇ ਨਾਲ ਯਾਰੋ ਸਾਰਾ ਹਾਲ ਮੈਂ ਕਹਾਂ ਸਮਝਾਇਕੇ ਜੀ
ਚੰਦ੍ਰਵਤੀ ਸੀ ਓਸਦਾ ਨਾਮ ਲੋਕੋ ਜੇੜ੍ਹੀ ਸ਼ਾਹ ਨੇ ਲਈ ਪ੍ਰਨਾਇਕੇ ਜੀ
ਉਸਦੀ ਸ਼ਕਲ ਆਹੀ ਚੰਦ ਚੋਧਵੀਂ ਦਾ ਹੱਥੋਂ ਚੰਦ ਵੀ ਰਹੇ ਸਰਮਾਇਕੇ ਜੀ
ਉਡਦੇ ਪੰਛੀਆਂ ਨੂੰ ਤਲੇ ਡੇਗ ਲੈਂਦੀ ਬੈਠ ਜਦੋਂ ਸ਼ਿੰਗਾਰ ਨੂੰ ਲਾਇਕੇ ਜੀ
ਜੇੜ੍ਹਾ ਵੇਖ ਲੈਂਦਾ ਉਸਦੀ ਸ਼ਕਲ ਤਾਈਂ ਜਾਵੇ ਅਕਲ ਤੇ ਹੋਸ਼ ਗਵਾਇਕੇ ਜੀ
ਰਾਜਾ ਦੇਖ ਕੇ ਰੂਪ ਅਨੰਦ ਹੋਯਾ ਬੈਠਾ ਗਲੇ ਮਹਿਬੂਬ ਨੂੰ ਲਾਇਕੇ ਜੀ
ਪਿਛਲੇ ਦੁੱਖ ਸਭ ਰਾਜੇ ਦੇ ਦੂਰ ਹੋਏ ਜਦੋਂ ਮੁੱਖ ਡਿੱਠਾ ਪੱਲੂ ਚਾਇਕੇ ਜੀ
ਪੀਤਾ ਵਸਲ ਦਾ ਜਾਮ ਦਿਲਦਾਰ ਵਾਲਾ ਬੈਠਾ ਅਕਲ ਤੇ ਹੋਸ਼ ਭੁਲਾਇਕੇ ਜੀ
ਗੱਲਾਂ ਮਿੱਠੀਆ ਨਾਲ ਓਸ ਇਸਤੀ ਨੇ ਰਾਜਾ ਲੁੱਟ ਲੀਤਾ ਭਰਮਾਇਕੇ ਜੀ

ਥੋੜ੍ਹੇ ਦਿਨਾਂ ਅੰਦਰ ਐਸਾ ਪਜਾਰ ਹੋਇਆ ਮਿਲਿਆ ਚੰਦ ਚਕੋਰ ਨੂੰ ਆਇਕੇ ਜੀ
ਅੰਮ੍ਰਿਤ ਬੂੰਦ ਪਪੀਹੇ ਦੇ ਮੁਖ ਪੈ ਗਈ ਹੋਯਾ ਸ਼ਾਦ ਅਨੰਦ ਨੂੰ ਪਾਇਕੇ ਜੀ
ਮਿਲਿਆ ਮੋਰ ਨੂੰ ਆਨ ਘਨਘੋਰ ਯਾਰੋ ਬੈਠਾ ਭੌਰ ਫੁੱਲਾਂ ਉਤੇ ਜਾਇਕੇ ਜੀ
ਅੰਨ ਭੁੱਖਿਆਂ ਨੂੰ ਪਾਣੀ ਪਿਆਸਿਆ ਨੂੰ ਮਿਲਿਆ ਮੀਤ ਨੂੰ ਮੀਤ ਸਹਾਇਕੇ ਜੀ
ਰਾਜਾ ਖੁਸ਼ੀ ਦੇ ਨਾਲ ਭਰਪੂਰ ਹੋਯਾ ਸਾਰੇ ਦੁੱਖੜੇ ਗਏ ਸਿਧਾਇਕੇ ਜੀ
ਪਿਛਲੀ ਰਾਣੀ ਨ ਰਹਿ ਗਈ ਚਿੱਤ ਚੇਤੇ ਚੜ੍ਹਿਆ ਕੈਫ ਵਿਕਾਰ ਦਾ ਧਾਇਕੇ ਜੀ
ਸਿਆਣੇ ਆਖਦੇ ਨੇ ਰੰਨਾ ਜ਼ੈਹਰ ਭਰੀਆਂ ਮਾਰਨ ਕਾਮ ਦੀ ਜ਼ੈਹਰ ਚੜ੍ਹਾਇਕੇ ਜੀ
ਜੇੜ੍ਹੇ ਮਰਦ ਨੂੰ ਕਾਮ ਦੀ ਚਾਟ ਲੱਗੀ ਮਰਦਾ ਅੰਤ ਵੇਲੇ ਪੱਛੋਤਾਇਕੇ ਜੀ
ਦੌਲਤ ਰਾਮ ਉਸ ਵਕਤ ਨੂੰ ਯਾਦ ਕਰਸੀ ਜਦੋਂ ਦੁੱਖੜੇ ਪੈਨਗੇ ਆਇਕੇ ਜੀ ।

## ਸ਼ਿਫ਼ਤ ਰਾਣੀ ਚੰਦ੍ਰਵਤੀ ਦੀ

ਚੰਦ੍ਰਵਤੀ ਦੀ ਕਰਾਂ ਕੀ ਸਿਫਤ ਯਾਰੋ ਚੇਹਰਾ ਚਮਕਦਾ ਚੰਨ ਦੇ ਨੂਰ ਵਾਂਗੂੰ
ਸੁੰਦਰ ਚਾਲ ਆਹੀ ਹਾਥੀ ਮਸਤ ਜੇਹੀ ਸੋਹਣਾ ਕੱਦ ਸੀ ਸਰੂ ਖਜੂਰ ਵਾਂਗੂੰ
ਹੰਸਨ ਗੁਲ ਗੁਲਾਬ ਕਪੋਲ ਦੋਵੇਂ ਲਬਾਂ ਮਿੱਠੀਆਂ ਰਸ ਅੰਗੂਰ ਵਾਂਗੂੰ
ਚਿੱਟੇ ਦੰਦ ਆਹੇ ਮਿਸਲ ਮੋਤੀਆਂ ਦੀ ਲਾਲੀ ਲਬਾਂ ਦੀ ਰੰਗ ਸੰਧੂਰ ਵਾਂਗੂੰ
ਠੋਡੀ ਸਾਫ ਗਲਾਸ ਬਲੌਰ ਕੋਲੋਂ ਭਵ੍ਹਾਂ ਤਰੇਢੀਆਂ ਤੇਗ਼ ਦਸਤੂਰ ਵਾਂਗੂੰ
ਦੋਵੇ ਨੈਣ ਸ਼ਰਾਬ ਦੇ ਰੰਗ ਆਹੇ ਮਾਰੇ ਬਿਰਹੋਂ ਦੇ ਤੀਰ ਫਤੂਰ ਵਾਂਗੂੰ
ਪਾ ਕੇ ਜ਼ੁਲਫ ਦਾ ਪੇਚ ਦਿਲ ਆਸ਼ਕਾਂ ਦਾ ਲੈਂਦੀ ਖਿੱਚ ਓਹ ਯਾਰ ਜਮੂਰ ਵਾਂਗੂੰ
ਕਾਮੀ ਪੁਰਸ਼ ਪਤੰਗ ਦੇ ਵਾਂਗ ਸੜਦੇ ਪਈ ਨਿਕਲੇ ਲਾਟ ਤਨੂਰ ਵਾਂਗੂੰ
ਪੁਸ਼ਪ ਹੁਸਨ ਦਾ ਦੇਖ਼ ਕੇ ਭੌਰ ਆਸਕ ਜਮ੍ਹਾਂ ਹੋਂਵਦੇ ਬੇੜੀ ਦੇ ਪੂਰ ਵਾਂਗੂੰ
ਸ਼ਕਲ ਦੇਖ ਕੇ ਅਕਲ ਇਨਸਾਨ ਸੰਦੀ ਉਡ ਜਾਂਵਦੀ ਪਾਣੀ ਦੇ ਬੂਰ ਵਾਂਗੂੰ
ਖ਼ੰਜਰ ਚਮਕਦਾ ਵੇਖ ਕੇ ਹੁਸਨ ਵਾਲਾ ਆਸ਼ਕ ਹੋਂਵਦੇ ਕਤਲ ਮਨਸੂਰ ਵਾਂਗੂੰ
ਟੁਰਿਆਂ ਜਾਂਦਿਆ ਪਾਂਧੀਆਂ ਲੁੱਟ ਲੈਂਦੀ ਪੈ ਗਈ ਲੁੱਟ ਪਿਸੌਰ ਕਸੂਰ ਵਾਂਗੂੰ
ਕੁੰਡੀ ਰੂਪ ਦੀ ਘੱਤ ਦਿਲ ਰੂਪ ਸੰਦਾ ਲੈਂਦੀ ਕੱਢ ਗਲੋਟੇ ਦੇ ਘੂਰ ਵਾਂਗੂੰ
ਜੇੜ੍ਹੀ ਵਾ ਆਵੇ ਉਸ ਦੇ ਬਦਨ ਵਲੋਂ ਉਸ ਦੀ ਖ਼ੁਸ਼ਬੂ ਅਤਰ ਕਫੂਰ ਵਾਂਗੂੰ
ਬਹੁਤ ਹੋਰ ਕੀ ਕਰਾਂ ਤਾਰੀਫ਼ ਯਾਰੋ ਹੈਸੀ ਸ਼ਕਲ ਬਹਿਸ਼ਤ ਦੀ ਹੂਰ ਵਾਂਗੂੰ
ਦੌਲਤ ਰਾਮ ਦਿਲ ਦੇਖ ਕੇ ਰੂਪ ਸੋਹਣਾ ਉਡ ਜਾਂਵਦਾ ਮੁਸ਼ਕ ਕਪੂਰ ਵਾਂਗੂੰ
ਕੂੜੀ ਏਸ ਜਹਾਨ ਦੀ ਸਿਫਤ ਯਾਰੋ ਇਸਨੂੰ ਛੱਡ ਭਗਵਾਨ ਦਾ ਧਿਆਨ ਕਰੀਏ
ਕਲੂ ਕਾਲ ਦਾ ਸਿੰਧ ਅਥਾਹ ਚੜ੍ਹਿਆ ਇਸਦੇ ਤਰਨ ਦਾ ਕੁਝ ਸਮਾਨ ਕਰੀਏ
ਮੁੜ ਕੇ ਫੇਰ ਨਾ ਜਨਮ ਜੰਜਾਲ ਹੋਵੇ ਦਿਲ ਨੂੰ ਨਾਮ ਦੇ ਵਿਚ ਗ਼ਲਤਾਨ ਕਰੀਏ
ਜਿਨ੍ਹਾਂ ਵਾਸਤੇ ਐਡਾ ਪਸਾਰ ਕੀਤਾ ਅੱਗੋਂ ਓਹਨਾ ਦਾ ਕੁਝ ਬਯਾਨ ਕਰੀਏ
ਸਾਰਾ ਰੂਪ ਬਸੰਤ ਦਾ ਹਾਲ ਭਾਈ ਨਾਮ ਪ੍ਰੇਮ ਦੇ ਅੱਜ ਬਖਾਨ ਕਰੀਏ

ਜਿਨ੍ਹਾਂ ਧਰਮ ਦੇ ਵਾਸਤੇ ਕਸ਼ਟ ਝੱਲੇ ਓਨ੍ਹਾਂ ਜਨਾਂ ਤੇ ਜਾਨ ਕੁਰਬਾਨ ਕਰੀਏ
ਦੌਲਤ ਰਾਮ ਸਭ ਦੁੱਖਾਂ ਦਾ ਨਸ਼ਟ ਹੋਵੇ ਸੱਚੇ ਯਾਰ ਦਾ ਹੁਕਮ ਪ੍ਰਮਾਨ ਕਰੀਏ

## ਰੂਪ ਬਸੰਤ ਕਾ ਰਾਣੀ ਕੋ ਮਿਲਣ ਜਾਣਾ

ਇਕ ਰੋਜ਼ ਬਸੰਤ ਤੇ ਰੂਪ ਦੋਵੇਂ ਆਪਸ ਵਿਚ ਦਲੀਲ ਬਣਾਇ ਸੈਂਠੇ
ਚਲੋ ਮਾਈ ਦਾ ਚਲ ਕੇ ਦਰਸ ਕਰੀਏ ਦੋਵੇਂ ਵੀਰ ਏਹ ਗੱਲ ਪਕਾਇ ਬੈਠੇ
ਐਸੀ ਹੋਣੀ ਨੇ ਆਇਕੇ ਮੱਤ ਮਾਰੀ ਦੇਖੋ ਸੁੱਤੀਆਂ ਕਲਾਂ ਜਗਾਇ ਬੈਠੇ
ਦੋਵੇਂ ਉਠ ਕੇ ਤੁਰਤ ਤਯਾਰ ਹੋਏ ਚਾਲੇ ਚਾਲ ਮਹੱਲ ਮੇਂ ਜਾਇ ਬੈਠੇ
ਜੋੜੇ ਹੱਥ ਤੇ ਮਾਤਾ ਦੇ ਚਰਨ ਪਕੜੇ ਨਾਲ ਆਜਜ਼ੀ ਸੀਸ ਨਿਵਾਇ ਬੈਠੇ
ਮੱਥਾ ਟੇਕਦੇ ਹਾਂ ਸਾਡੀ ਧਰਮ ਮਾਏ ਇਤਨਾ ਸੁਖ਼ਨ ਉਹ ਮੁੱਖੋਂ ਸੁਣਾਇ ਬੈਠੇ
ਹੋਏ ਹੋਰ ਦੇ ਹੋਰ ਹੀ ਤੌਰ ਯਾਰੋ ਕੋਈ ਵਕਤ ਕਵੱਲੜੇ ਆਇ ਬੈਠੇ
ਦੌਲਤ ਰਾਮ ਰਾਣੀ ਬੇਈਮਾਨ ਹੋਈ ਪੁੱਤ੍ਰ ਆਪਣਾ ਧਰਮ ਨਭਾਇ ਬੈਠੇ

## ਰਾਣੀ ਦਾ ਧਰਮ ਭ੍ਰਸ਼ਟ ਹੋ ਜਾਣਾ

ਅੱਖੀਂ ਦੇਖ ਕੇ ਦੁਹਾਂ ਸ਼ਾਹਜ਼ਾਦਿਆਂ ਨੂੰ ਰਾਣੀ ਹੋਰ ਦਲੀਲ ਠਹਿਰਾਇ ਬੈਠੀ
ਦੀਵੇ ਬੁਧਿ ਦੇ ਚੰਦਰੀ ਗੁੱਲ ਕੀਤੇ ਕਾਮਦੇਵ ਦੀ ਰੋਸ਼ਨੀ ਲਾਇ ਬੈਠੀ
ਬੇੜਾ ਧਰਮ ਈਮਾਨ ਸੁਸ਼ੀਲਤਾ ਦਾ ਨਦੀ ਕਾਮ ਦੀ ਵਿਚ ਰੁੜ੍ਹਾਇ ਬੈਠੀ
ਸੂਰਤ ਦੇਖ ਭੈੜੀ ਮੂਰਤ ਕੰਧ ਹੋਈ ਸਾਰਾ ਅਕਲ ਤੇ ਹੋਸ ਭੁਲਾਇ ਬੈਠੀ
ਦੇਖੋ ਨਾਰ ਬਦਕਾਰ ਦੇ ਕੰਮ ਯਾਰੋ ਲੱਗੇ ਪੁੱਤ ਤੇ ਯਾਰ ਬਣਾਇ ਬੈਠੀ
ਬੁੱਢੇ ਕੰਤ ਤੋਂ ਆਨ ਕੇ ਚਿੱਤ ਚਾਯਾ ਸੋਹਣਾ ਹਾਣ ਪ੍ਰਮਾਣ ਤਕਾਇ ਬੈਠੀ
ਆ ਕੇ ਹੋਣੀ ਨੇ ਬੁਧਿ ਦਾ ਨਸ਼ਟ ਕੀਤਾ ਅੱਖੀਂ ਵੇਖ ਕੇ ਜ਼ਹਿਰ ਨੂੰ ਖਾਇ ਬੈਠੀ
ਮਾਰੀ ਸ਼ਰਮ ਦੀ ਸੀਸ ਤੇ ਹੱਥ ਫੇਰੇ ਅੰਪਰ ਅੰਦਰੋਂ ਧਰਮ ਗਵਾਇ ਬੈਠੀ
ਦੋਵੇਂ ਕੁੰਵਰ ਆਹੇ ਇਕੋ ਰੂਪ ਸੋਹਣੇ ਅੰਪਰ ਨੀਤ ਬਸੰਤ ਤੇ ਲਾਈ ਬੈਠੀ
ਕੌਣ ਜਾਣਦਾ ਕਿਸੇ ਦੀ ਕੇਹੀ ਮਰਜ਼ੀ ਵਿੱਚੇ ਵਿਚ ਓਹ ਜਿਗਰ ਜਲਾਇ ਬੈਠੀ
ਮੱਥਾ ਟੇਕ ਕੇ ਟੁਰ ਗਏ ਕੁੰਵਰ ਦੋਵੇ ਭੈੜੀ ਸੋਗ ਦਾ ਪਲੜਾ ਪਾਇ ਬੈਠੀ
ਦੌਲਤ ਰਾਮ ਜਦ ਪੇਸ਼ ਨ ਗਈ ਕੋਈ ਘੁੱਟ ਵੱਟ ਕੇ ਵਕਤ ਲੰਘਾਇ ਬੈਠੀ

## ਵਾਕ ਕਵੀਸ਼ਰ

ਯਾਰੋ ਉਮਰ ਜੁਆਨੀ ਦਾ ਬੁਰਾ ਵੇਲਾ ਜੋਬਨ ਠੱਗ ਬਨਾਰਸੀ ਠੱਗ ਜਾਏ
ਜੋਬਨ ਆਂਵਦਾ ਹੈ ਜਦੋਂ ਆਦਮੀ ਤੇ ਤਦੋਂ ਲੱਗ ਮਨੋਜ ਦੀ ਅੱਗ ਜਾਏ
ਕੋਠਾ ਗਿਆਨ ਵਿਚਾਰ ਦਾ ਸਾੜ ਦੇਂਦੀ ਕਾਮਦੇਵ ਦੀ ਅੱਗ ਜਾਂ ਜੱਗ ਜਾਏ
ਜ਼ਾਲਮ ਕਾਮ ਦੇ ਜੰਗ ਤੇ ਖ਼ੌਫ਼ ਖਾ ਕੇ ਦਯਾ ਸ਼ਰਮ ਸੁਸ਼ੀਲਤਾ ਭੱਗ ਜਾਏ

ਦੇਖੋ ਜਾਤ ਕੁਜਾਤ ਨਾ ਜਾ ਕੋਈ ਜਿਸ ਦਾ ਟੁੱਟ ਹਿਯਾ ਦਾ ਤੱਗ ਜਾਏ
ਬਚੇ ਕਾਮ ਕੋਲੋਂ ਕੋਈ ਰੱਬ ਵਾਲਾ ਜਿਸ ਨੂੰ ਆਰਫ਼ਾ ਦੀ ਸੋਹਬਤ ਲੱਗ ਜਾਏ
ਰਾਣੀ ਪੁੱਤ੍ਰ ਤੇ ਧਰਮ ਗਵਾਇ ਬੈਠੀ ਅੰਦਰ ਅੱਗ ਲੱਗੀ ਮੂੰਹੋਂ ਝੱਗ ਜਾਏ
ਦੌਲਤ ਰਾਮ ਭਗਵਾਨ ਦਾ ਫ਼ਜ਼ਲ ਮੰਗੋ ਭੈੜੀ ਵਾ ਨ ਕਿਸੇ ਤੇ ਵੱਗ ਜਾਏ
ਵੇਲਾ ਨੇਕ ਆਵੇ ਜਦੋਂ ਆਦਮੀ ਤੇ ਪੜਦਾ ਅਕਲ ਵਾਲਾ ਆਪੇ ਖੁੱਲ੍ਹ ਜਾਏ
ਆਵਨ ਵਖ਼ਤ ਬਦਬਖ਼ਤ ਜੇ ਸਖ਼ਤ ਹੋ ਕੇ ਦੀਵਾ ਜਗਦਾ ਜਗਦਾ ਗੁੱਲ ਜਾਏ
ਆਵੇ ਖ਼ਿਜ਼ਾਂ ਦੀ ਰੁੱਤ ਜਾਂ ਸਖ਼ਤ ਯਾਰੋ ਆਪੇ ਤੁੱਟ ਗੁਲਾਬ ਦਾ ਫੁੱਲ ਜਾਏ
ਹੋਣੀ ਆਂਵਦੀ ਹੈ ਜਦੋਂ ਆਦਮੀ ਤੇ ਤਦੋਂ ਅਕਲ ਤੇ ਚਾਤਰੀ ਭੁੱਲ ਜਾਏ
ਨੇਤ੍ਰ ਬੁਧਿ ਦੇ ਬੰਦ ਹੋ ਜਾਂਵਦੇ ਨੇ ਜਿੱਥੇ ਕਾਮ ਅੰਧੇਰੜੀ ਘੁੱਲ ਜਾਏ
ਹੀਰਾ ਜਨਮ ਅਮੋਲ ਇਨਸਾਨ ਸੰਦਾ ਬਿਨਾਂ ਬੰਦਗੀ ਖ਼ਾਕ ਮੇਂ ਰੁਲ ਜਾਏ
ਬੰਦੇ ਵਾਦੀਆਂ ਆਦਤਾ ਵੱਸ ਹੋਏ ਕੇਹੜਾ ਸੱਚ ਵਾਲੇ ਕੰਡੇ ਤੁੱਲ ਜਾਏ
ਦੌਲਤ ਰਾਮ ਨਾ ਕਿਸੇ ਦੀ ਪੇਸ਼ ਜਾਵੇ ਨੇਜ਼ਾ ਹੋਣੀ ਦਾ ਸੀਸ ਤੇ ਝੁਲ ਜਾਏ

## ਹਾਲ ਰਾਣੀ ਚੰਦਰਬਦਨ ਦਾ ਬਸੰਤ ਦੇ ਵਿਯੋਗ ਵਿਚ

ਦੇਖੋ ਹੋਣੀ ਨੇ ਰਾਣੀ ਦੀ ਮੱਤ ਮਾਰੀ ਵਿਸ਼ੇ ਵਾਸਤੇ ਧਰਮ ਗਵਾਉਂਦੀਏ
ਮਾਰੀ ਸ਼ਰਮ ਦੀ ਗੱਲ ਨਾ ਜ਼ਾਹਿਰ ਕਰਦੀ ਵਿੱਚੇ ਵਿਚ ਓਹ ਜਿਗਰ ਜਲਾਉਂਦੀਏ
ਲੱਗੀ ਅੱਗ ਬਾਰੂਦ ਦੀ ਕੋਠੜੀ ਨੂੰ ਉੱਤੇ ਟੋਕਰੀ ਰਖ ਬੁਝਾਉਂਦੀਏ
ਸੋਨਾ ਚਿੱਤ ਤੇ ਇਸ਼ਕ ਦੀ ਅੱਗ ਲੈ ਕੇ ਪਾਸੇ ਕਾਮ ਕੁਠਾਲੜੀ ਤਾਉਂਦੀਏ
ਰੋਵੇ ਬੈਠ ਕੇ ਚੋਰ ਦੀ ਮਾਉਂ ਵਾਂਗੂੰ ਐਪਰ ਜ਼ਾਹਰਾ ਨਹੀਂ ਸੁਣਾਉਂਦੀਏ
ਸੋਹਣੇ ਹਾਨ ਪ੍ਰਮਾਨ ਨੂੰ ਵੇਖ ਅੱਖੀਂ ਬੁੱਢੇ ਕੰਤ ਨੂੰ ਦਿਲੋਂ ਭੁਲਾਉਂਦੀਏ
ਲੇਖਾਂ ਬਾਝ ਸੰਜੋਗ ਤੇ ਭੋਗ ਨਾਹੀਂ ਲਿਖੇ ਲੇਖ ਨੂੰ ਪਈ ਮਟਾਉਂਦੀਏ
ਸੱਭੋ ਰੀਤ ਜਹਾਨ ਦੀ ਰੱਦ ਕਰ ਕੇ ਦੇਖੋ ਵੱਖਰਾ ਪੰਥ ਚਲਾਉਂਦੀਏ
ਕਰਮ ਧਰਮ ਤੇ ਸ਼ਰਮ ਵਸਾਰ ਕੇ ਤੇ ਸੱਕੇ ਪੁੱਤਰ ਨੂੰ ਯਾਰ ਬਣਾਉਂਦੀਏ
ਲੋਕ ਲਾਜ ਕੁਲਰੀਤ ਤੇ ਬੇਦ ਤਾਈਂ ਭੈੜੀ ਸਿੰਧ ਦੇ ਵਿਚ ਰੁੜ੍ਹਾਉਂਦੀਏ
ਮਾਵਾਂ ਪੁੱਤਰਾਂ ਨੇਹੁੰ ਨ ਕਦੇ ਲੱਗੇ ਪਾੜਾ ਜ਼ਿਮੀਂ ਅਸਮਾਨ ਦਾ ਪਾਉਂਦੀਏ
ਐਪਰ ਰਾਣੀ ਦੇ ਕੁਝ ਨਾ ਵੱਸ ਯਾਰੋ ਰੇਖਾ ਲੇਖ ਦੀ ਪਈ ਕਰਾਉਂਦੀਏ
ਹੋਣੀ ਆਂਵਦੀ ਹੈ ਜਦੋਂ ਜ਼ੋਰ ਕਰਕੇ ਅੱਗੇ ਅਕਲ ਦੀ ਪੇਸ਼ ਨਾ ਜਾਉਂਦੀਏ
ਯਾਰੋ ਇਸ਼ਕ ਦੀ ਛੁਰੀ ਵੀ ਬੁਰੀ ਹੁੰਦੀ ਜਿਸਨੂੰ ਲੱਗਦੀ ਮਾਰ ਮੁਕਾਉਂਦੀਏ
ਐਸਾ ਰਾਣੀ ਨੂੰ ਆਨ ਕੇ ਇਸ਼ਕ ਲੱਗਾ ਕੋਈ ਚੀਜ਼ ਨਾ ਚਿੱਤ ਨੂੰ ਭਾਉਂਦੀਏ
ਦਮੋ ਦਮ ਬਸੰਤ ਨੂੰ ਯਾਦ ਕਰਦੀ ਇਕਦਮ ਨਾ ਮੂਲ ਭੁਲਾਉਂਦੀਏ
ਰੱਬਾ ਮੇਲ ਤੂੰ ਕਿਵੇਂ ਬਸੰਤ ਤਾਈਂ ਹੱਥ ਜੋੜ ਕੇ ਵਾਸਤਾ ਪਾਉਂਦੀਏ
ਕੋਈ ਪੇਸ਼ ਨਾ ਜਾਂਵਦੀ ਚੰਦਰੀ ਦੀ ਪਈ ਪੀਰ ਫ਼ਕੀਰ ਮਨਾਉਂਦੀਏ

ਪਾਪਣ ਪਾਪ ਉੱਤੇ ਆ ਕੇ ਲੱਕ ਬੱਧਾ ਦੂਸ਼ਣ ਦੇਵੀਆਂ ਦੇਵਤਿਆਂ ਲਾਉਂਦੀਏ
ਦੇਵੀ ਦੇਵਤੇ ਵੀ ਉਸਨੂੰ ਦੇਣ ਮਦਤ ਜੇਹੜੀ ਨੇਕ ਅਮਾਲ ਕਮਾਉਂਦੀਏ
ਚੜ੍ਹ ਚੜ੍ਹ ਦੇਖਦੀ ਰੰਗ ਮਹੱਲ ਉੱਤੇ ਵਿੱਚੋਂ ਬਾਰੀਆਂ ਪਈ ਤਕਾਉਂਦੀਏ
ਜੇਕਰ ਰੱਬ ਸਬੱਬ ਦੀਦਾਰ ਹੋਵੇ ਤਾਂ ਵੀ ਚਿੱਤ ਨੂੰ ਸ਼ਾਂਤ ਨਾ ਆਉਂਦੀਏ
ਮਿਲਿਆਂ ਬਾਝ ਨਹੀਂ ਮਿਲਦੇ ਜ਼ਖਮ ਦਿਲ ਦੇ ਐਵੇਂ ਹਠ ਕਰ ਵਕਤ ਲੰਘਾਉਂਦੀਏ
ਭਲਾ ਚੰਦ ਚਕੋਰ ਨੂੰ ਕਦੋਂ ਮਿਲਦਾ ਐਵੇ ਸੱਖਣਾ ਚਿਤ ਡੁਲਾਉਂਦੀਏ
ਐਪਰ ਸੱਜਣੋਂ ਫ਼ਰਕ ਨਾ ਮੂਲ ਕਰਦੀ ਡਰਦੀ ਭੂਪ ਤੋਂ ਨਹੀਂ ਬੁਲਾਉਂਦੀਏ
ਜੇਹੜੇ ਵੇਲਤੇ ਕੁੰਵਰ ਨੂੰ ਦੇਖ ਬੈਠੀ ਓਸ ਵੇਲੜੇ ਨੂੰ ਪਛੋਤਾਉਂਦੀਏ
ਨਾਲੇ ਰੱਖਦੀ ਖ਼ਸਮ ਦਾ ਖ਼ੌਫ ਯਾਰੋ ਨਾਲੇ ਯਾਰ ਭੀ ਰੱਖਿਆ ਚਾਉਂਦੀਏ
ਨਾਲੇ ਰਾਮ ਦੇ ਨਾਲ ਪ੍ਰੀਤ ਰੱਖੇ ਨਾਲੇ ਕਾਮ ਦੇ ਵਿਚ ਲੁਭਾਉਂਦੀਏ
ਨਾਲੇ ਜੱਗ ਦੇ ਭੋਗ ਸੰਯੋਗ ਚਾਹੇ ਨਾਲੇ ਜੋਗ ਦੀ ਰੀਤ ਕਮਾਉਂਦੀਏ
ਦੁਹਾਂ ਬੇੜੀਆਂ ਦੇ ਉਥੇ ਪੈਰ ਧਰਦੀ ਨਾਲੇ ਜੀਵ ਨੂੰ ਪਈ ਬਚਾਉਂਦੀਏ
ਦੇਖੋ ਵਿਸ਼ੇ ਨੇ ਆਨ ਕੇ ਬੁਧ ਮਾਰੀ ਘਰ ਯਾਰ ਤੇ ਜੰਗਲੀਂ ਧਾਉਂਦੀਏ
ਨਾਲੇ ਯਾਰ ਦੇ ਨਾਲ ਪਿਆਰ ਚਾਹੇ ਨਾਲੇ ਖ਼ਸਮ ਤੋਂ ਅੱਖ ਬਚਾਉਂਦੀਏ
ਹੰਸਾਂ ਵਿਚ ਨ ਚੁਗਦੀ ਚੋਗ ਤੱਤੀ ਵਿਸ਼ਟਾ ਕਾਗ ਦੇ ਵਾਂਗਰਾ ਖਾਉਂਦੀਏ
ਖੀਰ ਖੰਡ ਤੇ ਪਈ ਸੁਆਹ ਧੂੜੇ ਕਾਂਜੀ ਦੁਧ ਦੇ ਵਿਚ ਮਲਾਉਂਦੀਏ
ਸ਼ੇਰ ਇਸਕ ਦੇ ਮੂੰਹ ਵਿਚ ਹੱਥ ਦੇ ਕੇ ਪਈ ਹੁਜਕਿਆਂ ਨਾਲ ਛੁਡਾਉਂਦੀਏ
ਅੱਠੇ ਜਾਮ ਦਾ ਨੀਂਦ ਅਰਾਮ ਆਵੇ ਬਿਰਹੋ ਛੁਰੀ ਕਲੇਜੜਾ ਘਾਉਂਦੀਏ
ਬਿਰਹੋਂ ਮੌਤ ਦੀ ਦੂਸਰੀ ਭਣ ਯਾਰੋ ਜੇਹੜੀ ਖ਼ਾਕ ਦੇ ਵਿਚ ਰੁਲਾਉਂਦੀਏ
ਰੋਮ ਰੋਮ ਦੇ ਵਿਚ ਬਸੰਤ ਰਚਿਆ ਬੈਠੀ ਗੀਤ ਮਹਿਬੂਬ ਦੇ ਗਾਉਂਦੀਏ
ਦੌਲਤ ਰਾਮ ਕੁਝ ਜ਼ੋਰ ਨਾ ਪੇਸ਼ ਜਾਵੇ ਮਨ ਮਾਰ ਕੇ ਵਕਤ ਟਪਾਉਂਦੀਏ

## ਵਾਕ ਕਵੀਸ਼ਰ

ਏਸੇ ਹਾਲ ਅੰਦਰ ਰਾਣੀ ਤੱਕਦੀ ਨੂੰ ਸੱਤ ਮਾਹ ਹੋ ਗਏ ਬਤੀਤ ਯਾਰੋ
ਐਪਰ ਕੁਝ ਬਸੰਤ ਨੂੰ ਖ਼ਬਰ ਨਾਹੀਂ ਰਾਣੀ ਧਾਰ ਬੈਠੀ ਖੋਟੀ ਨੀਤ ਯਾਰੋ
ਭੈੜਾ ਕਰਮ ਉਹ ਕਰਨ ਤੇ ਨਹੀ ਟਲਦੇ ਜੇਹੜੇ ਮਰਦ ਬਦਬਖ਼ਤ ਪਲੀਤ ਯਾਰੋ
ਸੁਖ ਓਨ੍ਹਾਂ ਦੇ ਨਹੀਂ ਨਸੀਬ ਹੁੰਦਾ ਛੱਡੀ ਜਿਨ੍ਹਾਂ ਨੇ ਵੇਦ ਦੀ ਰੀਤ ਯਾਰੋ
ਅੱਠੇ ਜਾਮ ਜੋ ਕਾਮ ਦਾ ਖ਼ਿਆਲ ਰੱਖੇ ਓਹਨੂੰ ਜਾਣੀਏ ਮਹਾਂ ਅਨੀਤ ਯਾਰੋ
ਮੌਕਾ ਓਸਦਾ ਭੀ ਕਦੀ ਲੱਗ ਜਾਂਦਾ ਐਪਰ ਹੋਂਵਦੀ ਅੰਤ ਨਾ ਜੀਤ ਯਾਰੋ
ਦੌਲਤ ਰਾਮ ਹੁਣ ਰਾਣੀ ਤੇ ਕੁੰਵਰ ਸੰਦੀ ਹਾਲਤ ਸੁਣੋ ਖਾਂ ਨਾਲ ਪ੍ਰੀਤ ਯਾਰੋ

## ਹਾਲ ਰੂਪ ਬਸੰਤ ਦਾ

ਇਕ ਰੋਜ਼ ਬਸੰਤ ਦੇ ਰੂਪ ਸੰਦਾ ਲੱਗਾ ਮਾਈ ਦੀ ਤਰਫ ਕਿਆਸ ਭਾਈ
ਅਸਲੀ ਮਾਂ ਜਿਸ ਨੇ ਪੇਟੋਂ ਜਾਇਆ ਸੀ ਜੇੜ੍ਹੀ ਹੋ ਗਈ ਸੁਰਗ ਨਿਵਾਸ ਭਾਈ
ਮਾਯਾ ਮੋਹ ਜਹਾਨ ਦਾ ਆਨ ਲੱਗਾ ਹੋਯਾ ਗਿਆਨ ਬਿਬੇਕ ਦਾ ਨਾਸ ਭਾਈ
ਦੀਵੇ ਬੁਧ ਵਿਚਾਰ ਦੇ ਗੁੱਲ ਹੋਏ ਕੀਤਾ ਮੋਹ ਨੇ ਆਨ ਪ੍ਰਕਾਸ਼ ਭਾਈ
ਲੱਗਾ ਜਾਲ ਅਗਿਆਨ ਦਾ ਮੋਹ ਦਾਣਾ ਪੰਛੀ ਮਨ ਗਿਆ ਵਿਚ ਫਾਸ ਭਾਈ
ਬਾਲ ਉਮਰ ਸੀ ਰੂਪ ਬਸੰਤ ਸੰਦੀ ਦੂਜਾ ਲੱਗਿਆ ਮੋਹ ਅਵਾਸ ਭਾਈ
ਕੇੜ੍ਹੇ ਤੌਰ ਦੇ ਨਾਲ ਓਹ ਰਹੇ ਸਾਬਤ ਦਾਣਾ ਆ ਗਿਆ ਵਿਚ ਖ਼ਰਾਸ ਭਾਈ
ਸੱਚੇ ਗੁਰੂ ਅਰ ਦੇਵ ਭਗਵਾਨ ਬਾਝੋਂ ਨਹੀਂ ਹੋਂਵਦੀ ਬੰਦ ਖ਼ਲਾਸ ਭਾਈ
ਔਖੇ ਵਕਤ ਸਭ ਨੂੰ ਮਾਈ ਯਾਦ ਆਵੇ ਜਦੋਂ ਹੋਂਵਦਾ ਦੁਖ ਤਰਾਸ ਭਾਈ
ਮਾਈ ਮੂਲ ਨਾ ਭੁੱਲਦੀ ਪੁਤ੍ਰਾਂ ਨੂੰ ਭਾਵੇਂ ਗੁਜ਼ਰ ਜਾਵਨ ਕਈ ਮਾਸ ਭਾਈ
ਪਾਣੀ ਮੋਹ ਦਾ ਛਾ ਗਿਆ ਨੇਤਰਾ ਤੇ ਹੋਯਾ ਦੋਹਾਂ ਦਾ ਚਿੱਤ ਉਦਾਸ ਭਾਈ
ਧਰਮ ਚੰਦ ਵਜ਼ੀਰ ਦਾ ਇਕ ਲੜਕਾ ਆਯਾ ਸੈਰ ਕਰਦਾ ਉਨ੍ਹਾਂ ਪਾਸ ਭਾਈ
ਡਿੱਠਾ ਆਇਕੇ ਓਸਨੇ ਨਾਲ ਚਸ਼ਮਾ ਭਰਦੇ ਕੁੰਵਰ ਦੋਵੇਂ ਉੱਭੇ ਸਾਸ ਭਾਈ
ਹੈਸੀ ਪੁੱਤ ਵਜੀਰ ਦਾ ਅਕਲ ਵਾਲਾ ਲੱਗਾ ਕਰਨ ਓਹ ਹਾਸ ਬਿਲਾਸ ਭਾਈ
ਕਦੇ ਗੰਜਫਾ ਕਦੇ ਸ਼ਤਰੰਜ ਲਿਆਵੇ ਕਦੇ ਕੱਢ ਬੈਠੇ ਪਾਸਾ ਤਾਸ਼ ਭਾਈ
ਲੱਗੇ ਕੁਝ ਨਾ ਭਲਾ ਸਾਹਜ਼ਾਦਿਆ ਨੂੰ ਹੋਯਾ ਚਿੱਤ ਮੇ ਮੋਹ ਦਾ ਵਾਸ ਭਾਈ
ਭੈੜਾ ਦੇਖ ਕੇ ਮੁਖ ਸ਼ਾਹਜ਼ਾਦਿਆ ਦਾ ਲੱਗਾ ਕਰਨ ਓਹ ਖ਼ੂਬ ਕਿਆਸ ਭਾਈ
ਰੱਬਾ ਇਨ੍ਹਾਂ ਦਾ ਚਿੱਤ ਨਾ ਰੰਜ ਹੋਵੇ ਕਰਦਾ ਜੋੜ ਕੇ ਹੱਥ ਅਰਦਾਸ ਭਾਈ
ਛੇਕੜ ਹੋਰ ਤਦਬੀਰ ਬਣਾਵਦਾ ਸੀ ਦੌਲਤ ਰਾਮ ਭਗਵਾਨ ਦਾ ਦਾਸ ਭਾਈ

## ਧਰਮ ਚੰਦ ਵਜ਼ੀਰ ਦੇ ਲੜਕੇ ਨੇ ਗੇਂਦ ਦੀ ਖੇਲ ਰਚਨੀ ਰੂਪ ਬਸੰਤ ਦਾ ਸੋਗ ਦੂਰ ਕਰਨ ਵਾਸਤੇ

ਕਰਕੇ ਚਿਤ ਦੇ ਨਾਲ ਦਲੀਲ ਲੜਕਾ ਓਸੇ ਵਕਤ ਹੀ ਉਠ ਸਿਧਾਂਵਦਾ ਸੀ
ਲੜਕੇ ਕੁਲ ਅਮੀਰਾਂ ਦੇ ਜਮ੍ਹਾਂ ਕਰਕੇ ਆ ਕੇ ਗੇਂਦ ਦੇ ਖੇਲ ਰਚਾਵਦਾ ਸੀ
ਕਰਕੇ ਗੇਂਦ ਦੀ ਖੇਲ ਨੂੰ ਸ਼ੁਰੂ ਯਾਰੋ ਫੇਰ ਪਾਸ ਸ਼ਾਹਜਾਦਿਆ ਆਂਵਦਾ ਸੀ
ਕਰਦਾ ਅਦਬ ਅਦਾਬ ਸ਼ਾਹਜ਼ਾਦਿਆਂ ਦਾ ਮਿੱਠੀ ਜੀਭ ਦੇ ਨਾਲ ਬੁਲਾਂਵਦਾ ਸੀ
ਕਸਰਤ ਬਹੁਤ ਇਨਸਾਨ ਨੂੰ ਵਫਾ ਦੇਂਦੀ ਦੇਖੋ ਅਕਲ ਦਾ ਪੇਚ ਦੁੜਾਂਵਦਾ ਸੀ
ਕਈ ਤੌਰ ਦੇ ਹੋਰ ਦ੍ਰਿਸ਼ਟਾਂਤ ਦੇ ਕੇ ਸੋਗ ਮੋਹ ਭ੍ਰਾਤ ਮਿਟਾਂਵਦਾ ਸੀ
ਜੈਸੇ ਖ਼ਾਸ ਵਜ਼ੀਰਾਂ ਦੀ ਅਕਲ ਹੁੰਦੀ ਓਸ ਤਰ੍ਹਾਂ ਦੇ ਨਾਲ ਸਮਝਾਂਵਦਾ ਸੀ
ਬਾਹੋਂ ਪਕੜ ਕੇ ਦੋਹਾਂ ਸ਼ਾਹਜ਼ਾਦਿਆਂ ਨੂੰ ਖੇਲਣ ਗੇਂਦ ਦਾ ਢੰਗ ਸਿਖਾਂਵਦਾ ਸੀ
ਹੋਏ ਖੇਲ ਦੇ ਵਿਚ ਮਸ਼ਗੂਲ ਯਾਰੋ ਭਾਣਾ ਹੋਰ ਕਰਤਾਰ ਵਰਤਾਂਵਦਾ ਸੀ

ਦੌਲਤ ਰਾਮ ਤਕਦੀਰ ਨੂੰ ਕੌਣ ਮੋੜੇ ਏਸੇ ਤਰ੍ਹਾਂ ਭਗਵਾਨ ਨੂੰ ਭਾਂਵਦਾ ਸੀ
ਐਸੇ ਚਤਰ ਅਤੇ ਵਿੱਦਜਵਾਨ ਤਾਈਂ ਖੁੱਦੋ ਖੇਲਣੇ ਦੀ ਕੇਹੜੀ ਗੱਲ ਯਾਰੋ
ਐਪਰ ਕਿਸੇ ਦੇ ਕੁਝ ਅਖ਼ਤਯਾਰ ਨਾਹੀਂ ਹੋਣੀ ਆਪ ਸਿਖਾਂਵਦੀ ਵੱਲ ਯਾਰੋ
ਰੂਪਵਤੀ ਦੇ ਹੇਠ ਮਹੱਲ ਜਾ ਕੇ ਪਾਯਾ ਲੜਕਿਆਂ ਵੱਡਾ ਭੁਚੱਲ ਯਾਰੋ
ਪਏ ਚੋਟ ਤੇ ਚੋਟ ਚਲਾਂਵਦੇ ਨੀ ਮਾਰਨ ਗੇਂਦ ਉੱਛਲ ਉੱਛਲ ਯਾਰੋ
ਰਾਣੀ ਦੇਖਦੀ ਵਿਚ ਝਰੋਖਿਆਂ ਦੇ ਐਪਰ ਧਿਆਨ ਬਸੰਤ ਦੀ ਵੱਲ ਯਾਰੋ
ਦੇਖ ਦੇਖ ਕੇ ਵੱਡੀ ਆਨੰਦ ਹੋਵੇ ਸੁੱਕੀ ਵੱਲ ਨੂੰ ਮਿਲ ਗਿਆ ਜਲ ਯਾਰੋ
ਉੱਤੋਂ ਸ਼ਾਮ ਦਾ ਵਕਤ ਭੀ ਆਨ ਹੋਯਾ ਗਈ ਧੁੱਪ ਦੁਪਹਿਰ ਦੀ ਢੱਲ ਯਾਰੋ
ਦੌਲਤ ਰਾਮ ਬਸੰਤ ਨੇ ਚੋਟ ਮਾਰੀ ਖੁੱਦੋ ਜਾ ਪਈ ਵਿਚ ਮਹੱਲ ਯਾਰੋ

## ਵਾਕ ਕਵੀਸ਼ਰ ਗੇਂਦ ਲੁਕਾਵਨੀ ਰਾਣੀ ਨੇ

ਗੇਂਦ ਜਾਇਕੇ ਗਿਰੀ ਮਹੱਲ ਅੰਦਰ ਰਾਣੀ ਚੁੱਕ ਕੇ ਤੁਰਤ ਲੁਕਾਂਵਦੀ ਏ
ਜਿਸ ਦਾ ਅੰਦਰੋਂ ਚਿੱਤ ਪਲੀਤ ਹੋਵੇ ਉਸ ਨੂੰ ਅਕਲ ਅਸਮਾਨ ਤੋਂ ਆਂਵਦੀ ਏ
ਹੈਸਨ ਗੋਲੀਆਂ ਦੋ ਮੌਜੂਦ ਓਥੇ ਰਾਣੀ ਓਹਨਾਂ ਤੇ ਹੁਕਮ ਚਲਾਂਵਦੀ ਏ
ਆਖੇ ਬਾਗ਼ ਵਿਚੋਂ ਜਾ ਕੇ ਫੁਲ ਲਿਆਓ ਉਸੇ ਵਕਤ ਓਹ ਤੁਰਤ ਦੁੜਾਂਵਦੀ ਏ
ਹੋਈਆਂ ਦਾਸੀਆਂ ਝੱਟ ਰਵਾਨ ਯਾਰੋ ਲੱਖ ਲੱਖ ਓਹ ਸ਼ੁਕਰ ਮਨਾਂਵਦੀ ਏ
ਜਾ ਕੇ ਤੀਸਰੇ ਕੋਠੇ ਦੇ ਵਿਚ ਰਾਣੀ ਸੋਹਣਾ ਰੇਸ਼ਮੀ ਪਲੰਘ ਵਛਾਂਵਦੀ ਏ
ਆਖੇ ਅੱਜ ਬਸੰਤ ਦਾ ਮੇਲ ਹੋਸੀ ਜਾਮੇ ਵਿਚ ਨਾ ਮੂਲ ਸਮਾਂਵਦੀ ਏ
ਦੌਲਤ ਰਾਮ ਵਛਾਇਕੇ ਪਲੰਘ ਤਾਈਂ ਬੈਠੀ ਕੁੰਵਰ ਦਾ ਰਾਹ ਤਕਾਂਵਦੀ ਏ

## ਬਸੰਤ ਦਾ ਜਾਣਾ ਗੇਂਦ ਲੈਣ ਵਾਸਤੇ

ਖੁੱਦੋ ਲੈਣ ਨੂੰ ਗਿਆ ਬਸੰਤ ਯਾਰੋ ਹੋਣੀ ਨਾਲ ਹੀ ਕਦਮ ਉਠਾ ਗਈ ਜੇ
ਵਰਤ ਗਈ ਏਹ ਨਾਲ ਪੈਗ਼ੰਬਰਾਂ ਦੇ ਹੋਣੀ ਸੁੱਤੀਆਂ ਕਲਾਂ ਜਗਾ ਗਈ ਜੇ
ਈਸੇ ਮੂਸੇ ਮੁਸਤਫ਼ਾ ਨਾਲ ਹੋਈ ਅਲੀ ਬਲੀ ਨੂੰ ਮਾਰ ਕੇ ਖਾ ਗਈ ਜੇ
ਮਾਰੇ ਹਸਨ ਹੁਸੈਨ ਅਮਾਮਜ਼ਾਦੇ ਜ਼ੈਨਬ ਰੂਪ ਹੋ ਕੇ ਹੋਣੀ ਆ ਗਈ ਜੇ
ਸੁਲੇਮਾਨ ਭਠਿਆਰੀ ਦਾ ਭੱਠ ਝੋਕੇ ਚਿਖਾ ਵਿਚ ਖ਼ਲੀਲ ਨੂੰ ਪਾ ਗਈ ਜੇ
ਸੂਲੀ ਨਾਲ ਮਨਸੂਰ ਨੂੰ ਚੂਰ ਕੀਤਾ ਸ਼ੱਮਸ਼ ਜਿਹਾਂ ਦੀ ਖੱਲ ਲੁਹਾ ਗਈ ਜੇ
ਆਰੀ ਨਾਲ ਚਿਰਾਯਾ ਜ਼ਿਕਰੀਏ ਨੂੰ ਯੂਸਫ਼ ਜਿਹਾਂ ਨੂੰ ਕੈਦ ਕਰਾ ਗਈ ਜੇ
ਬੁਲ੍ਹੇਸ਼ਾਹ ਤਾਈਂ ਇੱਟਾਂ ਮਾਰੀਆਂ ਨੇ ਹੋਣੀ ਸ਼ਰ੍ਹਾ ਦੀ ਬਹੁਤ ਅਕਾ ਗਈ ਜੇ
ਹੋਣੀ ਭਗਤ ਕਬੀਰ ਦੇ ਨਾਲ ਹੋਈ ਸੰਗਲ ਘੱਤ ਕੇ ਨੀਰ ਡੁਬਾ ਗਈ ਜੇ
ਨਾਨਕ ਸ਼ਾਹ ਉੱਤੇ ਜਦੋਂ ਪਈ ਹੋਣੀ ਉਸਨੂੰ ਕੈਦ ਦੇ ਵਿਚ ਫਸਾ ਗਈ ਜੇ

ਨਾਮ ਦੇਵ ਉੱਤੇ ਹੋਣੀ ਆਨ ਵਰਤੀ ਗਊ ਮਾਰ ਕੇ ਮਾਮਲੇ ਪਾ ਗਈ ਜੇ
ਵਿਸ਼ਣੂ ਨਾਲ ਵੀ ਹੋਣੀ ਨੇ ਦਗ਼ਾ ਕੀਤਾ ਮਹਾਂ ਦੇਵ ਦੀ ਸਤੀ ਜਲਾ ਗਈ ਜੇ
ਪੰਜਾਂ ਪਾਂਡਵਾਂ ਦੀ ਨਾਰੀ ਦ੍ਰੋਪਤੀ ਦੇ ਚੀਰ ਸਭਾ ਦੇ ਵਿਚ ਲੁਹਾ ਗਈ ਜੇ
ਬ੍ਰਹਮਾ ਨਾਲ ਹੋਣੀ ਜਦੋਂ ਆਣ ਹੋਈ ਵੇਦ ਖੱਸ ਕੇ ਹੋਸ਼ ਭੁਲਾ ਗਈ ਜੇ
ਹੋਣੀ ਬੈਠ ਕਕਈ ਦੀ ਜੀਭ ਉੱਤੇ ਦਸਰਥ ਨਾਲ ਭੀ ਦਗ਼ਾ ਕਮਾ ਗਈ ਜੇ
ਰਾਮ ਚੰਦਰ ਅਵਤਾਰ ਭਗਵਾਨ ਦਾ ਸੀ ਚੌਦਾਂ ਬਰਸ ਬਨਵਾਸ ਭੁਗਾ ਗਈ ਜੇ
ਛੱਪਣ ਕੋਟ ਆਹਾ ਬੰਸ ਯਾਦਵਾਂ ਦੀ ਉਸਨੂੰ ਖ਼ਾਕ ਦੇ ਵਿਚ ਮਿਲਾ ਗਈ ਜੇ
ਠਾਰਾਂ ਖੂਣੀਆਂ ਕੌਰਵਾਂ ਪਾਂਡਵਾਂ ਦੀਆਂ ਠਾਰਾਂ ਦਿਨਾਂ ਦੇ ਵਿਚ ਮੁਕਾ ਗਈ ਜੇ
ਇਕ ਲੱਖ ਪੁਤ੍ਰ ਸਵਾ ਲੱਖ ਪੋਤਾ ਰਾਵਣ ਜਿਹਾਂ ਦਾ ਬੰਸ ਚੁਕਾ ਗਈ ਜੇ
ਜਰਾਸਿੰਧ ਸਸਪਾਲ ਨੂੰ ਪਈ ਹੋਣੀ ਪਾ ਕੇ ਕਾਲ ਕੁਠਾਲੜੀ ਤਾ ਗਈ ਜੇ
ਹੋਣੀ ਮਾਰ ਕੇ ਕੰਸ ਦਾ ਨਸ਼ਟ ਕੀਤਾ ਕੇਸੋਂ ਪਕੜ ਕੇ ਝੱਟ ਪਟਕਾ ਗਈ ਜੇ
ਰਾਜੇ ਬਿਕ੍ਰਮਾਜੀਤ ਤੇ ਆਨ ਹੋਈ ਉਸਦੇ ਹੱਥ ਤੇ ਪੈਰ ਵਢਾ ਗਈ ਜੇ
ਗੋਪੀਚੰਦ ਤੇ ਭਰਥਰੀ ਨਾਲ ਹੋਈ ਰਾਜ ਖੱਸ਼ ਫ਼ਕੀਰ ਬਣਾ ਗਈ ਜੇ
ਰਾਜੇ ਨਲ ਉੱਤੇ ਹੋਣੀ ਆਣ ਵਰਤੀ ਬਨਵਾਸ ਦੇ ਵਿਚ ਰੁਲਾ ਗਈ ਜੇ
ਪੂਰਨ ਭਗਤ ਦੇ ਨਾਲ ਕੇ ਕਰੀ ਹੋਈ ਵੱਢੇ ਹੱਥ ਤੇ ਖੂਹ ਸੁਟਾ ਗਈ ਜੇ
ਹੋਈ ਭਗਤ ਪ੍ਰਹਿਲਾਦ ਦੇ ਨਾਲ ਹੋਈ ਪਰਬਤ ਸਿਖਰ ਤੋਂ ਤਲੇ ਗਰਾ ਗਈ ਜੇ
ਹੋਣੀ ਕੱਢਿਆਂ ਘਰੋਂ ਧ੍ਰੂਅ ਤਾਈਂ ਬਾਲ ਉਮਰ ਮੁਸੀਬਤਾਂ ਪਾ ਗਈ ਜੇ
ਵੱਡੇ ਭਗਤ ਤੇ ਸੰਤ ਵਿਰਕਤੀਆਂ ਨੂੰ ਹੋਣੀ ਵਿਚ ਮਸਾਨ ਟਕਾ ਗਈ ਜੇ
ਅਫਲਾਤੂਨ ਲੁਕਮਾਨ ਹਕੀਮ ਤਾਈਂ ਫੜ ਕੇ ਬੱਕਰੇ ਵਾਂਗਰਾਂ ਖਾ ਗਈ ਜੇ
ਰੁਸਤਮ ਜ਼ਾਲ ਜਿਹੇ ਪਹਿਲਵਾਨ ਤਾਈਂ ਹੋਣੀ ਚੁਟਕੀਆਂ ਨਾਲ ਉਡਾ ਗਈ ਜੇ
ਜੇਹੜੇ ਆਪ ਖ਼ੁਦਾ ਸਦਾਂਵਦੇ ਸੇ ਛੇਜ ਉਨ੍ਹਾਂ ਦੀ ਗੋਰ ਵਛਾ ਗਈ ਜੇ
ਉਸਦੇ ਐਸ਼ ਅਸ਼ਰਤ ਸੁੱਖ ਦੂਰ ਹੋਏ ਜੇਹੜੇ ਮਰਦ ਉੱਤੇ ਹੋਣੀ ਛਾ ਗਈ ਜੇ
ਮਿਲ ਕੇ ਈਸ ਨੂੰ ਈਸ ਦਾ ਰੂਪ ਹੋਏ ਹੋਣੀ ਤਿਨ੍ਹਾ ਨੂੰ ਕੰਡ ਵਖਾ ਗਈ ਜੇ
ਦੌਲਤ ਰਾਮ ਵਰਤੀ ਹੋਣੀ ਸਾਰਿਆਂ ਤੇ ਵਾਰੀ ਅੱਜ ਬਸੰਤ ਦੀ ਆ ਗਈ ਜੇ

## ਵਾਕ ਬਸੰਤ

ਚੜ੍ਹਿਆ ਜਾਇ ਬਸੰਤ ਮਹੱਲ ਉੱਤੇ ਅੱਗੇ ਬੈਠੀ ਸੀ ਧਿਆਨ ਲਗਾ ਮਾਈ
ਮੱਥਾ ਟੇਕਣਾ ਹਾਂ ਮੇਰੀ ਧਰਮ ਮਾਏ ਮੈਨੂੰ ਦੇਹ ਅਸੀਸ ਦੁਆ ਮਾਈ
ਤੇਰੇ ਮਹਿਲ ਅੰਦਰ ਮੇਰੀ ਗੇਂਦ ਡਿੱਗੀ ਮੈਨੂੰ ਗੇਂਦ ਤੂ ਦੇਹ ਬਤਲਾ ਮਾਈ
ਕੁੰਵਰ ਗੇਂਦ ਦੇ ਲੈਣ ਨੂੰ ਆਇਆ ਸੀ ਬੈਠੀ ਇਸ਼ਕ ਦੀ ਗੇਂਦ ਬਣਾ ਮਾਈ
ਦੌਲਤ ਰਾਮ ਬਸੰਤ ਨੂੰ ਖ਼ਬਰ ਕੇਹੀ ਬੈਠੀ ਧਰਮ ਤੇ ਸ਼ਰਮ ਗਵਾ ਮਾਈ

## ਰਾਣੀ ਦਾ ਧਰਮ ਭ੍ਰਸ਼ਟ ਹੋਣਾ

ਰਾਣੀ ਪਕੜ ਕੇ ਬਾਹ ਬਸੰਤ ਸੰਦੀ ਅੰਦਰ ਜਾਇ ਕੇ ਗੋਦ ਵਖਾਨ ਲੱਗੀ
ਜੇਹੜਾ ਪਲੰਘ ਵਿਛਾਇਕੇ ਰੱਖਿਆ ਸੀ ਉੱਤੇ ਕੁੰਵਰ ਨੂੰ ਜਾਇ ਬਠਾਨ ਲੱਗੀ
ਜੈਸੇ ਨਾਰ ਬਦਕਾਰ ਦੀ ਕਾਰ ਹੁੰਦੀ ਉਸੇ ਤਰ੍ਹਾਂ ਦੀ ਕਾਰ ਕਮਾਨ ਲੱਗੀ
ਦੇਖੋ ਪਲਕ ਦੇ ਭੋਗ ਸੰਜੋਗ ਪਿੱਛੇ ਦੋਵੇਂ ਲੋਕ ਪਰਲੋਕ ਗਵਾਨ ਲੱਗੀ
ਪਾ ਕੇ ਦਗ਼ੇ ਫਰੇਬ ਦਾ ਜਾਲ ਯਾਰੋ ਪੰਛੀ ਕੁੰਵਰ ਨੂੰ ਵਿਚ ਫਸਾਨ ਲੱਗੀ
ਭੈੜੀ ਰੇਤ ਵਿੱਚੋਂ ਬੈਠੀ ਤੇਲ ਕੱਢੇ ਵੇਖੋ ਅੱਗ ਸੁਮੰਦਰ ਨੂੰ ਲਾਨ ਲੱਗੀ
ਮਾਵਾਂ ਪੁੱਤਰਾਂ ਨੇਹੁੰ ਨਾ ਕਦੇ ਲੱਗੇ ਧੂੰਏਂ ਨਾਲ ਪਹਾੜ ਉਡਾਨ ਲੱਗੀ
ਗੱਲਾਂ ਮਿਠੀਆਂ ਦਾ ਉੱਤੇ ਘੱਤ ਪਾਣੀ ਪੱਥਰ ਮੋਮ ਤੋਂ ਨਰਮ ਬਣਾਨ ਲੱਗੀ
ਜੈਸੀ ਯਾਰਨੀ ਰੰਨ ਦੇ ਕਰਮ ਹੁੰਦੇ ਉਸੇ ਤੌਰ ਦੇ ਨਾਜ਼ ਵਖਾਨ ਲੱਗੀ
ਤੀਵੀਂ ਮਰਦ ਦਾ ਜਿਵੇਂ ਸਲੂਕ ਹੁੰਦਾ ਓਸੇ ਤਰ੍ਹਾਂ ਪਿਆਰ ਵਧਾਨ ਲੱਗੀ
ਕੁੰਵਰ ਤੜਫ ਕੇ ਪਲੰਘ ਦੇ ਹੇਠ ਡਿੱਗਾ ਜਦੋਂ ਹੱਥ ਕਲੇਜੇ ਨੂੰ ਪਾਨ ਲੱਗੀ
ਥਰਥਰ ਕੰਬਦਾ ਪਿਆ ਸਰੀਰ ਸਾਰਾ ਭੈੜੀ ਡੈਣ ਦੇ ਵਾਗ ਤਕਾਨ ਲੱਗੀ
ਰਾਣੀ ਪਕੜ ਕੇ ਕੁੰਵਰ ਦੀ ਬਾਂਹ ਬੈਠੀ ਨਾਲ ਪਿਆਰ ਦੇ ਬਚਨ ਸੁਣਾਨ ਲੱਗੀ
ਮੇਰੇ ਵਿਚ ਸਾਹਜ਼ਾਦਿਆਂ ਦੋਸ਼ ਕੇਹਾ ਹੱਥ ਜੋੜ ਕੇ ਵਾਸਤੇ ਪਾਨ ਲੱਗੀ
ਨਾਮ ਰੱਬ ਦੇ ਬੈਠ ਜਾ ਪਲੰਘ ਉਤੇ ਮੇਰੀ ਜਾਨ ਪਿਆਰਿਆ ਜਾਨ ਲੱਗੀ
ਦੋਵੇਂ ਜੋੜ ਕੇ ਹੱਥ ਬਸੰਤ ਆਖੇ ਮਾਈ ਕਰਨ ਕੀ ਜੁਲਮ ਤੁਫਾਨ ਲੱਗੀ
ਨਾਲੇ ਆਪ ਤੂੰ ਨਰਕ ਦੇ ਵਿਚ ਡੁੱਬੇਂ ਨਾਲੇ ਮੁਝ ਨੂੰ ਨਾਲ ਡੁਬਾਨ ਲੱਗੀ
ਪੂੰਜੀ ਧਰਮ ਈਮਾਨ ਸੁਸ਼ੀਲਤਾ ਦੀ ਜੂਏ ਕਾਮ ਦੇ ਵਿਚ ਹਰਾਨ ਲੱਗੀ
ਹੀਰਾ ਧਰਮ ਅਮੋਲ ਹੈ ਲਾਲ ਤੇਰਾ ਠੱਗਣੀ ਹਿਰਸ ਦੇ ਹੱਥ ਠਗਾਨ ਲੱਗੀ
ਚੂਹੜੀ ਚਾਹ ਚਮਜਾਰੀ ਨੂੰ ਮਗਰ ਲਾ ਕੇ ਮਾਏ ਬ੍ਰਹਮ ਨੂੰ ਜੀਵ ਬਣਾਨ ਲੱਗੀ
ਦੌਲਤ ਰਾਮ ਕੁਝ ਅਕਲ ਤੇ ਹੋਸ਼ ਕਰ ਤੂੰ ਅੱਖੀ ਵੇਖ ਕੇ ਜ਼ੈਹਰ ਕਿਉਂ ਖਾਨ ਲੱਗੀ

## ਵਾਕ ਕਵੀਸ਼ਰ ਵਾ ਹਾਲ ਰਾਣੀ

ਰਾਣੀ ਚਿੱਤ ਦੇ ਵਿਚ ਵਿਚਾਰ ਕੀਤੀ ਬਿਨਾਂ ਖ਼ੌਫ ਦੇ ਮੂਲ ਨਾ ਪ੍ਰੀਤ ਹੋਵੇ
ਅੱਖੀ ਲਾਲ ਕਰਕੇ ਮੱਥੇ ਵੱਟ ਪਾਏ ਭਰਿਆ ਗ਼ਜ਼ਬ ਦਾ ਜਿਵੇਂ ਅਤੀਤ ਹੋਵੇ
ਭੈੜੀ ਚੰਦਰੀ ਦੀ ਦੇਖੋ ਬੁਧ ਮਾਰੀ ਸੇਕੇ ਅੱਗ ਤੇ ਆਖਦੀ ਸੀਤ ਹੋਵੇ
ਖੋਟੇ ਕਰਮ ਓਹ ਕਰਨ ਤੇ ਨਹੀਂ ਟਲਦਾ ਜੇੜ੍ਹਾ ਮਰਦ ਬਦਬਖ਼ਤ ਪਲੀਤ ਹੋਵੇ
ਪਿਆ ਦਾਓ ਬਹੁਤੇਰੜੇ ਖੇਲਦਾ ਹੈ ਜਿਸਦੀ ਅੰਦਰੋਂ ਨੀਤ ਬਦਨੀਤ ਹੋਵੇ
ਲੁੱਟੀ ਇਸ਼ਕ ਦੀ ਭੋਗ ਸੰਜੋਗ ਚਾਹੇ ਦਿਲੋਂ ਆਖਦੀ ਕਿਵੇਂ ਪ੍ਰੀਤ ਹੋਵੇ
ਕਾਮਦੇਵ ਤੇ ਧਰਮ ਦਾ ਜੰਗ ਲੱਗਾ ਆਖ਼ਰ ਦੇਖੀਏ ਕਿਸ ਦੀ ਜੀਤ ਹੋਵੇ
ਦੌਲਤ ਰਾਮ ਓਹ ਕਦੇ ਨਾ ਹਾਰਦਾ ਏ ਜਿਸ ਦੀ ਦਿਲੋਂ ਸਫਾਈ ਦੀ ਨੀਤ ਹੋਵੇ

## ਵਾਕ ਕਵੀਸ਼ਰ

ਇੱਕ ਤਰਫ ਦਾ ਨੇਹੁੰ ਨਾ ਲੱਗਦਾ ਈ ਲੱਗ ਜਾਏ ਤਾਂ ਕੰਮ ਵੈਰਾਨ ਹੋਏ
ਦੀਵਾ ਦੇਖ ਪਤੰਗ ਜਿਉਂ ਆਪ ਸੜਦੇ ਨਹੀਂ ਉਸ ਦਾ ਕੁਝ ਨੁਕਸਾਨ ਹੋਏ
ਭੌਰ ਬੰਦ ਹੋ ਜਾਂਵਦਾ ਫੁੱਲ ਅੰਦਰ ਲੈਂਦਾ ਵਾਸ਼ਨਾ ਜਾਨ ਬੇਜਾਨ ਹੋਵੇ
ਹਾਥੀ ਕੈਦ ਸਪਰਸ਼ ਪਰ ਦੇਖ ਹਥਨੀ ਗਿਰੇ ਡਲ ਕੇ ਬੀਚ ਹੈਰਾਨ ਹੋਵੇ
ਪ੍ਰੀਤ ਲਾਵਨੀ ਨਾਲ ਬੇਪ੍ਰੀਤ ਐਸੀ ਜੈਸੇ ਤਰਫ਼ ਤਸਵੀਰ ਧਿਆਨ ਹੋਵੇ
ਜੇਹੜਾ ਨਾਲ ਬੇਪ੍ਰੀਤ ਦੇ ਪ੍ਰੀਤ ਲਾਵੇ ਉਸ ਦਾ ਹਾਲ ਚਕੋਰ ਦੀ ਸਾਨ ਹੋਵੇ
ਤਾੜੀ ਸਦਾ ਦੋ-ਹੱਥੜੀ ਵੱਜਦੀ ਏ ਤਿਵੇਂ ਪ੍ਰੀਤ ਦੋ ਤਰਫ਼ ਸਮਾਨ ਹੋਵੇ
ਯਾਰੀ ਨਾਲ ਬੇਪ੍ਰੀਤ ਦੇ ਲਾਵਣੀ ਕੀ ਜੇਕਰ ਆਪ ਨੂੰ ਕੁਝ ਗਿਆਨ ਹੋਵੇ
ਜੇਹੜਾ ਨਾਲ ਬੇਦਰਦ ਦੇ ਨੇਹੁੰ ਲਾਵੇ ਸੋਈ ਮਰਦ ਤਹਕੀਕ ਹੈਵਾਨ ਹੋਵੇ
ਦੌਲਤ ਰਾਮ ਕੁਝ ਧਰਮ ਨੂੰ ਰੱਖ ਲਈਏ ਐਵੇਂ ਪਿਆ ਕੋਈ ਬੇਈਮਾਨ ਹੋਵੇ

## ਵਾਕ ਕਵੀਸ਼ਰ

ਛੱਡੇ ਅਕਲ ਨਾ ਹੋਸ਼ ਇਨਸਾਨ ਸੰਦੀ ਇਸ਼ਕ ਸ਼ੇਰ ਆ ਕੇ ਜਦੋਂ ਬੁੱਕ ਜਾਏ
ਸਿਆਣੇ ਸਭ ਬੀਮਾਰੀਆਂ ਲੱਭ ਲੈਂਦੇ ਖ਼ਬਰੇ ਇਸਕ ਕੇੜ੍ਹੀ ਥਾਈ ਲੁਕ ਜਾਏ
ਤਾਕਤ ਰਹੇ ਨਾ ਬੈਠਣੇ ਉਠਣੇ ਦੀ ਟੋਕਾ ਹਿਜਰ ਦਾ ਮਾਰ ਕੇ ਟੁੱਕ ਜਾਏ
ਸਿੱਧਾ ਸਰੂ ਦੇ ਵਾਂਗ ਸਰੀਰ ਹੋਵੇ ਓਹ ਵਾਂਗ ਕਮਾਨ ਦੇ ਝੁੱਕ ਜਾਏ
ਤਨ ਵਾਂਗ ਕਲਬੂਤ ਦੇ ਖੜਾ ਰਹਿੰਦਾ ਵਿੱਚੋਂ ਰੱਤ ਸਰੀਰ ਦੀ ਸੁੱਕ ਜਾਏ
ਲੱਗੇ ਹਿਰਸ ਦੀ ਸਾਂਗ ਜਾਂ ਜਿਗਰ ਉੱਤੇ ਤਦੋਂ ਕੱਢ ਕਲੇਜਿਓ ਹੁੱਕ ਜਾਏ
ਹੋਵੇ ਨੀਰ ਦੀ ਬੂੰਦ ਜਾਂ ਵਿਚ ਚਸ਼ਮਾਂ ਓਹ ਭੀ ਰੋਂਦਿਆਂ ਰੋਂਦਿਆਂ ਮੁੱਕ ਜਾਏ
ਆਵੇ ਸੁੱਖ ਦਾ ਸਾਸ ਨਾ ਇਕ ਯਾਰੋ ਮਾਰੇ ਹਾਹੁਕਿਆਂ ਦੇ ਦਮ ਰੁੱਕ ਜਾਏ
ਮੁੜ ਮੁੜ ਝੂਰਦਾ ਹੈ ਉਸ ਵੇਲੜੇ ਨੂੰ ਵੇਲਾ ਇਕ ਵਾਰੀ ਜਿਹੜਾ ਚੁੱਕ ਜਾਏ
ਉਸ ਨੂੰ ਫੇਰ ਸ਼ਿਕਾਰ ਨਾ ਹੱਥ ਲੱਗੇ ਜਿਸ ਦੀ ਚੋਟ ਨਿਸ਼ਾਨਿਓਂ ਉੱਕ ਜਾਏ
ਜੇਹੜਾ ਨਾਲ ਪਰ-ਇਸਤ੍ਰੀ ਪ੍ਰੀਤ ਰਖਦਾ ਉਸ ਦਾ ਬੰਸ ਜਹਾਨ ਤੇ ਮੁਕ ਜਾਏ
ਦੌਲਤ ਰਾਮ ਨਾ ਕਿਸੇ ਦੀ ਪੇਸ਼ ਜਾਵੇ ਮੌਕਾ ਆਣ ਕੇ ਸੀਸ਼ ਤੇ ਢੁੱਗ ਜਾਏ

## ਐਜ਼ਨ

ਏਸ ਇਸ਼ਕ ਮਜਾਜ਼ੀ ਦੇ ਜੰਗ ਵਿਚੋਂ ਭਲਾ ਸੋ ਜੋ ਪੈਰ ਹਟਾ ਜਾਏ
ਨਾਲੇ ਧਰਮ ਜਾਏ ਨਾਲੇ ਕਰਮ ਜਾਏ ਨਾਲੇ ਜਨਮ ਤੇ ਸ਼ਰਮ ਹਯਾ ਜਾਏ
ਨਾਲੇ ਜੱਤ ਜਾਏ ਨਾਲੇ ਸੱਤ ਜਾਏ ਨਾਲੇ ਪੱਤ ਤੇ ਮੱਤ ਵਿਕਾ ਜਾਏ
ਛੱਡੇ ਜਾਤ ਸਫਾਤ ਨਾ ਵਰਣ ਕੋਈ ਜ਼ਾਲਮ ਇਸ਼ਕ ਜਿਸ ਵੇਲੜੇ ਆ ਜਾਏ
ਨਹੀ ਛੱਡਦਾ ਦੀਨ ਤੇ ਦੁਨੀ ਜੋਗਾ ਨਾਲੇ ਲੋਕ ਪਰਲੋਕ ਗਵਾ ਜਾਏ

ਸਭ ਸੁੱਖ ਇਨਸਾਨ ਦੇ ਦੂਰ ਕਰਕੇ ਅੰਦਰ ਫ਼ਿਕਰ ਅੰਦੇਸੜੇ ਪਾ ਜਾਏ
ਤਾਨੇ ਮੇਹਣੇ ਤੇ ਲਾਨ੍ਹਤਾਂ ਬਹੁਤ ਯਾਰੋ ਇੱਜ਼ਤ ਰਿਜ਼ਕ ਤਮਾਮ ਮੁਕਾ ਜਾਏ
ਛੱਡੇ ਅਕਲ ਨਾ ਹੋਸ਼ ਹਵਾਸ ਰੱਤੀ ਐਸੀ ਕਾਮ ਦੀ ਕੈਫ ਪਲਾ ਜਾਏ
ਬੇੜਾ ਗਿਆਨ ਵਿਚਾਰ ਵੈਰਾਗ ਸੰਦਾ ਨਦੀ ਕਾਮ ਦੀ ਵਿਚ ਰੁੜ੍ਹਾ ਜਾਏ
ਆਵੇ ਇਸ਼ਕ ਸ਼ੈਤਾਨ ਸ਼ੈਤਾਨ ਵਾਂਗੂੰ ਕੱਢ ਜੱਨਤੋਂ ਦੋਜ਼ਖੀਂ ਪਾ ਜਾਏ
ਲਾ ਕੇ ਹਿਰਸ ਦੀ ਅੱਗ ਬਾਰੂਦ ਵਾਂਗੂੰ ਇਕ ਪਲਕ ਦੇ ਵਿਚ ਉਡਾ ਜਾਏ
ਪੈਰੀਂ ਸੋਗ ਦੇ ਸਖ਼ਤ ਜ਼ੰਜੀਰ ਪਾ ਕੇ ਚਾਹ ਜ਼ਕਨ ਦੇ ਵਿਚ ਲਮਕਾ ਜਾਏ
ਹੋਵੇ ਭੁੱਜ ਕੇ ਜਿਗਰ ਕਬਾਬ ਵਾਂਗੂੰ ਸੀਨੇ ਅੱਗ ਫ਼ਿਰਾਕ ਦੀ ਲਾ ਜਾਏ
ਜੇਕਰ ਹੋਰ ਨਾ ਇਸ਼ਕ ਦੀ ਪੇਸ਼ ਜਾਵੇ ਛੇਕੜ ਦਰਦ ਵਿਛੋੜੇ ਦਾ ਲਾ ਜਾਏ
ਕਰ ਕੇ ਹੱਡੀਆਂ ਕਾਠ ਕੁਵਾੜ ਵਾਂਗੂੰ ਚਰਖ਼ਾ ਵਾਂਗ ਤਰਖਾਨ ਬਣਾ ਜਾਏ
ਰੂਈਂ ਪਿੰਜ ਕੇ ਖ਼ੂਬ ਮੁਲਾਮਤਾਂ ਦੀ ਕਫ਼ਨ ਆਸ਼ਕਾਂ ਲਈ ਕਤਾ ਜਾਏ
ਮੁਸਲਮੀਨ ਨੂੰ ਗੋਰ ਦੇ ਵਿਚ ਸੁੱਟੇ ਹਿੰਦੂ ਵਾਸਤੇ ਅੱਗ ਜਲਾ ਜਾਏ
ਪਿੱਛਾ ਤਦੋਂ ਇਨਸਾਨ ਦਾ ਛੱਡਦਾ ਏ ਜਦੋਂ ਵਿਚ ਮਸਾਨ ਪਹੁੰਚਾ ਜਾਏ
ਦੌਲਤ ਰਾਮ ਸੋਈ ਸੁਖੀ ਜੱਗ ਉਤੇ ਜੇਹੜਾ ਇਸ਼ਕ ਨੂੰ ਕੰਡ ਵਖਾ ਜਾਏ

## ਵਾਕ ਕਵੀਸ਼ਰ

ਸੱਤ ਆਖਦੇ ਕਾਮ ਨੂੰ ਜਿੱਤਿਆ ਮੈਂ ਪਾਸਾ ਖੇਲਿਆ ਜਿਦ੍ਹੀ ਨਾ ਹਾਰ ਹੋਵੇ
ਸੀਤਲਵੰਦ ਸੁਗੰਧ ਦੀ ਪੌਣ ਹੋਵੇ ਸੋਹਣੀ ਰੁੱਤੇਂ ਬਸੰਤ ਬਹਾਰ ਹੋਵੇ
ਹਰ ਇੱਕ ਖਾਣ ਨੂੰ ਚੀਜ਼ ਮੌਜੂਦ ਹੋਵੇ ਪੀਣ ਲਈ ਸ਼ਰਾਬ ਦਾ ਸਾਰ ਹੋਵੇ
ਹੋਵੇ ਉਮਰ ਜਵਾਨ ਇਨਸਾਨ ਸੰਦੀ ਕੋਈ ਦੁੱਖ ਨਾ ਦਰਦ ਅਜ਼ਾਰ ਹੋਵੇ
ਆਵੇ ਖੁਸ਼ਬੂ ਅਤਰ ਰਵੇਲ ਜੇਹੀ ਲੱਗੀ ਚਮਨ ਦੀ ਖ਼ੂਬ ਗੁਲਜ਼ਾਰ ਹੋਵੇ
ਹੋਵੇ ਖ਼ੌਫ ਖਲੱਲ ਨਾ ਮੂਲ ਕੋਈ ਕਿਸੀ ਤੌਰ ਦਾ ਨਾ ਅਸਰਾਰ ਹੋਵੇ
ਸੋਹਣੀ ਪੱਟ ਦੀ ਛੇਜ ਮੁਲੈਮ ਹੋਵੇ ਬਾਰਾ ਬਰਸ ਦੀ ਪਦਮਨੀ ਨਾਰ ਹੋਵੇ
ਤਦੋਂ ਜਾਣੀਏ ਚਿਤ ਦੀ ਸਾਬਤੀ ਨੂੰ ਜੇਕਰ ਫੇਰ ਨਾ ਵਿਸ਼ੇ ਦਾ ਪਿਆਰ ਹੋਵੇ
ਹੈਨ ਸੂਰਮ ਗੱਲਾ ਦੇ ਨਾਲ ਸਾਰੇ ਸੂਰ ਸੋ ਜੋ ਧਨੀ ਤਲਵਾਰ ਹੋਵੇ
ਕੰਨਾਂ ਪਾੜਿਆਂ ਮੂਲ ਨਾ ਜੋਗ ਹੁੰਦਾ ਜੋਗੀ ਸੋ ਜਿਸ ਜੋਗ ਦੀ ਸਾਰ ਹੋਵੇ
ਘਰਾਂ ਵਿਚ ਬਣ ਬੈਠਦੇ ਸਿੱਖ ਸੱਭੇ ਸਿੱਖ ਸੋ ਜੋ ਗੁਰੂ ਅਨੁਸਾਰ ਹੋਵੇ
ਬ੍ਰਾਹਮਣ ਸੋ ਜੋ ਬ੍ਰਹਮ ਦੀ ਕਰੇ ਲਖਤਾ ਬ੍ਰਹਮ ਕਰਮ ਦੇ ਵਿਚ ਹੁਸ਼ਿਆਰ ਹੋਵੇ
ਜੇਹੜਾ ਕਰੇ ਸੂਰਮੱਤ ਸੋ ਛੱਤਰੀ ਹੈ ਸੋਈ ਵੈਸ਼ ਜੋ ਵਣਜ ਵਪਾਰ ਹੋਵੇ
ਸ਼ੂਦਰ ਸੋ ਜੋ ਸਰਬ ਕੀ ਕਰੇ ਸੇਵਾ ਮੋਮਨ ਸੋ ਜੋ ਬੰਦਗੀਦਾਰ ਹੋਵੇ
ਹਿੰਦੂ ਸੋ ਜੋ ਗਊ ਦੀ ਕਰੇ ਸੇਵਾ ਸਾਧੂ ਬ੍ਰਾਹਮਣਾ ਨਾਲ ਹਿਤਕਾਰ ਹੋਵੇ
ਛੱਡੇ ਮਾਸ ਸ਼ਰਾਬ ਸਭ ਅਮਲ ਖੋਟੇ ਐਪਰ ਦਿਲੋਂ ਭੀ ਭੇਦ ਸ਼ੁਮਾਰ ਹੋਵੇ

ਧਰਮੀ ਪੁਰਸ਼ ਦੀ ਵੇਲ ਹਮੇਸ਼ ਫੈਲੇ ਪਾਪੀ ਪੁਰਸ਼ ਦੀ ਅੰਤ ਨੂੰ ਛਾਰ ਹੋਵੇ
ਜੇਹੜਾ ਧਰਮ ਤੇ ਕਰਮ ਨੂੰ ਛੱਡ ਜਾਵੇ ਉਸ ਦਾ ਬੀਜ ਜਹਾਨ ਤੇ ਮਾਰ ਹੋਵੇ
ਦੌਲਤ ਰਾਮ ਨਾ ਪਾਪ ਦਾ ਤੁਖ਼ਮ ਰਹਿੰਦਾ ਆਖ਼ਰ ਧਰਮ ਦਾ ਹੀ ਜੈ ਜੈਕਾਰ ਹੋਵੇ

## ਵਾਕ ਰਾਣੀ ਕਾ

ਚੰਦ੍ਰਵਤੀ ਨੇ ਕਿਹਾ ਬਸੰਤ ਤਾਈਂ ਮਾਈ ਮਾਈ ਨਾ ਮੁੱਖੋ ਅਲਾ ਮੈਨੂੰ
ਕਦੋ ਜੰਮਿਆ ਸੀ ਮੇਰੇ ਪੇਟ ਵਿੱਚੋ ਵੇਲਾ ਉਹ ਤੂੰ ਦੇਹ ਬਤਲਾ ਮੈਨੂੰ
ਜਣਿਆ ਕਿਸੇ ਤੇ ਬਣਿਆ ਹੈ ਪੁੱਤ ਮੇਰਾ ਕੂੜ ਬੋਲ ਦਿੱਤੀ ਅੱਗ ਲਾ ਮੈਨੂੰ
ਹੈ ਵੇ ਉਮਰ ਤੇਰੀ ਮੇਰੀ ਇਕ ਪਿਆਰੇ ਗੁੱਝਾ ਦਰਦ ਫਿਰਾਕ ਨਾ ਲਾ ਮੈਨੂੰ
ਅੱਗੇ ਹਿਜਰ ਦੀ ਅੱਗ ਨੇ ਸਾੜੀਆਂ ਮੈਂ ਅੱਜ ਹੋਰ ਨਾ ਪਿਆ ਜਲਾ ਮੈਨੂੰ
ਨੈਣ ਤੱਕਦੇ ਤੱਕਦੇ ਥੱਕ ਗਏ ਦਿੱਤਾ ਬਿਰਹੋਂ ਨੇ ਮਾਰ ਸਤਾ ਮੈਨੂੰ
ਇਕ ਵਾਰ ਆਇਆ ਮੇਰੇ ਮਹੱਲ ਉੱਤੇ ਗਿਆ ਹੁਸਨ ਦਾ ਜਾਦੂੜਾ ਪਾ ਮੈਨੂੰ
ਹੋਯਾ ਨੀਂਦ ਅਰਾਮ ਹਰਾਮ ਪਿਆਰੇ ਗਿਆ ਜਦੋਂ ਦਾ ਮੁੱਖ ਵਖਾ ਮੈਨੂੰ
ਤੇਰੇ ਇਸ਼ਕ ਦਾ ਆਣ ਕੇ ਜੋਸ਼ ਹੋਯਾ ਦਿੱਤੀ ਅਕਲ ਤੇ ਹੋਸ਼ ਭੁਲਾ ਮੈਨੂੰ
ਹੋਈ ਫਿਰਾਂ ਮੈਂ ਵਾਂਗ ਦੀਵਾਨਿਆਂ ਦੇ ਜਾਣੋ ਹੋ ਗਿਆ ਅਸਰ ਸੌਦਾ ਮੈਨੂੰ
ਪਈ ਤੜਫਦੀ ਹਾਂ ਮੱਛੀ ਨੀਰ ਬਾਝੋਂ ਹੋਇਆ ਜੀਵਣਾ ਦੋਜ਼ਖ਼ਾਂ ਭਾ ਮੈਨੂੰ
ਸੁੱਖਾਂ ਸੁੱਖਦੀ ਨੂੰ ਸੱਤ ਮਾਹ ਗੁਜ਼ਰੇ ਦਿੱਤਾ ਰੱਬ ਨੇ ਅੱਜ ਮਿਲਾ ਮੈਨੂੰ
ਤੇਰਾ ਤੌਰ ਕੁਝ ਹੋਰ ਦਾ ਹੋਰ ਹੋਇਆ ਲੱਗੀ ਦਿੱਸੇ ਦਰਿਆ ਦੀ ਢਾ ਮੈਨੂੰ
ਜੇਕਰ ਅੱਜ ਭੀ ਤੁੱਧ ਜਵਾਬ ਦਿੱਤਾ ਗਿਓਂ ਵਿਚ ਦਰਿਆ ਰੁੜ੍ਹਾ ਮੈਨੂੰ
ਬੀਬਾ ਉਠ ਕੇ ਬੈਠ ਜਾਂ ਪਲੰਘ ਉੱਤੇ ਸੜੀ ਬਲੀ ਨੂੰ ਹੋਰ ਨਾ ਤਾ ਮੈਨੂੰ
ਅੰਮ੍ਰਿਤ ਆਬਹਯਾਤ ਵਸਾਲ ਵਾਲਾ ਨਾਮ ਰੱਬ ਦੇ ਅੱਜ ਪਿਲਾ ਮੈਨੂੰ
ਇਕੋ ਹਾਣ ਤੇਰਾ ਮੇਰਾ ਸੱਜਣਾ ਵੇ ਦਿਤਾ ਰੱਬ ਸਬੱਬ ਬਣਾ ਮੈਨੂੰ
ਮੇਰੇ ਵਿਚ ਕਸੂਰ ਜੋ ਨਜ਼ਰ ਆਵੇ ਓਹ ਭੀ ਖੋਲ੍ਹ ਕੇ ਦੇਹ ਸੁਣਾ ਮੈਨੂੰ
ਜੇਹੜੀ ਗੱਲ ਵਲੋਂ ਪਿਆ ਸੰਗਦਾ ਤੂੰ ਤੈਥੋਂ ਵੱਧ ਹੈ ਸ਼ਰਮ ਹਯਾ ਮੈਨੂੰ
ਜੇਕਰ ਕਿਸੇ ਦੇ ਪਾਸ ਮੈਂ ਗੱਲ ਦੱਸਾਂ ਮਿਲੇ ਦੋਜ਼ਖ਼ਾਂ ਵਿਚ ਸਜ਼ਾ ਮੈਨੂੰ
ਦੌਲਤ ਰਾਮ ਸਭ ਸੰਗ ਨੂੰ ਦੂਰ ਕਰ ਕੇ ਵੇ ਤੂੰ ਨਾਲ ਕਲੇਜੜੇ ਲਾ ਮੈਨੂੰ

## ਵਾਕ ਬਸੰਤ ਕਾ

ਦੋਵੇਂ ਜੋੜ ਕੇ ਹੱਥ ਬਸੰਤ ਆਖੇ ਭਾਵੀ ਵੱਡੀ ਅਮੇਟ ਬਲਵਾਨ ਮਾਤਾ
ਭਾਵੀ ਆਨ ਵਰਤੀ ਅੱਜ ਨਾਲ ਮੇਰੇ ਮੇਰਾ ਚਲਦਾ ਜ਼ੋਰ ਨਾ ਤਾਨ ਮਾਤਾ
ਐਸੀ ਗੱਲ ਕਰਨੀ ਤੈਨੂੰ ਜੋਗ ਨਾਹੀਂ ਕਰ ਕੇ ਵੇਖ ਵਿਚਾਰ ਗਿਆਨ ਮਾਤਾ
ਜਾਣ ਬੁੱਝ ਕੇ ਕੁਝ ਦਾ ਕੁਝ ਆਖੇ ਬੁਧਵਾਨ ਤੂੰ ਗੁਣਾਂ ਦੀ ਖਾਨ ਮਾਤਾ

ਪਤੀ ਆਪਣਾ ਰਾਮ ਦੇ ਤੁਲ ਹੁੰਦਾ ਮਸ਼ਹੂਰ ਇਹ ਗੱਲ ਜਹਾਨ ਮਾਤਾ
ਜੇਹੜੀ ਪਤੀ ਨੂੰ ਛੱਡ ਕੇ ਗ਼ੈਰ ਤੱਕੇ ਉਸਦਾ ਲੋਕ ਪ੍ਰਲੋਕ ਨਾ ਮਾਨ ਮਾਤਾ
ਆਫਰੀਨ ਹੈ ਉਨ੍ਹਾਂ ਦੇ ਧਰਮ ਤਾਈਂ ਪਤੀ ਨਾਲ ਜੋ ਸਤੀ ਹੋ ਜਾਣ ਮਾਤਾ
ਪਿਤਾ ਆਪਣਾ ਵਿਸ਼ਨੂ ਦਾ ਰੂਪ ਜਾਣਾਂ ਤੈਨੂੰ ਲੱਛਮੀ ਲਿਆ ਪਛਾਣ ਮਾਤਾ
ਤੁਸੀਂ ਮੁਕਤ ਤੇ ਭੁਗਤ ਦੇ ਦੇਣ ਵਾਲੇ ਮੇਰੇ ਵਾਸਤੇ ਤੁਸੀ ਭਗਵਾਨ ਮਾਤਾ
ਮਾਤਾ ਪਿਤਾ ਭਗਵਾਨ ਸਮਾਨ ਹੁੰਦੇ ਏਹੋ ਆਖਦੇ ਵੇਦ ਪੁਰਾਨ ਮਾਤਾ
ਘਰੀਂ ਜਿਨ੍ਹਾਂ ਦੇ ਮਾਤਾ ਤੇ ਪਿਤਾ ਹੋਵਣ ਓਹ ਕਿਉਂ ਤੀਰਥੀਂ ਜਾਇ ਕੇ ਨ੍ਹਾਨ ਮਾਤਾ
ਮਾਤਾ ਪਿਤਾ ਦੀ ਪੂਜਨਾ ਕਰੇ ਜਿਹੜਾ ਉਸਨੇ ਪੂਜ ਲਏ ਕੁਲ ਅਸਥਾਨ ਮਾਤਾ
ਮਾਤਾ ਪਿਤਾ ਸਮਾਨ ਨ ਗੁਰੂ ਕੋਈ ਸਿਆਣੇ ਲੋਕ ਇਹ ਕਰਨ ਵਖਯਾਨ ਮਾਤਾ
ਆਦਿ ਗੁਰੂ ਪਹਿਲੇ ਮਾਤਾ ਪਿਤਾ ਹੁੰਦੇ ਜਿਹੜੇ ਪੁੱਤ ਨੂੰ ਮੱਤ ਸਿਖਲਾਨ ਮਾਤਾ
ਮੈਂ ਕੀ ਗਿਆਨ ਵਿਚਾਰ ਨੂੰ ਜਾਣਦਾ ਹਾਂ ਮਹਾਂ ਮੂੜ੍ਹ ਤੇ ਉਮਰ ਹੈਵਾਨ ਮਾਤਾ
ਕਰ ਦੇਹ ਦੂਰ ਤੂੰ ਕਾਮ ਤੇ ਕ੍ਰੋਧ ਤਾਈਂ ਮੇਹਰਬਾਨ ਹੋ ਜਾ ਮੇਹਰਬਾਨ ਮਾਤਾ
ਸਭੇ ਭਰਮ ਅਗਿਆਨ ਨੂੰ ਟਾਰ ਦਿਲ ਤੇ ਮੈਨੂੰ ਧਰਮ ਦਾ ਪੁੱਤ ਸਿਵਾਨ ਮਾਤਾ
ਮੈਨੂੰ ਦੇਵਨੀ ਸੀ ਤੈਨੂੰ ਮੱਤ ਕੋਈ ਹੱਥੋਂ ਲੱਗ ਪਈ ਧਰਮ ਗਵਾਂਨ ਮਾਤਾ
ਦੌਲਤ ਰਾਮ ਕੁਝ ਸਰਮ ਹਯਾ ਕਰ ਤੂੰ ਕਿਧਰ ਗਿਆ ਨੀ ਤੇਰਾ ਧਿਆਨ ਮਾਤਾ

## ਵਾਕ ਰਾਣੀ ਕਾ

ਰਾਣੀ ਕਹੇ ਬਸੰਤ ਨੂੰ ਹੋਸ਼ ਕਰ ਤੂੰ ਤੈਨੂੰ ਭਰਮ ਦਾ ਅਗਿਆਨ ਅੰਧਾਰ ਹੋਯਾ
ਭਾਵੀ ਕੌਣ ਜੋ ਤੁੱਧ ਤੇ ਵਰਤ ਜਾਏ ਤੇਰਾ ਆਤਮਾ ਰੂਪ ਕਰਤਾਰ ਹੋਯਾ
ਜਰਾ ਅੱਖੀਆ ਪਟ ਕੇ ਦੇਖ ਬੀਬਾ ਚਾਰੋਂ ਤਰਫ ਮੁਰਾਰ ਮੁਰਾਰ ਹੋਯਾ
ਤੈਨੂੰ ਆਪਣੇ ਆਪ ਦੀ ਖ਼ਬਰ ਨਾਹੀਂ ਪੜ੍ਹ ਕੇ ਵੈਦ ਪੁਰਾਨ ਗਵਾਰ ਹੋਯਾ
ਉਸ ਨੇ ਵੇਦ ਪੁਰਾਣ ਤਿਆਗ ਦਿੱਤਾ ਜਿਸਦਾ ਯਾਰ ਦੇ ਨਾਲ ਪਿਆਰ ਹੋਯਾ
ਧਰਮ ਸਰਮ ਤੇ ਕਰਮ ਨਾ ਰਿਹਾ ਉਥੇ ਜਿਥੇ ਇਸ਼ਕ ਦਾ ਗਰਮ ਬਾਜ਼ਾਰ ਹੋਯਾ
ਜਿਸਨੂੰ ਲਗਿਆ ਇਸਕ ਪਿਆਰੜੇ ਦਾ ਉਸ ਨੂੰ ਜਗ ਦਾ ਭਰਮ ਫਰਾਰ ਹੋਯਾ
ਕਿਹੜੀ ਮਾਂ ਤੇ ਕੌਣ ਹੈ ਬਾਪ ਤੇਰਾ ਸਭੇ ਬੇੜੀ ਦਾ ਪੂਰ ਸੁਮਾਰ ਹੋਯਾ
ਕਿਹੜਾ ਭੈਣ ਭਾਈ ਮਿਤ ਸਾਕ ਤੇਰਾ ਸਭੇ ਆਪਣ ਸੁੱਖਾਂ ਦਾ ਯਾਰ ਹੋਯਾ
ਕੋਈ ਰੋਜ਼ ਤਾਂ ਸੁੱਖਾਂ ਦਾ ਕੱਟ ਲੈ ਵੇ ਮੇਲਾ ਜੱਗ ਵਾਲਾ ਦਿਨ ਚਾਰ ਹੋਯਾ
ਉਸ ਨੂੰ ਵਿਚ ਦਰਗਾਹ ਭੀ ਸੁਖ ਹੋਸੀ ਜਿਸ ਨੂੰ ਜੱਗ ਤੇ ਐਸ ਬਹਾਰ ਹੋਯਾ
ਵੇ ਤੂੰ ਉਠ ਕੇ ਬੈਠ ਪਲੰਘ ਉਤੇ ਖ਼ਬਰੇ ਕਿਹਾ ਇਸ ਘੜੀ ਦਾ ਪਿਆਰ ਹੋਯਾ
ਮੇਰੇ ਵਿਚ ਨਾ ਸਜਣਾਂ ਖੋਟ ਕੋਈ ਮਿੱਠਾ ਦੁਧ ਦੇ ਨਾਲ ਨਖਾਰ ਹੋਯਾ
ਕਰ ਲੈ ਮੌਜ ਮਿੱਟੀ ਦਿਆ ਪੁਤਲਿਆ ਵੇ ਬੁੱਤ ਛਾਰ ਦਾ ਭਲਕ ਨੂੰ ਛਾਹ ਹੋਯਾ
ਤੇਰਾ ਇਤਨਾ ਭਰਮ ਨਿਵਾਰਿਆ ਮੈਂ ਤੈਨੂੰ ਅਜੇ ਨਾ ਜ਼ਰਾ ਇਤਬਾਰ ਹੋਯਾ
ਦੌਲਤ ਰਾਮ ਭਗਵਾਨ ਰੁਪ ਹੈ ਤੂੰ ਐਪਰ ਬਿਨਾਂ ਵਿਚਾਰ ਖ਼ੁਆਰ ਹੋਯਾ

## ਵਾਕ ਬਸੰਤ ਕਾ

ਕੁੰਵਰ ਆਖਦਾ ਸਬਰ ਕਰ ਚੁੱਪ ਹੋ ਜਾ ਮੰਦਾ ਵਾਕ ਨਾ ਰੱਖ ਜ਼ਬਾਨ ਉਤੇ
ਐਡਾ ਪਾਪ ਅਪਰਾਧ ਆ ਘੱਤਿਓ ਈ ਧਰਤੀ ਚਾੜ੍ਹ ਦਿੱਤੀ ਅਸਮਾਨ ਉਤੇ
ਐਵੇਂ ਅਰਥ ਦਾ ਪਈ ਅਨਰਥ ਲਾਵੇਂ ਬੱਧਾ ਲੱਕ ਤੈਂ ਕਾਮ ਸ਼ੈਤਾਨ ਉਤੇ
ਮਾਈ ਪੁੱਤ ਦਾ ਭੋਗ ਸੰਜੋਗ ਮਾਤਾ ਲਿਖਿਆ ਕਿਤੇ ਨਾ ਵੇਦ ਪੁਰਾਨ ਉਤੇ
ਤੈਨੂੰ ਜ਼ਰਾ ਵਿਚਾਰ ਦੀ ਸਾਰ ਨਾਹੀਂ ਕੁਫਰ ਤੋਲਨੀ ਹੈਂ ਆਪਣੀ ਸਾਨ ਉਤੇ
ਆਓ ਕਦੇ ਤਾਂ ਹੋਹੁ ਦਿਆਲ ਮਾਤਾ ਕਿਉਂ ਤੂੰ ਹੋ ਗਈ ਜ਼ੁਲਮ ਕਮਾਨ ਉਤੇ
ਜਿਨ੍ਹਾਂ ਪਾਪ ਔਰ ਜ਼ੁਲਮ ਤੇ ਲੱਕ ਬੱਧਾ ਸਭੇ ਚੜ੍ਹ ਗਏ ਮੌਤ ਦੇ ਬਾਨ ਉਤੇ
ਕਿਸੇ ਜੀਵਨਾ ਨਹੀਂ ਹਮੇਸ ਮਾਤਾ ਏਸ ਜੱਗ ਫਨਾਹ ਮਕਾਨ ਉਤੇ
ਸੌਦਾ ਧਰਮ ਈਮਾਨ ਖਰੀਦ ਕਰ ਲੈ ਮੁੜ ਨਾ ਆਵਣਾ ਏਸ ਦੁਕਾਨ ਉਤੇ
ਦਸੇ ਇੰਦਰੇ ਜਿਨ੍ਹਾਂ ਨੇ ਵੱਸ ਕੀਤੇ ਸੋਈ ਤਰ ਗਏ ਸਿੰਧ ਤੂਫਾਨ ਉਤੇ
ਜਿਹੜੇ ਧਰਮ ਈਮਾਨ ਨੂੰ ਛੱਡ ਬੈਠੇ ਪਾਪੀ ਪਾਂਵਦੇ ਨਰਕ ਅਸਥਾਨ ਉਤੇ
ਐਡਾ ਕੈਹਰ ਤੈਂ ਕੈਹਰ ਨਜ਼ੂਲ ਕੀਤਾ ਹੋ ਗਈ ਪੁੱਤ ਨੂੰ ਯਾਰ ਬਨਾਨ ਉਤੇ
ਕੇਹੜੀ ਕੱਢ ਕੇ ਮਿਸਲ ਵਖਾਵਸੇਂ ਤੂੰ ਧਰਮਰਾਇ ਦੇ ਜਾਇ ਦੀਵਾਨ ਉਤੇ
ਜੇਕਰ ਅੰਤ ਦੇ ਸੁੱਖ ਦੀ ਲੋੜ ਮਾਏ ਤਕਵਾ ਰੱਖ ਲੈ ਧਰਮ ਈਮਾਨ ਉਤੇ
ਦੌਲਤ ਰਾਮ ਧਰਤੀ ਸਾਰੀ ਗਰਕ ਹੋਸੀ ਜੇਕਰ ਧਰਮ ਨਾ ਰਿਹਾ ਜਹਾਨ ਉਤੇ

## ਵਾਕ ਰਾਣੀ ਕਾ

ਚੰਦ੍ਰਵਤੀ ਨੇ ਕਿਹਾ ਬਸੰਤ ਤਾਈਂ ਤੈਨੂੰ ਰਤੀ ਭੀ ਅਕਲ ਨਾ ਆਇਆ ਵੇ
ਪੜ੍ਹ ਕੇ ਵਿੱਦਿਆ ਕੁਲ ਬਰਬਾਦ ਕੀਤੀ ਕੋਈ ਅਮਲ ਨਾ ਨੇਕ ਕਮਾਇਆ ਵੇ
ਪੁੱਤ੍ਰ ਹੋਇ ਕੇ ਛੱਤ੍ਰੀ ਰਾਜਿਆਂ ਦਾ ਤੈਂਨ ਅਦਲ ਕੀ ਦੱਸ ਠਹਿਰਾਇਆ ਵੇ
ਮਾਈ ਕਿਸੇ ਨੂੰ ਆਖਣਾ ਜੋਗ ਨਾਹੀਂ ਮਾਈ ਸੋ ਜਿਸ ਨੇ ਪੇਟੋਂ ਜਾਇਆ ਵੇ
ਧਰਮ ਕਰਮ ਜੋ ਪਿਆ ਪੁਕਾਰਨਾ ਏਂ ਕਿਸ ਨੇ ਧਰਮ ਨੂੰ ਤੋੜ ਚੜ੍ਹਾਇਆ ਵੇ
ਅਰਜਨ ਮਾਮੇ ਦੀ ਧੀ ਪਰਨਾ ਆਂਦੀ ਦੂਸਨ ਓਸ ਨੂੰ ਕਿਸੇ ਨਾ ਲਾਇਆ ਵੇ
ਇੰਦ੍ਰ ਭੋਗ ਅਹੱਲਿਆ ਨਾਲ ਕੀਤਾ ਓਹਨੂੰ ਰੂਪ ਸੋਹਣਾ ਮਨ ਭਾਇਆ ਵੇ
ਸੱਭੇ ਗੋਪੀਆਂ ਕ੍ਰਿਸ਼ਨ ਵਸਾਰ ਗਿਆ ਕੁਬਜਾ ਨਾਲ ਉਸ ਨੇਹੁੰ ਲਗਾਇਆ ਵੇ
ਸੂਰਜ ਦੇਖ ਅੱਖੀਂ ਕੁੰਤੀ ਨਾਰ ਤਾਈਂ ਉਸਨੇ ਕਾਮ ਨਾ ਮੂਲ ਅਟਕਾਇਆ ਵੇ
ਸ਼ਿਵਜੀ ਦੇਖ ਕੇ ਮੋਹਣੀ ਰੂਪ ਤਾਈਂ ਸੱਭੋ ਅਕਲ ਤੇ ਹੋਸ਼ ਭੁਲਾਇਆ ਵੇ
ਬੀਰਜ ਸ਼ਿਵਾਂ ਦਾ ਵਿਸਣੂ ਨੇ ਆਪ ਹੱਥੀ ਜਾ ਕੇ ਅੰਜਨੇ ਦੇ ਕੰਨੀਂ ਪਾਇਆ ਵੇ
ਬਾਲੀ ਸਕਾ ਭਰਾ ਸੁਗ੍ਰੀਵ ਦਾ ਸੀ ਧਰਮ ਉਸ ਨੇ ਕਿਵੇਂ ਗਵਾਇਆ ਵੇ
ਰਾਵਣ ਵੱਡਾ ਪੰਡਿਤ ਚਾਰੇ ਵੇਦ ਪੜ੍ਹਿਆ ਨਾਰੀ ਰਾਮ ਦੀ ਕੱਢ ਲਿਆਇਆ ਵੇ
ਰਾਮਚੰਦ੍ਰ ਨੂੰ ਸੀਤਾ ਦਾ ਹਿਜਰ ਲੱਗਾ ਰੋਇ ਰੋਇ ਕੇ ਨੀਰ ਵਹਾਇਆ ਵੇ

ਕਰਕੇ ਭਜਨ ਅਠਾਸੀ ਹਜ਼ਾਰ ਬਰਸਾਂ ਸ੍ਰਿੰਗੀ ਰਿਖੀ ਨੇ ਵਿਆਹ ਕਰਵਾਇਆ ਵੇ
ਉਸ ਦਾ ਨਾਮ ਪਿਆਰਿਆ ਦੱਸ ਮੈਨੂੰ ਜੇਹੜਾ ਕਾਮ ਨੇ ਨਹੀਂ ਸਤਾਇਆ ਵੇ
ਨਰਕ ਸੁਰਗ ਜੋ ਪਿਆ ਬਤਾਵਨਾ ਏਂ ਕੇਹੜਾ ਦੇਖ ਕੇ ਨਰਕ ਨੂੰ ਆਇਆ ਵੇ
ਧਰਮਰਾਇ ਨੂੰ ਕੋਈ ਨਾ ਵੇਖ ਆਇਆ ਐਵੇਂ ਬ੍ਰਾਹਮਣਾਂ ਜਾਲ ਬਣਾਇਆ ਵੇ
ਪੜ੍ਹ ਕੇ ਵੇਦ ਪੁਰਾਣ ਨਾ ਸਮਝ ਆਈ ਐਵੇਂ ਕੀਮੀਆ ਜਨਮ ਵੰਵਾਇਆ ਵੇ
ਦੌਲਤ ਰਾਮ ਜਹਾਨ ਤੇ ਮਰਦ ਤੀਵੀਂ ਜੋੜਾ ਕਾਮ ਨੂੰ ਰੱਬ ਰਚਾਇਆ ਵੇ

## ਵਾਕ ਬਸੰਤ ਕਾ

ਹੱਥ ਜੋੜ ਕੇ ਅਰਜ਼ ਬਸੰਤ ਕਰਦਾ ਸਾਡੀ ਰੀਸ ਨਾ ਉਹਨਾਂ ਦੇ ਨਾਲ ਮਾਈ
ਬਾਦਸ਼ਾਹ ਦੀ ਰੀਸ ਓਹ ਕਰਨ ਕੀਕਰ ਜੇਹੜੇ ਹੋਣ ਗ਼ਰੀਬ ਕੰਗਾਲ ਮਾਈ
ਸੂਰਜ ਨਾਲ ਜਮਾਲ ਨਾ ਦੀਵਿਆਂ ਦਾ ਹਾਲ ਆਪਣਾ ਆਪ ਸੰਭਾਲ ਮਾਈ
ਮੈਹਲ ਕਿਸੇ ਦੇ ਦੇਖ ਕੇ ਅਕਲ ਵਾਲੇ ਝੁੱਗਾ ਆਪਣਾ ਦੇਣ ਮਾ ਜਾਲ ਮਾਈ
ਹਿੰਮਤ ਪਾਸਕੂ ਜੇਡ ਨਾ ਬੰਦਿਆਂ ਦੀ ਆਹਰਣ ਪਕੜ ਕੇ ਖੜਾ ਹੈ ਕਾਲ ਮਾਈ
ਜਿਧਰ ਅੱਖੀਆਂ ਪੱਟ ਕੇ ਵੇਖਣਾ ਹਾਂ ਨਜ਼ਰ ਆਂਵਦਾ ਕਾਲ ਦਾ ਜਾਲ ਮਾਈ
ਜੇਹੜੇ ਧਰਮ ਨੂੰ ਛੱਡ ਅਧਰਮ ਹੁੰਦੇ ਹੁੰਦੇ ਤਿਨ੍ਹਾਂ ਦੇ ਬੁਰੇ ਅਹਿਵਾਲ ਮਾਈ •
ਨਾਸਕੇਤ ਡਿੱਠਾ ਅੱਖਾਂ ਨਾਲ ਜਾ ਕੇ ਸਾਰਾ ਨਰਕ ਤੇ ਸੁਰਗ ਦਾ ਹਾਲ ਮਾਈ
ਲਿਖਿਆ ਗਰਭ ਪੁਰਾਣ ਦੇ ਵਿਚ ਸੱਭੋ ਪੜ੍ਹ ਕੇ ਵੇਖ ਲੈ ਅੱਖੀਆਂ ਨਾਲ ਮਾਈ
ਮਾਈ ਪੁੱਤ ਦਾ ਭੋਗ ਸੰਜੋਗ ਲਿਖਿਆ ਕਿਸੇ ਗ੍ਰੰਥ ਦੇ ਵਿਚ ਵਖਾਲ ਮਾਈ
ਜਿਨ੍ਹਾਂ ਨਾਲ ਪਰਦਿਸਤ੍ਰੀ ਭੋਗ ਕੀਤਾ ਗਏ ਜਨਮ ਅਕਾਰਥਾ ਗਾਲ ਮਾਈ
ਜੇਹੜੇ ਮਾਂ ਦੇ ਨਾਲ ਬਦਕਰਮ ਕਰਦੇ ਸੋਈਂ ਹੋਂਵਦੇ ਜਨਮ ਚੰਡਾਲ ਮਾਈ
ਮੇਰੇ ਵਾਸਤੇ ਦੇਵੀ ਦਾ ਰੂਪ ਹੈ ਤੂੰ ਮੇਰਾ ਪੁੱਤਰਾਂ ਵਾਂਗ ਖ਼ਿਆਲ ਮਾਈ
ਬੇਈਮਾਨ ਬਦਅਮਲ ਕੁਕਰਮੀਆਂ ਨੂੰ ਈਸ਼੍ਵਰ ਨਰਕ ਅੰਦਰ ਦਿੰਦਾ ਡਾਲ ਮਾਈ
ਭੌਂਦੇ ਫਿਰਨ ਓਹ ਵਿਚ ਚੌਰਾਸੀਆਂ ਦੇ ਛੁੱਟੇ ਕਦੇ ਨਾ ਜਨਮ ਜੰਜਾਲ ਮਾਈ
ਬਾਰ ਬਾਰ ਪਿਆ ਹੱਥ ਜੋੜਦਾ ਮੈਂ ਮੇਰਾ ਮੰਨ ਤੂੰ ਇਕ ਸਵਾਲ ਮਾਈ
ਸੋਹਣੇ ਰੰਗ ਨੂੰ ਵੇਖ ਕੇ ਭੁੱਲ ਨਾਹੀਂ ਭੈੜੀ ਹਿਰਸ ਨੂੰ ਚਿੱਤ ਤੇ ਟਾਲ ਮਾਈ
ਛਾਈ ਬੱਦਲਾਂ ਦੀ ਵਾਂਗੂੰ ਉਡ ਜਾਸੀ ਜੇਹੜਾ ਦੇਖਦੀ ਰੂਪ ਜਮਾਲ ਮਾਈ
ਭੋਗ ਭੋਗਦੇ ਗਧੇ ਤੇ ਕਾਂ ਕੁੱਤੇ ਜਿਨ੍ਹਾਂ ਫੜੀ ਹੈਵਾਨਾਂ ਦੀ ਚਾਲ ਮਾਈ
ਆਰਫ ਲੋਕ ਨਾਂ ਕਾਮ ਦੇ ਨਿਕਟ ਜਾਂਦੇ ਪ੍ਰੀਤ ਜਿਨ੍ਹਾਂ ਦੀ ਰੱਬ ਦੇ ਨਾਲ ਮਾਈ
ਦੌਲਤ ਰਾਮ ਤੂੰ ਛੱਡ ਦੇਹ ਬਾਂਹ ਮੇਰੀ ਕਾਹਨੂੰ ਖੇਲਨੀ ਹੈ ਛੱਤੀ ਤਾਲ ਮਾਈ

## ਵਾਕ ਬਸੰਤ ਕਾ

ਦਜੀ ਵਾਰ ਬਸੰਤ ਨੇ ਫੇਰ ਕਹਿਆ ਮਾਈ ਉਲਟ ਗਿਆਨ ਸੁਣਾਇਆ ਨੀ

ਜਿਨ੍ਹਾਂ ਵੇਦ ਅਨੁਸਾਰ ਵਿਆਹ ਕੀਤੇ ਦੂਸ਼ਨ ਉਨ੍ਹਾਂ ਨੂੰ ਚੁੱਕ ਲਗਾਇਆ ਨੀ
ਜੇਹੜੇ ਵੇਦ ਦੀ ਰੀਤ ਨੂੰ ਛੱਡ ਗਏ ਸੁੱਖ ਉਨ੍ਹਾਂ ਨੇ ਮੂਲ ਨਾ ਪਾਇਆ ਨੀ
ਬਾਲੀ ਵੇਦ ਦੀ ਰੀਤ ਤੋਂ ਰੱਦ ਹੋਇਆ ਉਸਨੂੰ ਰਾਮ ਨੇ ਮਾਰ ਮੁਕਾਇਆ ਨੀ
ਇੰਦ੍ਰ ਨਾਲ ਅਹੱਲਿਆ ਭੋਗ ਕੀਤਾ ਉਸ ਨੇ ਕੁਸ਼ਟ ਸਰੀਰ ਨੂੰ ਲਾਇਆ ਨੀ
ਹੋਈ ਭਗ ਹਜ਼ਾਰ ਸਰੀਰ ਉਤੇ ਪਾਪੀ ਜਗ ਦੇ ਵਿਚ ਸਦਾਇਆ ਨੀ
ਮਹਾਦੇਵ ਦੇ ਵਿਚ ਨਾ ਪਾਪ ਕੋਈ ਐਵੇਂ ਭਰਮ ਤੈਂ ਚਿੱਤ ਨੂੰ ਲਾਇਆ ਨੀ
ਹਨੂਮਾਨ ਦੀ ਉਤਪਤੀ ਕਰਨ ਪਿਛੇ ਈਸ਼ਵਰ ਆਪ ਇਹ ਖੇਲ ਰਚਾਇਆ ਨੀ
ਏਸ ਦੁੱਖ ਦੇ ਵਾਸਤੇ ਸਦਾ ਸ਼ਿਵ ਨੇ ਕਾਮਦੇਵ ਨੂੰ ਖ਼ਾਕ ਰੁਲਾਇਆ ਨੀ
ਰਾਵਣ ਸੀਤਾ ਨੂੰ ਜਾਇ ਚੁਰਾਇਆ ਸੀ ਉਸਨੇ ਨਫ਼ਾ ਕੀ ਦੱਸ ਉਠਾਇਆ ਨੀ
ਨਾਲੇ ਲੰਕਾ ਦਾ ਸਾੜ ਕੇ ਨਸ਼ਟ ਕੀਤਾ ਨਾਲੇ ਆਪਣਾ ਬੰਸ ਗਵਾਇਆ ਨੀ
ਜੇਹੜਾ ਕੁੰਤੀ ਦਾ ਪਈ ਦ੍ਰਿਸ਼ਟਾਂਤ ਦੇਂਦੀ ਸੂਰਜ ਕਾਮ ਨ ਨਹੀਂ ਡੁਲਾਇਆ ਨੀ
ਉਸ ਦੀ ਵਾਸ਼ਨਾ ਨੇ ਉਸਨੂੰ ਪੁੱਤ ਦਿਤਾ ਮਹਾਂ ਭਾਰਤੋਂ ਭੇਦ ਮੈਂ ਪਾਇਆ ਨੀ
ਐਪਰ ਫੇਰ ਸਮਰਥ ਨੂੰ ਦੋਸ਼ ਨਾਹੀਂ ਜੇਹੜਾ ਬ੍ਰਹਮ ਦੇ ਵਿਚ ਸਮਾਇਆ ਨੀ
ਪਾਣੀ ਪੌਣ ਤੇ ਅੱਗ ਨੂੰ ਦੋਸ਼ ਨਾਹੀਂ ਕਿਸਨੇ ਲੇਪ ਆਕਾਸ਼ ਨੂੰ ਲਾਇਆ ਨੀ
ਸਾਰੇ ਵੇਦ ਪੁਰਾਣ ਮੈਂ ਭਾਲ ਡਿੱਠੇ ਭੈੜਾ ਕਰਮ ਨਾ ਕਿਸੇ ਬਤਾਇਆ ਨੀ
ਦੌਲਤ ਰਾਮ ਜਹਾਨ ਦੇ ਵਿਚ ਬੰਦਾ ਰੱਬ ਬੰਦਗੀ ਲਈ ਬਣਾਇਆ ਨੀ

## ਵਾਕ ਰਾਣੀ ਕਾ

ਚੰਦ੍ਰਵਤੀ ਨੇ ਕਹਿਆ ਬਸੰਤ ਤਾਈਂ ਤੈਨੂੰ ਗਿਆਨ ਬਿਬੇਕ ਵਿਚਾਰ ਨਾਹੀਂ
ਵੇ ਮੈਂ ਲੱਖ ਦ੍ਰਿਸ਼ਟਾਂਤਾਂ ਨੂੰ ਦੇ ਚੁੱਕੀ ਤੇਰਾ ਜਾਂਵਦਾ ਭਰਮ ਅੰਧਾਰ ਨਾਹੀ
ਪੱਥਰ ਚਿਤ ਤੇ ਬੇ-ਦਰਦ ਬੇ-ਤਰਸ ਹੈਂ ਤੂੰ ਤੇਰਾ ਕਿਸੇ ਦੇ ਨਾਲ ਪਿਆਰ ਨਾਹੀਂ
ਜੇਹੜੇ ਕਿਸੇ ਦੇ ਚਿਤ ਨੂੰ ਰੰਜ ਕਰਦੇ ਮਿਲਦਾ ਇਹਨਾਂ ਨੂੰ ਮੋਖ ਦੁਆਰ ਨਾਹੀ
ਵੇਦ ਪੁਰਾਣ ਦੇ ਪਿਆ ਦ੍ਰਿਸ਼ਟਾਂਤ ਦੇਨੈਂ ਬੈਠਾ ਕਾਗ਼ਜ਼ਾਂ ਵਿਚ ਕਰਤਾਰ ਨਾਹੀਂ
ਭਾਵੇਂ ਲੱਖ ਪੁਰਾਣ ਤੇ ਵੇਦ ਪੜ੍ਹੀਏ ਬਿਨਾਂ ਪ੍ਰੇਮ ਦੇ ਲੱਭਦਾ ਯਾਰ ਨਾਹੀਂ
ਕਾਗ਼ਜ਼ ਦੇਖ ਤੇ ਚਿੱਤ ਹੈਰਾਨ ਕੀਤਾ ਮਰਦ ਹੋਹੁ ਵੇ ਮਰਦਮੀ ਹਾਰ ਨਾਹੀਂ
ਨਾਲੇ ਮੁਝ ਦਾ ਚਿਤ ਵੀ ਸ਼ਾਦ ਕਰ ਦੇਹ ਨਾਲੇ ਆਪ ਤੂੰ ਦੁੱਖ ਸਹਾਰ ਨਾਹੀਂ
ਜਿਨਾਂ ਜਨਾਂ ਨੂੰ ਪਿਆ ਸਮਰਥ ਆਖੇਂ ਤੇਰਾ ਓਨ੍ਹਾਂ ਤੇ ਘੱਟ ਇਸ਼ਾਰ ਨਾਹੀਂ
ਤੇਰਾ ਉਹਨਾਂ ਦੇ ਨਾਲੋਂ ਕੀ ਘੱਟ ਹੈ ਵੇ ਤੈਥੋਂ ਵਖਰਾ ਕਿਤੇ ਮੁਰਾਰ ਨਾਹੀਂ
ਸੱਤ ਚਿੱਤ ਆਨੰਦ ਦਾ ਰੂਪ ਹੈਂ ਤੂੰ ਤੈਨੂੰ ਆਪਣੇ ਆਪ ਦੀ ਸਾਰ ਨਾਹੀਂ
ਇਕੋ ਬ੍ਰਹਮ ਦੁਤਿ ਨਾਸਤੀ ਵੇਦ ਆਖੇ ਤੈਨੂੰ ਆਂਵਦਾ ਕਦੇ ਇਤਬਾਰ ਨਾਹੀਂ
ਮੈਨੂੰ ਦੱਸ ਸ਼ਾਹਜ਼ਾਦਿਆ ਜਾ ਕਿਹੜੀ ਜਿਥੇ ਸੂਰਜ ਦਾ ਪਿਆ ਚਮਕਾਰ ਨਾਹੀਂ
ਨੀਰੋਂ ਵੱਖਰੇ ਬੁਦਬੁਦੇ ਨਹੀਂ ਹੁੰਦੇ ਰਬੋਂ ਵਖਰਾ ਕਿਤੇ ਸੰਸਾਰ ਨਾਹੀ

ਗੈਹਣਾ ਸੋਨਿਓਂ ਵੱਖਰਾ ਨਹੀਂ ਕੋਈ ਅਤੇ ਬ੍ਰਿਛ ਤੇ ਵੱਖਰੀ ਡਾਰ ਨਾਹੀ
ਚੰਦੋਂ ਚਾਦਨੀ ਮੂਲ ਨਾ ਭਿੰਨ ਹੋਵੇ ਅੱਗੋਂ ਵੱਖਰਾ ਕਿਤੇ ਅੰਗਾਰ ਨਾਹੀਂ
ਆਖੇ ਲਗ ਵੇ ਦੁੱਖ ਨਾ ਦੇਹ ਮੈਨੂੰ ਮੇਲਾ ਫੇਰ ਹੋਣਾ ਵਾਰ ਵਾਰ ਨਾਹੀਂ
ਵੇਲਾ ਅੱਜ ਤੇਰਾ ਪਾਸਾ ਜਿੱਤਣੇ ਦਾ ਐਵੇਂ ਗੋਟੀਆਂ ਪਿਆ ਖਲਾਰ ਨਾਹੀਂ
ਚਾਰ ਰੋਜ਼ ਜੁਆਨੀ ਦੀ ਮੌਜ ਬੀਬਾ ਮੁੜ ਕੇ ਲੱਭਣੀ ਇਹ ਬਹਾਰ ਨਾਹੀਂ
ਤੈਨੂੰ ਹੋਰ ਮੈਂ ਇਕ ਦ੍ਰਿਸ਼ਟਾਂਤ ਦੇਵਾਂ ਰੱਖ ਧਿਆਨ ਤੂੰ ਗੱਲ ਵਿਸਾਰ ਨਾਹੀਂ
ਭੋਗ ਇੰਦਰੇ ਆਪਣਾ ਭੋਗ ਰਹੇ ਨੇ ਅਤੇ ਆਤਮਾ ਦੀ ਕੋਈ ਕਾਰ ਨਾਹੀਂ
ਪਾਣੀ. ਪੌਣ. ਅਕਾਸ਼ ਤੇ ਅੱਗ ਮਿੱਟੀ ਪੰਜਾਂ ਵਿਚ ਕੋਈ ਗੱਲ ਸਾਰ ਨਾਹੀਂ
ਫੁਰਨੇ ਨਾਲ ਹੈ ਦੁੱਖ ਤੇ ਸੁੱਖ ਸਾਰਾ ਫੁਰਨੇ ਰਹਿਤ ਮੈਨੂੰ ਕੋਈ ਮਾਰ ਨਾਹੀਂ
ਭਾਂਡੇ ਖ਼ਾਕ ਦੇ ਅੰਤ ਨੂੰ ਖ਼ਾਕ ਹੋਣਾ ਅਤੇ ਆਤਮਾ ਬਿਨਸਣ ਹਾਰ ਨਾਹੀਂ
ਜਨਮ ਮਰਨ ਜਹਾਨ ਦਾ ਖ਼ੌਫ਼ ਝੂਠਾ ਅਗੇ ਕਿਸੇ ਨੂੰ ਦੁੱਖ ਅਜ਼ਾਰ ਨਾਹੀਂ
ਦੌਲਤ ਰਾਮ ਤੂੰ ਸਦਾ ਅਲੇਪ ਹੈ ਵੇ ਤੈਥੋਂ ਜੁਦਾ ਕੋਈ ਓਅੰਕਾਰ ਨਾਹੀਂ

## ਵਾਕ ਰਾਣੀ ਕਾ

ਰਾਜੇ ਜਨਕ ਦੇ ਵਾਗ ਅਲੇਪ ਹੋ ਜਾ ਕਰਦਾ ਕੰਮ ਸਭ ਏਕ ਦਾ ਏਕ ਹੈ ਵੇ
ਉਸ ਦੇ ਵਾਂਗ ਜੇ ਗਿਆਨ ਬਿਬੇਕ ਧਾਰੇਂ ਤੈਨੂੰ ਲੱਗਦਾ ਦੁੱਖ ਨਾ ਸੇਕ ਹੈ ਵੇ
ਸਾਰੇ ਏਕ ਹੀ ਬ੍ਰਹਮ ਸਮਾ ਰਹਿਆ ਕਹੂੰ ਏਕੋ ਤੇ ਕਹੂੰ ਅਨੇਕ ਹੈ ਵੇ
ਜੇਕਰ ਸਰਬ ਨੂੰ ਆਪਣਾ ਰੂਪ ਜਾਣੇਂ ਤਾ ਈ ਹੋਂਵਦੀ ਚਿੱਤ ਨੂੰ ਟੇਕ ਹੈ ਵੇ
ਦੌਲਤ ਰਾਮ ਨਾ ਓਹਨਾ ਨੂੰ ਦੋਸ ਕੋਈ ਹੋਇਆ ਜਿਨ੍ਹਾਂ ਨੂੰ ਗਿਆਨ ਬਿਬੇਕ ਹੈ ਵੇ

## ਵਾਕ ਬਸੰਤ ਕਾ

ਮਾਈ ਢੇਰ ਗਿਆਨ ਸੁਣਾਯੋ ਈ ਐਪਰ ਅਮਲ ਨਾ ਇਕ ਕਮਾਇਆ ਤੈਂ
ਉਤੋਂ ਪੌ ਬਾਰਾਂ ਵਿਚੋਂ ਤਿੰਨ ਕਾਣੇ ਪਾਸਾ ਪਾਪ ਦਾ ਆਣ ਵਛਾਇਆ ਤੈਂ
ਉਤੇ ਸਾਧ ਤੇ ਵਿਚ ਉਪਾਧ ਹੋਈ ਚੰਗਾ ਜੋਗ ਦਾ ਮਰਤਬਾ ਪਾਇਆ ਤੈਂ
ਜਿਹੜਾ ਬੋਲਦਾ ਹੈਂ ਮਾਈ ਵਿਚ ਤੇਰੇ ਉਸਦਾ ਨਾ ਮੁੱਖੋਂ ਅਲਾਇਆ ਤੈ
ਓਸੇ ਜੀਵ ਤਾਈਂ ਆਵਾਗੌਣ ਸਭੇ ਜੇਹੜੇ ਜੀਵ ਦਾ ਭੇਦ ਲੁਕਾਇਆ ਤੈਂ
ਐਪਰ ਜੀਵ ਵੀ ਬ੍ਰਹਮ ਦਾ ਰੂਪ ਹੈਸੀ ਅੱਜ ਬ੍ਰਹਮ ਨੂੰ ਜੀਵ ਬਣਾਇਆ ਤੈਂ
ਹੈਸੀ ਫੁਲ ਗੁਲਾਬ ਦਾ ਰੂਹ ਤੇਰਾ ਅੱਗ ਹਿਜਰ ਦੀ ਵਿਚ ਬਟਾਇਆ ਤੈਂ
ਦਿੱਸੇ ਹੰਸ ਤੇ ਅੰਦਰੋਂ ਕਾਗ ਹੋਇਆ ਬਗਲੇ ਵਾਂਗ ਇਹ ਭਜਨ ਰਚਾਇਆ ਤੈਂ
ਉਤੇ ਖੰਡ ਤੇ ਵਿਚ ਸੁਆਹ ਤੇਰੇ ਸੋਹਣਾ ਹੱਟ ਹਲਵਾਈ ਦਾ ਲਾਇਆ ਤੈਂ
ਮੈਂ ਤਾਂ ਜਾਣਿਆ ਸੀ ਮਾਤਾ ਧਰਮ ਵਾਲੀ ਚੰਗਾ ਪੁੱਤ ਦਾ ਪਿਆਰ ਵਧਾਇਆ ਤੈਂ
ਉੱਤਮ ਜਨਮ ਭਗਵਾਨ ਦਾ ਰਪ ਤੇਰਾ ਨਦੀ ਵਿਸ਼ੇ ਦੀ ਵਿਚ ਰੁੜ੍ਹਾਇਆ ਤੈਂ

ਪੰਜ ਚੋਰ ਬੁਲਾਇਕੇ ਆਪ ਹੱਥੀਂ ਅੱਖੀ ਵੇਂਹਦਿਆਂ ਮਾਲ ਲੁਟਾਇਆ ਤੈਂ
ਹਾਇ ਹਾਇ ਇਹ ਵੱਡਾ ਅਫ਼ਸੋਸ ਮੈਨੂੰ ਹੀਰਾ ਖ਼ਾਕ ਦੇ ਵਿਚ ਰੁਲਾਇਆ ਤੈਂ
ਸਾਡੇ ਦਿਲ ਵਿਚ ਨਹੀਂ ਕੋਈ ਦੋਸ਼ ਮਾਤਾ ਕਰਮ ਆਪਣੇ ਦਾ ਫਲ ਪਾਇਆ ਤੈਂ
ਅਜੇ ਸਮਝ ਨਾ ਵਿਗੜਿਆ ਕੁਝ ਤੇਰਾ ਕਾਹਦੇ ਵਾਸਤੇ ਚਿੱਤ ਲੁਭਾਇਆ ਤੈਂ
ਦੀਵਾ ਹੁਸਨ ਦਾ ਵੇਖ ਕੇ ਲਾਲ ਅੱਖਾ ਦਿਲ ਨੂੰ ਵਾਂਗ ਪਤੰਗ ਡੁਲਾਇਆ ਤੈਂ
ਇਕੋ ਕਾਮ ਨੂੰ ਰਾਮ ਦਾ ਰੂਪ ਜਾਤਾ ਜਤ ਸਤ ਤੇ ਸੀਲ ਡੁਲਾਇਆ ਤੈਂ
ਜਯੋ ਜਯੋ ਮੱਤ ਦੇਈਦੇ ਤਯੋ ਤਯੋ ਸੀ ਚੜ੍ਹਦੀ ਵਾਹ ਵਾਹ ਕਾਨੂੰਨ ਠਗ੍ਹਾਇਆ ਤੈਂ
ਤੈਨੇ ਹੋਰ ਕੀ ਕਿਸੇ ਨੂੰ ਸੁੱਖ ਦੇਣਾ ਈਸ਼ਵਰ ਪਤੀ ਨੂੰ ਦਿਲੋਂ ਭੁਲਾਇਆ ਤੈਂ
ਮੈਂ ਹਾਂ ਜੀਵ ਅਲਪੱਗ ਸਰਬੱਗ ਈਸ਼ਵਰ ਮੈਨੂੰ ਓਸ ਦੇ ਨਾਲ ਰਲਾਇਆ ਤੈਂ
ਈਸ਼ਵਰ ਹੋਣ ਦੀ ਅਜੇ ਉਮੈਦ ਮੈਨੂੰ ਜੇਕਰ ਮੇਹਰ ਦਾ ਦਾਨ ਚਾ ਪਾਇਆ ਤੈਂ
ਦੌਲਤ ਰਾਮ ਭਗਵਾਨ ਦਾ ਦਾਸ ਹਾਂ ਮੈਂ ਮਾਈ ਮੁਝ ਨੂੰ ਕੌਣ ਤਕਾਇਆ ਤੈਂ

## ਵਾਕ ਰਾਣੀ ਕਾ

ਰਾਣੀ ਆਖਦੀ ਜ਼ਾਲਮਾ ਲੱਗ ਆਖੇ ਉੱਚਾ ਬੋਲ ਕੇ ਜੱਗ ਸੁਣਾ ਨਾਹੀਂ
ਅੱਗੇ ਇਸ਼ਕ ਨੇ ਮਾਰ ਤਾਨੂਰ ਕੀਤਾ ਹਾਇ ਤੱਤਿਆ ਤੱਤੀ ਨੂੰ ਤਾ ਨਾਹੀਂ
ਗੱਲਾਂ ਛੱਡ ਦੇ ਗਲੇ ਲਗਾ ਮੈਨੂੰ ਗੱਲਾਂ ਵਿਚ ਤੂੰ ਗੱਲ ਗਵਾ ਨਾਹੀਂ
ਵੇ ਮੈਂ ਦੁੱਖਾ ਨੇ ਮਾਰ ਕੇ ਚੂਰ ਕੀਤੀ ਦੁਖੇ ਦਿਲਾਂ ਨੂੰ ਹੋਰ ਦੁਖਾ ਨਾਹੀਂ
ਤੈਨੂੰ ਰੱਬ ਨੇ ਹੁਸਨ ਜਮਾਲ ਦਿੱਤਾ ਇਸ ਨੂੰ ਖ਼ਾਕ ਦੇ ਵਿਚ ਰੁਲਾ ਨਾਹੀਂ
ਲੈਹਰਾਂ ਮਾਰ ਕੇ ਹੁਸਨ ਦਾ ਵੈਹਣ ਅਗੇ ਅਸਾਂ ਪਿਆਸਿਆਂ ਨੂੰ ਤਰਸਾ ਨਾਹੀਂ
ਬੇੜਾ ਆਨ ਕੰਧੀ ਮੇਰਾ ਲੱਗਿਆ ਵੇ ਧੱਕਾ ਮਾਰ ਕੇ ਵਿਚ ਰੁੜ੍ਹਾ ਨਾਹੀਂ
ਅੱਗ ਹਿਜਰ ਨੇ ਭੁੰਨ ਕਬਾਬ ਕੀਤਾ ਉਤੇ ਸੋਖ਼ਤਾ ਹੋਰ ਲਗਾ ਨਾਹੀਂ
ਜ਼ਾਲਮ ਹੋ ਕੇ ਵਾਂਗ ਕਸਾਈਆਂ ਦੇ ਮੇਰੇ ਦਰਦ ਕਲੇਜੜੇ ਲਾ ਨਾਹੀਂ
ਜੇਹੜੀ ਹੋਵਨੀ ਸੀ ਸੋਈ ਹੋਇ ਚੁੱਕੀ ਕੋਈ ਹੋਰ ਫ਼ਸਾਦ ਵਧਾ ਨਾਹੀਂ
ਵਾਰ ਵਾਰ ਤੇਰੀ ਦਾਮਨਗੀਰ ਹੁੰਦੀ ਤੈਨੂੰ ਆਂਵਦਾ ਜ਼ਰਾ ਹਯਾ ਨਾਹੀਂ
ਦੌਲਤ ਰਾਮ ਜੇ ਸੁੱਖ ਦੀ ਲੋੜ ਤੈਨੂੰ ਦੁਖ ਦੇਹ ਨਾਹੀਂ ਦੁੱਖ ਪਾ ਨਾਹੀਂ

## ਵਾਕ ਬਸੰਤ ਕਾ

ਕੁੰਵਰ ਆਖਦਾ ਮਾਈ ਨੂੰ ਚੁੱਪ ਹੋ ਜਾ ਤੈਨੂੰ ਜ਼ਰਾ ਵਿਚਾਰ ਗਿਆਨ ਨਾਹੀਂ
ਬੇਈਮਾਨ ਨੂੰ ਦੇਖ ਕੇ ਲੋਕ ਧਰਮੀ ਕਦੇ ਆਪਣਾ ਧਰਮ ਗਵਾਨ ਨਾਹੀਂ
ਜੇਹੜੇ ਮਰਦ ਨੂੰ ਨਾਮ ਦੀ ਲਾਗ ਲੱਗੀ ਹੁੰਦਾ ਵਿਸੇ ਦੇ ਵਿਚ ਗ਼ਲਤਾਨ ਨਾਹੀਂ
ਮਰੇ ਚਿਤਰੇ ਬਾਜ਼ ਜੋ ਮਾਸ ਹਾਰੀ ਭੁੱਖੇ ਮਰਨ ਪਰ ਘਾਸ ਨੂੰ ਖਾਣ ਨਾਹੀਂ
ਜਿਨ੍ਹਾਂ ਦੁੱਧ ਹਮੇਸ਼ ਗਜ਼ਾ ਕੀਤੀ ਪੀਂਦੇ ਕਦੇ ਜੁਲਾਹਿਆਂ ਦੀ ਪਾਨ ਨਾਹੀਂ

ਜਿਨ੍ਹਾਂ ਵਣਜ ਕੀਤੇ ਮੋਤੀ ਹੀਰਿਆਂ ਦੇ ਮਾਏ ਕੌਡੀਆਂ ਦੇਖ ਲੁਭਾਨ ਨਾਹੀਂ
ਬੋਲੇ ਕਥਾ ਦੇ ਸੁਣਨ ਨੂੰ ਨਹੀਂ ਜਾਂਦੇ ਗੁੰਗੇ ਰਾਗੀਆਂ ਦੇ ਵਿਚ ਗਾਨ ਨਾਹੀਂ
ਟੁੰਡੇ ਕਿਸੇ ਦੇ ਨਾਲ ਕੀ ਯੁਧ ਕਰਨਾ ਲੰਗੜੇ ਸਿਖਰ ਪਹਾੜ ਤੇ ਜਾਨ ਨਾਹੀਂ
ਧਰਮੀ ਪੁਰਸ਼ ਨਾ ਧਰਮ ਨੂੰ ਕੰਡ ਦੇਂਦੇ ਭੈੜ ਕੰਮ ਤੇ ਹਟੇ ਸ਼ੈਤਾਨ ਨਾਹੀਂ
ਜੇੜ੍ਹੇ ਅਸਲ ਥੀਂ ਬੁਰੇ ਦੇ ਬੀਜ ਹੋਵਨ ਕਿਸੇ ਨਾਲ ਓਹ ਭਲਾ ਕਸਾਨ ਨਾਹੀਂ
ਸੂਰਜ ਕੁਲ ਜਹਾਨ ਦੇ ਵਿਚ ਰੋਸ਼ਨ ਉੱਲੂ ਵਾਸਤੇ ਨਾਮ ਨਿਸ਼ਾਨ ਨਾਹੀਂ
ਜੇਹੜਾ ਰੂਹ ਕਲਬੂਤ ਨੂੰ ਛੱਡ ਜਾਵੇ ਆਵੇ ਬੁਤ ਨੂੰ ਫੇਰ ਬੁਲਾਨ ਨਾਹੀਂ
ਜਿਨ੍ਹਾਂ ਦਾਨ ਲਿਆ ਗੁਰਾਂ ਪੂਰਿਆਂ ਤੋਂ ਮੰਗਦੇ ਦਾਤਿਆਂ ਕੋਲੋਂ ਦਾਨ ਨਾਹੀਂ
ਜੇਹੜੇ ਆਪਣੇ ਆਪ ਨੂੰ ਖੋਜ ਬੈਠੇ ਦੂਾਵਾ ਕਿਸੇ ਦੇ ਨਾਲ ਬਨਾਣ ਨਾਹੀਂ
ਜੇਹੰੜਾ ਵਿਸ਼ੇ ਦੇ ਵਾਸਤੇ ਧਰਮ ਛੱਡੇ ਮਿਲਦਾ ਓਸ ਨੂੰ ਮੋਖ ਅਸਥਾਨ ਨਾਹੀਂ
ਗੁਰੂ ਦੇਵ ਔਰ ਸੰਤ ਦੀ ਸੇਵ ਬਾਝੋਂ ਮਿਲਦਾ ਕਦੇ ਮਾਈ ਭਗਵਾਨ ਨਾਹੀਂ
ਜੇਕਰ ਸਭ ਹੀ ਕੰਮ ਹੋ ਜਾਣ ਪੁੱਠੇ ਤਾਂ ਭੀ ਮੁਝ ਨੂੰ ਕੁਝ ਅਰਮਾਨ ਨਾਹੀਂ
ਜੇਕਰ ਧਰਮ ਦੇ ਵਾਸਤੇ ਜਾਨ ਜਾਵੇ ਮੈਨੂੰ ਧਰਮ ਤੇ ਭਲੇ ਪ੍ਰਾਣ ਨਾਹੀਂ
ਜੇਕਰ ਵੈਹਣ ਦਰਯਾਵਾਂ ਦੇ ਹੋਣ ਪੁੱਠੇ ਤਾਂ ਭੀ ਮੁਝ ਦਾ ਚਿੱਤ ਹੈਰਾਨ ਨਾਹੀਂ
ਦੌਲਤ ਹੋਣ ਜ਼ਮੀਨ ਅਸਮਾਨ ਪੁੱਠੇ ਤਾਂ ਭੀ ਤੱਜੇ ਬਸੰਤ ਈਮਾਨ ਨਾਹੀਂ

## ਵਾਕ ਰਾਣੀ ਕਾ

ਐਡੇ ਨੇਮ ਤੇ ਧਰਮ ਈਮਾਨ ਵਾਲਾ ਐਵੇਂ ਜਾਵਸੇਂ ਵੇ ਐਵੇਂ ਜਾਵਸੇਂ ਵੇ
ਸੁਖ ਤੁੱਧ ਦੇ ਨਹੀਂ ਨਸੀਬ ਹੋਸੀ ਜੇਕਰ ਮੁਝ ਦਾ ਚਿੱਤ ਦੁਖਾਵਸੇਂ ਵੇਂ
ਮੇਰੀ ਗੱਲ ਨੇ ਕੂੜ ਨਾ ਹੋਵਣਾ ਈਂ ਨਾਲ ਅੱਖੀਆਂ ਦੇ ਅਜ਼ਮਾਵਸੇਂ ਵੇ
ਜਿਵੇਂ ਜਿਗਰ ਮੇਰੇ ਹਿਜਰ ਕਰਦ ਲਾਈ ਤਿਵੇਂ ਆਪ ਭੀ ਸੀਸ ਕਟਾਵਸੇਂ ਵੇ
ਏਸ ਵਕਤ ਨੂੰ ਤਦੋਂ ਤੂੰ ਯਾਦ ਕਰਸੇਂ ਸੂਲੀ ਨਾਲ ਜਾਂ ਜਿੰਦ ਕੁਹਾਵਸੇ ਵੇ
ਜੇਕਰ ਸੂਲੀ ਤੇ ਬਚ ਰਹੀ ਜਿੰਦ ਤੇਰੀ ਬਣਬਾਸ ਜ਼ਰੂਰ ਤੂੰ ਪਾਵਸੇਂ ਵੇ
ਜੇਹੜੇ ਹੁਸਨ ਜਮਾਲ ਦਾ ਮਾਨ ਕਰਦਾ ਇਸਨੂੰ ਜੰਗਲਾਂ ਵਿਚ ਰੁਲਾਵਸੇਂ ਵੇ
ਮੁੜ ਕੇ ਫੇਰ ਇਹ ਸੁੱਖ ਨਾ ਹੱਥ ਆਸੀ ਪਿਆ ਵੇਲੜੇ ਨੂੰ ਪੱਛੋਤਾਵਸੇਂ ਵੇ
ਆਖੇ ਲੱਗ ਜੇ ਜੀਵਿਆ ਲੋੜਨਾ ਏਂ ਮੁਫ਼ਤ ਵਿਚ ਤੂੰ ਜਿੰਦ ਗਵਾਸਸੇਂ ਵੇ
ਹੋਵੇਂ ਵਾਂਗ ਮਨਸੂਰ ਦੇ ਚੂਰ ਬੀਬਾ ਸ਼ੱਮਸ਼ ਵਾਂਗ ਤੂੰ ਖੱਲ ਲੁਹਾਵਸੇਂ ਵੇ
ਪੈ ਕੇ ਚਿਖਾ ਦੇ ਵਿਚ ਖ਼ਲੀਲ ਵਾਂਗੂੰ ਸੂਰਤ ਅੱਗ ਦੇ ਵਿਚ ਸੜਾਵਸੇਂ ਵੇ
ਜਦੋਂ ਸ਼ਾਹ ਨੇ ਦਸਤ ਮੇਂ ਤੇਗ਼ ਪਕੜੀ ਉਸ ਦੇ ਨਾਲ ਕੀ ਜ਼ੋਰ ਚਲਾਵਸੇਂ ਵੇ
ਮੇਰੇ ਸੁਖ਼ਨ ਸਭੇ ਤੈਨੂੰ ਯਾਦ ਆਸਣ ਜਦੋਂ ਰੋਂਵਦਾ ਸ਼ਹਿਰ ਤੇ ਜਾਵਸੇ ਵੇ
ਫਿਰਸੇਂ ਵੈਣ ਪੌਂਦਾ ਵਿਚ ਜੰਗਲਾਂ ਦੇ ਰੋਇ ਰੋਇ ਕੇ ਹਾਲ ਵੰਞਾਵਸੇਂ ਵੇਂ
ਕਿੱਥੋਂ ਪਹਿਨਸੇਂ ਅਤਲਸਾਂ ਮਖ਼ਮਲਾਂ ਤੂੰ ਸ਼ੀਰੀਂਦਾਰ ਖਾਣੇ ਕਿੱਥੋਂ ਖਾਵਸੇਂ ਵੇ

ਅੱਵਲ ਬਚਨ ਦੀ ਨਹੀਂ ਉਮੈਦ ਤੇਰੀ ਆਈ ਮੌਤ ਨੂੰ ਕਿਵੇਂ ਹਟਾਵਸੇਂ ਵੇ
ਨਹੀਂਓ ਪਤਾ ਚਲਿੱਤਰਾਂ ਮੇਰਿਆਂ ਦਾ ਅੱਖੀਂ ਵੇਖਸੇਂ ਨੈਣ ਵਹਾਵਸੇਂ ਵੇ
ਅਜੇ ਸਮਝ ਨਾ ਵਿਗੜਿਆ ਕੁਝ ਤੇਰਾ ਵੇਲਾ ਬੀਤਿਆ ਫਿਰ ਕੁਰਲਾਵਸੇਂ ਵੇ
ਆਖੇ ਲੱਗ ਕੀ ਧਰਮ ਤੇ ਖੱਟਣਾ ਈਂ ਕਿਚਰ ਤੋੜ ਇਹ ਧਰਮ ਨਿਭਾਵਸੇਂ ਵੇ
ਦੌਲਤ ਰਾਮ ਜਦ ਸੂਲੀ ਤੇ ਚਾੜ੍ਹ ਦਿੱਤਾ ਓਥੇ ਧਰਮ ਨੂੰ ਕਿਵੇਂ ਬੁਲਾਵਸੇਂ ਵੇ

## ਵਾਕ ਬਸੰਤ ਕਾ

ਕੁੰਵਰ ਆਖਦਾ ਰਾਣੀ ਨੂੰ ਸਮਝ ਮਾਈ ਧਰਮੀ ਧਰਮ ਨ ਮੂਲ ਗਵਾਉਨਗੇ ਨੀ
ਧਰਮ ਵਾਸਤੇ ਜੇਕਰਾਂ ਮਿਲੇ ਸੂਲੀ ਦੇਵਣ ਜਿੰਦ ਨਾ ਧਰਮ ਡੁਲਾਉਨਗੇ ਨੀ
ਜੇਕਰ ਵਿਚ ਨਸੀਬ ਬਨਬਾਸ ਹੋਸੀ ਰੋਜ਼ ਪੰਛੀਆਂ ਵਾਂਗ ਲੰਘਾਉਨਗੇ ਨੀ
ਏਸੇ ਤਰ੍ਹਾਂ ਜੋ ਲੇਖ ਦੇ ਵਿਚ ਲਿਖਿਆ ਲਿਖੇ ਲੇਖ ਨੂੰ ਕੌਣ ਮਿਟਾਉਨਗੇ ਨੀ
ਤੂੰ ਭੀ ਰੋਵਸੇਂ ਵਕਤ ਨੂੰ ਯਾਦ ਕਰਕੇ ਮੇਰੇ ਜਿਹੇ ਨਾ ਪੁੱਤ ਥਿਆਉਨਗੇ ਨੀ
ਧਰਮ ਕਰਮ ਸੰਸਾਰ ਦੇ ਨਸ਼ਟ ਹੋਸਨ ਲੋਕ ਝੂਠੀਆਂ ਸਹੁੰਆਂ ਨੂੰ ਚਾਉਨਗੇ ਨੀ
ਜਿਹੜੇ ਵਕਤ ਨੂੰ ਰਹੀ ਉਡੀਕ ਮਾਈ ਉਹ ਵੀ ਸਮੇਂ ਜਹਾਨ ਤੇ ਆਉਨਗੇ ਨੀ
ਸੱਤਯਾ ਨਸ਼ਟ ਪ੍ਰਾਕ੍ਰਮ ਦੀ ਦੂਰ ਹੋਸੀ ਕਲਜੁਗ ਆਪਣਾ ਆਪ ਦਿਖਾਉਨਗੇ ਨੀ
ਬਾਰਾਂ ਬਰਸ ਦੀ ਕੰਨਯਾ ਜਣੇ ਪੁੱਤਰ ਬੰਦੇ ਆਪਣੇ ਹੱਥ ਖਿਡਾਉਨਗੇ ਨੀ
ਪੰਝੀ ਬਰਸ ਦੀ ਪੋਤ੍ਰਾ ਵੇਖ ਲੈਸੀ ਦਾਦੀ ਉਸ ਨੂੰ ਲੋਕ ਬੁਲਾਉਨਗੇ ਨੀ
ਤੀਸ ਬਰਸ ਨੂੰ ਪੁੱਗ ਮੁਨਿਆਦ ਜਾਸੀ ਐਸੀ ਆਰਜਾ ਕਲੂ ਘਟਾਉਨਗੇ ਨੀ
ਬ੍ਰਾਹਮਣ ਖਾਣਗੇ ਮਾਸ ਸ਼ਰਾਬ ਤਾਈਂ ਰੱਖਣ ਬਕਰੀ ਨੀਲ ਹੰਢਾਉਨਗੇ ਨੀ
ਸੇਵਾ ਛੱਤਰੀ ਕਰਨ ਨਾ ਬ੍ਰਾਹਮਣਾਂ ਦੀ ਵੇਦ ਕਰਮ ਨੂੰ ਦਿਲੋਂ ਭੁਲਾਉਨਗੇ ਨੀ
ਤੋਲ ਬੋਲ ਤੇ ਰਹਿਤ ਹੋ ਵੈਸ਼ ਜਾਸਨ ਮੁੱਢੋਂ ਵੱਟੀਆਂ ਘਟ ਬਨਾਉਨਗੇ ਨੀ
ਸੂਦਰ ਕਰਨ ਨਾ ਕਿਸੇ ਦੀ ਮੂਲ ਸੇਵਾ ਹੱਥੋਂ ਆਪ ਨੂੰ ਬ੍ਰਹਮ ਸਦਾਉਨਗੇ ਨੀ
ਕੋਈ ਗਊ ਦੀ ਰੱਖਿਆ ਨਹੀਂ ਕਰਸੀ ਚੂਰੀ ਕੁੱਟ ਕੇ ਕੁੱਤਿਆਂ ਪਾਉਨਗੇ ਨੀ
ਛਿਆ ਦਰਸਨਾਂ ਦੀ ਪੂਜਾ ਬੰਦ ਕਰਕੇ ਲੋਕੀਂ ਵੱਖਰੇ ਪੰਥ ਚਲਾਉਨਗੇ ਨੀ
ਭੈਣ ਭਾਣਜੀ ਕੰਨਯਾ ਛੱਡ ਕੇ ਤੇ ਜਾ ਕੇ ਸਾਲੀਆਂ ਨਿਉਂਦੇ ਜਮਾਉਨਗੇ ਨੀ
ਵੇਚ ਖਾਣਗੇ ਆਪਣੀ ਕੰਨਯਾ ਨੂੰ ਕੋਈ ਲੁੱਟ ਜਵਾਈਆ ਨੂੰ ਲਿਆਉਨਗੇ ਨੀ
ਪੁੱਤ੍ਰ ਪਿਤਾ ਦਾ ਕੋਈ ਨਾ ਅਦਬ ਰਹਿਸੀ ਭਾਈ ਭਾਈ ਦਾ ਬੁਰਾ ਕਮਾਉਨਗੇ ਨੀ
ਭਾਬੀ ਦੇਵਰਾਂ ਵਿਚ ਨਾ ਧਰਮ ਰਹਿਸੀ ਸੌਹਰੇ ਨੂਹਾਂ ਦੀ ਤਰਫ ਤਕਾਉਨਗੇ ਨੀ
ਚਾਚੀ ਤਾਈ ਜੋ ਮਾਤਾ ਦੇ ਤੁੱਲ ਹੁੰਦੀ ਭੈੜੀ ਨਜ਼ਰ ਉਸ ਤਰਫ਼ ਲਗਾਉਨਗੇ ਨੀ
ਭਾਈ ਭੈਣ ਨੂੰ ਗਾਲ੍ਹੀਆਂ ਦੇਣ ਕਾਮੀ ਇਕੋ ਨਾਰ ਦਾ ਪਿਆਰ ਵਧਾਉਨਗੇ ਨੀ
ਓਸੇ ਬੰਦੇ ਦੀ ਭੈਣ ਤੇ ਰੰਨ ਤੱਕਣ ਜਿਸ ਨੂੰ ਧਰਮ ਦਾ ਵੀਰ ਅਲਾਉਨਗੇ ਨੀ
ਬਰਖਾ ਅਸਲ ਥੀ ਬਰਸਨੋਂ ਬੰਦ ਹੋਸੀ ਬੰਦੇ ਅੰਨ ਤੇ ਚਿੱਤ ਤਰਸਾਉਨਗੇ ਨੀ

ਹੋਸਨ ਫ਼ੈਸਲੇ ਨਾਲ ਗਵਾਹੀਆਂ ਦੇ ਹਾਕਮ ਕੂੜ ਦੇ ਅਦਲ ਠਹਿਰਾਉਨਗੇ ਨੀ
ਲੋਕ ਲੋਭ ਦੇ ਵਾਸਤੇ ਕੂੜ ਬੋਲਣ ਗੰਗਾ ਜਲੀ ਨੂੰ ਸੀਸ ਉਠਾਉਨਗੇ ਨੀ
ਭਰੇ ਅੰਦਰੋਂ ਨਾਲ ਪਲੀਤੀਆਂ ਦੇ ਲੋਕਾਂ ਵਾਸਤੇ ਗਯਾਨ ਸੁਨਾਉਨਗੇ ਨੀ
ਮਾਪੇ ਜਿਉਂਦਿਆਂ ਦੇ ਪੁੱਤ੍ਰ ਕਾਲ ਹੋਸੀ ਕਲੂ ਕਾਲ ਇਹ ਸਮਾਂ ਜਗਾਉਨਗੇ ਨੀ
ਘਰੀਂ ਜਿਨ੍ਹਾਂ ਦੇ ਪਦਨੀ ਨਾਰ ਹੋਵੇ ਯਾਰੀ ਨਾਲ ਪਰਾਈਆਂ ਦੇ ਲਾਉਨਗੇ ਨੀ
ਨਾਰੀ ਪਤੀ ਨੂੰ ਤਿਆਗ ਕੇ ਗ਼ੈਰ ਤੱਕੇ ਧਰਮ ਸੀਲ ਸੰਤੋਖ ਸਿਧਾਉਨਗੇ ਨੀ
ਜਤੀ ਸਤੀ ਕਾ ਵੈਦ ਹਕੀਮ ਰਹਿਸਨ ਸਭੇ ਕੂੜ ਦਾ ਜਾਲ ਵਛਾਉਨਗੇ ਨੀ
ਚੋਰ ਯਾਰ ਤੇ ਠੱਗ ਬਦਕਾਰ ਜਿਹੜੇ ਸੋਈ ਪਿੰਡ ਦੇ ਪੈਂਚ ਸਦਾਉਨਗੇ ਨੀ
ਗੁਰੂ ਵੇਦ ਕੁਲ ਰੀਤ ਨੂੰ ਰੱਦ ਕਰ ਕੇ ਆਪੇ ਆਪ ਭਗਵਾਨ ਕਹਾਉਨਗੇ ਨੀ
ਲੱਤਾਂ ਮਾਰਸਨ ਵਿਚ ਕੁੜਮਾਈਆਂ ਦੇ ਮਿਲਦੇ ਸਿਰਾਂ ਦੇ ਫਾਸਲੇ ਪਾਉਨਗੇ ਨੀ
ਚੋਰ ਜਾਂਦਿਆਂ ਰਾਹੀਆਂ ਨੂੰ ਮਾਰ ਦੇਸਨ ਪੈਸੇ ਵਾਸਤੇ ਜੀਵ ਨੂੰ ਘਾਉਨਗੇ ਨੀ
ਭਲੇ ਕਰਮ ਦੇ ਕੋਈ ਨਾ ਨਿਕਟ ਜਾਸੀ ਸਭੇ ਬੁਰੇ ਦਾ ਨਾਤ ਪਕਾਉਨਗੇ ਨੀ
ਜਦੋਂ ਆਣ ਕੇ ਹੋਵਸੀ ਘੋਰ ਕਲਜੁਗ ਪਾਪੀ ਨਰਕ ਦੇ ਵਿਚ ਸਮਾਉਨਗੇ ਨੀ
ਇਸ ਦੇ ਬਾਦ ਨਾਰਾਇਣ ਅਵਤਾਰ ਹੋਸੀ ਤਕਵਾ ਧਰਮ ਦਾ ਆਏ ਵਧਾਉਨਗੇ ਨੀ
ਦੌਲਤਰਾਮ ਸਭ ਦੁਸ਼ਟਤਾ ਨਸ਼ਟ ਕਰ ਕੇ ਧਰਮੀ ਪਰੁਸ਼ ਨੂੰ ਤਖ਼ਤ ਬਠਾਉਨਗੇ ਨੀ

## ਵਾਕ ਕਵੀਸ਼ਰ

ਰਾਣੀ ਵਿਸ਼ੇ ਦੇ ਸਿੰਧ ਮੇਂ ਡੋਬਦੀ ਏ ਭਗਤਾਂ ਆਸ਼ਕਾਂ ਰੱਬ ਦਿਆਂ ਪਿਆਰਿਆ ਨੂੰ
ਬੁੱਢੇ ਕੰਤ ਤੋ ਆਣ ਕੇ ਚਿੱਤ ਚਾਇਆ ਟੋਲੇ ਹਾਣੀਆਂ ਹਾਰ ਸਿੰਗਾਰਿਆਂ ਨੂੰ
ਕੁੜੀ ਨਵਾਂ ਦੀ ਤੇ ਮੁੰਡਾ ਨੱਵਿਆਂ ਦਾ ਤਾਂ ਹੀ ਪਾਂਵਦੀ ਅੰਡ ਪਵਾੜਿਆ ਨੂੰ
ਬੀਬੀ ਛੇਜ ਚਾਹੇ ਮੀਆਂ ਗੋਰ ਮੰਗੇ ਭੜੂਏ ਜ਼ਰਾਂ ਦੇ ਟੋਲਦੇ ਲਾੜਿਆਂ ਨੂੰ
ਪੈਸੇ ਵਾਸਤੇ ਧੀਆਂ ਨੂੰ ਡੋਬ ਦਿੰਦੇ ਵੇਖੋ ਤਰਸ ਨਾਹੀ ਹਤਿਆਰਿਆਂ ਨੂੰ
ਪਿਛੋਂ ਆਖਦੇ ਰੱਬਾ ਤੂੰ ਸੁੱਖ ਰੱਖੀਂ ਲਾ ਕੇ ਰੂਈਂ ਦੇ ਨਾਲ ਅੰਗਾਰਿਆਂ ਨੂੰ
ਬੇਟੀ ਉਧਲੇ ਤੇ ਮੁੰਡਾ ਫੌਤ ਹੋਵੇ ਪਿਛੋਂ ਰੋਂਵਦੇ ਵਕਤ ਗੁਜ਼ਾਰਿਆਂ ਨੂੰ
ਦੌਲਤਰਾਮ ਨਾ ਰੱਬ ਦਾ ਖ਼ੌਫ ਆਵੇਂ ਦੁਸਟਾ ਪਾਪੀਆਂ ਜ਼ਾਲਮਾਂ ਹਾਰਿਆ ਨੂੰ

## ਵਾਕ ਕਵੀਸ਼ਰ ਦਾ ਹਾਲ ਬਸੰਤ ਕਾ

ਇਤਨਾ ਆਖ ਕੇ ਬਚਨ ਬਸੰਤ ਲੋਕੋ ਨਾਲ ਰਾਣੀ ਦੇ ਖ਼ੂਬ ਖੜਖਸਿਆ ਈ
ਕੁਸ਼ਤੀ ਖ਼ੂਬ ਹੋਈ ਪਹਿਲਵਾਨ ਵਾਂਗੂੰ ਹੱਥ ਆਪਣਾ ਰਾਣੀ ਤੇ ਖੱਸਿਆ ਈ
ਲਾਇਆ ਕੁੰਵਰ ਨੇ ਧਰਮ ਦਾ ਜ਼ੋਰ ਯਾਰੋ ਉਹ ਬਾਂਹ ਛੁਡਾ ਕੇ ਨੱਸਿਆ ਈ
ਸੰਗਲ ਵਿਸ਼ੇ ਤੇ ਕਾਮ ਦਾ ਤੋੜ ਦਿਤਾ ਸ਼ੇਰ ਪਿੰਜਰੇ ਵਿਚ ਨਾ ਫਸਿਆ ਈ
ਨਿਕਰ ਦੌੜਿਆ ਰੰਗ ਮਹੱਲ ਵਿਚੋ ਮੰਦਰ ਆਪਣੇ ਆਇ ਕੇ ਧਸਿਆ ਈ

ਜੋ ਕੁਛ ਵਰਤਿਆ ਹਾਲ ਤਕਦੀਰ ਵਲੋਂ ਰੋਇ ਰੋਇ ਕੇ ਰੂਪ ਨੂੰ ਦੱਸਿਆ ਈ
ਮਾਰੇ ਖ਼ੌਫ਼ ਦੇ ਮੂਲ ਨਾ ਗੱਲ ਹੋਵੇ ਐਸਾ ਸੋਗ ਨੇ ਚਿੱਤ ਨੂੰ ਕੱਸਿਆ ਈ
ਦੌਲਤ ਰਾਮ ਬਸੰਤ ਦਿਆਂ ਨੇਤਰਾਂ ਤੇ ਪਾਣੀ ਬੱਦਲਾਂ ਵਾਂਗ ਬਰਸਿਆ ਈ
ਕਹਿਆ ਰੂਪ ਨੇ ਬਣੀ ਕੀ ਨਾਲ ਤੇਰੇ ਰੋਇ ਰੋਇ ਨਾ ਨੈਣ ਵਹਾ ਵੀਰਾ
ਕਿਹਾ ਲੱਗਿਆ ਦੁੱਖ ਅਜ਼ਾਬ ਤੈਨੂੰ ਮੈਨੂੰ ਖੋਹਲ ਕੇ ਗੱਲ ਸੁਣਾ ਵੀਰਾ
ਜੇਹੜਾ ਮਾਈ ਨੇਂ ਬੋਲਿਆ ਬਚਨ ਮੰਦਾ ਮੈਨੂੰ ਹਾਲ ਤਮਾਮ ਬਤਾ ਵੀਰਾ
ਨਾਲ ਧਰਮ ਦੇ ਆਖ ਦੇਹ ਗੱਲ ਸੱਚੀ ਐਪਰ ਕੂੜ ਨਾ ਜ਼ਰਾ ਮਿਲਾ ਵੀਰਾ
ਦੌਲਤ ਰਾਮ ਜੋ ਬਣੇਗੀ ਕੱਟ ਲੈਸਾਂ ਐਵੇਂ ਚਿੱਤ ਨੂੰ ਨਹੀਂ ਡੁਲਾ ਵੀਰਾ

## ਵਾਕ ਬਸੰਤ ਕਾ

ਕਹਿਆ ਕੁੰਵਰ ਨੇ ਜੋੜ ਕੇ ਹੱਥ ਦੋਵੇਂ ਨਾਲ ਧਰਮ ਦੇ ਕਰਾਂ ਇਜ਼ਹਾਰ ਭਾਈ
ਜੇਕਰ ਤੁਧ ਦੇ ਪਾਸ ਮੈਂ ਝੂਠ ਬੋਲਾਂ ਢੋਈ ਮਿਲੇ ਨਾ ਰੱਬ ਦੇ ਦੁਆਰ ਭਾਈ
ਮਾਤਾ ਧਰਮ ਈਮਾਨ ਨੂੰ ਛੱਡ ਬੈਠੀ ਮੇਰਾ ਦੇਖ ਕੇ ਰੂਪ ਸ਼ਿੰਗਾਰ ਭਾਈ
ਮਾਈ ਪੁੱਤ ਦਾ ਭੋਗ ਸੰਜੋਗ ਚਾਹੇ ਪਾਇਆ ਜੱਗ ਦੇ ਵਿਚ ਅੰਧਾਰ ਭਾਈ
ਉਸ ਨੇ ਕਸਰ ਨਾ ਛੱਡੀ ਏ ਡੋਬਣੇ ਦੀ ਮੈਨੂੰ ਰੱਖਿਆ ਆਪ ਕਰਤਾਰ ਭਾਈ
ਸਾਈਂ ਬਾਲਕਾ ਜਾਨ ਕੇ ਰੱਖ ਲੀਤਾ ਨਹੀਂ ਤਾਂ ਲਿਆ ਸੀ ਕਾਲਕਾ ਮਾਰ ਭਾਈ
ਰੁੜ੍ਹਿਆ ਜਾਂਵਦਾ ਸਿੰਧ ਤੂਫ਼ਾਨ ਵਿਚੋਂ ਖ਼ਵਾਜਾ ਖ਼ਿਜਰ ਕੀਤਾ ਮੈਨੂੰ ਪਾਰ ਭਾਈ
ਕੀਤੀ ਜਾਗਦੀ ਜੋਤ ਸਹਾਇ ਮੇਰੀ ਜੇਹੜੀ ਕੁਲ ਦੇ ਪ੍ਰਾਨ ਅਧਾਰ ਭਾਈ
ਕੇਹੜੇ ਰਾਮ ਨੂੰ ਦੂਰ ਮੈਂ ਜਾਣਦਾ ਸੀ ਪਾਇਆ ਅੱਖੀਆਂ ਨਾਲ ਦੀਦਾਰ ਭਾਈ
ਕੇਹੜੇ ਰਾਮ ਨੂੰ ਦੂਰ ਮੈਂ ਜਾਣਦਾ ਸੀ ਪਾਇਆ ਅੱਖੀਆਂ ਨਾਲ ਦੀਦਾਰ ਭਾਈ
ਧਰਮ ਕਰਮ ਅਤੇ ਜਤ ਸਤ ਮੇਰਾ ਰੱਖ ਲਿਆ ਜੇ ਕ੍ਰਿਸ਼ਨ ਮੁਰਾਰ ਭਾਈ
ਅਜੇ ਹੋਰ ਭੀ ਲੱਗਿਆ ਭਰਮ ਮੈਨੂੰ ਆਵੇ ਸਾਂਤ ਨਾ ਸਬਰ ਕਰਾਰ ਭਾਈ
ਮਤਾਂ ਬਾਪ ਨੂੰ ਪਾਪ ਸਰਾਪ ਕਹਿ ਕੇ ਮੈਨੂੰ ਕੈਦ ਅੰਦਰ ਦੇਵੇ ਡਾਰ ਭਾਈ
ਏਹ ਭੀ ਖ਼ੌਫ਼ ਹੈ ਹੋਰ ਅਲਜ਼ਾਮ ਲਾ ਕੇ ਮੈਨੂੰ ਜਾਨ ਤੇ ਦੇਵੇ ਨਾ ਮਾਰ ਭਾਈ
ਐਪਰ ਮਰਨ ਦਾ ਖ਼ੌਫ ਭੀ ਨਹੀਂ ਭਾਰਾ ਹੋਣਾ ਛਾਰ ਨੇ ਅੰਤ ਨੂੰ ਛਾਰ ਭਾਈ
ਜੇਕਰ ਧਰਮ ਦੇ ਵਾਸਤੇ ਜਾਨ ਜਾਵੇ ਤਾਂ ਭੀ ਸ਼ੁਕਰ ਹੈ ਲੱਖ ਹਜ਼ਾਰ ਭਾਈ
ਭਾਰਾ ਫ਼ਿਕਰ ਮੈਨੂੰ ਏਹੋ ਲੱਗਿਆ ਏ ਹੋਇਆ ਜੀਵਣਾ ਵੱਡਾ ਖ਼ੁਆਰ ਭਾਈ
ਦੌਲਤ ਰਾਮ ਇਕ ਪਿਤਾ ਦੀ ਗਈ ਇੱਜ਼ਤ ਮੇਰੀ ਨਿੰਦਿਆ ਕਰੂ ਸੰਸਾਰ ਭਾਈ

## ਵਾਕ ਰੂਪ ਕਾ

ਕਹਿਆ ਰੂਪ ਨੇ ਸੀਨੇ ਦੇ ਨਾਲ ਲਾ ਕੇ ਵੀਰਾ ਹੌਂਸਲਾ ਨ ਸਨੂੰ ਢਾ ਲਿਆ ਤੈਂ
ਧੰਨ ਧੰਨ ਵੀਰਾ ਤੇਰੇ ਜਨਮ ਤਾਈਂ ਪਾਪ ਛੱਡ ਕੇ ਧਰਮ ਨੂੰ ਪਾਲਿਆ ਤੈਂ

ਨਾਲੇ ਆਪਣੇ ਧਰਮ ਨੂੰ ਰੱਖ ਆਇਆ ਨਾਲੇ ਓਸਦਾ ਧਰਮ ਨਾ ਗਾਲਿਆ ਤੈਂ
ਦੋਹੋ ਫਾਇਦਾ ਜੱਗ ਤੇ ਆਵਣੇ ਦਾ ਧਰਮ ਰੱਖ ਕੇ ਨਾਮ ਧਿਆ ਲਿਆ ਤੈਂ
ਦੌਲਤਰਾਮ ਹੁਣ ਤੁੱਧ ਨੂੰ ਫ਼ਿਕਰ ਕਾਹਦਾ ਪੂਰਨ ਬ੍ਰਹਮ ਭਗਵਾਨ ਸੰਭਾਲਿਆ ਤੈਂ

## ਵਾਕ ਰੂਪ ਕਾ

ਕਹਿਆ ਰੂਪ ਨੇ ਫੇਰ ਪਿਆਰ ਦੇ ਕੇ ਕੇਹੜੀ ਗੱਲ ਦਾ ਤੁਧ ਨੂੰ ਸੋਗ ਵੀਰਾ
ਕਿਸੇ ਤੌਰ ਦਾ ਰੱਤੀ ਨਾ ਖ਼ੌਫ਼ ਰਖੇ ਜੇਹੜੀ ਹੋਵਨੀ ਹੈ ਸੋਈ ਹੋਗ ਵੀਰਾ
ਕੇਹੜਾ ਮਾਰ ਸਕੇ ਉਸ ਮਰਦ ਤਾਈਂ ਜਿਸ ਦੀ ਕੌਮ ਜਹਾਨ ਤੇ ਚੋਗ ਵੀਰਾ
ਜੇਕਰ ਧਰਮ ਦੇ ਰਖਿਆਂ ਮਿਲੇ ਸੂਲੀ ਤਾਂ ਭੀ ਜਾਣੀਏ ਕਰਮ ਸੰਜੋਗ ਵੀਰਾ
ਹੋਵੇ ਧਰਮ ਪਲੇ ਜੇਕਰ ਰਾਜ ਜਾਵੇ ਸਾਨੂੰ ਰਾਜ ਤੇ ਭਲਾ ਹੈ ਜੋਗ ਵੀਰਾ
ਇਕ ਨਾਮ ਤੇ ਧਰਮ ਨੇ ਸੰਗ ਜਾਣੈਂ ਸਭੇ ਸੁਖ ਜਹਾਨ ਦੇ ਭੋਗ ਵੀਰਾ
ਤੇਰੇ ਨਾਲ ਮੈਂ ਦਿਆਂਗਾ ਪ੍ਰਾਣ ਆਪਣੇ ਪਾਸਾਂ ਭੱਠ ਜਹਾਨ ਦੇ ਭੋਗ ਵੀਰਾ
ਦੌਲਤ ਰਾਮ ਅਫ਼ਸੋਸ ਨੂੰ ਤਿਆਗ ਦਿਲ ਤੋਂ ਜੇੜ੍ਹੀ ਬਨੀ ਸੋ ਲਵਾਂਗੇ ਭੋਗ ਵੀਰਾ

## ਵਾਕ ਕਵੀਸ਼ਰ ਕਾ

ਏਸੇ ਤਰ੍ਹਾਂ ਗੱਲਾਂ ਬਾਤਾਂ ਕਰਦਿਆਂ ਨੂੰ ਅੱਧੀ ਰਾਤ ਬਤੀਤ ਹੋ ਜਾਂਵਦੀ ਏ
ਖਾਣਾ ਪੀਵਣਾ ਕੁਲ ਹਰਾਮ ਹੋਇਆ ਕੋਈ ਚੀਜ਼ ਨਾ ਚਿੱਤ ਨੂੰ ਭਾਂਵਦੀ ਏ
ਸੋਹਣੀ ਸੇਜ ਹੋਈ ਸੂਲੀ ਸਾਰ ਵਾਂਗੂ ਐਪਰ ਨੀਂਦ ਭੀ ਮੂਲ ਨ ਆਂਵਦੀ ਏ
ਹੋਣੀ ਰੱਜ ਕੇ ਆ ਗਈ ਸੀਸ ਉੱਤੇ ਸਭੇ ਐਸ਼ ਅਰਾਮ ਭੁਲਾਂਵਦੀ ਏ
ਦੌਲਤ ਰਾਮ ਹੁਣ ਸੁਣੋ ਖਾਂ ਪ੍ਰੀਤ ਲਾ ਕੇ ਰਾਣੀ ਹੋਰ ਕੀ ਮਕਰ ਬਨਾਂਵਦੀ ਏ

## ਮਕਰ ਰਾਣੀ ਕਾ

ਓਧਰ ਹਾਲ ਸੁਣੋ ਚੰਦ੍ਰਵਤੀ ਦਾ ਜੀ ਭੈੜੀ ਹੋਰ ਪਸਾਰ ਪਸਾਰ ਬੈਠੀ
ਬੁਰੇ ਹੋਂਵਦੇ ਮਕਰ ਜ਼ਨਾਨੀਆਂ ਦੇ ਦੇਖੋ ਪਾਪ ਦਾ ਜਾਲ ਖਲਾਰ ਬੈਠੀ
ਰੋਸ਼ਨਦਾਨ ਦੀਵੇ ਸਾਰੇ ਗੁੱਲ ਕੀਤੇ ਕਰਕੇ ਮਹਿਲ ਦੇ ਵਿਚ ਅੰਧਾਰ ਬੈਠੀ
ਉਤੇ ਖ਼ਾਕ ਜ਼ਮੀਨ ਦੇ ਪਈ ਲੇਟੇ ਪੀੜ੍ਹਾ ਪਲੰਘ ਤੇ ਤਖ਼ਤ ਵਿਸਾਰ ਬੈਠੀ
ਸਭੋ ਚੀਰ ਫੜ ਕੇ ਲੀਰੋ ਲੀਰ ਕੀਤੇ ਭੂਖਨ ਹਾਰ ਸ਼ਿੰਗਾਰ ਉਤਾਰ ਬੈਠੀ
ਸੋਹਣੇ ਵਾਲ ਆਹੇ ਲੱਛੇ ਰੇਸ਼ਮਾਂ ਦੇ ਵਿਚ ਖ਼ਾਕ ਜ਼ਮੀਨ ਦੇ ਡਾਰ ਬੈਠੀ
ਨਾਲ ਨਖ਼ਾਂ ਦੇ ਬਦਨ ਦਾ ਨਾਸ ਕੀਤਾ ਭੈੜੀ ਨੀਤ ਦੇਖੋ ਭੈੜੀ ਧਾਰ ਬੈਠੀ
ਆਖੇ ਅਜ ਬਸੰਤ ਮਰਵਾ ਦੇਸਾਂ ਏਸ ਤਰ੍ਹਾਂ ਦਾ ਪਾਪ ਵਿਚਾਰ ਬੈਠੀ
'ਹਾਇ ਹਾਇ' ਜ਼ਬਾਨ ਤੇ ਪਈ ਬੋਲੇ ਸਭੋ ਛੱਡ ਕੇ ਕਾਰ ਵਿਹਾਰ ਬੈਠੀ
ਗਠੜੀ ਪਾਪ ਦੀ ਚਾ ਲਈ ਸੀਸ ਉਤੇ ਪੁੰਜੀ ਧਰਮ ਦੀ ਜ਼ਿਮੀਂ ਨਿਘਾਰ ਬੈਠੀ

ਲਈ ਸਾਰ ਨਾ ਆਪਣੇ ਯਾਰ ਸੰਦੀ ਸੁੱਤੀ ਪਈ ਓਹ ਵਕਤ ਗੁਜ਼ਾਰ ਬੈਠੀ
ਦੌਲਤ ਰਾਮ ਏਹ ਛਲਾਂ ਦੀ ਖੇਲ ਬਾਜ਼ੀ ਰਾਣੀ ਜਨਮ ਅਮੋਲ ਨੂੰ ਹਾਰ ਬੈਠੀ

## ਰਾਜਾ ਖੜਗਸੈਨ ਦਾ ਮਹਿਲ ਵਿਚ ਆਵਣਾ

ਅੱਧੀ ਰਾਤ ਜਾਂ ਆਣ ਬਤੀਤ ਹੋਈ ਰਾਜਾ ਵਿਚ ਮਹੱਲ ਦੇ ਆਂਵਦਾ ਸੀ
ਡਿੱਠਾ ਚਾਰ ਚੁਫ਼ੇਰ ਅੰਧੇਰ ਹੋਇਆ ਅੱਖੀਂ ਦੇਖ ਹੈਰਾਨ ਹੋ ਜਾਂਵਦਾ ਸੀ
'ਹਾਇ ਹਾਇ' ਦੀ ਪਈ ਅਵਾਜ਼ ਕੰਨੀਂ ਵਿਚੇ ਵਿਚ ਪਿਆ ਪਛਤਾਂਵਦਾ ਸੀ
ਓਸੇ ਵਕਤ ਬੁਲਾਇ ਕੇ ਗੋਲੀਆ ਨੂੰ ਦੀਵਾ ਵਿਚ ਮਹਲ ਜਗਾਂਵਦਾ ਸੀ
ਰਾਣੀ ਬੋਲਦੀ ਨਹੀਂ ਜ਼ਬਾਨ ਵਿਚੋਂ ਨਾਲ ਪਿਆਰ ਦੇ ਸ਼ਾਹ ਬੁਲਾਂਵਦਾ ਸੀ
ਪਹਿਲੀ ਰਾਣੀ ਤੋਂ ਵੱਧ ਹਵਾਲ ਹੋਇਆ ਸ਼ਕਲ ਵੇਖ ਕੇ ਹੋਸ਼ ਭੁਲਾਂਵਦਾ ਸੀ
ਰਾਜਾ ਪਕੜ ਕੇ ਰਾਣੀ ਦੀ ਬਾਂਹ ਤਾਈਂ ਨਾਲ ਪਿਆਰ ਦੇ ਚੁੱਕ ਬਠਲਾਂਵਦਾ ਸੀ
ਕਾਮੀ ਪੁਰਸ਼ ਦਾ ਜਿਵੇ ਸਲੂਕ ਹੁੰਦਾ ਫੜ ਕੇ ਨਾਲ ਕਲੇਜੜੇ ਲਾਂਵਦਾ ਸੀ
ਦੌਲਤ ਰਾਮ ਕੀ ਵਰਤਿਆ ਨਾਲ ਤੇਰੇ ਵਾਰ ਵਾਰ ਇਹ ਗੱਲ ਪੁਛਾਂਵਦਾ ਸੀ

## ਵਾਕ ਰਾਜਾ ਕਾ

ਰਾਜਾ ਆਖਦਾ ਬੋਲ ਕੇ ਦੱਸ ਮੈਨੂੰ ਹੋਇਆ ਜ਼ੁਲਮ ਕੀ ਰਾਣੀਏ ਨਾਲ ਤੇਰੇ
ਸਾਰੇ ਬਦਨ ਦਾ ਹਾਲ ਬੇਹਾਲ ਹੋਇਆ ਨੈਤ੍ਰ ਰੋਦਿਆਂ ਦੇ ਹੋ ਗਏ ਲਾਲ ਤੇਰੇ
ਰਲ ਗਏ ਖ਼ਾਕ ਜ਼ਮੀਨ ਦੇ ਨਾਲ ਰਾਣੀ ਸੋਹਣੇ ਰੇਸ਼ਮਾਂ ਦੇ ਲੱਛੇ ਵਾਲ ਤੇਰੇ
ਤੇਰਾ ਰੂਹ ਰਾਣੀ ਪਰੇਸਾਨ ਹੋਇਆ ਹੋਏ ਹੋਰ ਦੇ ਹੋਰ ਖਿਆਲ ਤੇਰੇ
ਤੈਨੂੰ ਕਿਸੇ ਬਦਬਖ਼ਤ ਨੇ ਸਖ਼ਤ ਕਿਹਾ ਕਿਸ ਨੇ ਲੁੱਟ ਲੀਤੇ ਰਕਤਮਾਲ ਤੇਰੇ
ਇਸੇ ਵਾਸਤੇ ਚਿੱਤ ਹੈਰਾਨ ਕੀਤਾ ਮੰਨੇ ਗੋਲੀਆਂ ਨਹੀਂ ਸਵਾਲ ਤੇਰੇ
ਆਈ ਸਾਕ ਅੰਗਾਂ ਵਿਚੋਂ ਖ਼ਬਰ ਭੈੜੀ ਹੋਏ ਸੋਗੀਆਂ ਵਾਂਗ ਅਹਿਵਾਲ ਤੇਰੇ
ਮੇਰਾ ਜੀਵਣਾ ਜ਼ੈਹਰ ਸਮਾਨ ਹੋਯਾ ਜਦੋਂ ਨਜ਼ਰ ਆਏ ਮੰਦੇ ਹਾਲ ਤੇਰੇ
ਦੌਲਤ ਰਾਮ ਤੂੰ ਦੱਸ ਅਹਿਵਾਲ ਮੈਨੂੰ ਕਰਾਂ ਦੂਰ ਸਭ ਦਏਖ ਜ਼ਵਾਲ ਤੇਰੇ

## ਵਾਕ ਰਾਣੀ ਕਾ

ਰਾਣੀ ਆਖਦੀ ਗੱਲ ਨਾ ਦੱਸਣੇ ਦੀ ਮੇਰਾ ਪੁੱਛ ਨਾ ਮੂਲ ਹਵਾਲ ਰਾਜਾ
ਰਿਹਾ ਧਰਮ ਨਾ ਸ਼ਰਮ ਹਿਯਾ ਕੋਈ ਗ਼ਾਲਬ ਆਣ ਹੋਇਆ ਕਲੂ ਕਾਲ ਰਾਜਾ
ਤੇਰਾ ਪੁੱਤ ਬਸੰਤ ਜੋ ਬਹੁਤ ਪਿਆਰਾ ਮੇਰੇ ਧਰਮ ਨੂੰ ਗਿਆ ਏ ਗਾਲ ਰਾਜਾ
ਉਸੇ ਵਕਤ ਦਾ ਹਾਲ ਬੇਹਾਲ ਹੋਇਆ ਮੱਥੇ ਲਗਿਆ ਪੁਤ ਚੰਡਾਲ ਰਾਜਾ
ਕੋਈ ਵਾਹ ਨਾ ਰਹਿ ਗਈ ਦੱਸਣੇ ਦੀ ਮੇਰਾ ਜੀਵਣਾ ਅਜ ਮੁਹਾਲ ਰਾਜਾ
ਜੇਕਰ ਖੋਲ ਕੇ ਗੱਲ ਸੁਣਾਂ ਤੈਨੂੰ ਹੋਵੇ ਜੱਗ ਦੇ ਵਿਚ ਮੁਕਾਲ ਰਾਜਾ

ਕਰੇ ਰੱਬ ਨਸੀਬ ਨਾ ਦੁਸ਼ਮਣਾ ਦੇ ਜੇਹੜੀ ਅਜ ਹੋਈ ਮੇਰੇ ਨਾਲ ਰਾਜਾ
ਲੱਖਾਂ ਲਾਨ੍ਹਤਾਂ ਨੇ ਮੇਰੇ ਜੀਵਣੇ ਨੂੰ ਮੈਨੂੰ ਜੀਵਣੇ ਥੀਂ ਚੰਗਾ ਕਾਲ ਰਾਜਾ
ਕੇਹੜਾ ਕੇਹੜਾ ਮੈਂ ਫੋਲ ਕੇ ਦੁੱਖ ਦੱਸਾਂ ਮੇਰਾ ਦੁਖੀ ਹੋਯਾ ਵਾਲੋ ਵਾਲ ਰਾਜਾ
ਪੁਤ੍ਰ ਮਾਂ ਦਾ ਭੋਗ ਸੰਜੋਗ ਚਾਹੇ ਚਲੀ ਨਵੀਂ ਜਹਾਨ ਤੇ ਚਾਲ ਰਾਜਾ
ਅੱਜ ਚਿਤ ਨਾ ਚਾਂਹਵਦਾ ਜੀਵਣੇ ਤੇ ਮਾਰਾਂ ਹੁਣੇ ਮਹੱਲ ਤੋਂ ਛਾਲ ਰਾਜਾ
ਬੈਠਾ ਅੱਖੀਆਂ ਦੇ ਨਾਲ ਤੂੰ ਵੇਖਨਾ ਏਂ ਮੇਰੇ ਬਦਨ ਦਾ ਕੁਲ ਤੂੰ ਹਾਲ ਰਾਜਾ
ਚਾਹੇ ਸੋਚ ਤੇ ਚਾਹੇ ਨ ਸੋਚ ਸਾਈਆ ਤੇਰੇ ਹੱਥ ਹੈਂ ਹੁਕਮ ਅਦਾਲ ਰਾਜਾ
ਸੁਣਿਆਂ ਨਹੀਂ ਮੈਂ ਕੰਨਾਂ ਦੇ ਨਾਲ ਕਿਧਰੇ ਪੁੱਤ੍ਰ ਮਾਂ ਦਾ ਗ਼ੈਰ ਖਿਆਲ ਰਾਜਾ
ਐਸਾ ਹੋਰ ਬਦਮਾਸ ਨਾ ਜੱਗ ਉਤੇ ਜੈਸਾ ਪੁੱਤ ਬਸੰਤ ਕੁਚਾਲ ਰਾਜਾ
ਪਾਪੀ ਧਰਮ ਈਮਾਨ ਨੂੰ ਛੱਡ ਬੈਠਾ ਮੇਰਾ ਦੇਖ ਕੇ ਰੂਪ ਜਮਾਲ ਰਾਜਾ
ਮੌਕਾ ਵੇਹਲ ਦਾ ਦੇਖ ਕੇ ਆਨ ਵੜਿਆ ਮੇਰਾ ਕਰ ਗਿਆ ਹਾਲ ਜ਼ਵਾਲ ਰਾਜਾ
ਮੇਰੀ ਗੱਲ ਨਾ ਓਸ ਨੇ ਇਕ ਮੰਨੀ ਹੋਏ ਕਈ ਜਵਾਬ ਸਵਾਲ ਰਾਜਾ
ਖ਼ਬਰੇ ਕਿਹਾ ਸ਼ੈਤਾਨ ਨੇ ਚਾਇਆ ਸੀ ਮੰਨੀ ਇਕ ਨਾ ਰਤੀ ਰਵਾਲ ਰਾਜਾ
ਹੱਥਾਂ ਨਾਲ ਉਸ ਮਾਸ ਉਧੇੜ ਦਿਤਾ ਹੋਯਾ ਬਦਨ ਮੇਰਾ ਲਾਲੋ ਲਾਲ ਰਾਜਾ
ਪਟੜੇ ਵਾਂਗ ਜ਼ਮੀਨ ਤੇ ਸੁੱਟਿਆ ਸੂ ਮੈਨੂੰ ਰਹੀ ਨਾ ਸੁਧ ਸੰਭਾਲ ਰਾਜਾ
ਦੌਲਤ ਰਾਮ ਉਹ ਨੱਸਿਆ ਮਹੱਲ ਵਿਚੋਂ ਕੀਤੀ ਜਦੋਂ ਮੈਂ ਨੇ ਹਾਲ ਹਾਲ ਰਾਜਾ

## ਵਾਕ ਰਾਜਾ ਕਾ

ਰਾਜਾ ਆਖਦਾ ਨਹੀਂ ਇਤਬਾਰ ਮੈਨੂੰ ਨਾਲ ਧਰਮ ਦੇ ਗੱਲ ਅਲਾਪ ਰਾਣੀ
ਕਾਹਦੇ ਵਾਸਤੇ ਕੂੜ ਤੂੰ ਬੋਲਨੀ ਏਂ ਚਾਰ ਰੋਜ਼ ਦਾ ਜੱਗ ਮਿਲਾਪ ਰਾਣੀ
ਮੇਰਾ ਪੁੱਤ ਬਸੰਤ ਨਾ ਮੂਲ ਭੈੜਾ ਉਸ ਨੇ ਲੱਭਿਆ ਆਪਣਾ ਆਪ ਰਾਣੀ
ਤੀਨੋਂ ਕਾਲ ਕਰਦਾ ਸੰਧਯਾ ਗਾਇਤ੍ਰੀ ਨੂੰ ਅੱਠੇ ਜਾਮ ਭਗਵਾਨ ਦਾ ਜਾਪ ਰਾਣੀ
ਪੜ੍ਹਿਆ ਵੇਦ ਪੁਰਾਣ ਤੇ ਅਮਲ ਚੰਗੇ ਉਸ ਦੇ ਵਿਚ ਨਾ ਕਪਟ ਤੇ ਪਾਪ ਰਾਣੀ
ਜੇਹੜੇ ਰੋਜ਼ ਦਾ ਜਨਮ ਬਸੰਤ ਲੀਤਾ ਮੇਰਾ ਵਧ ਗਿਆ ਜੱਗ ਪ੍ਰਤਾਪ ਰਾਣੀ
ਕੋਈ ਕੂੜ ਤੂਫਾਨ ਫਰੇਬ ਕਰਕੇ ਪਾਈ ਹੋਰ ਨਾ ਵੱਡਾ ਕਰਲਾਪ ਰਾਣੀ
ਪੁੱਤ੍ਰ ਜਨਮ ਦੇ ਜੇਡ ਨਾ ਸੁੱਖ ਕੋਈ ਅਤੇ ਮਰਨ ਸਮਾਨ ਵਰਲਾਪ ਰਾਣੀ
ਸੋਹੰ ਜਾਪ ਦੇ ਜੇਡ ਨਾ ਜਾਪ ਕੋਈ ਤੀਨੋ ਤਾਪ ਦੇ ਜੇਡ ਨਾ ਤਾਪ ਰਾਣੀ
ਫਲ ਨਹੀ ਅਸਮੇਧ ਦੇ ਯੱਗ ਜਿਹਾ ਬ੍ਰਹਮ ਹੱਤਿਆ ਜੇਡ ਸੰਤਾਪ ਰਾਣੀ
ਸ੍ਰਵਣ ਜਿਹਾ ਨਾ ਪੁੱਤ ਜਹਾਨ ਉਤੇ ਦਸਰਥ ਜੇਹਾ ਨਹੀਂ ਕੋਈ ਬਾਪ ਰਾਣੀ
ਮਿੱਤ੍ਰ ਘਾਤ ਦੇ ਜੇਡ ਨਾ ਘਾਤ ਕੋਈ ਗਊ ਹੱਤਿਆ ਜੇਡ ਸਰਾਪ ਰਾਣੀ
ਨਿੰਦਯਾ ਕਿਸੇ ਦੀ ਕਦੇ ਨਾ ਮੂਲ ਕਰਦੇ ਜਿਨ੍ਹਾਂ ਆਪ ਨੂੰ ਲਿਆ ਸਿੰਞਾਪ ਰਾਣੀ
ਨਾਲ ਧਰਮ ਈਮਾਨ ਦੇ ਗੱਲ ਆਖੀਂ ਐਵੇਂ ਕੂੜ ਨਾ ਚਿੱਤ ਮੇ ਥਾਪ ਰਾਣੀ
ਦੌਲਤ ਰਾਮ ਪਰਾਣਾ ਦੇ ਵਿਚ ਲਿਖਿਆ ਕੂੜ ਬੋਲਣੇ ਜੇਡ ਨਾ ਪਾਪ ਰਾਣੀ

## ਵਾਕ ਰਾਣੀ ਕਾ

ਰਾਣੀ ਆਖਦੀ ਰਾਮ ਕਹੁ ਰਾਮ ਰਾਜਾ ਸਾਡਾ ਕਿਸੇ ਨੇ ਦੁੱਖ ਵੰਡਾਵਣਾ ਕੀ
ਜਿਸ ਨੇ ਪੁੱਤ੍ਰਾਂ ਨਾਲ ਪਿਆਰ ਪਾਯਾ ਉਸਨੇ ਅਦਲ ਇਨਸਾਫ ਕਮਾਵਣਾ ਕੀ
ਜੇਹੜੇ ਮਰਦ ਨੂੰ ਦੁੱਖ ਦਾ ਦਰਦ ਨਹੀਂ ਉਸ ਨੂੰ ਰੋਇ ਕੇ ਹਾਲ ਸੁਣਾਵਣਾ ਕੀ
ਜੇਹੜਾ ਕਿਸੇ ਦੇ ਨਾਲ ਪਿਆਰ ਰੱਖੇ ਉਸ ਦੇ ਨਾਲ ਪਿਆਰ ਵਧਾਵਨਾ ਕੀ
ਇੱਕੋ ਧਰਨ ਅਸਾਡੜੇ ਸੰਗ ਜਾਸੀ ਬੰਦੇ ਕਿਸੇ ਨੇ ਪਾਰ ਲੰਘਾਵਾ ਕੀ
ਸੱਚਾ ਨਾਮ ਤੇ ਧਰਮ ਹੈ ਸਾਥ ਸਾਡੇ ਅਸਾਂ ਕਿਸੇ ਦਾ ਸਾਥ ਤਕਾਵਣਾ ਕੀ
ਜੇਹੜੇ ਮਰਦ ਨੂੰ ਕਦਰ ਨਾ ਸਰਾ ਕੋਈ ਉਸਨੂੰ ਚਿੱਤ ਦਾ ਭੇਤ ਬਤਾਵਣਾ ਕੀ
ਜੇਕਰ ਬੇਰੀ ਦੇ ਨਾਲ ਨ ਬੇਰ ਦਿਸੇ ਉਸਨੂੰ ਝੂਲਣਾ ਅੰਰ ਹਲਾਵਣਾ ਕੀ
ਜੇਹੜੇ ਤਿਲਾਂ ਦੇ ਵਿਚ ਨ ਤੇਲ ਹੋਵੇ ਕੋਹਲੂ ਵਿਚ ਫਿਰ ਓਹਨਾਂ ਨੂੰ ਪਾਵਣਾ ਕੀ
ਜੇਕਰ ਬੂਟੇ ਦੇ ਨਾਲ ਨਾ ਫੁੱਲ ਹੋਵੇ ਹੱਥ ਕੰਡਿਆਂ ਨਾਲ ਪੜਾਵਣਾ ਕੀ
ਬ੍ਰਾਹਮਣ ਹੋਇ ਕੇ ਮਾਸ ਸ਼ਰਾਬ ਖਾਵੇ ਉਸ ਨੇ ਬ੍ਰਹਮ ਦੇ ਵਿਚ ਸਮਾਵਣਾ ਕੀ
ਹੋਇਆ ਛੱਤਰੀ ਸ਼ਰਮ ਨਾ ਮੂਲ ਹੋਈ ਰਾਜਾ ਛੱਤਰੀ ਫੇਰ ਸਦਾਵਣਾ ਕੀ
ਹੋਇਆ ਵੈਸ਼ ਤੇ ਵਣਜ ਵਪਾਰ ਨਾਹੀਂ ਉਸ ਨੇ ਜੱਗ ਤੇ ਖੱਟਣਾ ਖਾਵਣਾ ਕੀ
ਸ਼ੂਦ੍ਰ ਹੋਇ ਕੇ ਕਰੀ ਨਾ ਮੂਲ ਸੇਵਾ ਉਸ ਨੇ ਕਿਸ ਤੋ ਨਫਾ ਉਠਾਵਣਾ ਕੀ
ਹੋ ਕੇ ਸਿੱਖ ਨਾ ਸਿੱਖਿਆ ਚਿੱਤ ਧਾਰੀ ਐਵੇਂ ਕੂੜ ਦਾ ਸਿੱਕ ਕਹਾਵਣਾ ਕੀ
ਹੋਇਆ ਸੰਤ ਪਰ ਸ਼ਾਂਤੀ ਨਹੀਂ ਧਾਰੀ ਰੰਗ ਕਪੜੇ ਭੇਸ ਵਟਾਵਣਾ ਕੀ
ਜੇਹੜੇ ਦੁੱਧ ਮਲਾਈਆਂ ਖਾਣ ਪੇੜੇ ਦੱਸੋ ਓਹਨਾਂ ਨੇ ਜਤੀ ਸਦਾਵਣਾ ਕੀ
ਜਿਥੇ ਕਾਮ ਸੈਤਾਨ ਦਾ ਜੋਸ਼ ਹੋਯਾ ਉਥੇ ਗਯਾਨ ਨੇ ਪੈਰ ਅੜਾਵਣਾ ਕੀ
ਸ਼ਿਵਜੀ ਜਿਹਾਂ ਦੀ ਕਾਮ ਨੇ ਬੁਧ ਮਾਰੀ ਤੇਰੇ ਪੁੱਤ ਨੇ ਕਾਮ ਅਟਕਾਵਣਾ ਕੀ
ਇੰਦ੍ਰ ਜਿਹਾਂ ਦਾ ਧਰਮ ਨਾ ਰਿਹਾ ਰਾਜਾ ਤੇਰੇ ਪੁੱਤ ਨੇ ਧਰਮ ਨਿਭਾਵਣਾ ਕੀ
ਦਸਰਥ ਵਾਂਗ ਰਾਜਾ ਤੈਨੂੰ ਮੋਹ ਲੱਗਾ ਤੈਨੇ ਕਿਸੇ ਦਾ ਹੱਕ ਪਹੁੰਚਾਵਣਾ ਕੀ
ਜਿਸ ਨੇ ਨਾਰ ਦਾ ਨਹੀਂ ਇਤਬਾਰ ਕੀਤਾ ਭੁੱਗਾ ਓਸ ਨੇ ਦੱਸ ਵਸਾਵਣਾ ਕੀ
ਮੈਂ ਤਾ ਸਮਝਿਆ ਪਤੀ ਭਗਵਾਨ ਹੁੰਦੇ ਮੈਨੇ ਪਤੀ ਤੋਂ ਭੇਤ ਲੁਕਾਵਣਾ ਕੀ
ਜੇਕਰ ਰੱਬ ਨੂੰ ਰਾਮ ਦਾ ਰੂਪ ਜਾਤਾ ਤੇਰੇ ਪਾਸ ਮੈਂ ਕੂੜ ਅਲਾਵਣਾ ਕੀ
ਲੱਖੀਂ ਹੱਥ ਨਾ ਆਂਵਦਾ ਧਰਮ ਰਾਜਾ ਥੋੜ੍ਹੀ ਗੱਲ ਤੇ ਧਰਮ ਗਵਾਵਣਾ ਕੀ
ਮੇਰਾ ਨਾਲ ਬਸੰਤ ਦੇ ਵੈਰ ਕਿਹਾ ਕੂੜ ਬੋਲ ਕੇ ਪੁੱਤ ਮਰਵਾਵਣਾ ਕੀ
ਜਿਸ ਦੇ ਪਤੀ ਨੂੰ ਸ਼ਰਮ ਹਯਾ ਨਾਹੀਂ ਉਸ ਦੀ ਨਾਰ ਨੇ ਜ਼ੋਰ ਚਲਾਵਣਾ ਕੀ
ਤੇਰੇ ਤੀਕ ਹੈ ਰਾਜਿਆ ਜ਼ੋਰ ਮੇਰਾ ਕਿਤੇ ਹੋਰ ਮੈਂ ਜੋਰ ਜਤਾਵਣਾ ਕੀ
ਜੇਕਰ ਤੁੱਧ ਨਾ ਮੁਝ ਦਾ ਕਦਰ ਜਾਤਾ ਮੈਨੇ ਜੀਅ ਕੇ ਜੱਗ ਬਨਾਵਣਾ ਕੀ
ਧਰਮ ਬੁਰਾ ਤੇ ਤੁਧ ਨੂੰ ਪੁੱਤ ਪਿਆਰਾ ਰਾਜਾ ਤੁੱਧ ਨੇ ਅਦਲ ਠਹਰਾਵਣਾ ਕੀ
ਨਾਲ ਧਰਮ ਦੇ ਆਖ ਦੇ ਗੱਲ ਸੱਚੀ ਐਵੇਂ ਕੂੜ ਦਾ ਜਾਲ ਵਛਾਵਣਾ ਕੀ

ਏਸੇ ਤਰ੍ਹਾਂ ਜੇ ਮੁਝ ਦੇ ਨਾਲ ਕਰਨੀ ਮੈਨੂੰ ਮਾਰ ਫਿਰ ਦੇਰ ਲਗਾਵਣਾ ਕੀ
ਦੌਲਤ ਰਾਮ ਤੂੰ ਕੱਟ ਦੇ ਸੀਸ ਮੇਰਾ ਗੱਲਾਂ ਨਾਲ ਹੁਣ ਚਿੱਤ ਪ੍ਰਚਾਵਣਾ ਕੀ

## ਵਾਕ ਕਵੀਸ਼ਰ ਵਾ ਹਾਲ ਰਾਜਾ ਕਾ

ਚਿੱਤ ਰਾਜੇ ਦੇ ਭਰਮਣਾ ਆਣ ਲੱਗੀ ਰਾਣੀ ਨਜ਼ਰ ਆਈ ਮੰਦੇ ਹਾਲ ਹੋਈ
ਵਿੱਚੇ ਵਿੱਚ ਪਿਆ ਪੱਛੋਤਾਂਵਦਾ ਸੀ ਭਾਵੀ ਕਦੇ ਨਾ ਕਿਸੇ ਤੋਂ ਟਾਲ ਹੋਈ
ਇਕ ਉਮਰ ਜਵਾਨੀ ਦਾ ਬੁਰਾ ਵੇਲਾ ਦੂਜੀ ਰਾਣੀ ਦੀ ਸ਼ਕਲ ਕਮਾਲ ਹੋਈ
ਕੁੰਵਰ ਠੀਕ ਇਸ ਤੇ ਭੁੱਲ ਗਿਆ ਹੋਸੀ ਕਲੂ ਕਾਲ ਦੀ ਚੰਦਰੀ ਚਾਲ ਹੋਈ
ਇਸ ਦੇ ਬਦਨ ਦਾ ਹਾਲ ਬਿਹਾਲ ਹੋਇਆ ਪਈ ਦੁੱਖਾਂ ਦੇ ਨਾਲ ਨਢਾਲ ਹੋਈ
ਏਸ ਮਨ ਦਾ ਕੁਝ ਵਸਾਹ ਨਾਹੀਂ ਏਹੋ ਰਾਜੇ ਦੇ ਗੱਲ ਖ਼ਿਆਲ ਹੋਈ
ਐਡਾ ਪਾਪ ਅਪਰਾਧ ਏਹ ਤੋਲਦੀ ਸੀ ਇਸਦੀ ਬਦੀ ਕੀ ਕੁੰਵਰ ਦੇ ਨਾਲ ਹੋਈ
ਐਪਰ ਕੁੰਵਰ ਭੀ ਭੈੜਾ ਨਾ ਨਜ਼ਰ ਆਵੇ ਕੇਹੀ ਆਣ ਕੇ ਗੱਲ ਕੁਚਾਲ ਹੋਈ
ਕਿਸ ਨੂੰ ਮਾਰ ਦੇਵਾਂ ਕਿਸਨੂੰ ਛੱਡ ਦੇਵਾਂ ਮੈਨੂੰ ਆਣ ਕੇ ਵੱਡੀ ਮੁਹਾਲ ਹੋਈ
ਕੋਈ ਸ਼ਾਹਦ ਗਵਾਹ ਭੀ ਕੋਲ ਨਾਹੀਂ ਮੁਸ਼ਕਲ ਅੱਜ ਦੀ ਵੱਡੀ ਅਦਾਲ ਹੋਈ
ਐਸੀ ਕਦੇ ਨਾ ਕਿਸੇ ਦੇ ਨਾਲ ਹੋਈ ਮਿੱਟੀ ਜੱਗ ਅੰਦਰ ਮੇਰੀ ਬਾਲ ਹੋਈ
ਜੇਹੜੀ ਮਰਨ ਲੱਗੀ ਰਾਣੀ ਆਖਦੀ ਸੀ ਬਿਲਕੁਲ ਗੱਲ ਸੋਈ ਮੇਰੇ ਨਾਲ ਹੋਈ
ਬਿਰਖੇ ਜਾਣ ਸਤਪੁਰਖ ਦੇ ਵਾਕ ਨਾਹੀਂ ਲੱਗੀ ਤੇਗ਼ ਤੇ ਹੱਥ ਨਾ ਢਾਲ ਹੋਈ
ਜਾਣ ਬੁੱਝ ਕੇ ਦੁੱਖ ਸਹੇੜਿਆ ਮੈਂ ਤਾਂ ਹੀ ਜੱਗ ਦੇ ਵਿਚ ਮੁਕਲਾ ਹੋਈ
ਦੌਲਤ ਰਾਮ ਬਸੰਤ ਵਿਚ ਖੋਟ ਨਾਹੀਂ ਭਾਵੀ ਰੱਬ ਦੀ ਵੱਡੀ ਅਟਾਲ ਹੋਈ

## ਵਾਕ ਰਾਜਾ ਕਾ

ਰਾਜਾ ਆਖਦਾ ਰਾਣੀ ਨੂੰ ਹੋਸ਼ ਕਰ ਤੂੰ ਐਵੇਂ ਚਿੱਤ ਨਾ ਪਈ ਡੁਲਾ ਰਾਣੀ
ਤੇਰਾ ਕਰਾਂ ਇਨਸਾਫ਼ ਮੈਂ ਦਿਲੋਂ ਲਾ ਕੇ ਐਪਰ ਧਰਮ ਦੀ ਗੱਲ ਸੁਣਾ ਰਾਣੀ
ਬੰਦਾ ਕੋਲ ਨਾਹੀਂ ਜਿਸ ਤੇ ਹਾਲ ਪੁੱਛਾ ਤੇਰਾ ਧਰਮ ਹੋ ਰਿਹਾ ਗਵਾਹ ਰਾਣੀ
ਏਹੋ ਧਰਮ ਦੇ ਲੋਕ ਪ੍ਰਲੋਕ ਸਾਰੇ ਹੋਣਾ ਧਰਮ ਨੇ ਅੰਤ ਸਹਾ ਰਾਣੀ
ਮੈਨੂੰ ਧਰਮ ਨਾਲੋਂ ਪਿਆਰਾ ਪੁੱਤ ਨਾਹੀਂ ਐਪਰ ਧਰਮ ਨਾ ਦੇਈਂ ਗਵਾ ਰਾਣੀ
ਹਾਸੀ ਮਸਕਰੀ ਅਤੇ ਮਖ਼ੌਲ ਕਰ ਕੇ ਐਵੇਂ ਜ਼ੁਲਮ ਨਾ ਦੇਈਂ ਕਰਵਾ ਰਾਣੀ
ਮੈਥੋਂ ਨਹੀਂ ਨਾਹੱਕ ਦਾ ਜ਼ੁਲਮ ਹੁੰਦਾ ਮੈਨੂੰ ਧਰਮ ਦੇ ਨਾਲ ਬਤਲਾ ਰਾਣੀ
ਜ਼ੁਲਮ ਵਾਲਿਆਂ ਦੀ ਕੂੜੀ ਬਾਦਸ਼ਾਹੀ ਜਿਵੇਂ ਕਾਗ਼ਜ਼ਾਂ ਦੀ ਨਦੀ ਨਾ ਰਾਣੀ
ਜੇਹੜੇ ਅਦਲ ਤੇ ਬੈਠ ਕੇ ਜ਼ੁਲਮ ਕਰਦੇ ਜਾਂਦੇ ਲੋਕ ਪ੍ਰਲੋਕ ਵੰਜਾ ਰਾਣੀ
ਜ਼ੁਲਮ ਵਾਲਿਆਂ ਦਾ ਮੰਦਾ ਹਾਲ ਹੋਸੀ ਜਦੋਂ ਕਰੇਗਾ ਅਦਲ ਖ਼ੁਦਾ ਰਾਣੀ
ਇਕ ਨਾਮ ਤੇ ਧਰਮ ਨੇ ਸੰਗ ਜਾਣਾ ਹੋਸੀ ਕਲ ਜਹਾਨ ਫ਼ਨਾਹ ਰਾਣੀ

ਤੈਨੇਂ ਮੁਝ ਕੋ ਰਾਮ ਦਾ ਰੂਪ ਜਾਤਾ ਮੈਥੇ ਧਰਮ ਦੀ ਗੱਲ ਅਲਾ ਰਾਣੀ
ਜੇਹੜੀ ਪਤੀ ਤੋਂ ਇਸਤਰੀ ਭੇਤ ਰੱਖੇ ਉਸ ਨੂੰ ਲੋਕ ਪ੍ਰਲੋਕ ਨਾ ਜਾ ਰਾਣੀ
ਦੌਲਤ ਰਾਮ ਇਨਸਾਫ ਨਾ ਕਰਾਂ ਤੇਰਾ ਪਾਵਾਂ ਦੋਜ਼ਖ਼ਾਂ ਵਿਚ ਸਜ਼ਾ ਰਾਣੀ

## ਵਾਕ ਰਾਣੀ ਕਾ

ਰਾਣੀ ਆਖਦੀ ਰਾਜਿਆ ਖ਼ਾਕ ਹੋਣਾ ਕੇਹੜੀ ਗੱਲ ਉਤੇ ਧਰਮ ਹਾਰਨਾ ਏਂ
ਧਰਮੀ ਬੰਦਿਆਂ ਨੂੰ ਸਦਾ ਸੁੱਖ ਹੋਸੀ ਪਕੜ ਪਾਪੀਆਂ ਨੂੰ ਰੱਬ ਮਾਰਨਾ ਏਂ
ਸਭੇ ਦੁੱਖ ਜਹਾਨ ਦੇ ਕੂੜ ਸ਼ਾਹਾ ਵੇਲੇ ਅੰਤ ਦੇ ਧਰਮ ਉਧਾਰਨਾ ਏਂ
ਦੌਲਤ ਰਾਮ ਸੰਸਾਰ ਸਮੁੰਦ ਵਿਚੋਂ ਸਾਨੂੰ ਧਰਮ ਨੇ ਪਾਰ ਉਤਾਰਨਾ ਏਂ
ਪਹਿਲੇ ਧਰਮ ਦੇ ਨਾਲ ਪਿਆਰ ਪਾਉ ਲੱਗੇ ਦੁੱਖ ਤਾ ਧਰਮ ਤੇ ਹਟੀਏ ਕਿਉ
ਜੇਹੜੇ ਬ੍ਰਿਛ ਦੀ ਛਾ ਹਮੇਸ਼ ਮਾਣੀਂ ਹੱਥੀਂ ਆਪਣੀ ਉਸ ਨੂੰ ਕੱਟੀਏ ਕਿਉਂ
ਥਾਲੀ ਖੀਰ ਵਾਲੀ ਵਿਚ ਜ਼ਹਿਰ ਮਿਲਿਆ ਹੋਵੇ ਖ਼ਬਰ ਤਾਂ ਉਸ ਨੂੰ ਚੱਟੀਏ ਕਿਉ
ਫਾਕਾ ਫਿਕਰ ਤੇ ਸਬਰ ਕਬੂਲ ਨਾਹੀਂ ਰੰਗ ਕਪੜੇ ਭੇਸ ਪਲਟੀਏ ਕਿਉਂ
ਜੇਕਰ ਜੱਗ ਦੇ ਮੇਹਣਿਓਂ ਖ਼ੌਫ ਆਵੇ ਪੈਸਾ ਧੀ ਤੇ ਭੈਣ ਦਾ ਵਟੀਏ ਕਿਉ
ਇਕ ਵਾਰ ਜੋ ਧਰਮ ਦਾ ਵਾਕ ਹੋਇਆ ਜਾਵੇ ਜਾਨ ਪਰ ਵਾਕ ਉਲਟੀਏ ਕਿਉਂ
ਹੋਵੇ ਪੁੱਤ੍ਰ ਤੇ ਮਾ ਦੀ ਤਰਫ ਤੱਕੇ ਉਸ ਦੇ ਨਾਲ ਪਿਆਰ ਨੇਹ ਘੱਤੀਏ ਕਿਉ
ਦੌਲਤ ਰਾਮ ਜੇ ਕੁਝ ਨਹੀਂ ਸੰਗ ਜਾਣਾ ਖੱਟੀ ਪਾਪ ਦੀ ਰਾਜਿਆ ਖੱਟੀਏ ਕਿਉ
ਜੇਕਰ ਸਿੰਧ ਸੰਸਾਰ ਦਾ ਖੌਫ ਆਵੇ ਬੇੜੇ ਧਰਮ ਦਾ ਆਸਰਾ ਲੀਜੀਏ ਜੀ
ਜੇਹੜੀ ਧਰਮ ਈਮਾਨ ਦੀ ਬਾਤ ਹੋਵੇ ਉਸ ਤੇ ਧਰਮ ਦੇ ਨਾਲ ਪਤੀਜੀਏ ਜੀ
ਨਾਮ ਦਾਨ ਇਸ਼ਨਾਨ ਸੁਭ ਕਰਮ ਹੋਵੇ ਉਸਨੂੰ ਰਤੀ ਨਾ ਦੇਰ ਲੁੜੀਜੀਏ ਜੀ
ਜੇਕਰ ਆਪ ਤੇ ਭਲਾ ਨਾ ਹੋਇ ਆਵੇ ਬੁਰਾ ਕਿਸੇ ਦਾ ਮੂਲ ਨਾ ਕੀਜੀਏ ਜੀ
ਹਿੰਦੂ ਹੋਇ ਕੇ ਕਰਮ ਚੰਡਾਲ ਕਰੀਏ ਛੇਕੜੇ ਨਰਕ ਦੇ ਵਿਚ ਪੜੀਜੀਏ ਜੀ
ਕੂੜ ਬੋਲ ਕੇ ਕਿਸੇ ਨੂੰ ਦੁੱਖ ਦੇਈਏ ਕੋਹੜੇ ਹੋਇ ਕੇ ਅੰਤ ਮਰੀਜੀਏ ਜੀ
ਕੀਤੇ ਪਾਪ ਤੇ ਸੁਖਾਂ ਦੀ ਆਸ ਕੇਹੀ ਭਾਲੇ ਅੰਬ ਤੇ ਅੱਕ ਨੂੰ ਬੀਜੀਏ ਜੀ
ਦੌਲਤ ਰਾਮ ਨਾ ਕਿਸੇ ਨੂੰ ਦੋਸ਼ ਕੋਈ ਜਿਹਾ ਬੀਜੀਏ ਤਿਹਾ ਵੱਢੀਜੀਏ ਜੀ
ਰਾਣੀ ਆਖਦੀ ਰੱਖ ਧਿਆਨ ਰਾਜਾ ਤੇਰੇ ਪਾਸ ਮੈਂ ਹਾਲ ਫਰੋਲਨੀ ਆ
ਕਾਮਧੇਨ ਦਾ ਦੁੱਧ ਜਮਾ ਭਾਂਡੇ ਮਖਣ ਨਾਲ ਮਧਾਨੀਆਂ ਰੋਲਨੀ ਆ
ਸੌਦਾ ਸੱਚ ਤੇ ਧਰਮ ਦੇ ਰੱਖ ਵੱਟੇ ਕੰਡੇ ਨਾਮ ਦੇ ਚਾਹੜ ਕੇ ਤੋਲਨੀ ਆਂ
ਗੰਗਾ ਗਊ ਤੇ ਵੇਦ ਭਗਵਾਣ ਚਾਰੇ ਚਾਰੇ ਸਵਾਂ ਜੇ ਕੂੜ ਮੈਂ ਬੋਲਨੀ ਆ
ਜੇਕਰ ਧਰਮ ਦੇ ਵਾਸਤੇ ਸੀਸ ਜਾਵੇ ਤਾਂ ਭੀ ਧਰਮ ਤੇ ਮੂਲ ਨਾ ਡੋਲਨੀ ਆਂ
ਮੈਨੂੰ ਨਰਕ ਚੌਰਾਸੀ ਦਾ ਖ਼ੌਫ ਭਾਰਾ ਤਾਹੀਓਂ ਧਰਮ ਉਤੇ ਜਿੰਦ ਘੋਲਨੀ ਆਂ
ਪੱਤ ਮਾਰਨੇ ਦੀ ਕਹੀ ਲੋੜ ਮੈਨੇਂ ਮਿੱਟੀ ਵਿਚ ਮੈਂ ਦੁੱਧ ਕਿਉ ਡੋਲਨੀ ਆ

ਦੌਲਤ ਰਾਮ ਭਗਵਾਨ ਦਾ ਰੂਪ ਹੈਂ ਤੂੰ ਤੇਰੇ ਪਾਸ ਮੈਂ ਭੇਦ ਸਭ ਖੋਲਨੀ ਆਂ
ਰਾਜਾ ਧਰਮ ਦੀ ਗੱਲ ਸੁਣਾਂ ਤੈਨੂੰ ਮੇਰੇ ਨਾਲ ਜੋ ਜ਼ੁਲਮ ਕਮਾਇਆ ਈ
ਫੁੱਲਾਂ ਵਾਸਤੇ ਗੋਲੀਆਂ ਘੱਲੀਆਂ ਮੈਂ ਉਹੋ ਵਿਹਲ ਦਾ ਵਕਤ ਤਕਾਇਆ ਈ
ਲਾ ਕੇ ਨੀਂਦ ਬਹਾਨੜਾ ਮਹੱਲ ਚੜ੍ਹਿਆ ਐਸਾ ਮਕਰ ਦਾ ਜਾਲ ਫੈਲਾਇਆ ਈ
ਅੰਦਰ ਚੁੱਪ ਚੁਪਾਤੜਾ ਆਣ ਵੜਿਆ ਮੈਨੂੰ ਜ਼ਰਾ ਭੀ ਖੜਕ ਨਾ ਆਇਆ ਈ
ਸੁੱਤੀ ਘੂਕ ਮੈਂ ਪਈ ਪਲੰਘ ਉਤੇ ਖੋਟੀ ਵਾਸ਼ਨਾ ਨਾਲ ਜਗਾਇਆ ਈ
ਅਚਨਚਤ ਰਾਜਾ ਮੇਰੀ ਅੱਖ ਖੁੱਲ੍ਹੀ ਜਦੋਂ ਹੱਥ ਕਲੇਜੜੇ ਲਾਇਆ ਈ
ਮੁੱਢੋਂ ਅਦਬ ਅਦਾਬ ਨਾ ਰਿਹਾ ਕੋਈ ਖ਼ਬਰੇ ਕਿਹਾ ਹਰਾਮ ਨੇ ਚਾਇਆ ਈ
ਨਾਰੀ ਮਰਦ ਦਾ ਜਿਵੇਂ ਸਲੂਕ ਹੁੰਦਾ ਮੈਨੂੰ ਪਕੜ ਕੇ ਉਤਾਂ ਉਠਾਇਆ ਈ
ਨਾਲੇ ਆਪ ਓਹ ਨਰਕ ਦੇ ਵਿਚ ਡੁੱਬਾ ਨਾਲੇ ਮੁਝ ਨੂੰ ਨਾਲ ਡੁਬਾਇਆ ਈ
ਪਾਪੀ ਵਿਸ਼ੇ ਤੇ ਕਾਮ ਦੇ ਵੱਸ ਹੋਇਆ ਮੇਰਾ ਜਨਮ ਅਮੋਲ ਗਵਾਇਆ ਈ
ਸਾਰੇ ਬਦਨ ਦਾ ਮਾਸ ਉਧੇੜ ਦਿੱਤਾ ਤੇਰਾ ਖ਼ੌਫ਼ ਉਸ ਦਿਲੋਂ ਭੁਲਾਇਆ ਈ
ਜੱਸ ਸੱਤ ਤੇ ਧਰਮ ਨਾ ਰਿਹਾ ਕੋਈ ਮੇਰਾ ਜੀਵਨ ਕੂੜ ਬਣਾਇਆ ਈ
ਤੇਰਾ ਖ਼ੌਫ਼ ਖਾ ਕੇ ਏਥੋਂ ਨੱਸਿਆ ਏ ਜਦੋਂ ਮੁਝ ਨੇ ਸ਼ੋਰ ਮਚਾਇਆ ਈ
ਦੌਲਤ ਰਾਮ ਪੁੱਛੇ ਕੋਈ ਆਦਮੀ ਨੂੰ ਕੇਹੜੀ ਗੱਲ ਪਿਛੇ ਜਨਮ ਪਾਇਆ ਈ

## ਵਾਕ ਰਾਜਾ ਕਾ

ਰਾਜੇ ਆਖਿਆ ਸਬਰ ਕਰ ਹੋਹੁ ਧੀਰੀ ਭਲ੍ਹਕੇ ਫੈਸਲਾ ਕੁਲ ਮੁਕਾਵਸਾਂ ਮੈਂ
ਐਸੇ ਪੁੱਤ੍ਰਾ ਥੀ ਅੰਤਰ ਰੈਹਨ ਚੰਗਾ ਮੁੱਢੋਂ ਅਲਖ ਚਾ ਏਸ ਦੀ ਲਾਹਵਸਾ ਮੈਂ
ਅੱਜ ਨਾਲ ਮਾਵਾਂ ਕਰੇ ਕ਼ਰਮ ਐਸੇ ਖੱਟੀ ਏਸ ਦੀ ਫੇਰ ਕੀ ਚਾਹਵਸਾਂ ਮੈਂ
ਭਲਕੇ ਕਰਾਂਗਾ ਚੂਰ ਮਨਸੂਰ ਵਾਗੂੰ ਸੱਮਸ ਵਾਂਗਰਾਂ ਖੱਲ ਲੁਹਾਵਸਾਂ ਮੈਂ
ਨਹੀ ਤਾਂ ਵਾਂਗ ਖ਼ਲੀਲ ਦੇ ਚਿਖਾ ਪਾ ਕੇ ਚਾਰੋ ਤਰਫ ਚਾ ਅੱਗ ਲਗਾਵਸਾਂ ਮੈਂ
ਸੋਨਾ ਵਾਂਗ ਸੁਨਯਾਰ ਦੇ ਢਾਲ ਦੇਸਾਂ ਪਾ ਕੇ ਕਾਲ ਕੁਠਾਲੜੀ ਤਾਵਸਾ ਮੈਂ
ਤਖ਼ਤਾ ਜ਼ਿਮੀਂ ਅਸਮਾਨ ਦਾ ਉਲਟ ਜਾਵੇ ਐਪਰ ਸੁਖਨ ਨਾ ਮੂਲ ਉਲਟਾਵਸਾਂ ਮੈਂ
ਪਾਵਾਂ ਧੁੰਮ ਸਾਰੇ ਸੰਸਾਰ ਉੱਤੇ ਐਸਾ ਅਦਲ ਇਨਸਾਫ ਕਮਾਵਸਾਂ ਮੈਂ
ਉਸ ਨੂੰ ਵਿਚ ਜਮੀਨ ਦੇ ਗੱਡ ਕੇ ਤੇ ਤੀਰਾਂ ਨਾਲ ਪ੍ਰਹਾਰ ਕਰਵਾਸਾਂ ਮੈਂ
ਬੋਟੀ ਬੋਟੀ ਚਾ ਓਸ ਦੀ ਕੱਟ ਕੇ ਤੇ ਜਾ ਕੇ ਨਦੀ ਦੇ ਵਿਚ ਰੁੜ੍ਹਾਵਸਾਂ ਮੈਂ
ਕੀਤੀ ਬਹੁਤ ਜੋ ਮੁਝ ਨੇ ਮੇਹਰਬਾਨੀ ਬਨੇਬਾਸ ਜਰੂਰ ਭੁਗਾਵਸਾਂ ਮੈਂ
ਜੇਹੜੇ ਤੌਰ ਹੋਵੇ ਤੇਰਾ ਚਿੱਤ ਰਾਜ਼ੀ ਓਸੇ ਤੌਰ ਦਾ ਕੰਮ ਬਣਾਵਸਾਂ ਮੈਂ
ਜਦੋਂ ਦੋਹਾਂ ਨੂੰ ਅੱਖਾਂ ਤੋਂ ਦੂਰ ਕਰਸਾਂ ਤਦੋਂ ਸ਼ੁਕਰ ਖਜਾਇ ਲਿਆਵਸਾ ਮੈਂ
ਹੋਸੀ ਨਿੰਦਿਆ ਸ਼ੁਰੂ ਜਹਾਨ ਅੰਦਰ ਤਦੋ ਜੀਂਵਦਾ ਹੀ ਮਰ ਜਾਵਸਾਂ ਮੈਂ
ਜੇੜ੍ਹੀ ਬਣੀ ਸੋ ਸੀਸ ਤੇ ਕੱਟ ਲੈਸਾਂ ਅੰਪਰ ਵਾਕ ਨੂੰ ਤੋੜ ਚੜ੍ਹਾਵਸਾਂ ਮੈਂ
ਦੌਲਤ ਰਾਮ ਤੂੰ ਹੋਰ ਕੀ ਲੋੜਨੀ ਸੇ ਤੇਰੇ ਵਾਸਤੇ ਪੁੱਤ ਮਰਵਾਵਸਾਂ ਮੈਂ

## ਵਾਕ ਰਾਣੀ ਕਾ

ਰਾਣੀ ਆਖਦੀ ਕੂੜ ਹੈ ਕੂੜ ਰਾਜਾ ਕੇਹੜਾ ਪੁੱਤਰਾਂ ਨੂੰ ਮਰਵਾਦਾ ਈ
ਪੁੱਤਰ ਹੈਨ ਪਿਆਰੇ ਸਾਰੇ ਜੱਗ ਉੱਤੇ ਜਿਨ੍ਹਾਂ ਦੇਖ ਪ੍ਰਾਣੀ ਸੁੱਖ ਪਾਂਵਦਾ ਈ
ਐਸਾ ਕੌਣ ਜੋ ਪੁੱਤਰ ਨੂੰ ਮਾਰ ਦੇਵੇ ਐਵੇਂ ਉਪਰੋਂ ਚਿਤ ਪਰਚਾਂਵਦਾ ਈ
ਪੁੱਤਰ ਬਾਝ ਘਰ ਬਾਰ ਹੈ ਕੂੜ ਸਾਈਆਂ ਪੁੱਤਰ ਬਾਝ ਨਾ ਰਾਜ ਸੁਹਾਂਵਦਾ ਈ
ਪੁੱਤਰ ਬਾਝ ਨਾ ਸੰਤਰਾ ਬਣੇ ਕੋਈ ਪੁਤਰ ਬਾਝ ਨਾ ਪਿਤਾ ਸਦਾਂਵਦਾ ਈ
ਪੁੱਤਰ ਲਾਇਕ ਹੋਵੇ ਘਰ ਮਾਪਿਆਂ ਦੇ ਜੱਸ ਜੱਗ ਦੇ ਵਿਚ ਵਧਾਂਵਦਾ ਈ
ਮਾਪੇ ਸੁੱਖਣਾ ਸੁੱਖ ਕੇ ਪੁੱਤ ਲੈਂਦੇ ਅੱਗੋਂ ਪੁਤਰ ਚਾ ਲੀਕ ਲਗਾਂਵਦਾ ਈ
ਜੇਹੜਾ ਪੁੱਤ ਕਪੁੱਤ ਬਦਕਾਰ ਹੋਵੇ ਇੱਜ਼ਤ ਖ਼ਾਕ ਦੇ ਵਿਚ ਰੁਲਾਂਵਦਾ ਈ
ਸਰਵਣ ਵਾਂਗ ਨਾ ਜੰਮਿਆ ਵਿਚ ਕੁਲ ਦੇ ਮਾਤਾ ਪਿਤਾ ਦੀ ਟੈਹਲ ਕਮਾਂਵਦਾ ਈ
ਬਗਲੇ ਵਾਗ ਦਿਸੇ ਸੋਹਣਾ ਰੰਗ ਉੱਜਲ ਵਿਚੋਂ ਕਪਟ ਦਾ ਅੰਤ ਨਾ ਆਂਵਦਾ ਈ
ਮੱਥੇ ਤਿਲਕ ਤੇ ਹੱਥ ਦੇ ਵਿਚ ਮਾਲਾ ਲੋਕਾਂ ਵਾਸਤੇ ਗਿਆਨ ਸੁਨਾਂਵਦਾ ਈ
ਉੱਤੋਂ ਪੌ ਬਾਰਾ ਵਿਚੋ ਤਿੰਨ ਕਾਣੇ ਕੇਹੜਾ ਸਿਰਾ ਤੇ ਬਾਜ਼ੀਆਂ ਲਾਂਵਦਾ ਈ
ਕੋਈ ਹੋਰ ਨਾ ਦੁਸ਼ਟ ਨੂੰ ਜਗ੍ਹਾ ਲੱਭੀ ਭੈੜੀ ਮਾਂ ਦੀ ਤਰਫ ਤਕਾਂਵਦਾ ਈ
ਐਵੇਂ ਕੂੜ ਦਾ ਹੌਸਲਾ ਕਰੇਂ ਰਾਜਾ ਤੇਰਾ ਅੰਦਰੋਂ ਮੋਹ ਨਾ ਜਾਂਵਦਾ ਈ
ਹੱਥੀਂ ਆਪਣੀ ਕੰਧ ਉਸਾਰ ਕੇ ਤੇ ਕੇਹੜਾ ਫੇਰ ਮੁੜ ਓਸ ਨੂੰ ਢਾਂਵਦਾ ਈ
ਲੱਖਾਂ ਵਿਚ ਕੋਈ ਇਕ ਮਰਦ ਹੋਸੀ ਜੇਹੜਾ ਵਾਕ ਨੂੰ ਤੋੜ ਚੜ੍ਹਾਂਵਦਾ ਈ
ਕੀਤਾ ਅਦਲ ਨੌਸ਼ੇਰਵਾਂ ਸਾਹ ਨੇ ਜੀ ਦਿਤੀ ਮਾਂ ਪਰ ਸਰਮ ਨਾ ਖਾਂਵਦਾ ਈ
ਹਰੀ ਚੰਦ ਨੇ ਧਰਮ ਨੂੰ ਪਾਲਿਆ ਸੀ ਉਸਨੂੰ ਜੱਗ ਸਾਰਾ ਪਿਆ ਗਾਂਵਦਾ ਈ
ਗੱਲਾਂ ਕਰਨੀਆ ਬਹੁਤ ਸੁਖਾਲੀਆਂ ਨੀ ਕੋੜ੍ਹਾ ਧਰਮ ਦਾ ਅਦਲ ਠਹਿਰਾਂਵਦਾ ਈ
ਦਾਰੂ ਦਰਦ ਦਾ ਮੂਲ ਨਾ ਕੋਲ ਤੇਰੇ ਤੁੱਕੇ ਸਖਣੇ ਫਿਰੇ ਚਲਾਂਵਦਾ ਈ
ਜੇੜ੍ਹੀ ਕਲ ਨੂੰ ਕਰਨੀ ਹੈ ਦੱਸ ਅੱਜੇ ਗਲਾਂ ਨਾਲ ਕਿਉਂ ਵਕਤ ਲੰਘਾਂਵਦਾ ਈ
ਦੌਲਤ ਰਾਮ ਭਲਕੇ ਹੀਰਾ ਚੱਟ ਮਰਸਾਂ ਜੇ ਤੂੰ ਓਪਰੇ ਦਿਲੋਂ ਬੁਲਾਂਵਦਾ ਈ

## ਵਾਕ ਰਾਜਾ ਕਾ

ਰਾਜੇ ਆਖਿਆ ਧਰਮ ਦਾ ਵਾਕ ਹੋਇਆ ਦੇਵਾਂ ਸੀਸ ਦੇ ਨਾਲ ਨਿਭਾ ਰਾਣੀ
ਤੇਰੀ ਗੱਲ ਸੁਣ ਕੇ ਸੀਨੇ ਸੱਲ ਲੱਗਾ ਹੋਇਆ ਜੀਵਣਾ ਦੋਜ਼ਖ਼ਾਂ ਭਾ ਰਾਣੀ
ਅੱਵਲ ਧਰਮ ਹੋਇਆ ਬਨੋਵਾਸ ਦੇਸਾਂ ਨਹੀਂ ਤਾਂ ਦਿਆਂਗਾ ਕਤਲ ਕਰਵਾ ਰਾਣੀ
ਬਾਰਾਂ ਵੱਜਦਿਆ ਦੇਰ ਨਾ ਲੱਗਦੀ ਏ ਦੇਵਾਂ ਅੱਖੀਆਂ ਨਾਲ ਵਖਾ ਰਾਣੀ
ਜੇਕਰ ਕਹੇਂ ਤਾਂ ਦਿਆ ਬਨਵਾਸ ਉਸਨੂੰ ਆਖੇਂ ਸੂਲੀ ਤੇ ਦਿਆਂ ਚੜ੍ਹਾ ਰਾਣੀ
ਐਸਾ ਕ੍ਰੋਧ ਮੇਰੇ ਚਿੱਤ ਆਂਵਦਾ ਏ ਦੇਵਾਂ ਅੱਗ ਦੇ ਵਿਚ ਜਲਾ ਰਾਣੀ
ਜੇਕਰ ਕਹੇਂ ਤਾ ਇਕ ਬਸੰਤ ਮਾਰਾ ਨਹੀ ਤਾ ਦੋਹਾਂ ਨੇ ਦਿਆ ਮੁਕਾ ਰਾਣੀ

ਜੇੜ੍ਹੀ ਕਹੇਂ ਸੋ ਗੱਲ ਮਨਜ਼ੂਰ ਮੈਨੂੰ ਮੂਹੋਂ ਆਖ ਤੂੰ ਦੇਰ ਨਾ ਲਾ ਰਾਣੀ
ਦੌਲਤ ਰਾਮ ਜ਼ਬਾਨ ਦਾ ਸੁਖ਼ਨ ਪਰਤਾਂ ਪਾਵਾਂ ਦੋਜ਼ਖ਼ਾਂ ਵਿਚ ਸਜ਼ਾ ਰਾਣੀ

## ਵਾਕ ਰਾਣੀ ਕਾ

ਰਾਣੀ ਆਖਦੀ ਰਾਜਿਆ ਸੱਚ ਬੋਲੀਂ ਕਿਤੇ ਧਰਮ ਨੂੰ ਲੀਕ ਨਾ ਲਾ ਦੇਈਂ
ਜੇੜ੍ਹਾ ਸੁਖ਼ਨ ਜ਼ਬਾਨ ਤੇ ਆਖਿਓ ਈ ਸ਼ਾਹਾ ਉਸ ਨੂੰ ਤੋੜ ਨਭਾ ਦੇਈਂ
ਇਕੋ ਨਾਮ ਤੇ ਧਰਮ ਨੇ ਸੰਗ ਜਾਣਾ ਪੁੱਤਰ ਲਈ ਨਾ ਧਰਮ ਗਵਾ ਦੇਈਂ
ਭਲਕੇ ਸੱਦ ਕੇ ਚਾਰ ਚੰਡਾਲ ਰਾਜਾ ਮੇਰੇ ਸਾਹਮਣੇ ਕਤਲ ਕਰਵਾ ਦੇਈਂ
ਜੇਕਰ ਮਾਰਨੇ ਤੇ ਨਹੀਂ ਚਿੱਤ ਤੇਰਾ ਬਨੋਬਾਸ ਜ਼ਰੂਰ ਭੁਗਾ ਦੇਈਂ
ਅੱਗੇ ਕੰਨ ਹੋ ਜਾਣਗੇ ਸਾਰਿਆਂ ਨੂੰ ਡੌਂਡੀ ਦੇਸ ਦੇ ਵਿਚ ਪਿਟਵਾ ਦੇਈਂ
ਕਰਕੇ ਅਦਲ ਨੌਸ਼ੇਰਵਾਂ ਵਾਂਗ ਹੋ ਕੇ ਰੌਲਾ ਕੁਲ ਜਹਾਨ ਤੇ ਪਾ ਦੇਈਂ
ਤੈਨੂੰ ਲਾਵਸੀ ਭਾਗ ਭਗਵਾਨ ਸੱਚਾ ਖੱਟੀ ਪਾਪ ਦੀ ਆਪ ਲੁਟਾ ਦੇਈਂ
ਭਾਂਵੇ ਲੱਖ ਨਸੀਅਤਾਂ ਕਰੇ ਕੋਈ ਧੱਕੇ ਮਾਰ ਕੇ ਦੂਰ ਹਟਾ ਦੇਈਂ
ਕਰਸੀ ਚਮਨ ਆਬਾਦ ਕਰਤਾਰ ਤੇਰਾ ਬੂਟਾ ਪਾਪ ਦਾ ਜੜ੍ਹੋ ਕਟਾ ਦੇਈਂ
ਭਾਵੇਂ ਰਾਜ ਅਕਾਰਥ ਜਾਇ ਸਾਡਾ ਐਪਰ ਏਸ ਦੀ ਜਿੰਦ ਮੁਕਾ ਦੇਈਂ
ਜੇਕਰ ਅੰਤ ਦੇ ਸੁੱਖਾਂ ਦੀ ਲੋੜ ਸਾਹਾ ਏਸ ਵਾਕ ਨੂੰ ਤੋੜ ਚੜ੍ਹਾ ਦੇਈਂ
ਦੌਲਤ ਰਾਮ ਤੂੰ ਧਰਮ ਦਾ ਪਕੜ ਬੇੜਾ ਪਾਪੀ ਜੀਵ ਨੂੰ ਪਾਰ ਲੰਘਾ ਦੇਈਂ

## ਵਾਕ ਕਵੀਸ਼ਰ ਕਾ

ਏਹਨਾਂ ਨਾਰੀਆਂ ਨਾਲ ਪਿਆਰ ਪਾ ਕੇ ਸੁੱਖ ਕਿਸੇ ਨੇ ਮੂਲ ਨਾ ਪਾਇਆ ਸੂ
ਸਿਆਣੇ ਆਖਦੇ ਨਾਰ ਤਲਵਾਰ ਨੰਗੀ ਜੇੜ੍ਹਾ ਛੋਹਿਆ ਮਾਰ ਮੁਕਾਇਆ ਸੂ
ਲੈਲੀ ਘਰਾਂ ਦੇ ਵਿਚ ਮਸ਼ਗੂਲ ਹੋਈ ਮਜਨੂੰ ਜੰਗਲਾਂ ਵਿਚ ਸੁਕਾਇਆ ਸੂ
ਸ਼ੀਰੀਂ ਲਈ ਫ਼ਰਿਹਾਦ ਬਰਬਾਦ ਹੋਇਆ ਚੀਰੇ ਸੈਲ ਤੇ ਹਾਲ ਵੰਜਾਇਆ ਸੂ
ਮੇਹੀਂਵਾਲ ਸੋਹਣੀ ਪਿੱਛੇ ਡੁੱਬ ਮੋਇਆ ਰੋੜਾ ਵੱਢ ਕੇ ਨਦੀ ਰੁੜ੍ਹਾਇਆ ਸੂ
ਸੱਸੀ ਸੁਤਿਆ ਰੈਨ ਗੁਜ਼ਾਰ ਦਿੱਤੀ ਪੁੰਨੂੰ ਗਾਫ਼ਲੀ ਵਿਚ ਖਪਾਇਆ ਸੂ
ਨਾਲ ਆਪ ਵੀ ਮਰੀ ਵਰਾਨ ਹੋ ਕੇ ਉਸਨੂੰ ਗੋਰ ਦੇ ਵਿਚ ਸਮਾਇਆ ਸੂ
ਯੂਸਫ ਨਾਲ ਜ਼ੁਲੈਖ਼ਾ ਨੇ ਕਹੀ ਕੀਤੀ ਫੜ ਕੇ ਕੈਦ ਦੇ ਵਿਚ ਫਸਾਇਆ ਸੂ
ਚੰਦਰਬਦਨ ਨੇ ਬਦਨ ਵਿਖਾਇਆ ਨਾ ਮਾਹਯਾਰ ਨੂੰ ਖ਼ਾਕ ਰੁਲਾਇਆ ਸੂ
ਮਿਰਜ਼ੇ ਸੈਹਬਾਂ ਦੇ ਵਾਸਤੇ ਜਾਨ ਦਿੱਤੀ ਤਨ ਅੱਗ ਦੇ ਵਿਚ ਜਲਾਇਆ ਸੂ
ਕਾਮ ਲਿਟਾ ਨੇ ਸੁਪਨੇ ਦੇ ਵਿਚ ਆ ਕੇ ਕਾਮ ਰੂਪ ਤੋਂ ਰਾਜ ਛੁਡਾਇਆ ਸੂ
ਰੰਨਾਂ ਭਰਥਰੀ ਜਿਹਾਂ ਨੂੰ ਛੱਡ ਕੇ ਜੀ ਨੇਹੁੰ ਨਾਲ ਹਥਵਾਨ ਦੇ ਲਾਇਆ ਸੂ
ਰਾਜੇ ਭੋਜ ਉੱਤੇ ਅਸਵਾਰ ਹੋਈ ਉਸ ਨੂੰ ਖ਼ਰਾਂ ਦੇ ਵਾਂਗ ਟਪਾਇਆ ਸ

ਕਿੱਸਾ ਸ਼ਾਹ ਬਹਰਾਮ ਦਾ ਸੁਣੇ ਕੋਈ ਰੋਇ ਰੋਇ ਕੇ ਵਹਿਣ ਵਹਾਇਆ ਸੂ
ਦੱਸੋ ਰੰਨਾਂ ਦੇ ਨਾਲ ਪ੍ਰੀਤ ਲਾ ਕੇ ਕੇਹੜੇ ਮਰਦ ਨੇ ਨਫ਼ਾ ਉਠਾਇਆ ਸੂ
ਕਈ ਹੋਰ ਆਸਕ ਮੰਦੇ ਹਾਲ ਹੋਏ ਕਿੱਸਾ ਮੁੜ ਨੇ ਨਹੀਂ ਵਧਾਇਆ ਸੂ
ਟੂਣੇ ਹਾਰੀਆਂ ਨਾਰੀਆਂ ਡਾਰੀਆਂ ਨੇ ਕਿਸੇ ਨਾਲ ਨਾ ਭਲਾ ਕਮਾਇਆ ਸੂ
ਹੋਵਣ ਕੁਆਰੀਆਂ ਯਾਰੀਆਂ ਲਾ ਬੈਠਣ ਫੇਰ ਸਾਰੀਆਂ ਵਿਆਹ ਕਰਵਾਇਆ ਸੂ
ਇਸ਼ਕ ਰੰਨਾਂ ਦੇ ਵਿਚ ਨਾ ਨਫ਼ਾ ਕੋਈ ਭਲੀ ਤਰ੍ਹਾਂ ਦੇ ਨਾਲ ਅਜ਼ਮਾਇਆ ਸੂ
ਇਸ਼ਕ ਰੱਬ ਦਾ ਆਬਹਯਾਤ ਭਾਈ ਜਿਸ ਪਾਇਆ ਦੁੱਖ ਮਿਟਾਇਆ ਸੂ
ਸੱਚੇ ਰੱਬ ਦੇ ਨਾਲ ਪ੍ਰੀਤ ਕਰੀਏ ਜੇਹੜੀ ਗੱਲ ਪਿੱਛੇ ਜਨਮ ਪਾਇਆ ਸੂ
ਉਸਨੇ ਜਨਮ ਅਕਾਰਥਾ ਗਾਲ ਲੀਤਾ ਜਿਸਨੇ ਰਾਮ ਦਾ ਨਾਮ ਭੁਲਾਇਆ ਸੂ
ਚੰਦਰਵਤੀ ਦੇ ਜੇਹੀ ਨਾ ਰੰਨ ਭੈੜੀ ਜਿਸ ਨੇ ਪੁੱਤ ਨੂੰ ਯਾਰ ਬਣਾਇਆ ਸੂ
ਤੋਹਮਤ ਝੂਠ ਤੂਫਾਨ ਅਜ਼ਗੈਬ ਕਹਿ ਕੇ ਦਿਲ ਰਾਜੇ ਦਾ ਮਾਰ ਤਪਾਇਆ ਸੂ
ਰਾਜਾ ਤੜਫਦਾ ਪਿਆ ਪਲੰਘ ਉੱਤੇ ਕੂੜੇ ਦੁੱਖਾਂ ਨੇ ਆਣ ਸਤਾਇਆ ਸੂ
ਇਕ ਪਲਕ ਨਾ ਚਿੱਤ ਨੂੰ ਸ਼ਾਂਤ ਆਵੇ ਰਾਣੀ ਕੁਫਰ ਦਾ ਬਾਣ ਚਲਾਇਆ ਸੂ
ਕੂੜੀ ਗੱਲ ਨੂੰ ਸੱਚ ਪਛਾਣ ਬੈਠਾ ਐਸਾ ਹੋਣੀ ਨੇ ਚਿੱਤ ਭਰਮਾਇਆ ਸੂ
ਦੌਲਤ ਰਾਮ ਦੇਖੋ ਕੰਮ ਔਰਤਾਂ ਦੇ ਲਾ ਕੇ ਚਿਣਗ ਸਮੁੰਦਰ ਜਲਾਇਆ ਸੂ

## ਵਾਕ ਕਵੀਸ਼ਰ ਵਾ ਹਾਲ ਰਾਜਾ ਕਾ

ਸਾਰੀ ਰਾਤ ਨਾ ਰਾਜੇ ਨੂੰ ਨੀਂਦ ਆਈ ਐਸਾ ਸੋਗ ਦੇ ਵਿਚ ਗ਼ਲਤਾਨ ਹੋਯਾ
ਕਦੀ ਉਠ ਬੈਠੇ ਕਦੀ ਲੇਟ ਜਾਵੇ ਐਪਰ ਚਿੱਤ ਅੰਦਰ ਪਰੇਸ਼ਾਨ ਹੋਯਾ
ਏਸੇ ਹਾਲ ਅੰਦਰ ਸਾਰੀ ਰਾਤ ਗੁਜ਼ਰੀ ਛਕੜ ਵਕਤ ਪ੍ਰਭਾਤ ਦਾ ਆਣ ਹੋਯਾ
ਨਿਤਨੇਮ ਅਸ਼ਨਾਨ ਵਿਸਾਰ ਕੇ ਤੇ ਪਲੰਘੋਂ ਉੱਠ ਕੇ ਤੁਰਤ ਰਵਾਨ ਹੋਯਾ
ਰਾਜੇ ਸਭਾ ਦੇ ਵਿਚ ਪ੍ਰਵੇਸ਼ ਕੀਤਾ ਓਸੇ ਵਕਤ ਹਾਜ਼ਰ ਦਰਬਾਨ ਹੋਯਾ
ਓਸੇ ਵਕਤ ਦਰਬਾਨ ਨੂੰ ਹੁਕਮ ਦਿਤਾ ਜਮ੍ਹਾਂ ਆਨ ਕੇ ਕੁਲ ਦੀਵਾਨ ਹੋਯਾ
ਥਰ ਥਰ ਕੰਬਦੇ ਮੀਰ ਵਜ਼ੀਰ ਸਾਰੇ ਡਿੱਠਾ ਸ਼ਾਹ ਯਾਰੋ ਕਹਿਰਵਾਨ ਹੋਯਾ
ਮੱਥਾ ਰਾਜੇ ਦਾ ਭਖੇ ਅੰਗਾਰ ਵਾਂਗੂੰ ਗੋਯਾ ਵਕਤ ਪ੍ਰਭਾਤ ਦਾ ਭਾਨ ਹੋਯਾ
ਸੱਭੇ ਚਿੱਤ ਦੇ ਵਿਚ ਹੈਰਾਨ ਹੋਏ ਆਖਣ ਅਜ ਕੀ ਵੱਡਾ ਨੁਕਸਾਨ ਹੋਯਾ
ਤੌਰ ਰਾਜੇ ਦਾ ਹੋਰ ਦਾ ਹੋਰ ਦਿੱਸੇ ਬੈਠਾ ਕੁਲ ਦੀਵਾਨ ਹੈਰਾਨ ਹੋਯਾ
ਆਪੋ ਆਪਣੀ ਜਗ੍ਹਾ ਤੇ ਆਣ ਬੈਠੇ ਜੇਹੜਾ ਨਿੱਤ ਤਹਕੀਕ ਅਸਥਾਨ ਹੋਯਾ
ਭੜਕੀ ਅੱਗ ਅਜ਼ਗੈਬ ਦੀ ਵਿਚ ਸੀਨੇ ਦਿਲ ਰਾਜੇ ਦਾ ਭੁੱਜ ਕੇ ਨਾਨ ਹੋਯਾ
ਆਖੇ ਹੁਣ ਬਸੰਤ ਨੂੰ ਮਾਰ ਦੇਵਾਂ ਸੱਚੀ ਨਾਰ ਤੇ ਪੁੱਤ ਸ਼ੈਤਾਨ ਹੋਯਾ
ਦੌਲਤ ਰਾਮ ਧਿਆਨ ਕਰ ਸੁਣੋ ਅੱਗੇ ਜੇਹੜਾ ਸਭਾ ਦੇ ਵਿਚ ਬਿਆਨ ਹੋਯਾ

## ਵਾਕ ਰਾਜਾ ਕਾ

ਰਾਜਾ ਆਖਦਾ ਕੁਲ ਮੁਲਾਜ਼ਮਾਂ ਨੂੰ ਮੇਰੀ ਗੱਲ ਤੇ ਧਿਆਨ ਲਗਾ ਦੇਖੋ
ਕਲੂ ਕਾਲ ਨੇ ਆਣ ਪ੍ਰਵੇਸ਼ ਕੀਤਾ ਰਹੀ ਸ਼ਰਮ ਨਾ ਲਾਜ ਹਿਯਾ ਦੇਖੋ
ਪੁੱਤਰ ਮਾਂਵਾਂ ਨੂੰ ਮਸਖ਼ਰੀ ਕਰਨ ਲੱਗੇ ਦਿੱਤਾ ਧਰਮ ਦਾ ਤੁਖ਼ਮ ਉਠਾ ਦੇਖੋ
ਬਿੱਛੂ ਮਾਰਨੋਂ ਡੰਗ ਨਾ ਕਦੇ ਰਹਿੰਦੇ ਭਾਵੇਂ ਚੁੰਮ ਕੇ ਸੀਸ ਤੇ ਚਾ ਦੇਖੋ
ਬੱਚੇ ਸੱਪਾਂ ਦੇ ਕਦੇ ਨਾ ਮਿੱਤ੍ਰ ਹੁੰਦੇ ਚਾਹੇ ਚੁਲੀਆਂ ਦੁੱਧ ਪਿਲਾ ਦੇਖੋ
ਤੁੰਮੇ ਕਦੇ ਨਾ ਹੋਣ ਤਰਬੂਜ਼ ਯਾਰੋ ਚਾਹੇ ਖੰਡ ਦੇ ਵਿਚ ਰਲਾ ਦੇਖੋ
ਪੂਛ ਕੁੱਤੇ ਦੀ ਕਦੇ ਨਾ ਹੋਵੇ ਸਿੱਧੀ ਭਾਵੇਂ ਪੱਥਰਾਂ ਹੇਠ ਦਬਾ ਦੇਖੋ
ਵਿਸਟਾ ਖਾਣ ਤੋਂ ਕਦੇ ਨਾ ਕਾਗ ਰਹਿੰਦਾ ਚਾਹੇ ਵੇਦ ਪੁਰਾਣ ਪੜ੍ਹਾ ਦੇਖੋ
ਚੋਰ ਚੋਰੀਓਂ ਬਾਝ ਨਾ ਮੂਲ ਰਹਿੰਦੇ ਭਾਵੇਂ ਕੁੱਟ ਕੇ ਮਾਰ ਮੁਕਾ ਦੇਖੋ
ਗੁੰਡੀ ਰੰਨ ਨਾ ਯਾਰ ਦੇ ਬਾਝ ਰਹਿੰਦੀ ਕਾਲਾ ਓਸ ਦਾ ਮੂੰਹ ਕਰਵਾ ਦੇਖੋ
ਭੰਡੇ ਕੰਮ ਤੋਂ ਕਦੇ ਨਾ ਖੰਫ ਖਾਦ ਭੈੜੀ ਜਿਨ੍ਹਾਂ ਨੂੰ ਪਈ ਅਦਾ ਦੇਖੋ
ਜੇਹੜਾ ਪੁੱਤ ਕਪੁੱਤ ਬਦਚਾਲ ਹੋਵੇ ਇੱਜਤ ਖਾਕ ਮੇਂ ਦੇ ਰੁਲਾ ਦੇਖੋ
ਜੇਹੜੀ ਗੱਲ ਦਾ ਮੁਝ ਨੂੰ ਖ਼ੌਫ ਆਹਾ ਸੋਈ ਆਣ ਵਰਤੀ ਮੇਰੇ ਭਾ ਦੇਖੋ
ਸੀਨੇ ਅੱਗ ਅਫਸੋਸ ਦੀ ਆਣ ਭੜਕੀ ਮੇਰੇ ਜਿਗਰ ਨੂੰ ਗਈ ਜਲਾ ਦੇਖੋ
ਮੇਰਾ ਪੁੱਤ ਬਸੰਤ ਚੰਡਾਲ ਹੋਇਆ ਦਿੱਤਾ ਓਸ ਨੇ ਧਰਮ ਗਵਾ ਦੇਖੋ
ਦੀਨ ਦੁਨੀ ਦੀ ਹੱਦ ਤੇ ਰੱਤ ਹੋਇਆ ਦੇਵਾਂ ਓਸ ਨੂੰ ਕਤਲ ਕਰਵਾ ਦੇਖੋ
ਮੈਨੂੰ ਜੀਵਣਾ ਜੇਹਰ ਸਮਾਨ ਹੋਇਆ ਭੈੜੇ ਪੁੱਤ ਦਿਤਾ ਬੜਾ ਤਾ ਦੇਖੋ
ਪੜ੍ਹ ਕੇ ਵਿਦਿਆ ਕੁਲ ਬਰਬਾਦ ਕੀਤੀ ਕੀਤਾ ਜਰਾ ਨਾ ਹੱਕ ਅਦਾ ਦੇਖੋ
ਮੇਰੇ ਚਿੱਤ ਦੀ ਰਹਿ ਗਈ ਚਿੱਤ ਅੰਦਰ ਦਿਤਾ ਰੱਬ ਨੇ ਹੌਸਲਾ ਢਾ ਦੇਖੋ
ਹੋਸੀ ਖੁਸੀ ਮੈਂ ਪੁੱਤਰ ਦੀ ਕਰਾਂ ਸਾਦੀ ਸਭੇ ਨਮਟ ਹੋਏ ਸੁਖ ਚਾ ਦੇਖੋ
ਏਸ ਤਰ੍ਹਾਂ ਲਿਖਿਆ ਹੈਸੀ ਲੇਖ ਮੇਰਾ ਕਿਹੜਾ ਰੇਖ ਨੂੰ ਦੇ ਮਿਟਾ ਦੇਖੋ
ਜੇਹਾ ਬੀਜਿਆ ਹੈ ਤੇਹਾ ਵੱਢਣਾ ਏ ਦੇਵਾ ਕਿਸੇ ਨੂੰ ਦੋਸ ਕੀ ਲਾ ਦੇਖੋ
ਪੁੱਤ ਹੋਇ ਕੇ ਮਾ ਦੀ ਤਰਫ ਤੱਕੇ ਪਾਇਆ ਜੱਗ ਦੇ ਵਿਚ ਕਹਾ ਦੇਖੋ
ਹੁੰਦੀ ਖਬਰ ਤਾ ਮਾਰਦਾ ਜੰਮਦੇ ਨੂੰ ਆਵੇ ਹੱਥ ਨਾ ਵਕਤ ਵਿਹਾ ਦੇਖੋ
ਉੜੋਂ ਭਗਤ ਬਿਰਕਤ ਤੇ ਸੰਤ ਹੋਏ ਅੰਦਰ ਕਪਟ ਦਾ ਅੰਤ ਨਾ ਕਾ ਦੇਖੋ
ਪੜ੍ਹ ਕੇ ਵੇਦ ਪੁਰਾਣ ਨਾ ਅਮਲ ਕੀਤਾ ਦਿਤੀ ਵਿੱਦਿਆ ਸਿੰਧ ਰੁੜ੍ਹਾ ਦੇਖੋ
ਲੱਥੀ ਚੜ੍ਹੀ ਦਾ ਕਿਸੇ ਨੂੰ ਫਿਕਰ ਨਾਹੀਂ ਕਲੂਕਾਲ ਦਾ ਸਖ਼ਤ ਪ੍ਰਭਾ ਦੇਖੋ
ਮੈਂ ਤਾ ਜਾਣਦਾ ਸੀ ਪੁੱਤਰ ਨੇਕ ਮੇਰੇ ਛੇਕੜ ਹੋ ਗਿਆ ਕਰਮ ਸਹਾ ਦੇਖੋ
ਸੁਖਾ ਸੁੱਖ ਕੇ ਪਿੰਡ ਦਾ ਮੁੱਢ ਬੱਧਾ ਲੱਗੀ ਆਣ ਦਰਿਆ ਦੀ ਢਾਹ ਦੇਖੋ
ਕਰ ਕੇ ਮਿਹਨਤਾਂ ਬੂਟੇ ਨੂੰ ਪਾਲਿਆ ਸੀ ਦਿਤਾ ਰੱਬ ਨੇ ਜੜ੍ਹੋਂ ਪੁਟਾ ਦੇਖੋ
ਸਾਰੀ ਉਮਰ ਨਾ ਭੱਲਸੀ ਦਖ ਮੈਨੂੰ ਹੋਇਆ ਜਿਗਰ ਉੱਤੇ ਮੇਰੇ ਘਾ ਦੇਖੋ

ਗੁੱਗਾ ਜਾਣ ਕੇ ਨਾਗ ਨੂੰ ਪਾਲਿਆ ਸੀ ਛੋਕੜ ਗਿਆ ਜੇ ਡੰਗ ਚਲਾ ਦੇਖੋ
ਅੰਸ਼ੇ ਪੁੱਤਰਾ ਥੀ ਅੰਤਰ ਰਹਿਣ ਚੰਗਾ ਦੇਵਾ ਦੁਸ਼ਟ ਨੂੰ ਅਜ ਮਰਵਾ ਦੇਖੋ
ਧਰਮ ਕਰਮ ਗ੍ਰਹਸਤ ਦਾ ਨਸਟ ਕਰ ਕੇ ਦਿਤਾ ਵੱਖਰਾ ਪੰਥ ਚਲਾ ਦੇਖੋ
ਦੌਲਤ ਰਾਮ ਗ੍ਰਹਸਤ ਦਾ ਧਰਮ ਭਾਈ ਸਾਰਾ ਤਸਾਂ ਨੇ ਦਿਆਂ ਬਤਾ ਦੇਖੋ

## ਵਾਕ ਰਾਜਾ ਕਾ

ਫਰਜ਼ ਮਾਪਿਆ ਦੇ ਸਿਰ ਪੁੱਤਰਾਂ ਦੇ ਪਹਿਲੇ ਖ਼ੂਬ ਪ੍ਰਵਸਤ ਕਰਵਾਈਏ ਜੀ
ਪੜ੍ਹਨੇ ਲਾਇਕ ਲੜਕਾ ਜਦੋ ਨਜ਼ਰ ਆਵੇ ਉਸਨੂੰ ਵਿਦਯਾ ਖ਼ੂਬ ਪੜ੍ਹਾਈਏ ਜੀ
ਸੰਗਤ ਬਦਾਂ ਦੀ ਮੂਲ ਨਾ ਕਰਨ ਦੇਈਏ ਸੁਹਬਤ ਆਰਫਾਂ ਨਾਲ ਕਰਵਾਈਏ ਜੀ
ਆਠੋ ਜਾਮ ਸ਼ੁਭ ਕਰਮ ਦੀ ਲਾਗ ਲਾਈਏ ਹੁਨਰ ਹੱਥ ਦਾ ਕੁਝ ਸਿਖਲਾਈਏ ਜੀ
ਛੋਟੇ ਹੁੰਦਿਆਂ ਭਜਨ ਦੀ ਪਵੇ ਆਦਤ ਤਦੋਂ ਅੰਤ ਵੇਲ ਸੁੱਖ ਪਾਈਏ ਜੀ
ਪੰਝੀ ਸਾਲ . ਪੁੱਤ ਜੁਆਨ ਹੋਵੇ ਸਾਦੀ ਕੀਜੀਏ ਦੇਰ ਨਾ ਲਾਈਏ ਜੀ
ਘਰੀ ਓਸ ਦੇ ਜਦੋ ਸੰਤਾਨ ਹੋਵ ਆਪ ਬਾਨ-ਪ੍ਰਸਤ ਹੋ ਜਾਈਏ ਜੀ
ਕੋਈ ਰੋਜ਼ ਬਨਵਾਸ ਨਿਵਾਸ ਕਰ ਕੇ ਬੈਠੇ ਗੀਤ ਗੋਬਿੰਦ ਦੇ ਗਾਈਏ ਜੀ
ਮਨ ਤਨ ਬਚ ਕਰਮ ਥੀ ਸੁੱਧ ਹੋ ਕੇ ਸਵਾ ਸਾਧਾ ਦੀ ਖ਼ੂਬ ਕਮਾਈਏ ਜੀ
ਕੋਈ ਕਾਲ ਇਸ ਤੌਰ ਬਤੀਤ ਕਰ ਕੇ ਫੇਰ ਬ੍ਰਹਮਚਰਯ ਸਦਾਈਏ ਜੀ
ਕਈ ਰੋਜ ਫਿਰ ਬ੍ਰਹਮਚਰਯ ਕਰੀਏ ਸੱਚੇ ਰਾਮ ਦਾ ਨਾਮ ਧਜਾਈਏ ਜੀ
ਸੇਵਾ ਸਤਿਗੁਰਾ ਦੀ ਕਰੀਏ ਚਿੱਤ ਲਾ ਕੇ ਆਠੋ ਜਾਮ ਨਾ ਦਿਲੋਂ ਭੁਲਾਈਏ ਜੀ
ਮਨ ਬੁਧਿ ਤੇ ਚਿਤ ਹੰਕਾਰ ਚਾਰੇ ਅੰਤਹਕਰਨ ਨੂੰ ਸ਼ੁਧ ਬਨਾਈਏ ਜੀ
ਅੰਤਹਕਰਨ ਜਾਂ ਆਪਣਾ ਸੁੱਧ ਹੋਵੇ ਉਸ ਦੇ ਬਾਅਦ ਸੰਨਿਆਸ ਨੂੰ ਪਾਈਏ ਜੀ
ਸਭੋ ਵਾਸ਼ਨਾ ਜੱਗ ਦੀ ਦੂਰ ਕਰ ਕੇ ਸੋਹੰ ਸਬਦ ਨੂੰ ਚਿਤ ਵਸਾਈਏ ਜੀ
ਕਰ ਕੇ ਦਿਲੋ ਵੈਰਾਗ ਅਭਯਾਸ ਪੂਰਾ ਦਿਲ ਨੂੰ ਨਾਮ ਦੇ ਵਿਚ ਮਲਾਈਏ ਜੀ
ਇੜਾ ਪਿੰਗਲਾ ਸੁਖਮਨਾ ਤੀਨ ਨਾੜੀ ਸਾਧਨ ਤਿਹਾ ਦਾ ਖ਼ੂਬ ਪਕਾਈਏ ਜੀ
ਕਰੀਏ ਜੋਗ ਅਭਯਾਸ ਦਾ ਕਿਆਸ ਪੱਕਾ ਦਸਵੇ ਦੁਆਰ ਸ੍ਵਾਸ ਚੜ੍ਹਾਈਏ ਜੀ
ਜਾਗਰਤ ਸੁਪਨ ਸਖੋਪਤੀ ਤੀਨ ਤਜ ਕੇ ਤੁਰੀਆਤੀਤ ਮੇ ਜਾਇ ਸਮਾਈਏ ਜੀ
ਕਰੀਏ ਸਦਾ ਸਤਸੰਗ ਨਿਸੰਗ ਹੋ ਕੇ ਦਿਲ ਤੋ ਹੰਗਤਾ ਭਾਵ ਮਿਟਾਈਏ ਜੀ
ਦਿਲੋਂ ਦ੍ਵੈਤ ਨੂੰ ਛੱਡ ਅਸੰਗ ਹੋਈਏ ਜੀਵ ਬ੍ਰਹਮ ਨੂ ਇਕ ਠਹਿਰਾਈਏ ਜੀ
ਰਾਜੇ ਜਨਕ ਵਾਂਗੂ ਜੀਵਨ ਮੁਕਤ ਹੋਈਏ ਮੁੜ ਕੇ ਜਨਮ ਜੰਜਾਲ ਨਾ ਪਾਈਏ ਜੀ
ਦੌਲਤ ਰਾਮ ਇਸ ਤੌਰ ਗ੍ਰਹਸਤ ਹੋਵੇ ਭੋਗ ਭੋਗ ਵੈਕੁੰਠ ਨੂੰ ਜਾਈਏ ਜੀ

## ਵਾਕ ਰਾਜਾ ਕਾ

ਅੱਗੇ ਨਾਰ ਦਾ ਧਰਮ ਮੈਂ ਆਖਦਾ ਹਾ ਮੇਰੀ ਗੱਲ ਤੇ ਕਰੋ ਇਤਬਾਰ ਭਾਈ

ਪਤੀਬ੍ਰਤਾ ਨਾਰੀ ਕੋਈ ਹੋਗ ਵਿਰਲੀ ਦੇਖੋ ਢੂੰਢ ਕੇ ਕੁਲ ਸੰਸਾਰ ਭਾਈ
ਆਪਣੇ ਪਤੀ ਦੇ ਨਾਲ ਵਿਰੋਧ ਰਖਣ ਪਾਵਣ ਗ਼ੈਰ ਦੇ ਨਾਲ ਪਜਾਰ ਭਾਈ
ਜੇਹੜੇ ਪਤੀ ਨੂੰ ਛੱਡ ਕੇ ਗ਼ੈਰ ਤੱਕੇ ਜਾਵੇ ਅੰਤ ਨੂੰ ਨਰਕ ਮੰਝਾਰ ਭਾਈ
ਮਾਈ ਬਾਪ ਦੇਖੋ ਆਪਣੀ ਕੰਨਿਆ ਦੀ ਸ਼ਾਦੀ ਰੰਭਦੇ ਬੇਦ ਅਨੁਸਾਰ ਭਾਈ
ਕਰ ਕੇ ਧਰਮ ਭਗਵਾਨ ਨੂੰ ਵਿਚ ਸਾਖੀ ਹੱਥੀਂ ਦੇਣ ਫੇਰੇ ਲਾਵਾਂ ਚਾਰ ਭਾਈ
ਸੂਰਜ ਚੰਦ ਤੇ ਅੱਗ ਗਵਾਹ ਕਰੇ ਕਰਦੇ ਦਾਨ ਸੰਕਲਪ ਉਚਾਰ ਭਾਈ
ਭਾਈਚਾਰੇ ਕੁਟੰਬ ਨੂੰ ਜਮ੍ਹਾਂ ਕਰਦੇ ਕਰਦੇ ਕਾਜ ਦਾ ਕੁਲ ਬਿਹਾਰ ਭਾਈ
ਕਈ ਧਰਮ ਵਾਲੇ ਇੱਜਤਦਾਰ ਬੰਦੇ ਉਤੇ ਲਾਂਵਦੇ ਦੰਮ ਹਜਾਰ ਭਾਈ
ਹੱਥੀਂ ਆਪਣੀ ਪਤੀ ਦੇ ਨਾਲ ਤੋਰਨ ਕਰ ਕੇ ਧਰਮ ਦਾ ਕੌਲ ਇਕਰਾਰ ਭਾਈ
ਜੇਕਰ ਅਕਲ ਦੇਵੇ ਮਹਾਰਾਜ ਉਸ ਨੂੰ ਜਾਣੇ ਪਤੀ ਨੂੰ ਰੂਪ ਕਰਤਾਰ ਭਾਈ
ਪਤੀ ਮੁਕਤ ਤੇ ਭੁਗਤ ਦੇ ਦੇਣ ਵਾਲਾ ਨਾਰੀ ਵਾਸਤੇ ਪਤੀ ਮੁਰਾਰ ਭਾਈ
ਜੇਹੜੀ ਨਾਰ ਨੇ ਪਤੀ ਦੀ ਕਰੀ ਸੇਵਾ ਉਸਨੇ ਜਨਮ ਨੂੰ ਲਿਆ ਸੁਧਾਰ ਭਾਈ
ਤੁਲਸੀ ਠਾਕਰਾ ਦੀ ਪੂਜਾ ਕਰੇ ਨਾਰੀ ਪੁੰਨ ਦਾਨ ਅਨੇਕ ਪ੍ਰਕਾਰ ਭਾਈ
ਕਈ ਤਰ੍ਹਾਂ ਦੇ ਨੇਮ ਅਰ ਵਰਤ ਰੱਖੇ ਚਲੇ ਬੇਦ ਪੁਰਾਣ ਅਨੁਸਾਰ ਭਾਈ
ਪੂਜੇ ਦਵੀਆ ਦੇਵਤੇ ਸਾਧੂਆ ਨੂੰ ਗੰਗਾ ਜਾਇ ਕੇ ਨਹਾਵੇ ਕਈ ਵਾਰ ਭਾਈ
ਚਾਰੋਂ ਧਾਮ ਦਾ ਜਾਇ ਕੇ ਕਰੇ ਦਰਸਨ ਧਾਰੇ ਗਿਆਨ ਬਿਬੇਕ ਦਾ ਸਾਰ ਭਾਈ
ਸੱਭੇ ਪੁੰਨ ਉਸ ਦੇ ਬਰਬਾਦ ਜਾਂਦੇ ਜੇਹੜੀ ਪਤੀ ਨੂੰ ਦੇ ਵਿਸਾਰ ਭਾਈ
ਨਾਰੀ ਪਤੀ ਦੇ ਵਾਕ ਨੂੰ ਸੀਸ ਰੱਖੇ ਚਾਹੇ ਪਤੀ ਹੋਵੇ ਬੁਰਿਆਰ ਭਾਈ
ਜੂਏਬਾਜ ਸਰਾਬੀ ਤੇ ਚੋਰ ਹੋਵੇ. ਹੋਵੇ ਦੇਹੀ ਨੂੰ ਲੱਖ ਅਜ਼ਾਰ ਭਾਈ
ਲੰਗੜੇ ਪੈਰ ਤੇ ਹੱਥ ਵੀ ਟੁੰਡੇ ਹੋਵਨ ਹੋਵੇ ਕੁਝ ਨਾ ਕੰਮ ਤੇ ਕਾਰ ਭਾਈ
ਚਕੀ ਪੀਸ ਕੇ ਪਤੀ ਦੀ ਕਰੇ ਸੇਵਾ ਮਾਰੇ ਗੈਰ ਤੇ ਮੂਤ ਦੀ ਧਾਰ ਭਾਈ
ਜੈਸੇ ਰਾਜੇ ਨੂੰ ਅਕਲ ਵਜੀਰ ਦਦਾ ਦੇਵੇ ਪਤੀ ਨੂੰ ਗਿਆਨ ਵਿਚਾਰ ਭਾਈ
ਸੌਹਰੇ ਸੱਸ ਦਾ ਹੁਕਮ ਨਾ ਮੂਲ ਮੋੜੇ ਜੋੜੇ ਹੱਥ ਹੋਵੇ ਸੇਵਦਾਰ ਭਾਈ
ਉਸਦਾ ਲੋਕ ਪ੍ਰਲੋਕ ਭੀ ਮਾਨ ਹੋਵ ਜੇਹੜੀ ਪਤੀ ਦੀ ਆਗਿਆ-ਕਾਰ ਭਾਈ
ਜਿਸ ਨੇ ਪਤੀ ਨੂੰ ਰਾਮ ਦਾ ਰੂਪ ਜਾਤਾ ਸੱਚਾ ਓਹਦਾ ਹਾਰ ਸਿੰਗਾਰ ਭਾਈ
ਜੇਹੜੀ ਨਾਰ ਤੇ ਪਤੀ ਦਿਆਲ ਹੋਵੇ ਉਸ ਦੀ ਕਦੇ ਨਾ ਹੋਂਵਦੀ ਹਾਰ ਭਾਈ
ਉਸ ਨੂੰ ਕੋਟ ਅਸਮੇਧ ਦਾ ਪੁੰਨ ਹੋਵੇ ਚੱਲੇ ਪਤੀ ਦੇ ਹੁਕਮ ਅਨੁਸਾਰ ਭਾਈ
ਜੈਸੇ ਭਗਤ ਕਬੀਰ ਦੀ ਨਾਰ ਲੋਈ ਉਸ ਨੇ ਵੇਚ ਲਈ ਵਿਚ ਬਜ਼ਾਰ ਭਾਈ
ਮੰਨੀ ਪਤੀ ਦੀ ਆਗਿਆ ਸੀਸ ਉਤੇ ਤਰੀ ਆਪ ਭਰਤਾ ਦਿੱਤਾ ਤਾਰ ਭਾਈ
ਓਸ ਤਰ੍ਹਾਂ ਜੇ ਪਤੀ ਦਾ ਹੁਕਮ ਮੰਨੇ ਹੋਵੇ ਤੁਰਤ ਭਵਸਾਗਰੋਂ ਪਾਰ ਭਾਈ
ਔਪਰ ਪਰਤੀ ਭੀ ਜੱਤ ਤੇ ਸੱਤ ਰੱਖੇ ਮਾਤਾ ਤੁੱਲ ਜਾਨੇ ਦੂਜੀ ਨਾਰ ਭਾਈ
ਦੌਲਤ ਰਾਮ ਇਸ ਤੌਰ ਗ੍ਰਿਹਸਤ ਹੋਵੇ ਤਾਹੀ ਪਾਵੀਏ ਮੋਖ ਦੁਆਰ ਭਾਈ

## ਵਾਕ ਰਾਜਾ ਕਾ

ਰਾਜਾ ਆਖਦਾ ਪੁੱਤਰ ਦਾ ਧਰਮ ਆਖਾਂ ਮੇਰੀ ਗੱਲ ਤੇ ਕਰੋ ਧਿਆਨ ਲੋਕੋ
ਪੁੱਤਰ ਨੇਕ ਕਰੋੜਾ ਦੇ ਵਿਚ ਕੋਈ ਦੇਖੋ ਭਾਲ ਕੇ ਕੁਲ ਜਹਾਨ ਲੋਕੋ
ਉੱਚਰ ਨਾਲ ਮਾਂ ਬਾਪ ਦੇ ਸਾਥ ਲੜਕਾ ਜਿੱਚਰ ਨਾਰ ਦਾ ਨਹੀਂ ਧਿਆਨ ਲੋਕੋ
ਕਾਮ ਚਸ਼ਟਾ ਦਾ ਜਦੋਂ ਖ਼ਿਆਲ ਹੋਵੇ ਭੁੱਲ ਜਾਵਦੇ ਕੁਲ ਗਿਆਨ ਲੋਕੋ
ਮਾਈ ਬਾਪ ਦੀ ਨਿੰਦਿਆ ਕਰਨ ਪਾਪੀ ਨਾਰੀ ਘਿੰਨ ਕੇ ਵੱਖ ਹੋ ਜਾਨ ਲੋਕੋ
ਛੇਕੜ ਨਰਕ ਦੇ ਵਿਚ ਓਹ ਵਾਸ ਕਰਦੇ ਦੁਸ਼ਟ ਬੁਧ ਐਸੇ ਬੇਈਮਾਨ ਲੋਕੋ
ਭਾਵੇਂ ਕਈ ਪ੍ਰਕਾਰ ਦੇ ਨੇਮ ਧਾਰਨ ਜਾ ਕੇ ਤੀਰਥੀਂ ਕਰਨ ਇਸਨਾਨ ਲੋਕੋ
ਰੱਖਣ ਵਰਤ ਚੰਦਰੈਣ ਦੇ ਉਮਰ ਸਾਰੀ ਸੰਮਪਾਕ ਅਪਰਾਸ ਸਦਾਨ ਲੋਕੋ
ਬਨੋਬਾਸ ਤਪੱਸਿਆ ਕਰਨ ਚਾਹੇ ਭਾਵੇ ਯੱਗ ਅਨੇਕ ਰਚਾਨ ਲੋਕੋ
ਭਾਵੇਂ ਠਾਕਰਾਂ ਦੀ ਜਾ ਕੇ ਕਰਨ ਪੂਜਾ ਚਾਹੇ ਸ਼ਿਵਾਂ ਤੇ ਨੀਰ ਚੜ੍ਹਾਨ ਲੋਕੋ
ਨਿਸਫਲ ਜਾਂਵਦੇ ਉਨ੍ਹਾਂ ਦੇ ਕਰਮ ਸਾਰੇ ਜਹੇੜੇ ਮਾਤਾ ਤੇ ਪਿਤਾ ਦੁਖਾਨ ਲੋਕੋ
ਸਰਵਣ ਵਾਂਗ ਪੁੱਤਰ ਵਿਰਲੇ ਹੋਣ ਕੋਈ ਮਾਈ ਬਾਪ ਦੀ ਟਹਿਲ ਕਮਾਨ ਲੋਕੋ
ਧਰਮ ਪੁੱਤਰਾਂ ਦਾ ਲਿਖਿਆ ਵੇਦ ਅੰਦਰ ਸਾਰਾ ਕਰਾਂ ਮੈਂ ਅਜ ਬਿਆਨ ਲੋਕੋ
ਜੇਹੜਾ ਮਾਈ ਤੇ ਬਾਪ ਦੀ ਕਰੇ ਸੇਵਾ ਸੋਈ ਪੁੱਤ ਹੈ ਅਕਲ ਕੀ ਖਾਨ ਲੋਕੋ
ਮਾਈ ਆਪਣੀ ਨੂੰ ਸ਼ਕਤੀ ਰੂਪ ਜਾਣੇ ਅਤੇ ਪਿਤਾ ਮਸਾਲ ਭਗਵਾਨ ਲੋਕੋ
ਮਾਤਾ ਪਿਤਾ ਨੂੰ ਜੇਕਰ ਕਸਟ ਹੋਵੇ ਦੇਵੇ ਔਸ਼ਧੀ ਉਹਨਾ ਨੂੰ ਆਨ ਲੋਕੋ
ਕਿਸੀ ਤੌਰ ਦਾ ਜ਼ਰਾ ਨਾ ਦੁੱਖ ਹੋਵੇ ਸੇਵਾ ਕਰੇ ਹੋ ਕੇ ਸਾਵਧਾਨ ਲੋਕੋ
ਇਹ ਫਰਜ਼ ਮਾ ਬਾਪ ਦਾ ਪੁੱਤਰ ਉੱਤੇ ਏਹੋ ਪੁੱਤਰਾਂ ਦੀ ਕਲਯਾਨ ਲੋਕੋ
ਮਾਈ ਬਾਪ ਦੇ ਹੁਕਮ ਨੂੰ ਰੱਦ ਕਰਦੇ ਸੋਈ ਨਰਕ ਚੁਰਾਸੀਆ ਪਾਨ ਲੋਕੋ
ਵਿਸ਼ਵਾ ਮਿਤ੍ਰ ਦੇ ਪੁੱਤਾ ਦਾ ਨਸ਼ਟ ਹੋਯਾ ਮੰਨੀ ਪਿਤਾ ਦੀ ਨਹੀ ਜਬਾਨ ਲੋਕੋ
ਓਸੇ ਤਰ੍ਹਾਂ ਮੈਂ ਪੁੱਤਰ ਦਾ ਨਸਟ ਕਰਸਾਂ ਤਾਹੀ ਸੁਖੀ ਹੋਸੀ ਮੇਰੀ ਜਾਨ ਲੋਕੋ
ਜੈਸਾ ਮੁਝ ਨੂੰ ਪੁੱਤਰ ਨੇ ਦੁਖੀ ਕੀਤਾ ਐਸਾ ਹੋਰ ਨਾ ਦੁਖੀ ਇਨਸਾਨ ਲੋਕੋ
ਪਾਪੀ ਪੁਰਸ਼ ਦੇ ਮਾਰਿਆਂ ਪਾਪ ਨਾਹੀ ਸਿਆਣੇ ਲੋਕ ਏਹ ਕਰਨ ਵਖਾਨ ਲੋਕੋ
ਮਾਈ ਤਰਫ ਪੁੱਤਰ ਨਿਗਾਹ ਗੋਰ ਤਕੇ ਉਸ ਨੂੰ ਮਾਰੀਏ ਹੜੇ ਮੇਦਾਨ ਲੋਕੋ
ਜੇਹੜੇ ਧਰਮ ਈਮਾਨ ਨੂੰ ਛੱਡ ਬੈਠੇ ਜਾਣੇ ਜੀਵਦੇ ਮਿਰਤੂ ਸਮਾਨ ਲੋਕੋ
ਚੰਗੇ ਹੋਣ ਪੁੱਤਰ ਭਾਗਾਂ ਵਾਲਿਆ ਦੇ ਜੱਸ ਜਗ ਦੇ ਵਿਚ ਵਧਾਨ ਲੋਕੋ
ਸਾਡੇ ਭਾਗ ਭੈੜੇ ਭੈੜੇ ਪੁੱਤ ਹੋ ਕੀਤੇ ਖ਼ਲਕ ਦੇ ਵਿਚ ਬੇ-ਸਾਨ ਲੋਕੋ
ਮੇਰਾ ਜੀਵਨਾ ਮਿਰਤ ਸਮਾਨ ਹੋਇਆ ਲਾਇਆ ਪੁੱਤ ਪਾਪੀ ਮੀਨ ਬਾਨ ਲੋਕੋ
ਸੂਲੀ ਚਾੜ੍ਹ ਬਸੰਤ ਨੂੰ ਮਾਰ ਦੇਸਾ ਤਾਂਹੀ ਸੁਖੀ ਹੋਸੀ ਮੇਰੀ [illegible] ਲੋਕੋ
ਦੌਲਤ ਰਾਮ ਨਾ ਪੁੱਤ ਕਪੁੱਤ ਜੰਮੇ ਜੇਕਰ ਰੱਬ ਹੋਵੇ ਮੇਹਰਬਾਨ ਲੋਕੋ

## ਵਾਕ ਰਾਜਾ ਕਾ

ਚੋਬਦਾਰਾਂ ਨੂੰ ਰਾਜੇ ਨੇ ਹੁਕਮ ਦਿਤਾ ਏਸੇ ਵਕਤ ਬਸੰਤ ਬੁਲਾ ਲਿਆਓ
ਕਿਸੀ ਤੌਰ ਦਾ ਉੱਜ਼ਰ ਨਾ ਮੰਨਣਾ ਜੇ ਧੱਪੇ ਮਾਰ ਕੇ ਅਗੇ ਨੂੰ ਲਾ ਲਿਆਓ
ਕੋਈ ਖ਼ੌਫ ਨਾ ਰਖਣਾ ਚਿੱਤ ਉੱਤੇ ਜਾ ਕੇ ਹੱਥਕੜੀ ਅਭੀ ਲਗਾ ਲਿਆਓ
ਮਤਾਂ ਦਾਅ ਲਾ ਕੇ ਕਿਧਰੇ ਨੱਸ ਜਾਵੇ ਖ਼ਬਰਦਾਰ ਹੋ ਕੇ ਘੇਰਾ ਪਾ ਲਿਆਓ
ਮੁਸ਼ਕਾਂ ਡਾਲ ਕੇ ਦੁਸ਼ਟ ਨੂੰ ਕਰੋ ਹਾਜ਼ਰ ਤੌਕ ਗਲੇ ਦੇ ਵਿਚ ਅੜਾ ਲਿਆਓ
ਦੌਲਤ ਰਾਮ ਨਾ ਖੋਹਲਣਾ ਭੇਦ ਕੋਈ ਨਾਲੇ ਰੂਪ ਨੂੰ ਨਾਲ ਅਲਾ ਲਿਆਓ

## ਸੰਤਰੀਆਂ ਦਾ ਜਾਣਾ ਰੂਪ ਬਸੰਤ ਦੇ ਲੈਣ ਵਾਸਤੇ ਤੇ ਆਵਣਾ ਰੂਪ ਬਸੰਤ ਦਾ

ਹੋਯਾ ਸਾਹ ਦਾ ਹੁਕਮ ਜਾਂ ਸਖ਼ਤ ਯਾਰੋ ਤਦੋਂ ਸੰਤਰੀ ਉਠ ਸਿਧਾਂਵਦੇ ਨੇ
ਆਖਣ ਅੱਜ ਭਗਵਾਨ ਜੇ ਸੁੱਖ ਰੱਖੇ ਸੱਚੇ ਰੱਬ ਦਾ ਨਾਮ ਧਿਆਂਵਦੇ ਨੇ
ਕੁੰਵਰ ਨਾਲ ਰਾਜਾ ਖ਼ਬਰੇ ਕੇਹੀ ਕਰਸੀ ਵਿਚੇ ਵਿਚ ਪਏ ਪੱਛੋਤਾਂਵਦੇ ਨੇ
ਏਸੇ ਤਰ੍ਹਾਂ ਦਾ ਸੋਚ ਅਰ ਫਿਕਰ ਕਰਦੇ ਪਾਸ ਰੂਪ ਬਸੰਤ ਦੇ ਜਾਂਵਦੇ ਨੇ
ਓਧਰ ਵੀਰ ਦੋਵੇਂ ਮਾਲਾ ਹੱਥ ਫੜ ਕੇ ਬੈਠੇ ਗੀਤ ਗੋਬਿੰਦ ਦੇ ਗਾਂਵਦੇ ਨੇ
ਜਾ ਕੇ ਸੰਤਰੀ ਦੋਹਾਂ ਸਹਿਜਾਦਿਆਂ ਨੂੰ ਹੱਥ ਜੋੜ ਪ੍ਰਣਾਮ ਬੁਲਾਂਵਦੇ ਨੇ
ਜਹੜਾ ਸਭਾ ਦੇ ਵਿਚ ਬਿਆਨ ਹੋਯਾ ਸਾਰਾ ਖੋਹ੍ਲ ਕੇ ਹਾਲ ਸੁਨਾਵਦੇ ਨੇ
ਜੇਹੜੇ ਤੌਰ ਦਾ ਰਾਜੇ ਨੇ ਹੁਕਮ ਦਿਤਾ ਓਹ ਭੀ ਹਾਲ ਤਮਾਮ ਬਤਾਂਵਦੇ ਨੇ
ਸਭਾ ਵਿਚ ਰਾਜੇ ਤੁਹਾਨੂੰ ਯਾਦ ਕੀਤਾ ਸਾਰਾ ਖੋਹਲ ਕੇ ਭੇਤ ਜਤਾਵਦੇ ਨੇ
ਛੇਕੜ ਆਖਦੇ ਦੇਰ ਨਾ ਕਰੋ ਰੱਤੀ ਹੱਥ ਜੋੜ ਕੇ ਵਾਸਤਾ ਪਾਵਦੇ ਨੇ
ਓਸੇ ਵਕਤ ਟੁਰ ਪਏ ਨੇ ਕੁੰਵਰ ਦੋਵੇਂ ਅਗੋਂ ਰਤੀ ਨਾ ਉਜਰ ਚਲਾਵਦੇ ਨੇ
ਖਬਰੇ ਅਜ ਸਾਡੇ ਨਾਲ ਕੇਹੀ ਹੋਸੀ ਦੋਵੇਂ ਵੀਰ ਦਲੀਲ ਦੁੜਾਂਵਦੇ ਨੇ
ਅਗੋਂ ਪਿਤਾ ਦੇ ਕੂੜ ਨਾ ਬੋਲਣਾ ਈਂ ਆਪਸ ਵਿਚ ਇਹ ਮਤਾ ਪਕਾਂਵਦੇ ਨੇ
ਜੇਹੜੀ ਬਣੀ ਸੋ ਸੀਸ ਤੇ ਕੱਟ ਲੈਸਾਂ ਅੰਪਰ ਧਰਮ ਨੂੰ ਨਹੀ ਭੁਲਾਂਵਦੇ ਨੇ
ਜਿਨ੍ਹਾਂ ਸੱਚ ਤੇ ਧਰਮ ਦਾ ਲਿਆ ਤਕਵਾ ਦਿੰਦੇ ਜਾਨ ਨਾ ਕੂੜ ਅਲਾਵਦੇ ਨੇ
ਏਸੇ ਤਰ੍ਹਾਂ ਦੋਵੇਂ ਇਕੋ ਚਿਤ ਹੋ ਕੇ ਦੀਨਾ ਨਾਥ ਦਾ ਧਿਆਨ ਲਗਾਂਵਦੇ ਨੇ
ਦੌਲਤ ਰਾਮ ਕਚੈਹਰੀ ਦੇ ਵਿਚ ਆਏ ਅੱਗੇ ਪਿਤਾ ਦੇ ਸੀਸ ਨਿਵਾਵਦੇ ਨੇ

## ਰਾਜੇ ਦਾ ਕ੍ਰੋਧੀ ਹੋਣਾ ਬਸੰਤ ਉਤੇ

ਰਾਜੇ ਪਕੜ ਕੇ ਕੁੰਵਰ ਦੀ ਬਾਂਹ ਤਾਈ ਬੋਲੀ ਸੱਚ ਏ ਸੁਖਨ ਸਵਾਲ ਕੀਤਾ
ਐਸਾ ਕਰੋਧ ਦਾ ਰਾਜੇ ਨੂੰ ਜੋਸ਼ ਹੋਇਆ ਮੱਥਾ ਵਾਂਗ ਅੰਗਿਆਰਾ ਦੇ ਲਾਲ ਕੀਤਾ
ਛਮਕੀ ਪਕੜ ਕੇ ਦਸਤ ਦੇ ਵਿਚ ਯਾਰੋ ਮਾਰ ਮਾਰ ਬਸੰਤ ਨਢਾਲ ਕੀਤਾ

ਨਾਲੇ ਰੂਪ ਨੂੰ ਆਖਦਾ ਨਿੱਜ ਜੰਮਦੋਂ ਮੇਰਾ ਜੱਗ ਦੇ ਵਿਚ ਮੁਕਾਲ ਕੀਤਾ
ਲੱਖ ਲਾਹਣਤਾ ਨੇ ਤੁਹਾਡੇ ਜੰਮਣੇ ਨੂੰ ਮੈਨੂੰ ਜੰਮ ਕੇ ਤੁਸੀਂ ਨਿਢਾਲ ਕੀਤਾ
ਪੜ੍ਹ ਕੇ ਵਿੱਦਿਆ ਖੂਹ ਦੇ ਵਿਚ ਘੱਤੀ ਕੋਈ ਇਕ ਨਾ ਨੇਕ ਅਮਾਲ ਕੀਤਾ
ਐਸਾ ਜ਼ੁਲਮ ਕੀਤਾ ਹੋਇ ਪਾਪੀਆ ਓਇ ਤਰਫ ਮਾ ਦੀ ਬੁਰਾ ਖਿਆਲ ਕੀਤਾ
ਦੌਲਤ ਰਾਮ ਤੂੰ ਕਰੇਂਗਾ ਯਾਦ ਆਪੇ ਜਦੋਂ ਬਕਰੇ ਵਾਂਗ ਹਲਾਲ ਕੀਤਾ

## ਵਾਕ ਰਾਜਾ ਕਾ

ਰਾਜਾ ਰੂਪ ਨੂੰ ਆਖਦਾ ਇਲਮ ਪੜ੍ਹ ਕੇ ਚੰਗਾ ਤੁਸਾਂ ਨੂੰ ਗਿਆਨ ਵੈਰਾਗ ਹੋਯਾ
ਮੈਨੂੰ ਜੱਗ ਦੇ ਵਿਚ ਬਦਨਾਮ ਕੀਤੋ ਸੋਹਣਾ ਗਿਆਨ ਬਿਬੇਕ ਦਾ ਪਾਕ ਹੋਯਾ
ਮੇਰੇ ਜਿਗਰ ਉਤੇ ਇਸ ਨੇ ਜ਼ਖ਼ਮ ਕੀਤਾ ਹੋਇਆ ਪੁੱਤ ਨਹੀ ਪੈਦਾ ਨਾਗ ਹੋਯਾ
ਸਾਰੀ ਉਮਰ ਨਾ ਜਾਵਸੀ ਦੁੱਖ ਮੇਰਾ ਮੇਰੇ ਜਿਗਰ ਉੱਤੇ ਕਾਲਾ ਦਾਗ਼ ਹੋਯਾ
ਸਾਡੀ ਹੰਸ ਦੇ ਵਾਂਗਰਾਂ ਬੰਸ ਉੱਜਲ ਪੈਦਾਵਾਰ ਇਹ ਚੰਦਰਾ ਕਾਗ ਹੋਯਾ
ਹੁੰਦੀ ਖ਼ਬਰ ਜੇ ਮਾਰਦਾ ਜੰਮਦੇ ਨੂੰ ਦੁੱਧ ਵਿਗੜਿਆ ਪਾਸਾ ਨਾ ਜਾਗ ਹੋਯਾ
ਸੁੱਖ ਓਸ ਦੇ ਨਹੀਂ ਨਸੀਬ ਹੁੰਦਾ ਜੇਹੜੇ ਮਰਦ ਦਾ ਧੁਰੋ ਅਭਾਗ ਹੋਯਾ
ਦੌਲਤ ਰਾਮ ਕੀ ਕਿਸੇ ਨੂੰ ਦੋਸ਼ ਦੇਣਾ ਮੇਰਾ ਚੰਦਰੇ ਦਾ ਭੈੜਾ ਭਾਗ ਹੋਯਾ

## ਵਾਕ ਰੂਪ ਕਾ

ਅੱਗੇ ਰਾਜੇ ਦੇ ਰੂਪ ਨੇ ਅਰਜ਼ ਕੀਤੀ ਮੇਰੇ ਵੀਰ ਦੀ ਨਹੀ ਤਕਸੀਰ ਸਾਈ
ਬੁਰੇ ਹੋਵਦੇ ਮਕਰ ਜਨਾਨੀਆਂ ਦੇ ਬੇੜਾ ਠੇਹਲ ਦੇਵਣ ਬਿਨਾਂ ਨੀਰ ਸਾਈ
ਕੂੜੀ ਗੱਲ ਦਾ ਦਿਲੋਂ ਇਤਬਾਰ ਕਰ ਕੇ ਐਵੇਂ ਮਾਰ ਨਾਹੀਂ ਮੇਰਾ ਵੀਰ ਸਾਈਂ
ਇਸ ਦਾ ਫੈਸਲਾ ਅਕਲ ਦੇ ਨਾਲ ਕੀਜੋ ਰਲਿਆ ਦੁਧ ਦੇ ਵਿਚ ਹੈ ਨੀਰ ਸਾਈਂ
ਕਾਹਦੇ ਵਾਸਤੇ ਐਡਾ ਕ੍ਰੋਧ ਕੀਤਾ ਪਕੜੋ ਗਿਆਨ ਧਾਰੋ ਦਿਲ ਧੀਰ ਸਾਈ
ਜ਼ਾਲਮ ਹੋਇ ਕੇ ਵਾਂਗ ਕਸਾਈਆਂ ਦੇ ਕੀਤਾ ਮਾਰ ਕੇ ਵੀਰ ਜ਼ਹੀਰ ਸਾਈ
ਜੇਹੜੇ ਅਦਲ ਤੇ ਬੈਠ ਕੇ ਜ਼ੁਲਮ ਕਰਦੇ ਜਾਂਦੇ ਦੋਜ਼ਖਾਂ ਵਿਚ ਅਖੀਰ ਸਾਈ
ਤੇਰੇ ਨਾਲ ਨਾ ਪਿਤਾ ਜੀ ਜੋਰ ਸਾਡਾ ਐਪਰ ਮਾਰ ਨਾ ਜ਼ੁਲਮ ਦਾ ਤੀਰ ਸਾਈਂ
ਬੁਧਵਾਨ ਤੇ ਗੁਣਾਂ ਦੀ ਖਾਨ ਹੈ ਤੂੰ ਕੋਈ ਅਦਲ ਦੀ ਕੱਢ ਨਜੀਰ ਸਾਈਂ
ਕਰਦੇ ਨਾਰੀਆਂ ਦਾ ਇਤਬਾਰ ਨਾਹੀਂ ਜੇਹੜੇ ਆਰਫਾਂ ਦੇ ਦਾਮਨਗੀਰ ਸਾਈ
ਸੁਣੀ ਗੱਲ ਤੇ ਨਹੀਂ ਇਤਬਾਰ ਕਰਦੇ ਜੇਹੜੇ ਮਰਦ ਦਨਾ ਗੰਭੀਰ ਸਾਈਂ
ਐਪਰ ਨਾਰੀਆਂ ਦਾ ਇਤਬਾਰ ਕੇਹਾ ਮਾਰੇ ਇਹਨਾ ਨੇ ਵਲੀ ਤੇ ਪੀਰ ਸਾਈਂ
ਏਸ ਕੁਫਰ ਨੂੰ ਮੰਨਦਾ ਸੱਚ ਕੇਹੜਾ ਪੁੱਛ ਕੁਲ ਨੂੰ ਨਾਲ ਤਦਬੀਰ ਸਾਈਂ
ਬੈਠੇ ਸਭਾ ਦੇ ਵਿਚ ਦਨਾ ਸਾਰੇ ਮੁਨਸ਼ੀ ਹੋਰ ਦੀਵਾਨ ਵਜੀਰ ਸਾਈਂ
ਪੁੱਛ ਸਾਰਿਆ ਨੂੰ ਸਾਹ ਕਸਮ ਦੇ ਕੇ ਬੈਠੇ ਕੁਲ ਉਮਰਾਹ ਅਮੀਰ ਸਾਈ

ਏਸ ਗੱਲ ਨੂੰ ਜੇ ਕੋਈ ਸੱਚ ਆ ਆਖੇ ਮਾਰੋ ਸੀਸ ਮੇਰੇ ਸ਼ਮਸ਼ੀਰ ਸਾਈਂ
ਪੁੱਤਰ ਮਾਰ ਕੇ ਸੁੱਖ ਨਾ ਹੱਥ ਆਸੀਂ ਹੋਸੇਂ ਭੌਰ ਦੇ ਵਾਂਗ ਅਸੀਰ ਸਾਈਂ
ਦੌਲਤ ਰਾਮ ਅੱਗੇ ਤੇਰੀ ਰਹੀ ਮਰਜ਼ੀ ਜਾਵੇ ਪੇਸ਼ ਨਾ ਨਾਲ ਤਕਦੀਰ ਸਾਈਂ

## ਵਾਕ ਰਾਜਾ ਕਾ

ਰਾਜਾ ਆਖਦਾ ਰੂਪ ਨੂੰ ਚੁੱਪ ਹੋ ਜਾ ਤੈਨੂੰ ਏਸ ਦੇ ਨਾਲ ਰਲਾ ਦੇਸਾਂ
ਜੇਕਰ ਫੇਰ ਜ਼ਬਾਨ ਤੇ ਬੋਲਿਓਂ ਈ ਖ਼ੰਜਰ ਮਾਰ ਕੇ ਸੀਸ ਉਡਾ ਦੇਸਾ
ਅਦਲ ਅਦਲ ਜੋ ਪਿਆ ਪੁਕਾਰਦਾ ਏਂ ਹੁਣੇ ਅਦਲ ਦਾ ਮਜ਼ਾ ਵਖਾ ਦੇਸਾ
ਜੈਸਾ ਕਰਮ ਕੀਤਾ ਤੇਰੇ ਵੀਰ ਪਾਪੀ ਓਸੇ ਤਰ੍ਹਾਂ ਦੀ ਸਖ਼ਤ ਸਜ਼ਾ ਦੇਸਾਂ
ਮੈਨੂੰ ਰਾਜ ਤੇ ਭਾਗ ਦੀ ਲੋੜ ਨਾਹੀਂ ਭੈੜੀ ਵੰਸ ਦਾ ਤੁਖ਼ਮ ਉਡਾ ਦੇਸਾਂ
ਜਿਵੇਂ ਜਿਗਰ ਮੇਰੇ ਇਸ ਨੇ ਕਰਦ ਲਾਈ ਤਿਵੇਂ ਇਸ ਨੂੰ ਕਤਲ ਕਰਵਾ ਦੇਸਾਂ
ਸ਼ਹਿਰੋਂ ਬਾਹਰ ਗਡਾਇ ਕੇ ਸਾਰ ਸੂਲੀ ਹੁਣੇ ਦੁਸ਼ਟ ਨੂੰ ਨਾਲ ਟੰਗਾ ਦੇਸਾਂ
ਦੌਲਤ ਰਾਮ ਮੈਂ ਖਾਵਸਾਂ ਅੰਨ ਪਿੱਛੇ ਪਹਿਲੇ ਏਸ ਦੀ ਜਿੰਦ ਮੁਕਾ ਦੇਸਾਂ

## ਵਾਕ ਰੂਪ ਕਾ

ਜਾ ਕੇ ਰੂਪ ਨੇ ਰਾਜੇ ਦੇ ਚਰਨ ਪਕੜੇ ਪਿਤਾ ਕਿਹਾ ਤੂੰ ਜ਼ੁਲਮ ਕਮਾਨ ਲੱਗੋਂ
ਆਖੇ ਲੱਗ ਕੇ ਕੂੜੀਆਂ ਔਰਤਾ ਦੇ ਮੇਰੇ ਵੀਰ ਨੂੰ ਕਤਲ ਕਰਾਨ ਲੱਗੋਂ
ਹਾਕਮ ਹੋਇ ਕੇ ਜ਼ੁਲਮ ਤੇ ਲੱਕ ਬੱਧਾ ਜਾਨ ਬੁੱਝ ਕੇ ਦੋਜ਼ਖੀਂ ਜਾਨ ਲੱਗੋ
ਮਾਤਾ ਪਿਤਾ ਨੂੰ ਪੁੱਤਰ ਤੇ ਰਹਿਮ ਚਾਹੀਏ ਹੱਥੋਂ ਜਿੰਦ ਤੇ ਮਾਰ ਮੁਕਾਨ ਲੱਗੋਂ
ਕੇਹੜਾ ਖ਼ੂਨ ਕੀਤਾ ਮੇਰੇ ਵੀਰ ਨੇ ਜੀ ਜਿਸਦੇ ਵਾਸਤੇ ਜਿੰਦ ਭਗਵਾਨ ਲੱਗੋਂ
ਨਾਰੀ ਵਾਸਤੇ ਮਾਰਦਾ ਪੁੱਤਰਾਂ ਨੂੰ ਚੰਦਨ ਵੱਢ ਕੇ ਅੱਕ ਲਗਾਨ ਲੱਗੋਂ
ਦਸਰਥ ਵਾਂਗ ਕੇਕਈ ਦੇ ਲੱਗ ਆਖੇ ਕਿਹਾ ਕੁਫ਼ਰ ਦਾ ਬਾਨ ਚਲਾਨ ਲੱਗੋਂ
ਝੂਠੀ ਗੱਲ ਦੀ ਦਿਲੋਂ ਪ੍ਰੀਤ ਕਰਕੇ ਸਾਨੂੰ ਮੁਫ਼ਤ ਦੇ ਵਾਇਦੇ ਪਾਨ ਲੱਗੋਂ
ਥੋੜ੍ਹੀ ਗੱਲ ਦਾ ਵੱਡਾ ਵਧਾਨ ਕੀਤਾ ਮਿੱਟੀ ਆਪਣੀ ਆਪੇ ਪੁਟਾਨ ਲੱਗੋਂ
ਹਾਇ ਹਾਇ ਇਹ ਵੱਡਾ ਅਫ਼ਸੋਸ ਮੈਨੂੰ ਆਪ ਆਪਣੀ ਬੰਸ ਗਵਾਨ ਲੱਗੋ
ਚੋਰ ਛੱਡ ਕੇ ਸਾਧ ਨੂੰ ਮਾਰਨਾ ਏਂ ਚੰਗਾ ਧਰਮ ਦਾ ਅਦਲ ਠਹਿਰਾਨ ਲੱਗੋ
ਤੈਨੂੰ ਰੱਤੀ ਭਗਵਾਨ ਦਾ ਖੌਫ ਨਾਹੀਂ ਹੱਥੀਂ ਆਪਣੀ ਪੁੱਤ ਮਰਵਾਨ ਲੱਗੋਂ
ਹੋ ਕੇ ਛੱਤਰੀ ਦਯਾ ਵਿਸਾਰ ਦਿੱਤੀ ਚੰਗਾ ਕਰਨ ਤੂੰ ਪੁੰਨ ਤੇ ਦਾਨ ਲੱਗੋਂ
ਗੰਗਾ ਵਿਚ ਇਸ਼ਨਾਨ ਨਸੀਬ ਨਾਹੀਂ ਹੱਥੋਂ ਰੱਤ ਅਸਾਡੜੀ ਨਹਾਨ ਲੱਗੋਂ
ਬ੍ਰਿਛ ਪਾਪ ਦਾ ਪਿਤਾ ਜੀ ਫਲਣਾ ਏਂ ਬੂਟਾ ਧਰਮ ਦਾ ਜੜ੍ਹੋਂ ਕਟਾਨ ਲੱਗੋ
ਦੌਲਤ ਰਾਮ ਤੂੰ ਰਹਿਮ ਕਰ ਪੁੱਤਰਾਂ ਤੇ ਕਾਹਦੇ ਵਾਸਤੇ ਰੱਬ ਭੁਲਾਨ ਲੱਗੋ

## ਵਾਕ ਰਾਜਾ ਕਾ

ਚੋਬਦਾਰ ਨੂੰ ਰਾਜੇ ਨੇ ਹੁਕਮ ਦਿਤਾ ਇਸ ਨੂੰ ਸਭਾ ਤੇ ਅਭੀ ਨਿਕਾਲ ਦੇਹੋ
ਮੇਰੇ ਸਾਹਮਣੇ ਸਖ਼ਤ ਜਵਾਬ ਕਰਦਾ ਕੋਈ ਦੇਸ ਨੂੰ ਮੱਤ ਸਿਖਾਲ ਦੇਹੋ
ਇਹ ਖ਼ਾਹ ਮਖ਼ਾਹ ਜਿੰਦ ਗਵਾਵਦਾ ਏ ਮੇਰੇ ਨੇਤ੍ਰਾਂ ਤੋਂ ਪੂਰੇ ਟਾਲ ਦੇਹੋ
ਆ ਕੇ ਹੋਣੀ ਨੇ ਦੁਸ਼ਟ ਦੀ ਬੁੱਧ ਮਾਰੀ ਇਸ ਨੂੰ ਅਕਲ ਤੇ ਹੋਸ਼ ਭੁਲਾ ਦੇਹੋ
ਦੌਲਤ ਰਾਮ ਜੇ ਵਰਜਿਆ ਨਹੀਂ ਰਹਿੰਦਾ ਜਾ ਕੇ ਜੇਲ੍ਹ-ਖ਼ਾਨੇ ਵਿਚ ਡਾਲ ਦੇਹੋ

## ਵਾਕ ਕਵੀਸ਼ਰ ਵਾ ਹਾਲ ਰੂਪ ਕਾ

ਰਾਜੇ ਹੁਕਮ ਦਰਬਾਨ ਨੂੰ ਸਖ਼ਤ ਦਿਤਾ ਚਸ਼ਮਾਂ ਅੱਗ ਵਾਂਙ ਕਰ ਕੇ ਲਾਲ ਲੋਕੋ
ਉਸ ਵਕਤ ਦਰਬਾਨ ਨੇ ਪਕੜ ਬਾਹੋਂ ਦਿਤਾ ਸਭਾ ਤੋਂ ਰੂਪ ਨਿਕਾਲ ਲੋਕੋ
ਕੋਈ ਪੇਸ਼ ਨਾ ਕੁੰਵਰ ਦੀ ਮੂਲ ਜਾਵੇ ਨੈਣੀਂ ਰੋਵਦਾ ਨੀਰ ਉਛਾਲ ਲੋਕੋ
ਮਨ ਮਾਰ ਕੇ ਸਭਾ ਦੇ ਬਾਹਰ ਬੈਠਾ ਕੋਈ ਰੋਜ਼ ਨਾ ਡਾਢਿਆਂ ਨਾਲ ਲੋਕੋ
ਬੈਠਾ ਰਾਮ ਦਾ ਨਾਮ ਧਿਆਂਵਦਾ ਸੀ ਬਖ਼ਸ਼ੇ ਵੀਰ ਨੂੰ ਦੀਨ ਦਿਆਲ ਲੋਕੋ
ਦੌਲਤ ਰਾਮ ਧਿਆਨ ਕਰ ਸੁਣੋ ਅੱਗੇ ਸਾਰਾ ਕਹਾਂ ਮੈਂ ਸਭਾ ਦਾ ਹਾਲ ਲੋਕੋ

## ਵਾਕ ਬਸੰਤ ਕਾ

ਆਜਜ਼ ਹੋਇ ਬਸੰਤ ਨੇ ਅਰਜ਼ ਕੀਤੀ ਮੈਨੂੰ ਕਾਸ ਤੇ ਪਿਤਾ ਜੀ ਮਾਰਦੇ ਹੋ
ਮੇਰੇ ਕਿਤ ਦਾ ਹਾਲ ਭਗਵਾਨ ਜਾਣੇ ਤੁਸੀਂ ਹੋਰ ਵਿਚਾਰ ਵਿਚਾਰਦੇ ਹੋ
ਝੂਠੀ ਗੱਲ ਦਾ ਦਿਲੋਂ ਇਤਬਾਰ ਕਰ ਕੇ ਰੇਖ ਆਪਣੀ ਮਥਿਓਂ ਟਾਰਦੇ ਹੋ
ਕੋਈ ਅਦਲ ਇਨਸਾਫ ਦਾ ਹੱਕ ਦੇਖੋ ਜਾਨ ਬੁੱਝ ਕਿਉਂ ਖ਼ੂਨ ਗੁਜ਼ਾਰਦੇ ਹੋ
ਸਦੋ ਜੋਤਸ਼ੀ ਪੰਡਤਾਂ ਰਮਲੀਆਂ ਨੂੰ ਜੇਕਰ ਧਰਮ ਦੀ ਗੱਲ ਨਤਾਰਦੇ ਹੋ
ਗੰਗਾ ਜਲੀ ਮੰਗਵਾ ਕੇ ਸੀਸ ਰੱਖੋ ਕਸਮਾਂ ਰਾਮ ਦੀਆ ਲੱਖ ਹਜ਼ਾਰਦੇ ਹੋ
ਜੇਹੜੇ ਤੌਰ ਤੇ ਤੁਸਾਂ ਨੂੰ ਸੱਚ ਆਵੇ ਉਸੀ ਤੌਰ ਤੇ ਭਰਮ ਨਿਵਾਰਦੇ ਹੋ
ਮੱਲੋ ਮੱਲੀ ਜੋ ਮੁਝ ਨੂੰ ਮਾਰਨਾ ਏ ਮੇਰਾ ਜ਼ੋਰ ਨਹੀਂ ਪਿਤਾ ਮਾਰਦੇ ਹੋ
ਤੇਰੇ ਹੁਕਮ ਦਾ ਤਾਬਿਆਦਾਰ ਹਾਂ ਮੈਂ ਚਾਹੇ ਖੂਹ ਦੇ ਵਿਚ ਨਘਾਰਦੇ ਹੋ
ਮੈਨੂੰ ਮਰਨ ਦਾ ਪਿਤਾ ਜੀ ਖ਼ੌਫ ਨਾਹੀਂ ਐਪਰ ਭਾਰ ਕਿਉ ਸੀਸ ਤੇ ਚਾੜ੍ਹਦੇ ਹੋ
ਨਹੀਂ ਤਾਂ ਤੇਲ ਦਾ ਚੁੱਕ ਕੜਾਹ ਤਾਓ ਮੇਰਾ ਹੰਸ ਉਸ ਦੇ ਵਿਚ ਡਾਰਦੇ ਹੋ
ਖੰਨੀ ਲੋਹ ਦੀ ਤਾਇ ਕੇ ਹੱਥ ਰੱਖੋ ਨਹੀਂ ਤਾਂ ਅੱਗ ਦਾ ਰੱਖ ਅੰਗਾਰਦੇ ਹੋ
ਦੌਲਤ ਰਾਮ ਜੇ ਉਂਗਲੀ ਨੂੰ ਦਾਗ ਲੱਗੇ ਖੰਡਾ ਮਾਰ ਕੇ ਸੀਸ ਉਤਾਰਦੇ ਹੋ

## ਵਾਕ ਰਾਜਾ ਕਾ

ਰਾਜਾ ਕਹੇ ਬਸੰਤ ਨੇ ਚੁੱਪ ਹੋ ਜਾ ਐਵੇਂ ਮਕਰ ਨਾ ਪਿਆ ਖਲਾਰ ਦੁਸ਼ਟਾ

ਕੂੜੀ ਕਸਮ ਅਪਰਾਧੀਆਂ ਪਾਪੀਆਂ ਦੀ ਕੂੜਾ ਗਯਾਨ ਬਿਬੇਕ ਵਿਚਾਰ ਦੁਸ਼ਟਾ
ਝੂਠ ਨੇਮ ਕਸਮਾਂ ਲੱਖ ਚੁਕ ਜਾਂਦੇ ਜੇਹੜੇ ਠੱਗ ਤੇ ਚੋਰ ਬਦਕਾਰ ਦੁਸ਼ਟਾ
ਅੱਖੀਂ ਵੇਖ ਨਿਸ਼ਾਨੀਆਂ ਮੈਂ ਆਯਾ ਤੇਰਾ ਕਿਸ ਤਰ੍ਹਾਂ ਕਰਾ ਇਤਬਾਰ ਦੁਸ਼ਟਾ
ਹੁੰਦੀ ਖ਼ਬਰ ਜੇ ਪੁੱਤ ਬਦਕਾਰ ਹੋਸੀ ਕਰਦਾ ਵੱਢ ਟੋਟੇ ਤੇਰੇ ਚਾਰ ਦੁਸ਼ਟਾ
ਐਸਾ ਕੰਮ ਕੀਤਾ ਹਤਿਆਰਿਆ ਓਇ ਤਰਫ ਮਾਂ ਦੀ ਬੁਰਾ ਇਸਾਰ ਦੁਸਟਾ
ਐਸੀ ਕਰੇ ਨਾ ਨੀਚ ਚੰਡਾਲ ਕੋਈ ਜੇਹੜੀ ਕਰੀ ਤੈਂ ਬਦਾਂ ਦੀ ਕਾਰ ਦੁਸ਼ਟਾ
ਮਿੱਟੀ ਵਿਚ ਜਹਾਨ ਦੇ ਬਾਲ ਦਿਤੀ ਅਜੇ ਬਣੇ ਤੂ ਤਾਬਿਆਦਾਰ ਦੁਸ਼ਟਾ
ਅਜੇ ਮੇਹਰ ਮੁਹੱਬਤਾਂ ਲੋੜਨਾ ਏ ਮੇਰੇ ਮਾਰ ਕੇ ਜਿਗਰ ਕਟਾਰ ਦੁਸ਼ਟਾ
ਬਾਰਾਂ ਵਜੇ ਨੂੰ ਕਤਲ ਕਰਵਾ ਦੇਸਾਂ ਤੇਰਾ ਵੰਡ ਲੈਸਾ ਸਾਰਾ ਪਿਆਰ ਦੁਸਟਾ
ਮੇਰਾ ਜੀਵਣਾ ਤਦੇ ਹੀ ਸਫਲ ਹੋਸੀ ਸੂਲੀ ਚਾੜ੍ਹ ਦੇਸਾਂ ਤੈਨੂੰ ਮਾਰ ਦੁਸ਼ਟਾ
ਦੌਲਤ ਰਾਮ ਨਾ ਛੋਡਸਾਂ ਮੂਲ ਤੈਨੂੰ ਚਾਹੇ ਚੁੱਕ ਤੂੰ ਨੇਮ ਹਜ਼ਾਰ ਦੁਸ਼ਟਾ

## ਵਾਕ ਗਿਆਨ ਦਾਸ ਦੀਵਾਨ ਕਾ

ਗਿਆਨ ਦਾਸ ਦੀਵਾਨ ਨੇ ਅਰਜ ਕੀਤੀ ਮੇਰਾ ਮੰਨ ਤੂੰ ਇਕ ਸਵਾਲ ਰਾਜਾ
ਅਜੇ ਏਸ ਨੂੰ ਵਿਸੇ ਦੀ ਖਬਰ ਕੇਹੀ ਬਾਰਾਂ ਬਰਸ ਦੀ ਉਮਰ ਹੈ ਬਾਲ ਰਾਜਾ
ਕਾਮ-ਚੇਸ਼ਟਾ ਫੁਰੇ ਨਾ ਬਾਲਕਾਂ ਨੂੰ ਜਰਾ ਏਤਨਾ ਕਰੋ ਖ਼ਿਆਲ ਰਾਜਾ
ਆਖੇ ਲੱਗ ਕੇ ਤ੍ਰੀਮਤਾ ਕੂੜੀਆ ਦੇ ਭੁੱਗਾ ਆਪਣਾ ਆਪ ਨਾ ਗਾਲ ਰਾਜਾ
ਪੁੱਤਰ ਹੱਥ ਆਵਨ ਕਰਮਾ ਵਾਲਿਆਂ ਨੂੰ ਹੋਵੇ ਜਿਨ੍ਹਾਂ ਤੇ ਰੱਬ ਦਿਆਲ ਰਾਜਾ
ਪੱਲੇ ਜਿਨ੍ਹਾਂ ਦੇ ਲੱਖ ਕਰੋੜ ਹੋਵੇ ਬਿਨਾਂ ਪੁੱਤਰਾਂ ਗਿਣੇ ਕੰਗਾਲ ਰਾਜਾ
ਪੁੱਤਰ ਬਾਝ ਗ੍ਰਿਹਸਤ ਨਾ ਕੰਮ ਕਿਸੇ ਪੁੱਤਰ ਬਾਝ ਬਿਰਥਾ ਧਨ ਮਾਲ ਰਾਜਾ
ਪੁੱਤਰ ਜੁਆਨ ਹੋਏ ਜਿਨ੍ਹਾਂ ਮਾਪਿਆਂ ਦੇ ਜਾ ਕੇ ਦੇਖ ਤੂੰ ਉਨ੍ਹਾ ਦਾ ਹਾਲ ਰਾਜਾ
ਭੌਂਦੇ ਜਗ ਤੇ ਫਿਰਨ ਕਲਬੂਤ ਖਾਲੀ ਨੇਤ੍ਰ ਰੋਦਿਆਂ ਹੋ ਗਏ ਲਾਲ ਰਾਜਾ
ਪਾਪੀ ਕ੍ਰੋਧ ਨੂੰ ਦਿਲੋਂ ਵਿਸਾਰ ਦੇਹੋ ਕਰੋ ਵੇਦ ਅਨੁਸਾਰ ਅਦਾਲ ਰਾਜਾ
ਇਸ ਤੇ ਨਫਾ ਨਾ ਕਿਸੇ ਨੂੰ ਹੱਥ ਆਯਾ ਬੁਰਾ ਹੋਂਵਦਾ ਕਰੋਧ ਚੰਡਾਲ ਰਾਜਾ
ਪੱਛੋਤਾਵਸੋਂ ਤੂੰ ਏਸ ਵੇਲੜੇ ਨੂੰ ਮਿਲਣਾ ਫੇਰ ਨਹੀਂ ਪੁੱਤਰ ਲਾਲ ਰਾਜਾ
ਦੌਲਤ ਰਾਮ ਅੱਗੇ ਤੇਰੀ ਰਹੀ ਮਰਜੀ ਸਾਡਾ ਉਜ਼ਰ ਨਹੀਂ ਤੇਰੇ ਨਾਲ ਰਾਜਾ

## ਵਾਕ ਰਾਜਾ ਕਾ

ਰਾਜਾ ਕਹੇ ਦੀਵਾਨ ਨੂੰ ਕ੍ਰੋਧ ਕਰ ਕੇ ਤੈਨੂੰ ਜ਼ਰਾ ਭੀ ਅਕਲ ਤੇ ਹੋਸ਼ ਨਾਹੀਂ
ਗੱਡੀਵਾਨ ਨੂੰ ਸੜਕ ਜੇ ਸਾਫ਼ ਦਿਸੇ ਵਾਹਯਾਤ ਕਰਦਾ ਪੋਸ਼ ਪੋਸ਼ ਨਾਹੀ
ਜਿਸ ਦਾ ਐਬ ਬਦਕਾਰ ਸਭ ਜ਼ਾਹਰ ਹੋਵੇ ਉਸ ਨੂੰ ਆਖਣਾ ਭਲਾ ਬੇਦੋਸ ਨਾਹੀ
ਐਵੇਂ ਉਮਰ ਨਦਾਨ ਦਾ ਭਰਮ ਤੈਨੂੰ ਕਲੂਕਾਲ ਦਾ ਸਮਝਦਾ ਜੋਸ਼ ਨਾਹੀਂ

ਹਾਂਡੀ ਜੋਸ਼ ਦੇ ਨਾਲ ਉਬਾਲ ਖਾਵੇ ਰਹਿੰਦਾ ਹਿੱਲਣੋ ਫੇਰ ਸਿਰਪੋਸ਼ ਨਾਹੀ
ਜੇਹੜੇ ਦੁਧ ਮਲਾਈਆਂ ਖਾਣ ਪੇੜੇ ਹੋਵੇ ਕਿਸ ਤਰ੍ਹਾਂ ਕਾਮ ਦਾ ਜੋਸ ਨਾਹੀਂ
ਕੱਲੀ ਵੇਖ ਕੇ ਨਾਰ ਮੁਟਿਆਰ ਸੋਹਣੀ ਰਹਿੰਦਾ ਕਦੇ ਵਸਈ ਖ਼ਮੋਸ਼ ਨਾਹੀਂ
ਕਲੂਕਾਲ ਨੇ ਸਮਾਂ ਪ੍ਰਤ ਦਿੱਤਾ ਸਿਰ ਬੰਦਿਆ ਦੇ ਕੋਈ ਦੋਸ਼ ਨਾਹੀ
ਚਸ਼ਮਾਂ ਨਾਲ ਮੈਂ ਦੇਖਿਆ ਹਾਲ ਸਾਰਾ ਜਿਸ ਤੇ ਪਕੜਦਾ ਚਿੱਤ ਭਰੋਸ ਨਾਹੀ
ਜਿਸ ਨੇ ਅਦਲ ਤੇ ਬੈਠ ਕੇ ਜੁਲਮ ਕੀਤਾ ਪਰਮਗਤੀ ਨੂੰ ਪਾਵਨਾ ਓਸ ਨਾਹੀ
ਜੇਹੜਾ ਵੇਦ ਅਨੁਸਾਰ ਇਨਸਾਫ ਹੋਵੇ ਓਸ ਅਦਲ ਦਾ ਕੀਜੀਏ ਰੋਸ ਨਾਹੀਂ
ਜੇਹੜਾ ਆਦਮੀ ਧਰਮ ਭ੍ਰਸ਼ਟ ਹੋਵੇ ਉਸ ਦੇ ਮਾਰਨੇ ਦਾ ਕੋਈ ਦੋਸ਼ ਨਾਹੀਂ
ਦੌਲਤ ਰਾਮ ਇਸ ਦੁਸ਼ਟ ਦੇ ਮਰਨ ਸੰਦਾ ਓਸੇ ਵਾਸਤੇ ਮੁਝ ਅਫਸੋਸ ਨਾਹੀਂ

## ਵਾਕ ਧਰਮ ਚੰਦ ਵਜ਼ੀਰ ਕਾ

ਧਰਮ ਚੰਦ ਵਜ਼ੀਰ ਨੇ ਹੱਥ ਜੰਤੇ ਕਰਦਾ ਸਾਹ ਤੂੰ ਕੁਝ ਵਿਚਾਰ ਨਾਹੀ
ਦਾਨਸਵੰਦ ਦਾਨਾ ਜੋ ਅਕਲ ਵਾਲੇ ਕਰਦੇ ਨਾਰੀਆ ਦਾ ਇਤਬਾਰ ਨਾਹੀਂ
ਬਾਲ ਉਮਰ ਹੈ ਕੁੰਵਰ ਬਸੰਤ ਤੇਰਾ ਅਜੇ ਏਸ ਨੂੰ ਜੱਗ ਦੀ ਸਾਰ ਨਾਹੀਂ
ਐਵੇਂ ਭਰਮ ਅਗਯਾਨ ਦੇ ਵੱਸ ਹੋ ਕੇ ਪੁੱਤ ਬੇਦੋਸ ਨੂੰ ਮਾਰ ਨਾਹੀਂ
ਉੱਤਰ ਵਕਤ ਰਾਜਾ ਤੇਰੇ ਸੋਚਣੇ ਦਾ ਜਿਧਰ ਹੋਵਦਾ ਭੌਰ ਉਡਾਰ ਨਾਹੀ
ਜੇਕਰ ਤੀਰ ਨਿਸਾਨਿਓ ਖੁੰਸ ਜਾਵੇ ਫੇਰ ਲਗਦਾ ਹੱਥ ਸਿਕਾਰ ਨਾਹੀਂ
ਇਕ ਵਾਰ ਜੋ ਰੂਹ ਉਡਾਰ ਹੋਯਾ ਦਿੰਦਾ ਬੁਤ ਨੂੰ ਫੇਰ ਦੀਦਾਰ ਨਾਹੀ
ਜੇਹੜਾ ਅੱਜ ਮਲਾਹ ਨੇ ਪੂਰ ਭਰਿਆ ਹੁੰਦਾ ਫੇਰ ਬੇੜਾ ਅਸਵਾਰ ਨਾਹੀ
ਉੱਚਰ ਜਮ੍ਹਾਂ ਜਮਾਤ ਦੇ ਰਹਿਣ ਲੜਕ ਜਿੱਚਰ ਲੱਗਦਾ ਕਿਤੇ ਰੁਜ਼ਗਾਰ ਨਾਹੀਂ
ਜੇੜ੍ਹੇ ਵਕਤ ਵਜਾਹੀਆ ਜਾਣ ਕੁੜੀਆ ਹਲ ਕੇ ਕੱਠੀਆਂ ਪੰਣ ਭੰਡਾਰ ਨਾਹੀਂ
ਹਾਂਡੀ ਕਾਠ ਦੀ ਚੜ੍ਹੇ ਨਾ ਵਾਰ ਦੂਜੀ ਬੇੜੀ ਕਾਗਜਾ ਦੀ ਲਗੇ ਪਾਰ ਨਾਹੀ
ਇਕ ਵਾਰ ਜੋ ਡਾਰ ਤੋਂ ਫੁਲ ਟੁੱਟਾ ਮੁੜ ਕੇ ਲੱਗਦਾ ਫੇਰ ਓਹ ਡਾਰ ਨਾਹੀਂ
ਜੇੜ੍ਹੀ ਇਸਤ੍ਰੀ ਦਾ ਪਤੀ ਫੌਤ ਹੋਯਾ ਉਸ ਨੂੰ ਸੋਹਵਦਾ ਹਾਰ ਸ਼ਿੰਗਾਰ ਨਾਹੀ
ਇਕ ਵਾਰ ਚੜ੍ਹੀ ਜੇੜ੍ਹੀ ਸੇਜ ਉਤੇ ਉਸਦਾ ਕਵਾਰੀਆ ਵਾਗ ਹਿਤਕਾਰ ਨਾਹੀਂ
ਜਦੋਂ ਤਾਰ ਹਯਾਤੀ ਦੀ ਟੁੱਟ ਜਾਵੇ ਫੇਰ ਵੱਜਦੀ ਦੇਹ ਸਤਾਰ ਨਾਹੀ
ਬੀਤੀ ਬਾਤ ਨਾ ਕਿਸੇ ਨੂੰ ਹੱਥ ਆਵੇ ਗਏ ਰੂਪ ਦਾ ਫੇਰ ਹੰਕਾਰ ਨਾਹੀ
ਇਕ ਵਾਰ ਇਨਸਾਨ ਜੋ ਫੌਤ ਹੋਯਾ ਮੁੜ ਕੇ ਆਂਵਦਾ ਵਿਚ ਸੰਸਾਰ ਨਾਹੀਂ
ਮੈਨੂੰ ਵੱਡਾ ਅਫਸੋਸ ਹੈ ਸ਼ਾਹ ਮੇਰੇ ਮਿਲਦੇ ਫੇਰ ਮੁੜ ਕੇ ਮੋਏ ਯਾਰ ਨਾਹੀਂ
ਪੁੱਤਰ ਮਿਲਣ ਰਾਜਾ ਭਾਗਾਂ ਵਾਲਿਆਂ ਨੂੰ ਮੇਰੀ ਗੱਲ ਨੂੰ ਮਨੋਂ ਵਿਸਾਰ ਨਾਹੀਂ
ਪਿਆ ਰੋਵਸੇਂ ਤੂੰ ਏਸ ਵੇਲੜੇ ਨੂੰ ਤੈਨੂੰ ਲੱਭਣੀ ਇਹ ਬਹਾਰ ਨਾਹੀ
ਜੋੜੀ ਪੁੱਤਰਾਂ ਦੀ ਤੈਨੂੰ ਰੱਬ ਦਿੱਤੀ ਰੂਪ ਜਿਨ੍ਹਾਂ ਦਾ ਕੁਝ ਸ਼ੁਮਾਰ ਨਾਹੀਂ

ਵੇਲਾ ਫੇਰ ਇਹ ਹੱਥ ਨਾ ਆਵਣਾ ਈਂ ਐਂਵੇ ਭੁੱਲ ਕੇ ਖ਼ੂਨ ਗੁਜ਼ਾਰ ਨਾਹੀਂ
ਦਸਰਥ ਵਾਂਗ ਮਰਸੇਂ ਤੜਫ ਤੜਫ ਕੇ ਤੂੰ ਮਿਲਨੇ ਰਾਮ ਲਛਮਣ ਅਵਤਾਰ ਨਾਹੀਂ
ਤੇਰਾ ਹਾਲ ਯਕੂਬ ਦੇ ਵਾਗ ਹੋਸੀ ਮਿਲਣਾ ਪੁੱਤ ਰਾਜਾ ਦੂਜੀ ਵਾਰ ਨਾਹੀਂ
ਆਖੇਂ ਲੱਗ ਨਾ ਵਿਗੜਿਆ ਕੁਝ ਤੇਰਾ ਬਾਜ਼ੀ ਜਿੱਤ ਲਈ ਰਾਜਿਆ ਹਾਰ ਨਾਹੀਂ
ਦੌਲਤ ਰੋਵਸੇਂ ਮੰਦੇ ਦੀ ਲੋਥ ਲੈ ਕੇ ਮਿਲਣਾ ਫੇਰ ਬਸੰਤ ਕੁਮਾਰ ਨਾਹੀਂ

## ਵਾਕ ਰਾਜਾ ਕਾ

ਰਾਜਾ ਆਖਦਾ ਏ ਧਰਮ ਚੰਦ ਤਾਈਂ ਤੈਨੂੰ ਰਤੀ ਨਾ ਗਯਾਨ ਵਿਚਾਰ ਭਾਈ
ਜੇਹੜਾ ਪੁੱਤ ਕਪੁਤ ਬਦਕਾਰ ਹੋਵੇ ਉਸਦੇ ਨਾਲ ਕੀ ਰੱਖਣਾ ਪਯਾਰ ਭਾਈ
ਪੁੱਤ ਸੋ ਜੋ ਪੂਤ ਸਪੂਤ ਹੋਵੇ ਜੋ ਕਪੂਤ ਸੋ ਮੂਤ ਦੀ ਧਾਰ ਭਾਈ
ਅੱਖਾ ਨਾਲ ਮੈਂ ਦੇਖਿਆ ਹਾਲ ਸਾਰਾ ਤੇਰਾ ਕਰਾਂ ਕੀਕੁਰ ਇਤਬਾਰ ਭਾਈ
ਇਸ ਦੇ ਨਾਲ ਕੀ ਰਾਣੀ ਦਾ ਵੈਰ ਆਹਾ ਕੂੜ ਬੋਲ ਦੇਂਦੀ ਪੁੱਤਰ ਮਾਰ ਭਾਈ
ਉਸ ਦੇ ਬਦਨ ਦਾ ਹਾਲ ਬੇ-ਹਾਲ ਹੋਯਾ ਬੈਠੀ ਰੋਵਦੀ ਜਾਰੋ ਜ਼ਾਰ ਭਾਈ
ਬਹੁਤ ਹੋਰ ਕੀ ਫੋਲ ਕੇ ਹਾਲ ਦੱਸਾ ਹੋਯਾ ਬਦਨ ਤੇ ਜ਼ਖ਼ਮ ਹਜ਼ਾਰ ਭਾਈ
ਤੈਨੂੰ ਹੋਰ ਮੈਂ ਇਕ ਦ੍ਰਿਸਟਾਂਤ ਦੇਵਾ ਜੇਹੜਾ ਵੇਦ ਪੁਰਾਣ ਅਨੁਸਾਰ ਭਾਈ
ਤੱਕੀ ਮਾਂ ਮਤ੍ਰੇਈ ਤੇ ਤਾਈ ਚਾਚੀ ਸਕੀ ਭੈਣ ਗੁਰੂ ਦੀ ਨਾਰ ਭਾਈ
ਛੋਟੇ ਭਾਈ ਤੇ ਪੁੱਤ੍ਰ ਦੀ ਇਸਤ੍ਰੀ ਭੀ ਤੀਜੀ ਕੰਨਿਆ ਤੇ ਭੂਆ ਚਾਰ ਭਾਈ
ਏਹਨਾ ਦਸਾ ਦੀ ਤਰਫ ਜੋ ਬੁਰਾ ਤੱਕੇ ਜਾਣੋਂ ਅਸਲ ਚੰਡਾਲ ਦੀ ਮਾਰ ਭਾਈ
ਉਸ ਦੇ ਮਾਰਨੇ ਦਾ ਕੋਈ ਪਾਪ ਨਹੀਂ ਆਖਣ ਵੇਦ ਪੁਰਾਣ ਪੁਕਾਰ ਭਾਈ
ਰਾਮ ਚੰਦਰ ਨੇ ਬਾਲੀ ਨੂੰ ਮਾਰ ਦਿਤਾ ਗਿਆ ਵੇਦ ਪੁਰਾਣ ਵਿਸਾਰ ਭਾਈ
ਅੱਖਾਂ ਲਾਲ ਪਾਪੀ ਬੰਦਾ ਨਜ਼ਰ ਆਵੇ ਉਸ ਨੂੰ ਛੋਡਣਾ ਨਹੀਂ ਦਰਕਾਰ ਭਾਈ
ਅਸੀਂ ਅਦਲ ਨੌਸ਼ੇਰਵਾਂ ਵਾਗ ਕਰਨਾ ਪਵੇ ਧੁੰਮ ਸਾਰੇ ਸੰਸਾਰ ਭਾਈ
ਅੱਗੋਂ ਕੰਨ ਹੋ ਜਾਣਗੇ ਸਾਰਿਆਂ ਨੂੰ ਬੇਈਮਾਨ ਜੋ ਮਰਦ ਬਦਕਾਰ ਭਾਈ
ਜੇਹੜੇ ਅਦਲ ਤੇ ਬੈਠ ਕੇ ਜ਼ੁਲਮ ਕਰਦੇ ਜਾਂਦੇ ਅੰਤ ਨੂੰ ਨਰਕ ਮਝਾਰ ਭਾਈ
ਇਕ ਨਾਮ ਤੇ ਧਰਮ ਨੇ ਸੰਗ ਜਾਣਾ ਕੂੜੇ ਜਗ ਦੇ ਸਾਕ ਤੇ ਯਾਰ ਭਾਈ
ਦੌਲਤ ਰਾਮ ਭਗਵਾਨ ਦਾ ਭਜਨ ਕਰੀਏ ਲਈਏ ਜਨਮ ਅਮੋਲ ਸੁਧਾਰ ਭਾਈ

## ਵਾਕ ਕਵੀਸ਼ਰ ਕਾ

ਕਹਿਆ ਫੇਰ ਵਜ਼ੀਰ ਨੇ ਸ਼ਾਹ ਤਾਈਂ ਨਾਰਾਂ ਆਦਿ ਤੋਂ ਜ਼ੁਲਮ ਕਮਾਉਂਦੀਆਂ ਜੀ
ਚਾਰ ਸੈਂਕੜੇ ਨੇ ਮਕਰ ਵਿਚ ਰੰਨਾਂ ਦਿਲ ਦਾ ਭੇਤ ਨਾ ਮੂਲ ਬਤਾਉਂਦੀਆਂ ਜੀ
ਜੇਹੜੀ ਰਾਈ ਦੇ ਤੁੱਲ ਨਾ ਗੱਲ ਹੋਵੇ ਉਸਨੂੰ ਚੁੱਕ ਪਹਾੜ ਬਨਾਉਂਦੀਆਂ ਜੀ
ਸਕੇ ਪੁੱਤ ਉਤੇ ਧਰਮ ਗਾਲ ਦੇਵਣ ਜਦੋਂ ਬੇਈਮਾਨੀ ਉਤੇ ਆਉਂਦੀਆਂ ਜੀ

ਸੌ ਸੌ ਦਗ਼ਾ ਫਰੇਬ ਤੇ ਨੇਮ ਚੁੱਕਣ ਬੁਰੇ ਕਰਮ ਤੋਂ ਮੂਲ ਨਾ ਭਾਉਂਦੀਆਂ ਜੀ
ਪੂਰਨ ਨਾਲ ਕੀ ਲੂਣਾ ਦਾ ਵੈਰ ਆਹਾ ਦੋਵੇਂ ਹੱਥ ਤੇ ਪੈਰ ਵਢਾਉਂਦੀਆਂ ਜੀ
ਰਾਮ ਨਾਲ ਕੇਕਈ ਦਾ ਵੈਰ ਕੇਹਾ ਚੌਦਾਂ ਬਰਸ ਬਨਬਾਸ ਭੁਗਾਉਂਦੀਆਂ ਜੀ
ਨਾਲੇ ਪੁੱਤ ਨੂੰ ਘਰੋਂ ਨਿਕਾਲ ਦਿਤਾ ਨਾਲੇ ਪਤੀ ਨੂੰ ਮਾਰ ਮੁਕਾਉਂਦੀਆਂ ਜੀ
ਘਰੋਂ ਮਾਰ ਕੇ ਕੱਢਿਆ ਧਰੂਅ ਤਾਈਂ ਬਾਲ ਉਮਰ ਮੁਸੀਬਤਾਂ ਪਾਉਂਦੀਆਂ ਜੀ
ਰਖਣ ਲਜ ਹਿਆ ਨਾ ਸ਼ਰਮ ਕੋਈ ਜਦੋਂ ਆਪਣਾ ਜ਼ੋਰ ਦਿਖਾਉਂਦੀਆਂ ਜੀ
ਰਾਜੇ ਭੋਜ ਉਤੇ ਅਸਵਾਰ ਹੋਈਆ ਮਾਰ ਕੋਰੜੇ ਹੋਸ਼ ਭੁਲਾਉਂਦੀਆਂ ਜੀ
ਰਾਜੇ ਭਰਥਰੀ ਜਿਹਾ ਨੂੰ ਛੱਡ ਰੰਨਾਂ ਯਾਰੀ ਨਾਲ ਰਥਵਾਨ ਦੇ ਲਾਉਂਦੀਆਂ ਜੀ
ਠਾਰਾਂ ਖੂਣੀਆਂ ਕੈਰਵਾਂ ਪਾਂਡਵਾਂ ਦੀਆ ਬੋਲੀ ਮਾਰ ਕੇ ਖ਼ਾਕ ਰਲਾਉਂਦੀਆਂ ਜੀ
ਯੂਸਫ ਸੋਹਣਾ ਪੁੱਤ ਯਕੂਬ ਦਾ ਸੀ ਉਸ ਨੂੰ ਕੈਦ ਦੇ ਵਿਚ ਫਸਾਉਂਦੀਆਂ ਜੀ
ਦਿਲਦਾ ਭੇਤ ਜੋ ਦੱਸਦਾ ਔਰਤਾਂ ਨੂੰ ਉਸ ਨੂੰ ਖ਼ਾਕ ਦਰ ਖ਼ਾਕ ਮਲਾਉਂਦੀਆਂ ਜੀ
ਜੇਹੜਾ ਰੰਨ ਦੀ ਗੱਲ ਤੇ ਦੇ ਫ਼ਤਵਾ ਉਸ ਦਾ ਨਾਮ ਨਿਸ਼ਾਨ ਚੁਕਾਉਂਦੀਆਂ ਜੀ
ਕੋਈ ਹੋਰ ਸ਼ਹਿਜ਼ਾਦਿਆਂ ਮੁਲਕ ਦਿਆਂ ਨੂੰ ਤਖ਼ਤੋਂ ਸੁੱਟ ਕੇ ਭੀਖ ਮੰਗਾਉਂਦੀਆਂ ਜੀ
ਜਾਦੂ ਹੁਸਨ ਦਾ ਡਾਲ ਕੇ ਕਰਨ ਕਾਬੂ ਸਭੋ ਅਕਲ ਤੇ ਹੋਸ਼ ਗਵਾਉਂਦੀਆਂ ਜੀ
ਸਾਨੂੰ ਅਰਜ਼ ਦੀ ਗ਼ਰਜ਼ ਹੈ ਸ਼ਾਹ ਮੇਰੇ ਹੋਵਨ ਸੋ ਜੋ ਤੁੱਧ ਨੂੰ ਭਾਉਂਦੀਆਂ ਜੀ
ਦੌਲਤ ਰਾਮ ਜਹਾਨ ਤੇ ਮਰਦ ਕੇੜ੍ਹਾ ਜਿਸਨੂੰ ਔਰਤਾਂ ਨਹੀਂ ਭਰਮਾਉਂਦੀਆਂ ਜੀ

## ਵਾਕ ਰਾਜਾ ਕਾ

ਰਾਜਾ ਕਹੇ ਵਜ਼ੀਰ ਨੂੰ ਕਰੋਧ ਹੋ ਕੇ ਤੈਨੂੰ ਜ਼ਰਾ ਨਾ ਗਿਆਨ ਸ਼ਊਰ ਹੋਇਆ
ਮੰਦਾ ਆਖਦਾ ਸਾਰੀਆਂ ਔਰਤਾਂ ਨੂੰ ਤੇਰੀ ਅਕਲ ਤੇ ਹੋਸ਼ ਕਿਉਂ ਦੂਰ ਹੋਇਆ
ਰਾਮਚੰਦਰ ਪੈਦਾ ਹੋਯਾ ਔਰਤਾਂ ਤੇ ਜੇਹੜਾ ਖ਼ਾਸ ਭਗਵਾਨ ਦਾ ਨੂਰ ਹੋਇਆ
ਹਰੀਚੰਦ ਦੀ ਉਤਪਤੀ ਨਾਰੀਆਂ ਤੇ ਜੇਹੜਾ ਧਰਮ ਦੇ ਵਿਚ ਭਰਪੂਰ ਹੋਇਆ
ਧੰਨਾ ਜੱਟ ਪੈਦਾ ਹੋਇਆ ਨਾਰੀਆਂ ਤੇ ਜਿਸਦੇ ਰਾਮ ਭੀ ਆਨ ਹਜ਼ੂਰ ਹੋਇਆ
ਪਤੀ ਨਾਲ ਨਾਰਾਂ ਕਈ ਸਤੀ ਹੋਈਆਂ ਨਾਮ ਜਿਨ੍ਹਾਂ ਦਾ ਜਗ ਮਸ਼ਹੂਰ ਹੋਇਆ
ਪੁੱਠਾ ਹੋਵਸੀ ਜ਼ਿਮੀਂ ਅਸਮਾਨ ਭਾਈ ਜੇਕਰ ਧਰਮ ਜਹਾਨ ਤੋ ਦੂਰ ਹੋਇਆ
ਇਤਨੀ ਆਖ ਕੇ ਗੱਲ ਵਜ਼ੀਰ ਤਾਈਂ ਰਾਜਾ ਰੋਹ ਦੇ ਨਾਲ ਤਨੂਰ ਹੋਇਆ
ਆਖੇਂ ਭੈੜੀਆਂ ਔਰਤਾਂ ਸਾਰੀਆਂ ਨੂੰ ਤੇਰੇ ਵਿਚ ਇਹ ਵਡਾ ਕਸੂਰ ਹੋਇਆ
ਕਿਤੇ ਆਪਣੀ ਜ਼ਿੰਦ ਨਾ ਗਾਲ ਬੈਠੀਂ ਬਹੁਤਾ ਅਕਲ ਦੇ ਵਿਚ ਮਗ਼ਰੂਰ ਹੋਇਆ
ਐਸਾ ਫੇਰ ਜੇ ਸਖ਼ਤ ਜਵਾਬ ਕੀਤਾ ਤੂੰ ਭੀ ਜਾਣ ਸੂਲੀ ਉਤੇ ਚੂਰ ਹੋਇਆ
ਦੌਲਤ ਰਾਮ ਬਸੰਤ ਦੇ ਨਾਲ ਮਰਸੇਂ ਜਿਵੇਂ ਸਮਝ ਲੈ ਹਾਲ ਮਨਸੂਰ ਹੋਇਆ

### ਵਾਕ ਕਵੀਸ਼ਰ ਵਾ ਹਾਲ ਰਾਜਾ ਕਾ

ਦਿਲ ਦੇ ਵਿਚ ਵਜ਼ੀਰ ਖ਼ਯਾਲ ਕੀਤਾ ਮਤਾਂ ਹੋਰ ਨਾ ਕੋਈ ਕਲੇਸ਼ ਹੋਵੇ
ਓਥੇ ਗਿਆਨ ਵਿਚਾਰ ਦੀ ਠੌਰ ਨਾਹੀਂ ਜਿਥੇ ਕਰੋਧ ਦਾ ਆਣ ਪ੍ਰਵੇਸ਼ ਹੋਵੇ
ਰਾਜਾ ਅਗਨਿ ਜਲ ਜੋਗਤਾ ਚਾਰ ਜੇਹੜੇ ਉਲਟੀ ਚਵ੍ਹਾਂ ਦੀ ਰੀਤ ਹਮੇਸ਼ ਹੋਵੇ
ਗੱਲਾਂ ਨਾਲ ਨਾ ਰਾਜੇ ਨੇ ਸਮਝਣਾ ਏ ਪੱਥਰ ਜੋੜਨਾ ਨਾਲ ਸਰੇਸ਼ ਹੋਵੇ
ਮਤਾਂ ਕੁੰਵਰ ਦੀ ਰੱਛਿਆ ਕਰਨ ਲੱਗਾ ਰਾਜਾ ਮੁਝ ਨੂੰ ਸੱਪ ਦੇ ਨੇਸ਼ ਹੋਵੇ
ਸਰਬ ਚੁਪ ਕਰਕੇ ਮਨ ਮਾਰ ਬੈਠਾ ਭਲਾ ਕੀਤੀਆਂ ਬੁਰਾ ਨਾ ਪੇਸ਼ ਹੋਵੇ
ਦੌਲਤ ਰਾਮ ਕੁੰਵਰ ਹੁਣ ਬਚਨ ਤਾਂ ਹੀ ਜੇਕਰ ਦਯਾਲ ਭਗਵਾਨ ਹਮੇਸ਼ ਹੋਵੇ

### ਵਾਕ ਕਵੀਸ਼ਰ ਕਾ

ਏਹੋ ਕੰਮ ਵਜ਼ੀਰ ਦੀਵਾਨ ਦਾ ਏ ਉਹਨਾਂ ਅਕਲ ਦੇ ਨਾਲ ਸਮਝਾਵਣਾ ਸੀ
ਜੇਹੜੀ ਅਕਲ ਆਈ ਸੋਈ ਵਰਤ ਲੀਤੀ ਦੱਸੋ ਹੋਰ ਕੀ ਜ਼ੋਰ ਚਲਾਵਣਾ ਸੀ
ਸਭੇ ਅਕਲ ਦਾ ਪੇਚ ਦੁੜਾਂਵਦੇ ਨੀ ਲਿਖਿਆ ਲੇਖ ਨਾ ਕਿਸੇ ਮਿਟਾਵਣਾ ਸੀ
ਐਪਰ ਉਨ੍ਹਾਂ ਦੇ ਕੁਝ ਨਾ ਵੱਸ ਯਾਰੋ ਹੋਣੀ ਆਪਣਾ ਆਪ ਦਿਖਾਵਣਾ ਸੀ
ਦੱਸੋ ਉਸ ਨੂੰ ਭੋਗਣਾ ਕਿੰਨ ਲੋਕੋ ਜੇਹੜਾ ਕਸ਼ਟ ਬਸੰਤ ਨੇ ਪਾਵਣਾ ਸੀ
ਐਪਰ ਸ਼ਾਹ ਨੂੰ ਕੁਝ ਨਾ ਦੋਸ਼ ਯਾਰੋ ਏਸੇ ਤਰ੍ਹਾਂ ਭਗਵਾਨ ਵਰਤਾਵਣਾ ਸੀ
ਦੌਲਤ ਰਾਮ ਜੇਕਰਾਂ ਨਾ ਪਾਪ ਹੁੰਦੇ ਕਲੂ ਕਾਲ ਨੇ ਕਾਸ ਨੂੰ ਆਵਣਾ ਸੀ

### ਵਾਕ ਰਾਜਾ ਕਾ

ਰਾਜੇ ਹੁਕਮ ਜਲਾਦਾਂ ਨੂੰ ਸਖ਼ਤ ਦਿਤਾ ਆਖੇ ਅਭੀ ਬਸੰਤ ਨੂੰ ਮਾਰਦੇ ਹੋ
ਦੀਨ ਦੁਨੀ ਦੀ ਹੱਦ ਤੇ ਰੱਦ ਹੋਯਾ ਇਸ ਦੇ ਵੱਢ ਟੋਟੇ ਕਰ ਚਾਰਦੇ ਹੋ
ਮਿਸਲ ਸ਼ੇਰ ਦੇ ਤੁਸਾਂ ਨੇ ਘੇਰ ਲੈਣਾ ਅਭੀ ਦੁਸ਼ਟ ਨੂੰ ਪਿੰਜਰੇ ਡਾਰਦੇ ਹੋ
ਰਤੀ ਰਹਿਮ ਨਾ ਰੱਖਣਾ ਚਿੱਤ ਉਤੇ ਛੇਲਾ ਵਾਂਗ ਬਘਿਆੜ ਦੇ ਪਾੜਦੇ ਹੋ
ਦੋਲਤ ਰਾਮ ਆਖੇ ਇਸ ਦੁਸ਼ਟ ਤਾਈਂ ਮੇਰੇ ਸਾਹਮਣੇ ਸੂਲੀ ਤੇ ਚਾੜ੍ਹਦੇ ਹੋ

### ਜਲਾਦਾਂ ਨੇ ਬਸੰਤ ਨੂੰ ਪਕੜ ਲੈਣਾ ਰੂਪ ਅਰ ਵੇਖਣ ਵਾਲੇ ਲੋਕਾਂ ਦਾ ਰੁਦਨ ਕਰਨਾ

ਰਹੇ ਹਟਕ ਦੀਵਾਨ ਵਜ਼ੀਰ ਯਾਰੋ ਦਿਲ ਰਾਜੇ ਦੇ ਤਰਸ ਨਾ ਆਇਆ ਈ
ਲਿਆ ਪਕੜ ਜਲਾਦਾਂ ਨੇ ਵਕਤ ਓਸੇ ਜਦੋਂ ਸ਼ਾਹ ਨੇ ਹੁਕਮ ਚਲਾਇਆ ਈ
ਹੱਥੀਂ ਹਥਕੜੀ ਪਾ ਲਈ ਜ਼ਾਲਮਾਂ ਨੇ ਘੇਰਾ ਚਾਰ ਚੁਫੇਰਿਓਂ ਪਾਇਆ ਈ
ਕੋਈ ਉਜ਼ਰ ਨਾ ਬਾਲ ਮਸੂਮ ਕੀਤਾ ਅੱਗੇ ਵਾਂਗ ਦੁਪਾਏ ਦੇ ਲਾਇਆ ਈ
ਸਾਰੇ ਸਭਾ ਦੇ ਲੋਕ ਹੈਰਾਨ ਹੋਏ ਰੋਏ ਰੋਏ ਕੇ ਨੀਰ ਵਹਾਇਆ ਈ

ਸਾਰੇ ਸ਼ੈਹਰ ਦੇ ਵਿਚ ਹੜਤਾਲ ਹੋਈ ਲੋਕਾਂ ਆਇ ਕੇ ਰੁਦਨ ਮਚਾਇਆ ਈ
ਸਭੇ ਆਖਦੇ ਰਾਜਿਆ ਬੁਰੀ ਕੀਤੀ ਪੁੱਤਰ ਨਾਲ ਕੀ ਜ਼ੁਲਮ ਕਮਾਇਆ ਈ
ਢਾਹਾਂ ਮਾਰਦਾ ਦੌੜਿਆ ਰੂਪ ਆਇਆ ਵੀਰ ਘੁੱਟ ਕੇ ਗਲੇ ਲਗਾਇਆ ਈ
ਲੈ ਓਇ ਵੀਰਨਾ ਫੇਰ ਦਰਗਾਹ ਮੇਲਾ ਮੇਲ ਅੰਤ ਦਾ ਰੱਬ ਕਰਵਾਇਆ ਈ
ਨਦੀ ਮੌਤ ਦੀ ਆ ਗਈ ਜ਼ੋਰ ਕਰਕੇ ਤੈਨੂੰ ਵੀਰਨਾ ਵਿਚ ਰੁੜ੍ਹਾਇਆ ਈ
ਤੇਰੇ ਭਾਗ ਤੇ ਕਰਮਾਂ ਦੀ ਰੇਖ ਮੇਰੀ ਮਿਲਿਆ ਵਾਹ ਜੋ ਲੇਖ ਲਿਖਾਇਆ ਈ
ਗੱਲਾਂ ਤੈਂਡੜੇ ਨਾਲ ਅਖ਼ੀਰ ਦੀਆ ਅਸਾਂ ਰੋਇ ਕੇ ਸੁਪਨ ਸੁਣਾਇਆ ਈ
ਮੇਰੇ ਵੱਸ ਨਾਹੀਂ ਮੇਰਿਆ ਵੀਰਨਾ ਓਇ ਹੋਣੀ ਕੁਲ ਨੂੰ ਮਾਰ ਮੁਕਾਇਆ ਈ
ਜੇਕਰ ਤੈਂ ਭੁੱਲ ਕੇ ਮੰਦਾ ਬੋਲਿਆ ਮੈਂ ਨਾਮ ਰੱਬ ਦੇ ਅਜ ਬਖ਼ਸ਼ਾਇਆ ਈ
ਮੰਨੀ ਪਿਤਾ ਨੇ ਗੱਲ ਨਾ ਇਕ ਮੇਰੀ ਹੱਥ ਜੋੜ ਕੇ ਵਾਸਤਾ ਪਾਇਆ ਈ
ਅਰਜ਼ਾਂ ਕੀਤੀਆਂ ਕੁਲ ਮੁਲਾਜ਼ਮਾਂ ਨੇ ਰਾਜੇ ਇਕ ਨਾ ਚਿੱਤ ਨੂੰ ਲਾਇਆ ਈ
ਬੇੜਾ ਗ਼ਰਕ ਹੋਵੇ ਚੰਦ੍ਰਵਤੀ ਮੰਦਾ ਜਿਸਨੇ ਕੂੜ ਅਲਜ਼ਾਮ ਲਗਾਇਆ ਈ
ਪਕੜੇ ਰੂਪ ਦੇ ਪੈਰ ਬਸੰਤ ਨੇ ਜੀ ਹੱਥ ਜੋੜ ਪ੍ਰਣਾਮ ਬੁਲਾਇਆ ਈ
ਭਾਣਾ ਵਰਤਣਾ ਸੀ ਏਸੇ ਤਰ੍ਹਾਂ ਭਾਈ ਤੈਂਨੇ ਕਾਸ ਤੋਂ ਚਿੱਤ ਡੁਲਾਇਆ ਈ
ਸੁਫਨੇ ਵਾਂਗ ਜਹਾਨ ਦੀ ਖੇਲ ਸਾਰੀ ਜੇਹੜਾ ਆਇਆ ਖ਼ਾਕ ਸਮਾਇਆ ਈ
ਇਕੋ ਰਾਮ ਦਾ ਨਾਮ ਅਟਲ ਹੈ ਜੀ ਹੋਰ ਕੁਲ ਨੂੰ ਕਾਲ ਖਪਾਇਆ ਈ
ਛੋਕੜ ਆਖਦਾ ਭਾਈ ਹੁਣ ਬਖਸ਼ ਮੈਨੂੰ ਜੇ ਮੈਂ ਭੁੱਲ ਕੇ ਬੁਰਾ ਅਲਾਇਆ ਈ
ਇਤਨੀ ਗੱਲ ਜਾਂ ਮੁੱਖੋਂ ਬਸੰਤ ਆਖੀ ਤਦੋਂ ਰੂਪ ਨੇ ਪਿੱਟਣਾ ਪਾਇਆ ਈ
ਜੱਫੀ ਘੁੱਟ ਕੇ ਪਾ ਲਈ ਰੂਪ ਨੇ ਜੀ ਰੋਇ ਰੋਇ ਹਾਲ ਵੰਞਾਇਆ ਈ
ਵੇਖਣ ਵਾਲੜੇ ਲੋਕ ਭੀ ਰੋਂਵਦੇ ਨੇ ਮੂੰਹ ਖ਼ਲਕ ਨੇ ਬੁਰਾ ਬਣਾਇਆ ਈ
ਲੜ ਕੇ ਨਾਲ ਜਲਾਦਾਂ ਦੇ ਰੂਪ ਨੇ ਜੀ ਵੀਰਨ ਆਪਣੇ ਕੋਲ ਬਿਠਾਇਆ ਈ
ਓਸ ਵਕਤ ਯਾਰੋ ਜੇਹੜਾ ਰੁਦਨ ਹੋਯਾ ਲੋਕਾਂ ਦੇਖ ਕੇ ਹੋਸ਼ ਭੁਲਾਇਆ ਈ
ਦੌਲਤ ਰਾਮ ਨਾ ਕਿਸੇ ਦੀ ਪੇਸ਼ ਜਾਵੇ ਭਾਣਾ ਰਬ ਨੇ ਆਣ ਵਰਤਾਇਆ ਈ

## ਰੂਪ ਨੇ ਬਸੰਤ ਨੂੰ ਸਿੱਖਿਆ ਦੇਵਣੀ ਪ੍ਰਾਣੋਂ ਕੀ ਰਖਿਆ ਵਾਸਤੇ

ਵਿਚ ਕੰਨ ਦੇ ਦੱਸਦਾ ਰੂਪ ਮੱਤਾਂ ਵੀਰਾ ਸੁੰਨ ਸਮਾਧ ਲਗਾ ਲਈਂ ਓਇ
ਤੈਨੂੰ ਜੋਗ ਅਭਿਆਸ ਦਾ ਕਯਾਸ ਪੱਕਾ ਦਸਵੇਂ ਦੁਆਰ ਸਵਾਸ ਚੜ੍ਹਾ ਲਈਂ ਓਇ
ਲੱਗੇ ਦਾ ਤਾਂ ਕਿਤੇ ਵਲ ਨਸ ਜਾਈਂ ਜ਼ਰਾ ਰਾਜ ਦੀ ਅੱਖ ਬਚਾ ਲਈਂ ਓਇ
ਜੇਕਰ ਨੱਸਣੇ ਤੇ ਨਹੀਂ ਚਿੱਤ ਤੇਰਾ ਸਨਮੁੱਖ ਹੋਇ ਕੇ ਜੁਧ ਰਚਾ ਲਈਂ ਓਇ
ਕੱਲਾ ਹੋਇ ਕੇ ਕਿਤੇ ਨਾ ਡੋਲ ਬੈਠੀਂ ਮੇਰਾ ਆਸਰਾ ਨਾਲ ਤਕਾ ਲਈਂ ਓਇ
ਲਛਮਣ ਵਾਂਗ ਭਗਵਾਨ ਦਾ ਦਾਸ ਹੈ ਤੂੰ. ਤੂੰ ਭੀ ਆਪਣਾ ਦਸਤ ਉਠਾ ਲਈਂ ਓਇ
ਤੇਰੇ ਨਾਲ ਮੈਂ ਦਿਆਗਾ ਪ੍ਰਾਨ ਆਪਣੀ ਨਿਸ਼ਚਾ ਚਿਤ ਦੇ ਵਿਚ ਠਹਿਰਾ ਲਈਂ ਓਇ

ਪੁਤ੍ਰ ਹੋਇ ਕੇ ਛੱਤਰੀ ਰਾਜਿਆਂ ਦਾ ਕਿਤੇ ਹੌਸਲਾ ਮੂਲ ਨਾ ਢਾਹ ਲਈਂ ਓਇ
ਤੇਰੀ ਰੱਖਿਆ ਕਰੂ ਭਗਵਾਨ ਸੱਚਾ ਅਗੇ ਰੱਬ ਦੇ ਵਾਸਤਾ ਪਾ ਲਈਂ ਓਇ
ਜੋੜੀ ਹੱਥ ਤੂੰ ਦੀਨ ਦਿਆਲ ਅੱਗੇ ਨਿਰਧਨ ਹੋਇ ਕੇ ਭੁੱਲ ਬਖਸਾ ਲਈਂ ਓਇ
ਜਿਸਨੇ ਲਾਜ ਰੱਖੀ ਨਾਰੀ ਦ੍ਰੋਪਤਾ ਦੀ ਤੂੰ ਭੀ ਓਸ ਦਾ ਨਾਮ ਧਿਆ ਲਈਂ ਓਇ
ਤੇਰੀ ਲਵੇਗਾ ਸਾਰ ਪ੍ਰਹਿਲਾਦ ਵਾਂਗੂੰ ਵਾਸਦੇਵ ਨੂੰ ਚਿੱਤ ਵਸਾ ਲਈਂ ਓਇ
ਜਾਂਦੇ ਰੂਹ ਨੂੰ ਵੀਰਨਾ ਰੱਖ ਲੈਣਾ ਜੇਹੜਾ ਦਾ ਲੱਗੇ ਸੋਈ ਲਾ ਲਈਂ ਓਇ
ਦੌਲਤ ਰਾਮ ਜਦ ਸੂਲੀ ਤੇ ਚਾੜ੍ਹਨੀਗੇ ਮੈਨੂੰ ਵੀਰਨਾ ਕੋਲ ਬੁਲਾ ਲਈਂ ਓਇ
ਕੁੰਵਰ ਆਖਦਾ ਰੂਪ ਨੂੰ ਰਾਮ ਕਹੁ ਤੂੰ ਤੈਨੂੰ ਲੱਗਿਆ ਭਰਮ ਅਗਿਆਨ ਦਾ ਈ
ਹੋ ਕੇ ਖ਼ਾਕ ਤੇ ਅੰਤ ਨੂੰ ਖ਼ਾਕ ਹੋਣਾ ਏਥੇ ਕੰਮ ਕੀ ਰੋਣ ਕੁਰਲਾਨ ਦਾ ਈ
ਫੁਰਨਾ ਜੰਮਨਾ ਫੁਰਨੇ ਦੇ ਵਿਚ ਮਰਨਾ ਫੁਰਨਾ ਬੀਜ ਹੈ ਏਸ ਜਹਾਨ ਦਾ ਈ
ਫੁਰਨੇ ਵਿਚ ਤੂੰ ਬਣ ਗਿਆ ਵੀਰ ਮੇਰਾ ਫੁਰਨਾ ਮਾਤ ਤੇ ਪਿਤਾ ਪਛਾਣਦਾ ਈ
ਫੁਰਨਾ ਸੋਵਣਾ ਜਾਗਣਾ ਬੈਠਨਾ ਏਂ ਫੁਰਨਾ ਪੈਹਨਣਾ ਤੇ ਫੁਰਨਾ ਖਾਨ ਦਾ ਈ
ਫੁਰਨੇ ਵਿਚ ਜਲਾਦਾਂ ਨੇ ਪਕੜਿਆ ਮੈਂ ਫੁਰਨੇ ਸੂਲੀ ਦਾ ਖ਼ੌਫ ਵਖਾਨੇ ਦਾ ਈ
ਦੇਹੀ ਨਾਲ ਸੰਕਲਪ ਉਸਾਰਦਾ ਏ ਫੁਰਨੇ ਧਾਰਿਆ ਰੂਪ ਤਰਖਾਨ ਦਾ ਈ
ਫੁਰਨਾ ਬੰਦ ਹੋਯਾ ਤਦੋਂ ਪ੍ਰਾਣੀ ਮੁਕਤ ਭਯਾ ਏਹੋ ਵਾਕ ਹੈ ਵੇਦ ਪੁਰਾਣ ਦਾ ਈ
ਜਦੋਂ ਚਿੱਤ ਦਾ ਬੰਦ ਹੋ ਗਿਆ ਫੁਰਨਾ ਪਿਛੇ ਰੂਹ ਰਹਿ ਗਿਆ ਭਗਵਾਨ ਦਾ ਈ
ਨਿਸਚੇ ਆਤਮਾ ਇਕ ਅਖੰਡ ਹੋਯਾ ਜਿਸ ਨੂੰ ਖ਼ੌਫ ਨਾ ਤੀਰ ਕਮਾਨ ਦਾ ਈ
ਪਾਣੀ ਗਾਲਦਾ ਨਾ ਅਗਨੀ ਸਾੜ ਸਕੇ ਸਸਤ੍ਰ ਛੇਦ ਨ ਛੇਦ ਹੈ ਬਾਨ ਦਾ ਈ
ਪੌਨ ਸੋਖਤਾ ਕਰੇ ਨਾ ਕਾਲ ਮਾਰੇ ਮਟਾਕਾਸ ਨਾ ਲੇਪ ਮਟਾਨ ਦਾ ਈ
ਤੱਤ੍ਵਮਸੀ ਬ੍ਰਹਮ ਦਾ ਰੂਪ ਹੋਯਾ ਨਿਸ਼ਚੇ ਇਕ ਨਾ ਦੂਸਰਾ ਥਾਨ ਦਾ ਈ
ਮਾਯਾ ਬੜੀ ਬੇਅੰਤ ਭਗਵਾਨ ਦੀ ਹੈ ਲੱਗੇ ਪਤਾ ਨਾ ਦੁੱਖਾ ਦੀ ਖਾਨ ਦਾ ਈ
ਆਪਣੇ ਆਪ ਨੂੰ ਭੁਲ ਕੇ ਜੀਵ ਹੋਯਾ ਇਸਨੂੰ ਪਤਾ ਨਾ ਬ੍ਰਹਮ ਦੇ ਗਿਆਨ ਦਾ ਈ
ਕਈ ਵਾਰ ਜੰਮਦਾ ਕਈ ਵਾਰ ਮਰਦਾ ਲੱਗਾ ਭਰਮ ਮਿੱਟੀ ਫਿਰੇ ਛਾਨਦਾ ਈ
ਮਾਯਾ ਮੋਹ ਤੇ ਜੇਕਰਾਂ ਭਿੰਨ ਹੋਵੇ ਇਸ ਨੂੰ ਖ਼ੌਫ ਨ ਆਨ ਤੇ ਜਾਨ ਦਾ ਈ
ਦੌਲਤ ਰਾਮ ਤੂੰ ਛੱਡ ਸੰਕਲਪ ਸਾਰੇ ਮਰਦਾ ਕੌਣ ਤੇ ਕੌਣ ਰਜਾਂਵਦਾ ਈ

## ਵਾਕ ਰੂਪ ਕਾ

ਰੂਪ ਆਖਦਾ ਕੁੰਵਰ ਨੂੰ ਹੋ ਤਕੜਾ ਕਿਉਂ ਤੂੰ ਲਗ ਪਿਆ ਹੌਸਲਾ ਢਾਣ ਵੀਰਾ
ਐਸਾ ਕੌਣ ਜੋ ਮੋਹ ਤੇ ਛੁੱਟ ਜਾਵੇ ਬੁਰਾ ਹੋਵਦਾ ਮੋਹ ਦਾ ਬਾਨ ਵੀਰਾ
ਜਾ ਕੇ ਵੇਖ ਤੂੰ ਉਨ੍ਹਾ ਦੇ ਹਾਲ ਤਾਈਂ ਭਾਈ ਜਿਨ੍ਹਾਂ ਦੇ ਮਰੇ ਜਵਾਨ ਵੀਰਾ
ਭੌਂਦੇ ਜਗ ਤੇ ਫਿਰਨ ਕਲਬੂਤ ਖ਼ਾਲੀ ਜੁਸੇ ਵਿਚ ਨ ਲੱਭਦੀ ਜਾਨ ਵੀਰਾ
ਰਾਮਚੰਦਰ ਤੋ ਮੋਹ ਨਾ ਵੱਸ ਹੋਇਆ ਜੇਹੜਾ ਆਪ ਸੀ ਰੂਪ ਭਗਵਾਨ ਵੀਰਾ

ਲਛਮਣ ਬੀਰ ਨੂੰ ਮੂਰਛਾ ਆਣ ਹੋਈ ਲੱਗਾ ਕੂੰਜ ਵਾਂਗੂੰ ਕੁਰਲਾਨ ਵੀਰਾ
ਮੈਨੂੰ ਓਸ ਤੇ ਵੱਧ ਧਿਆਨ ਹੋਸੀ ਛੱਕੜ ਨਾਲ ਤੇਰੇ ਦੇਵਾਂ ਪ੍ਰਾਨ ਵੀਰਾ
ਦੌਲਤ ਰਾਮ ਨਾ ਸਬਰ ਸੰਤੋਖ ਆਵੇ ਕਾਹਦੇ ਵਾਸਤੇ ਕਰੇਂ ਗਿਆਨ ਵੀਰਾ

## ਵਾਕ ਰਾਜਾ ਕਾ

ਰਾਜਾ ਕਹੇ ਬਸੰਤ ਨੂੰ ਉਠ ਜਲਦੀ ਦੁਸ਼ਟਾ ਮਕਰ ਕੀ ਪਿਆ ਵਖਾਵਨਾ ਏਂ
ਐਸਾ ਕੌਣ ਜੋ ਤੁੱਧ ਨੂੰ ਛੋਡ ਦੇਵੇ ਜਿਸ ਨੂੰ ਰੋਇ ਕੇ ਪਿਆ ਸੁਨਾਵਨਾ ਏਂ
ਤੇਰੀ ਮੌਤ ਆ ਗਈ ਤੇਰੇ ਸੀਸ ਉਤੇ ਖਾ ਲੈ ਪਾਪੀਆ ਓਇ ਜੋ ਕੁਝ ਖਾਵਨਾ ਏਂ
ਤੇਰਾ ਕ-ਮ ਦੁਸ਼ਟਾ ਤੇਰੇ ਪੇਸ਼ ਆਇਆ ਹੋਰ ਕਿਸੇ ਨੂੰ ਦੋਸ ਕੀ ਲਾਵਨਾ ਏਂ
ਦੌਲਤ ਰਾਮ ਤੇਰਾ ਕੋਈ ਦੋਸ ਨਾਹੀਂ ਕੀਤਾ ਆਪਣਾ ਆਪ ਤੈਂ ਪਾਵਨਾ ਏ

## ਵਾਕ ਕਵੀਸ਼ਰ ਵਾ ਹਾਲ ਬਸੰਤ

ਕੰਵਰ ਉਠ ਖੜਾ ਹੋਯਾ ਵਕਤ ਉਸੇ ਅੱਗੇ ਪਿਤਾ ਦੇ ਜੋਰ ਨਾ ਤਾਨ ਕਰਦਾ
ਗੰਗਾਜਲੀ ਮੰਗਵਾ ਲਈ ਵਕਤ ਉਸੇ ਚੌਂਕੀ ਡਾਹ ਕੇ ਖੂਬ ਅਸ਼ਨਾਨ ਕਰਦਾ
ਉਸੇ ਵਕਤ ਬਹਾਇ ਕੇ ਬ੍ਰਾਹਮਣਾਂ ਨੂੰ ਯਥਾ ਸਕਤਿ ਉਹ ਪੁੰਨ ਤੇ ਦਾਨ ਕਰਦਾ
ਨਿੱਤਨੇਮ ਕਰ ਆਪਣਾ ਲਿਆ ਪੂਰਾ ਸੱਚੇ ਰੱਬਦਾ ਹੁਕਮ ਪ੍ਰਮਾਨ ਕਰਦਾ
ਰਾਮ ਰਾਮ ਆਖੇ ਇਕ ਚਿੱਤ ਹੋ ਕੇ ਸ੍ਰੀ ਰਾਮ ਦਾ ਦਿਲੋਂ ਧਿਆਨ ਕਰਦਾ
ਸੱਭੋ ਵਾਸਨਾ ਚਿੱਤ ਤੋਂ ਦੂਰ ਕਰ ਕ ਦਿਲ ਨੂੰ ਨਾਮ ਦੇ ਵਿਚ ਗ਼ਲਤਾਨ ਕਰਦਾ
ਦੌਲਤਰਾਮ ਭਗਵਾਨ ਦਿਆਲ ਅੱਗੇ ਰੋਇ ਰੋਇ ਕੇ ਹਾਲ ਬਿਆਨ ਕਰਦਾ

## ਬਸੰਤ ਨੇ ਬੇਨਤੀ ਕਰਨੀ ਭਗਵਾਨ ਅੱਗੇ

ਆਦਿ ਪੁਰਖ ਤਾਈ ਮੇਰੀ ਬੰਦਨਾ ਏਂ ਜੇਹੜਾ ਕੁ-ਰ ਦੀ ਆਸ ਪੁਜਾਂਵਦਾ ਈ
ਦੀਨਾ ਨਾਥ ਦਜਾਲ ਕ੍ਰਿਪਾਲ ਅਗੇ ਕੁੰਵਰ ਆਪਣਾ ਹਾਲ ਸੁਨਾਂਵਦਾ ਈ
ਤੇਰਾ ਨਾਮ ਦੁੱਖ ਹਰਨ ਤੂੰ ਕਰਨ ਕਰਾਨ ਸਾਈਂ ਸਰਬ ਦੇ ਕਸ਼ਟ ਮਿਟਾਵਦਾ ਈ
ਬਾਗ ਵਾਂਗ ਬਨਾਇ ਜਹਾਨ ਸਾਰਾ ਮਾਲੀ ਬਾਫ ਦਾ ਆਪ ਸਦਾਵਦਾ ਈ
ਬ੍ਰਹਮਾ ਹੋਇ ਕੇ ਜਗਤ ਤੂੰ ਕਰੇਂ ਪੈਦਾ ਵਿਸ਼ਣੂ ਹੋਇ ਕੇ ਰਿਜ਼ਕ ਪਹੁੰਚਾਵਦਾ ਈ
ਰੁਦ੍ਰ ਹੋਇ ਕੇ ਕਰੇ ਸੰਘਾਰ ਸਭ ਦਾ ਬ੍ਰਹਮਾ ਰੂਪ ਹੋ ਸਰਬ ਸਮਾਂਵਦਾ ਈ
ਕਾਦਰ ਅਤੇ ਕਰੀਮ ਹਕੀਮ ਸਭ ਦਾ ਮਰਹਮ ਦਿਲਾ ਦੇ ਜ਼ਖ਼ਮ ਤੇ ਲਾਵਦਾ ਈ
ਨਿਸਚੇ ਓਸ ਦੀ ਕਰੇ ਮੁਰਾਦ ਪੂਰੀ ਨਿਸ਼ਚੇ ਨਾਲ ਜੋ ਨਾਮ ਧਜਾਂਵਦਾ ਈ
ਲਈ ਸਾਰ ਕਬੀਰ ਦੀ ਨੀਰ ਅੰਦਰ ਉਹਦੇ ਤੋੜ ਜ਼ੰਜੀਰ ਬਚਾਂਵਦਾ ਈ
ਚਾਵਲ ਖਾਏ ਸੁਦਾਮਾਂ ਦ ਪ੍ਰੇਮ ਪਿਛੇ ਉਹਦੇ ਸੋਨੇ ਦੇ ਮੈਹਲ ਬਨਾਂਵਦਾ ਈ
ਪ੍ਰੇਮ ਦੇਖ ਖਾਧੇ ਬੇਰ ਭੀਲਣੀ ਦੇ ਮੀਰਾਬਾਈ ਦੀ ਖਿਚੜੀ ਖਾਂਵਦਾ ਈ

ਮੇਵੇ ਭੂਪ ਦਰਯੋਧਨ ਦੇ ਤਿਆਗ ਦਿਤੇ ਸਾਗ ਬਿਦਰ ਦਾ ਖਾਇ ਅਘਾਂਵਦਾ ਈ
ਰੱਖੀ ਸਭਾ ਮੇਂ ਲਾਜ ਦਰੋਪਤੀ ਦੀ ਉਸ ਦੇ ਚੀਰ ਅਨੰਤ ਵਧਾਂਵਦਾ ਈ
ਪ੍ਰੇਮ ਦੇਖ ਰਵਿਦਾਸ ਨੂੰ ਤਾਰਿਆ ਈ ਧੰਨੇ ਜੱਟ ਦੇ ਬੈਲ ਚਰਾਂਵਦਾ ਈ
ਗਨਕਾ ਕੰਜਰੀ ਨੂੰ ਰਾਮਾ ਤਾਰਿਆ ਤੈਂ ਨਾਮਦੇਵ ਦੀ ਧੇਨ ਜਵਾਂਵਦਾ ਈ
ਤੁਲਸੀ ਦਾਸ ਭੌਸਾਗਰੋਂ ਪਾਰ ਕੀਤਾ ਸੂਰਦਾਸ ਦੀ ਸੇਵ ਕਮਾਂਵਦਾ ਈ
ਡੂੰਘੇ ਨੀਰ ਅੰਦਰ ਸੁਣੀ ਟੇਰ ਗਜ ਕੀ ਉਸਨੂੰ ਪਲਕ ਦੇ ਵ੍ਹਿਚ ਕਢਾਂਵਦਾ ਈ
ਬਾਲਮੀਕ ਪਾਪੀ ਉਲਟਾ ਜਾਪ ਕੀਤਾ ਉਸਦੇ ਪਾਪ ਨੂੰ ਕੁਲ ਬਖ਼ਸ਼ਾਂਵਦਾ ਈ
ਸੈਨਦੇਵ ਦੀ ਰੱਖਿਆ ਕਰੀ ਜਾ ਕੇ ਨਾਈ ਰੂਪ ਹੋ ਕੇ ਸੁਆਮੀ ਜਾਂਵਦਾ ਈ
ਹੁੰਡੀ ਤਾਰ ਦਿਤੀ ਨਰਸੀ ਭਗਤ ਸੰਦੀ ਸਾਵਲ ਸਾਹ ਹੋ ਕੇ ਪ੍ਰਭ ਧਾਂਵਦਾ ਈ
ਬੇੜਾ ਸਧਨੇ ਕਸਾਈ ਦਾ ਪਾਰ ਕੀਤਾ ਜਾਤ ਰੂਪ ਨਾ ਬਰਣ ਪੁਛਾਂਵਦਾ ਈ
ਲੰਕਾ ਭਗਤ ਬਭੀਖਣ ਨੂੰ ਬਖ਼ਸ਼ ਦਿਤੀ ਹੋ ਕੇ ਰਾਮ ਤੂੰ ਰਾਵਣ ਨੂੰ ਘਾਂਵਦਾ ਈ
ਕ੍ਰਿਸ਼ਨ ਹੋਇ ਕੇ ਕੰਸ ਨੂੰ ਮਾਰਿਆ ਓਇ ਉਗਰਸੈਨ ਨੂੰ ਤਖ਼ਤ ਬਠਾਂਵਦਾ ਈ
ਅਜਾਮਲ ਪਾਪੀ ਤਾਈਂ ਤਾਰ ਦਿਤਾ ਮੇਰੀ ਵੇਰ ਕਿਉ ਦੇਰ ਲਗਾਂਵਦਾ ਈ
ਤੂੰ ਬੇਅੰਤ ਬੇਅੰਤ ਬੇਅੰਤ ਸਾਈਂ ਤੇਰਾ ਅੰਤ ਸੁਮਾਰ ਨਾ ਆਂਵਦਾ ਈ
ਕਰੀਂ ਫਜਲ ਸਾਈਂ ਕਰੀ ਫਜ਼ਲ ਸਾਈਂ ਤੇਰਾ ਫਜਲ ਹਮੇਸ਼ ਮੈਂ ਚਾਹਵਦਾ ਈ
ਬਖ਼ਸਨਹਾਰ ਸਾਈਂ ਬਖ਼ਸਨਹਾਰ ਸਾਈਂ ਅੌਗਨਹਾਰ ਤੇਰਾ ਗੁਣ ਗਾਂਵਦਾ ਈ
ਏਸ ਸਿੰਧ ਸੰਸਾਰ ਦੇ ਵਹਿਣ ਵਿਚੋਂ ਤੇਰੇ ਬਾਝ ਕੇਹੜਾ ਬੰਨੇ ਲਾਵਦਾ ਈ
ਏਸ ਵਕਤ ਮੇਰਾ ਮਾਈ ਬਾਪ ਤੂੰ ਹੀ ਮੈਨੂੰ ਆਸਰਾ ਹੈ ਤੇਰੇ ਨਾਮ ਦਾ ਈ
ਦੌਲਤ ਰਾਮ ਦੇ ਫੰਧ ਹੁਣ ਕੱਟ ਰਾਮਾ ਹੱਥ ਜੋੜ ਕੇ ਵਾਸਤਾ ਪਾਂਵਦਾ ਈ

## ਅੰਜ਼ਨ

ਕੀਤੀ ਰਛਯਾ ਭਗਤ ਪ੍ਰਹਲਾਦ ਦੀ ਤੈਂ ਸਵਾਮੀ ਰੂਪ ਨਰਸਿੰਘ ਦਾ ਧਾਰਿਆ ਈ
ਬ੍ਰਹਮਾ ਵਾਸਤੇ ਮੱਛ ਅਵਤਾਰ ਹੋਏ ਆਂਦੇ ਵੇਦ ਸੱਖਾਸੁਰ ਨੂੰ ਮਾਰਿਆ ਈ
ਮੱਛ ਰੂਪ ਹੋ ਕੇ ਸਾਗਰ ਮਥਨ ਕੀਤਾ ਤੇਰਾਂ ਰਤਨ ਤੈਂ ਆਪ ਨਿਕਾਰਿਆ ਈ
ਸੂਕਰ ਰੂਪ ਧਰ ਕੇ ਪ੍ਰਿਥਵੀ ਰੱਖ ਲੀਤੀ ਹਰਨਕਸਪ ਨੂੰ ਮਾਰ ਸੰਘਾਰਿਆ ਈ
ਮਾਰਿਆ ਛੱਤਰੀ ਬਲੀ ਸਹੰਸਰ ਬਾਹੂ ਪਰਸਰਾਮ ਹੋ ਕੇ ਦੁੱਖ ਦੁੱਖ ਟਾਰਿਆ ਈ
ਵਿਆਸ ਦੇਵ ਹੋ ਕੇ ਰਚੇ ਪੁਰਾਣ ਠਾਰਾਂ ਤਾਵਨ ਰੂਪ ਹੋ ਕੇ ਬਲ ਤਾਰਿਆ ਈ
ਕਾਲੀ ਨਾਗ ਨੂੰ ਨੱਥਿਆ ਕ੍ਰਿਸ਼ਨ ਹੋ ਕੇ ਕਾਲਯਮਨ ਨੂੰ ਭਸ਼ਤ ਕਰ ਡਾਰਿਆ ਈ
ਹੋ ਕੇ ਰਾਮ ਸੁਗ੍ਰੀਵ ਨੂੰ ਰਾਜ ਦਿਤਾ ਬਾਲੀ ਦੁਸ਼ਟ ਨੂੰ ਮਾਰ ਬਿਦਾਰਿਆ ਈ
ਹੋ ਕੇ ਬੱਦਰੀ ਨਾਥ ਜਗ ਤਾਰਨੇ ਜਗਨ ਨਾਥ ਜਹਾਨ ਉਧਾਰਿਆ ਈ
ਮਸ਼ਾਹੂਰ ਮੁਰਾਰ ਜਹਾਨ ਹੋਏ ਮੁਰ ਦੈਂਤ ਨੂੰ ਸਾਰ ਬਿਡਾਰਿਆ ਈ
ਇੰਦ੍ਰ ਹੋਇ ਕੇ ਕੋਪ ਜਾਂ ਕਰੀ ਬਰਖਾ ਪਰਬਤ ਉਂਗਲੀ ਦੇ ਉੱਤੇ ਧਾਰਿਆ ਈ

ਕੀਤੀ ਰੱਖਿਆ ਤੈਂ ਪੰਜਾਂ ਪਾਡਵਾਂ ਦੀ ਬਾਨ ਅਸ੍ਰਸਥਾਮਾ ਨੇ ਮਾਰਿਆ ਈ
ਅੰਗੂਠਾ ਪੈਰ ਦਾ ਜਦੋਂ ਸਪਰਸ਼ ਕੀਤਾ ਗੋਤਮ ਨਾਰ ਦਾ ਜਨਮ ਸੁਧਾਰਿਆ ਈ
ਹਰੀ ਚੰਦ ਨੇ ਧਰਮ ਨੂੰ ਰੱਖਿਆ ਸੀ ਸੰਕਟ ਓਸਦਾ ਕੁਲ ਨਿਵਾਰਿਆ ਈ
ਦਿੱਤੀ ਧਰੂਵ ਨੂੰ ਆਪ ਅਟੱਲ ਪਦਵੀ ਜਨਮ ਮਰਨ ਦਾ ਖ਼ੌਫ ਉਤਾਰਿਆ ਈ
ਜਿਸਨੇ ਪ੍ਰੇਮ ਕਰਕੇ ਤੇਰਾ ਨਾਮ ਲੀਤਾ ਕਾਰਜ ਓਸਦਾ ਹਰੀ ਤੈਂ ਸਾਰਿਆ ਈ
ਉਸਨੂੰ ਤੁਰਤ ਭੌ ਸਾਗਰੋਂ ਪਾਰ ਕੀਤਾ ਇਕ ਵਾਰ ਜਿਸ ਨਾਮ ਚਿਤਾਰਿਆ ਈ
ਦੀਨਾ ਨਾਥ ਦਿਆਲ ਕ੍ਰਿਪਾਲ ਮਾਧੋ ਮੈਨੂੰ ਕਾਸ ਤੇ ਮਨੋ ਵਿਸਾਰਿਆ ਈ
ਭਗਤਾਂ ਸਾਰਿਆਂ ਦੇ ਸੰਕਟ ਦੂਰ ਕੀਤੇ ਮੇਰੀ ਵੇਰ ਕਿਉਂ ਨਾ ਮਨੋਚਾ ਟਾਰਿਆ ਈ
ਦੌਲਤ ਰਾਮ ਦੇ ਕਸ਼ਟ ਨਿਵਾਰ ਸੁਆਮੀ ਆਜਜ਼ ਹੋਇ ਕੇ ਦਾਸ ਪੁਕਾਰਿਆ ਈ

## ਵਾਕ ਕਵੀਸ਼ਰ ਵਾ ਹਾਲ ਬਸੰਤ ਦਾ

ਇਤਨੀ ਬੇਨਤੀ ਜਦੋਂ ਬਸੰਤ ਕੀਤੀ ਹੋਯਾ ਦਜਾਲ ਸਾਈਂ ਬਖ਼ਸ਼ਨਹਾਰ ਲੋਕੋ
ਦੱਸੋ ਉਹਨਾਂ ਨੂੰ ਕਿਸੇ ਦਾ ਖ਼ੌਫ ਕਾਹਦਾ ਰੱਖੇ ਜਿਨ੍ਹਾਂ ਨੂੰ ਕ੍ਰਿਸ਼ਨ ਮੁਰਾਰ ਲੋਕੋ
ਇੱਕੋ ਮੇਹਰ ਦੀ ਨਜ਼ਰ ਜੇਕਰ ਸਾਹਿਬ ਬੇੜੇ ਰੁੜ੍ਹਦਿਆਂ ਨੂੰ ਲਾਵੇ ਪਾਰ ਲੋਕੋ
ਜੇਕਰ ਕੀੜੀ ਤੇ ਦਯਾ ਦੀ ਦ੍ਰਿਸ਼ਟ ਧਾਰੇ ਕੀੜੀ ਤੁਰਤ ਦੇਵੇ ਹਾਥੀ ਮਾਰ ਲੋਕੋ
ਦੱਸੋ ਚਿੜੀ ਨੂੰ ਬਾਜ਼ ਦਾ ਖ਼ੌਫ ਕਾਹਦਾ ਜੇਕਰ ਦਿਆਲ ਹੋਵੇ ਓਅੰਕਾਰ ਲੋਕੋ
ਕਰੇ ਦਯਾ ਦੀ ਦ੍ਰਿਸ਼ਟ ਜੇ ਪਾਪੀਆਂ ਤੇ ਦੇਵੇ ਤੁਰਤ ਹੀ ਸਾਗਰੋਂ ਪਾਰ ਲੋਕੋ
ਐਸੇ ਦੀਨ ਦਯਾਲ ਕ੍ਰਿਪਾਲ ਤਾਈਂ ਕੋਟ ਕੋਟ ਮੇਰੀ ਨਮਸਕਾਰ ਲੋਕੋ
ਅੱਗੇ ਹਾਲ ਬਸੰਤ ਦਾ ਆਖਦਾ ਮੈਂ ਮੇਰੀ ਗੱਲ ਤੇ ਕਰੋ ਇਤਬਾਰ ਲੋਕੋ
ਖੜਗਸੈਨ ਜਲਾਦਾਂ ਨੂੰ ਹੁਕਮ ਦਿਤਾ ਸੂਲੀ ਝੱਟ ਹੋ ਗਈ ਤਿਆਰ ਲੋਕੋ
ਹੋਯਾ ਕੁੰਵਰ ਦਾ ਧਰਮ ਸਹਾਈ ਆ ਕੇ ਸੂਲੀ ਝਟ ਹੋ ਗਈ ਟੋਟੇ ਚਾਰ ਲੋਕੋ
ਐਪਰ ਰਾਜੇ ਨੂੰ ਰਤੀ ਨਾ ਰਹਿਮ ਆਯਾ ਸੂਲੀ ਫੇਰ ਗੱਡੀ ਦੂਜੀ ਵਾਰ ਲੋਕੋ
ਦੌਲਤ ਰਾਮ ਧਿਆਨ ਕਰ ਸੁਣੋ ਅੱਗੇ ਲੈਂਦੇ ਰਾਮ ਬਸੰਤ ਦੀ ਸਾਰ ਲੋਕੋ

## ਬਨਵਾਸ ਦਾ ਹੁਕਮ ਦੇਵਣਾ ਰਾਜੇ ਨੇ ਬਸੰਤ ਨੂੰ

ਸੂਲੀ ਚਾੜ੍ਹਨੇ ਦੀ ਜਦੋਂ ਕਰੀ ਤਿਆਰੀ ਤਦੋਂ ਰੂਪ ਨੇ ਸ਼ੋਰ ਮਚਾਇਓ ਨੇ
ਆ ਕੇ ਝੱਟ ਜਲਾਦਾਂ ਦੀ ਬਾਂਹ ਪਕੜੀ ਧੱਕੇ ਮਾਰ ਕੇ ਦੂਰ ਹਟਾਇਓ ਨੇ
ਪਹਿਲੇ ਮੁਝ ਦਾ ਸੀਸ ਉਤਾਰ ਦੇਵੋ ਪਿਛੇ ਵੀਰ ਨੂੰ ਹੱਥ ਲਗਾਇਓ ਨੇ
ਨਾਲੇ ਸ਼ੈਹਰ ਦੀ ਕੁਲ ਪੰਚੈਤ ਆਈ ਅੱਗੇ ਸ਼ਾਹ ਦੇ ਰੁਦਨ ਰਚਾਇਓ ਨੇ
ਸਭੇ ਆਖਦੇ ਰੈਹਮ ਕਰ ਪੁੱਤਰ ਉਤੇ ਰੋਇ ਰੋਇ ਕੇ ਅਰਜ਼ ਸੁਣਾਇਓ ਨੇ
ਨਾਲ ਆਣ ਕੇ ਸ਼ਹਿਰ ਦੀਆਂ ਨਾਰੀਆਂ ਨੇ ਬੰਨ੍ਹ ਸੰਦਲਾ ਪਿੱਟਣਾ ਪਾਇਓ ਨੇ
ਨਾਲੇ ਕੁਲ ਦੀਵਾਨ ਮੁਸੱਦੀਆਂ ਨੇ ਆ ਕੇ ਸ਼ਾਹ ਨੂੰ ਬਹੁਤ ਸਮਝਾਇਓ ਨੇ

ਪੈਂਦੀ ਕੂਕ ਉਤੇ ਕੂਕ ਤਰਫ ਚਾਰੇ ਪੁੱਤਰ ਨਾਲ ਕੀ ਜ਼ੁਲਮ ਕਮਾਇਓ ਨੇ
ਹੋਇਆ ਚਾਰ ਚੁਫੇਰੇ ਅੰਧੇਰ ਆ ਕੇ ਉਤੋਂ ਰੱਬ ਅੰਧੇਰ ਵਗਾਇਓ ਨੇ
ਨਾਲੇ ਰਾਜੇ ਦੇ ਚਿਤ ਭੀ ਦਇਆ ਆਈ ਚਿਤ ਰਾਮ. ਦੇ ਆਣ ਭਰਮਾਇਓ ਨੇ
ਚਿੜੀ ਚਿੜੇ ਦੀ ਗੱਲ ਭੀ ਯਾਦ ਆਈ ਪਾਣੀ ਨੇਤਰਾਂ ਦੇ ਵਿਚ ਛਾਇਓ ਨੇ
ਬਨੋਬਾਸ ਦਾ ਮੁੜ ਨੇ ਧਰਮ ਕੀਤਾ ਚੇਤਾ ਏਤਨਾ ਰੱਬ ਕਰਵਾਇਓ ਨੇ
ਬਹੁਤਾ ਹੋਰ ਕੀ ਕਰਾਂ ਬਿਆਨ ਯਾਰੋ ਸੱਚੇ ਰਾਮ ਨੇ ਆਪ ਬਚਾਇਓ ਨੇ
ਦੌਲਤ ਰਾਮ ਫਿਰ ਰਾਜੇ ਨੂੰ ਰੈਹਮ ਆਇਆ ਬਨੋਬਾਸ ਦਾ ਹੁਕਮ ਚੜ੍ਹਾਇਓ ਨੇ

## ਹਾਲ ਰੂਪ ਬਸੰਤ ਦੇ ਬਨੋਬਾਸ ਜਾਵਣੇ ਦਾ

ਬਨੋਬਾਸ ਦਾ ਰਾਜੇ ਨੇ ਹੁਕਮ ਦਿਤਾ ਖੁਲ੍ਹੀ ਹਥਕੜੀ ਕੁੰਵਰ ਹੁਸ਼ਿਆਰ ਹੋਏ
ਮੰਨੀ ਪਿਤਾ ਦੀ ਆਗਿਆ ਸੀਸ ਉਤੇ ਉਸੇ ਵਕਤ ਓਹ ਉਠ ਤਯਾਰ ਹੋਏ
ਧਰਮ ਚੰਦ ਵਜ਼ੀਰ ਤੇ ਲਏ ਘੋੜੇ ਓਸੇ ਵਕਤ ਦੋਵੇਂ ਅਸਵਾਰ ਹੋਏ
ਡਰਦੇ ਰਾਜੇ ਦੇ ਮੂਲ ਨਾ ਨਿਕਟ ਆਏ ਦੂਰੋਂ ਦੂਰੋਂ ਹੀ ਯਾਰੋ ਨਮਸਕਾਰ ਹੋਏ
ਰਾਜਾ ਆਖਦਾ ਭੈੜਿਆਂ ਪੁੱਤਰਾਂ ਦਾ ਸਾਰੀ ਉਮਰ ਨਾ ਫਿਰ ਦੀਦਾਰ ਹੋਏ
ਧਰਮ ਚੰਦ ਦਾ ਮੁੱਖੜਾ ਜ਼ਰਦ ਹੋਇਆ ਜਿਵੇਂ ਚਿਰਾਂ ਦਾ ਕੋਈ ਬੀਮਾਰ ਹੋਏ
ਆਖੇ ਬਚਿਓ ਕੁਝ ਨਾ ਵਸ ਮੇਰੇ ਲਿਖੇ ਲੇਖ ਨਾ ਕਿਸੇ ਤੇ ਟਾਰ ਹੋਏ
ਵਾਰੋ ਵਾਰ ਆ ਕੇ ਲੋਕ ਮਿਲਣ ਲੱਗੇ ਜੇਹੜੇ ਮੁੱਢ ਕਦੀਮ ਦੇ ਯਾਰ ਹੋਏ
ਬੱਦਲ ਵਾਂਗ ਬਰਸੇ ਪਾਣੀ ਅੱਖੀਆਂ ਤੇ ਜਿਵੇਂ ਭਾਦਰੋਂ ਮਾਹ ਫੁਹਾਰ ਹੋਏ
ਦਿਲ ਤੜਫਦੇ ਨੇ ਲੋਕਾਂ ਸਾਰਿਆਂ ਦੇ ਜੈਸੇ ਮੀਨ ਦਾ ਹਾਲ ਬੇਵਾਰ ਹੋਏ
ਸਭੇ ਆਖਦੇ ਰਾਣੀ ਨੇ ਜ਼ੁਲਮ ਕੀਤਾ ਰੱਬ ਕਰੇ ਇਸ ਦਾ ਤੁਖ਼ਮ ਮਾਰ ਹੋਏ
ਸਾਰੀ ਪੁਰੀ ਅਜੁੱਧਿਆ ਦੁਖੀ ਹੋਈ ਵਿਦਾ ਰਾਮ ਲਛਮਣ ਅਵਤਾਰ ਹੋਏ
ਮਿਲ ਕੇ ਸਾਰਿਆਂ ਨੂੰ ਵਾਗਾਂ ਸੁੱਟੀਆ ਨੇ ਵਾਂਗੂੰ ਬਾਜ਼ ਦੇ ਤੇਜ਼ ਤਰਾਰ ਹੋਏ
ਜਦੋਂ ਸ਼ਹਿਰ ਦੀ ਜੂਹ ਤੋਂ ਬਾਹਰ ਹੋਏ ਸੱਚੇ ਰੱਬ ਦੇ ਸ਼ੁਕਰਗੁਜ਼ਾਰ ਹੋਏ
ਬੁਰਾ ਖ਼ੌਫ ਹੁੰਦਾ ਯਾਰੋ ਜ਼ਿੰਦਗੀ ਦਾ ਘੋੜੇ ਭੱਜਦੇ ਭੱਜਦੇ ਹਾਰ ਹੋਏ
ਸੂਰਜ ਛਪੇ ਦੇ ਵਕਤ ਨੂੰ ਵੀਰ ਦੋਵੇਂ ਬੀਸ ਕੋਸ ਦੇ ਕਦਰ ਮਿਕਦਾਰ ਹੋਏ
ਕੌਣ ਮਾਰ ਸਕੇ ਉਸ ਮਰਦ ਤਾਈਂ ਜਿਸ ਦਾ ਰੱਬ ਸੱਚਾ ਮਦਦਗਾਰ ਹੋਏ
ਕੇਹੜਾ ਜਿੱਤ ਜਾਵੇ ਜੰਗ ਪਾਂਡਵਾਂ ਤੋਂ ਸਾਥੀ ਜਿਨ੍ਹਾ ਦੇ ਕ੍ਰਿਸ਼ਨ ਮੁਰਾਰ ਹੋਏ
ਦੌਲਤ ਰਾਮ ਕਹੁ ਉਨ੍ਹਾਂ ਨੂੰ ਕੌਣ ਮਾਰੇ ਰਾਖਾ ਜਿਨ੍ਹਾਂ ਦਾ ਆਪ ਕਰਤਾਰ ਹੋਏ

## ਵਾਕ ਕਵੀਸ਼ਰ ਕਾ

ਤਿਆਗੀ ਨੱਸਦਾ ਜਗ ਵਿਹਾਰ ਕੋਲੋਂ ਜਤੀ ਨੱਸਦਾ ਹੈ ਜੈਸੇ ਕਾਮ ਤੇ ਜੀ
ਰੋਗ ਨੱਸਦਾ ਹੈ ਜੈਸੇ ਔਸ਼ਧੀ ਤੇ ਤਾਪ ਨੱਸਦੇ ਰਾਮ ਦੇ ਨਾਮ ਤੇ ਜੀ

ਗਊ ਨੱਸਦੀ ਹੈ ਜੈਸੇ ਸੇਰ ਕੋਲੋ ਭਲਾ ਲੋਕ ਨੱਸੇ ਅਲਜ਼ਾਮ ਤੇ ਜੀ
ਪਾਪੀ ਨੱਸਦਾ ਵੇਦ ਦੇ ਵਾਕ ਕੋਲੋਂ ਬੇਈਮਾਨ ਕੁਰਾਨ ਕਲਾਮ ਤੇ ਜੀ
ਹਿੰਦੂ ਨੱਸਦਾ ਹੈ ਗਊ ਘਾਤ ਕੋਲੋ ਮੁਸਲਮਾਨ ਜਿਉਂ ਸੂਰ ਹਰਾਮ ਤੇ ਜੀ
ਸੱਪ ਨੱਸਦਾ ਹੈ ਜਿਵੇ ਮੋਰ ਕੋਲੋਂ ਬਰਫ ਨੱਸਦੀ ਹੈ ਜਿਵੇ ਘਾਮ ਤੇ ਜੀ
ਚੋਰ ਨੱਸਦਾ ਹੈ ਪ੍ਰਾਤਕਾਲ ਕੋਲੋ ਦਿਨ ਨੱਸਦਾ ਹੈ ਜਿਵੇਂ ਸਾਮ ਤੇ ਜੀ
ਗੁਰੂ ਮਿਲੇ ਤੇ ਨੱਸਦਾ ਭਰਮ ਜੈਸੇ ਭੁੱਖ ਨੱਸਦੀ ਹੈ ਜਿਵੇਂ ਹਆਮ ਤੇ ਜੀ
ਪੈਸਾ ਨੱਸਦਾ ਜੂਆ ਖੇਲਨੇ ਤੋਂ ਇਜ਼ੱਤ ਨਸਦੀ ਗ਼ੈਰ ਮੁਕਾਮ ਤੇ ਜੀ
ਸ਼ੁਭ ਗੁਣ ਨੱਸਦੇ ਨੇ ਜੈਸੇ ਲੋਭ ਕੋਲੋਂ ਦਯਾ ਨੱਸਦੀ ਸੂਮ ਤੇ ਦਾਮ ਤੇ ਜੀ
ਧਰਮੀ ਨੱਸਦਾ ਹੈ ਜਿਵੇਂ ਪਾਪ ਕੋਲੋਂ ਕਾਇਰ ਨੱਸਦਾ ਜਿਵੇ ਸੰਗ੍ਰਾਮ ਤੇ ਜੀ
ਗਰਮੀ ਨੱਸਦੀ ਹੈ ਸੰਦਲ ਪੀਵਨੇ ਤੋਂ ਖੁਸਕੀ ਨੱਸਦੀ ਤੇਲ ਬਦਾਮ ਤੇ ਜੀ
ਨਸੇ ਵੈਸ਼ਨੋ ਮਾਸ ਸ਼ਰਾਬ ਕੋਲੋਂ ਨਸੇ ਵੇਦ ਚੰਡਾਲ ਦੇ ਗ੍ਰਾਮ ਤ ਜੀ
ਗਿਆਨੀ ਨੱਸਦੇ ਜਿਸ ਤਰ੍ਹਾਂ ਮੂਰਖ਼ਾ ਤੋਂ ਪਾਪੀ ਨੱਸਦੇ ਧਰਮ ਦੇ ਕਾਮ ਤੇ ਜੀ
ਭੌਰ ਜਾਂਵਦੇ ਹੈਂ ਜੈਸੇ ਫੁੱਲ ਉਤੇ ਫੌਜ ਜਾਂਵਦੀ ਹੈ ਜੈਸੇ ਲਾਮ ਤੇ ਜੀ
ਕਾਮੀ ਨਸਦੇ ਸਾਧ ਦੇ ਸੰਗ ਕੋਲੋਂ ਸਾਧ ਨਸਦਾ ਹੈ ਜੈਸ ਦਾਮ ਤੇ ਜੀ
ਬ੍ਰਾਹਮਣ ਨੱਸਦੇ ਨੀਚ ਦੇ ਸੰਗ ਕੋਲੋਂ ਨੱਸੇ ਛਤ੍ਰੀ ਜਿਉਂ ਪਰਸਰਾਮ ਤੇ ਜੀ
ਦੌਲਤਰਾਮ ਇਉਂ ਨੱਸ ਗਏ ਵੀਰ ਦੋਵੇਂ ਪਰਸਰਾਮ ਜਯੋ ਨੱਸਿਆ ਰਾਮ ਤੇ ਜੀ

## ਵਾਕ ਕਵੀਸ਼ਰ ਵਾ ਹਾਲ ਰਾਜਾ ਕਾ

ਬਨੋਬਾਸ ਦੇ ਕੇ ਦੂਹਾਂ ਪੁੱਤ੍ਰਾਂ ਨੂੰ ਰਾਜਾ ਵਿਚ ਮਹੱਲ ਦੇ ਆਇਆ ਈ
ਆ ਕੇ ਦੱਸਿਆ ਰਾਣੀ ਨੂੰ ਹਾਲ ਸਾਰਾ ਜੇਹੜਾ ਧਰਮ ਦਾ ਅਦਲ ਕਮਾਇਆ ਈ
ਰਾਣੀ ਆਖਯਾ ਤੈਂ ਇਕ ਦੇ ਕੱਢਣੇ ਨੂੰ ਮੈਂਨ ਦੁਹਾਂ ਤੇ ਰਾਜ ਛੁਡਾਇਆ ਈ
ਮੈਂਨ ਅਦਲ ਨੌਸ਼ੇਰਵਾ ਵਾਗ ਕੀਤਾ ਤੇਰਾ ਦੁੱਖ ਤਮਾਮ ਮਿਟਾਇਆ ਈ
ਕਹਿਆ ਕਿਸੇ ਦਾ ਮੂਲ ਨਾ ਮੰਨਿਆਂ ਮੈਂ ਤੇਰੇ ਵਾਕ ਨੂੰ ਤੋੜ ਨਿਭਾਇਆ ਈ
ਰਾਣੀ ਆਖਦੀ ਰਾਜਿਆ ਭਲਾ ਕੀਤਾ ਭੈੜੀ ਬੰਸ ਦਾ ਤੁਖ਼ਮ ਉਠਾਇਆ ਈ
ਤੈਨੂੰ ਲਾਵੇਗਾ ਭਾਗ ਭਗਵਾਨ ਸੱਚਾ ਤੈਂਨ ਹੱਕ ਦਾ ਹੱਕ ਠਹਿਰਾਇਆ ਈ
ਧੰਨ ਧੰਨ ਹੈ ਰਾਜਿਆ ਜਨਮ ਤੇਰਾ ਤੈਂਨ ਧਰਮ ਨੂੰ ਤੋੜ ਚੜ੍ਹਾਇਆ ਈ
ਓਸ ਵਕਤ ਰਾਣੀ ਅਸ਼ਨਾਨ ਕਰ ਕੇ ਸੋਹਣਾ ਹਾਰ ਸ਼ਿੰਗਾਰ ਲਗਾਇਆ ਈ
ਕੀਤੀ ਰੌਸ਼ਨੀ ਆਪਣੇ ਮਹੱਲ ਉਤੇ ਨਾਲੇ ਪੁੰਨ ਤੇ ਦਾਨ ਕਰਵਾਇਆ ਈ
ਪੁੱਤਰ ਜੰਮਨੇ ਦੀ ਜਿਵੇਂ ਖ਼ੁਸ਼ੀ ਹੁੰਦੀ ਉਸੇ ਤਰ੍ਹਾਂ ਜਲੂਸ ਰਚਾਇਆ ਈ
ਦੌਲਤ ਰਾਮ ਦੇਖੋ ਕੰਮ ਔਰਤਾ ਦਾ ਜਿਨ੍ਹਾਂ ਕੂੜ ਤੇ ਸੱਚ ਬਨਾਇਆ ਈ

## ਹਾਲ ਰਾਣੀ ਦਾ ਦਿਲ ਦੇ ਨਾਲ

ਰਾਣੀ ਚਿਤ ਦੇ ਵਿਚ ਅਫਸੋਸ ਕਰਦੀ ਕਿਹਾ ਜ਼ੁਲਮ ਅਪਰਾਧ ਕਮਾਯਾ ਮੈਂ
ਨਾਲੇ ਨਿੰਦਿਆ ਕੁਲ ਜਹਾਨ ਕਰਦਾ ਨਾਲੇ ਧਰਮ ਇਮਾਨ ਗਵਾਯਾ ਮੈਂ
ਕਦੋ ਬਖਸ਼ਣਾ ਹੈ ਮੈਨੂੰ ਰੱਬ ਸੱਚੇ ਬਿਨਾਂ ਦੋਸ਼ ਨੂੰ ਦੋਸ਼ ਲਗਾਯਾ ਮੈਂ
ਇੱਕ ਘੜੀ ਦੇ ਵਿਸ਼ੇ ਸ਼ੈਤਾਨ ਪਿਛੇ ਸਕੇ ਪੁੱਤਰਾਂ ਘਰੋ ਕਢਾਇਆ ਮੈਂ
ਲੱਖ ਲਾਨ੍ਹਤਾ ਨੀ ਮੇਰੇ ਜੀਵਣੇ ਨੂੰ ਕੇਹੜੀ ਗੱਲ ਤੇ ਚਿੱਤ ਲੁਭਾਯਾ ਮੈਂ
ਵਾਰ ਵਾਰ ਇਹੋ ਗੱਲ ਆਖਦੀ ਸੀ ਹੀਰੇ ਜਨਮ ਨੂੰ ਖ਼ਾਕ ਰੁਲਾਯਾ ਮੈਂ
ਨਾਲੇ ਆਪ ਜਹਾਨ ਵਿਚ ਬੁਰੀ ਹੋਈ ਨਾਲੇ ਰਾਜ ਨੂੰ ਗ਼ਰਕ ਕਰਵਾਯਾ ਮੈਂ
ਦੌਲਤ ਰਾਮ ਹਯਾਤੀ ਦੇ ਵਣਜ ਵਿਚੋਂ ਏਹੋ ਨਫ਼ਾ ਜਹਾਨ ਤੇ ਪਾਯਾ ਮੈਂ

## ਐਜ਼ਲ

ਵਿਚੇ ਵਿਚ ਪਈ ਪੱਛੋਤਾਂਵਦੀ ਸੀ ਕੀਤਾ ਆਪਣਾ ਚੰਦਰੀ ਸਹਿ ਗਈ ਜੇ
ਛਿਪੇ ਪਾਪ ਦੀ ਮਾਰ ਨਾ ਚਿੱਤ ਅੰਦਰ ਵਿਚੋਂ ਅੱਗ ਅਜ਼ਗੈਬ ਦੀ ਦਹਿ ਗਈ ਜੇ
ਗਿਆ ਵਕਤ ਨਾ ਕਿਸੇ ਨੂੰ ਹੱਥ ਆਵੇ ਦਿਲ ਦੀ ਗੱਲ ਦਿਲ ਵਿਚ ਰਹਿ ਗਈ ਜੇ
ਉਤੋਂ ਹਾਰ ਸ਼ਿੰਗਾਰ ਲਗਾਂਵਦੀ ਸੀ ਅੰਦਰ ਛੁਰੀ ਫਰਾਕ ਦੀ ਵਹਿ ਗਈ ਜੇ
ਕਰਦਾ ਨਿੰਦਿਆ ਕੁਲ ਸੰਸਾਰ ਯਾਰੋ ਨਾਲੇ ਰੱਬ ਵਲੋਂ ਝੂਠੀ ਪੈ ਗਈ ਜੇ
ਦੌਲਤ ਰਾਮ ਰਾਣੀ ਬੇਈਮਾਨ ਹੋ ਕੇ ਨੇਕੀ ਏਹੋ ਜਹਾਨ ਤੇ ਲੈ ਗਈ ਜੇ

## ਵਾਕ ਕਵੀਸ਼ਰ

ਜੇਹੜਾ ਕਿਸੇ ਦੇ ਚਿੱਤ ਨੂੰ ਦੁਖੀ ਕਰਦਾ ਹੁੰਦਾ ਅੰਤ ਨੂੰ ਆਪ ਖਰਾਬ ਲੋਕੋ
ਓਹ ਭੀ ਸੜੇਗਾ ਨਰਕ ਦੀ ਭਾਹ ਅੰਦਰ ਜੇਹੜਾ ਕਿਸੇ ਨੂੰ ਕਰੇ ਕਬਾਬ ਲੋਕੋ
ਛੱਡੋ ਚੋਰੀਆਂ ਯਾਰੀਆਂ ਦਗੇਬਾਜ਼ੀ ਜੂਆ ਕੰਜਰੀ ਮਾਸ ਸ਼ਰਾਬ ਲੋਕੋ
ਗ਼ੈਰ ਅਮਲ ਜੇਹੜੇ ਬੇਈਮਾਨ ਬੰਦੇ ਹੁੰਦਾ ਓਹਨਾਂ ਨੂੰ ਨਰਕ ਅਜ਼ਾਬ ਲੋਕੋ
ਜੱਪੋ ਰਾਮ ਦਾ ਨਾਮ ਇਕ ਚਿੱਤ ਹੋ ਕੇ ਪੀਓ ਆਬਹਯਾਤ ਦਾ ਆਬ ਲੋਕੋ
ਜਿਨ੍ਹਾ ਰਾਮ ਦਾ ਨਾਮ ਨਾ ਯਾਦ ਕੀਤਾ ਹੋਵੇ ਜ਼ਾਲਮਾਂ ਦਾ ਬੁਰਾ ਬਾਬ ਲੋਕੋ
ਜੇਹੜੇ ਧਰਮ ਈਮਾਨ ਨੂੰ ਛੱਡ ਬੈਠੇ ਅੱਗੇ ਦੇਣਗੇ ਕਿਆ ਜਵਾਬ ਲੋਕੋ
ਮੰਦੇ ਹਾਲ ਹੋਸਣ ਓਹਨਾਂ ਪਾਪੀਆ ਦੇ ਅਦਲ ਕਰੇਗਾ ਪਾਕ ਜਨਾਬ ਲੋਕੋ
ਰਾਣੀ ਵਾਂਗ ਜੋ ਕਰੇਗਾ ਕਰਮ ਮੰਦੇ ਸੋਈ ਹੋਵਸੀ ਅੰਤ ਬੇਤਾਬ ਲੋਕੋ
ਦੌਲਤ ਰਾਮ ਹੁਣ ਸਾਂਭ ਲੈ ਵਹੀ ਖਾਤਾ ਅੱਗੇ ਦੇਵਣਾ ਹੋਰ ਹਿਸਾਬ ਲੋਕੋ

## ਹਾਲ ਰੂਪ ਬਸੰਤ ਕਾ

ਅੱਗੇ ਰੂਪ ਬਸੰਤ ਦਾ ਹਾਲ ਆਖਾ ਮੇਰੀ ਗੱਲ ਤੇ ਕਰੋ ਖਿਆਲ ਯਾਰੋ
ਜੇੜ੍ਹੀ ਰੂਪ ਬਸੰਤ ਦੇ ਨਾਲ ਹੋਈ ਰੱਬ ਕਰੇ ਨਾ ਦੁਸ਼ਮਨਾਂ ਨਾਲ ਯਾਰੋ
ਫਿਰਦੇ ਜੰਗਲਾਂ ਵਿਚ ਖ਼ੁਆਰ ਹੁੰਦੇ ਹੋਇਆ ਦੋਹਾਂ ਦਾ ਹਾਲ ਜ਼ਵਾਲ ਯਾਰੋ
ਦਿਨੇ ਰਾਤ ਦਾ ਨੀਂਦ ਅਰਾਮ ਆਵੇ ਹੋਏ ਪੰਧ ਦੇ ਨਾਲ ਨਢਾਲ ਯਾਰੋ
ਬਾਲ ਉਮਰ ਆਹ ਰਾਜ ਕੁੰਵਰ ਦੋਵੇ ਉਤੋਂ ਪੈ ਗਿਆ ਵਖਤ ਹੋ ਹਾਏ ਮੰਦੇ ਹਾਲ ਯਾਰੋ
ਕਦੇ ਜੰਮ ਕੇ ਦੁੱਖ ਨਾ ਦੇਖਿਆ ਸੀ ਇਕੋ ਵਖਤ ਹੋ ਗਏ ਮੰਦੇ ਹਾਲ ਯਾਰੋ
ਜਿਸ ਨੇ ਸ਼ੀਸ਼ ਮਹੱਲ ਨਿਵਾਸ ਕੀਤਾ ਜੰਗਲ ਵਸਣਾ ਵੱਡਾ ਮੁਹਾਲ ਯਾਰੋ
ਜੰਗਲ ਵਿਚ ਫਿਰਦੇ ਡਾਂਵਾਂਡੋਲ ਹੋ ਕੇ ਕੋਈ ਪੁੱਛਦਾ ਨਹੀ ਅਹਿਵਾਲ ਯਾਰੋ
ਹੋਣੀ ਲੈ ਗਈ ਓਸ ਉਜਾੜ ਅੰਦਰ ਜਿੱਥੇ ਨੱਚਦੇ ਭੂਤ ਬੇਤਾਲ ਯਾਰੋ
ਮੋਰ ਚਿਤਰੇ ਬਘਿਆੜ ਤੇ ਰਿੱਛ ਫਿਰਦੇ ਬਾਦਰ ਹੋਰ ਲੰਗੂਰ ਮ੍ਰਿਗਾਲ ਯਾਰੋ
ਮਸਤ ਹਾਥੀਆਂ ਦਾ ਕੋਈ ਅੰਤ ਨਾਹੀਂ ਫਿਰਦੀ ਰੋਝਾਂ ਦੀ ਟਾਲ ਤੇ ਟਾਲ ਯਾਰੋ
ਉਚੇ ਬ੍ਰਿਛ ਅਸਮਾਨ ਦੇ ਨਾਲ ਚੋਟੀ ਗਿਰਝਾਂ ਬੈਠੀਆਂ ਨੇ ਡਾਲੋ ਡਾਲ ਯਾਰੋ
ਚਾਰੋ ਤਰਫ ਪਹਾੜ ਪਹਾੜ ਦਿਸੇ ਨਦੀਆਂ ਵਗਦੀਆਂ ਨਾਲ ਉਛਾਲ ਯਾਰੋ
ਫਿਰਦੀ ਹੋਰ ਹਜ਼ਾਰ ਅਫਾਤ ਓਥੇ ਕਿਸੇ ਗੱਲ ਨਹੀਂ ਸੁਖਾਲ ਯਾਰੋ
ਜੇਠ ਮਾਹ ਦੀ ਸਖ਼ਤ ਬਹਾਰ ਆਹੀ ਪੈਂਦੀ ਧੁੱਪ ਅਗਨੀ ਵਾਂਗ ਲਾਲ ਯਾਰੋ
ਫਿਰਦੇ ਭੀਲ ਹਜ਼ਾਰ ਉਸ ਬਾਰ ਅੰਦਰ ਜੇੜ੍ਹੇ ਜ਼ਾਤ ਦੇ ਨੀਚ ਚੰਡਾਲ ਯਾਰੋ
ਕਰਦੇ ਜ਼ਰਾ ਭੀ ਰਹਿਮ ਨਾ ਆਦਮੀ ਤੇ ਜਾਣੋ ਕਾਲ ਦੇ ਰੂਪ ਮਸਾਲ ਯਾਰੋ
ਕੋਈ ਦੁੱਖਾ ਦਾ ਅੰਤ ਨਾ ਆਂਵਦਾ ਈ ਰੁਕੀ ਫਾਲ ਦੇ ਵਿਚ ਫਾਲ ਯਾਰੋ
ਰੱਤੀ ਖ਼ੌਫ ਨਾ ਰੱਖਦੇ ਚਿੱਤ ਉਤੇ ਇਕੋ ਰਾਮ ਦੀ ਤਰਫ ਖਿਆਲ ਯਾਰੋ
ਹੈਸਨ ਛੱਤਰੀ ਸੂਰਮੇ ਬੀਰ ਦੋਵੇਂ ਨਾਲੇ ਪਾਸ ਤਲਵਾਰ ਤੇ ਢਾਲ ਯਾਰੋ
ਜ਼ਾਲਮ ਭੀਲ ਜੋ ਉਨ੍ਹਾਂ ਦੇ ਨਿਕਟ ਆਵੇ ਖੰਡਾ ਮਾਰ ਕੇ ਕਰਨ ਹਲਾਲ ਯਾਰੋ
ਪੱਥਰੀ ਕੁੰਡਾ ਭੀ ਉਨ੍ਹਾਂ ਦੇ ਕੋਲ ਆਹਾ ਰਤੀ ਬੈਠ ਜਾਂਦੇ ਅੱਗ ਬਾਲ ਯਾਰੋ
ਸ਼ੇਰ ਚਿਤਰਾ ਅੱਗ ਤੋਂ ਖ਼ੌਫ ਖਾਵੇ ਪੈਹਰੇ ਰੱਖਦੇ ਖ਼ੂਬ ਸੰਭਾਲ ਯਾਰੋ
ਦਸੋ ਉਨ੍ਹਾਂ ਨੂੰ ਕਿਸੇ ਦਾ ਖ਼ੌਫ ਕਾਹਦਾ ਰਾਖਾ ਜਿਨ੍ਹਾਂ ਦਾ ਰੱਬ ਦਯਾਲ ਯਾਰੋ
ਵਾਰੋ ਵਾਰ ਪੈਹਰਾ ਦੋਵੇਂ ਵੀਰ ਦੇਂਦੇ ਲੈਂਦੇ ਰਾਤ ਇਸ ਤੌਰ ਨਿਕਾਲ ਯਾਰੋ
ਸੁਬ੍ਹਾ ਉਠ ਕੇ ਤੇ ਨਿਤਨੇਮ ਕਰਦੇ ਜੇਹੜੀ ਛੱਤਰੀ ਬੰਸ ਦੀ ਚਾਲ ਯਾਰੋ
ਆਠੋ ਜਾਮ ਭਗਵਾਨ ਦਾ ਜਾਪ ਕਰਦੇ ਪਾਠ ਗਾਇਤ੍ਰੀ ਦਾ ਤਿੰਨ ਕਾਲ ਯਾਰੋ
ਫੁੱਲਾਂ ਫਲਾਂ ਦੇ ਨਾਲ ਗੁਜ਼ਰਾਨ ਕਰਦੇ ਰਹਿੰਦੇ ਰਾਮ ਦੇ ਨਾਲ ਨਿਹਾਲ ਯਾਰੋ
ਕਿਸੀ ਤੌਰ ਦਾ ਜ਼ਰਾ ਵੀ ਸੋਗ ਨਾਹੀਂ ਰਹਿੰਦੇ ਸਦਾ ਅਨੰਦ ਖ਼ੁਸ਼ਹਾਲ ਯਾਰੋ
ਇਕੋ ਰੰਗ ਹੈ ਰੱਬ ਦੇ ਪਿਆਰਿਆਂ ਨੂੰ ਸੋਨਾ ਸਾਫ ਤੇ ਪੋਸ ਮਾਫਾਲ ਯਾਰੋ
ਦੱਸੋ ਵਖਤ ਕਿਹਾ ਲਕੜ ਹਾਰਿਆਂ ਨੂੰ ਜੇਹੜੇ ਮੁੱਢ ਦੇ ਹੋਣ ਕੰਗਾਲ ਯਾਰੋ

ਵਖਤ ਪੈਂਦੇ ਨੇ ਰਾਜਿਆਂ ਰਾਣਿਆਂ ਨੂੰ ਮਰਦ ਕੱਟਦੇ ਸੀਸ ਦੇ ਨਾਲ ਯਾਰੋ
ਦੌਲਤ ਰਾਮ ਏਸੇ ਤਰ੍ਹਾ ਲੇਖ ਆਹਾ ਦੇਵੇ ਕੌਣ ਤਕਦੀਰ ਨੂੰ ਟਾਲ ਯਾਰੋ

### ਅੰਜ਼ਨ

ਦੁਖੀ ਸੁਖੀ ਹੋ ਕੇ ਦੋਵੇਂ ਵੀਰ ਲੋਕੋ ਬੀਸ ਰੋਜ਼ ਇਸ ਤੌਰ ਗੁਜ਼ਾਰ ਗਏ
ਡੇਰੇ ਮੰਜ਼ਲੋ ਮੰਜਲੀ ਕੂਚ ਕਰ ਕੇ ਸੰਗਲਦੀਪ ਦੀ ਹੱਦ ਤੋਂ ਪਾਰ ਗਏ
ਪੰਝੀ ਕੋਸ ਦੀ ਮੰਜ਼ਲ ਹਮੇਸ ਕੀਤੀ ਘੋੜੇ ਚਲਦੇ ਚਲਦੇ ਹਾਰ ਗਏ
ਦਾਣੇ ਪਾਣੀ ਨੇ ਆਇ ਕੇ ਜ਼ੋਰ ਕੀਤਾ ਦੱਖਣ ਦਿਸ਼ਾ ਦੀ ਤਰਫ਼ ਸਿਧਾਰ ਗਏ
ਆਪਣੇ ਰਾਜ ਦੀ ਹੱਦ ਤੋਂ ਦੂਰ ਹੋਏ ਮਿਸਰ ਸ਼ੈਹਰ ਦੀ ਤਰਫ ਪਧਾਰ ਗਏ
ਅੱਗੋਂ ਆ ਗਿਆ ਇਕ ਪਹਾੜ ਯਾਰੋ ਰਸਤਾ ਭੁੱਲ ਪਹਾੜ ਵਿਚਕਾਰ ਗਏ
ਉੱਤੋਂ ਵਕਤ ਦੁਪਹੈਰ ਦਾ ਆਣ ਹੋਯਾ ਮਾਰੇ ਧੁੱਪ ਦ ਹੋਏ ਨਿਸਾਰ ਗਏ
ਅਗੇ ਰਿਖੀ ਤੱਪਸਿਆ ਕਰੇ ਬੈਠਾ ਜਦੋਂ ਵਿਚ ਪਹਾੜ ਦੀ ਧਾਰ ਗਏ
ਬੀਸ ਰੋਜ਼ ਪਿਛੋ ਬੰਦਾ ਨਜ਼ਰ ਆਯਾ ਦਿਲ ਦੋਹਾ ਦੇ ਹੋਇ ਗੁਲਜ਼ਾਰ ਗਏ
ਦੌਲਤ ਰਾਮ ਖਲ੍ਹਾਰ ਕੇ ਘੋੜਿਆ ਨੂੰ ਪਾਸ ਰਿਖੀ ਦੇ ਰਾਜ ਕੁਮਾਰ ਗਏ

### ਰਿਖੀ ਨਾਲ ਗੁਫ਼ਤਗੂ ਹੋਵਣੀ ਰੂਪ ਬਸੰਤ ਦੀ (ਦੁਵੈੱਯਾ ਛੰਦ)

ਰਾਮ ਦਾਸ ਸ਼ੀ ਨਾਮ ਰਿਖੀ ਦਾ ਭਜਨ ਰਾਮ ਦਾ ਕਰਦਾ
ਲਾ ਕੇ ਬੈਠਾ ਸੁੰਨ ਸਮਾਧੀ ਧਿਆਨ ਹਰੀ ਦਾਂ ਧਰਦਾ
ਓਅੰ ਸੋਹੰ ਸ਼ਬਦ ਉਚਾਰੇ ਇਕਟ ਲੱਗੀ ਸਮਾਧੀ
ਬੀਚ ਪਹਾੜ ਅਕੇਲਾ ਬੈਠਾ ਤੱਜ ਕੇ ਸਕਲ ਉਪਾਧੀ
ਨਵੇਂ ਦੁਆਰੇ ਵੰਦ ਕੀਏ ਰਿਖ ਦਸਵੇਂ ਸਵਾਸ ਚੜ੍ਹਾਇਆ
ਤੀਨ ਅਵਸਥਾ ਕੋ ਤੱਜ ਬੈਠਾ ਚੌਥੇ ਪਦ ਕੋ ਪਾਇਆ
ਦੋਵੇਂ ਕੁੰਵਰ ਬੈਠ ਗਏ ਯਾਰੋ ਪਾਸ ਰਿਖੀ ਦੇ ਜਾ ਕੇ
ਦੀਨ ਭਾਵ ਸੇ ਕਰਨ ਬੰਧਨਾਂ ਚਰਣੀ ਦਸਤ ਲਗਾ ਕੇ
ਅਗੇ ਮੁਨੀ ਮੌਨ ਧਾਰ ਬੈਠਾ ਮੁੱਖੋ ਆਵਾਜ਼ ਨਾ ਆਈ
ਦੋਵੇਂ ਚਰਣ ਰਿਖੀ ਦੇ ਫੜ ਕੇ ਬੈਠੇ ਦੋਵੇ ਭਾਈ
ਇਕਮਨ ਹੋ ਕੇ ਪੈਰ ਦਬਾਵਨ ਕਰਨ ਰਿਖੀ ਦੀ ਸੇਵਾ
ਪੁਨ ਪੁਨ ਕੁੰਵਰ ਉਚਾਰਣ ਮੁੱਖ ਤੇ ਬੋਲ ਮੁਖੋ ਗੁਰ ਸੇਵਾ
ਇਸ ਬਿਧ ਸੇਵਾ ਕਰਨ ਰਿਖੀ ਦੀ ਹਰਿ ਕੇ ਭਗਤ ਪਿਆਰੇ
ਬਾਹਰੀਂ ਬਰਸੀ ਸੁਆਸ ਰਿਖੀ ਨੇ ਰੱਬ ਸਬੱਬ ਉਤਾਰੇ
ਕੁੰਵਰ ਰਾਮ ਦਾ ਨਾਮ ਉਚਾਰਣ ਬੋਲਣ ਮਿੱਠੀ ਬੋਲੀ
ਸਵਾ ਪਹਿਰ ਦੇ ਬਾਅਦ ਰਿਖੀ ਨੇ ਸੁੰਨ ਸਮਾਧੀ ਖੋਲ੍ਹੀ

ਖੋਹਲੇ ਨੇਤਰ ਮਹਾਂ ਮੁਨੀ ਦ੍ਰਿਸ਼ਟ ਦਇਆ ਦੀ ਪਾਈ
ਸੀਸ ਦੁਹਾਂ ਚਰਣਾ ਪਰ ਧਰ ਕੇ ਪੈ ਗਏ ਦੋਵੇਂ ਭਾਈ
ਵੇਖੇ ਰਿਖੀ ਪਏ ਚਰਣਾ ਪੁਰ ਸੁੰਦਰ ਦੋਵੇ ਲੜਕੇ
ਓਸੇ ਵਕਤ ਉਠਾਏ ਧਾਰੇ ਦਸਤ ਦੋਹਾ ਦੇ ਫੜ ਕੇ
ਉਠਦੇ ਸਾਰ ਕਰਨ ਮੁੜ ਉਸਤਿਤ ਦਿਲ ਵਿਚ ਰਾਜੀ ਹੋ ਕੇ
ਦੋਵੇਂ ਵੀਰ ਲੈਣ ਚਰਣੋਦਕ ਪੈਰ ਰਿਖੀ ਦੇ ਧੋ ਕੇ
ਪੁੱਛੇ ਰਿਖੀ ਦੁਹਾਂ ਕੰਵਰਾ ਨੂੰ ਕਿਆ ਹੈ ਨਾਮ ਤੁਮ੍ਹਾਰਾ
ਕਿਸ ਬਿਧ ਤੁਮ ਕੋ ਮਾਲੂਮ ਹੂਆ ਆਸ਼ਰਮ ਯਹਾਂ ਹਮਾਰਾ
ਕਵਣ ਦਿਸ਼ਾ ਤੇ ਆਏ ਬੇਟਾ ਕਵਣ ਦਿਸ਼ਾ ਕੋ ਜਾਣਾ
ਕਵਣ ਜਾਤ ਅਰਬਰਣ ਤੁਮ੍ਹਾਰਾ ਆਖੋ ਜਨਮ ਟਿਕਾਣਾ
ਕਿਆ ਹੈ ਨਾਮ ਪਿਤਾ ਤੁਮਾਰੇ ਕਾ ਕਿਉਂਕਰ ਗ੍ਰਹਿ ਸੇ ਆਏ
ਬਾਲ ਅਵਸਥਾ ਭੀਤਰ ਬੇਟਾ ਮੁੱਖ ਤੁਮਰੇ ਕੁਮਲਾਏ
ਕਿਆ ਤੁਮ ਰਸਤਾ ਭੂਲ ਗਏ ਹੋ ਆ ਗਏ ਬੀਚ ਉਜਾੜਾਂ
ਕਿਸ ਸਵਾਰਥ ਦੇ ਕਾਰਣ ਬੱਚਾ ਫਿਰਦੇ ਬੀਚ ਪਹਾੜਾਂ
ਆਖੇ ਰੂਪ ਸੁਣੋ ਸੁਆਮੀ ਜੀ ਬਿਰਥਾ ਸਕਲ ਸੁਣਾਵਾਂ
ਜੋ ਕੁਝ ਵਰਤੀ ਨਾਲ ਅਸਾਡੇ ਸਭ ਤੁਮ ਕੋ ਬਤਲਾਵਾਂ
ਸੱਤ ਭਾਵ ਸੇ ਆਖਾ ਤੁਝ ਕੋ ਸੁਣੋ ਸੁਆਮੀ ਸੰਤਾ
ਮੇਰਾ ਨਾਮ ਰੂਪ ਹੈ ਗੁਰੂਆ ਇਸ ਕਾ ਨਾਮ ਬਸੰਤਾ
ਚੰਦਰ ਬੰਸ ਬਰਣ ਛੱਤਰੀ ਕਹੂੰ ਹਾਲ ਅਬ ਸਾਰਾ
ਖੜਗਸੈਨ ਹੈ ਨਾਮ ਪਿਤਾ ਕਾ ਜਿਸ ਗ੍ਰਿਹਿ ਜਨਮ ਹਮਾਰਾ
ਸੰਗਲਦੀਪ ਹੈ ਦੇਸ ਅਸਾਡਾ ਉਸੀ ਤਰਫ ਤੇ ਆਏ
ਪਿਤਾ ਦੀਆ ਬਨਵਾਸ ਅਸਾਂ ਨੂੰ ਕਰਮ ਲਿਖੇ ਫਲ ਪਾਏ
ਜੋ ਕੁਛ ਪਿਛਲੀ ਹਾਲ ਹਕੀਕਤ ਸਭ ਰਿਖੀ ਨੂੰ ਸਮਝਾਈ
ਚੰਦਰਵਤੀ ਦੀ ਕਥਾ ਰੂਪ ਨੇ ਸਾਰੀ ਆਖ ਸੁਣਾਈ
ਸੂਲੀ ਅਤੇ ਅਦਾਲਤ ਵਾਲਾ ਸਭ ਬ੍ਰਿਤਾਂਤ ਸੁਨਾਇਆ
ਬਨੋਬਾਸ ਦਾ ਹਾਲ ਰਿਖੀ ਨੂੰ ਭਲੀ ਪ੍ਰਕਾਰ ਸਮਝਾਇਆ
ਬੀਸ ਰੋਜ ਅਬ ਬੀਤੇ ਹਮ ਕੋ ਫਿਰਦੇ ਬੀਚ ਉਜਾੜਾਂ
ਭਾਗ ਹਮਾਰੇ ਜਾਗੇ ਗੁਰੂਆ ਆ ਗਏ ਬੀਚ ਪਹਾੜਾਂ
ਬੀਸ ਦਿਵਸ ਦੇ ਬਾਅਦ ਸੁਆਮੀ ਪੇਖੇ ਚਰਣ ਤੁਮ੍ਹਾਰੇ
ਦੁਰਲਭ ਦਰਸ਼ਨ ਪਾਇਆ ਤੁਮਰਾ ਮਿਟ ਗਏ ਕਸ਼ਟ ਹਮਾਰੇ
ਹਰਦਮ ਮੇਰੇ ਦਿਲ ਮੇਂ ਰਹਿੰਦੀ ਸੰਤ ਮਿਲਣ ਕੀ ਪਿਆਸਾ
ਦੀਨ ਦਿਆਲ ਕਰੀ ਤੁਮ ਕਿਰਪਾ ਪੂਰਨ ਹੋ ਗਈ ਆਸਾ

ਹਰਿ ਕੀ ਕਥਾ ਸੰਤ ਦਾ ਮੇਲਾ ਪਾਵੇ ਕੋਈ ਵਡਭਾਗੀ
ਅਬ ਹਮ ਤ੍ਰਿਪਤ ਭਏ ਹੈਂ ਸੁਆਮੀ ਤ੍ਰਿਸ਼ਨਾ ਮਨ ਤੇ ਭਾਗੀ
ਐਸੇ ਬਚਨ ਸੁਣੇ ਜਬ ਰਿਖਵਰ ਰਹਿਮ ਚਿੱਤ ਮੇਂ ਆਇਆ
ਦੀਨ ਦਸ਼ਾ ਦੇਖੀ ਕੁੰਵਰੋਂ ਕੀ ਪ੍ਰੇਮ ਨੀਰ ਦ੍ਰਿਗ ਛਾਇਆ
ਆਖੇ ਰਿਖੀ ਰੂਪ ਦੇ ਤਾਈਂ ਜੇਤਾ ਬੇਗ ਸਿਧਾਵੇਂ
ਏਕ ਬਰਸ ਕੇ ਅੰਦਰ ਬੇਟਾ ਰਾਜ ਮਿਸਰ ਦਾ ਪਾਵੇਂ
ਲੇਖ ਤੇਰੇ ਵਿਚ ਲਿਖਿਆ ਬੇਟਾ ਰਾਜ ਮਿਸਰ ਦਾ ਕਰਨਾ
ਜੋ ਕੁਛ ਲਿਖਿਆ ਅੰਤ ਬਿਧਾਤਾ ਨਿਸ਼ਚੇ ਕਦੇ ਨਾ ਟਰਨਾ
ਅਬ ਤੁਮ ਸ਼ਹਿਰ ਮਿਸਰ ਕੋ ਜਾਓ ਹਰਗਿਜ਼ ਦੇਰ ਨਾ ਲਾਓ
ਮੇਰੇ ਬਚਨ ਹਰੀ ਦੀ ਕਿਰਪਾ ਰਾਜ ਮਿਸਰ ਦਾ ਪਾਓ
ਆਖੇ ਰਿਖੀ ਲੱਗੀ ਇਕ ਚਿੰਤਾ ਹੋਇਆ ਕੰਮ ਅਜੋੜਾ
ਚਕਵੇ ਚਕਵੀ ਵਾਂਗੂੰ ਬੱਚਾ ਤੁਮਾਰਾ ਹੋਗ ਵਿਛੋੜਾ
ਬਰਸ ਰੋਜ਼ ਦੇ ਅੰਦਰ ਅੰਦਰ ਹੋਗਾ ਵਿਜੋਗ ਤੁਮ੍ਹਾਰਾ
ਐਸਾ ਲੇਖ ਲਿਖਾ ਮਸਤਕ ਮੇਂ ਕੇਹੜਾ ਮੇਟਨਹਾਰਾ
ਸਾਤ ਬਰਸ ਕਾ ਸੰਕਟ ਪਾਵੇ ਕੁੰਵਰ ਬਸੰਤ ਅਕੇਲਾ
ਇਸ ਤੋ ਬਾਅਦ ਕਰੇਗਾ ਹਰਿ ਜੀ ਫੇਰ ਤੁਮ੍ਹਾਰਾ ਮੇਲਾ
ਇਤਨੇ ਬਚਨ ਕਰੇ ਜਬ ਰਿਖਵਰ ਰੂਪ ਬਤੀ ਕਰਦਾ
ਦੋਵੇਂ ਦਸਤ ਜੋੜ ਕੇ ਰਿਖ ਦੇ ਚਰਨਾ ਪਰ ਸਿਰ ਧਰਦਾ
ਆਖੇ ਰੂਪ ਰਿਖੀ ਕੇ ਤਾਈ ਸੁਨ ਗੁਰਦੇਵ ਗੁਸਾਈਂ
ਬੋਲੇ ਰਿਖੀ ਰੂਪ ਕੇ ਤਾਈਂ ਭਾਵੀ ਕੌਣ ਮਿਟਾਵੇ
ਪੂਰਬ ਜਨਮ ਕਰਮ ਜੋ ਕੀਤਾ ਬਿਰਥਾ ਨਾਹੀਂ ਜਾਵੇ
ਹਰਖ਼ ਸੋਗ ਕੋ ਤਿਆਗੋ ਮਨ ਤੇ ਧਿਆਨ ਹਰੀ ਕਾ ਧਰੀਏ
ਕਰਮ ਰੇਖ ਨਹੀਂ ਮਿਟਦੀ ਬੇਟਾ ਸੌ ਤਦਬੀਰਾ ਕਰੀਏ
ਸੁਣ ਰੂਪ ਬਚਨ ਰਿਖੀ ਦੇ ਫਿਰ ਗਈ ਮੁੱਖ ਜ਼ਰਦਾਈ
ਰਾਜ ਮਿਲਣ ਦੀ ਖ਼ੁਸ਼ੀ ਨਾ ਹੋਈ ਦਰਦ ਵਿਛੋੜੇ ਲਾਈ
ਲੱਗੀ ਸਾਂਗ ਸੋਗ ਦੀ ਦਿਲ ਵਿਚ ਰੂਪ ਨੈਣ ਭਰ ਰੋਯਾ
ਇਸੀ ਤੌਰ ਸੇ ਦਿਵਸ ਬੀਤ ਗਿਆ ਵਕਤ ਸ਼ਾਮ ਦਾ ਹੋਯਾ
ਆਖੇ ਕੁੰਵਰ ਬਸੰਤ ਰੂਪ ਨੂੰ ਤਜੋ ਸੋਕ ਤੁਮ ਭਾਈ
ਸੰਧਿਆ ਕਾਲ ਵਕਤ ਅਬ ਹੂਆ ਭਜੋ ਚਰਣ ਰਘੁਰਾਈ
ਇਤਨੀ ਕਹਿ ਕੇ ਬਾਤ ਕੁੰਵਰ ਨੇ ਬਾਹੋਂ ਪਕੜ ਉਠਾਇਆ
ਕਰ ਇਸਨਾਨ ਦੁਹਾਂ ਵੀਰਾ ਨੇ ਧਿਆਨ ਹਰੀ ਦਾ ਲਾਇਆ
ਸੰਧਿਆ ਪੂਜਾ ਕਰ ਕੇ ਦੋਵੇਂ ਨਿਜ ਆਸਮ ਪਰ ਆਏ

ਆਨ ਰਿਖੀ ਦੇ ਪਾਸ ਦੁਹਾ ਨੇ ਆਸਣ ਖ਼ੂਬ ਲਗਾਏ
ਕੰਦ ਮੂਲ ਫਲ ਖਾ ਕੇ ਯਾਰੋ ਸੁੱਖ ਦੀ ਰੈਣ ਗੁਜ਼ਾਰੀ
ਉਠ ਪ੍ਰਭਾਤ ਦੁਹਾਂ ਵੀਰਾ ਨੇ ਕਰ ਲਈ ਤੁਰਤ ਤਿਆਰੀ
ਤੁਰਦੇ ਵਕਤ ਰਿਖੀ ਨੂੰ ਕੁੰਵਰਾਂ ਜਾ ਪ੍ਰਣਾਮ ਬੁਲਾਈ
ਦੇਖ ਬਸਤ ਕੁੰਵਰ ਦੀ ਤਰਫੋਂ ਦਇਆ ਰਿਖੀ ਨੂੰ ਆਈ
ਚਲਦੇ ਵਕਤ ਬਸੰਤ ਕੁੰਵਰ ਨੂੰ ਮੰਤ੍ਰ ਰਿਖੀ ਸਿਖਲਾਇਆ
ਅੰਨ ਪੂਰਨਾ ਦਾ ਓਹ ਮੰਤ੍ਰ ਭਲੀ ਤਰ੍ਹਾਂ ਸਮਝਾਇਆ
ਉਠੀਂ ਪ੍ਰਭਾਤ ਪੜ੍ਹੀਂ ਇਹ ਮੰਤ੍ਰ ਖਿਨੇ ਕਰੀਂ ਹਰਿ ਅੱਗੇ
ਆਠ ਪਹਿਰ ਮਨ ਰਹੇ ਤ੍ਰਿਪਤੀ ਭੁੱਖ ਪਿਆਸ ਨਾ ਲੱਗ
ਐਸਾ ਮੰਤ੍ਰ ਦੀਆਂ ਰਿਖੀ ਨੇ ਹੋਕਰ ਦਿਲੋਂ ਦਿਆਲਾ
ਖੜਗਸੈਨ ਦੇ ਲੜਕੇ ਉਥੋਂ ਬਿਦਾ ਭਏ ਤਤਕਾਲਾ
ਨਾਲ ਰਿਖੀ ਨੇ ਜਾ ਕੇ ਯਾਰੋ ਰਸਤਾ ਆਪ ਦਿਖਾਇਆ
ਦੱਖਣ ਤਰਫ ਦੁਹਾਂ ਕੁੰਵਰਾਂ ਨੂੰ ਰਾਹ ਮਿਸਰ ਦੇ ਲਾਇਆ
ਅੱਗੇ ਹਾਲ ਸੁਣੋ ਅਬ ਯਾਰੋ ਸਭ ਤੁਮ ਕੋ ਸਮਝਾਵਾ
ਮਿਸਰ ਸਹਿਰ ਦਾ ਪੈਂਡਾ ਤੁਹਾਨੂੰ ਭਲੀ ਤਰ੍ਹਾਂ ਬਤਲਾਵਾ
ਚਾਰ ਹਜਾਰ ਮੀਲ ਦਾ ਪੈਂਡਾ ਸੰਗਲਦੀਪ ਥੀ ਜਾਣੋ
ਪੰਜ ਹਜ਼ਾਰ ਲਾਹੌਰੋ ਕਹਿੰਦੇ ਇਹ ਅੰਦਾਜ਼ਾ ਠਾਣੋ
ਚਸ਼ਮਾ ਨਾਲ ਨਾ ਦੇਖਿਆ ਯਾਰੋ ਸੁਣਿਆ ਆਖ ਸੁਣਾਇਆ
ਜੋ ਨਕਸ਼ਾ ਅੰਗਰੇਜਾਂ ਲਿਖਿਆ ਭੇਤ ਓਸ ਤੇ ਪਾਇਆ
ਬਾਰਾ ਕੋਸ ਮੰਜ਼ਲ ਨਿਤ ਕਰਦੇ ਦੋਵੇ ਮਨ ਚਿੱਤ ਲਾ ਕੇ
ਮਤਲਬ ਬਰਸ ਰੋਜ ਮੇਂ ਪਹੁੰਚੇ ਮਿਸਰ ਦੇਸ ਵਿਚ ਜਾ ਕੇ
ਠਾਰਾਂ ਕੋਸ ਮਿਸਰ ਦੇ ਸ਼ਹਿਰੋਂ ਪੈਂਡਾ ਰਹਿ ਗਿਆ ਬਾਕੀ
ਇਕ ਪਿੱਪਲ ਦੇ ਹੇਠ ਦੋਹਾ ਨੇ ਬੱਧੇ ਭੇਰ ਅਰਾਕੀ
ਬੀਸ ਕਦਮ ਪਰ ਓਸ ਜਗ੍ਹਾ ਤੇ ਵੱਗੇ ਨਦੀ ਇਕ ਯਾਰਾ
ਜਿਸ ਪਿੱਪਲ ਦੇ ਹੇਠ ਲਿਆ ਸੀ ਕੁੰਵਰਾ ਆਣ ਉਤਾਰਾ
ਚਾਰ ਚੁਫੇਰੇ ਉਜਾੜ ਦਸੀਵੇ ਰਾਤ ਅੰਧੇਰੀ ਛਾਈ
ਅੱਗੇ ਹਾਲ ਸੁਣ ਅਬ ਯਾਰੋ ਜੋ ਰਬ ਬਣਤ ਬਣਾਈ
ਆਇਆ ਵਕਤ ਵਿਛੋੜੇ ਵਾਲਾ ਭਾਣਾ ਹਰਿ ਵਰਤਾਯਾ
ਵਾਕ ਰਿਖੀ ਦਾ ਪੂਰਨ ਹੋਯਾ ਹੋਣੀ ਦਸਤ ਉਠਾਯਾ
ਸਤਪੁਰਖਾਂ ਦਾ ਵਾਕ ਪਿਆਰੇ ਕਦੀ ਨਾ ਬਿਰਥਾ ਜਾਵੇ
ਹੋਣਹਾਰ ਨਹੀਂ ਮਿਟਦੀ ਬੰਦਾ ਸੌ ਤਦਬੀਰ ਬਣਾਵੇ
ਸੰਧਿਆ ਪੂਜਾ ਤਰਪਨ ਕਰ ਕੇ ਆਸਣ ਦੁਹਾ ਲਗਾਯਾ

ਸਵਾ ਪਹਿਰ ਜਾਂ ਰਾਤ ਬੀਤ ਗਈ ਜ਼ੋਰ ਨੀਂਦ ਨੇ ਪਾਯਾ
ਆਈ ਨੀਂਦ ਰੂਪ ਨੂੰ ਯਾਰੋ ਜਾ ਆਸਣ ਤਰ ਪੈਂਦਾ
ਪਹਿਰਾ ਦੇਵੇ ਕੁੰਵਰ ਬਸੰਤਾ ਨਾਮ ਹਰੀ ਦਾ ਲੈਂਦਾ
ਕੁੰਵਰ ਬਸੰਤ ਦੇਂਵਦਾ ਪਹਿਰਾ ਤੇਗ਼ ਦਸਤ ਵਿਚ ਫੜ ਕੇ
ਉਸ ਨੇ ਰੂਪ ਜਗਾਯਾ ਯਾਰੋ ਸਵਾ ਪਹਿਰ ਦੇ ਤੜਕੇ
ਕੁੰਵਰ ਬਸੰਤ ਜਗਾਇ ਰੂਪ ਨੂੰ ਜਾ ਆਸਣ ਪਰ ਸੋਯਾ
ਆਪ ਗੁਦਾਜ਼ ਨੀਂਦ ਵਿਚ ਹੋਇਆ ਪਹਿਰੇ ਰੂਪ ਖਲੋਯਾ
ਮਿੱਠੀ ਹਵਾ ਪੁਰੇ ਦੀ ਵਗਦੀ ਆਵੇ ਨੀਂਦ ਸਵਾਈ
ਦੌਲਤ ਰਾਮ ਰੂਪ ਸੌਂ ਗਿਆ ਭਾਵੀ ਹਰਿ ਵਰਤਾਈ ।

## ਸੱਪ ਨੇ ਬਸੰਤ ਨੂੰ ਮਾਰ ਦੇਵਣਾ

ਤਿੰਨ ਪਹਿਰ ਜਾਂ ਰਾਤ ਬਤੀਤ ਹੋਈ ਕੀਤਾ ਨੀਂਦ ਨੇ ਆਣ ਪ੍ਰਕਾਸ ਯਾਰਾ
ਸਭੇ ਸੁੱਖ ਬਸੰਤ ਦੇ ਦੂਰ ਹੋਏ ਕੀਤਾ ਦੁੱਖਾਂ ਨੇ ਆਣ ਨਿਵਾਸ ਯਾਰਾ
ਆਏ ਰੋਜ਼ ਜੁਦਾਈ ਦੇ ਸੀਸ ਉੱਤੇ ਹੋਯਾ ਐਸ਼ ਅਸ਼ਰਤ ਸੁੱਖ ਨਾਸ ਯਾਰਾ
ਹੋਏ ਨੀਂਦ ਦੇ ਵਿਚ ਗੁਦਾਜ਼ ਦੋਵੇਂ ਹੋਣੀ ਆਣ ਪਾਈ ਦੁਖ ਫਾਸ ਯਾਰਾ
ਰਹਿੰਦਾ ਸੱਪ ਆਹਾ ਓਸ ਨਦੀ ਅੰਦਰ ਉਸਦਾ ਰੰਗ ਸੁਨੈਹਰੀ ਸੀ ਖਾਸ ਯਾਰਾ
ਭਰਿਆ ਜ਼ਹਿਰ ਦਾ ਲਹਿਰ ਦੇ ਨਾਲ ਚਲੇ ਫਿਰਦਾ ਆ ਗਿਆ ਕੁੰਵਰ ਦੇ ਪਾਸ ਯਾਰਾ
ਨਾਲ ਮੁੱਖ ਦੇ ਮੁੱਖ ਲਗਾਇਓਸੁ ਲਏ ਖਿੱਚ ਬਸੰਤ ਦੇ ਸਾਸ ਯਾਰਾ
ਜੇਹੜੇ ਵਕਤ ਬਸੰਤ ਦੇ ਸਾਸ ਖਿੱਚੇ ਕੰਬ ਗਏ ਜ਼ਿਮੀਂ ਆਕਾਸ ਯਾਰਾ
ਦੌਲਤ ਰਾਮ ਓਹ ਮ੍ਰਿਤੂ ਸਮਾਨ ਹੋਯਾ ਉਡੇ ਸਾਸ ਤੇ ਹੋਸ਼ ਹਵਾਸ ਯਾਰਾ

## ਪ੍ਰਾਤਾਕਾਲ ਰੂਪ ਨੇ ਬਸੰਤ ਨੂੰ ਜਗਾਵਣਾ

ਸਰਪ ਮਾਰ ਕੇ ਕੁੰਵਰ ਬਸੰਤ ਤਾਈਂ ਜਾ ਕੇ ਨਦੀ ਅੰਦਰ ਛਿਪ ਜਾਂਵਦਾ ਈ
ਹੋਯਾ ਵਕਤ ਪ੍ਰਭਾਤ ਦਾ ਆਣ ਯਾਰੋ ਰੂਪ ਉਠ ਕੇ ਨਾਮ ਧਿਆਂਵਦਾ ਈ
ਉਠਦੇ ਸਾਰ ਬਸੰਤ ਨੂੰ ਵਾਜ ਮਾਰੀ ਜਲਦੀ ਉੱਠ ਕਿਉ ਦੇਰ ਲਗਾਂਵਦਾ ਈ
ਵੀਰਾ ਵਕਤ ਪ੍ਰਭਾਤ ਦਾ ਆਣ ਹੋਯਾ ਵੇਲਾ ਗ਼ਾਫਲੀ ਦੇ ਵਿਚ ਜਾਂਵਦਾ ਈ
ਮਾਰੇ ਰੂਪ ਨੇ ਕਈ ਅਵਾਜ ਯਾਰੋ ਅੱਗੋਂ ਮੂਲ ਆਵਾਜ਼ ਨਾ ਆਂਵਦਾ ਈ
ਛੇਕੜ ਪਕੜ ਕੇ ਕੁੰਵਰ ਦੀ ਬਾਂਹ ਤਾਈਂ ਰੂਪ ਪਿਆਰ ਦੇ ਨਾਲ ਬੁਲਾਂਵਦਾ ਈ
ਆਖੇ ਉਠ ਪਿਆਰਿਆ ਵੀਰਨਾ ਓਇ ਬਾਹੋਂ ਪਕੜ ਕੇ ਖ਼ੂਬ ਹਲਾਂਵਦਾ ਈ
ਵੀਰਨ ਬੋਲਦਾ ਨਹੀਂ ਜਬਾਨ ਵਿਚੋਂ ਜੱਫੀ ਪਾਇ ਕੇ ਖ਼ੂਬ ਉਠਾਂਵਦਾ ਈ

ਕਦੀ ਹੱਥ ਪਕੜੇ ਕਦੀ ਪੈਰ ਪਕੜੇ ਕਦੀ ਨਾਲ ਕਲੇਜੜੇ ਲਾਂਵਦਾ ਈ
ਮ੍ਰਿਤਕ ਲੋਥ ਨੂੰ ਖ਼ਬਰ ਨਾ ਸਾਰ ਕੋਈ ਕਿਹੜਾ ਸੁਟਦਾ ਤੇ ਕਿਹੜਾ ਚਾਂਵਦਾ ਈ
ਮੋਇਆ ਵੀਰ ਜਾਂ ਰੂਪ ਨੂੰ ਨਜ਼ਰ ਆਯਾ ਸਾਰੀ ਅਦਬ ਤੇ ਹੋਸ਼ ਭੁਲਾਂਵਦਾ ਈ
ਆਖੇ ਬੋਲ ਜ਼ਬਾਨ ਤੋਂ ਵੀਰਨਾ ਓਇ ਰੋਇ ਰੋਇ ਕੇ ਵਾਸਤਾ ਪਾਂਵਦਾ ਈ
ਕੇਹਾ ਲੱਗਿਆ ਦੁੱਖ ਅਜ਼ਾਬ ਤੈਨੂੰ ਬਾਰ ਬਾਰ ਇਹ ਗੱਲ ਪੁਛਾਂਵਦਾ ਈ
ਪੁਟੇ ਵਾਲ ਤੇ ਹਾਲ ਬੇਹਾਲ ਹੋਯਾ ਐਪਰ ਬੀਰ ਨਾ ਮੁੱਖੋਂ ਅਲਾਵਦਾ ਈ
ਸੀਸ ਰੱਖ ਬਸੰਤ ਦਾ ਗੋਡਿਆਂ ਤੇ ਰੋਇ ਰੋਇ ਕੇ ਨੈਣ ਵਹਾਂਵਦਾ ਈ
ਦੌਲਤ ਰਾਮ ਨਾ ਜਾਂਵਦੀ ਪੇਸ਼ ਕੋਈ ਬੈਠਾ ਕੂੰਜ ਦੇ ਵਾਂਗ ਕੁਰਲਾਵਦਾ ਈ

## ਵਿਰਲਾਪ ਰੂਪ ਕਾ

ਰੂਪ ਆਖਦਾ ਬੋਲ ਜ਼ਬਾਨ ਵਿਚੋਂ ਇਕ ਵਾਰ ਓਇ ਵੀਰਨਾ ਵਾਸਤਾ ਈ
ਰੁੜ੍ਹਿਆ ਜਾਂਵਦਾ ਦੁੱਖਾ ਦੇ ਸਿੰਧ ਅੰਦਰ ਮੈਨੂੰ ਤਾਰ ਓਇ ਵੀਰਨਾ ਵਾਸਤੇ ਈ
ਕਾਹਦੇ ਵਾਸਤੇ ਪ੍ਰਾਣ ਚੜ੍ਹ ਪਯੋ ਦਸਵੇਂ ਦੁਆਰ ਓਇ ਵੀਰਨਾ ਵਾਸਤਾ ਈ
ਨਾ ਉਰਾਰ ਰਹਿਆ ਨਾ ਮੈਂ ਪਾਰ ਹੋਯਾ ਮੰਝਧਾਰ ਓਇ ਵੀਰਨਾ ਵਾਸਤਾ ਈ
ਇਕ ਵਾਰ ਤੂੰ ਹੱਸ ਕੇ ਬੋਲ ਮੂੰਹੋਂ ਕਰਦੇ ਪਾਰ ਓਇ ਵੀਰਨਾ ਵਾਸਤਾ ਈ
ਤੇਰਾ ਬੋਲਣਾ ਖ਼ਾਸ ਦਵਾ ਮੇਰੀ ਮੈਂ ਬੀਮਾਰ ਓਇ ਵੀਰਨਾ ਵਾਸਤਾ ਈ
ਆਪ ਸਵਰਗ ਦੇ ਵਿਚ ਨਿਵਾਸ ਕੀਤਾ ਮੈਨੂੰ ਮਾਰ ਓਇ ਵੀਰਨਾ ਵਾਸਤਾ ਈ
ਤੇਰੇ ਬਾਝ ਏਥੇ ਮੇਰਾ ਕੌਣ ਬੇਲੀ ਜੰਗਲ ਬਾਰ ਓਇ ਵੀਰਨਾ ਵਾਸਤਾ ਈ
ਤੇਰੇ ਵਾਸਤੇ ਦੇਸ ਵਿਸਾਰਿਆ ਮੈਂ ਨਾ ਵਿਸਾਰ ਓਇ ਵੀਰਨਾ ਵਾਸਤਾ ਈ
ਜਾਂਦੀ ਵਾਰ ਨਾ ਕਰ ਗਿਆ ਨਾਲ ਮੇਰੇ ਗੱਲਾਂ ਚਾਰ ਓਇ ਵੀਰਨਾ ਵਾਸਤਾ ਈ
ਏਸੇ ਵਾਸਤੇ ਪਾਇਓ ਈ ਨਾਲ ਮੇਰਾ ਬਹੁਤ ਪਜਾਰ ਓਇ ਵੀਰਨਾ ਵਾਸਤਾ ਈ
ਤੇਰੇ ਵਾਸਤੇ ਮਾਈ ਤੇ ਬਾਪ ਛੱਡੇ ਮਿਤਰ ਯਾਰ ਓਇ ਵੀਰਨਾ ਵਾਸਤਾ ਈ
ਮੈਂ ਤਾਂ ਤੇਵਣਾ ਹਾਂ ਤੇਰੇ ਪਾਸ ਬੈਠਾ ਜ਼ਾਰੋ ਜ਼ਾਰ ਓਇ ਵੀਰਨਾ ਵਾਸਤਾ ਈ
ਅੱਖਾਂ ਰੋਂਦਿਆਂ ਰੋਂਦਿਆਂ ਲਾਲ ਹੋਈਆਂ ਗੁਲਾਨਾਰ ਓਇ ਵੀਰਨਾ ਵਾਸਤਾ ਈ
ਚਸ਼ਮਾਂ ਖੋਲ੍ਹ ਕੇ ਦੇਖ ਤੂੰ ਹਾਲ ਮੇਰਾ ਮੈਂ ਲਾਚਾਰ ਓਇ ਵੀਰਨਾ ਵਾਸਤਾ ਈ
ਮੈਨੂੰ ਵਿਚ ਪ੍ਰਦੇਸ ਦੇ ਛੱਡ ਗਇਓਂ ਦਰੇਦਾਰ ਓਇ ਵੀਰਨਾ ਵਾਸਤਾ ਈ
ਐਸੀਂ ਵੈਰੀਆਂ ਨਾਲ ਨਾ ਕਰੇ ਕੋਈ ਭੈੜੀ ਕਾਰ ਓਇ ਵੀਰਨਾ ਵਾਸਤਾ ਈ
ਮੋਇਓਂ ਆਪ ਤੇ ਮੁਝ ਨੂੰ ਮਾਰ ਗਿਉ ਇਕ ਵਾਰ ਓਇ ਵੀਰਨਾ ਵਾਸਤਾ ਈ
ਇਕ ਵਾਰ ਤੂੰ ਬੋਲ ਕੇ ਦੱਸ ਮੈਨੂੰ ਦਿਲ ਦੀ ਸਾਰ ਓਇ ਵੀਰਨਾ ਵਾਸਤਾ ਈ
ਦੌਲਤ ਰਾਮ ਹੋਈ ਕਿਵੇਂ ਨਾਲ ਤੇਰੇ ਹੋਣਹਾਰ ਓਇ ਵੀਰਨਾ ਵਾਸਤਾ ਈ

### ਐਂਜ਼ਨ

ਢਾਹਾਂ ਮਾਰ ਕੇ ਆਖਦਾ ਰੂਪ ਯਾਰੋ ਵੀਰਾ ਵਿਚ ਉਜਾੜ ਦੇ ਛੱਡ ਗਇਓਂ
ਸੀਨੇ ਮਾਰ ਕੇ ਤੇਗ ਫਿਰਾਕ ਵਾਲੀ ਮੈਨੂੰ ਵਾਂਗ ਕਸਾਈਆਂ ਵੱਢ ਗਇਓਂ
ਸਾਰੀ ਉਮਰ ਨ ਹੋਵਸੀ ਮੇਲ ਤੇਰਾ ਭੈੜੇ ਵਾਰ ਹੋ ਕੇ ਮੈਥੋ ਅੱਡ ਗਇਓਂ
ਮੇਰੇ ਗਲ ਵਿ.ਗ ਦਾ ਜਾਲ ਪਾ ਕੇ ਉਤੇ ਦੁਖਾਂ ਵਾਲੀ ਦੇ ਕੇ ਗੱਡ ਗਇਓਂ
ਦੌਲਤ ਰਾਮ ਦ ਜਾਤੀ ਨਾ ਦੁੱਖ ਜਾਸੀ ਨੇਜ਼ਾ ਵਿਚ ਕਲੇਜੜੇ ਗੱਡ ਗਇਓਂ

### ਐਂਜ਼ਨ

ਵੀਰਾ ਦੱਸ ਏਤੇ ਮੇਰਾ ਕੌਣ ਦਰਦੀ ਜਿਸ ਦੇ ਪਾਸ ਮੈਂ ਦੁੱਖੜੇ ਫੋਲ ਲਵਾਂ
ਇਕ ਵਾਰ ਜੇ ਉਠ ਕੇ ਹਾਲ ਪੁੱਛੇਂ ਘੁੰਡੀ ਚਿੱਤ ਦੀ ਸਾਰੀ ਮੈਂ ਖੋਹਲ ਲਵਾ
ਅਰਜਨ ਵਾਂਗ ਮੇਰੇ ਵਿਚ ਜ਼ੋਰ ਨਾਹੀ ਤੈਨੂੰ ਸੁਰਗ ਵਿਚ ਜਾਇਕੇ ਟੋਲ ਲਵਾਂ
ਰਾਮਚੰਦਰ ਜੇਸਾ ਮੇਰਾ ਤੇਜ ਹੋਵੇ ਹੁਣੇ ਵੈਦ ਸੁਖੈਨ ਨੂੰ ਬੋਲ ਲਵਾ
ਪਏ ਦੁੱਖਾਂ ਉਤੇ ਦੁੱਖ ਆਣ ਮੈਨੂੰ ਕਿਸ ਦੇ ਪਾਸ ਮੈਂ ਹਾਲ ਫਰੋਲ ਲਵਾ
ਦੌਲਤ ਰਾਮ ਜੇਕਰ ਮੇਰੇ ਹੱਥ ਲੱਗੇ ਹੁਣੇ ਜ਼ਹਿਰ ਪਿਆਲੜਾ ਘੋਲ ਲਵਾ

### ਐਂਜ਼ਨ

ਰੂਪ ਆਖਦਾ ਵੀਰਨਾ ਬਸ ਹੋਈ ਤੇਰੀ ਸਾਂਝ ਮੇਰੇ ਨਾਲ ਚੁਕ ਗਈ
ਮੇਰੇ ਵੇਹਦਿਆ ਵੇਹਦਿਆ ਵੀਰਨਾ ਉਇ ਤੇਰੀ ਚੋਗ ਜਹਾਨ ਤੇ ਮੁਕ ਗਈ
ਮਾਰੀ ਜਿਗਰ ਤੇ ਸਾਗ ਤੇ ਹਿਜਰ ਵਾਲੀ ਮੇਰੀ ਕੱਢ ਕਲੇਜਿਓਂ ਹੁਕ ਗਈ
ਖੱਟਾ ਰੰਗ ਹੋ ਗਿਆ ਵਸਾਰ ਵਾਂਗੂ ਵਿਚੋਂ ਰੱਤ ਸਰੀਰ ਦੀ ਸੁੱਕ ਗਈ
ਹੋਸੀ ਸਰੂ ਦੇ ਵਾਗ ਸਰੀਰ ਸਿੱਧਾ ਕਮਰ ਵਾਂਗ ਕਮਾਨ ਦੇ ਝੁਕ ਗਈ
ਮੌਤ ਬਾਜ ਦੇ ਵਾਂਗਰਾ ਮਾਰ ਝਪਟਾ ਤੇਰੀ ਜਾਨ ਲੈ ਕੇ ਕਿਧਰੇ ਲੁਕ ਗਈ
ਤੇਸਾ ਮੌਤ ਵਾਲਾ ਹੋਣੀ ਦਸਤ ਫੜ ਕੇ ਤੈਨੂੰ ਵਾਂਗ ਤਰਖਾਣ ਦੇ ਟੁੱਕ ਗਈ
ਮਿਰਗ ਰੂਹ ਦਾ ਨੱਸਿਆ ਖ਼ੌਫ਼ ਖਾ ਕੇ ਹੋਣੀ ਸ਼ੇਰ ਦੇ ਵਾਗਰਾ ਬੁਕ ਗਈ।
ਜੇਹੜੀ ਨੀਰ ਦੀ ਬੂੰਦ ਸੀ ਵਿਚ ਚਸ਼ਮਾ ਓਹ ਭੀ ਰੋਦਿਆ ਰੋਦਿਆਂ ਰੁਕ ਗਈ
ਦੌਲਤ ਰਾਮ ਮੇਰੀ ਮੇਰੀ ਕਰਦਿਆ ਦੇ ਹੋਣੀ ਆਣ ਕੇ ਸੀਸ ਤੇ ਝੁਕ ਗਈ

### ਐਂਜ਼ਨ

ਆਖੇ ਰੂਪ ਬਸੰਤ ਨੂੰ ਮੌਤ ਤੇਰੀ ਨਸਟ ਕਰ ਗਈ ਸਭੇ ਸੁੱਖ ਵੀਰਾ
ਬੂਟੇ ਸੁੱਖਾਂ ਦੇ ਹੋਣੀ ਨੇ ਸਾੜ ਦਿਤੇ ਹਰੇ ਹੋ ਗਏ ਦੁੱਖਾਂ ਦੇ ਰੁਖ ਵੀਰਾ
ਅੱਗ ਹਿਜਰ ਦੀ ਲਾ ਗਿਆ ਜਿਗਰ ਮੇਰੇ ਸਾਰੀ ਉਮਰ ਨਾ ਜਾਵਸੀ ਦੁੱਖ ਵੀਰਾ

ਬੈਠ ਵਾਂਗ ਚਕੋਰ ਦੇ ਸ਼ੋਰ ਕਰਦਾ ਵਿਚੇ ਰਹੀ ਮਿਲਾਪ ਦੀ ਭੁੱਖ ਵੀਰਾ ,
ਦੌਲਤ ਰਾਮ ਗ੍ਰੱਸ ਲਿਆ ਮੌਤ ਰਾਹੂ ਚੰਦ੍ਰਮਾ ਜਿਹਾ ਹੈਸੀ ਤੇਰਾ ਮੁੱਖ ਵੀਰਾ

### ਔਜ਼ਨ

ਰੂਪ ਰੋਵਦਾ ਖ਼ੂਨ ਉਛਾਲ ਦਿਲ ਦਾ ਹੋਈਆਂ ਅੱਖੀਆ ਰੰਗ ਉਣਾਬ ਵਾਂਗੂੰ
ਆਤਸ ਬਿਰਹੋਂ ਦੀ ਆਣ ਕੇ ਭੜਕ ਉਠੀ ਹੋਯਾ ਭੁੱਜ ਕੇ ਜਿਗਰ ਕਬਾਬ ਵਾਂਗੂੰ
ਰੁੱਤ ਖ਼ਿਜ਼ਾ ਦੀ ਆਣ ਕੇ ਹੋਈ ਵਾਰਦ ਸੁੱਕਾ ਮੁਖੜਾ ਫੁੱਲ ਗੁਲਾਬ ਵਾਂਗੂੰ
ਮਾਰੇ ਆਹ ਨਾ ਚਲਦੀ ਵਾਹ ਕੋਈ ਪਿਆ ਤੜਫਦਾ ਮੀਨ ਬੇਆਬ ਵਾਂਗੂੰ
ਦੀਵੇ ਸੁੱਖਾਂ ਦੇ ਹੋਣੀ ਨੇ ਗੁੱਲ ਕੀਤੇ ਰੋਸਨ ਦੁਖ ਹੋ ਗਏ ਮਹਿਤਾਬ ਵਾਂਗੂੰ
ਜਰਦੀ ਆਣ ਵਰਤੀ ਸਾਰੀ ਬਦਨ ਉਤੇ ਹੋਯਾ ਰੰਗ ਵਸਾਰ ਦੀ ਆਬ ਵਾਂਗੂੰ
ਕੀਤਾ ਕਾਲ ਮਹਮੂਦ ਨੇ ਆਣ ਧਾਵਾ ਲੈ ਗਿਆ ਲੁੱਟ ਕੇ ਦੇਸ਼ ਪੰਜਾਬ ਵਾਂਗੂੰ
ਅੰਪਰ ਬੁਤ ਨਾ ਰੂਹ ਨੂੰ ਛੋੜਦਾ ਏ ਹੋਯਾ ਵਿਚ ਦਰਿਆ ਗਰਕਾਬ ਵਾਂਗੂੰ
ਆਵੇ ਮੌਤ ਤਾਂ ਦੁੱਖਾ ਤੋਂ ਛੁੱਟ ਜਾਵੇ ਹੋਯਾ ਜੀਵਣਾ ਜ਼ਹਿਰ ਖਤਾਬ ਵਾਂਗੂੰ
ਤੇਰੀ ਮੌਤ ਨਾ ਵੀਰਨਾ ਵਿਚ ਚੇਤੇ ਹੋਣੀ ਆ ਗਈ ਏ ਤੁਰਤ ਖਾਬ ਵਾਂਗੂੰ
ਨਦੀ ਮੌਤ ਦੀ ਆ ਗਈ ਜੋਰ ਕਰਕੇ ਲੱਗੀ ਢਾਹ ਦਰਿਆ ਚਨਾਬ ਵਾਂਗੂੰ
ਤਾਕਤ ਰਹੀ ਨਾ ਬੈਠਣੇ ਉਠਣੇ ਦੀ ਕੁੱਵਤ ਛੀਨ ਹੋ ਗਈ ਜੁਲਾਬ ਵਾਂਗੂੰ
ਪਿਆ ਉਪਰੋਂ ਉਪਰੋ ਬੋਲਦਾ ਸੀ ਖਾਲੀ ਅੰਦਰੋ ਮਿਸਲ ਰਬਾਬ ਵਾਗੂੰ
ਦੌਲਤ ਰਾਮ ਮਾਰੀ ਨਾਲ ਹਉਕਿਆ ਦੇ ਉਡ ਜਾਏਗੀ ਜਿੰਦ ਹਬਾਬ ਵਾਂਗੂੰ

### ਔਜ਼ਨ

ਰੂਪ ਆਖਦਾ ਮਾਰ ਕੇ ਆਹ ਨਾਅਰਾ ਮੈਨੂੰ ਕੀਤੋਈ ਪੁੱਜ ਹੈਰਾਨ ਵੀਰਾ
ਧਰਤੀ ਵੇਲੁ ਨਾ ਦੇਂਵਦੀ ਗ਼ਰਕ ਜਾਵਾ ਹੋਯਾ ਜੀਣਾ ਮ੍ਰਿਤ ਸਮਾਨ ਵੀਰਾ
ਪਿੱਛਾ ਦੂਰ ਦਿੱਸੇ ਅਗੋਂ ਜਗ੍ਹਾ ਨਾਹੀਂ ਚਾਰੇ ਤਰਫ ਦਿਸੇ ਬੀਆਬਾਨ ਵੀਰਾ
ਇੱਕੋ ਸਾਕ ਆਹਾ ਮੇਰਾ ਨਾਲ ਤੇਰੇ ਏਥੇ ਹੋਰ ਨਾ ਸਾਕ ਸਿਆਨ ਵੀਰਾ
ਮਾਈ ਬਾਪ ਭਾਈ ਮਿੱਤਰ ਕੋਲ ਨਾਹੀਂ ਜਿਸਦੇ ਪਾਸ ਮੈਂ ਕਰਾਂ ਬਿਆਨ ਵੀਰਾ
ਕੇੜ੍ਹੀ ਵਲ ਜਾਵਾ ਮੇਰੇ ਪਜਾਰਿਆ ਓਏ ਕੋਈ ਦੱਸ ਨਾ ਰਿਹਾ ਮਕਾਨ ਵੀਰਾ
ਬੇੜਾ ਗ਼ਰਕ ਹੋਵੇ ਚੰਦ੍ਰਵਤੀ ਸੰਦਾ ਜਿਸ ਨੇ ਕੀਤੇ ਈ ਐਡ ਵਧਾਨ ਵੀਰਾ
ਦੌਲਤ ਰਾਮ ਜੋ ਬਣੀ ਸੋ ਸੂਤ ਲੈਸਾ ਨਾਲ ਰੱਬ ਦੇ ਜ਼ੋਰ ਨਾ ਤਾਨ ਵੀਰਾ

### ਵਾਕ ਰੂਪ ਕਾ

ਛੇਕੜ ਰੂਪ ਨੇ ਚਿੱਤ ਵਿਚਾਰ ਕੀਤੀ ਮਿਰਤਅ ਲੋਕ ਨੇ ਮੁੱਖੋਂ ਅਲਾਵਣਾ ਕੀ

ਇਕ ਵਾਰ ਇਨਸਾਨ ਜੋ ਫਤ ਹੋਇਆ ਉਸ ਨੇ ਫੇਰ ਜਹਾਨ ਤੇ ਆਵਣਾ ਕੀ
ਜੇੜ੍ਹਾ ਰੂਹ ਕਲਬੂਤ ਨੂੰ ਛੱਡ ਜਾਵੇ ਉਸ ਨੇ ਬੁੱਤ ਨੂੰ ਆਣ ਬੁਲਾਵਣਾ ਕੀ
ਬੀਤੀ ਬਾਤ ਨਾ ਕਿਸੇ ਨੂੰ ਹੱਥ ਆਵੇਂ ਐਵੇਂ ਕੂੜ ਦਾ ਪਿੱਟਣਾ ਪਾਵਣਾ ਕੀ
ਜੋਹੜੀ ਬਣੀ ਸੋ ਸੀਸ ਤੇ ਕੱਟ ਭਾਈ ਭਾਣਾ ਰੱਬ ਦਾ ਕਿਸੇ ਮਿਟਾਵਣਾ ਕੀ
ਮਾਈ ਬਾਪ ਭਾਈ ਸਾਰੇ ਮਤਲਬਾਂ ਦੇ ਐਵੇਂ ਕੂੜ ਦਾ ਪਿਆਰ ਵਧਾਵਣਾ ਕੀ
ਸੱਚੇ ਰਾਮ ਦੇ ਨਾਲ ਪ੍ਰੀਤ ਕਰ ਤੂੰ ਕੂੜੇ ਜੱਗ ਦੇ ਵਿਚ ਲੁਭਾਵਣਾ ਕੀ
ਐਪਰ ਵੀਰ ਦੇ ਕੁਝ ਅਖ਼ਤਿਆਰ ਨਾਹੀਂ ਆਈ ਮੌਤ ਨੂੰ ਕਿਸੇ ਅਟਕਾਵਣਾ ਕੀ
ਦੌਲਤ ਰਾਮ ਹੁਣ ਚਲ ਖ਼ਰੀਦ ਕੱਫਣ ਏਥੇ ਬੈਠ ਕੇ ਵਕਤ ਬਿਤਾਵਣਾ ਕੀ

## ਰੂਪ ਦਾ ਮਿਸਰ ਸ਼ਹਿਰ ਕੋ ਜਾਣਾ ਵਾਸਤੇ ਕੱਫ਼ਣ ਦੇ

ਕਰਕੇ ਚਿੱਤ ਦੇ ਨਾਲ ਦਲੀਲ ਯਾਰੋ ਕੱਫਣ ਵਾਸਤੇ ਰੂਪ ਤਿਆਰ ਹੋਯਾ
ਚਿੱਤ ਚਾਹੇ ਨਾ ਵੀਰ ਦੇ ਛੱਡਣੇ ਨੂੰ ਐਪਰ ਕੱਫਣੇ ਬਾਝ ਲਾਚਾਰ ਹੋਯਾ
ਪੱਲਾ ਦੇ ਬਸੰਤ ਦੇ ਮੁਖੜੇ ਤੇ ਢਾਹੀਂ ਮਾਰ ਯਾਰੋ ਜਾਰੋ ਜ਼ਾਰ ਹੋਯਾ
ਕੱਫਣ ਬਾਝ ਨਾ ਮੂਲ ਸੰਸਾਰ ਹੋਵੇ ਪਾ ਕੇ ਜੀਨ ਘੋੜੇ ਅਸਵਾਰ ਹੋਯਾ
ਟੁਰਨ ਲੱਗਿਆਂ ਆਖਣਾ ਵੀਰਨਾ ਓਇ ਰਾਖਾ ਤੁਧ ਦਾ ਰੱਬ ਕਰਤਾਰ ਹੋਯਾ
ਇਕ ਪਹਿਰ ਕਰੀਬ ਦਿਨ ਰਿਹਾ ਬਾਕੀ ਵਿਦਾ ਵੀਰ ਤੇ ਰੂਪ ਕੁਮਾਰ ਹੋਯਾ
ਠਾਰਾਂ ਕੋਸ ਆਹਾ ਮਿਸਰ ਸਹਿਰ ਉਥੋਂ ਘੋੜਾ ਚਲਦਾ ਚਲਦਾ ਹਾਰ ਹੋਯਾ
ਅੱਧੀ ਰਾਤ ਗੁਜਰੀ ਮਿਸਰ ਸ਼ਹਿਰ ਪਹੁੰਚਾ ਅੱਗੇ ਸ਼ਹਿਰ ਦਾ ਬੰਦ ਬਜ਼ਾਰ ਹੋਯਾ
ਆਇਆ ਸਹਿਰ ਤੋਂ ਵਕਤ ਬੇ-ਵਕਤ ਹੋਯਾ ਚਿੱਤ ਰੂਪ ਦਾ ਵੱਡਾ ਲਾਚਾਰ ਹੋਯਾ
ਡੇਰਾ ਰੂਪ ਨੇ ਸਹਿਰ ਤੋਂ ਬਾਹਰ ਕੀਤਾ ਆਖੇ ਵੱਡਾ ਮੈਂ ਅੱਜ ਖੁਆਰ ਹੋਯਾ
ਜ਼ਾਰੋ ਜ਼ਾਰ ਰੋਵੇ ਧੋਵੇ ਹੱਤ ਦੋਵੇ ਪਿਆ ਗਮ ਦੇ ਨਾਲ ਨਸ਼ਾਰ ਹੋਯਾ
ਦੌਲਤ ਰਾਮ ਇਸ ਗੱਲ ਦੀ ਖਬਰ ਨਾਹੀਂ ਮੇਹਰਬਾਨ ਕਰਤਾਰ ਦਾਤਾਰ ਹੋਯਾ

## ਰੂਪ ਨੂੰ ਮਿਸਰ ਦੇ ਤਖ਼ਤ ਮਿਲਣ ਦਾ ਹਾਲ

ਮਿਸਰ ਸਹਿਰ ਦਾ ਕਹਾ ਅਹਿਵਾਲ ਅੱਗੇ ਮੇਰੀ ਗੱਲ ਤੇ ਕਰੋ ਧਿਆਨ ਲੋਕੋ
ਜਿਵੇਂ ਰੂਪ ਨੂੰ ਮਿਸਰ ਦਾ ਤਖ਼ਤ ਮਿਲਿਆ ਸਾਰਾ ਕਰਾ ਮੈਂ ਅਜ ਬਿਆਨ ਲੋਕੋ
ਮਿਸਰ ਸਹਿਰ ਦਾ ਸੀ ਕਰਮ ਚੰਦ ਰਾਜਾ ਬਰਨ ਛੱਤਰੀ ਧਰਮ ਦੀ ਖਾਨ ਲੋਕੋ
ਕੁਦਰਤ ਰੱਬ ਦੀ ਓਸ ਦਾ ਕਾਲ ਹੋਯਾ ਪਿਛੇ ਰਹੀ ਨਾ ਮੂਲ ਸੰਤਾਨ ਲੋਕੋ
ਕਾਲ ਵੱਸ ਹੋਇਆ ਕਰਮ ਚੰਦ ਰਾਜਾ ਰੱਈਅਤ ਕੁਲ ਹੋ ਗਈ ਵੈਰਾਨ ਲੋਕੋ
ਮੁਨਸੀ ਹੋਰ ਵਜੀਰ ਦੀਵਾਨ ਸਾਰੇ ਹੋਏ ਚਿਤ ਦੇ ਵਿਚ ਹੈਰਾਨ ਲੋਕੋ
ਬਾਦਸਾਹ ਦੇ ਬਾਝ ਨਾ ਮੁਲਕ ਵੱਸਦੇ ਮਸਹੂਰ ਇਹ ਗੱਲ ਜਹਾਨ ਲੋਕੋ
ਹੋ ਕੇ ਜਮ੍ਹਾ ਵਜੀਰ ਦੀਵਾਨ ਸਾਰੇ ਆਪਸ ਵਿਚ ਇਹ ਮਤਾ ਪਕਾਨ ਲੋਕੋ

ਸੁਬ੍ਹਾ ਵਕਤ ਜਿਸ ਨੂੰ ਈਸ਼੍ਵਰ ਘੱਲ ਦੇਵੇ ਮਾਲਕ ਹੋਵਸੀ ਤਖ਼ਤ ਦਾ ਆਨ ਲੋਕੋ
ਇਸੀ ਤੌਰ ਸੇ ਧਰਮ ਦਾ ਬਚਨ ਕਰ ਕੇ ਬੂਹੇ ਸ਼ਹਿਰ ਦੇ ਬੰਦ ਕਰਾਨ ਲੋਕੋ
ਓਸੇ ਰਾਤ ਪਹੁੰਚਾ ਓਥੇ ਰੂਪ ਜਾ ਕੇ ਕੀਤਾ ਰੱਬ ਨੇ ਕੰਮ ਆਸਾਨ ਲੋਕੋ
ਬੀਤੀ ਰਾਤ ਪ੍ਰਭਾਤ ਦਾ ਵਕਤ ਹੋਇਆ ਬੂਹਾ ਖੋਲਿਆ ਆਣ ਦੀਵਾਨ ਲੋਕੋ
ਬੂਹਾ ਖੁੱਲ੍ਹਿਆ ਤੁਰਤ ਅਸਵਾਰ ਹੋਇਆ ਕਫ਼ਨ ਵਾਸਤੇ ਰੂਪ ਜੁਆਨ ਲੋਕੋ
ਰੂਪ ਆਣ ਦਰਵਾਜ਼ੇ ਦੇ ਵਿਚ ਵੜਿਆ ਸੂਰਤ ਦੇਖ ਆਨੰਦ ਹੋ ਜਾਨ ਲੋਕੋ
ਸੱਭੇ ਆਖਦੇ ਰੱਬ ਨੇ ਮਿਹਰ ਕੀਤੀ ਰਾਜਾ ਘਲਿਆ ਚੰਦ ਸਮਾਨ ਲੋਕੋ
ਸਾਰੇ ਖ਼ੁਸ਼ੀ ਦੇ ਨਾਲ ਭਰਪੂਰ ਹੋਏ ਜਾਮੇ ਵਿਚ ਨਾ ਮੂਲ ਸਮਾਨ ਲੋਕੋ
ਓਸੇ ਵਕ਼ਤ ਉਤਾਰ ਕੇ ਰੂਪ ਤਾਈਂ ਕੁੰਗੂ ਘੋਲ ਕੇ ਸੀਸ ਤੇ ਪਾਨ ਲੋਕੋ
ਬਾਦਸਾਹੀ ਦਾ ਸੀਸ ਪੁਰ ਤਾਜ ਦੇ ਕੇ ਓਸੇ ਵਕਤ ਚਾ ਤਖ਼ਤ ਬਿਠਾਨ ਲੋਕੋ
ਸਾਦੀ ਆਣ ਵਰਤੀ ਸਾਰੇ ਸ਼ਹਿਰ ਅੰਦਰ ਵਾਜੇ ਖ਼ੁਸ਼ੀ ਦੇ ਕੁਲ ਵਜਾਨ ਲੋਕੋ
ਨਜ਼ਰਾਂ ਦੇਣ ਵਜ਼ੀਰ ਦੀਵਾਨ ਸਾਰੇ ਸਿਰ ਤੇ ਛਤਰ ਗੁਲਾਮ ਝੁਲਾਨ ਲੋਕੋ
ਸੱਚੇ ਰੱਬ ਨੇ ਰੂਪ ਨੂੰ ਰਾਜ ਦਿਤਾ ਲੱਗਾ ਖ਼ੁਸ਼ੀ ਦੇ ਨਾਲ ਕਮਾਨ ਲੋਕੋ
ਐਸਾ ਕੌਣ ਜੋ ਰਾਜ ਨੂੰ ਛੋਡ ਦੇਵੇ ਸਭੇ ਲੋਭ ਦੇ ਵਿਚ ਲੁਭਾਨ ਲੋਕੋ
ਬਹਿ ਕੇ ਤਖ਼ਤ ਤੇ ਹੁਕਮ ਚਲਾਂਵਦਾ ਸੀ ਐਪਰ ਤਰਫ ਬਸੰਤ ਦੀ ਧਯਾਨ ਲੋਕੋ
ਇਕ ਬਸੰਤ ਦਾ ਜਿਗਰ ਚੀਰੇ ਹੋਰ ਰਹੀ ਨਾ ਕਿਸੇ ਦੀ ਕਾਨ ਲੋਕੋ
ਦੱਸੋ ਓਹਨਾਂ ਨੂੰ ਰਾਜ ਦਾ ਕੀ ਘਾਟਾ ਜੇਹੜੇ ਧਰਮ ਤੋਂ ਜਿੰਦ ਗਵਾਨ ਲੋਕੋ
ਸਿਰੋਪਾ ਦਿਵਾਂਵਦਾ ਕੈਦੀਆਂ ਨੂੰ ਕਰੇ ਫ਼ਜ਼ਲ ਜੇ ਰੱਬ ਰਹਿਮਾਨ ਲੋਕੋ
ਯੂਸਫ ਕੱਢ ਕੇ ਕੈਦ ਅਜ਼ਾਰ ਵਿਚੋਂ ਕੀਤਾ ਮਿਸਰ ਦੇ ਵਿਚ ਸੁਲਤਾਨ ਲੋਕੋ
ਭੱਠ ਝੋਕ ਕੇ ਫੇਰ ਜਾ ਤਖ਼ਤ ਬੈਠਾ ਸੱਚੇ ਰੱਬ ਵਲੋਂ ਸੁਲੇਮਾਨ ਲੋਕੋ
ਹਰੀਚੰਦ ਨੇ ਧਰਮ ਨੂੰ ਪਾਲਿਆ ਸੀ ਦਿਤਾ ਰੱਬ ਨੇ ਸੁਰਗ ਮਕਾਨ ਲੋਕੋ
ਬਾਲ ਉਮਰ ਧਰੂਅ ਨੇ ਕਸ਼ਟ ਪਾਯਾ ਮਿਲਿਆ ਓਸਨੂੰ ਅਟਲ ਸਥਾਨ ਲੋਕੋ
ਉਸੀ ਤੌਰ ਸੇ ਰੂਪ ਨੂੰ ਤਖ਼ਤ ਮਿਲਿਆ ਉਸ ਤੇ ਦਯਾਲ ਹੋਇਆ ਭਗਵਾਨ ਲੋਕੋ
ਦੌਲਤ ਰਾਮ ਸਭ ਮੁਸ਼ਕਲਾਂ ਹੱਲ ਹੋਵਣ ਜੇਕਰ ਰੱਬ ਹੋਵੇ ਮੇਹਰਵਾਨ ਲੋਕੋ

## ਵਾਕ ਕਵੀਸ਼ਰ ਦਾ ਹਾਲ ਬਸੰਤ ਕਾ

ਓਧਰ ਹਾਲ ਬਸੰਤ ਦਾ ਸੁਣੋ ਯਾਰੋ ਜਿਵੇਂ ਮੋਏ ਰੱਬ ਬਚਾਂਵਦਾ ਏ
ਇਕ ਮਿਹਰ ਦੀ ਨਜ਼ਰ ਜੇ ਕਰੇ ਸਾਹਿਬ ਬੇੜਾ ਰੁੜਦਿਆਂ ਦਾ ਬੰਨੇ ਲਾਂਵਦਾ ਏ
ਮੰਗਲਨਾਥ ਆਯਾ ਇਕ ਸਿੱਧ ਜੋਗੀ ਜਿਸਦੀ ਸਿਫ਼ਤ ਦਾ ਅੰਤ ਨਾਂ ਆਂਵਦਾ ਏ
ਜੰਗਲ ਬਾਰ ਅੰਦਰ ਉਸਦੀ ਕੁਟੀ ਆਹੀ ਬੈਠਾ ਗੀਤ ਗੋਬਿੰਦ ਦੇ ਗਾਂਵਦਾ ਏ
ਸੱਭੇ ਵਾਸ਼ਨਾਂ ਚਿੱਤ ਤੋਂ ਦੂਰ ਕਰਕੇ ਸੱਚੇ ਰਾਮ ਦਾ ਨਾਮ ਧਿਆਂਵਦਾ ਏ
ਦੀਨਾ ਨਾਥ ਭਗਵਾਨ ਨੇ ਕਰੀ ਕਿਰਪਾ ਚਿੱਤ ਨਾਥ ਦਾ ਸੈਰ ਨੂੰ ਚਾਂਹਵਦਾ ਏ

ਮੰਗਲ ਨਾਥ ਪ੍ਰਭਾਤ ਦੇ ਵਕਤ ਯਾਰੋ ਕੁਟੀਆ ਛੱਡ ਕੇ ਸੈਰ ਨੂੰ ਜਾਂਵਦਾ ਏ
ਮੋਯਾ ਪਿਆ ਸੀ ਕੁੰਵਰ ਬਸੰਤ ਜਿਥੇ ਓਥ ਨਾਥ ਨੂੰ ਰੱਬ ਲੈ ਆਂਵਦਾ ਏ
ਘੋੜਾ ਪਾਸ ਬੱਧਾ ਬੰਦਾ ਪਿਆ ਸੁੱਤਾ ਜੋਗੀ ਆਣ ਕੇ ਪਾਸ ਬੁਲਾਂਵਦਾ ਏ
ਪੰਜ ਸੱਤ ਜਾਂ ਨਾਥ ਆਵਾਜ਼ ਮਾਰੇ ਬੋਲੇ ਮੁੱਖੋਂ ਨਾ ਅੰਗ ਹਿਲਾਂਵਦਾ ਏ
ਬਾਹੋਂ ਪਕੜ ਕੇ ਨਾਥ ਹਿਲਾਇਆ ਸੂ ਐਪਰ ਕੁੰਵਰ ਨਾ ਮੁੱਖੋਂ ਅਲਾਂਵਦਾ ਏ
ਪੱਲੂ ਲਾਹ ਕੇ ਕੁੰਵਰ ਦਾ ਮੁੱਖ ਡਿੱਠਾ ਨਾਲੇ ਸੀਨੇ ਤੇ ਹੱਥ ਟਿਕਾਂਵਦਾ ਏ
ਛੇਕੜ ਨਾਥ ਨੇ ਹਾਲ ਮਲੂਮ ਕੀਤਾ ਮਾਰਿਆ ਸਰਪ ਦਾ ਦ੍ਰਿਸ਼ਟ ਮੇਂ ਆਵਦਾ ਏ
ਬਾਲਕ ਦੇਖ ਕੇ ਨਾਥ ਨੂੰ ਦਇਆ ਆਈ ਓਸੇ ਵਕਤ ਤਦਬੀਰ ਬਨਾਂਵਦਾ ਏ
ਮਹਾਂਦੇਵ ਦਾ ਦਿਲੋਂ ਧਿਆਨ ਕਰਕੇ ਚਾਰੋ ਤਰਫ ਚਾ ਕਾਰ ਵਗਾਂਵਦਾ ਏ
ਮੰਤ੍ਰ ਖਾਸ ਜੋ ਸਰਪ ਬੁਲਾਵਣੇ ਦਾ ਪੜ੍ਹਦਾ ਮੁੱਖੋਂ ਤੇ ਫੂਕ ਲਗਾਂਵਦਾ ਏ
ਜੇਹੜੇ ਸਰਪ ਨੇ ਕੁੰਵਰ ਨੂੰ ਮਾਰਿਆ ਸੀ ਉਸ ਸਰਪ ਨੂੰ ਨਾਥ ਬੁਲਾਵਦਾ ਏ
ਆ ਕੇ ਸਰਪ ਨੇ ਮੁੱਖ ਨੂੰ ਮੁੱਖ ਲਾਯਾ ਸਵਾਸ ਫੇਰ ਬਸੰਤ ਦੇ ਪਾਂਵਦਾ ਏ
ਕੁੰਵਰ ਉਠਿਆ ਰਾਮ ਦਾ ਨਾਮ ਲੇ ਕੇ ਅੱਗੇ ਨਾਥ ਬੈਠਾ ਦਿੱਸ ਆਵਦਾ ਏ
ਦੋਵੇਂ ਜੋੜ ਕੇ ਹੱਥ ਆਦੇਸ ਕੀਤਾ ਉੱਤੇ ਚਰਨਾ ਦੇ ਸੀਸ ਨਿਵਾਂਵਦਾ ਏ
ਜਦੋਂ ਰੰਗ ਸੁਨੈਹਰੀ ਦਾ ਸੱਪ ਡਿੱਠਾ ਕੁੰਵਰ ਪਿਛੇ ਨੂੰ ਪੈਰ ਹਟਾਵਦਾ ਏ
ਨਾਥ ਆਖਦਾ ਬੱਚਿਆ ਡਰ ਨਾਹੀ ਤੇਰੇ ਸਰਪ ਨਜਦੀਕ ਨਾ ਆਵਦਾ ਏ
ਏਸ ਸੱਪ ਨੇ ਤੁਝ ਨੂੰ ਮਾਰਿਆ ਸੀ ਨਾਲੇ ਕੁਲ ਅਹਿਵਾਲ ਸੁਨਾਵਦਾ ਏ
ਕੁੰਵਰ ਆਖਦਾ ਨਾਥ ਜੀ ਵੀਰ ਮੇਰਾ ਕਿਥੇ ਗਿਆ ਏ ਗੱਲ ਪੁਛਾਂਵਦਾ ਏ
ਤੇਰਾ ਵੀਰ ਨਾ ਬੱਚਿਆ ਵੇਖਿਆ ਮੈਂ ਭਲੀ ਤਰ੍ਹਾਂ ਸੇ ਨਾਥ ਸਮਝਾਵਦਾ ਏ
ਤੈਨੂੰ ਰੱਖਿਆ ਆਪ ਭਗਵਾਨ ਸੱਚੇ ਜੇਹੜਾ ਕੁਲ ਦੀ ਆਸ ਪੁਜਾਵਦਾ ਏ
ਆਪਣਾ ਹਾਲ ਬਸੰਤ ਨੂੰ ਜਾਹਰ ਹੋਯਾ ਸੱਚੇ ਰੱਬ ਦਾ ਸ਼ੁਕਰ ਮਨਾਵਦਾ ਏ
ਮੋਇਆ ਦੇਖ ਕੇ ਵੀਰ ਵਿਸਾਰ ਗਿਆ ਦਿਲ ਦੇ ਨਾਲ ਦਲੀਲ ਠਹਿਰਾਵਦਾ ਏ
ਬਾਰ ਬਾਰ ਗੁਰਦੇਵ ਦੇ ਚਰਨ ਪਕੜੇ ਲੱਖ ਲੱਖ ਉਹ ਸ਼ੁਕਰ ਮਨਾਂਵਦਾ ਏ
ਲਛਮਨ ਵਾਂਗ ਸੁਰਜੀਵਣੀ ਦੇ ਬੂਟੀ ਨਾਥ ਮੋਏ ਨੂੰ ਫੇਰ ਜਿਵਾਵਦਾ ਏ
ਮਹਿਮਾ ਸੰਤ ਦੀ ਮਹਾਂ ਅਪਾਰ ਯਾਰੋ ਜਿਸ ਦਾ ਭੇਤ ਭੀ ਵੇਦ ਨਾ ਪਾਵਦਾ ਏ
ਜੇਕਰ ਸੰਤ ਕ੍ਰਿਪਾਲ ਦਿਆਲ ਹੋਵੇ ਜੰਮਣ ਮਰਣ ਦਾ ਖੇਢ ਮਿਟਾਵਦਾ ਏ
ਜੇਕਰ ਸਿਖ ਤੇ ਸੰਤ ਪ੍ਰਸੰਨ ਹੋਵੇ ਵਿਚ ਰੇਖ ਦੇ ਮੇਖ਼ ਚਾ ਲਾਂਵਦਾ ਏ
ਰਾਮ ਨਾਮ ਦਾ ਸੰਤ ਉਪਦੇਸ ਦੇ ਕੇ ਵਿਚ ਜੋਤ ਦੇ ਜੋਤ ਮਿਲਾਂਵਦਾ ਏ
ਜੇਹੜਾ ਸੰਤ ਦੀ ਨਿੰਦਿਆ ਕਰੇ ਯਾਰੋ ਸੋਈ ਦੋਜਖਾਂ ਵਿਚ ਸਿਧਾਂਵਦਾ ਏ
ਜਿਸ ਦੀ ਰੱਛਿਆ ਕਰੇ ਭਗਵਾਨ ਸੱਚਾ ਉਸ ਤੇ ਸੰਤ ਭੀ ਮੇਹਰ ਵਧਾਵਦਾ ਏ
ਦੌਲਤ ਰਾਮ ਜਿਸ ਮਰਦ ਨੂੰ ਰਾਮ ਰੱਖੇ ਉਸਦੇ ਕਾਲ ਭੀ ਨਿਕਟ ਨਾ ਆਵਦਾ ਏ

## ਵਾਕ ਮੰਗਲ ਨਾਥ ਕਾ

ਮੰਗਲ ਨਾਥ ਬਸੰਤ ਨੂੰ ਪੁਛਦਾ ਏ ਕਿਵੇਂ ਵਿਚ ਉਜਾੜ ਦੇ ਆਇਆ ਓਇ
ਕਿਹੜਾ ਗ੍ਰਾਮ ਦੇ ਪਿਤਾ ਦਾ ਨਾਮ ਕਿਆ ਹੈ ਜਿਸਦੇ ਧਾਮ ਤੈਨੇ ਜਨਮ ਪਾਇਆ ਓਇ
ਆਪਣੀ ਜ਼ਾਤ ਤੇ ਨਾਮ ਬਤਲਾ ਬੱਚਾ ਕਿਹੜੀ ਮਾਂ ਕਰਮਾਂ ਵਾਲੀ ਜਾਇਆ ਓਇ
ਬਾਲ ਉਮਰ ਦਿਸੇ ਰਾਜ ਕੁੰਵਰ ਵਾਂਗੂੰ ਰੂਪ ਚੰਦ ਤੇ ਦੂਣ ਸਵਾਇਆ ਓਇ
ਕਿਹੜਾ ਕਾਜ ਆਹਾ ਤੇਰਾ ਦੇਸ ਜਗ੍ਹਾ ਘਰ ਛੱਡ ਉਜਾੜ ਨੂੰ ਧਾਇਆ ਓਇ
ਕੇਹਾ ਲੱਗਿਆ ਤੁੱਧ ਨੂੰ ਦੁੱਖ ਬੱਚਾ ਮੁਖ ਫੁੱਲ ਦੇ ਵਾਂਗ ਕੁਮਲਾਇਆ ਓਇ
ਦੌਲਤ ਰਾਮ ਸੱਚੋ ਸੱਚ ਦੱਸ ਮੈਨੂੰ ਤੈਨੂੰ ਕਿਵੇਂ ਭਗਵਾਨ ਲੈ ਆਇਆ ਓਇ

## ਵਾਕ ਬਸੰਤ ਕਾ

ਕੁੰਵਰ ਆਖਦਾ ਗੁਰੂ ਜੀ ਹਾਲ ਦੱਸਾ ਮੇਰੀ ਗੱਲ ਤੇ ਧਿਆਨ ਲਗਾਇਆ ਜੀ
ਬਰਨ ਛੱਤਰੀ ਨਾਮ ਬਸੰਤ ਮੇਰਾ ਮੈਨੂੰ ਹੋਣੀ ਨੇ ਆ ਸਤਾਇਆ ਜੀ
ਮੇਰਾ ਹਾਲ ਸੁਣੋ ਗੁਰੂ ਜੀ ਖਿਆਲ ਕਰਕੇ ਭਾਣਾ ਰੱਬ ਨੇ ਜਿਵੇਂ ਵਰਤਾਇਆ ਜੀ
ਸੰਗਲਦੀਪ ਅੰਦਰ ਖੜਗਸੈਨ ਰਾਜਾ ਜਿਸ ਦੇ ਧਾਮ ਮੈਨੇ ਜਨਮ ਪਾਇਆ ਜੀ
ਰੂਪ ਨਾਮ ਆਹਾ ਮੇਰਾ ਵੱਡਾ ਭਾਈ ਜਿਸਦਾ ਤੁਸਾਂ ਤੇ ਨਾਮ ਪੁਛਾਇਆ ਜੀ
ਰੂਪਵਤੀ ਸੀ ਮਾਈ ਦਾ ਨਾਮ ਨਾਥਾ ਜਿਸ ਨੇ ਕੁੱਖ ਵਿਚੋ ਸਾਨੂੰ ਜਾਇਆ ਜੀ
ਕਾਲ ਵੱਸ ਹੋਈ ਰੂਪਵਤੀ ਮਾਤਾ ਰਾਜੇ ਹੋਰ ਵਿਆਹ ਕਰਵਾਇਆ .ਜੀ
ਚੰਦਰਵਤੀ ਸੀ ਉਸਦਾ ਨਾਮ ਗੁਰੂਆ ਜਿਸਨੂੰ ਪਿਤਾ ਨੇ ਜਾਇ ਪ੍ਰਨਾਇਆ ਜੀ
ਇਕ ਰੋਜ ਜਾ ਕੇ ਉਸਦੇ ਮਹੱਲ ਹੇਠਾਂ ਅਸੀਂ ਗੇਂਦ ਦਾ ਖੇਲ ਰਚਾਇਆ ਜੀ
ਮੇਰੀ ਗੇਂਦ ਡਿੱਗੀ ਉਸਦੇ ਮੱਹਲ ਅੰਦਰ ਉਸਦੇ ਲੈਣ ਨੂੰ ਗੁਰੂ ਮੈਂ ਧਾਇਆ ਜੀ
ਮੈਨੇ ਜੋੜ ਕੇ ਹੱਥ ਪ੍ਰਣਾਮ ਕੀਤੀ ਉਤੇ ਚਰਨਾਂ ਦੇ ਸੀਸ ਨਿਵਾਇਆ ਜੀ
ਮੇਰਾ ਦੇਖ ਕੇ ਰੂਪ ਜਮਾਲ ਸੋਹਣਾ ਮਾਤ੍ਰ ਮਾਇ ਨੇ ਧਰਮ ਗਵਾਇਆ ਜੀ
ਏਸ ਗੱਲ ਨੂੰ ਨਾਥ ਜੀ ਸਮਝਣਾ ਜੇ ਪਾੜਾ ਜ਼ਿਮੀਂ ਆਸਮਾਨ ਦਾ ਪਾਇਆ ਜੀ
ਮਾਈ ਪੁੱਤ੍ਰ ਦਾ ਭੋਗ ਸੰਜੋਗ ਚਾਹੇ ਬੇੜਾ ਧਰਮ ਦਾ ਸਿੰਧ ਰੁੜ੍ਹਾਇਆ ਜੀ
ਮੇਰੇ ਧਰਮ ਨੂੰ ਜਦੋਂ ਗਵਾਣ ਲੱਗੀ ਮੈਨੇ ਰਾਮ ਦਾ ਨਾਮ ਧਿਆਇਆ ਜੀ
ਕੀਤੀ ਜਾਗਦੀ ਜੋਤ ਸਹਾਇ ਮੇਰੀ ਮੇਰੇ ਧਰਮ ਨੂੰ ਦਾਗ਼ ਨਾ ਲਾਇਆ ਜੀ
ਉਸ ਤੋਂ ਬਾਂਹ ਛੁਡਾਇ ਕੇ ਨੱਸਿਆ ਮੈਂ ਉਸਨੇ ਕੂੜ ਇਲਜਾਮ ਲਗਾਇਆ ਜੀ
ਰਾਤੀਂ ਗਿਆ ਰਾਜਾ ਜਦੋਂ ਮਹੱਲ ਅੰਦਰ ਉਸਨੇ ਤੁਹਮਤਾਂ ਨਾਲ ਸਿਖਲਾਇਆ ਜੀ
ਰਾਣੀ ਝੂਠ ਤੂਫਾਨ ਅਜ਼ਗੈਬ ਕਹਿ ਕੇ ਦਿਲ ਰਾਜੇ ਦਾ ਮਾਰ ਤਪਾਇਆ ਜੀ
ਹੋਇਆ ਦਿਨ ਦਰਬਾਰ ਵਿਚ ਸੱਦ ਮੈਨੂੰ ਰਾਜੇ ਮਾਰ ਕੇ ਹਾਲ ਵੰਜਾਇਆ ਜੀ
ਭਾਈ ਰੂਪ ਨੇ ਬਹੁਤ ਸਵਾਲ ਕੀਤੇ ਰਾਜੇ ਇਕ ਨਾ ਚਿੱਤ ਨੂੰ ਲਾਇਆ ਜੀ
ਅਰਜ਼ਾਂ ਕੀਤੀਆ ਕੁਲ ਮੁਲਾਜ਼ਮਾ ਨੇ ਮੇਰੇ ਪਿਤਾ ਨੂੰ ਤਰਸ ਨਾ ਆਇਆ ਜੀ

ਆਖ਼ਿਰਕਾਰ ਰਾਜੇ ਕਹਿਰਵਾਨ ਹੋ ਕੇ ਸੂਲੀ ਦੇਣ ਦਾ ਹੁਕਮ ਚਲਾਇਆ ਜੀ
ਸੂਲੀ ਦੇਣ ਨੂੰ ਜਦੋ ਤਿਆਰ ਹੋਏ ਭਾਈ ਰੂਪ ਨੇ ਸ਼ੋਰ ਮਚਾਇਆ ਜੀ
ਨਾਲੇ ਸ਼ਹਿਰ ਦੀ ਕੁਲ ਪੰਚੈਤ ਆਈ ਮੇਰੇ ਪਿਤਾ ਨੂੰ ਆਣ ਸਮਝਾਇਆ ਜੀ
ਬਹੁਤ ਹੋਰ ਕੀ ਕਹਾਂ ਹਵਾਲ ਨਾਥਾ ਮੈਨੂੰ ਰਾਮ ਨੇ ਆਪ ਬਚਾਇਆ ਜੀ
ਛੇਕੜ ਪਿਤਾ ਮੇਰੇ ਮੇਹਰਬਾਨ ਹੋ ਕੇ ਬਣੋਬਾਸ ਦਾ ਹੁਕਮ ਚੜ੍ਹਾਇਆ ਜੀ
ਜਦੋਂ ਪਿਤਾ ਬਣੋਬਾਸ ਦੇ ਹੁਕਮ ਦਿਤਾ ਓਸੇ ਵਕਤ ਮੈਂ ਉਠ ਸਿਧਾਇਆ ਜੀ
ਭਾਈ ਰੂਪ ਭੀ ਤੁਰ ਪਿਆ ਨਾਲ ਮੇਰੇ ਉਸਨੂੰ ਤਰਸ ਭਗਵਾਨ ਦਾ ਆਇਆ ਜੀ
ਬਰਸ ਰੋਜ਼ ਪੂਰਾ ਅਜ ਆਣ ਹੋਯਾ ਨਾਲ ਦੁੱਖਾਂ ਦੇ ਸਾਲ ਲੰਘਾਇਆ ਜੀ
ਏਸ ਬਾਰ ਅੰਦਰ ਸਾਨੂੰ ਰਾਤ ਆਈ ਆਸਣ ਏਸ ਜਗ੍ਹਾ ਉਤੇ ਲਾਇਆ ਜੀ
ਭਾਈ ਰੂਪ ਨੂੰ ਨੀਂਦ ਨੇ ਜੋਰ ਪਾਇਆ ਪਹਿਰੇ ਮੁਝ ਨੂੰ ਏਸ ਬਹਾਇਆ ਜੀ
ਤਿੰਨ ਪਹਿਰ ਕਰੀਬ ਜਾਂ ਰਾਤ ਗੁਜ਼ਰੀ ਮੈਨੂੰ ਰੂਪ ਨੇ ਤਦੋ ਜਗਾਇਆ ਜੀ
ਓਸੇ ਵਕਤ ਗੁਰੂਆ ਮੈਨੂੰ ਨੀਂਦ ਆਈ ਆ ਕੇ ਹੋਣੀ ਨੇ ਦਸਤ ਉਠਾਇਆਂ ਜੀ
ਸੁਤੇ ਪਏ ਨੂੰ ਖ਼ਬਰ ਨਾ ਸਾਰ ਕੋਈ ਮੈਨੂੰ ਸਰਪ ਨੇ ਮਾਰ ਮੁਕਾਇਆ ਜੀ
ਮੈਨੂੰ ਮੋਏ ਨੂੰ ਛੱਡ ਕੇ ਵੀਰ ਮੇਰਾ ਖ਼ਬਰ ਨਹੀਂ ਕਿਧਰ ਉਠ ਧਾਇਆ ਜੀ
ਆਦਿ ਅੰਤ ਤਾਈਂ ਜਿਵੇਂ ਬੀਤਿਆ ਸੀ ਸਾਰਾ ਫੋਲ ਕੇ ਹਾਲ ਸੁਨਾਇਆ ਜੀ
ਕੋਈ ਰੋਜ਼ ਆਹੀ ਬਾਕੀ ਜ਼ਿੰਦਗਾਨੀ ਰੱਬ ਤੁਸਾਂ ਦਾ ਮੇਲ ਕਰਵਾਇਆ ਜੀ
ਮਾਈ ਬਾਪ ਤਾਈਂ ਕੁਛ ਦੋਸ ਨਾਹੀਂ ਮਿਲਿਆ ਵਾਹ ਜੋ ਲੇਖ ਲਿਖਾਇਆ ਜੀ
ਧੰਨ ਧੰਨ ਹੈ ਗੁਰੂ ਜੀ ਦਰਸ ਤੇਰਾ ਮੈਨੂੰ ਦੂਸਰਾ ਜਨਮ ਦਵਾਇਆ ਜੀ
ਤੱਜ ਕੇ ਏਸ ਜਹਾਨ ਦੇ ਸਾਕ ਸਾਰੇ ਤੇਰਾ ਆਸਰਾ ਮੁਝ ਤਕਾਇਆ ਜੀ
ਸਾਰੀ ਉਮਰ ਮੈਂ ਰਹਾਂਗਾ ਦਾਸ ਤੇਰਾ ਹੋਰ ਜੱਗ ਦਾ ਖ਼ਿਆਲ ਭੁਲਾਇਆ ਜੀ
ਦੌਲਤ ਰਾਮ ਮੇਰਾ ਮਾਈ ਬਾਪ ਤੂੰ ਹੀ ਜਿਸ ਨੇ ਮੋਏ ਨੂੰ ਫੇਰ ਜਿਵਾਇਆ ਜੀ

## ਮੰਗਲ ਨਾਥ ਨੇ ਬਸੰਤ ਨੂੰ ਆਪਣੇ ਅਸਥਾਨ ਪੁਰ ਲੈ ਜਾਣਾ

ਮੰਗਲ ਨਾਥ ਬਸੰਤ ਦਾ ਹਾਲ ਸੁਣ ਕੇ ਆਪਣੇ ਚਿੱਤ ਦੇ ਵਿਚ ਹੈਰਾਨ ਹੋਯਾ
ਸੁਣ ਕੇ ਗੱਲ ਅਜ਼ਗੈਬ ਦੀ ਕੁੰਵਰ ਕੋਲੋਂ ਪਰੇਸਾਨ ਹੋਯਾ ਪਰੇਸ਼ਾਨ ਹੋਯਾ
ਆਖੇ ਬਚਿਆ ਕੁਝ ਨਾ ਦੋਸ਼ ਤੈਨੂੰ ਤੇਰੇ ਕਰਮ ਦਾ ਕੁਲ ਵਰਾਨ ਹੋਯਾ
ਪਿਛਲੇ ਜਨਮ ਕੀਤਾ ਕੋਈ ਪਾਪ ਭਾਰੀ ਸੋਈ ਤੁੱਧ ਅਗੇ ਹਾਜ਼ਰ ਆਨ ਹੋਯਾ
ਮੰਗਲਨਾਥ ਬਸੰਤ ਨੂੰ ਨਾਲ ਲੈ ਕੇ ਓਥੋਂ ਉਠ ਕੇ ਤੁਰਤ ਰਵਾਨ ਹੋਯਾ
ਜਿਥੇ ਕੁਟੀ ਆਹੀ ਮੰਗਲ ਨਾਥ ਸੰਦੀ ਦਾਖ਼ਲ ਆਣ ਕੇ ਓਸ ਅਸਥਾਨ ਹੋਯਾ
ਦੌਲਤ ਰਾਮ ਧਯਾਨ ਕਰ ਸੁਣੋ ਅੱਗੇ ਜੇਹੜਾ ਨਾਥ ਬਸੰਤ ਦਾ ਬਿਆਨ ਹੋਯਾ

## ਵਾਕ ਮੰਗਰ ਨਾਥ ਕਾ

ਮੰਗਲ ਨਾਥ ਬਸੰਤ ਨੂੰ ਆਖਦਾ ਏ ਜਾ ਕੇ ਵੇਖ ਤੂੰ ਆਪਣਾ ਦੇਸ਼ ਬੱਚਾ
ਮਾਈ ਬਾਪ ਤੇਰੇ ਮਹਾਂ ਦੁਖੀ ਹੋਸਨ ਜਾ ਕੇ ਉਹਨਾਂ ਦੇ ਕੱਟ ਕਲੇਸ਼ ਬੱਚਾ
ਮਾਈ ਬਾਪ ਦਾ ਕੁਝ ਗੁਨਾਹ ਨਾਹੀਂ ਤੇਰੇ ਕਰਮ ਆਏ ਤੇਰੇ ਪੇਸ਼ ਬੱਚਾ
ਘਰੀਂ ਜਿਨ੍ਹਾਂ ਦੇ ਮਾਤਾ ਤੇ ਪਿਤਾ ਹੋਵਣ ਓਹ ਕਿਉਂ ਲੈਣ ਫਕੀਰੀ ਦਾ ਭੇਸ ਬੱਚਾ
ਮਾਤਾ ਪਿਤਾ ਨੂੰ ਦੇਂਵਦਾ ਕਸ਼ਟ ਜੇਹੜਾ ਸੋਈ ਪਾਂਵਦਾ ਕਸ਼ਟ ਹਮੇਸ ਬੱਚਾ
ਮਾਈ ਬਾਪ ਦਾ ਫ਼ਰਜ਼ ਨਾ ਪਾਕ ਹੋਵੇ ਚਾਹੇ ਜਿੱਤ ਦੇਈਏ ਸਾਰਾ ਦੇਸ ਬੱਚਾ
ਤਾਂ ਭੀ ਆਬਹਯਾਤ ਮਸਾਲ ਜਾਣੋ ਮਾਪੇ ਹੋਣ ਜੇ ਸੱਪ ਦੇ ਨੇਸ਼ ਬਚਾ
ਮਾਤਾ ਪਿਤਾ ਜੇਕਰ ਹਥੀਂ ਮਾਰ ਦੇਵਣ ਤਾਂ ਭੀ ਜਾਣੀਏ ਜਨਮ ਬਸ਼ੇਸ਼ ਬਚਾ
ਜਿਨ੍ਹਾਂ ਮਾਈ ਤੇ ਬਾਪ ਦੀ ਕਰੀ ਸੇਵਾ ਹੋਏ ਸਵਰਗ ਦੇ ਵਿਚ ਪ੍ਰਵੇਸ਼ ਬਚਾ
ਸਰਵਣ ਮੁਕਤ ਪਾਈ ਮਾਪੇ ਦਿਆਲ ਹੋਏ ਮਸਾਹੂਰ ਹੈ ਦੇਸ਼ ਪ੍ਰਦੇਸ਼ ਬਚਾ
ਦੌਲਤ ਰਾਮ ਜਾ ਮਿਲ ਮਾਈ ਬਾਪ ਨੂੰ ਤੂੰ ਤੇਰੀ ਰੱਛਿਆ ਕਰੇ ਮਹੇਸ ਬਚਾ

## ਵਾਕ ਬਸੰਤ ਕਾ

ਦੋਵੇ ਜੋੜ ਕੇ ਹੱਥ ਬਸੰਤ ਆਖੇ ਮੈਨੂੰ ਆਪਣਾ ਸਮਝ ਲੈ ਬਾਲ ਨਾਥਾ
ਧਰਮ ਨਾਲ ਮੇਰਾ ਮਾਈ ਬਾਪ ਤੂੰ ਹੀ ਦਿਤਾ ਮੋਏ ਨੂੰ ਫੇਰ ਜਵਾਲ ਨਾਥਾ
ਪਿਆ ਵਖਤ ਮੈਨੂੰ ਅਜ ਆਣ ਵੱਡਾ ਮੈਂ ਹਾ ਬਾਲ ਨਢਾ ਤੂੰ ਹੀ ਪਾਲ ਨਾਥਾ
ਮਾਈ ਬਾਪ ਦਾ ਸਾਕ ਮਲੂਮ ਮੈਨੂੰ ਜੇਹੜੀ ਹੋਈ ਹੈ ਮੁਝ ਦੇ ਨਾਲ ਨਾਥਾ
ਕੂੜੇ ਸਾਕ ਜਹਾਨ ਦੇ ਛੱਡ ਕੇ ਮੈਂ ਲਿਆ ਸਾਕ ਤੁਸਾਡੜਾ ਭਾਲ ਨਾਥਾ
ਸੱਚੇ ਰੱਬ ਦੇ ਨਾਲ ਜੇ ਪ੍ਰੀਤ ਹੋਵੇ ਦੁਨੀਆ ਵਲ ਕੀ ਰਖਣਾ ਖਿਆਲ ਨਾਥਾ
ਸੱਚਾ ਰਾਮ ਕਰਤਾਰ ਦਾ ਸਮਝਿਆ ਮੈਂ ਕੂੜੀ ਕੁਲ ਜਹਾਨ ਦੀ ਚਾਲ ਨਾਥਾ
ਇਸੇ ਵਾਸਤੇ ਪਿਆ ਮੈਂ ਸ਼ਰਣ ਤੇਰੀ ਪ੍ਰਤਿਪਾਲ ਕਰਨੀ ਪ੍ਰਤਿਪਾਲ ਨਾਥਾ
ਦੁਨੀਆ ਵਿਚ ਮੈਂ ਬਹੁਤ ਲਾਚਾਰ ਹੋਯਾ ਮੇਰਾ ਕੱਟ ਦੇ ਭਰਮ ਦੇ ਜਾਲ ਨਾਥਾ
ਮੇਰਾ ਚਿੱਤ ਚਾਹੇ ਜੋਗੀ ਹੋਵਣੇ ਤੇ ਕੰਨ ਚੀਰ ਕੇ ਮੁੰਦਰਾਂ ਡਾਲ ਨਾਥਾ
ਮੇਰਾ ਖ਼ੁਦੀ ਹੰਕਾਰ ਨਿਵਾਰ ਸਾਰਾ ਮੇਲ ਜਿਨਸ ਨੂੰ ਜਿਨਸ ਦੇ ਨਾਲ ਨਾਥਾ
ਸਾਰੀ ਉਮਰ ਮੈਂ ਕਰਾਂਗਾ ਟਹਿਲ ਤੇਰੀ ਮੈਨੂੰ ਜੋਗ ਦੀ ਰੀਤ ਸਿਖਾਲ ਨਾਥਾ
ਮਾਰ ਜੀਂਵਦਾ ਮਰਾਂ ਨਾ ਫੇਰ ਮੁੜ ਕੇ ਪਾ ਕੇ ਨਾਮ ਕੁਠਾਲੜੀ ਢਾਲ ਨਾਥਾ
ਦੌਲਤ ਰਾਮ ਐਸਾ ਦੱਸ ਗਿਆਨ ਮੈਨੂੰ ਹੋਵੇ ਫੇਰ ਨ ਜਨਮ ਜੰਜਾਲ ਨਾਥਾ

## ਵਾਕ ਨਾਥ ਜੀ ਕਾ

ਮੰਗਲ ਨਾਥ ਨੇ ਕਿਹਾ ਬਸੰਤ ਤਾਈਂ ਮੇਰੀ ਗੱਲ ਤੇ ਰੱਖ ਧਿਆਨ ਬੇਟਾ
ਗੱਲਾਂ ਕਰਨੀਆਂ ਬਹੁਤ ਸੁਖਾਲੀਆ ਨੇ ਵੱਡਾ ਕਠਨ ਹੈ ਜੋਗ ਕਮਾਨ ਬੇਟਾ

ਜਿਨ੍ਹਾਂ ਤਖ਼ਤ ਤੇ ਬੈਠ ਕੇ ਹੁਕਮ ਕੀਤਾ ਮੁਸ਼ਕਲ ਉਹਨਾਂ ਨੂੰ ਮੰਗ ਕ ਖਾਨ ਬੇਟਾ
ਜਿਉਂਦਾ ਮਰੇ ਜੇਹੜਾ ਸੋਈ ਜੋਗ ਧਾਰੇ ਮਰ ਕੇ ਫੇਰ ਹੋਣਾ ਸਾਵਧਾਨ ਬੇਟਾ
ਕਾਮ ਕਰੋਧ ਮੋਹ ਲੋਭ ਹੰਕਾਰ ਛੱਡ ਕੇ ਹੋਵੇ ਜੀਂਵਦਾ. ਮਿਰਤ ਸਮਾਨ ਬੇਟਾ
ਤੱਜ ਕੇ ਰੰਗ ਮਹੱਲ ਮਕਾਨ ਸੋਹਣੇ ਜੇਹੜਾ ਵੱਸਦਾ ਏ ਬੀਆਬਾਨ ਬੇਟਾ
ਘਰੀ ਪਹਿਨਦਾ ਅਤਲਸਾ ਮਖ਼ਮਲਾਂ ਤੂੰ ਏਥੇ ਲੇਟਣਾ ਵਿਚ ਮਸਾਨ ਬੇਟਾ
ਜਾ ਕੇ ਮਾਈ ਤੇ ਬਾਪ ਦੀ ਕਰੇ ਸੇਵਾ ਹੋਵੇ ਜੀਵਣਾ ਸਫਲ ਜਹਾਨ ਬੇਟਾ
ਜਿਸ ਨੇ ਮਾਈ ਤੇ ਬਾਪ ਦੀ ਕਰੀ ਸੇਵਾ ਉਸਨੇ ਪਾ ਲਿਆ ਸਰਬ ਗਿਆਨ ਬੇਟਾ
ਭਲੀ ਕਰੇ ਤਾਂ ਜਾ ਮਿਲੇ ਮਾਪਿਆਂ ਨੂੰ ਮੇਰੇ ਵਾਕ ਨੂੰ ਸੀਸ ਤ ਮਾਨ ਬੇਟਾ
ਜੇਕਰ ਚਿੱਤ ਚਾਹੇ ਰਹੋ ਪਾਸ ਮੇਰੇ ਕਰਨਾ ਜੋਗ ਦੀ ਤਰਫ ਨਾ ਧਯਾਨ ਬੇਟਾ
ਸੋਈ ਜੋਗ ਦੇ ਦੁੱਖਾਂ ਨੂੰ ਜਾਨਦੇ ਨੇ ਲੱਗੇ ਜਿਨ੍ਹਾਂ ਨੂੰ ਜੋਗ ਦੇ ਬਾਨ ਬੇਟਾ
ਪੰਜ ਤੱਤ ਦਾ ਮਾਰਨਾ ਵੱਡਾ ਮੁਸਕਲ ਗੱਲਾਂ ਕਰਨੀਆ ਬਹੁਤ ਅਹਿਸਾਨ ਬੇਟਾ
ਦਸੇ ਇੰਦਰੇ ਪੰਝੀ ਪ੍ਰਕਿਰਤੀਆ ਨੂੰ ਕੋਈ ਜਿੱਤਦਾ ਮਰਦ ਸੁਜਾਨ ਬੇਟਾ
ਔਖਾ ਹਰਖ ਤੇ ਸੋਗ ਦਾ ਵਸ ਕਰਨਾ ਮੁਸਕਲ ਛਡਣਾ ਦੇਹ ਅਭਿਮਾਨ ਬੇਟਾ
ਸਭੇ ਕੰਨ ਪੜਵਾ ਕੇ ਬੈਠ ਜਾਂਦੇ ਮੁਸ਼ਕਲ ਜੋਗ ਦਾ ਤੋੜ ਚੜ੍ਹਾਨ ਬੇਟਾ
ਜੋਗੀ ਬੁਰੀ ਕਰਦੇ ਹੱਥ ਛੁਰੀ ਫੜ ਕੇ ਕੰਨ ਚੀਰ ਕੇ ਮੁੰਦਰਾਂ ਪਾਨ ਬੇਟਾ
ਮੂਰਖ ਕੰਨ ਪੜਵਾਇਕੇ ਬਠ ਜਾਂਦੇ ਪਿਛੋ ਵੰਲਣੇ ਨੂੰ ਪੱਛੋਤਾਨ ਬੇਟਾ
ਕੰਨਾ ਪਾੜਿਆ ਮੂਲ ਨਾ ਮੁਕਤਿ ਹੋਵੇ ਮੁਕਤੀ ਮਿਲੇ ਵਿਚਾਰ ਦੇ ਤਾਨ ਬੇਟਾ
ਦੌਲਤ ਰਾਮ ਕੀ ਜੋਗ ਦੀ ਸਾਰ ਤੈਨੂੰ ਤੇਰੀ ਉਮਰ ਹੈ ਅਜ ਨਾਦਾਨ ਬੇਟਾ

## ਵਾਕ ਬਸੰਤ ਕਾ

ਕੁੰਵਰ ਆਖਦਾ ਦਇਆ ਦੀ ਦ੍ਰਿਸਟ ਕਰਕੇ ਮੈਨੂੰ ਆਪਣਾ ਦਾਸ ਬਣਾ ਨਾਥਾ
ਗੁਰਾ ਬਾਝ ਨਾ ਗਿਆਨ ਵਸੂਲ ਹੋਵੇ ਬਿਨਾ ਵੈਦ ਨਾ ਮਿਲੇ ਦਵਾ ਨਾਥਾ
ਜੇਕਰ ਤੁੱਧ ਨੇ ਦਇਆ ਦੀ ਦ੍ਰਿਸਟ ਕੀਤੀ ਮੁਸ਼ਕਲ ਹੋਵੇਂਗੀ ਕੁਲ ਸ਼ਫਾ ਨਾਥਾ
ਮੈਨੇ ਤੁੱਧ ਨੂੰ ਮਾਈ ਤੇ ਬਾਪ ਜਾਤਾ ਦਿਤੇ ਜੱਗ ਦੇ ਸਾਕ ਭੁਲਾ ਨਾਥਾ
ਤੇਰਾ ਦਰਸ ਹੈ ਆਬਹਯਾਤ ਠੰਢਾ ਦੁਨੀਆ ਦਿਸਦੀ ਨਰਕ ਦੀ ਭਾਹ ਨਾਥਾ
ਦਿਓ ਜੋਗ ਤੇ ਕਰੋ ਅਰੋਗ ਕਾਇਆ ਮੇਰਾ ਸੋਗ ਤਮਾਮ ਮਿਟਾ ਨਾਥਾ
ਅੰਤਹਕਰਣ ਤੇ ਪੰਝੀ ਪ੍ਰਕਿਰਤੀਆ ਦਾ ਸਾਰਾ ਹਾਲ ਤੂੰ ਦੇਹ ਸਮਝਾ ਨਾਥਾ
ਸਾਰਾ ਭੇਦ ਸਰੀਰ ਦਾ ਦੱਸ ਏਹੋ ਇਸ ਨੂੰ ਸੋਧਣੇ ਦਾ ਮੈਨੂੰ ਚਾ ਨਾਥਾ
ਜੇਹੜਾ ਕਰੋਗੇ ਆਪ ਉਪਦੇਸ ਮੈਨੂੰ ਦੇਵਾ ਸੀਸ ਦੇ ਨਾਲ ਨਿਭਾ ਨਾਥਾ
ਦਇਆ ਦ੍ਰਿਸਟ ਕਰਕੇ ਦੱਸੋ ਇਸਟ ਅਪਣਾ ਏਹੋ ਆਬਹਯਾਤ ਪਿਲਾ ਨਾਥਾ
ਦੌਲਤ ਰਾਮ ਮੈਂ ਤਾਂ ਤੇਰਾ ਹੋ ਰਹਿਆ ਚਾਹੋ ਡੋਬ ਚਾਹੇ ਬੰਨੇ ਲਾ ਨਾਥਾ

## ਵਾਕ ਨਾਥ ਜੀ ਕਾ

ਮੰਗਲ ਨਾਥ ਬਸੰਤ ਨੂੰ ਆਖਦਾ ਏ ਤੈਨੂੰ ਜ਼ਰਾ ਨਾ ਬੁਧ ਵਿਚਾਰ ਬੇਟਾ
ਕੰਨਾਂ ਪਾੜਿਆਂ ਜੇਕਰਾਂ ਜੋਗ ਹੋਵੇ ਰੰਨਾਂ ਜਾਣ ਸਭ ਮੋਖ ਦੁਆਰ ਬੇਟਾ
ਭਗਵਾ ਰੰਗਿਆਂ ਮਿਲੇ ਜੇ ਰੱਬ ਸੱਚਾ ਗੇਰੀ ਪਈ ਹੈ ਹੱਟ ਬਾਜ਼ਾਰ ਬੇਟਾ
ਭਸਮ ਲਾਏ ਜੇ ਰਾਮ ਦਾ ਦਰਸ ਹੋਵੇ ਗਧੇ ਲੇਟਦੇ ਨੇ ਵਿਚ ਛਾਰ ਬੇਟਾ
ਜੇਕਰ ਅੰਨ ਦੇ ਤਯਾਗਿਆ ਸੁਧ ਹੋਈਏ ਸਰਪ ਪੌਣ ਦਾ ਕਰੇ ਅਹਾਰ ਬੇਟਾ
ਅੱਖਾਂ ਮੀਟੀਆ ਜੇਕਰ ਭਗਤ ਹੋਵੇ ਬਗਲੇ ਹੋਣ ਭੌਸਾਗਰੋਂ ਪਾਰ ਬੇਟਾ
ਧੂਣੀ ਤਾਪਿਆਂ ਜੇਕਰਾਂ ਸਿੱਧ ਹੋਵੇ ਵਿਚ ਅੱਗ ਦੇ ਜੀਵ ਹਜਾਰ ਬੇਟਾ
ਪਾਣੀ ਵਿਚ ਬੈਠੇ ਜੇਕਰ ਮਿਲੇ ਹਰਿ ਜੀ ਜਲਚਰ ਜੀਵ ਦਾ ਨਹੀਂ ਸੁਮਾਰ ਬੇਟਾ
ਮੇਰੀ ਆਗਿਆ ਮੰਨ ਲੈ ਸੀਸ ਉਤੇ ਆਖੇ ਲੱਗ ਤੂੰ ਜੋਗ ਨਾ ਧਾਰ ਬੇਟਾ
ਤੇਰੇ ਲੇਖ ਅੰਦਰ ਲਿਖਿਆ ਰਾਜ ਕਰਨਾ ਪਿੱਛੋ ਹੋਵਸੇਂ ਬਹਤ ਖ਼ੁਆਰ ਬੇਟਾ
ਸਪਤ ਬਰਸ ਸੰਕਟ ਤੈਨੇ ਭੋਗਣਾ ਏਂ ਮਨ ਮਾਰ ਕੇ ਫੇਜ਼ ਗੁਜਾਰ ਬੇਟਾ
ਸੰਗਲਦੀਪ ਦਾ ਮਿਲੇਗਾ ਰਾਜ ਤੈਨੂੰ ਕੋਈ ਰੋਜ਼ ਤੂੰ ਦੁੱਖ ਸਹਾਰ ਬੇਟਾ
ਭਾਵੇਂ ਲੱਖ ਫਕੀਰੀ ਦਾ ਭੇਸ ਕਰੀਏ ਬਿਨਾਂ ਪ੍ਰੇਮ ਨਾ ਮਿਲੇ ਮੁਰਾਰ ਬੇਟਾ
ਰਾਜੇ ਜਨਕ ਨੇ ਧਾਰਿਆ ਭੇਸ ਕੇਹੜਾ ਜੀਵਨ ਮੁਕਤ ਹੋਯਾ ਮਨ ਮਾਰ ਬੇਟਾ
ਓਸ ਤਰ੍ਹਾ ਜੇ ਗਿਆਨ ਬਿਬੇਕ ਧਾਰੇਂ ਤੈਨੂੰ ਹੋਵਸੀ ਰੱਬ ਦੀਦਾਰ ਬੇਟਾ
ਦੌਲਤ ਰਾਮ ਨਾ ਜੋਗ ਗ੍ਰਿਸਤ ਅੰਦਰ ਸਾਰਾ ਸੁੱਖ ਹੈ ਵਿਚ ਵਿਚਾਰ ਬੇਟਾ

## ਵਾਕ ਨਾਥ ਜੀ ਕਾ

ਨਾਥ ਆਖਦਾ ਦੇਹੀ ਦਾ ਹਾਲ ਸਾਰਾ ਮੇਰੀ ਗੱਲ ਤੇ ਕਰੇ ਇਤਬਾਰ ਬੱਚਾ
ਮਨੁੱਖ ਦੇਹ ਦਾ ਭੇਤ ਮੈਂ ਆਖਣਾ ਹਾਂ ਤੇਰੇ ਭਰਮ ਨੂੰ ਦਿਆ ਨਿਵਾਰ ਬੱਚਾ
ਪਾਣੀ ਪੌਣ ਆਸ਼ਕ ਤੇ ਅੱਗ ਮਿੱਟੀ ਪੰਜ ਤੱਤ ਮਨੁੱਖ ਦੇ ਧਾਮ ਬੱਚਾ
ਪੰਜਾਂ ਤੱਤਾ ਦੀਆ ਪੰਝੀ ਪ੍ਰਕਿਰਤੀਆ ਨੇ ਵੱਖ ਵੱਖ ਮੈਂ ਕਹਾ ਉਚਾਰ ਬੱਚਾ
ਔਗਣ ਪੰਜ ਮਨੁੱਖ ਦੇ ਸਮਝ ਲੈ ਤੂੰ ਕਾਮ ਕ੍ਰੋਧ ਮੋਹ ਲੋਭ ਹੰਕਾਰ ਬੱਚਾ
ਸ਼ਬਦ ਰੂਪ ਰਸ ਗੰਧ ਸਪਰਸ ਪੰਜੇ ਬੰਦੇ ਨਾਲ ਲਾਏ ਕਰਨਹਾਰ ਬੱਚਾ
ਰਜੋ ਤਮੋ ਸਤੋ ਗੁਣ ਤੀਨ ਏਹ ਜੋ ਏਹਨਾ ਤਿਹਾ ਦਾ ਕੁਲ ਪਸਾਰ ਬੱਚਾ
ਜੇਕਰ ਧਾਮ ਦੇ ਤਿਆਗਿਆਂ ਰਾਮ ਲੱਭੇ ਮ੍ਰਿਗ ਸਦਾ ਵੱਸਦੇ ਜੰਗਲ ਬਾਰ ਬੱਚਾ
ਪਿੱਤ ਥੁਕ ਮੁੜ੍ਹਕਾ ਕਾਮ ਰੱਤ ਪੰਜੇ ਪਾਣੀ ਏਹਨਾ ਦਾ ਕਰੇ ਖਰਾਬ ਬੱਚਾ
ਆਲਸ ਭੁੱਖ ਪਿਆਸ ਤੇ ਰੂਪ ਨੀਂਦਰ ਲਾਈ ਅੱਗ ਨੇ ਏਹ ਗੁਲਜ਼ਾਰ ਬੱਚਾ
ਚਰਮ ਹਾੜ ਨਾੜੀ ਖਾਲ ਬਾਲ ਪੰਜੇ ਧਰਤੀ ਇਹਨਾ ਦੇ ਰਚੇ ਆਕਾਰ ਬੱਚਾ
ਦਸੇ ਇੰਦਰੇ ਤੇ ਦਸੇ ਦੇਵਤੇ ਨੇ ਵਖੋ ਵਖ ਮੈਂ ਕਹਾ ਪੁਕਾਰ ਬੱਚਾ
ਸ੍ਰਵਣ ਤ੍ਰਚਾ ਨੇਤ੍ਰ ਰਚਨਾ ਨਾਸਕਾ ਭੀ ਗਯਾਨ ਇੰਦ੍ਰੇ ਪੰਜ ਵਿਚਾਰ ਬੱਚਾ

ਵਾਕ ਹੱਥ ਅਰ ਪੈਰ ਤੇ ਲਿੰਗ ਗੁਦਾ ਕਰਮ ਇੰਦਰੇ ਲਈਂ ਸੰਭਾਰ ਬੱਚਾ
ਬਰਣ ਗੰਧ ਸੂਰਜ ਵਰਗ ਪੰਨ ਪੰਜੇ ਗਯਾਨ ਇੰਦਰੇ ਏਹਨਾ ਅਨੁਸਾਰ ਬੱਚਾ
ਇੰਦਰੇ ਅਗਨ ਯਮਰਾਜ ਤੇ ਬਿਸਨ ਬ੍ਰਹਮਾ ਕਰਮ ਇੰਦਰੇ ਦੇਵ ਉਚਾਰ ਬੱਚਾ
ਮਨ ਸੈਰ ਕਰਦਾ ਏਹਨਾ ਦਸਾ ਅੰਦਰ ਪੰਜ ਤੱਤ ਦੇ ਦਸ ਦੁਆਰ ਬੱਚਾ
ਦੌਲਤ ਰਾਮ ਪਰਮਾਤਮਾ ਹੈ ਸਭ ਉਤੇ ਜਿਸ ਦੇ ਆਸਰੇ ਸਰਬ ਸੰਸਾਰ ਬੱਚਾ

## ਵਾਕ ਨਾਥ ਜੀ ਕਾ

ਮਨ ਬੁਧ ਤੇ ਚਿੱਤ ਅਹੰਕਾਰ ਚਾਰੇ ਅੰਤਹਕਰਣ ਮਨੁੱਖ ਦੇ ਜਾਨ ਲੇ ਤੂੰ
ਵਿਸਵ ਤੇਜੱਸਵ ਪਰਾਗ ਏਹ ਜੀਵ ਤਿੰਨ ਬ੍ਰਹਮਾ ਬਿਸ਼ਨ ਮਹਾਂਦੇਵ ਠਾਨ ਲੈ ਤੂੰ
ਤਿੰਨਾਂ ਗੁਣਾਂ ਦੇ ਵਿਚ ਵਿਸਤਾਰ ਸਾਰਾ ਨਿਰਗੁਨ ਏਕ ਓਅੰਕਾਰ ਸਿਆਨ ਲੈ ਤੂੰ
ਜਾਗ੍ਰਿਤ ਸੁਪਨ ਸਖੋਪਤੀ ਤੀਨ ਅਵਸਥਾ ਤੁਰੀਆ ਸਤ ਸਰੂਪ ਪਛਾਨ ਲੈ ਤੂੰ
ਗਿਣਤੀ ਗਿਣੇ ਤੇ ਅੰਤ ਨਾ ਆਵਦਾ ਈ ਸਾਰੇ ਏਕ ਭਗਵਾਨ ਵਖਾਨ ਲੈ ਤੂੰ
ਦੌਲਤ ਰਾਮ ਸਰੀਰ ਦਾ ਭੇਦ ਏਹੋ ਆਪਣੇ ਚਿੱਤ ਅੰਦਰ ਬੱਚਾ ਮਾਨ ਲੈ ਤੂੰ

## ਵਾਕ ਬਸੰਤ ਕਾ

ਕੁੰਵਰ ਆਖਦਾ ਗੁਰੂ ਜੀ ਧੰਨ ਹੋ ਤੂੰ ਮੇਰੇ ਚਿੱਤ ਦਾ ਭਰਮ ਮਿਟਾਇਆ ਜੀ
ਸੱਚ ਆਖਦੇ ਗੁਰੂ ਬਿਨਾਂ ਗਤ ਨਾਹੀ ਅੱਖਾਂ ਬਾਝ ਦੀਦਾਰ ਕਿਸ ਪਾਇਆ ਜੀ
ਅੰਮ੍ਰਿਤ ਵਾਕ ਸੁਣ ਕੇ ਦੁੱਖ ਖ਼ਾਕ ਹੋਏ ਮੇਰਾ ਸੋਗ ਤਮਾਮ ਗਵਾਇਆ ਜੀ
ਰਹੀ ਲੋੜ ਨਾ ਭੇਖ ਵਟਾਵਣੇ ਦੀ ਤੇਰੀ ਮਿਹਰ ਤੇ ਜੋਗ ਮੈਂ ਪਾਇਆ ਜੀ
ਜੇਹੜਾ ਆਖਿਆ ਤੁਸਾ ਨੇ ਵਾਕ ਮੰਨੂੰ ਮੈਨੇ ਚਿੱਤ ਦੇ ਵਿਚ ਵਸਾਇਆ ਜੀ
ਅਗੇ ਏਸ ਜਹਾਨ ਦਾ ਹਾਲ ਦੱਸੋ ਇਹ ਕੀ ਵਸਤ ਹੈ ਤੇ ਕਿੱਥੋਂ ਆਇਆ ਜੀ
ਹੋਇਆ ਕਦੋ ਤੇ ਕਦੋਂ ਇਹ ਨਸਟ ਹੋਸੀ ਅਤੇ ਕਿਸ ਨੇ ਕਹੋ ਰਚਾਇਆ ਜੀ
ਆਖਣ ਕੂੜ ਤੇ ਭਾਸਦਾ ਸੱਚ ਹੋ ਕੇ ਇਸ ਨੇ ਚਿੱਤ ਮੇਰਾ ਭਰਮਾਇਆ ਜੀ
ਦੌਲਤ ਰਾਮ ਤੂੰ ਕੱਟ ਦੇਹ ਭਰਮ ਮੇਰਾ ਤੇਰਾ ਆਸਰਾ ਮੁਝ ਤਕਾਇਆ ਜੀ

## ਵਾਕ ਨਾਥ ਜੀ ਕਾ

ਗੁਰੂ ਆਖਦਾ ਫੁਰਨੇ ਨੇ ਜਗਤ ਰਚਿਆ ਫੁਰਨੇ ਰਹਿਤ ਜਹਾਨ ਦਾ ਨਾਸ ਬੱਚਾ
ਫੁਰਨਾ ਬੰਦ ਹੋਇਆ ਜੱਗ ਨਸਟ ਹੋਇਆ ਫੁਰਨੇ ਨਾਲ ਰਿਹਾ ਜਗ ਭਾਸ ਬੱਚਾ
ਕਿਤੇ ਰਹੇ ਨਾ ਮੂਲ ਅੰਧੇਰ ਬਾਕੀ ਸੂਰਜ ਗਿਆਨ ਦਾ ਕਰੇ ਪ੍ਰਕਾਸ ਬੱਚਾ
ਮਾਖੀ ਵਾਂਗਰਾਂ ਮਿੱਠੜੇ ਵਿਸੇ ਕਰਕੇ ਮੱਖੀ ਵਾਂਗ ਰਿਹਾ ਜਗ ਫਾਸ ਬੱਚਾ
ਜਿਵੇ ਰਾਤ ਨੂੰ ਖਾਬ ਦਾ ਖ਼ਿਆਲ ਹੋਵੇ ਤੇਰੇ ਚਿੱਤ ਦਾ ਸਭ ਬਿਲਾਸ ਬੱਚਾ
ਤੇਰਾ ਤੁੱਧ ਨੂੰ ਪਿਆ ਦੀਦਾਰ ਹੋਵੇ ਦਰਪਨ ਵਿਚ ਜਿਉਂ ਮੁੱਖ ਦਾ ਭਾਸ ਬੱਚਾ
ਦੌਲਤ ਰਾਮ ਮੈਂ ਜੱਗ ਦਾ ਹਾਲ ਦੱਸਾਂ ਮੇਰੀ ਗੱਲ ਤੇ ਰੱਖ ਕਿਆਸ ਬੱਚਾ

### ਦੋਹਰਾ—

ਭਰਮ ਕੁੰਵਰ ਦਾ ਤੋੜਦਾ ਹੰਕਾਰ ਗੁਰੂ ਅਨੰਦ ।
ਹਾਲ ਜਗਤ ਦਾ ਆਖਦਾ ਭਾਖੇ ਛੰਦ ਮੁਕੰਦ ।

### ਮੁਕੰਦ ਛੰਦ

ਸਸੇ ਦੇ ਜੋ ਸਿੰਙ ਏਹ ਭੀ ਕੂੜ ਬਾਤ ਹੈ । ਫੁੱਲ ਜੋ ਅਕਾਸ ਦੇ ਸੋ ਕੁਰਾਫਾਤ ਹੈ
ਬੰਝਿਆ ਦੇ ਪੁੱਤਰ ਵਾਹਯਾਤ ਗੱਲ ਹੈ । ਕੂੜ ਜਾਨ ਜੱਗ ਆਤਮਾ ਅਟੱਲ ਹੈ
ਜੇਵਰੀ ਕੋ ਖਗ ਤਮ ਬਿਖੇ ਭਾਂਵਦਾ । ਲਕੜੀ ਕੋ ਚੋਰ ਮਾਨ ਖ਼ੌਫ ਖਾਂਵਦਾ ਹੈ
ਦੂਰੋਂ ਦਿਸੇ ਜਲ ਥਲ ਦਾ ਹੀ ਥਲ ਹੈ । ਕੂੜ ਜਾਨ ਜੱਗ ਆਤਮਾ ਅੱਟਲ ਹੈ
ਨੀਂਦ ਵਿਖੇ ਜੈਸੇ ਸੁਪਨੇ ਕੀ ਚਾਲ ਜੀ । ਦੇਖ ਲੈ ਵਿਚਾਰ ਮਨ ਕੇ ਖਿਆਲ ਜੀ
ਤੈਸੇ ਹੀ ਇਹ ਛਲ ਜੈਸੇ ਭੂਤ ਛਾਲ ਹੈ । ਕੂੜ ਜਾਨ ਜੱਗ ਆਤਮਾ ਅਟੱਲ ਹੈ
ਸਿੱਪੀ ਕਾ ਜੋ ਰੂਪਾ ਹੋਵੇ ਭਾਸਮਾਨ ਜੀ । ਥਿਕ੍ਰੀਕਾ ਪੈਸਾ ਇਹ ਭੀ ਕੂੜ ਜਾਨ ਜੀ
ਰੰਗ ਦਾ ਰੁਪਿਆ ਕੋਈ ਰੋਜ਼ ਚੱਲ ਹੈ । ਕੂੜ ਜਾਨ ਜੱਗ ਆਤਮਾ ਅਟੱਲ ਹੈ
ਆਦ ਅੰਤ ਮੱਧ ਜਾਨ ਲੈ ਅਕਾਲ ਜੀ । ਤਿਸਦੇ ਨਜਦੀਕ ਨਹੀ ਆਵੇ ਕਾਲ ਜੀ
ਓਹੀ ਜਾਨ ਸੱਚ ਹੋਰ ਝੂਠ ਗੱਲ ਹੈ । ਕੂੜ ਜਾਨ ਜੱਗ ਆਤਮਾ ਅਟੱਲ ਹੈ
ਸੋਨੇ ਦੇ ਗੋਹਣੇ ਸੋ ਤੂੰ ਸੋਨਾ ਜਾਨ ਲੈ । ਫਲ ਫੁਲ ਕੰਡਾ ਡਾਲੀ ਬ੍ਰਿਛ ਮਨ ਲੈ
ਬਰਫ ਓ ਝੱਗ ਓਹੀ ਸਿੰਧ ਜਲ ਹੈ । ਕੂੜ ਜਾਨ ਜੱਗ ਆਤਮਾ ਅਟੱਲ ਹੈ
ਮੇਂਹਦੀ ਦਿਆ ਪੱਤਰਾ ਮੇ ਜਾਨ ਰੰਗ ਜੀ । ਤੈਸੇ ਹਰੀ ਜਾਨ ਆਤਮਾ ਕੇ ਸੰਗ ਜੀ
ਏਸ ਮੇ ਜੋ ਭੇਦ ਮਾਨੇ ਜਾਨੋ ਖੱਲ ਹੈ । ਕੂੜ ਜਾਨ ਜੱਗ ਆਤਮਾ ਅਟੱਲ ਹੈ
ਕਾਨ੍ਹ ਅੰਘਨੱਯਾ ਓਹੀ ਕ੍ਰਿਸ਼ਨ ਜਾਨ ਤੂੰ । ਦੌਲਤ ਰਾਮ ਓਹੀ ਨੰਦ ਲਾਲ ਮਾਨ ਤੂੰ
ਓਹੀ ਗੋਪੀ ਨਾਥ ਏਕੋ ਹੀ ਸਕਲ ਹੈ । ਕੂੜ ਜਾਨ ਜੱਗ ਆਤਮਾ ਅਟੱਲ ਹੈ

### ਦੋਹਰਾ—

ਮੰਗਲ ਨਾਥ ਬਸੰਤ ਕੋ ਦੇਵੇ ਸੁਭ ਉਪਦੇਸ ।
ਜਿਸ ਕੇ ਧਾਰਨ ਕੀਏ ਸੇ ਹੋਵੇ ਬੁਧ ਵਿਸੇਸ ।

### ਮੁਕੰਦ ਛੰਦ

ਐਸੀ ਦੇਹ ਪਾਇ ਖ਼ਾਕ ਮੇਂ ਮਿਲਾ ਦਈ । ਈਸਹੂੰ ਕੀ ਸੁਧ ਦਿਲ ਤੇ ਭੁਲਾ ਦਈ ।
ਏਕ ਜੋ ਅਲੇਖ ਸੋ ਤੂੰ ਨਹੀਂ ਲਖ ਦਾ । ਲੋਭ ਕਰ ਲੱਖ ਤੇ ਤੂੰ ਹੋਇਆ ਕੱਖ ਦਾ
ਗਾਫਲੀ ਦੇ ਵਿਚ ਦਿਨ ਰੈਣ ਬੀਤਦੇ । ਚਿੱਤ ਕੋ ਫਸਾਇਆ ਵਿਚ ਖੋਟੀ ਪ੍ਰੀਤ ਦੇ
ਅੰਤ ਦੇ ਦਿਹਾੜੇ ਨੂੰ ਨਾ ਯਾਦ ਰੱਖਦਾ । ਲੋਭ ਕਰ ਲੱਖ ਤੇ ਤੂੰ ਹੋਇਆ ਕੱਖ ਦਾ
ਤੇਰੇ ਘਰ ਵਿਚ ਹੈ ਖਜਾਨਾ ਪਿਆਰਿਆ । ਭ੍ਰਮ ਵਾਲੇ ਭੂਤ ਨੇ ਭੁਲਾਇ ਡਾਰਿਆ

ਹੀਰਾ ਤੇਰੇ ਹੱਥ ਤੂੰ ਨਹੀਂ ਪਰਖਦਾ । ਲੋਭ ਕਰ ਲੱਖ ਤੇ ਤੂੰ ਹੋਇਆ ਕੱਖ ਦਾ
ਏਕੋ ਸਾਈ ਸਾਰੇ ਤਾਈ ਦੇਖ ਬੱਚਿਆ । ਏਕ ਰੂਪ ਸਰਬ ਹੂੰ ਮੈਂ ਪੇਖ ਬੱਚਿਆ
ਝਗੜਾ ਤੂੰ ਛੱਡ ਪੱਖ ਤੇ ਅਪੱਖ ਦਾ । ਲੋਭ ਕਰ ਲੱਖ ਤੇ ਤੂੰ ਹੋਇਆ ਕੱਖ ਦਾ
ਘਰ ਹੈ ਮਹਿਬੂਬ ਤੈਨੂੰ ਨਾ ਪਛਾਣ ਜੀ । ਢੂੰਡਦਾ ਤੂੰ ਫਿਰੇ ਹਰ ਬੀਆਬਾਨ ਜੀ
ਗੁਰੂ ਵੇਦਾ ਕੋਲੋਂ ਦਾਰੂ ਲੈ ਤੂੰ ਅੱਖ ਦਾ । ਲੋਭ ਕਰ ਲੱਖ ਤੇ ਤੂੰ ਹੋਇਆ ਕੱਖ ਦਾ
ਮੋਹਣੀ ਦੀ ਨੀਂਦ ਵਿਚ ਸੁੱਤਾ ਪਿਆਰਿਆ । ਜੀਵਦੇ ਨੂੰ ਤੈਨੂੰ ਮੁਰਦਿਆਂ ਨੇ ਮਾਰਿਆ
ਜਾਗ ਕੇ ਤੂੰ ਵੇਖ ਭੈ ਨਾ ਭੂਤ ਜਖ ਦਾ । ਲੋਭ ਕਰ ਲੱਖ ਤੇ ਤੂੰ ਹੋਇਆ ਕੱਖ ਦਾ
ਬਾਲ ਬ੍ਰਿਧ ਜੋਬਨ ਦਾ ਦੇਖ ਰੂਪ ਜੀ । ਏਕ ਰੂਪ ਜਾਣ ਰੰਕ ਔਰ ਭੂਪ ਜੀ
ਸਿਮਰ ਅਕਾਲ ਕਾਲ ਜਾਵੇ ਭੁੱਖ ਦਾ । ਲੋਭ ਕਰ ਲਖ ਤੇ ਤੂੰ ਹੋਇਆ ਕੱਖ ਦਾ
ਕੋਈ ਕਿਸੇ ਪਾਸ ਨਾ ਕਰੇ ਬਿਆਨ ਜੀ । ਗੁੰਗੇ ਦੀ ਮਿਠਾਈ ਵਾਲਾ ਸਵਾਦ ਜਾਨ ਜੀ
ਸੋਈ ਜਾਣੇ ਆਪ ਜੇਹੜਾ ਆਪ ਚੱਖਦਾ । ਲੋਭ ਕਰ ਲੱਖ ਤੇ ਤੂੰ ਹੋਇਆ ਕੱਖ ਦਾ
ਵੇਦ ਗੁਰੂ ਅਨੁਭਵ ਲੈ ਪਛਾਣ ਜੀ । ਤੀਨੋਂ ਕਾ ਮਿਲਾਪ ਜਦੋਂ ਹੋਵੇ ਆਣ ਜੀ
ਤਦੋਂ ਨਰ ਪਾਵੇ ਦਰਸਨ ਅਲਖ ਦਾ । ਲੋਭ ਕਰ ਲੱਖ ਤੇ ਤੂੰ ਹੋਇਆ ਕੱਖ ਦਾ
ਪਾਚੋਂ ਭੂਤ ਚਤਨ ਕੇ ਹੈ ਅਧਾਰ ਜੀ । ਹੋਰ ਏਸ ਵਿਚ ਕੁਝ ਨਾ ਵਿਚਾਰ ਜੀ
ਦੌਲਤਰਾਮਾ ਨਾਮ ਨਹੀ ਕੀੜੀ ਧੱਖ ਦਾ । ਲੋਭ ਕਰ ਲੱਖ ਤੇ ਤੂੰ ਹੋਇਆ ਕੱਖ ਦਾ

## ਵਾਕ ਬਸੰਤ ਕਾ

### ਦੋਹਰਾ

ਕੁੰਵਰ ਬਸੰਤ ਪੁਕਾਰਦਾ ਤੋੜ ਗੁਰੂ ਮਮ ਭਰਮ ।
ਜਿਨਕੀ ਬਿਰਤ ਬਿਬੇਕ ਹੈ ਆਖ ਉਨ੍ਹਾ ਦੇ ਕਰਮ ।
ਕਿਵੇਂ ਜਗਤ ਵਿਚ ਵਿਚਰਦੇ ਕਰਦੇ ਕੀ ਬਿਵਹਾਰ ।
ਜਿਨ੍ਹਾ ਜਨਾ ਨੂੰ ਗੁਰੂ ਦੀ ਹੋਈ ਬ੍ਰਹਮ ਵਿਚਾਰ ।

## ਵਾਕ ਨਾਥ ਜੀ ਕਾ

### ਦੋਹਰਾ

ਮੰਗਲ ਨਾਥ ਉਚਰਦਾ ਸੁਨਹੋ ਕੁੰਵਰ ਬਸੰਤ ।
ਸਵਾਂਗੀ ਜਗ ਮੇ ਬਹੁਤ ਹੈ ਵਿਰਲੇ ਸੰਤ ।।

ਸ਼ੇਰਾਂ ਦੀਆਂ ਧਾੜਾਂ ਨ ਕਿਸੇ ਨੇ ਦੇਖੀਆ । ਹੰਸਾਂ ਦੀਆ ਡਾਰਾਂ ਨਹੀਂ ਕਿਸੇ ਪੇਖੀਆ
ਮੋਤੀਆ ਦੇ ਹਾਰਾ ਦੇ ਨ ਢੇਰ ਲੱਗਦੇ । ਸਾਈ ਦੀ ਪਛਾਣ ਵਿਚ ਥੋੜ੍ਹੀ ਜੱਗ ਦੇ
ਚੰਦਨ ਦਾ ਨਹੀ ਕਿਤੇ ਝਾੜ ਝਾੜ ਜੀ । ਪਾਰਸਾਂ ਦੇ ਨਹੀਂ ਸਗਰੇ ਪਹਾੜ ਜੀ
ਸੁਧਾ ਦੇ ਸਮੁੰਦਰ ਸਾਰੇ ਨਹੀ ਵਗਦੇ । ਸਾਈਂ ਦੀ ਪਛਾਣ ਵਿਚ ਥੋੜ੍ਹੀ ਜਗ ਦੇ
ਖੋਜੀਆਂ ਦਾ ਸਾਰਾ ਕੋਈ ਨਹੀ ਗਾਮ ਜੀ । ਹੋਵੇ ਨ ਰਸੰਨੀਆ ਹਰ ਇਕ ਗਾਮ ਜੀ

ਬੋਹਲ ਨ ਹੁੰਦੇ ਹੀਰੇ ਲਾਲ ਨਗ ਦੇ । ਸਾਈਂ ਦੀ ਪਛਾਣ ਵਿਚ ਥੋੜ੍ਹੀ ਜੱਗ ਦੇ
ਵੈਦ ਪੂਰਾ ਕੋਈ ਫਿਰਦੇ ਅਨੇਕ ਜੀ । ਚਕ੍ਰਵਰਤੀ ਰਾਜਾ ਹੋਵਦਾ ਹੈ ਏਕ ਜੀ
ਇਕ ਸਾਹਨ ਹੋਵੇ ਵਿਚ ਸਾਰੇ ਵੱਗ ਦੇ । ਸਾਈਂ ਦੀ ਪਛਾਣ ਵਿਚ ਥੋੜ੍ਹੀ ਜੱਗ ਦੇ
ਮੱਖੀਆ ਬਤੇਰੀਆਂ ਚੁਫੇਰੇ ਫਿਰਦੀਆ । ਦੀਵਿਆਂ ਦੇ ਆਸ ਪਾਸ ਲੈਣ ਗਿਰਦੀਆਂ
ਕੋਈ ਪਰਵਾਨਾ ਸੜੇ ਵਿਚ ਜਗ ਦੇ । ਸਾਈਂ ਦੀ ਪਛਾਣ ਵਿਚ ਥੋੜ੍ਹੀ ਜੱਗ ਦੇ
ਸਾਧੂਆ ਦੇ ਭੇਖ ਨੂੰ ਬਹੁਤੇਰੇ ਧਾਰਦੇ । ਸੀਸ ਪਾ ਕੇ ਛਾਰ ਝੰਤ ਦੇ ਖਿਲਾਰਦੇ
ਰੰਗ ਰੂਪ ਸਾਧ ਦਾ ਤੇ ਕੰਮ ਠਗ ਦੇ । ਸਾਈ ਦੀ ਪਛਾਣ ਵਿਚ ਥੋੜੀ ਜੱਗ ਦੇ
ਮੁਖੋਂ ਨਾਮ ਕਦੇ ਨਾ ਲਿਆ ਅਲੇਖ ਦਾ । ਰਖਦੇ ਨੇ ਮਾਨ ਸਾਧ ਵਾਲੇ ਭੇਖ ਦਾ
ਇਸਤ੍ਰੀ ਨ ਪੁਰਸ਼ ਹੋਵੇ ਪੈਹਨੇ ਪਗ ਦੇ । ਸਾਈਂ ਦੀ ਪਛਾਣ ਵਿਚ ਥੋੜ੍ਹੀ ਜੱਗ ਦੇ
ਧੂਣੀਆਂ ਲਗਾਇਕੇ ਜਪਨ ਜਾਪ ਜੀ । ਦਿਲ ਵਿਚ ਰਖਦੇ ਅਨੇਕ ਪਾਪ ਦੇ
ਚਾਲ ਸਾਰੀ ਹੰਸ ਦੀ ਤੇ ਬੈਣ ਬਗ ਦੇ । ਸਾਈ ਦੀ ਪਛਾਣ ਵਿਚ ਥੋੜੀ ਜੱਗ ਦੇ
ਸੂਰਮਾ ਹਜਾਰ ਵਿਚੋਂ ਹੋਏ ਏਕ ਜੀ । ਲਾ ਕੇ ਹਥਿਆਰ ਨਿਕਲੇ ਅਨੇਕ ਜੀ
ਜੰਗ ਦੀ ਤਰਫ ਦੇਖ ਸਭੇ ਭੇਜਦੇ । ਸਾਈ ਦੀ ਪਛਾਣ ਵਿਚ ਥੋੜ੍ਹੀ ਜੱਗ ਦ
ਝੂਠਾ ਸੱਚਾ ਹੀਰਾ ਹੈ ਤੁਰਤ ਦਿਸਦਾ । ਝੂਠਾ ਜਿਹੜਾ ਹੋਵੇ ਸਟ ਲਗ ਫਿਸਦਾ
ਦੌਲਤਰਾਮ ਸੋਨਾ ਵਿਚ ਤਾਈਏ ਅੱਗ ਦੇ । ਸਾਈਂ ਦੀ ਪਛਾਣ ਵਿਚ ਥੋੜ੍ਹੀ ਜੱਗ ਦੇ

ਕੁੰਡਲੀਆ—ਬਿਬੇਕ ਪੁਰਖ ਤੁਮ ਪੂਛਤੇ ਤਿਨਕਾ ਸੁਨੋ ਬਿਆਨ ।
ਬਾਲ ਚਾਲ ਤਾਂਕੀ ਭਈ ਰਾਵ ਰੰਕ ਸਮ ਜਾਨ ।।
ਰਾਵ ਰੰਕ ਸਮ ਜਾਨ ਦੂਆ ਕੋਊਂ ਨਹੀਂ ਭਾਵੈ ।
ਧਨ ਜੋਬਨ ਅਰ ਰੂਪ ਪੇਖ ਮਨ ਨਹੀ ਲੁਭਾਵੈ ।।
ਕਹਿਤਾ ਦੌਲਤ ਰਾਮ ਮਾਟੀ ਅਰ ਕੰਚਨ ਏਕੀ ।।
ਜਿਨਕੀ ਦ੍ਰਿਸਟੀ ਏਕ ਵਹੀਂ ਹੈ ਪੁਰਸ ਬਿਬੇਕੀ ।।

ਕੁੰਡਲੀਆ

ਸੰਤ ਲੋਕ ਇਹ ਆਖਦੇ ਰੇ ਮਨ ਹਰਿ ਹਰਿ ਜਾਪ ।
ਏਕ ਹਰੀ ਕੇ ਜਾਪ ਤੇ ਦੂਰ ਹੋਤ ਸਭ ਪਾਪ ।
ਦੂਰ ਹੋਤ ਸਭ ਪਾਪ ਦੂਖ ਨੇੜੇ ਨਾਹੀਂ ਆਵੈ ।
ਨਿਰਮਲ ਹੋਵੇ ਬੁਧਿ ਚਿਤਵਨੀ ਮਨ ਮੇਂ ਛਾਵੈ ।
ਕਹਿਤਾ ਦੌਲਤ ਰਾਮ ਰਟੇ ਨਿਸ ਦਿਨ ਭਗਵੰਤਾ ।
ਏਕ ਆਤਮਾ ਮਗਨ ਤਿਸੀ ਕੋ ਜਾਨੋ ਸੰਤਾ ।

ਕੁੰਡਲੀਆ

ਸਾਧ ਲੋਕ ਇਹ ਆਖਦੇ ਰੇ ਮਨ ਰੱਖ ਵਿਚਾਰ ।
ਸਭ ਵਿਸ਼ਜਨ ਕੋ ਤਿਆਗ ਕੇ ਹਰੀ ਨਾਮ ਰਿਦ ਧਾਰ
ਹਰੀ ਨਾਮ ਰਿਦ ਧਾਰ ਮਾਰ ਤੂੰ ਪੰਜੇ ਤੱਤ ।

ਮੋਹ ਮਾਇਆ ਹੈ ਕੂੜ ਨਾਮ ਕੋ ਮਾਨੋ ਸੱਤ ।
ਕਹਿਤਾ ਦੌਲਤਰਾਮ ਤਜੇ ਜੋ ਸਕਲ ਉਪਾਧ ।
ਕਰੇ ਦਵੈਤ ਜੋ ਦੂਰ ਉਸੀ ਕੋ ਜਾਣੋ ਸਾਧ ।

ਦੋਹਰਾ

ਆਖੇ ਨਾਥ ਬਸੰਤ ਨੂੰ ਸਮਝ ਬੱਚਾ ਕਰ ਧਿਆਨ ।
ਸ੍ਰੀ ਰਾਮ ਦੇ ਭਜਨ ਬਿਨ ਬਿਰਥਾ ਜਨਮ ਪਛਾਨ ।

ਸੋਰਠਾ

ਸਮਝ ਬੱਚਾ ਪ੍ਰਮਾਨ, ਚਾਰ ਰੋਜ਼ ਦਾ ਜੀਵਨਾ ।
ਰਹਿਣਾ ਨਹੀਂ ਜਹਾਨ, ਅੰਤ ਵਾਸ ਵਿਚ ਖ਼ਾਕ ਦੇ ।

ਸੋਰਠਾ

ਮਾਤਾ ਪਿਤਾ ਅਰ ਤਾਤ, ਅੰਤ ਸਮੇਂ ਸਾਥੀ ਨਹੀ ।
ਨਾਮ ਸਿਮਰ ਦਿਨ ਰਾਤ, ਜੇ ਚਾਹੇ ਸੁੱਖ ਅੰਤ ਕਾ ।।

## ਕਬਿਤ

ਮੀਨ ਜੈਸੇ ਨੀਰ ਬਿਨਾਂ ਜਮੈ ਵੀਰ ਬਿਨਾਂ
ਕੱਪੜਾ ਅਮੀਰ ਬਿਨਾ ਮੂਲ ਨਾ ਸੁਹਾਵਦਾ ।
ਖੇਤੀ ਜੈਸੇ ਬਾੜ ਬਿਨਾਂ ਨਾਰ ਭਰਤਾਰ ਬਿਨਾ,
ਘੋੜਾ ਅਸਵਾਰ ਬਿਨਾਂ ਰਾਸ ਨਹੀਂ ਆਵਦਾ ।
ਸਾਧੂ ਜੈਸੇ ਸੱਤ ਬਿਨਾਂ ਆਦਮੀ ਜੋ ਮੱਤ ਬਿਨਾ,
ਗਾਵਣਾ ਜਿਉਂ ਗੱਤ ਬਿਨਾਂ ਸੋਭਾ ਨਹੀ ਪਾਵਦਾ ।
ਤੈਸੇ ਕਵਿ ਦੌਲਤਾ ਭਜਨ ਬਿਨਾਂ ਮੂੜ੍ਹ ਬੰਦਾ,
ਜਨਮ ਅਮੋਲ ਬੱਚਾ ਬਿਰਥਾ ਗਵਾਵਦਾ ।
ਰੁੱਖ ਜੈਸੇ ਫਲ ਬਿਨਾਂ ਖੂਹ ਜੈਸੇ ਜਲ ਬਿਨਾ,
ਖੇਤ ਜੋ ਫ਼ਸਲ ਬਿਨਾਂ ਬਿਰਥਾ ਈ ਝਾਵਦਾ ।
ਧੁੱਧ ਜੈਸੇ ਭਾਨ ਬਿਨਾਂ ਮੁਕਤੀ ਗਿਆਨ ਬਿਨਾਂ,
ਮੋਮਨ ਇਮਾਨ ਬਿਨਾ ਕਾਫਰ ਸਦਾਵਦਾ ।
ਸੂਰਮਾ ਹਥਿਆਰ ਬਿਨਾਂ ਬੋਲਣਾ ਵਿਚਾਰ ਬਿਨਾ,
ਪਿਆਰ ਦਿਲਦਾਰ ਬਿਨਾਂ ਮੂਲ ਨਹੀ ਭਾਂਵਦਾ ।
ਤੈਸੇ ਕਵਿ ਦੌਲਤਾ ਭਜਨ ਬਿਨਾ ਮੂੜ੍ਹ ਬੰਦਾ,
ਜਨਮ ਅਮੋਲ ਬੱਚਾ ਬਿਰਥਾ ਗਵਾਵਦਾ.
ਸੁੱਖ ਜੈਸੇ ਭਾਗ ਬਿਨਾ ਦੁੱਧ ਜੈਸੇ ਜਾਗ ਬਿਨਾ,
ਭਗਤੀ ਵੈਰਾਗ ਬਿਨਾ ਕੋਈ ਨਹੀਂ ਪਾਵਦਾ ।

ਚੰਦ ਜੈਸੇ ਰੈਨ ਬਿਨਾਂ ਰੂਪ ਜੈਸੇ ਨੈਨ ਬਿਨਾਂ,
ਪਿੰਗਲ ਬਗ਼ੈਰ ਛੰਦ ਸੁਧ ਨਹੀਂ ਆਂਵਦਾ ।
ਜੋਰੂ ਜੈਸੇ ਜ਼ੋਰ ਬਿਨਾਂ ਘੋੜਾ ਜੈਸੇ ਟੋਰ ਬਿਨਾਂ,
ਗੁਰੂ ਬਿਨਾਂ ਬ੍ਰਹਮ ਦਾ ਗਿਆਨ ਨਾ ਧਿਆਂਵਦਾ ।
ਤੈਸੇ ਕਵਿ ਦੌਲਤਾਂ ਭਜਨ ਬਿਨਾ ਮੂੜ੍ਹ ਬੰਦਾ,
ਜਨਮ ਅਮੋਲ ਹੀਰਾ ਬਿਰਥਾ ਗਵਾਂਵਦਾ ।
ਨਦੀ ਜੈਸੇ ਨਾਵ ਬਿਨਾਂ ਭਾਵੀ ਜੈਸੇ ਭਾਵ ਬਿਨਾਂ,
ਪੁੱਤਰਾਂ ਬਗ਼ੈਰ ਕੋਈ ਪਿਤਾ ਨਾ ਬੁਲਾਂਵਦਾ ।
ਮੋਤੀ ਜੈਸੇ ਆਬ ਬਿਨਾਂ ਪਾਸਾ ਜੈਸੇ ਦਾਵ ਬਿਨਾਂ,
ਦੀਵੇ ਬਿਨਾਂ ਮੰਦਰ ਉਜਾੜ ਦਿੱਸ ਆਂਵਦਾ ।
ਜਗ੍ਹਾ ਇਨਸਾਨ ਬਿਨਾ ਧਨ ਜੈਸੇ ਦਾਨ ਬਿਨਾਂ,
ਗੁਰੂ ਬਿਨਾਂ ਚਿੱਤ ਦਾ ਭਰਮ ਨਹੀਂ ਜਾਂਵਦਾ ।
ਤੈਸੇ ਕਵਿ ਦੌਲਤਾ ਭਜਨ ਬਿਨਾ ਮੂੜ੍ਹ ਬੰਦਾ,
ਜਨਮ ਅਮੋਲ ਬੱਚਾ ਬਿਰਥਾ ਗਵਾਂਵਦਾ ।
ਪਹਿਲੇ ਗੁਰੂ ਧਾਰ ਇਹ ਵਿਚਾਰ ਰੱਖ ਬੱਚਿਆ ਤੂੰ,
ਫੇਰ ਸੰਗ ਆਰਫ਼ਾਂ ਦਾ ਮਨੋਂ ਨਾ ਵਿਸਾਰ ਓਇ ।
ਕਰੋ ਸਤਸੰਗ ਕਭੀ ਪੜੇ ਨਹੀਂ ਭੰਗ,
ਤਭੀ ਚੜ੍ਹ ਨਾਮ ਰੰਗ ਸਤਸੰਗ ਦਿਲ ਧਾਰ ਓਇ ।
ਸੰਤ ਕੀ ਪਛਾਣ ਦਿਲੋਂ ਕਾਮ ਕਰੋਧ ਲੋਭ ਤਜ,
ਔਰ ਦਵੈਤ ਭਾਵ ਬੱਚਾ ਦੇਈਂ ਤੂੰ ਨਿਵਾਰ ਓਇ ।
ਕਹਿ ਕਵਿ ਦੌਲਤ ਸਮਝ ਉਪਦੇਸ ਮੇਰਾ,
ਜਪ ਰਹੀ ਨਾਮ ਤਾ ਤੂੰ ਹੋਵੇਂ ਭਵ ਪਾਰ ਓਇ ।
ਮਾਤ ਤਾਤ ਭ੍ਰਾਤ ਨੇ ਨਾ ਕੰਮ ਤੇਰੇ ਆਵਣਾ ਹੈ,
ਜਿਨ੍ਹਾਂ ਨਾਲ ਰੱਖਦਾ ਹਮੇਸ਼ ਤੂੰ ਪਿਆਰ ਓਇ ।
ਸਾਕ ਔਰ ਅੰਗ ਕੋਊ ਚਲੇ ਨਾਹੀ ਸੰਗ ਤੇਰੇ,
ਸੰਗ ਨਹੀਂ ਚਲੇ ਸੋਹਣੀ ਸੁੰਦਰ ਸੁਨਾਰ ਓਇ ।
ਨਾਮ ਦਾ ਅਧਾਰ ਕਰ ਸਊ ਹੋ ਅਧਾਰ ਤੇਰਾ,
ਹੋਰ ਕੂੜ ਜਾਣ ਸੰਸਾਰ ਦਾ ਅਧਾਰ ਓਇ ।
ਕਹਿ ਕਵਿ ਦੌਲਤ ਸਮਝ ਤੂੰ ਉਪਦੇਸ਼ ਮੇਰਾ,
ਜਪ ਹਰੀ ਨਾਮ ਤਾਂ ਤੂੰ ਹੋਵੇ ਭਵ ਪ੍ਰਾਰ ਓਇ ।
ਰਾਮ ਨਾਮ ਜਪ ਬੰਦੇ ਸੋਈ ਹੈ ਨਿਮਾਜ਼ ਤੇਰੀ,
ਮਨ ਜਾਣ ਮੱਕਾ ਤੇ ਮਸੀਤ ਤਨ ਬਾਰ ਓਇ ।

ਪ੍ਰਗਟ ਨੈਣ ਮੁੰਦ ਕੇ ਤੂੰ ਖੋਹਲ ਖਾਂ ਗੁਪਤ ਨੈਣ,
ਅੰਦਰੋਂ ਤੂੰ ਵੇਖ ਨੇੜੇ ਸ਼ਾਹ ਰਗ ਗੁਫ਼ਾਰ ਓਇ ।
ਖ਼ੁਦੀ ਨੂੰ ਵਿਸਾਰ ਤੂੰ ਖ਼ੁਦਾਇ ਰੂਪ ਹੋਇ ਜਾਇ,
ਖ਼ੁਦ ਤੂੰ ਖ਼ੁਦਾਇ ਦਿਲੋਂ ਖ਼ੁਦੀ ਨੂੰ ਵਿਸਾਰ ਓਇ ।
ਕਹਿ ਕਵੀ ਦੌਲਤ ਸਮਝ ਉਪਦੇਸ਼ ਮੇਰਾ,
ਜਪ ਹਰੀ ਨਾਮ ਤਾਂ ਤੂੰ ਹੋਵੇਂ ਭਵ ਪਾਰ ਓਇ ।
ਸਮਝ ਵਿਚਾਰ ਕੇ ਸ਼ੁਮਾਰ ਕਰ ਬੱਚਿਆ ਤੂੰ,
ਦੇਖਦੇ ਹੀ ਤੇਰੇ ਚਲਿਓ ਜਾਤ ਸੰਸਾਰ ਓਇ ।
ਕੇਤੇ ਰਾਵ ਰਾਜੇ ਵਾਜੇ ਆਪਣੇ ਵਜਾਇ ਗਏ,
ਰਹਿਓ ਨਹੀਂ ਕੋਊ ਬਿਨਾਂ ਏਕ ਕਰਤਾਰ ਓਇ ।
ਕੇਹੜੇ ਫੁੱਲ ਲਾਗੇ ਕੇੜੇ ਗਿਰੇ ਬਾਹਰ ਔਰ ਲਾਗੇ,
ਤੈਂਸੇ ਇਹ ਜਹਾਨ ਏਕ ਖਿਲੀ ਗੁਲਜ਼ਾਰ ਓਇ ।
ਕਹਿ ਕਵਿ ਦੌਲਤ ਸਮਝ ਉਪਦੇਸ ਮੇਰਾ,
ਜਪ ਹਰੀ ਨਾਮ ਤਾ ਤੂੰ ਹੋਵੇ ਭਵ ਪਾਰ ਓਇ ।

## ਵਾਕ ਬਸੰਤ ਕਾ

ਹੱਥ ਜੋੜ ਬਸੰਤ ਨੇ ਅਰਜ ਕੀਤੀ, ਤੂੰ ਗੁਰੂ ਮੇਰਾ ਮਾਈ ਬਾਪ ਨਾਥਾ
ਤੇਰੇ ਵਾਕ ਸੁਣ ਕੇ ਮੈਨੂੰ ਸਾਂਤ ਆਈ ਹੋਏ ਦੂਰ ਮੇਰੇ ਤੀਨੋ ਤਾਪ ਨਾਥਾ
ਨਿਰਧਨ ਹੋਇ ਕੇ ਪਿਆ ਮੈਂ ਸ਼ਰਨ ਤੇਰੀ ਕੋਈ ਦੱਸ ਦੇਹੋ ਮੈਨੂੰ ਜਾਪ ਨਾਥਾ
ਐਸਾ ਜਾਪ ਭਗਵਾਨ ਦਾ ਦੱਸ ਮੈਨੂੰ ਲੱਭ ਲਵਾਂ ਮੈਂ ਆਪਣਾ ਆਪ ਨਾਥਾ
ਦੌਲਤ ਰਾਮ ਐਸਾ ਕਰੋ ਜਤਨ ਕੋਈ ਹੋਵੇ ਰਾਮ ਦਾ ਜਿਵੇਂ ਮਿਲਾਪ ਨਾਥਾ

## ਵਾਕ ਨਾਥ ਜੀ ਕਾ

ਗੁਰੂ ਆਖਦਾ ਗਿਆਨ ਇਹ ਜਾਨ ਪੱਕਾ ਰੱਬ ਸਭ ਕੇ ਬੀਚ ਸਮਾਵਦਾ ਏ
ਓਅੰ ਸੋਹੰ ਜੋੜੂ ਰਾਮ ਨਾਮ ਸੋਈ ਜਿਸਨੂੰ ਕੁਲ ਜਹਾਨ ਅਲਾਂਵਦਾ ਏ
ਰਾਮ ਨਾਮ ਨੂੰ ਜਾਣਦਾ ਜਗਤ ਸਾਰਾ ਵਿਰਲਾ ਮਰਦ ਜੋ ਚਿੱਤ ਕਮਾਂਵਦਾ ਏ
ਸੋਹੰ ਜਾਪ ਜੋ ਪ੍ਰੇਮ ਦੇ ਨਾਲ ਜਪਦਾ ਸੋਈ ਦਰਸ ਭਗਵਾਨ ਦਾ ਪਾਂਵਦਾ ਏ
ਚੁਲੀਆ ਕੀਤਿਆਂ ਕੌਫ ਨਾ ਨਸਾ ਦੇਵੇ ਜੇੜ੍ਹਾ ਪੀਂਵਦਾ ਉਸ ਨੂੰ ਆਂਵਦਾ ਏ
ਬਿਨਾ ਅਮਲ ਦੇ ਇਲਮ ਨ ਕਿਸੇ ਲੇਖੇ ਸੋਈ ਲਵੇ ਜੋ ਅਮਲ ਕਵਾਂਵਦਾ ਏ
ਭਗਤੀ ਰਾਮ ਦੀ ਹੈ ਰੁੱਖ ਛਿਛਰੇ ਦਾ ਪਹਿਲੇ ਕਾਲੜਾ ਮੂੰਹ ਵਿਖਾਂਵਦਾ ਏ
ਪਿਛੋਂ ਹੋਵਦਾ ਲਾਲ ਗਲਾਲ ਵਾਂਗ ਫੇਰ ਸਾਰਿਆਂ ਦੇ ਮਨ ਭਾਂਵਦਾ ਏ

ਪਹਿਲਾਂ ਭਗਤਾਂ ਦੀ ਨਿੰਦਿਆ ਕਰਨ ਸਾਰੇ ਪਿਛੋਂ ਕੁਲ ਆ ਸੀਸ ਨਿਵਾਂਵਦਾ ਏ
ਕੰਘੀ ਪੇਟ ਪੜਵਾਇਕੇ ਸੀਸ ਚੜ੍ਹਦੀ ਦੁਖ ਵੱਲਿਆਂ ਸੁਖ ਬਿਆਂਵਦਾ ਏ
ਦਰਜ਼ੀ ਕਪੜੇ ਦੀ ਲੀਰ ਲੀਰ ਕਰਦਾ ਚੋਲਾ ਰਾਣੀਆਂ ਨੂੰ ਅੰਗ ਲਾਂਵਦਾ ਏ
ਪੈਰਾ ਹੇਠ ਆ ਕੇ ਮਿੱਟੀ ਬਣੇ ਗਾਰਾ ਫੇਰ ਸਿਖਰ ਮਹੱਲ ਤੇ ਜਾਂਵਦਾ ਏ
ਮਾਰ ਖਾਇ ਕੇ ਵਿਦਿਆ ਪੜ੍ਹੇ ਜਿਹੜਾ ਸੋਈ ਮਰਦ ਮਰਾਤਬਾ ਪਾਂਵਦਾ ਏ
ਬੀਜ ਆਪਣਾ ਰਹੇ ਤਾਂ ਬ੍ਰਿਛ ਹੋਵੇ ਜੀਵ ਨਾਸ ਹੋ ਬ੍ਰਹਮ ਸਦਾਂਵਦਾ ਏ
ਮੇਹਨਤ ਕੀਤਿਆਂ ਬਾਝ ਨਾ ਪਵੇ ਝੋਲੀ ਸੋਈ ਲਵੇ ਜੋ ਕਸ਼ਟ ਉਠਾਂਵਦਾ ਏ
ਦੌਲਤ ਰਾਮ ਸੋ ਰੱਬ ਨੂੰ ਪਾਂਵਦਾ ਏ ਜੇਹੜਾ ਆਪਣਾ ਆਪ ਗਵਾਂਵਦਾ ਏ

## ਵਾਕ ਬਸੰਤ ਕਾ

ਕੁੰਵਰ ਆਖਦਾ ਦੱਸੋ ਓਹ ਰਾਹ ਮੈਨੂੰ ਜਿਵੇਂ ਆਪਣਾ ਆਪ ਗੁਵਾ ਲਵਾਂ ਜੀ
ਦੇਵਾਂ ਜਾਨ ਮੈਂ ਸ੍ਰੀ ਭਗਵਾਨ ਉੱਤੋਂ ਦਿਲ ਦੇਇ ਦਿਲਦਾਰ ਨੂੰ ਪਾ ਲਵਾਂ ਜੀ
ਭਾਗਾਂ ਨਾਲ ਮਨੁੱਖ ਦਾ ਜਨਮ ਹੋਇਆ ਕੋਈ ਰੋਜ਼ ਤਾਂ ਨਾਮ ਧਿਆ ਲਵਾਂ ਜੀ
ਮੁੜ ਕੇ ਫੇਰ ਨਾ ਦੇਵਣਾ ਪਵੇ ਲੇਖਾ ਹੁਣੇ ਸਾਫ ਹਿਸਾਬ ਕਰਵਾ ਲਵਾਂ ਜੀ
ਹੀਰਾ ਜਨਮ ਭਗਵਾਨ ਨੇ ਬਖ਼ਸ਼ ਦਿਤਾ ਇਸਨੂੰ ਨਾਮ ਭਗਵਾਨ ਦੇ ਲਾ ਲਵਾਂ ਜੀ
ਤੇਰੇ ਸ਼ਬਦ ਦਾ ਆਸਰਾ ਨਾਲ ਲੈ ਕੇ ਨਿਰਧਨ ਹੋ ਕੇ ਭੁੱਲ ਬਖ਼ਸ਼ਾ ਲਵਾਂ ਜੀ
ਬੇੜਾ ਨਾਮ ਦਾ ਗੁਰੂ ਜੀ ਬਖ਼ਸ਼ ਦੇਹੋ ਪਾਪੀ ਜੀਵ ਨੂੰ ਪਾਰ ਲੰਘਾ ਲਵਾਂ ਜੀ
ਦੌਲਤ ਰਾਮ ਤੋੜੇ ਆਵਾਗੌਣ ਮੇਰਾ ਵਿਚ ਬ੍ਰਹਮ ਦੇ ਬ੍ਰਹਮ ਸਮਾ ਲਵਾਂ ਜੀ

## ਵਾਕ ਨਾਥ ਜੀ ਕਾ

ਗੁਰੂ ਆਖਦਾ ਬ੍ਰਹਮ ਦੇ ਪਾਵਣੇ ਦਾ ਤੈਨੂੰ ਜਤਨ ਮੈਂ ਦਿਆਂ ਬਤਲਾ ਬੱਚਾ
ਪਹਿਲੇ ਕਰੋ ਸਤਿਸੰਗ ਸਤਿ ਕਰਮ ਯਾਰੋ ਤਜ ਕੇ ਕੂੜ ਨੂੰ ਸੱਚ ਅਲਾ ਬੱਚਾ
ਕਰੋ ਤਿਆਗ ਵੈਰਾਗ ਅਭਿਆਸ ਪੱਕਾ ਕੂੜੇ ਜੱਗ ਨੂੰ ਦਿਲੋ ਭੁਲਾ ਬੱਚਾ
ਉਸਤਤਿ ਨਿੰਦਿਆ ਕਿਸੇ ਦੀ ਨਹੀਂ ਕਰਨੀ ਹਰਖ ਸੋਗ ਨਾ ਚਿੱਤ ਚਿੱਤ ਨੂੰ ਲਾ ਬੱਚਾ
ਕਿਸੇ ਜੀਵ ਨੂੰ ਕਸ਼ਟ ਨਾ ਮੂਲ ਦੇਣਾ ਸਾਰੇ ਰਿਹਾ ਹੈ ਬ੍ਰਹਮ ਸਮਾ ਬੱਚਾ
ਸੱਭੇ ਵਾਸ਼ਨਾ ਜਗ ਦੀਆਂ ਦੂਰ ਕਰ ਕੇ ਸੋਹੰ ਸਬਦ ਨੂੰ ਚਿੱਤ ਵਸਾ ਬੱਚਾ
ਸਨੇ ਸਨੇ ਵੈਰਾਗ ਅਭਿਆਸ ਕਰ ਕੇ ਸੁਰਤੀ ਨਾਮ ਦੇ ਵਿਚ ਮਿਲਾ ਬੱਚਾ
ਮਨ ਬੁਧ ਤੇ ਚਿੱਤ ਹੰਕਾਰ ਚਾਰੇ ਅੰਤਹਕਰਣ ਨੂੰ ਸੁੱਧ ਬਣਾ ਬੱਚਾ
ਅੰਤਹਕਰਣ ਜਦੋਂ ਤੇਰਾ ਸ਼ੁਧ ਹੋਵੇ ਜਾਵੇਂ ਬ੍ਰਹਮ ਦੇ ਵਿਚ ਸਮਾ ਬੱਚਾ
ਤੈਨੂੰ ਹੋਰ ਮੈਂ ਇਕ ਉਪਾ ਦੱਸਾਂ ਜੇਕਰ ਲਵੇਂ ਤੂੰ ਕਸ਼ਟ ਉਠਾ ਬੱਚਾ
ਦੱਸਾਂ ਜੋਗ ਅਭਿਆਸ ਦੀ ਰੀਤ ਤੈਨੂੰ ਦਸਵੇਂ ਦੁਆਰ ਸਵਾਸ ਚੜ੍ਹਾ ਬੱਚਾ
ਇੜਾ ਪਿੰਗਲਾ ਸੁਖਮਨਾ ਤੀਨ ਨਾੜੀ ਸਾਧਨ ਤਿਹਾਂ ਦਾ ਖ਼ੂਬ ਪਕਾ ਬੱਚਾ

ਨਵੇਂ ਦੁਆਰ ਸਰੀਰ ਦੇ ਬੰਦ ਕਰ ਕੇ ਦੱਸਵੇਂ ਸੁੰਨ ਸਮਾਧ ਲਗਾ ਬੱਚਾ
ਜਾਗ੍ਰਤ ਸੁਪਨ ਸਖੋਪਤੀ ਤੀਨ ਤਜਕੇ ਤੁਰੀਆ ਧਾਮ ਭਗਵਾਨ ਦਾ ਪਾ ਬੱਚਾ
ਜੇਕਰ ਇਹ ਭੀ ਤੁਧ ਨੂੰ ਕਠਨ ਦਿਸੇ ਦੱਸਾਂ ਹੋਰ ਮੈਂ ਸੁਗਮ ਉਪਾ ਬੱਚਾ
ਜੀਵ ਭਾਵਨਾ ਚਿਤ ਤੋਂ ਦੂਰ ਕਰ ਕੇ ਈਸ਼ਵਰ ਜੀਵ ਦਾ ਭੇਦ ਮਿਟਾ ਬੱਚਾ
ਦੌਲਤ ਰਾਮ ਤੂੰ ਫੁਰਨੇ ਨੂੰ ਬੰਦ ਕਰ ਕੇ ਮਿਲ ਕੇ ਬ੍ਰਹਮ ਨੂੰ ਬ੍ਰਹਮ ਹੋ ਜਾ ਬੱਚਾ

## ਵਾਕ ਕਵੀਸ਼ਰ ਕਾ

ਮੰਗਲ ਨਾਥ ਬਸੰਤ ਨੂੰ ਨਿਤਾਪ੍ਰਤੀ ਰਾਮ ਨਾਮ ਦੀ ਲਾਗ ਲਗਾਵਦਾ ਸੀ
ਕਦੀ ਜੀਵ ਤੇ ਈਸ ਦਾ ਭੇਦ ਖੋਹਲੇ ਕਦੀ ਕਰਮ ਵੈਰਾਗ ਜਤਾਂਵਦਾ ਸੀ
ਅਹਿਰਣ ਮਤ ਤੇ ਵੇਦ ਹਥਿਆਰ ਕਰ ਕੇ ਅਗਨੀ ਗਿਆਨ ਬਿਬੇਕ ਜਤਾਂਵਦਾ ਸੀ
ਚਾਂਦੀ ਚਿੱਤ ਤੇ ਨਾਮ ਦਾ ਪਕੜ ਥੋੜਾ ਉਤੇ ਸੱਟ ਪ੍ਰੇਮ ਦੀ ਲਾਂਵਦਾ ਸੀ
ਸ਼ਬਦ ਰੂਪ ਸੱਚਾ ਲੈ ਕੇ ਏਕਤਾ ਦਾ ਅਹੋ ਬ੍ਰਹਮ ਟਕਸਾਲ ਬਨਾਂਵਦਾ ਸੀ
ਦੌਲਤ ਰਾਮ ਉਚਾਰ ਕੇ ਮਾਸ ਬਾਰਾਂ ਨਾਥ ਕੁੰਵਰ ਨੂੰ ਪਿਆਰ ਸਮਝਾਂਵਦਾ ਸੀ

## ਬਾਰਾ ਮਾਹ ਜ਼ਬਾਨੀ ਮੰਗਲ ਨਾਥ ਜੀ ਦੀ ।। ਮਾਹ ਚੇਤਰ

ਚੇਤਰ ਚੇਤ ਤੂੰ ਆਪਣੇ ਆਪ ਤਾਈਂ ਤੂੰ ਹੀ ਰੂਪ ਸੱਚੇ ਓਅੰਕਾਰ ਦਾ ਏ
ਫਿਰੇ ਢੂੰਡਦਾ ਗੈਰ ਨੂੰ ਗ਼ੈਰ ਹੋਇਓ ਆਪਣੇ ਆਪ ਨੂੰ ਨਹੀ ਵਿਚਾਰਦਾ ਏ
ਜੇਹੜੇ ਬਾਗ਼ ਨੂੰ ਢੂੰਡਦਾ ਮੂਰਖਾ ਓਏ ਤੂੰ ਤਾ ਗੁੱਲ ਉਸੇ ਗੁਲਜ਼ਾਰ ਦਾ ਏਂ
ਉੱਧਰ ਦੂਸਰਾ ਤੁੱਧ ਨੂੰ ਭਾਸਦਾ ਏ ਜਿੱਚਰ ਦਵੈਤ ਨੂੰ ਨਹੀ ਵਿਸਾਰਦਾ ਏਂ
ਦੂਜਾ ਮੂਲ ਨਾ ਹੋਵਣਾ ਮੂਲ ਕੋਈ ਆਪੇ ਢਾਵਦਾ ਆਪ ਉਸਾਰਦਾ ਏਂ
ਆਪੇ ਬਾਪ ਹੋਇਓ ਆਪੇ ਬਣੋਂ ਬੇਟਾ ਆਪੇ ਗੁਰੂ ਤੇ ਸਿੱਖ ਉਚਾਰਦਾ ਏ
ਆਪੇ ਜਾਣਦਾ ਆਪ ਉਪਦੇਸ ਕਰਦਾ ਮਹਿਰਮ ਆਪ ਤੂੰ ਆਪ ਦੀ ਕਾਰ ਦਾ ਏਂ
ਦੌਲਤ ਰਾਮ ਆਪੇ ਜਾਣ ਬੁੱਝ ਕੇ ਤੂੰ ਬਾਜੀ ਜਨਮ ਮਨੁੱਖ ਦੀ ਹਾਰਦਾ ਏਂ

## ਮਾਹ ਵੈਸਾਖ

ਚੜ੍ਹਤੇ ਮਾਹ ਵੈਸਾਖ ਵਿਚਾਰ ਮਨ ਮੇ ਤੈਨੂੰ ਕਹਾਂ ਗਿਆਨ ਸ੍ਰਿਸਟ ਬੱਚਾ
ਜੇਹੜਾ ਜਗਤ ਤੈਨੂੰ ਸਤਿ ਭਾਸਦਾ ਏ ਫੁਰਨੇ ਨਾਲ ਇਹ ਆਂਵਦਾ ਦ੍ਰਿਸ਼ਟ ਬੱਚਾ
ਕ੍ਰਿਸ਼ਨ ਦੇਵ ਨੇ ਗੀਤਾ ਦੇ ਵਿਚ ਕਹਿਆ ਜੀਵ ਜੀਵਪ੍ਰਤੀ ਆਪਣੀ ਸ੍ਰਿਸ਼ਟ ਬੱਚਾ
ਫੁਰਨੇ ਨਾਲ ਜਹਾਨ ਪਰਤੱਖ ਦਿਸੇ ਫੁਰਨੇ ਰਹਿਤ ਜਹਾਨ ਦੀ ਨਿਸ਼ਟ ਬੱਚਾ
ਫੁਰਨਾ ਬੰਦ ਹੋਯਾ ਤਦੋਂ ਮੁਕਤ ਹੋਯਾ ਇਹੋ ਆਖਦਾ ਜੋਗ ਵਸ਼ਿਸ਼ਟ ਬੱਚਾ
ਤਤ੍ਵੰ ਮਸੀ ਬ੍ਰਹਮ ਦਾ ਰੂਪ ਹੈਂ ਤੂੰ ਸਮਝੋ ਵੇਦ ਭਗਵਾਨ ਦਾ ਇਸ਼ਟ ਬੱਚਾ
ਜੇਕਰ ਦੂਈ ਦੇ ਭਾਵ ਤੇ ਦੂਰ ਹੋਵੇਂ ਸਭੇ ਦੂਰ ਹੋ ਜਾਣ ਅਰਿਸ਼ਟ ਬੱਚਾ
ਦੌਲਤ ਰਾਮ ਹਰ ਜੀਵ ਦਾ ਰਪ ਇਕੋ ਬਹਮ ਗਜਾਨ ਬਿਨ ਜੀਵ ਭਸਟ ਬੱਚਾ

## ਮਾਹ ਜੇਠ

ਜੇਠ ਜਗਤ ਨੂੰ ਸਤਿ ਕਰ ਮੰਨ ਬੈਠਾ ਫਸਿਆ ਪਿਆ ਤੂੰ ਵਿਚ ਧੰਧਾਲ ਦੇ ਓਇ
ਜੇਕਰ ਅੰਤ ਦੇ ਸੁੱਖਾ ਦੀ ਲੋੜ ਤੈਨੂੰ ਮਾਯਾ ਮੋਹ ਨੂੰ ਚਿੱਤ ਤੇ ਟਾਲ ਦੇ ਓਇ
ਸੱਚੇ ਯਾਰ ਦੇ ਨਾਲ ਪਿਆਰ ਕਰ ਤੂੰ ਖ਼ਿਆਲ ਛੱਡ ਦੇ ਜਗ ਜੰਜਾਲ ਦੇ ਓਇ
ਗੋਲਾ ਬਰਫ ਦਾ ਘਾਮ ਦੇ ਨਾਲ ਗਲਦਾ ਖ਼ਿਮਾ ਨਾਲ ਹੰਕਾਰ ਨੂੰ ਗਾਲ ਦੇ ਓਇ
ਜਿਨ੍ਹਾਂ ਨਾਲ ਮੁਹੱਬਤਾ ਲਾਵਣਾ ਏਂ ਸਭੇ ਸਾਕ ਪਿਆਰੇ ਧਨ ਮਾਲ ਦੇ ਓਇ
ਦੁੱਖਾਂ ਪਿਆਂ ਤੇ ਯਾਰ ਨਾ ਮੂਲ ਕੋਈ ਸਭੇ ਆਪਣੇ ਸੁੱਖਾਂ ਨੂੰ ਭਾਲਦੇ ਓਇ
ਮਦਦ ਕਿਸੇ ਨੇ ਮੂਲ ਨਾ ਦੇਵਨੀ ਏਂ ਜਦੋਂ ਘੁਰੇ ਨਗਾਰੜੇ ਕਾਲ ਦੇ ਓਇ
ਦੌਲਤ ਰਾਮ ਤੂੰ ਖੋਲ੍ਹ ਕੇ ਵੇਖ ਚਸ਼ਮਾਂ ਕਿੱਧਰ ਗਏ ਸਾਥੀ ਤੇਰੇ ਨਾਲ ਦੇ ਓਇ

## ਮਾਹ ਹਾੜ੍ਹ

ਹਾੜ੍ਹ ਹਿਰਸ ਦੇ ਵਿਚ ਗਲਤਾਨ ਹੋਯੋਂ ਫਿਰਦਾ ਆਪਣਾ ਆਪ ਲੁਟਾਵਣੇ ਨੂੰ
ਅਜੇ ਹਈ ਵੇਲਾ ਕਰ ਬੰਦਗੀ ਨੂੰ ਜੇਕਰ ਚਾਂਹਵਦਾ ਆਪ ਬਚਾਵਣੇ ਨੂੰ
ਪੰਜ ਚੋਰ ਫਿਰਦੇ ਬੱਚਾ ਮਗਰ ਤੇਰੇ ਦੌਲਤ ਹੱਕ ਦੀ ਲੁੱਟ ਕੇ ਖਾਵਣੇ ਨੂੰ
ਖੜ੍ਹੀ ਫੌਜ ਪਚੀਸ ਪਰਕਿਰਤੀਆਂ ਦੀ ਤੇਰੇ ਚਿੱਤ ਦੀ ਬਿਰਤ ਡੁਲਾਵਣੇ ਨੂੰ
ਦਸੇ ਇੰਦ੍ਰੇ ਦੇਣ ਅਗਿਆਨ ਤੈਨੂੰ ਆਤਮ ਗਿਆਨ ਦਾ ਬੋਧ ਭੁਲਾਵਣੇ ਨੂੰ
ਮਨੋਰਾਜ ਤੇਰਾ ਘਰ ਪੱਟਿਆ ਈ ਫਿਰਦੇ ਨਿਤ ਤੇਰੇ ਭਰਮਾਵਣੇ ਨੂੰ
ਕਾਲ ਕੜਕਦਾ ਹੈ ਬੱਚਾ ਸੀਸ ਉੱਤੇ ਤੇਰੀ ਜਿੰਦ ਦੇ ਮਾਰ ਮੁਕਾਵਣੇ ਨੂੰ
ਦੌਲਤ ਰਾਮ ਜੇ ਅਜੇ ਭੀ ਰਾਮ ਸਿਮਰੇਂ ਧੋਖਾ ਮੂਲਾ ਨਾ ਮੂਲ ਦੇ ਜਾਵਣੇ

## ਮਾਹ ਸਾਵਣ

ਸਾਵਨ ਸਿੱਖਿਆ ਲਈ ਨਾ ਸਤਿਗੁਰਾਂ ਦੀ ਆਪਣੇ ਆਪ ਦੇ ਵਿਚ ਚਲਾਕ ਹੋਯੋਂ
ਤੈਨੂੰ ਗਾਲਿਆ ਖੋਟੀਆਂ ਸੰਗਤਾਂ ਨੇ ਮਿਲ ਕੇ ਕਾਗਾਂ ਦੇ ਨਾਲ ਤੂੰ ਕਾਕ ਹੋਯੋਂ
ਪੰਜਾਂ ਅਵਗੁਣਾਂ ਵਿਚ ਮਸ਼ਗੂਲ ਹੋਇਆ ਸੱਚੇ ਯਾਰ ਦੀ ਵਲੋ ਤਲਾਕ ਹੋਯੋਂ
ਪਾਰਸ ਰੂਪ ਸਤਸੰਗ ਨੂੰ ਛੱਡ ਬੈਠਾ ਖ਼ਾਕ ਹਿਰਸ ਦੇ ਵਿਚ ਤੂੰ ਖ਼ਾਕ ਹੋਯੋਂ
ਸਤਿ ਚਿੱਤ ਆਨੰਦ ਦਾ ਰੂਪ ਹੈਂ ਤੂੰ ਮਿਲ ਕੇ ਗ਼ਮਾਂ ਦੇ ਨਾਲ ਗ਼ਮਨਾਕ ਹੋਯੋਂ
ਹੋਇਆ ਸ਼ੇਰ ਤੇ ਸਾਥ ਕੀ ਛੇਲੀਆ ਦਾ ਬਣਦਾ ਜੁਸਤ ਤੇ ਅਸਲ ਥੀਂ ਤਾਕ ਹੋਯੋਂ
ਪੜ੍ਹ ਕੇ ਵੇਦ ਪੁਰਾਣ ਨਾ ਖ਼ੁਸੀ ਆਈ ਛੁਰੀ ਸੋਗ ਦੀ ਨਾਲ ਹਲਾਕ ਹੋਯੋਂ
ਦੌਲਤ ਰਾਮ ਆਹੀ ਪਾਕ ਜ਼ਾਤ ਤੇਰੀ ਐਪਰ ਬੰਦਗੀ ਬਾਝ ਨਾਪਾਕ ਹੋਯੋਂ

## ਮਾਹ ਭਾਦਰੋਂ

ਚੜ੍ਹਦੇ ਭਾਦਰੋਂ ਭਰਮ ਦਾ ਨਸਾ ਚੜ੍ਹਿਆ ਤੈਨੂੰ ਆਂਵਦਾ ਅਕਲ ਸ਼ਊਰ ਨਾਹੀਂ

ਜੇਕਰ ਚਿੱਤ ਦੀ ਬ੍ਰਿਤ ਟਕਾ ਵੇਖੇਂ ਤੇਰਾ ਯਾਰ ਬੱਚਾ ਤੈਥੋਂ ਦੂਰ ਨਾਹੀਂ
ਇਕ ਚੰਦ ਨੂੰ ਦੋਇ ਬਤਾਂਵਦੇ ਨੇ ਕਾਇਮ ਜਿਨ੍ਹਾਂ ਦੀ ਚਸ਼ਮ ਦਾ ਨੂਰ ਨਾਹੀਂ
ਦੂਜਾ ਓਸ ਨੂੰ ਮੂਲ ਨਾ ਭਾਸਦਾ ਏ ਜਿਸ ਦੀ ਅੱਖ ਦੇ ਵਿਚ ਕਸੂਰ ਨਾਹੀਂ
ਗੁਰਾਂ ਬਾਝ ਨਾ ਬ੍ਰਹਮ ਦਾ ਗਿਆਨ ਹੋਵੇ ਹੁੰਦਾ ਬੀਜ ਦੇ ਬਾਝ ਅੰਕੂਰ ਨਾਹੀਂ
ਤਾਰ ਜੰਤੀਓਂ ਬਾਹਰ ਨਾ ਆਂਵਦੀ ਏ ਜੇਕਰ ਖਿੱਚੀਏ ਨਾਲ ਜਮੂਰ ਨਾਹੀਂ
ਚੱਪਾ ਵੰਝ ਤੇ ਬਾਝ ਮੁਹਾਣਿਆਂ ਦੇ ਪੱਤਣ ਲੰਘਦਾ ਬੇੜੀ ਦਾ ਪੂਰ ਨਾਹੀਂ
ਦੌਲਤ ਰਾਮ ਨਾ ਨਿਰਮਲ ਨੀਰ ਹੋਵੇ ਜਿਚਰ ਜਾਂਵਦਾ ਉਪਰੋਂ ਬੂਰ ਨਾਹੀਂ

## ਮਾਹ ਅੱਸੂ

ਅੱਸੂ ਆਇਕੇ ਏਸ ਜਹਾਨ ਉਤੇ ਮੈਨੂੰ ਦੱਸ ਕੀ ਨਫਾ ਵਸੂਲ ਕੀਤਾ
ਤੂੰ ਤਾਂ ਆਇਆ ਸੀ ਵਾਸਤੇ ਖੱਟਣ ਦੇ ਏਥੇ ਆਇਕੇ ਗ਼ਾਇਬ ਚਾ ਮੂਲ ਕੀਤਾ
ਗਰਭ ਜੂਨ ਵਿਚੋਂ ਜਿਸ ਨੇ ਬਖ਼ਸਿਆ ਸੀ ਓਸ ਦਿਆਲ ਦਾ ਹੁਕਮ ਅਦੂਲ ਕੀਤਾ
ਛੱਡ ਬੰਦਗੀ ਬਦੀ ਤੇ ਲਕ ਬੱਧਾ ਹੈਂ ਓਇ ਜ਼ਾਲਮਾ ਕਹਿਰ ਨਜ਼ੂਲ ਕੀਤਾ
ਪਿਛਲੇ ਫੈਸਲੇ ਵਾਸਤੇ ਆਇਆ ਸੀ ਹਥੋਂ ਹੋਰ ਮੁਕੱਦਮਾ ਤੂਲ ਕੀਤਾ
ਆਇਆ ਜੀਵ ਦਾ ਰੰਜ ਮਿਟਾਵਣੇ ਨੂੰ ਹਥੋਂ ਰੰਜ ਨੂੰ ਹੋਰ ਰੰਜੂਲ ਕੀਤਾ
ਪੀਤਾ ਜ਼ੈਹਰ ਦੇ ਜਾਮ ਨੂੰ ਸ਼ਾਦ ਹੋ ਕੇ ਪਿਆਲਾ ਪਰੇਮ ਦਾ ਨਹੀ ਕਬੂਲ ਕੀਤਾ
ਦੌਲਤ ਰਾਮ ਇਹ ਧਨ ਜ਼ਿੰਦਗਾਨੜੀ ਦਾ ਆਵਾਗੌਣ ਮੇਂ ਖ਼ਰਚ ਫਜ਼ੂਲ ਕੀਤਾ

## ਮਾਹ ਕੱਤਕ

ਕੱਤਕ ਕਦੇ ਨਾ ਉਸਦੀ ਮੁਕਤ ਹੋਵੇ ਜੇਹੜੇ ਮਰਦ ਨੂੰ ਗਿਆਨ ਵੈਰਾਗ ਨਾਹੀਂ
ਦੇਵ ਗੁਰੂ ਸਤਸੰਗ ਦੇ ਮਿਲੇ ਬਾਝੋਂ ਲੱਗਦੀ ਨਾਮ ਦੀ ਕਿਸੇ ਨੂੰ ਲਾਗ ਨਾਹੀ
ਮੇਲਾ ਸਾਧੂਆਂ ਦਾ ਕਿਥੋਂ ਪਾਪੀਆਂ ਨੂੰ ਭਲੇ ਜਿਨ੍ਹਾਂ ਦੇ ਬੱਚਿਆ ਭਾਗ ਨਾਹੀਂ
ਪੀਆ ਨਜ਼ਰ ਨ ਆਵਦਾ ਅੰਨ੍ਹਿਆਂ ਨੂੰ ਖੁਲ੍ਹੇ ਜਿਨ੍ਹਾਂ ਦੇ ਚਸਮ ਚਰਾਗ਼ ਨਾਹੀਂ
ਭਾਵੇ ਲੱਖ ਸੁਰਤਾਰ ਦੀ ਖ਼ਬਰ ਹੋਵੇ ਬਿਨਾਂ ਕੰਠ ਸੁਹਾਂਵਦਾ ਰਾਗ ਨਾਹੀਂ
ਅਪਾ ਸਾਹਮਣੇ ਨਾ ਜੇਕਰ ਯਾਰ ਦਿਸੇ ਜਾਂਦਾ ਦਿਲੋਂ ਵਿਛੋੜੇ ਦਾ ਦਾਗ਼ ਨਾਹੀਂ
ਭਾਵੇ ਲੱਖ ਗਿਆਨ ਸੁਣਾਏ ਦਖੋ ਰੂਪ ਹੰਸ ਦਾ ਹੋਂਵਦਾ ਕਾਗ ਨਾਹੀਂ
ਦੌਲਤ ਰਾਮ ਸ਼ਿੰਗਾਰ ਹਜ਼ਾਰ ਲਾਈਏ ਮਿਲੇ ਕੰਤ ਦੇ ਬਾਝ ਸੁਹਾਗ ਨਾਹੀ

## ਮਾਹ ਮੱਘਰ

ਮੱਘਰ ਮੰਨ ਕੇ ਗਲ ਨੂੰ ਭੁੱਲ ਜਾਂਦਾ ਕਰਦਾ ਜਾਣ ਕੇ ਕੰਮ ਅਣਜਾਣ ਵਾਲੇ
ਸੁਰਤੀ ਵੇਦ ਪੁਰਾਨ ਕੁਰਾਨ ਸਾਰੇ ਹੋਏ ਕੁਲ ਤੇਰੇ ਸਮਝਾਣ ਵਾਲੇ
ਨ੍ਹਤ ਨੇਤ ਪੁਕਾਰਦੇ ਸੰਤ ਸਾਰੇ ਆਰਫ ਕੋਟ ਗਿਆਨ ਸੁਨਾਣ ਵਾਲੇ

ਕਰਮ ਕਾਂਡ ਉਪਾਸ਼ਨਾ ਪਾਠ ਪੂਜਾ ਤੇਰੇ ਚਿੱਤ ਦੀ ਬ੍ਰਿਤ ਟਿਕਾਣ ਵਾਲੇ
ਜਤ ਸਤ ਤੇ ਧਰਮ ਈਮਾਨ ਚਾਰੇ ਵੇਲੇ ਅੰਤ ਦੇ ਦੁੱਖੋਂ ਛੁਡਾਣ ਵਾਲੇ
ਗਿਆਨ ਧਿਆਨ ਬਿਬੇਕ ਵੈਰਾਗ ਬੱਚਾ ਤੈਨੂੰ ਸੱਚ ਦਾ ਰਾਹ ਬਤਾਣ ਵਾਲੇ
ਨੇਕ ਅਮਲ ਤੇਰੇ ਤੇਰੇ ਨਾਲ ਸਾਥੀ ਕੱਢ ਦੋਜ਼ਖੋਂ ਜੱਨਤੀਂ ਪਾਣ ਵਾਲੇ
ਦੌਲਤ ਰਾਮ ਤੈਂ ਅਜੇ ਨਾ ਸਮਝਨਾ ਏਂ ਤੇਰੇ ਭਾਗ ਨੇ ਦੋਜ਼ਖੀਂ ਜਾਣ ਵਾਲੇ

## ਮਾਹ ਪੋਹ

ਚੜ੍ਹਦੇ ਪੋਹ ਪ੍ਰੀਤ ਕਰ ਭੁੱਲ ਨਾਹੀਂ ਤੂੰ ਕਿਉਂ ਆਪ ਨੂੰ ਭੁੱਲ ਗਵਾਰ ਹੋਇਓ
ਆਦ ਅੰਤ੍ਰ ਦੇ ਮਤ ਅਕਾਲ ਹੈਂ ਤੂੰ ਤਿੰਨ ਕਾਲ ਨਾ ਬਿਨਸਨੇ ਹਾਰ ਹੋਇਓ
ਤਿੰਨਾਂ ਗੁਣਾਂ ਦੇ ਵਿਚ ਪ੍ਰਵੇਸ਼ ਤੇਰਾ ਤੂੰ ਅਕਾਰ ਉਕਾਰ ਮਕਾਰ ਹੋਇਓਂ
ਸਾਖੀ ਜਾਗ੍ਰਤ ਸੁਪਨ ਸਖੋਪਤੀ ਦਾ ਤੁਰੀਆ ਰੂਪ ਤੂੰ ਸਰਬ ਕਾ ਸਾਰ ਹੋਇਓਂ
ਤੂੰ ਹੀ ਆਸਰਾ ਕੁਲ ਬ੍ਰਹਮੰਡ ਦਾ ਏਂ ਨਿਰਗੁਣ ਰੂਪ ਤੂੰ ਹੀ ਨਿਰਾਕਾਰ ਹੋਇਓਂ
ਸਰਬ ਗੁਨ ਰੂਪ ਅਤੇ ਤੱਤ ਬੋਧ ਤੂੰ ਹੀ ਤੂੰ ਹੀ ਏਕ ਅਨੇਕ ਪਸਾਰ ਹੋਇਓਂ
ਤੂੰ ਹੀ ਬੀਜ ਹੋਇਆ ਤੂੰਹੀ ਬ੍ਰਿਛ ਹੋਇਆ ਤੂੰ ਹੀ ਫੁੱਲ ਕੰਡਾ ਫਲ ਡਾਰ ਹੋਇਓ
ਦੌਲਤਰਾਮ ਸਭ ਜਗਤ ਹੈ ਸਕਤਿ ਤੇਰੀ ਤੂੰ ਹੀ ਆਦਿ ਵੈਰਾਟ ਅਕਾਰ ਹੋਇਓਂ

## ਮਾਹ ਮਾਘ

ਚੜ੍ਹਦੇ ਮਾਘ ਨਾ ਆਪਣਾ ਧਰਮ ਜਾਤਾ ਹੈਂ ਓਇ ਮੂਰਖਾ ਕੰਮ ਵਿਗਾੜ ਬੈਠੋ
ਕਲਪ ਬ੍ਰਿਛ ਦਾ ਪੁਸ਼ਪ ਸੀ ਰੂਹ ਤੇਰਾ ਅੱਗ ਹਿਰਸ ਦੀ ਵਿਚ ਤੂੰ ਸਾੜ ਬੈਠੋਂ
ਪੂੰਜੀ ਵਿਸ਼ੇ ਵਿਕਾਰ ਦੀ ਜਮ੍ਹਾ ਕੀਤੀ ਥੈਲੀ ਧਰਮ ਈਮਾਨ ਦੀ ਝਾੜ ਬੈਠੋ
ਵੇਲੇ ਭਜਨ ਦੇ ਨੀਂਦ ਨੇ ਜ਼ੋਰ ਪਾਇਆ ਵਿਸ਼ੇ ਵਾਸਤੇ ਅੱਖ ਉਘਾੜ ਬੈਠੋ
ਦਾਨ ਵਾਸਤੇ ਹੱਥ ਨਾ ਚੱਲਦੇ ਨੇ ਜੰਗ ਵਾਸਤੇ ਪਕੜ ਤਲਵਾਰ ਬੈਠੋ
ਕਥਾ ਵਾਸਤੇ ਪੈਰ ਨਾ ਹੱਲ ਸਕਦੇ ਖੋਟੇ ਕਰਮ ਨੂੰ ਯਾਰ ਤਿਆਰ ਬੈਠੋ
ਵੇਲਾ ਅਜ ਆਹਾ ਬੇੜਾ ਤਾਰਨੇ ਦਾ ਹੱਥੋਂ ਡੋਬ ਕੇ ਅੱਧ ਵਿਚਕਾਰ ਬੈਠੋ
ਦੌਲਤ ਰਾਮ ਕੀਤਾ ਵਣਜ ਖੱਟਣੇ ਨੂੰ ਹੱਥੋਂ ਹੋਰ ਵਿਆਜ ਸਿਰ ਚਾੜ੍ਹ ਬੈਠੋ

## ਮਾਹ ਫੱਗਣ

ਫ਼ੱਗਣ ਕਹੇ ਫ਼ਰੇਬ ਨੂੰ ਛੱਡ ਬੱਚਾ ਅਜੇ ਵੇਲੜਾ ਗੱਲ ਵਿਚਾਰ ਲੈ ਤੂੰ
ਪਿਛੇ ਬੀਤਣੀ ਸੀ ਜੇਹੜੀ ਬੀਤ ਚੁੱਕੀ ਅੱਗੇ ਵਾਸਤੇ ਕੰਮ ਸਵਾਰ ਲੈ ਤੂੰ
ਨੇਕੀ ਆਵਣੀ ਅੰਤ ਨੂੰ ਕੰਮ ਤੇਰੇ ਸੁੱਖ ਪਾਵਸੇਂ ਖਈ ਵਿਚਾਰ ਲੈ ਤੂੰ
ਭਾਗਾਂ ਨਾਲ ਮਨੁੱਖ ਦਾ ਜਨਮ ਹੋਇਆ ਅਜੇ ਵੇਲੜਾ ਨਾਮ ਉਚਾਰ ਲੈ ਤੂੰ
ਵੇਲਾ ਅਜ ਮਹਬੂਬ ਦੇ ਪਾਵਣੇ ਦਾ ਮੇਰੀ ਸਿੱਖਿਆ ਚਿੱਤ੍ਰ ਮੇਂ ਧਾਰ ਲੈ ਤੂੰ

ਬੂਹੇ ਅਜ ਬਹਿਸ਼ਤ ਦੇ ਖੁਲ੍ਹ ਗਏ ਅੱਗੋ ਲੰਘ ਕੇ ਦੇਖ ਬਹਾਰ ਲੈ ਤੂੰ
ਪਾਪੀ ਜੀਵ ਤੇਰਾ ਪਾਪਾਂ ਨਾਲ ਭਰਿਆ ਬੇੜੇ ਨਾਮ ਚਾੜ੍ਹ ਕੇ ਤਾਰ ਲੈ ਤੂੰ
ਦੌਲਤਰਾਮ ਰਿਯਾਤੀ ਦੇ ਰੋਜ਼ ਬਾਕੀ ਭਜਨ ਰਾਮ ਦੇ ਵਿਚ ਗੁਜ਼ਾਰ ਲੈ ਤੂੰ

## ਵਾਕ ਨਾਥ ਜੀ ਕਾ

ਚੇਤ੍ਰ ਚਿੱਤ ਵੈਸਾਖ ਹੈ ਵੱਸ ਕਰਨਾ ਜੇਠ ਜਤਨ ਕਰ ਕੇ ਮਨ ਮਾਰ ਬੱਚਾ
ਹਾੜ੍ਹ ਹਿਰਸ ਛੱਡੋ ਸਾਵਣ ਸਿਦਕ ਰੱਖੋ ਭਾਦਰੋ ਭਰਮ ਨੂੰ ਦਿਲੋਂ ਵਿਸਾਰ ਬੱਚਾ
ਅੱਸੂ ਆਸ ਪੂਰੇ ਕੱਤੇ ਕਰਨ ਕਾਰਨ ਮੱਘਰ ਮਨ ਮੇਂ ਰੱਖ ਵਿਚਾਰ ਬੱਚਾ
ਪੋਹ ਪ੍ਰੇਮ ਰੱਖੋ ਮਾਘ ਮਨੋਂ ਲਾ ਕੇ ਫੱਗਣ ਫੇਰ ਹੋਵੇ ਭਵ ਪਾਰ ਬੱਚਾ
ਜੇਕਰ ਗਿਆਨ ਬਿਬੇਕ ਵਿਚਾਰ ਧਾਰੇਂ ਸਭੇ ਕੰਮ ਤੇਰੇ ਆਪ ਸਵਾਰ ਬੱਚਾ
ਪਾਸਾ ਪਰੇਮ ਤੇ ਭਜਨ ਦੇ ਪੌ ਬਾਰਾਂ ਜੂਆ ਜਨਮ ਤੂੰ ਜਿੱਤ ਕੇ ਹਾਰ ਬੱਚਾ
ਪਰੇਮ ਨਾਲ ਸੋਹੰ ਦਾ ਜਾਪ ਕਰ ਤੂੰ ਆਵੇਂ ਫੇਰ ਨਾ ਗਰਭ ਮੰਝਾਰ ਬੱਚਾ
ਦੌਲਤਰਾਮ ਨਫ਼ਾ ਏਹੋ ਤੇਰੇ ਜੀਵਣੇ ਦਾ ਸੱਚ ਬੋਲ ਤੇ ਨਾਮ ਚਿਤਾਰ ਬੱਚਾ

## ਵਾਕ ਬਸੰਤ ਕਾ

ਕੁੰਵਰ ਆਖਦਾ ਧੰਨ ਹੈਂ ਧੰਨ ਗੁਰੂਆ ਮੇਰੇ ਚਿੱਤ ਦਾ ਭਰਮ ਨਿਵਾਰ ਦਿੱਤਾ
ਰੁੜ੍ਹਿਆ ਜਾਂਵਦਾ ਸਾਂ ਭਰਮ ਰੋੜ੍ਹ ਅੰਦਰ ਬੇੜੇ ਨਾਮ ਦੇ ਚਾੜ੍ਹ ਕੇ ਤਾਰ ਦਿੱਤਾ
ਮੈਲ ਦੂਈ ਦੀ ਚਿੱਤ ਤੋ ਦੂਰ ਹੋਈ ਲਾ ਕੇ ਨਾਮ ਸਾਬੂਨ ਨਖਾਰ ਦਿੱਤਾ
ਪਾਣੀ ਪਾਇ ਕੇ ਸਤਗੁਰਾਂ ਸ਼ਾਂਤੀ ਦਾ ਤ੍ਰਿਸ਼ਨਾ ਅੱਗ ਦੇ ਜੋਸ਼ ਨੂੰ ਠਾਰ ਦਿੱਤਾ
ਰਹੀ ਲੋੜ ਨਾ ਭੋਗ ਪਦਾਰਥਾਂ ਦੀ ਮੇਰਾ ਕਸਟ ਤਮਾਮ ਉਤਾਰ ਦਿੱਤਾ
ਛੱਡੀ ਆਸ ਮੈਂ ਜੱਗ ਵਿਹਾਰ ਵਾਲੀ ਚਰਨਾਂ ਤੇਰਿਆਂ ਤੇ ਚਿੱਤ ਧਾਰ ਦਿੱਤਾ
ਸਾਰੀ ਉਮਰ ਮੈਂ ਰਹਾਂਗਾ ਦਾਸ ਤੇਰਾ ਕੂੜੇ ਜੱਗ ਦਾ ਪਿਆਰ ਵਿਸਾਰ ਦਿੱਤਾ
ਦੌਲਤਰਾਮ ਬਹਿਲਾਹਰ ਬਲਿਹਾਰ ਜਾਵਾਂ ਮੇਰਾ ਕਾਜ ਗਰਦੇਵ ਸਵਾਰ ਦਿੱਤਾ

## ਵਾਕ ਕਵੀਸ਼ਰ ਦਾ

ਕੋਲ ਨਾਥ ਦੇ ਕੁੰਵਰ ਬਸੰਤ ਯਾਰੋ ਨਾਲ ਖ਼ੁਸੀ ਰੋਜ਼ ਲੰਘਾਂਵਦਾ ਸੀ
ਆਠ ਜਾਮ ਭਗਵਾਨ ਦਾ ਭਜਨ ਕਰਦਾ ਸੇਵਾ ਨਾਥ ਦੀ ਖ਼ੂਬ ਕਮਾਂਵਦਾ ਸੀ
ਲੱਗੇ ਭੁੱਖ ਪਿਆਸ ਨਾ ਮੂਲ ਯਾਰੋ ਮੰਤ੍ਰ ਰਿਖੀ ਦਾ ਨਿਤ ਅਲਾਂਵਦਾ ਸੀ
ਦੌਲਤ ਰਾਮ ਹਿਯਾਤੀ ਦੇ ਰੋਜ਼ ਬਾਕੀ ਸੇਵਾ ਨਾਥ ਦੀ ਵਿਚ ਬਿਤਾਂਵਦਾ ਸੀ

## ਵਾਕ ਬਸੰਤ ਕਾ

ਇਕ ਰੋਜ਼ ਬਸੰਤ ਵਿਚਾਰ ਕੀਤੀ ਭਾਈ ਰੂਪ ਤਾਂ ਮਿਸਰ ਨੂੰ ਗਇਆ ਹੋਸੀ

ਵਾਕ ਰਿਖੀ ਦਾ ਕੂੜ ਨਾ ਹੋਵਣਾ ਏ ਨਿਸਚੇ ਰਾਜ ਉਸ ਮਿਸਰ ਦਾ ਲਇਆ ਹੋਸੀ
ਜੇਕਰ ਮਿਸਰ ਦੇ ਸ਼ਹਿਰ ਨੂੰ ਜਾਵਣਾ ਹਾਂ ਮੈਨੂੰ ਹੋਰ ਕੋਈ ਦੁੱਖ ਨਇਆ ਹੋਸੀ
ਸੱਤ ਬਰਸ ਸੰਕਟ ਮੈਨੇ ਭੋਗਣਾ ਹੈ ਬਿਰਥਾ ਮੂਲ ਨਾ ਗੁਰਾਂ ਦਾ ਕਹਿਆ ਹੋਸੀ
ਗੁਰੂ ਨਾਥ ਨੂੰ ਜੇਕਰਾਂ ਛੋਡ ਜਾਵਾ ਅੱਗੇ ਹੋਰ ਮੈਨੂੰ ਦੁੱਖ ਪਇਆ ਹੋਸੀ
ਦੌਲਤ ਰਾਮ ਹੁਣ ਗੁਰਾਂ ਦੀ ਕਰੋ ਸੇਵਾ ਹੋਵੇ ਮੇਲ ਜਾਂ ਰਾਮ ਦੀ ਦਇਆ ਹੋਸੀ

## ਵਾਕ ਕਵੀਸ਼ਰ ਦਾ ਹਾਲ ਰੂਪ ਕਾ

ਏਧਰ ਕੁੰਵਰ ਬਸੰਤ ਉਜਾੜ ਅੰਦਰ ਸੇਵਾ ਨਾਥ ਦੀ ਵਿਚ ਗ਼ਲਤਾਨ ਹੋਇਆ
ਓਧਰ ਰੂਪ ਦਾ ਸੁਣੋ ਬਿਆਨ ਯਾਰੋ ਜੇਹੜਾ ਮਿਸਰ ਦੇ ਵਿਚ ਸੁਲਤਾਨ ਹੋਇਆ
ਮਿਸਰ ਸ਼ਹਿਰ ਦੇ ਤਖ਼ਤ ਦਾ ਰੂਪ ਕੋਲੋਂ ਅੱਠ ਰੋਜ਼ ਦੇ ਵਿਚ ਸਮਾਨ ਹੋਇਆ
ਦਮੋ ਦਮ ਬਸੰਤ ਨੂੰ ਯਾਦ ਕਰਦਾ ਹਿਜਰ ਵੀਰ ਦਾ ਜਿਗਰ ਤੇ ਬਾਨ ਹੋਇਆ
ਆਵੇ ਨੀਂਦ ਨਾ ਭੁੱਖ ਪਿਆਸ ਲੱਗੇ ਭਰਤ ਰਾਮ ਦੇ ਬਾਝ ਹੈਰਾਨ ਹੋਇਆ
ਅੱਠ ਜਾਮ ਪਾਣੀ ਜਾਰੀ ਅੱਖੀਆਂ ਤੇ ਭੱਜੇ ਘੜੇ ਦੇ ਨੀਰ ਦੀ ਸਾਨ ਹੋਇਆ
ਅੱਗੇ ਰੂਪ ਦੇ ਅਰਜ਼ ਵਜ਼ੀਰ ਕੀਤੀ ਸ਼ਾਹ ਕਾਸ ਤੋ ਤੂੰ ਪਰੇਸ਼ਾਨ ਹੋਇਆ
ਜਿਸ ਦੇ ਵਾਸਤੇ ਚਿਤ ਉਦਾਸ ਤੇਰਾ ਪਿਛੇ ਦਸ ਕੀ ਵੱਡਾ ਨੁਕਸਾਨ ਹੋਇਆ
ਹੋਇਆ ਸੁੱਕ ਸਰੀਰ ਤਬੂਤ ਵਾਗੂੰ ਮੁੱਖ ਪੀਲੜਾ ਹਲਦ ਸਮਾਨ ਹੋਇਆ
ਸੱਚੇ ਰੱਬ ਨੇ ਤੁੱਧ ਨੂੰ ਤਖ਼ਤ ਦਿਤਾ ਖੁਸ਼ ਉਮਰ ਤੇ ਮਰਦ ਜਵਾਨ ਹੋਇਆ
ਦੁਖ ਦਰਦ ਕੀ ਤੁੱਧ ਨੂੰ ਹੋਇਆ ਵਾਰਦ ਜਿਸ ਦੇ ਵਾਸਤੇ ਚਿਤ ਬੇਸ਼ਾਨ ਹੋਇਆ
ਪਿਛਲੀ ਜਾਤ ਤੇ ਬਰਨ ਭੀ ਦੱਸ ਮੈਨੂੰ ਤੇਰੇ ਜਨਮ ਦਾ ਕੌਣ ਮਕਾਨ ਹੋਇਆ
ਜੰਗਲ ਬਾਰ ਅੰਦਰ ਮੇਰਾ ਵੀਰ ਮੋਇਆ ਏਸ ਵਾਸਤੇ ਮੈਂ ਪਰੇਸ਼ਾਨ ਹੋਇਆ
ਅੱਠ ਰੋਜ਼ ਗੁਜ਼ਰੇ ਮ੍ਰਿਤਕ ਲੋਥ ਛੱਡੀ ਮੇਰਾ ਓਸ ਦੀ ਤਰਫ ਧਿਆਨ ਹੋਇਆ
ਪਿਛਲਾ ਹਾਲ ਜਦ ਰੂਪ ਨੇ ਜ਼ਾਹਿਰ ਕੀਤਾ ਸੁਣ ਕੇ ਗਲ ਵਜ਼ੀਰ ਹੈਰਾਨ ਹੋਇਆ
ਆਖੇ ਚਲ ਸ਼ਾਹਾ ਉਸਦੀ ਖਬਰ ਲਈਏ ਤੇਰਾ ਵੀਰ ਕੇਹੜੇ ਬੀਆਬਾਨ ਮੋਇਆ
ਉਸੇ ਵਕਤ ਵਜ਼ੀਰ ਨੂੰ ਸਾਥ ਲੈ ਕੇ ਘੋੜਾ ਘਿੰਨ ਕੇ ਰੂਪ ਰਵਾਨ ਹੋਇਆ
ਜਿੱਥੇ ਵੀਰ ਬਸੰਤ ਦੀ ਲੋਥ ਛੱਡੀ ਦਾਖ਼ਲ ਆਣ ਕੇ ਉਸ ਅਸਥਾਨ ਹੋਇਆ
ਉਥੇ ਵੀਰ ਨਾ ਵੀਰ ਦੀ ਲੋਥ ਯਾਰਾ ਖੁਰਾ ਖੋਜ ਨਾ ਨਾਮ ਨਿਸ਼ਾਨ ਹੋਇਆ
ਜਦੋਂ ਲੋਥ ਨਾ ਰੂਪ ਨੂੰ ਨਜਰ ਆਈ ਪਿੱਟ ਪਿੱਟ ਕੇ ਲਹੂ ਲੁਹਾਨ ਹੋਇਆ
ਆਖੇ ਵੀਰ ਨਾ ਕੁਝ ਗੁਨਾਹ ਮੇਰਾ ਪਿਛੇ ਲੋਭ ਦੇ ਮੈਂ ਬੇਈਮਾਨ ਹੋਇਆ
ਬਿਰਹੋਂ ਮੌਤ ਦੀ ਦੂਸਰੀ ਭੈਣ ਯਾਰੋ ਰੂਪ ਜੀਂਵਦਾ ਜਾਨ ਬੇਜਾ[illegible] ਹੋਇਆ
ਕੋਲੋਂ ਉਠ ਵਜ਼ੀਰ ਨੇ ਮੱਤ ਦਿਤੀ ਤੇਰਾ ਰੋਵਣਾ ਵੱਡਾ ਅਣ[illegible]ਜਾਨ ਹੋਇਆ
ਸ਼ਾਹ ਫੇਰ ਨ ਓਸ ਦਾ ਮੇਲ ਹੋਵੇ ਇਕ ਵਾਰ ਜੋ ਫੌਤ ਇਨਸਾਨ ਹੋਇਆ
ਗਜਾਨ ਧਾਰ ਤੇ ਸੋਗ ਨਿਵਾਰ ਦਿਲ ਤੇ ਬੁਧਵਾਨ ਤੂੰ ਗੁ[illegible] ਦੀ ਖਾਨ ਹੋਇਆ

ਮ੍ਰਿਤਕ ਲੋਥ ਨੂੰ ਖਾ ਗਏ ਕਾਂ ਕੁੱਤੇ ਆ ਕੇ ਮ੍ਰਿਤ ਮੈਂ ਮਿਰਤ ਸਮਾਨ ਹੋਇਆ
ਅੱਠ ਰੋਜ਼ ਨਾ ਮੁਰਦੇ ਦੀ ਲੋਥ ਰਹਿੰਦੀ ਮਸ਼ਹੂਰ ਇਹ ਹਾਲ ਜਹਾਨ ਹੋਇਆ
ਏਥੇ ਮਾਸਹਾਰੀ ਲੱਖਾਂ ਜੀਵ ਹੋਏ ਚਾਰੋਂ ਤਰਫ ਜੰਗਲ ਬੀਆਬਾਨ ਹੋਇਆ
ਭਾਵੀ ਮੰਨ ਲੈ ਰਾਜਿਆ ਸੀਸ ਉਤੇ ਨਾਲ ਰੱਬ ਦੇ ਜ਼ੋਰ ਨਾ ਤਾਨ ਹੋਇਆ
ਜਦੋਂ ਇਤਨੀ ਗੱਲ ਵਜ਼ੀਰ ਆਖੀ ਤਦੋਂ ਰੂਪ ਦੇ ਚਿੱਤ ਗਿਆਨ ਹੋਇਆ
ਦੌਲਤ ਰਾਮ ਕਰਤਾਰ ਦਾ ਮੰਨ ਭਾਨਾ ਦਾਖ਼ਲ ਫੇਰ ਮੁੜ ਮਿਸਰ ਮੇਂ ਆਨ ਹੋਇਆ

## ਵਾਕ ਕਵੀਸ਼ਰ ਦਾ

ਏਥੇ ਹੋਰ ਲੋਕਾਂ ਇੱਕ ਭਰਮ ਪਾਇਆ ਉੱਤਰ ਓਸਦਾ ਕਵੀ ਸੁਣਾਂਵਦਾ ਈ
ਆਖਣ ਰੂਪ, ਬਸੰਤ ਨੂੰ ਲੱਭ ਲੈਂਦਾ ਖੋਜੀ ਸੱਦ ਜੇ ਖੋਜ ਕਢਾਂਵਦਾ ਈ
ਬੰਦੇ ਲੱਖ ਤਦਬੀਰ ਬਨਾਂਵਦੇ ਨੇ ਲਿਖੇ ਲੇਖ ਨੂੰ ਕੌਣ ਮਿਟਾਂਵਦਾ ਈ
ਕੂੜੇ ਲੋਕ ਚਤਰਾਈਆਂ ਲੱਖ ਕਰਦੇ ਭਾਣਾ ਰੱਬ ਦਾ ਕੌਣ ਹਟਾਂਵਦਾ ਈ
ਜੇਹੜਾ ਕਸਟ ਬਸੰਤ ਨੇ ਪਾਵਣਾ ਸੀ ਓਸ ਕਸ਼ਟ ਨੂੰ ਕੌਣ ਉਠਾਂਵਦਾ ਈ
ਅਠ ਰੋਜ਼ ਨਾ ਮੁਰਦੇ ਦੀ ਲੋਥ ਰਹਿੰਦੀ ਕੇਹੜਾ ਲੋਥ ਦੇ ਖੋਜ ਕਢਾਂਵਦਾ ਈ
ਗਲਾਂ ਨਾਲ ਬਣ ਬੈਠਦੇ ਬ੍ਰਹਮ ਸਭੇ ਵਿਰਲਾ ਮਰਦ ਜੋ ਬ੍ਰਹਮ ਨੂੰ ਪਾਂਵਦਾ ਈ
ਦੌਲਤ ਰਾਮ ਚਤਰਾਈਆਂ ਕੂੜ ਸੱਭੇ ਹੋਵੇ ਸੋ ਜੋ ਰੱਬ ਨੂੰ ਭਾਂਵਦਾ ਈ

## ਸੁਪਨੇ ਵਿਚ ਬਸੰਤ ਨੇ ਰੂਪ ਨੂੰ ਦਿਖਾਈ ਦੇਵਣਾ

ਇਕ ਰੋਜ਼ ਸੋਇਆ ਰੂਪ ਮਹਲ ਅੰਦਰ ਹੋਇਆ ਨੀਂਦ ਦੇ ਵਿਚ ਗ਼ਲਤਾਨ ਭਾਈ
ਸੁਪਨੇ ਵਿਚ ਬਸੰਤ ਨੇ ਦਰਸ ਦਿਤਾ ਬੈਠਾ ਪਲੰਘ ਉਤੇ ਉਸਦੇ ਆਨ ਭਾਈ
ਹੱਥ ਜੋੜ ਬਸੰਤ ਨੇ ਅਰਜ਼ ਕੀਤੀ ਸਾਈਂ ਰੱਖ ਲਈ ਮੇਰੀ ਜਾਨ ਭਾਈ
ਮੋਏ ਹੋਏ ਨੂੰ ਫੇਰ ਸੁਰਜੀਤ ਕੀਤਾ ਮੈਥੋ ਰੱਬ ਹੋਇਆ ਮੇਹਰਬਾਨ ਭਾਈ
ਡੁੱਬ ਗਿਆ ਸਾਂ ਮੌਤ ਦੀ ਨਦੀ ਅੰਦਰ ਰੱਖ ਲਿਆ ਜੇ ਸ੍ਰੀ ਭਗਵਾਨ ਭਾਈ
ਹੋਣੀ ਬਾਗ਼ ਹਯਾਤੀ ਦਾ ਸਾੜਿਆ ਸੀ ਰੱਬ ਫੇਰ ਕੀਤਾ ਆਵਾਦਾਨ ਭਾਈ
ਲੱਖ ਲੱਖ ਪ੍ਰਣਾਮ ਕਰਤਾਰ ਤਾਈਂ ਸਾਝ ਰੱਖ ਲਈ ਵਿਚ ਜਹਾਨ ਭਾਈ
ਦੌਲਤ ਰਾਮ ਜਦ ਹਰੀ ਨੇ ਕਰੀ ਕਿਰਪਾ ਤਦੋ ਮਿਲੂੰਗਾ ਤੁੱਧ ਨੂੰ ਆਨ ਭਾਈ

## ਐਜ਼ਨ

ਜਦੋਂ ਖਾਬ ਤੋਂ ਰੂਪ ਨੂੰ ਹੋਸ ਆਈ ਸੁਰਤੀ ਵੀਰ ਦੀ ਤਰਫ ਲਗਾਇ ਦਿੱਤੀ
ਖੁਲ੍ਹੀ ਅਖ ਬਸੰਤ ਨਾ ਨਜ਼ਰ ਆਇਆ ਰੋਇ ਰੋਇ ਕੇ ਨਦੀ ਵਹਾਇ ਦਿੱਤੀ
ਆਇਆ ਖ਼ਾਬ ਨਾਹੀਂ ਗੋਯਾ ਤੀਰ ਲੱਗਾ ਸਾਰੀ ਅਕਲ ਤੇ ਹੋਸ਼ ਗਵਾਇ ਦਿੱਤੀ
ਰੂਪ ਆਖਦਾ ਵੀਰ ਨੇ ਬੁਰੀ ਕੀਤੀ ਬਲਦੀ ਅੱਗ ਤੇ ਅੱਗ ਜਲਾਇ ਦਿੱਤੀ

ਤੇਰੇ ਖ਼ਾਬ ਨੇ ਜਿਗਰ ਕਬਾਬ ਕੀਤਾ ਮੇਰੀ ਸੀਖ਼ ਤੇ ਜਿੰਦ ਚੜ੍ਹਾਇ ਦਿਤੀ
ਆਪੇ ਉਲਟ ਅਗਿਆਨ ਦਾ ਗਿਆਨ ਹੋਯਾ ਗੱਲ ਹੋਰ ਦੀ ਹੋਰ ਉਲਟਾਇ ਦਿਤੀ
ਫੇਰ ਆਖਦਾ ਖ਼ਾਬ ਦਾ ਖੇਲ ਕੂੜਾ ਮਾਯਾ ਰੱਬ ਜਹਾਨ ਤੇ ਪਾਇ ਦਿਤੀ
ਸੁਪਨਾ ਆਂਵਦਾ ਜਿਦ੍ਹਾ ਖ਼ਿਆਲ ਹੁੰਦਾ ਝੂਠੀ ਜਾਣ ਕੇ ਗੱਲ ਵਹਾਇ ਦਿਤੀ
ਓਨ੍ਹਾਂ ਸੁੱਖ ਮਹਬੂਬ ਦਾ ਵੇਖਣਾ ਕੀ ਜਿਨ੍ਹਾਂ ਸੁੱਤਿਆ ਉਮਰ ਲੰਘਾਇ ਦਿਤੀ
ਓਨ੍ਹਾਂ ਬੰਦਿਆਂ ਜੱਗ ਤੇ ਖੱਟਣਾ ਕੀ ਜਿਨ੍ਹਾ ਜਿੰਦ ਨ ਰੱਬ ਦੇ ਦਾਇ ਦਿਤੀ
ਚਾਰ ਰੋਜ਼ ਚਿਤਾਰਦਾ ਰਿਹਾ ਸੁਪਨਾ ਛੇਕੜ ਰੂਪ ਨੇ ਗੱਲ ਭੁਲਾਇ ਦਿਤੀ
ਦੌਲਤਰਾਮ ਦੀ ਖਬਰ ਹੈ ਰੇਖ ਅੰਦਰ ਫਕਰ ਰੱਬ ਦੇ ਨੇ ਮੇਖ਼ ਲਾਇ ਦਿਤੀ

## ਵਾਕ ਮੰਗਲ ਨਾਥ ਜੀ ਕਾ

ਓਧਰ ਨਾਥ ਬਸੰਤ ਨੂੰ ਆਖਦਾ ਏ ਰਾਜਨੀਤ ਦਾ ਕਰੋ ਬਿਹਾਰ ਬੱਚਾ
ਤੇਰਾ ਬੈਠਿਆਂ ਚਿੱਤ ਉਦਾਸ ਹੋਵੇ ਖੇਲੋ ਜਾਇ ਕੇ ਨਿਤ ਸਿਕਾਰ ਬੱਚਾ
ਪੁੱਤਰ ਹੋਇ ਕੇ ਛੱਤ੍ਰੀ ਰਾਜਿਆਂ ਦਾ ਮਰਦ ਹੋ ਨ ਹੌਸਲਾ ਹਾਰ ਬੱਚਾ
ਦੁੱਖ ਸੁੱਖ ਮਨੁੱਖ ਦੇ ਨਾਲ ਹੁੰਦੇ ਮਨ ਮਾਰ ਕੇ ਰੋਜ ਗੁਜਾਰ ਬੱਚਾ
ਦੁੱਖ ਸੁੱਖ ਮਨੁੱਖ ਦੇ ਨਾਲ ਹੁੰਦੇ ਮਨ ਮਾਰਕੇ ਰੋਜ ਗੁਜ਼ਰਾ ਬੱਚਾ
ਦੌਲਤ ਰਾਮ ਭਗਵਾਨ ਦਾ ਭਜਨ ਕਰ ਤੂੰ ਸੱਭੇ ਦੁੱਖ ਹੋ ਜਾਣ ਫਰਾਰ ਬੱਚਾ

## ਵਾਕ ਬਸੰਤ ਕਾ

ਹੱਥ ਜੋੜ ਬਸੰਤ ਨੇ ਅਰਜ ਕੀਤੀ ਤੇਰਾ ਹੁਕਮ ਮੈਨੂੰ ਪਰਵਾਨ ਹੈ ਜੀ
ਜੇਕਰ ਸੀਸ ਚਾਹੋ ਮੇਰਾ ਸੀਸ ਹਾਜ਼ਰ ਤੇਰੇ ਨਾਮ ਤੋਂ ਜਾਨ ਕੁਰਬਾਨ ਹੈ ਜੀ
ਐਪਰ ਜੀਵ ਦੇ ਮਾਰਿਆਂ ਪਾਪ ਹੁੰਦਾ ਤੁਸਾ ਦੱਸਿਆ ਆਪ ਗਿਆਨ ਹੈ ਜੀ
ਕਿਸੇ ਜੀਵ ਨੂੰ ਕਸਟ ਕੀ ਦੇਵਣਾ ਹੈ ਜੇਕਰ ਸਰਬ ਕੇ ਬੀਚ ਭਗਵਾਨ ਹੈ ਜੀ
ਦੌਲਤ ਰਾਮ ਇਸ ਵਾਸਤੇ ਖ਼ੌਫ਼ ਆਵੇ ਅੱਗੇ ਤੁਸਾ ਦੇ ਜੋਰ ਨਾ ਤਾਨ ਹੈ ਜੀ

## ਵਾਕ ਨਾਥ ਜੀ ਕਾ

ਨਾਥ ਆਖਦਾ ਕੂੜ ਦਾ ਖ਼ੌਫ ਤੈਨੂੰ ਏਸ ਖ਼ੌਫ ਨੂੰ ਦਿਲੋ ਵਿਸਾਰ ਬੇਟਾ
ਪਾਪ ਲੱਗਦਾ ਪੁਰਸ਼ਾਂ ਪਾਪੀਆ ਨੂੰ ਜੇਹੜੇ ਮਾਸ ਦਾ ਕਰਨ ਅਹਾਰ ਬੇਟਾ
ਜੇਹੜੇ ਪੇਟ ਦੇ ਵਾਸਤੇ ਜੀਵ ਮਾਰਨ ਸੋਈ ਜਾਂਵਦੇ ਨਰਕ ਮਝਾਰ ਬੇਟਾ
ਸਾਨੂੰ ਲੋੜ ਨਾ ਮਾਸ ਦੇ ਖਾਵਣੇ ਦੀ ਅਸੀਂ ਚਾਂਹਵਦੇ ਪਰਉਪਕਾਰ ਬੇਟਾ
ਜੰਗਲ ਬਾਰ ਅੰਦਰ ਇਕ ਸ਼ੇਰ ਹੋਵੇ ਲਖਾਂ ਹੋਂਵਦੇ ਜੀਵ ਲਾਚਾਰ ਬੇਟਾ
ਇਕ ਸ਼ੇਰ ਨੂੰ ਜੇਕਰਾਂ ਮਾਰ ਦੇਈਏ ਸੁੱਖ ਪਾਂਵਦੇ ਜੀਵ ਹਜ਼ਾਰ ਬੇਟਾ
ਨਿਰਬਲ ਜੀਵ ਦੇ ਮਾਰਿਆ ਪਾਪ ਹੁੰਦਾ ਸ਼ੇਰ ਬਾਘ ਤੇ ਚਿਤਰੇ ਮਾਰ ਬੇਟਾ

ਏਸ ਗੱਲ ਦਾ ਤੁਧ ਨੂੰ ਪਾਪ ਨਾਹੀਂ ਰਾਜਨੀਤ ਦੇ ਧਰਮ ਨੂੰ ਧਾਰ ਬੇਟਾ
ਅਰਜਨ ਭਗਤ ਨੂੰ ਕ੍ਰਿਸ਼ਨ ਉਪਦੇਸ਼ ਦਿਤਾ ਠਾਰਾਂ ਖੂਣੀਆਂ ਕੀਤੀਆਂ ਛਾਰ ਬੇਟਾ
ਏਹੋ ਧਰਮ ਹੈ ਛੱਤਰੀ ਰਾਜਿਆਂ ਦਾ ਕਰਨਾ ਜੁਧ ਤੇ ਖੇਲ ਸਿਕਾਰ ਬੇਟਾ
ਰਾਮ ਚੰਦਰ ਸ਼ਿਕਾਰ ਨੂੰ ਜਾਂਵਦਾ ਸੀ ਜੇਹੜਾ ਆਪ ਭਗਵਾਨ ਅਵਤਾਰ ਬੇਟਾ
ਤੇਰੀ ਬੈਠਿਆ ਨਹੀਂ ਗੁਜ਼ਰਾਨ ਹੋਣੀ ਤਾਂਹੀ ਆਖਦਾ ਮੈਂ ਬਾਰ ਬਾਰ ਬੇਟਾ
ਦੌਲਤ ਰਾਮ ਤੂੰ ਮੰਨ ਲੈ ਵਾਕ ਮੇਰਾ ਨਾਲ ਛੱਤਰੀ ਧਰਮ ਨਾ ਹਾਰ ਬੇਟਾ

## ਵਾਕ ਬਸੰਤ ਕਾ

ਕੁੰਵਰ ਆਖਦਾ ਗੁਰੂ ਭੁੱਲਿਆ ਮੈਂ ਜੋ ਕੁਛ ਕਹੋ ਮੈਨੂੰ ਮਨਜ਼ੂਰ ਹੈ ਜੀ
ਤੁਸਾਂ ਗੁਰਾਂ ਦਾ ਵਾਕ ਮੈਂ ਮੋੜ ਦਿਤਾ ਮੇਰੇ ਵਿਚ ਇਹ ਵੱਡਾ ਕਸੂਰ ਹੈ ਜੀ
ਭੁੱਲ ਜਾਵਣਾ ਕੰਮ ਹੈ ਬਾਲਕਾਂ ਦਾ ਇਹ ਮਿਸਲ ਜਹਾਨ ਮਸ਼ਹੂਰ ਹੈ ਜੀ
ਗੁਰੂ ਬਖ਼ਸ ਦਿੰਦੇ ਭੁੱਲੇ ਚੇਲਿਆਂ ਨੂੰ ਤੁਸੀਂ ਹੋਵਣਾ ਨਹੀਂ ਕਰੂਰ ਹੈ ਜੀ
ਦੌਲਤ ਰਾਮ ਮੈਂ ਭੁਲਾ ਹਾਂ ਬਖ਼ਸ ਦੇਹੋ ਖ਼ਿਦਮਤ ਗ਼ੁਲਾਮ ਮਜ਼ਦੂਰ ਹੈ ਜੀ

## ਵਾਕ ਬਸੰਤ ਦਾ ਦਿਲ ਦੇ ਨਾਲ

ਮਨਾ ਮੂਰਖਾ ਓਇ ਆਖੇ ਲੱਗ ਮੇਰੇ ਮੱਤ ਗੁਰਾ ਦੀ ਮਨੋ ਵਿਸਾਰ ਨਾਹੀ
ਗੁਰਾਂ ਬਾਝ ਨ ਕਿਸੇ ਦੀ ਗਤੀ ਹੋਵੇ ਪਾਤਸਾਹ ਦੇ ਬਿਨਾਂ ਸੰਸਾਰ ਨਾਹੀਂ
ਗੁਰਾ ਬਾਝ ਨਾ ਗਿਆਨ ਵਸੂਲ ਹੋਵੇ ਅਤੇ ਅੱਖੀਆ ਬਾਝ ਦੀਦਾਰ ਨਾਹੀ
ਮੁਰਸ਼ਦ ਬਾਝ ਨਾ ਮੈਲਾ ਦਾ ਮੇਲ ਹੋਵੇ ਬਿਨਾ ਸੂਰਜੋਂ ਮਿਟੇ ਅੰਧਾਰ ਨਾਹੀਂ
ਬਿਨਾ ਪਰੇਮ ਨਾਹੀਂ ਪਰਮਾਨੰਦ ਪਾਈਏ ਮਿਲੇ ਦਿਲਾਂ ਦੇ ਬਾ ਦਿਲਦਾਰ ਨਾਹੀ
ਪੈਸੇ ਬਾਝ ਨ ਜੱਗ ਤੇ ਐਸ ਅਸਰਤ ਬਿਨਾਂ ਪੌੜੀਆਂ ਮਹਿਲ ਮੁਨਾਰ ਨਾਹੀਂ
ਤਿਵੇਂ ਗੁਰੂ ਗੋਬਿੰਦ ਦੇ ਬਾਝ ਤੇਰਾ ਇਥੇ ਹੋਰ ਕੋਈ ਤੀਜਾ ਯਾਰ ਨਾਹੀ
ਜੇਹੜਾ ਗੁਰਾ ਦੇ ਵਾਕ ਨੂੰ ਰੱਦ ਦੇਵੇ ਉਸਦੇ ਜੇਡ ਕੋਈ ਗੁਨਾਹਗਾਰ ਨਾਹੀ
ਸੋਈ ਜੀਂਵਦੇ ਮ੍ਰਿਤ ਸਮਾਨ ਭਾਈ ਪੱਲੇ ਜਿਨ੍ਹਾਂ ਦੇ ਨਾਮ ਕਰਤਾਰ ਨਾਹੀਂ
ਬਾਰ ਬਾਰ ਮੈਂ ਆਖਦਾ ਪਾਗਲ ਓਇ ਤੈਨੂੰ ਆਵਦਾ ਗਿਆਨ ਵਿਚਾਰ ਨਾਹੀਂ
ਜੇਹੜੇ ਮਰਦ ਨੂੰ ਗਿਆਨ ਵਿਚਾਰ ਹੋਵੇ ਕਰਦਾ ਗੁਰਾਂ ਦੇ ਨਾਲ ਤਕਰਾਰ ਨਾਹੀ
ਅਸਾਂ ਸਮਝਿਆ ਕਰਮਾ ਦੀ ਮਾਰ ਤੈਨੂੰ ਤੇਰਾ ਆਰਫਾਂ ਨਾਲ ਪਿਆਰ ਨਾਹੀਂ
ਤੇਰਾ ਚਿੱਤ ਹੈ ਵਿਸੇ ਵਿਕਾਰ ਅੰਦਰ ਤੈਨੂੰ ਭਾਵਦੀ ਭਲੀ ਗੁਫਤਾਰ ਨਾਹੀਂ
ਇਸ ਵੇਲੜੇ ਨੂੰ ਪੱਛੋਤਾਵਸੇਂ ਤੂੰ ਤੈਨੂੰ ਲੱਭਣੀ ਇਹ ਬਹਾਰ ਨਾਹੀ
ਪਾਸਾ ਫੇਰ ਇਹ ਹੱਥ ਨਾ ਆਵਣਾ ਈਂ ਬਾਜ਼ੀ ਜਿੱਤ ਲੈ ਓਇ ਮੂਰਖਾ ਹਾਰ ਨਾਹੀ
ਭਾਗਾਂ ਨਾਲ ਮਨੁੱਖ ਦਾ ਜਨਮ ਹੋਇਆ ਮਿਲਣਾ ਫੇਰ ਇਸ ਨੇ ਵਾਰ ਵਾਰ ਨਾਹੀਂ
ਭਰਮ ਰੋੜ੍ਹ ਅੰਦਰ ਰੁੜ੍ਹਿਆ ਜਾਂਵਦਾ ਤੂੰ ਤੈਨੂੰ ਆਪਣੇ ਆਪ ਦੀ ਸਾਰ ਨਾਹੀਂ

ਗ਼ੋਤਾ ਖਾਣ ਦੀ ਦੇਰ ਹੈ ਗਾਫਲਾ ਓਇ ਫੇਰ ਸੁੱਝਣਾ ਪਾਰ ਉਰਾਰ ਨਾਹੀਂ
ਅਜੇ ਹਈ ਵੇਲਾ ਤੇਰੇ ਤਰਨ ਸੰਦਾ ਵੇਲਾ ਗ਼ਾਫਲੀ ਵਿਚ ਗੁਜ਼ਾਰ ਨਾਹੀਂ
ਕੋਈ ਨੇਕ ਨੁਸਖ਼ਾ ਪੱਲ ਬੰਨ੍ਹ ਏਥੋਂ ਫੇਰ ਲੱਭਣਾ ਇਹ ਪਸਾਰ ਨਾਹੀਂ
ਸਦਾ ਧਰਮ ਈਮਾਨ ਖ਼ਰੀਦ ਕਰ ਲੈ ਮੁੜ ਕੇ ਆਵਣਾ ਏਸ ਬਜ਼ਾਰ ਨਾਹੀ
ਸੱਚੇ ਨਾਮ ਤੇ ਧਰਮ ਈਮਾਨ ਬਾਝੋਂ ਢੋਈ ਮਿਲੇ ਸੱਚੇ ਦਰਬਾਰ ਨਾਹੀਂ
ਜਿਨ੍ਹਾਂ ਨਾਲ ਮੁਹੱਬਤਾਂ ਲਾਵਨਾ ਏ ਅੰਤ ਵਕਤ ਕੋਈ ਮਦਦਗਾਰ ਨਾਹੀ
ਮਾਈ ਬਾਪ ਭਾਈ ਸਭ ਮਤਲਬਾਂ ਦੇ ਨਾਲ ਜਾਵਣਾ ਭੈਣ ਤੇ ਨਾਰ ਨਾਹੀਂ
ਕਰਮ ਆਪਣੇ ਆਪਣੇ ਕੰਮ ਆਵਣ ਹੋਰ ਕਿਸੇ ਲੰਘਾਵਣਾ ਪਾਰ ਨਾਹੀਂ
ਦੌਲਤ ਰਾਮ ਤੂੰ ਜਾਗ ਕੇ ਵੇਖ ਅੱਖੀ ਐਵੇਂ ਸੁੱਤਿਆਂ ਵਕਤ ਗੁਜਾਰ ਨਾਹੀ

## ਵਾਕ ਕਵੀਸ਼ਰ ਵਾ ਹਾਲ ਬਸੰਤ ਕਾ

ਆਗਯਾ ਨਾਥ ਦੀ ਮੰਨ ਲਈ ਸੀਸ ਉੱਤੇ ਖੇਲ ਨਿੱਤ ਬਸੰਤ ਸ਼ਿਕਾਰ ਲੋਕੋ
ਨਿੱਤ ਨੇਮ ਸ਼ਿਕਾਰ ਨੂੰ ਜਾਵਦਾ ਸੀ ਦਸਤ ਪਕੜ ਕੇ ਢਾਲ ਤਲਵਾਰ ਲੋਕੋ
ਸੇਰ ਚਿਤਰੇ ਬਾਘ ਜੋ ਮਾਸਹਾਰੀ ਦਿੱਤੇ ਕੁਲ ਬਸੰਤ ਨੇ ਮਾਰ ਲੋਕੋ
ਸਾਰਾ ਦਿਵਸ ਗੁਜ਼ਾਰਦਾ ਵਿਚ ਜੰਗਲ ਰਾਤੀਂ ਆਂਵਦਾ ਕੁਟੀ ਮਝਾਰ ਲੋਕੋ
ਆਠ ਜਾਮ ਭਗਵਾਨ ਦਾ ਭਜਨ ਕਰਦਾ ਸੋਹੰ ਸ਼ਬਦ ਦਾ ਕਰ ਉਚਾਰ ਲੋਕੋ
ਤੱਜਿਆ ਮੋਹ ਅੰਦੋਹ ਜਹਾਨ ਵਾਲਾ ਸੇਵਾ ਨਾਥ ਦੀ ਨਾਲ ਪਿਆਰ ਲੋਕੋ
ਸਾਰੀ ਰਾਤ ਉਹ ਗੁਰੂ ਦੀ ਕਰੇ ਸੇਵਾ ਦਿਨੇ ਕਰੇ ਸ਼ਿਕਾਰ ਬਿਹਾਰ ਲੋਕੋ
ਦੌਲਤ ਰਾਮ ਪੂਰੇ ਪੰਜ ਸਾਲ ਗੁਜ਼ਰੇ ਏਹੋ ਰਹੀ ਬਸੰਤ ਦੀ ਕਾਰ ਲੋਕੋ

## ਬਸੰਤ ਦਾ ਜਾਣਾ ਮਿਸਰ ਸ਼ਹਿਰ ਨੂੰ

ਪੰਜ ਬਰਸ ਜਾਂ ਆਣ ਬਤੀਤ ਹੋਏ ਭਾਣਾ ਹੋਰ ਕਰਤਾਰ ਵਰਤਾਂਵਦਾ ਏ
ਆਵੇ ਵਖ਼ਤ ਬਦਬਖ਼ਤ ਜੋ ਸਖ਼ਤ ਹੋ ਕੇ ਤਖ਼ਤੋਂ ਸੁੱਟ ਕੇ ਭੀਖ ਮਗਾਂਵਦਾ ਏ
ਦੁੱਖਾਂ ਆਣ ਬਸੰਤ ਤੇ ਜ਼ੋਰ ਪਾਇਆ ਸਾਥ ਗੁਰੂ ਦਾ ਰੱਬ ਛੁਡਾਂਵਦਾ ਏ
ਪਿਆ ਵਖ਼ਤ ਬਸੰਤ ਪਰ ਸਖ਼ਤ ਹੋ ਕੇ ਦੁਖੇ ਦਿਲਾਂ ਨੂੰ ਪਿਆ ਦੁਖਾਵਦਾ ਏ
ਇਕ ਰੋਜ਼ ਬਸੰਤ ਦੁਪਹੈਰ ਵੇਲੇ ਕੁਟੀ ਛੱਡ ਸ਼ਿਕਾਰ ਨੂੰ ਜਾਂਵਦਾ ਏ
ਪਾ ਕੇ ਜ਼ੀਨ ਘੋੜੇ ਅਸਵਾਰ ਹੋਇਆ ਅੱਗੇ ਨਾਥ ਦੇ ਸੀਸ ਨਿਵਾਂਵਦਾ ਏ
ਲੈ ਕੇ ਗੁਰੂ ਦਾ ਇਜ਼ਨ ਬਸੰਤ ਯਾਰੋ ਜੰਗਲ ਬਾਰ ਅੰਦਰ ਚਲਾ ਜਾਵਦਾ ਏ
ਕੁੰਵਰ ਜਾਇ ਵੜਿਆ ਜੰਗਲ ਬਾਰ ਅੰਦਰ ਉੱਤੋਂ ਰੱਬ ਅੰਧੇਰ ਚਲਾਂਵਦਾ ਏ
ਧੁੰਧੂਕਾਰ ਅੰਧੇਰ ਚੌਫੇਰ ਹੋਇਆ ਕੋਈ ਨਜ਼ਰ ਸਿਕਾਰ ਨਾ ਆਂਵਦਾ ਏ
ਲੱਗੇ ਵੱਸ ਤੇ ਨਾਥ ਦੇ ਪਾਸ ਜਾਵੇ ਰਾਹ ਕੁਟੀ ਦਾ ਨਹੀਂ ਦਿਸ ਆਵਦਾ ਏ
ਕੁੰਵਰ ਇਕ ਦਰਖ਼ਤ ਦੇ ਹੇਠ ਬੈਠਾ ਸੱਚੇ ਰਾਮ ਦਾ ਨਾਮ ਧਿਆਂਵਦਾ ਏ

ਇਸੀ ਤੌਰ ਤੇ ਸ਼ਾਮ ਦਾ ਵਕਤ ਹੋਇਆ ਇਕ ਸ਼ੇਰ ਉਥੋਂ ਨਿਕਲ ਆਂਵਦਾ ਏ
ਸ਼ੇਰ ਗਰਜਿਆ ਕੁੰਵਰ ਦੇ ਕੋਲ ਆ ਕੁੰਵਰ ਕੱਢ ਸ਼ਮਸ਼ੇਰ ਚਮਕਾਂਵਦਾ ਏ
ਸ਼ੇਰ ਨੱਸਿਆ ਤੇਗ਼ ਦਾ ਖ਼ੌਫ ਖਾ ਕੇ ਘੋੜਾ ਮਗਰ ਬਸੰਤ ਦੁੜਾਂਵਦਾ ਏ
ਅੱਗੇ ਸ਼ੇਰ ਪਿਛੇ ਪਿਛੇ ਕੁੰਵਰ ਯਾਰੋ ਰੱਬ ਦੋਹਾਂ ਨੂੰ ਮਿਸਰ ਪਹੁੰਚਾਂਵਦਾ ਏ
ਹੋਈ ਰਾਤ ਤੇ ਸ਼ੇਰ ਨਾ ਨਜ਼ਰ ਆਇਆ ਕੁੰਵਰ ਸ਼ਹਿਰ ਦੀ ਤਰਫ਼ ਨੂੰ ਧਾਂਵਦਾ ਏ
ਬੂਹਾ ਮਿਸਰ ਦੇ ਸ਼ਹਿਰ ਦਾ ਬੰਦ ਹੋਇਆ ਪਹਿਰੇਦਾਰ ਨੂੰ ਕੁੰਵਰ ਬੁਲਾਂਵਦਾ ਏ
ਪੰਜ ਸੱਤ ਬਸੰਤ ਆਵਾਜ਼ ਮਾਰੇ ਬੂਹਾ ਸੰਤਰੀ ਮੂਲ ਨਾ ਲਾਂਹਵਦਾ ਏ
ਬੂਹਾ ਖੋਲ੍ਹਣ ਦਾ ਨਹੀਂ ਹੁਕਮ ਭਾਈ ਚੌਕੀਦਾਰ ਇਹ ਸੁਖ਼ਨ ਸੁਨਾਂਵਦਾ ਏ
ਅੱਧੀ ਰਾਤ ਯਾਰਾ ਏਥੇਂ ਸ਼ੇਰ ਪੈਂਦਾ ਭਲੀ ਤਰ੍ਹਾਂ ਦੇ ਨਾਲ ਸਮਝਾਂਵਦਾ ਏ
ਚੌਕੀਦਾਰ ਦੀ ਗੱਲ ਬਸੰਤ ਸੁਣ ਕੇ ਡੇਰਾ ਬਾਹਰ ਦਰਵਾਜ਼ਿਓਂ ਲਾਂਵਦਾ ਏ
ਘੋੜਾ ਬੰਨ੍ਹ ਕੇ ਬੂਹੇ ਦੇ ਨਾਲ ਯਾਰੋ ਖੜਾ ਗੀਤ ਗੋਬਿੰਦ ਦੇ ਗਾਂਵਦਾ ਏ
ਓਸ ਮਰਦ ਨੂੰ ਸ਼ੇਰ ਦਾ ਖ਼ੌਫ ਕਾਹਦਾ ਜੇਹੜਾ ਤਲੀ ਤੇ ਜਿੰਦ ਟਕਾਂਵਦਾ ਏ
ਦੌਲਤ ਰਾਮ ਸ਼ਮਸ਼ੇਰ ਨੂੰ ਹੱਥ ਫੜ ਕੇ ਖੜਾ ਸ਼ੇਰ ਦਾ ਰਾਹ ਤਕਾਂਵਦਾ ਏ

### ਮਾਰਨਾ ਬਸੰਤ ਨੇ ਸ਼ੇਰ ਕਾ

ਅੱਧੀ ਰਾਤ ਜਾਂ ਆਣ ਬਤੀਤ ਹੋਈ ਆਇਆ ਸ਼ੇਰ ਕਰਦਾ ਮਾਰੋ ਮਾਰ ਯਾਰਾ
ਆ ਕੇ ਕੋਲ ਬਸੰਤ ਦੇ ਬੋਲਿਆ ਸੂ ਬੱਦਲ ਵਾਂਗ ਗਰਜੇ ਬਾਰ ਬਾਰ ਯਾਰਾ
ਕੁੰਵਰ ਉਠਿਆ ਰਾਮ ਦਾ ਨਾਮ ਲੈ ਕੇ ਫੜ ਕੇ ਹੱਥ ਦੇ ਵਿਚ ਤਲਵਾਰ ਯਾਰਾ
ਬਿਜਲੀ ਵਾਂਗ ਜਾਂ ਤੇਗ ਦੀ ਧਾਰ ਚਮਕੀ ਸ਼ੇਰ ਨੱਸਿਆ ਮਾਰ ਕਿਲਕਾਰ ਯਾਰਾ
ਅੱਗੇ ਹੋਇ ਕੇ ਸੇਰ ਨੂੰ ਘੇਰਿਆ ਸੂ ਆਇਆ ਸੂਰਮੇ ਹੱਥ ਹਥਿਆਰ ਯਾਰਾ
ਬਾਜ਼ੂ ਸ਼ੇਰ ਦਾ ਪਕੜਿਆ ਸੂਰਮੇ ਨੇ ਦਿੱਤਾ ਮੌਤ ਦਾ ਖ਼ੌਫ ਵਿਸਾਰ ਯਾਰਾ
ਲੈ ਕੇ ਨਾਮ ਭਗਵਾਨ ਦਾ ਤੇਗ਼ ਮਾਰੀ ਕੀਤੇ ਵੱਢ ਟੋਟੇ ਉਸ ਦੇ ਚਾਰ ਯਾਰਾ
ਦੌਲਤ ਰਾਮ ਕੀ ਸ਼ੇਰ ਨੂੰ ਜਾਣਦੇ ਨੇ ਮਦਦ ਜਿਨ੍ਹਾਂ ਦੀ ਰੱਬ ਦਾਤਾਰ ਯਾਰਾ

### ਪਹਿਰੇ ਵਾਲੇ ਚੌਕੀਦਾਰ ਦੀ ਕੁਤਵਾਲ ਨੂੰ ਖਬਰ ਕਰਨੀ

ਕੁੰਵਰ ਸੌਂ ਗਿਆ ਮਾਰ ਕੇ ਸ਼ੇਰ ਤਾਈਂ ਆਸਣ ਖ਼ਾਸ ਜ਼ਮੀਨ ਤੇ ਲਾਇਆ ਈ
ਚੌਕੀਦਾਰ ਨੇ ਜਾਇ ਕੋਤਵਾਲ ਤਾਈਂ ਸਾਰਾ ਕੁੰਵਰ ਦਾ ਹਾਲ ਸੁਣਾਇਆ ਈ
ਚੌਕੀਦਾਰ ਆਖੇ ਕੋਤਵਾਲ ਤਾਈਂ ਇਕ ਮਰਦ ਪ੍ਰਦੇਸ ਦਾ ਆਇਆ ਈ
ਚਸ਼ਮਾਂ ਨਾਲ ਮੈਂ ਦੇਖਿਆ ਹਾਲ ਸਾਰਾ ਉਸ ਨੇ ਸ਼ੇਰ ਨੂੰ ਮਾਰ ਮੁਕਾਇਆ ਈ
ਆਪ ਚੱਲ ਕੇ ਅੱਖਾਂ ਦੇ ਨਾਲ ਦੇਖੋ ਮੈਨੇ ਸੱਚ ਦਾ ਸੁਖ਼ਨ ਅਲਾਇਆ ਈ
ਇਤਨੀ ਗੱਲ ਜਾਂ ਸੁਣੀ ਕੋਤਵਾਲ ਜ਼ਾਲਮ ਓਸੇ ਵਕਤ ਉੱਠ ਕੇ ਧਾਇਆ ਈ
ਮੋਇਆ ਸ਼ੇਰ ਕੋਤਵਾਲ ਨੂੰ ਨਜ਼ਰ ਆਇਆ ਬੇਈਮਾਨ ਨੇ ਚਿੱਤ ਡੁਲਾਇਆ ਈ

ਇਸਨੂੰ ਮਾਰ ਕੇ ਕਿਤੇ ਵਲ ਸੁੱਟ ਆਈਏ ਆਪਸ ਵਿਚ ਇਹ ਮਤਾ ਪਕਾਇਆ ਈ
ਇਸ ਦੀ ਖਬਰ ਕੀ ਕਿਸੇ ਨੂੰ ਹੋਵਨੀਏਂ ਖ਼ਬਰੇ ਕੌਣ ਪ੍ਰਦੇਸ ਦਾ ਆਇਆ ਈ
ਮੋਇਆ ਸ਼ੇਰ ਦਖਾਵਸਾਂ ਸ਼ਾਹ ਤਾਈਂ ਪਿੱਛੇ ਲੋਭ ਦੇ ਜ਼ੁਲਮ ਕਮਾਇਆ ਈ
ਦੇਵੇ ਬਾਦਸ਼ਾਹ ਬਹੁਤ ਇਨਾਮ ਸਾਨੂੰ ਏਸੇ ਵਾਸਤੇ ਧਰਮ ਗਵਾਇਆ ਈ
ਕਰਕੇ ਮਤਾ ਬਸੰਤ ਦੇ ਮਾਰਨੇ ਦਾ ਦੋਹਾ ਕੁਫ਼ਲ ਦਰਵਾਜੇ ਦਾ ਲਾਹਿਆ ਈ
ਦੌਲਤ ਰਾਮ ਕੁਝ ਕਿਸੇ ਨੂੰ ਦੋਸ਼ ਨਾਹੀਂ ਭਾਣਾ ਰੱਬ ਨੇ ਆਣ ਵਰਤਾਇਆ ਈ

## ਐਜ਼ਨ

ਬੂਹਾ ਖੋਹਲਿਆ ਸੀ ਦੋਹਾਂ ਜ਼ਾਲਮਾਂ ਨੇ ਦਿਲ ਵਿਚ ਭੈੜੀ ਨੀਤ ਧਾਰ ਕੇ ਜੀ
ਲਾਇਆ ਜ਼ਖ਼ਮ ਬਸੰਤ ਦੀ ਧੌਣ ਉੱਤੇ ਖ਼ੌਫ਼ ਰੱਬ ਦਾ ਦਿਲੋਂ ਵਿਸਾਰ ਕੇ ਜੀ
ਮੀਲ ਫ਼ਾਸਲੇ ਦੇ ਉਤੇ ਸੁੱਟ ਆਏ ਦੋਵੇਂ ਦੁਸ਼ਟ ਬਸੰਤ ਨੂੰ ਮਾਰ ਕੇ ਜੀ
ਭਲਕੇ ਆਇਕੇ ਇਸਨੂੰ ਦੱਬ ਦੇਸਾਂ ਆਪਸ ਵਿਚ ਇਹ ਗੱਲ ਵਿਚਾਰ ਕੇ ਜੀ
ਮਿੱਟੀ ਪੱਟਣੇ ਦੀ ਉੱਥੇ ਜਗ੍ਹਾ ਹੈ ਸੀ ਜਿਥੇ ਗਏ ਬਸੰਤ ਨੂੰ ਡਾਰ ਕੇ ਜੀ
ਰੋਹੀ ਵਿਚ ਬਸੰਤ ਨੂੰ ਸੁੱਟ ਆਏ ਲੈ ਗਏ ਢਾਲ ਤਲਵਾਰ ਉਤਾਰ ਕੇ ਜੀ
ਘੋੜਾ ਘਿੰਨ ਪਾਪੀ ਆਪਣੇ ਘਰੀਂ ਆਏ ਧਰਮੀ ਪੁਰਸ਼ ਦਾ ਖ਼ੂਨ ਗੁਜ਼ਾਰ ਕੇ ਜੀ
ਐਪਰ ਸ੍ਵਾਸ ਬਸੰਤ ਦੇ ਵਿਚ ਹੈਸਨ ਪਿਆ ਤੜਫਦਾ ਸੀ ਵਿਚ ਬਾਰ ਕੇ ਜੀ
ਭੈੜੇ ਕੰਮ ਤੇ ਮੂਲ ਨਾ ਖ਼ੌਫ਼ ਖਾਂਦੇ ਬੇਈਮਾਨ ਜੋ ਤੁਖ਼ਮ ਬਦਕਾਰ ਕੇ ਜੀ
ਪਿੱਛੇ ਲੋਭ ਤੇ ਜ਼ਾਲਮਾਂ ਜ਼ੁਲਮ ਕੀਤਾ ਆ ਗਏ ਜਨਮ ਅਮੋਲ ਨੂੰ ਹਾਰ ਕੇ ਜੀ
ਦੌਲਤ ਰਾਮ ਕੀ ਦੇਣ ਜਵਾਬ ਪਾਪੀ ਜਾ ਕੇ ਵਿਚ ਸੱਚੇ ਦਰਬਾਰ ਕੇ ਜੀ

## ਸ਼ੇਰ ਮੋਇਆ ਹੋਇਆ ਕੋਤਵਾਲ ਨੇ ਰੂਪ ਨੂੰ ਵਿਖਾਣਾ ਅਤੇ ਇਨਾਮ ਲੈਣਾ

ਹੋਇਆ ਦਿਨ ਤਾਂ ਸ਼ੇਰ ਨੂੰ ਚੁਕ ਕੇ ਤੇ ਪਾਪੀ ਲੈ ਗਏ ਰੂਪ ਦੇ ਪਾਸ ਯਾਰੋ
ਸ਼ੇਰ ਮਾਰਿਆ ਹੈ ਅਸੀਂ ਸ਼ਾਹ ਮੇਰੇ ਦਿੱਤੀ ਵਿਚ ਸਰਕਾਰ ਦਰਖ਼ਾਸ ਯਾਰੋ
ਆਪੇ ਰੂਪ ਨੇ ਦੇਖਿਆ ਸ਼ੇਰ ਮੋਇਆ ਮੋਹਰਾਂ ਦਿੱਤੀਆਂ ਕੱਢ ਪਚਾਸ ਯਾਰੋ
ਮੋਇਆ ਸ਼ੇਰ ਤੇ ਸ਼ਹਿਰ ਅਨੰਦ ਹੋਇਆ ਹੋਈ ਕੁਲ ਦੀ ਬੰਦ ਖ਼ਲਾਸ ਯਾਰੋ
ਕੋਤਵਾਲ ਨੂੰ ਲੋਭ ਦੀ ਲੋੜ ਆਹੀ ਪੂਰੀ ਹੋ ਗਈ ਦੁਸਟ ਦੀ ਆਸ ਯਾਰੋ
ਜੇਹੜੀ ਗੱਲ ਪਿੱਛੇ ਕੁੰਵਰ ਮਾਰਿਆ ਸੀ ਕੰਮ ਹੋਇ ਗਿਆ ਸੋਈ ਰਾਸ ਯਾਰੋ
ਦੌਲਤ ਰਾਮ ਉਸ ਵਕਤ ਨੂੰ ਯਾਦ ਕਰਨ ਜਦੋ ਜਾਣਗੇ ਦੋਹਾ ਦੇ ਸਾਸ ਯਾਰੋ

## ਹਾਲ ਬਸੰਤ ਕਾ

ਅੱਗੇ ਹਾਲ ਬਸੰਤ ਦਾ ਸੁਣੋ ਯਾਰੋ ਜਿਵੇਂ ਰੱਬ ਸਬੱਬ ਲਗਾਂਵਦਾ ਈ
ਕਰਦਾ ਭਗਤਾਂ ਦੀ ਰੱਛਿਆ ਆਪ ਈਸ਼ਵਰ ਦੁੱਖ ਦੇ ਕੇ ਸੁੱਖ ਵਖਾਂਵਦਾ ਈ

ਮਿਸਰ ਸ਼ਹਿਰ ਅੰਦਰ ਇਕ ਨਾਮ ਲਾਲੂ ਹਿੰਦੂ ਜ਼ਾਤ ਘੁਮਿਆਰ ਸਦਾਂਵਦਾ ਈ
ਖ਼ਾਨਦਾਨ ਆਹਾ ਇੱਜ਼ਤਦਾਰ ਬੰਦਾ ਕੂਜ਼ੇ ਬਾਦੀਏ ਖ਼ੂਬ ਬਨਾਂਵਦਾ ਈ
ਘਰੀ ਓਸਦੇ ਨਹੀਂ ਉਲਾਦ ਆਹੀ ਇਹੋ ਫ਼ਿਕਰ ਇਨਸਾਨ ਨੂੰ ਖਾਂਵਦਾ ਈ
ਓਸੇ ਰੋਜ਼ ਪ੍ਰਭਾਤ ਦੇ ਵਕਤ ਯਾਰੋ ਮਿੱਟੀ ਲੈਣ ਦੇ ਵਾਸਤੇ ਧਾਂਵਦਾ ਈ
ਜਿੱਥੇ ਪਿਆ ਸੀ ਕੁੰਵਰ ਬਸੰਤ ਲੋਕੋ ਓਸੇ ਜਗ੍ਹਾ ਉਤੇ ਲਾਲੂ ਜਾਂਵਦਾ ਈ
ਡਿੱਗਾ ਪਿਆ ਲੜਕਾ ਉਸਨੂੰ ਨਜ਼ਰ ਆਇਆ ਲਾਲੂ ਬੈਠ ਕੇ ਪਾਸ ਬੁਲਾਂਵਦਾ ਈ
ਓਸ ਵੇਲੇ ਉਠਾਇਕੇ ਕੁੰਵਰ ਤਾਈਂ ਲਾਲੀ ਆਪਣੇ ਘਰੀਂ ਲੈ ਆਂਵਦਾ ਈ
ਸੇਵਾ ਕਰੇ ਇਸਦੀ ਮਨ ਚਿੱਤ ਲਾ ਕੇ ਆਪਣੀ ਇਸਤ੍ਰੀ ਨੂੰ ਸਮਝਾਂਵਣਾ ਈ
ਸੂਰਤ ਚੰਦ ਜਿਹੀ ਦੇਖ ਅਨੰਦ ਹੋਇਆ ਜਾਮੇ ਵਿਚ ਨਾ ਮੂਲ ਸਮਾਂਵਦਾ ਈ
ਆਖੇ ਰੱਬ ਨੇ ਮੁਝ ਨੂੰ ਬਾਲ ਦਿੱਤਾ ਲੱਖ ਲੱਖ ਉਹ ਸ਼ੁਕਰ ਮਨਾਂਵਦਾ ਈ
ਇਸਦੇ ਜ਼ਖ਼ਮ ਭਗਵਾਨ ਨੇ ਕਰੇ ਰਾਜ਼ੀ ਸੱਚੇ ਰੱਬ ਦਾ ਨਾਮ ਧਿਆਂਵਦਾ ਈ
ਓਸੇ ਵਕਤ ਹਕੀਮ ਨੂੰ ਸੱਦ ਕੇ ਤੇ ਲਾਲੂ ਤੁਰਤ ਇਲਾਜ ਕਰਾਂਵਦਾ ਈ
ਰੇਸ਼ਮ ਨਾਲ ਸੀਤਾ ਸਾਰਾ ਜ਼ਖ਼ਮ ਉਸਨੇ ਉੱਤੇ ਮਰਮਾ ਪੱਟੀਆਂ ਲਾਂਵਦਾ ਈ
ਅੱਠ ਰੋਜ਼ ਮੇਂ ਜ਼ਖ਼ਮ ਦਰੁਸਤ ਹੋਇਆ ਕੁੰਵਰ ਰੱਬ ਦਾ ਸ਼ੁਕਰ ਬਜਾਂਵਦਾ ਈ
ਇਕ ਰੋਜ਼ ਬਸੰਤ ਘੁਮਿਆਰ ਕੋਲੋ ਭੇਦ ਰੂਪ ਦੇ ਰਾਜ਼ ਦਾ ਪਾਂਵਦਾ ਈ
ਆਪਣੇ ਆਪ ਨੂੰ ਕੁੰਵਰ ਨੂੰ ਹੋਸ਼ ਆਈ ਲਾਲੂ ਹਾਲ ਤਮਾਮ ਪੁਛਾਂਵਦਾ ਈ
ਕੇਹੜੇ ਸ਼ਹਿਰ ਦਾ ਬੱਚਿਆ ਜਨਮ ਤੇਰਾ ਕੇਹੜੇ ਦੇਸ ਵੱਲੋਂ ਹੁਣ ਆਂਵਦਾ ਈ
ਕੀ ਹੈ ਨਾਮ ਤੇਰਾ ਮਾਈ ਬਾਪ ਸੰਦਾ ਅਤੇ ਜ਼ਾਤ ਕੌਣ ਸਦਾਂਵਦਾ ਈ
ਕਿਸਨੇ ਜ਼ਖ਼ਮ ਲਾਇਆ ਤੇਰੀ ਧੌਣ ਉੱਤੇ ਇਤਨਾ ਆਖ ਕੇ ਨੈਣ ਵਹਾਂਵਦਾ ਈ
ਕੁੰਵਰ ਹੋਰ ਦੀ ਹੋਰ ਚਾ ਗੱਲ ਕੀਤੀ ਅਸਲੀ ਹਾਲ ਨਾ ਮੂਲ ਬਤਾਂਵਦਾ ਈ
ਮਤਾਂ ਰੂਪ ਨਾ ਕਰੇ ਪਛਾਣ ਮੇਰੀ ਇਸ ਵਾਸਤੇ ਭੇਤ ਛਪਾਂਵਦਾ ਈ
ਲਾਲੂ ਦੇਖ ਬਸੰਤ ਦੀ ਸ਼ਕਲ ਸੋਹਣੀ ਉਸਨੂੰ ਧਰਮ ਦਾ ਪੁੱਤ੍ਰ ਬਨਾਂਵਦਾ ਈ
ਵਾਂਗ ਪੁੱਤਰਾ ਕੁੰਵਰ ਦੀ ਕਰੇ ਸੇਵਾ ਖਾਣਾ ਪਿਆਰ ਦੇ ਨਾਲ ਖੁਲਾਂਵਦਾ ਈ
ਦੀਨਾ ਨਾਥ ਭਗਵਾਨ ਨੇ ਕਰੀ ਕਿਰਪਾ ਮੋਏ ਹੋਏ ਨੂੰ ਫੇਰ ਜਿਵਾਂਵਦਾ ਈ
ਦੌਲਤ ਰਾਮ ਉਸ ਮਰਦ ਨੂੰ ਕੌਣ ਮਾਰੇ ਜਿਸਨੂੰ ਆਪ ਕਰਤਾਰ ਬਚਾਂਵਦਾ ਈ

## ਅੱਗੇ ਹਾਲ ਬਸੰਤ ਮਿਸਰ ਦੇ ਬਜ਼ਾਰ ਵਿਚ ਸੈਰ ਕਰਨ ਵਾਸਤੇ ਜਾਣਾ ਅੱਗੇ ਕੌਤਵਾਲ ਨੇ ਪਕੜ ਕੇ ਕੈਦ ਵਿਚ ਡਾਲ ਦੇਣਾ

ਇਕ ਰੋਜ਼ ਬਸੰਤ ਦਿਲ ਸ਼ਾਦ ਹੋ ਕੇ ਗਿਆ ਸੈਰ ਬਜ਼ਾਰ ਦੇ ਧਾਇਕੇ ਜੀ
ਭਾਈ ਰੂਪ ਦਾ ਕਿਵੇਂ ਮਿਲਾਪ ਹੋਵੇ ਦਿਲ ਦੇ ਨਾਲ ਦਲੀਲ ਬਨਾਇਕੇ ਜੀ
ਵਕਤ ਸ਼ਾਮ ਦੇ ਘਰਾ ਥੀਂ ਰਵਾਂ ਹੋਇਆ ਵੜਿਆ ਵਿਚ ਬਜ਼ਾਰ ਦੇ ਜਾਇਕੇ ਜੀ
ਘਰੋਂ ਵਕਤ ਕੁਵੇਲੜੇ ਉਠ ਤੁਰਿਆ ਭਾਵੀ ਲੈ ਗਈ ਆਪ ਉਠਾਇਕੇ ਜੀ

ਕੁੰਵਰ ਗਿਆ ਬਜ਼ਾਰ ਦੇ ਚੌਂਕ ਅੰਦਰ ਕੋਤਵਾਲ ਮਿਲਿਆ ਅੱਗੇ ਆਇਕੇ ਜੀ
ਕੋਤਵਾਲ ਨੇ ਕੁੰਵਰ ਪਛਾਣ ਲੀਤਾ ਜ਼ਖ਼ਮ ਧੋਣ ਦਾ ਪੁਛ ਪੁਛਾਇਕੇ ਜੀ
ਛਪੇ ਪਾਪ ਦੀ ਮਾਰ ਨਾ ਚਿੱਤ ਅੰਦਰ ਕੋਤਵਾਲ ਬੈਠਾ ਮੁਰਝਾਇਕੇ ਜੀ
ਕੋਤਵਾਲ ਨੂੰ ਲੱਗਿਆ ਭਰਮ ਜੇਹੜਾ ਓਹ ਭੀ ਆਖਦਾ ਕਵੀ ਸੁਣਾਇਕੇ ਜੀ
ਆਪਣਾ ਹਾਲ ਜੇ ਏਸ ਨੇ ਜ਼ਾਹਰ ਕੀਤਾ ਭਾਰੀ ਦੁੱਖ ਹੋਵੇ ਮੈਨੂੰ ਆਇਕੇ ਜੀ
ਜੇਕਰ ਵਿਚ ਸਰਕਾਰ ਰਪੋਟ ਦੇਵੇ ਮੈਨੂੰ ਮਾਰਸੀ ਕੈਦ ਕਰਵਾਇਕੇ ਜੀ
ਏਸੇ ਵਕਤ ਇਸ ਦਾ ਬੰਦੋਬਸਤ ਕਰੀਏ ਕੋਈ ਕੂੜ ਦਾ ਜਾਲ ਰਚਾਇਕੇ ਜੀ
ਏਸੇ ਤਰ੍ਹਾਂ ਦਿਲ ਨਾਲ ਦਲੀਲ ਕਰ ਕੇ ਗਿਆ ਕੰਜਰੀ ਪਾਸ ਸਿਧਾਇਕੇ ਜੀ
ਕੋਤਵਾਲ ਦੀ ਕੰਜਰੀ ਯਾਰ ਆਹੀ ਲਈ ਸਾਥ ਉਸ ਨੇ ਸਿਖਲਾਇਕੇ ਜੀ
ਚੌਕੀਦਾਰ ਕੁਤਵਾਲ ਦੇ ਨਾਲ ਆਹਾ ਤੀਜੀ ਕੰਜਰੀ ਲਈ ਰਲਾਇਕੇ ਜੀ
ਭੈੜੀ ਕੰਜਰੀ ਨੇ ਦੇਖੋ ਜ਼ੁਲਮ ਕੀਤਾ ਪਕੜੇ ਬਾਂਹ ਬਸੰਤ ਦੀ ਜਾਇਕੇ ਜੀ
ਆਖੇ ਰਾਤ ਇਹ ਰਿਹਾ ਹੈ ਪਾਸ ਮੇਰੇ ਮੇਰਾ ਹਾਰ ਇਸ ਲਿਆ ਚੁਰਾਇਕੇ ਜੀ
ਉਸੇ ਵਕਤ ਕੁਤਵਾਲ ਨੇ ਪਕੜ ਲੀਤਾ ਐਵੇਂ ਕੂੜ ਅਲਜ਼ਾਮ ਲਗਾਇਕੇ ਜੀ
ਲਾ ਕੇ ਹਥਕੜੀ ਹੱਥ ਬਸੰਤ ਦੇ ਨੂੰ ਪਾਪੀ ਟੁਰ ਪਿਆ ਜੇ ਅੱਗੇ ਲਾਇਕੇ ਜੀ
ਓਥੇ ਪੇਸ ਨਾ ਕੁੰਵਰ ਦੀ ਮੂਲ ਜਾਵੇ ਦੇਖੋ ਕੰਮ ਭਗਵਾਨ ਰਜ਼ਾਇਕੇ ਜੀ
ਬਿਨਾਂ ਰੱਬ ਦੇ ਕੌਣ ਪਰਦੇਸੀਆਂ ਦਾ ਪਏ ਦੁੱਖ ਉਤੇ ਦੁਖ ਆਇਕੇ ਜੀ
ਲੱਗਾ ਲਾਲੂ ਨੂੰ ਪਤਾ ਨਾ ਮੂਲ ਯਾਰੋ ਲੈਂਦਾ ਕੁੰਵਰ ਨੂੰ ਤੁਰਤ ਛੁਡਾਇਕੇ ਜੀ
ਦੌਲਤਰਾਮ ਸੋ ਕੁੰਵਰ ਨੂੰ ਆਣ ਮਿਲਿਆ ਜੇੜ੍ਹਾ ਆਇਆ ਸੀ ਲੇਖ ਲਿਖਾਇਕੇ ਜੀ

## ਹਾਲ ਬਸੰਤ ਦਾ ਕੈਦ ਵਿਚ

ਅੱਗੇ ਸੁਣੋ ਖ਼ਿਆਲ ਦੇ ਨਾਲ ਯਾਰੋ ਕੋਤਵਾਲ ਜੋ ਜ਼ੁਲਮ ਕਮਾਂਵਦਾ ਹੈ
ਲਾਈ ਹੱਥਕੜੀ ਹੱਥ ਬਸੰਤ ਦੇ ਜੀ ਗਲ ਵਿਚ ਜਾ ਤੌਕ ਅੜਾਂਵਦਾ ਹੈ
ਜਾ ਕੇ ਸਤਵੇਂ ਕੋਠੇ ਦੇ ਵਿਚ ਦਿਤਾ ਜਿੱਥੇ ਆਦਮੀ ਮੂਲ ਨਾ ਜਾਂਵਦਾ ਹੈ
ਬਾਰ੍ਹਾਂ ਸੇਰ ਦਾਣਾ ਦੇਵੇ ਪੀਸਨੇ ਨੂੰ ਪਾਪੀ ਰੱਬ ਦਾ ਖ਼ੌਫ ਨਾ ਖਾਂਵਦਾ ਹੈ
ਰੋਟੀ ਜਵਾਂ ਦੀ ਪਾਣੀ ਦਾ ਇਕ ਪਿਆਲਾ ਅੱਠ ਜਾਮ ਦੇ ਬਾਅਦ ਪਹੁੰਚਾਂਵਦਾ ਹੈ
ਕੋਤਵਾਲ ਅਤੇ ਚੌਕੀਦਾਰ ਬਾਝੋਂ ਬੰਦਾ ਤੀਸਰਾ ਨਜ਼ਰ ਨਾ ਆਂਵਦਾ ਹੈ
ਜਦੋਂ ਪੇਸ਼ ਆਵੇ ਰੱਬ ਦੁਸ਼ਮਣਾਂ ਦੇ ਕੇਹੜਾ ਜ਼ਬਰ ਤੇ ਜ਼ੋਰ ਸਦਾਂਵਦਾ ਹੈ
ਜਿਸ ਨੂੰ ਪੀੜ ਹੋਵੇ ਸੋਈ ਪਿਆ ਰੋਵੇ ਕੌਣ ਕਿਸੇ ਦਾ ਦੁੱਖ ਵਟਾਂਵਦਾ ਹੈ
ਰੱਬ ਕਰੇ ਨਸੀਬ ਨਾ ਦੁਸ਼ਮਣਾਂ ਦੇ ਜੇਹੜਾ ਕਸ਼ਟ ਬਸੰਤ ਉਠਾਂਵਦਾ ਹੈ
ਦਿਨੇ ਮਿਲੇ ਯਾਰੋ ਚੱਕੀ ਪੀਸਣੇ ਨੂੰ ਰਾਤੀਂ ਰੱਬ ਦਾ ਨਾਮ ਧਿਆਂਵਦਾ ਹੈ
ਇਕ ਨਾਮ ਦਾ ਫ਼ਕਤ ਆਧਾਰ ਹੋਇਆ ਪਾਣੀ ਪੀਂਵਦਾ ਨ ਅੰਨ ਖਾਂਵਦਾ ਹੈ
ਲੱਗੇ ਭੁੱਖ ਪਿਆਸ ਨਾ ਜਾਮ ਅੱਠ ਮੰਤਰ ਰਿਖੀ ਦਾ ਨਿੱਤ ਅਲਾਂਵਦਾ ਹੈ

ਮੁਸ਼ਕਲ ਕੰਮ ਇਕੋ ਚੱਕੀ ਪੀਸਣੇ ਦਾ ਅੰਪਰ ਬਣੀ ਤੇ ਸ਼ੁਕਰ ਬਜਾਂਵਦਾ ਹੈ
ਕੋਤਵਾਲ ਜ਼ਾਲਮ ਜਦੋਂ ਆਂਵਦਾ ਹੈ ਨਿੱਤ ਫਸਾਦ ਨਵਾਂ ਜਗਾਂਵਦਾ ਹੈ
ਕਦੀ ਆਖਦਾ ਪੀਸ ਬਰੀਕ ਆਟਾ ਕਦੀ ਹੋਰ ਕੋਈ ਤੋਹਮਤ ਲਾਂਵਦਾ ਹੈ
ਜ਼ਾਲਮ ਰੱਬ ਦਾ ਖ਼ੌਫ਼ ਨਾ ਖਾਂਵਦਾ ਹੈ ਦੁਖੇ ਚਿੱਤ ਨੂੰ ਨਿੱਤ ਦੁਖਾਂਵਦਾ ਹੈ
ਇਕ ਰੋਜ਼ ਬਸੰਤ ਦਿਲ ਰੰਜ ਹੋ ਕੇ ਆਖੇ ਰੱਬ ਕੀ ਅਦਲ ਠਹਿਰਾਂਵਦਾ ਹੈ
ਜੇਹੜਾ ਧਰਮ ਰੱਖੇ ਉਸਨੂੰ ਕਸਟ ਦੇਦਾ ਅਤੇ ਜ਼ਾਲਮਾਂ ਐਸ਼ ਕਰਾਂਵਦਾ ਹੈ
ਹੋਰ ਯਾਰ ਬਦਕਾਰ ਬਹਾਰ ਕਰਦੇ ਭਗਤਾ ਵਾਸਤੇ ਕਸਟ ਵਿਖਾਂਵਦਾ ਹੈ
ਦੌਲਤ ਦੇਂਵਦਾ ਸ਼ੂਮ ਤੇ ਸੱਪ ਤਾਈਂ ਦਾਤੇ ਮਰਦ ਨੂੰ ਭੁੱਖ ਦਿਖਾਵਦਾ ਹੈ
ਦਿੰਦਾ ਨਿਆਮਤਾ ਕੰਜਰਾ ਬਾਜ਼ਿਆਂ ਨੂੰ ਅਤੇ ਸਾਧੂਆਂ ਨਗਨ ਫਿਰਾਂਵਦਾ ਹੈ
ਸੋਹਣੇ ਮਿਰਗ ਦੇ ਨੈਣ ਜਹਾਨ ਆਖੇ ਉਸ ਨੂੰ ਜੰਗਲਾਂ ਵਿਚ ਰੁਲਾਂਵਦਾ ਹੈ
ਗਊਆਂ ਭੁੱਖੀਆਂ ਨੂੰ ਸੁੱਕਾ ਘਾਹ ਨਾਹੀਂ ਚੂਰੀ ਕੁਟ ਕੇ ਕੁੱਤਿਆ ਨੂੰ ਪਾਂਵਦਾ ਹੈ
ਫੇਰ ਕਹੇ ਬਸੰਤ ਕੀ ਦੋਸ਼ ਕਿਸ ਨੂੰ ਲਿਖੇ ਲੇਖ ਨੂੰ ਕੌਣ ਮਿਟਾਂਵਦਾ ਹੈ
ਰੱਬ ਬੇਪਰਵਾਹ ਬੇਅੰਤ ਹੈ ਜੀ ਉਸਦਾ ਅੰਤ ਹਿਸਾਬ ਨਾ ਆਂਵਦਾ ਹੈ
ਕਰੇ ਕੀਰ ਨੂੰ ਮੀਰ ਤੇ ਮੀਰ ਕੀਰਾ ਆਪੇ ਢਾਵਦਾ ਆਪ ਬਨਾਂਵਦਾ ਹੈ
ਜੇਕਰ ਚਾਹੇ ਤਾ ਜਲ ਤੇ ਥਲ ਕਰਦਾ ਅਤੇ ਥਲ ਤੇ ਜਲ ਬਹਾਵਦਾ ਹੈ
ਕਿਤੇ ਵਿਚ ਉਜਾੜ ਦੇ ਕਰੇ ਵਸਤੀ ਕਿਤੇ ਵਸਤੀਉ ਸੁੰਨ ਕਰਾਵਦਾ ਹੈ
ਭਾਵੇ ਰੱਬ ਤਾ ਕੱਖ ਦਾ ਲੱਖ ਕਰਦਾ ਨਹੀਂ ਤਾ ਲੱਖ ਦਾ ਕੱਖ ਉਡਾਂਵਦਾ ਹੈ
ਇਕ ਪਲਕ ਅੰਦਰ ਖਲਕਤ ਕਰੇ ਪੈਦਾ ਇਕ ਨਿਮਖ ਦੇ ਵਿਚ ਮੁਕਾਂਵਦਾ ਹੈ
ਮਿੱਟੀ ਅੱਗ ਅਕਾਸ਼ ਤੇ ਪੌਣ ਚਾਰੇ ਪਾਣੀ ਬੰਨ੍ਹ ਤਸਵੀਰ ਵਿਖਾਂਵਦਾ ਹੈ
ਪੰਜ ਤੱਤ ਦਾ ਬੁਤ ਤਿਆਰ ਕਰ ਕੇ ਵਿਚ ਰੂਹ ਇਨਸਾਨ ਦਾ ਪਾਵਦਾ ਹੈ
ਸੂਰਜ ਚੰਦ ਅਕਾਸ਼ ਲੋਹ ਕਲਮ ਤਾਰੇ ਅਰਬਾਂ ਨਾਸਰੀ ਖਲਕ ਰਚਾਵਦਾ ਹੈ
ਬਾਗ਼ ਵਾਗ ਬਣਾ ਜਹਾਨ ਸਾਰਾ ਰੰਗ ਰੰਗ ਦੇ ਫੁੱਲ ਲਗਾਵਦਾ ਹੈ
ਰਲੇ ਇਕ ਦੇ ਨਾਲ ਨਾ ਇਕ ਬੰਦਾ ਵੱਖੋ ਵੱਖ ਤਸਵੀਰ ਲਖਾਵਦਾ ਹੈ
ਕੋਟ ਕੋਟ ਪ੍ਰਣਾਮ ਕਰਤਾਰ ਤਾਈਂ ਜੇਹੜਾ ਕੁਲ ਨੂੰ ਰਿਜਕ ਪਹੁੰਚਾਂਵਦਾ ਹੈ
ਬੰਦਾ ਆਪਣੇ ਕਰਮ ਦੇ ਭੋਗ ਭੋਗੇ ਮੂਰਖ ਦੋਸ ਭਗਵਾਨ ਨੂੰ ਲਾਂਵਦਾ ਹੈ
ਆਪੇ ਉਲਟ ਅਗਿਆਨ ਦਾ ਗਿਆਨ ਹੋਇਆ ਔਗਣਹਾਰ ਗੁਨਾਹ ਬਖ਼ਸ਼ਾਂਵਦਾ ਹੈ
ਆਪੇ ਬਖ਼ਸ ਰੱਬ ਔਗਣਹਾਰ ਹਾ ਮੈਂ ਹੱਥ ਜੋੜ ਕੇ ਵਾਸਤਾ ਪਾਂਵਦਾ ਹੈ
ਆਪਣੇ ਆਪ ਨੂੰ ਪਿਆ ਧ੍ਰਿਕਾਰਦਾ ਹੈ ਵੈਰੀ ਚਿੱਤ ਜੋ ਨਿਤ ਭੁਲਾਂਵਦਾ ਹੈ
ਦੌਲਤ ਰਾਮ ਉਚਾਰਦਾ ਮਾਹ ਬਾਰਾ ਆਪਣੇ ਚਿੱਤ ਨੂੰ ਪਿਆ ਸਮਝਾਂਵਦਾ ਹੈ

## ਬਾਰਾਂ ਮਾਹ ਜ਼ਬਾਨੀ ਬਸੰਤ ਕੀ—ਮਾਹ ਚੇਤਰ

### ਦੋਹਰਾ

ਚੇਤ ਚਮਨ ਜਗ ਖਿੜ ਰਿਹਾ ਲੈ ਲੈ ਐਸ਼ ਬਹਾਰ ।
ਗੁਰ ਪਗ ਲੱਗ ਹਰ ਭੱਜ ਮਨਾ ਏਹ ਲਾਹਾ ਸੰਸਾਰ ।

### ਕਾਫ਼ੀ ਚੌਪਈ

**ਤੂੰ ਚੜ੍ਹੇ ਚੇਤ ਹਰਿ ਚੇਤ ਜਿੰਦੇ ।**

ਇਹ ਦੇਹ ਅਮੋਲਕ ਲਾਲ ਕੁੜੇ । ਹੱਥ ਆ ਗਈ ਕਰਮਾਂ ਨਾਲ ਕੁੜੇ
ਹਰਿ ਭਜ ਬਿਰਥੀ ਨਾ ਗਾਲ ਕੁੜੇ । ਫਿਰ ਮਿਲਣੀ ਵੱਡੀ ਮੁਹਾਲ ਕੁੜੇ
ਕਿਉਂ ਰੋਲ ਘੱਤੀ ਵਿਚ ਰੇਤ ਜਿੰਦੇ । ਤੂੰ ਚੜ੍ਹੇ ਚੇਤ ਹਰਿ ਚੇਤ ਜਿੰਦੇ
ਕੀ ਕਰੇ ਰੂਪ ਦਾ ਮਾਣਾ ਨੀ । ਇਸ ਅੰਤ ਖ਼ਾਕ ਰਲ ਜਾਣਾ ਨੀ
ਕਿਆ ਰਾਜਾ ਤੇ ਕਿਆ ਰਾਣਾ ਨੀ । ਸਭ ਹੋਸੀ ਖ਼ਾਕ ਟਿਕਾਣਾ ਨੀ
ਜਗ ਜੂਏ ਵਾਲੀ ਜੋਤ ਜਿੰਦੇ । ਤੂੰ ਚੜ੍ਹੇ ਚੇਤ ਹਰਿ ਚੇਤ ਜਿੰਦੇ
ਇਹ ਦੁਨੀਆ ਰੈਣ ਬਸੇਰਾ ਹੈ । ਕੀ ਤੇਰਾ ਕੀ ਮੇਰਾ ਹੈ
ਸਭ ਚਲੇ ਚਲੀ ਦਾ ਡੇਰਾ ਹੈ । ਸੁੱਖ ਥੋੜ੍ਹਾ ਦੁੱਖ ਘਨੇਰਾ ਹੈ
ਤੱਜ ਦੇਹ ਜਗਤ ਦਾ ਹੇਤ ਜਿੰਦੇ । ਤੂੰ ਚੜ੍ਹੇ ਚੇਤ ਹਰਿ ਚੇਤ ਜਿੰਦੇ
ਕਵਿ ਦੌਲਤ ਰਾਮ ਪੁਕਾਰੇ ਨੀ । ਸਿਰ ਵਜਦੇ ਮੌਤ ਨਗਾਰੇ ਨੀ
ਹਰਿ ਸਿਮਰ ਹੋਣ ਛੁਟਕਾਰੇ ਨੀ । ਫਿਰ ਕੋਈ ਨਾ ਚਲਸਣ ਚਾਰੇ ਨੀ
ਜਦ ਚਿੜੀਆ ਚੁਗਿਆ ਖੇਤ ਜਿੰਦੇ । ਤੂੰ ਚੜ੍ਹੇ ਚੇਤ ਹਰਿ ਚੇਤ ਜਿੰਦੇ

## ਮਾਹ ਵੈਸਾਖ

### ਦੋਹਰਾ

ਵੈਸਾਖ ਵਿਸਰ ਜੈ ਸੁਧ ਸਭੀ ਜਬ ਆਵੇ ਜਮ ਲੈਣ ।
ਗੁਰ ਸੇਵਾ ਹਰਿ ਭਜਨ ਬਿਨ ਰੋ ਰੋ ਪਾਵੇ ਵੈਣ ।

### ਕਾਫ਼ੀ

ਕੁਝ ਕਰ ਲੇ ਹੱਥੋਂ ਦਾਨ ਕੁੜੇ । ਧਰ ਦਿਲੋਂ ਹਰਿ ਦਾ ਧਿਆਨ ਕੁੜੇ
ਮਿਲ ਸਾਧ ਸੰਗਤ ਕਰ ਧਿਆਨ ਕੁੜੇ । ਤਜ ਧਨ ਜੋਬਨ ਦਾ ਮਾਨ ਕੁੜੇ
ਗਿਰ ਗੁਰ ਪੂਰੇ ਦੇ ਦੁਆਰ ਕੁੜੇ । ਤੂੰ ਚੜ੍ਹੇ ਵੈਸਾਖ ਵਿਚਾਰ ਜਿੰਦੇ
ਤੂੰ ਤੋੜ ਤਮ੍ਹਾਂ ਦੀ ਤੰਦ ਕੁੜੇ । ਰੱਟ ਘਟ ਮੇਂ ਪਰਮਾਨੰਦ ਕੁੜੇ
ਪੜ੍ਹ ਸਦਾ ਹਰਿ ਦੇ ਛੰਦ ਕੁੜੇ । ਕਟ ਜਾਏ ਜਮਾਂ ਦੀ ਫੰਧ ਕੁੜੇ
ਤੱਜ ਪਾਂਚੋ ਵਿਸ਼ੇ ਵਿਕਾਰ ਜਿੰਦੇ । ਤੂੰ ਚੜ੍ਹੇ ਵੈਸਾਖ ਵਿਚਾਰ ਜਿੰਦੇ

ਕਰ ਏਕ ਇਕਾਗਰ ਚਿੱਤ ਕੁੜੇ । ਸੋਹੰ ਸੋਹੰ ਰਟ ਨਿੱਤ ਕੁੜੇ
ਹਰਿ ਬਾਝੋਂ ਹੋਰ ਨਾ ਮਿੱਤ ਕੁੜੇ । ਹਰਿ ਜਪੇਂ ਤਾ ਹੋਵੇ ਜਿੱਤ ਕੁੜੇ
ਹੋਰ ਸਭਨੀਂ ਕੰਮੀਂ ਹਾਰ ਜਿੰਦੇ । ਤੂੰ ਚੜ੍ਹੇ ਵੈਸਾਖ ਵਿਚਾਰ ਜਿੰਦੇ
ਕਵਿ ਦੌਲਤ ਕਰੇ ਵਖਾਨ ਕੁੜੇ । ਕੀ ਸਈਯਦ ਸ਼ੇਖ਼ ਪਠਾਨ ਕੁੜੇ
ਕਿਆ ਹਿੰਦੂ ਮੁਸਲਮਾਨ ਕੁੜੇ । ਸਭ ਰੂਪ ਹਰਿ ਦਾ ਜਾਨ ਕੁੜੇ
ਸਭ ਘਟ ਮੇਂ ਹੈ ਸਾਰ ਜਿੰਦੇ । ਤੂੰ ਚੜ੍ਹੇ ਵੈਸਾਖ ਵਿਚਾਰ ਜਿੰਦੇ

## ਮਾਹ ਜੇਠ

### ਦੋਹਰਾ

ਜੇਠ ਜਗਤ ਜੋ ਦਿਖ ਰਿਹਾ ਕੂੜਾ ਸਭੀ ਪਸਾਰ ।
ਸਤਿ ਹਰਿ ਜਨ ਜਾਨ ਤੂੰ ਜੋ ਗਾਵੇ ਗੁਣ ਸਾਰ ।

### ਕਾਫ਼ੀ

ਤੂੰ ਜੇਠ ਜਗਤ ਰਸ ਤਿਆਗ ਜਿੰਦੇ ।
ਕਰ ਸਤਿਗੁਰ ਨਾਲ ਮਿਲਾਪ ਕੁੜੇ । ਫਿਰ ਸੁੱਝੇ ਆਪਣਾ ਆਪ ਕੁੜੇ
ਮਿਟ ਜਾਵਣ ਤੀਨੋ ਤਾਪ ਕੁੜੇ । ਗੁਰ ਕਹੇ ਸੋ ਕੀਜੇ ਜਾਪ ਕੁੜੇ
ਜੇ ਪੂਰਨ ਤੇਰੇ ਭਾਗ ਜਿੰਦੇ । ਤੂੰ ਜੇਠ ਜਗਤ ਰਸ ਤਿਆਗ ਜਿੰਦੇ
ਕੋਈ ਘੜੀ ਪਲਕ ਦਾ ਮੇਲਾ ਨੀ । ਕੁਝ ਕਰ ਲੈ ਤੇਰਾ ਵੇਲਾ ਨੀ
ਫਿਰ ਮਿਲਣਾ ਵੱਡਾ ਦੁਹੇਲਾ ਨੀ । ਦੁੱਧ ਕੜ੍ਹਿਆ ਅਜੇ ਸੁਵੇਲਾ ਨੀ
ਲਾ ਦੇ ਨਾਮ ਦੀ ਜਾਗ ਜਿੰਦੇ । ਤੂੰ ਜੇਠ ਜਗਤ ਰਸ ਤਿਆਗ ਜਿੰਦੇ
ਕਰ ਗਿਆਨ ਗੰਗ ਇਸਨਾਨ ਕੁੜੇ । ਧਰ ਧਿਆਨ ਧੂਪ ਇਹ ਜਾਨ ਕੁੜੇ
ਫਲ ਚੰਦਨ ਪ੍ਰੇਮ ਪਛਾਣ ਕੁੜੇ । ਸੱਚ ਬੋਲ ਸਦਾ ਸੁੱਖ ਮਾਨ ਕੁੜੇ
ਗਾ ਮਨਮੋਹਨ ਦੇ ਰਾਗ ਜਿੰਦੇ । ਤੂੰ ਜੇਠ ਜਗਤ ਰਸ ਤਿਆਗ ਜਿੰਦੇ
ਕਵਿ ਦੌਲਤ ਕਹੇ ਪੁਕਾਰ ਕੁੜੇ । ਹਉਂ ਮੈ ਮੇਰੀ ਨੂੰ ਮਾਰ ਕੁੜੇ
ਤੂੰ ਦਿਲੋਂ ਦ੍ਵੈਤ ਭਰਮ ਟਾਰ ਕੁੜੇ । ਇਹ ਮਨ ਘੋੜਾ ਹੈ ਖ਼ੁਆਰ ਕੁੜੇ
ਕਰ ਕਾਬੂ ਇਸ ਦੀ ਵਾਗ ਜਿੰਦੇ । ਤੂੰ ਜੇਠ ਜਗਤ ਰਸ ਤਿਆਗ ਜਿੰਦੇ

## ਮਾਹ ਹਾੜ੍ਹ

### ਦੋਹਰਾ

ਹਾੜ੍ਹ ਹਿਰਸ ਨੂੰ ਮਾਰ ਕੇ ਸੋਧ ਵਿਖਮ ਦਸ ਦੁਆਰ ।
ਗਿਆਨ ਗੁਰਜ ਕਰ ਪਕੜ ਕੇ ਮਨ ਪਾਪੀ ਕੋ ਮਾਰ ।

## ਕਾਫ਼ੀ ਚੌਪਾਈ

ਤੂੰ ਹਾੜੂ ਹਿਰਸ ਨੂੰ ਮਾਰ ਜਿੰਦੇ !
ਇਹ ਹਿਰਸ ਬੁਰੀ ਹੈ ਡੈਣ ਕੁੜੇ । ਪਲ ਲੈਣ ਨ ਦੇਂਦੀ ਚੈਣ ਕੁੜੇ
ਇਸ ਮਾਰੇ ਹਸਨ ਹੁਸੈਨ ਕੁੜੇ । ਅਜ ਤਾਈ ਪੈਂਦੇ ਵੈਣ ਕੁੜੇ
ਸਭ ਮੋਮਨ ਕਰਨ ਪੁਕਾਰ ਜਿੰਦੇ । ਤੂੰ ਹਾੜੂ ਹਿਰਸ ਨੂੰ ਮਾਰ ਜਿੰਦੇ
ਇਕ ਰਾਵਣ ਥਾ ਅੱਤ ਬਲੀ ਕੁੜੇ । ਜਿਸ ਨਾਰ ਰਾਮ ਦੀ ਛਲੀ ਕੁੜੇ
ਗੱਲ ਸੁਣ ਲੈ ਗਲੀਓ ਗਲੀ ਕੁੜੇ । ਸੋਨ ਦੀ ਲੰਕਾ ਜਲੀ ਕੁੜੇ
ਇਹ ਹਿਰਸੋਂ ਸਭ ਵਿਕਾਰ ਜਿੰਦੇ । ਤੂੰ ਹਾੜੂ ਹਿਰਸ ਨੂੰ ਮਾਰ ਜਿੰਦੇ
ਇਕ ਹਰਨਾਕਸ਼ ਤੇ ਕੰਸ ਕੁੜੇ । ਥੇ ਵੱਡੇ ਵੱਡੇ ਰਜਬੰਸ ਕੁੜੇ
ਪਲ ਵਿਚ ਕੀਤੇ ਵਿਧ੍ਹੰਸ ਕੁੜੇ । ਬਾਕੀ ਨਾ ਰਹਿ ਗਈ ਅੰਸ ਕੁੜੇ
ਇਹ ਸਭੀ ਹਿਰਸ ਦੀ ਕਾਰ ਜਿੰਦੇ । ਤੂੰ ਹਾੜ ਹਿਰਸ ਨੂੰ ਮਾਰ ਜਿੰਦੇ
ਕਵਿ ਦੌਲਤ ਕਹੇ ਬਿਆਨ ਕੁੜੇ । ਜੋ ਵੱਡੇ ਵੱਡੇ ਬਲਵਾਨ ਕੁੜੇ
ਸਭ ਹਿਰਸੋਂ ਭਏ ਵੈਰਾਨ ਕੁੜੇ । ਤਜੋ ਹਿਰਸ ਭਜੋ ਭਗਵਾਨ ਕੁੜੇ
ਨਿਜ ਆਪਣਾ ਕਾਜ ਸਵਾਰ ਜਿੰਦੇ । ਤੂੰ ਹਾੜੂ ਹਿਰਸ ਨੂੰ ਮਾਰ ਜਿੰਦੇ

## ਮਾਹ ਸਾਵਣ

### ਦੋਹਰਾ

ਸਾਵਣ ਸੋਹਣਾ ਮਾਸ ਬਰਖਾ ਦੀ ਰੁੱਤ ਜਾਨ ।
ਆਜ ਸਜਨ ਦੇ ਮਿਲਣ ਦਾ ਮੌਕਾ ਬਣਿਆ ਆਨ ।

### ਕਾਫ਼ੀ

ਇਹ ਸਾਵਣ ਅਜਬ ਬਹਾਰ ਜਿੰਦੇ ।
ਚੜ੍ਹ ਪਿਆ ਮਹੀਨਾ ਸਾਵਣ ਦਾ । ਸਭ ਹਾਰ ਸ਼ਿੰਗਾਰ ਲਗਾਵਣ ਦਾ
ਕੁਝ ਪਹਿਨਣ ਅਤੇ ਹੰਢਾਵਣ ਦਾ । ਇਹ ਵੇਲਾ ਸਜਨ ਮਨਾਵਣ ਦਾ
ਤੂੰ ਲਾ ਲੈ ਹਾਰ ਸ਼ਿੰਗਾਰ ਜਿੰਦੇ । ਇਹ ਸਾਵਣ ਅਜਬ ਬਹਾਰ ਜਿੰਦੇ
ਇਹ ਦਿਨ ਹਨ ਵੱਡੇ ਅਮੋਲ ਕੁੜੇ । ਤੂੰ ਹੱਸ ਕੇ ਮੁੱਖ ਤੇ ਬੋਲ ਕੁੜੇ
ਅਜ ਪਿਆਰਾ ਤੇਰੇ ਕੋਲ ਕੁੜੇ । ਤੂੰ ਮਨ ਦੀ ਘੁੰਡੀ ਖੋਲ੍ਹ ਕੁੜੇ
ਕਰ ਨਾਲ ਸਜਨ ਦੇ ਪਿਆਰ ਜਿੰਦੇ । ਇਹ ਸਾਵਣ ਅਜਬ ਬਹਾਰ ਜਿੰਦੇ
ਤੂੰ ਕੂੜੇ ਗਹਿਣੇ ਲਾਹ ਕੁੜੇ । ਤੈਨੂੰ ਕੀ ਟੂੰਬਾਂ ਦਾ ਚਾਹ ਕੁੜੇ
ਤੂੰ ਹੋ ਜਾ ਬੇਪਰਵਾਹ ਕੁੜੇ । ਤੇਰੇ ਘਰ ਵਿਚ ਸਾਂਵਲ ਸ਼ਾਹ ਕੁੜੇ
ਤੂੰ ਆਪਣਾ ਆਪ ਵਿਚਾਰ ਜਿੰਦੇ । ਇਹ ਸਾਵਣ ਅਜਬ ਬਹਾਰ ਜਿੰਦੇ
ਕਵਿ ਦੌਲਤ ਕਥਾ ਅਕਥ ਕੁੜੇ । ਤੂੰ ਕਥਨ ਨੂੰ ਕਥਨ ਸਮਰਥ ਕੁੜੇ

ਫਿਰ ਵਕਤ ਨਾ ਆਸੀ ਹੱਥ ਕੁੜੇ । ਤੂੰ ਪਾ ਸੁਹਾਗ ਦੀ ਨੱਥ ਕੁੜੇ
ਕੀ ਪੁੱਛਣਾ ਦਿਨ ਤੇ ਵਾਰ ਜਿੰਦੇ । ਇਹ ਸਾਵਣ ਅਜਬ ਬਹਾਰ ਜਿੰਦੇ

## ਮਾਹ ਭਾਦਰੋਂ

### ਦੋਹਰਾ

ਭਾਦੋਂ ਭਰਮ ਭੁਲਾਇਆ ਭੂਲਾ ਫਿਰੇ ਗਵਾਰ ।
ਭਰਮ ਭਾਵੇ ਕੇ ਮਿਟੇ ਬਿਨ ਮਿਲੇ ਨਹੀਂ ੳੱਤਸਾਰ ।

### ਕਾਫ਼ੀ

ਤੂੰ ਭਾਦਰੋਂ ਭਜ ਲੈ ਰਾਮ ਜਿੰਦੇ ।
ਏਹ ਪਾਸੇ ਜਿਉਂ ਸੰਸਾਰ ਕੁੜੇ । ਨਿੱਤ ਹੋਵੇ ਮਾਰੋ ਮਾਰ ਕੁੜੇ
ਨਾ ਜਿੱਤ ਕੇ ਬਾਜ਼ੀ ਹਾਰ ਕੁੜੇ । ਸੁੱਟ ਸਾਰੀ ਆਪ ਸੰਭਾਰ ਕੁੜੇ
ਪਗ ਬਾਰਾ ਪੰਦੇ ਆਮ ਜਿੰਦੇ । ਤੂੰ ਭਾਦਰੋਂ ਭਜ ਲੈ ਰਾਮ ਜਿੰਦੇ
ਇਹ ਪਾਸਾ ਹੈ ਵਿਰਕਤ ਕੁੜੇ । ਅਜੇ ਹੈ ਜਿੱਤਣ ਦਾ ਵਕਤ ਕੁੜੇ
ਰੁਤ ਆਵੇ ਦਿਨ ਦਿਨ ਸਖ਼ਤ ਕੁੜੇ । ਜੇ ਮੂਧਾ ਹੋ ਗਿਆ ਤਖ਼ਤ ਕੁੜੇ
ਫਿਰ ਕਿਸੇ ਨਾ ਆਵੇ ਕਾਮ ਜਿੰਦ । ਤੂੰ ਭਾਦਰੋਂ ਭਜ ਲੈ ਰਾਮ ਜਿੰਦੇ
ਇਸ ਵੇਲੇ ਨੂੰ ਪਛਤਾਵੇਂਗੀ । ਫਿਰ ਜਦ ਹਾਰ ਪਾਸਿਓਂ ਜਾਵੇਂਗੀ
ਰੋ ਰੋ ਕੇ ਹਾਲ ਵੰਜਾਵੇਂਗੀ । ਫਿਰ ਨਰਕ ਚੁਰਾਸੀ ਪਾਵੇਂਗੀ
ਬਿਨ ਭਜਨ ਨ ਮਿਲੇ ਆਰਾਮ ਜਿੰਦੇ । ਤੂੰ ਭਾਦਰੋ ਭਜ ਲੈ ਰਾਮ ਜਿੰਦੇ
ਕਵਿ ਦੌਲਤ ਜਾਣ ਨਾ ਹਾਸਾ ਨੀ । ਜਗਜੀਵਨ ਭਲਕ ਤਮਾਸ਼ਾ ਨੀ
ਇਸ ਦਮ ਦਾ ਕੀ ਭਰਵਾਸਾ ਨੀ । ਜਿਉਂ ਪਾਣੀ ਵਿਚ ਪਤਾਸਾ ਨੀ
ਇਕ ਪਲ ਵਿਚ ਹੋਵੇ ਖਾਸ ਜਿੰਦੇ । ਤੂੰ ਭਾਦਰੋਂ ਭਜ ਲੈ ਰਾਮ ਜਿੰਦੇ

## ਮਾਹ ਅੱਸੂ

### ਦੋਹਰਾ

ਅੱਸੂ ਆਸਾ ਮਨ ਵਸੀ ਤ੍ਰਿਸਨਾ ਭਈ ਅਪਾਰ ।
ਚਿੰਤਾ ਨੇ ਤਨ ਖਾ ਲੀਆ ਅਜ ਨਾ ਸਮਝੇ ਗੁਆਰ ।

### ਕਾਫ਼ੀ

ਤੈਂ ਅੱਸੂ ਅਲਖ ਭੁਲਾਇਆ ਨੀ ।
ਉਹ ਦਿਨ ਤੈਂ ਮਨੋ ਭੁਲਾਏ ਨੀ । ਜੋ ਜਠਰ ਅਗਨਿ ਵਿਚ ਪਾਏ ਨੀ
ਰੋ ਰੋ ਨੌਂ ਮਾਸ ਲੰਘਾਏ ਨੀ । ਹਰਿ ਦਇਆ ਕਰੀ ਸੁੱਖ ਥਿਆਏ ਨੀ

ਤਬ ਬਾਲਪਣਾ ਹੱਥ ਆਇਆ ਨੀ । ਤੈਂ ਅੱਸੂ ਅਲਖ਼ ਭੁਲਾਇਆ ਨੀ
ਜਬ ਬਾਲ ਉਮਰ ਹਰਿ ਦੀਨੀ ਨੀ । ਤੈਂ ਖੇਲ ਪਿਆਰੀ ਕੀਨੀ ਨੀ
ਹਰਿ ਕਥਾ ਸੁਣੀ ਨਾ ਕੀਨੀ ਨੀ । ਸੁੱਧ ਆਪਣੀ ਆਪ ਨਾ ਲੀਨੀ ਨੀ
ਨਿਸਦਿਨ ਵਿਚ ਖੇਲ ਗਵਾਇਆ ਨੀ । ਤੈਂ ਅੱਸੂ ਅਲਖ ਭੁਲਾਇਆ ਨੀ
ਜਦ ਆਈ ਅਜਬ ਜੁਆਨੀ ਨੀ । ਤੂੰ ਵਿਸ਼ਿਆਂ ਬੀਚ ਭੁਲਾਨੀ ਨੀ
ਮਦ ਮਾਤੀ ਫਿਰੇਂ ਦਿਵਾਨੀ ਨੀ । ਧ੍ਰਿਗ ਧ੍ਰਿਗ ਤੇਰੀ ਜ਼ਿੰਦਗਾਨੀ ਨੀ
ਹੁਣ ਜੋਬਨ ਖ਼ਾਕ ਰੁਲਾਇਆ ਨੀ । ਤੈਂ ਅੱਸੂ ਅਲਖ ਭੁਲਾਇਆ ਨੀ
ਜਦ ਬ੍ਰਿਧ ਅਵਸਥਾ ਆਇ ਗਈ । ਤ੍ਰਿਸਨਾ ਤਨ ਮੇਂ ਅਤਿ ਛਾਇ ਗਈ
ਤੂੰ ਬੀਚ ਕੁਟੰਬ ਭੁਲਾਇ ਗਈ । ਕਵਿ ਦੌਲਤ ਉਮਰ ਬਿਹਾਇ ਗਈ
ਹੁਣ ਕਾਲ ਸੀਸ ਪਰ ਛਾਇਆ ਨੀ । ਤੈਂ ਅੱਸੂ ਅਲਖ ਭੁਲਾਇਆ ਨੀ

## ਮਾਹ ਕੱਤਕ

### ਦੋਹਰਾ

ਕੱਤਕ ਕੰਤ ਵਿਸਾਰ ਕੇ ਕੀ ਸੁੱਖ ਪਾਵੇ ਨਾਰ ।
ਵਕਤ ਵਿਹਾਨੇ ਰੋਵਣਾ ਹੱਥ ਨਾ ਆਵੇ ਛਾਰ ।।

### ਕਾਫੀ

ਚਲ ਕੱਤੇ ਕੰਤ ਮਨਾਈਏ ਨੀ ।
ਫੜ ਦਿਲੋ ਕੰਤ ਦੀ ਸ਼ਾਮ ਕੁੜੇ । ਜਪ ਸਦਾ ਕੰਤ ਦਾ ਨਾਮ ਕੁੜੇ
ਬਿਨ ਕੰਤ ਨਹੀਂ ਆਰਾਮ ਕੁੜੇ । ਇਹ ਜਗਤ ਦੁੱਖਾਂ ਦਾ ਧਾਮ ਕੁੜੇ
ਸਤਿ ਬਾਝੋਂ ਸੁੱਖ ਪਾਈਏ ਨੀ । ਚਲ ਕੱਤੇ ਕੰਤ ਮਨਾਈਏ ਨੀ
ਕਰ ਦਿਲੋਂ ਦੂਰ ਸਭ ਸੰਗ ਕੁੜੇ । ਨਾ ਕਰੀਂ ਸਿਦਕ ਵਿਚ ਭੰਗ ਕੁੜੇ
ਰਚ ਸਦਾ ਕੰਤ ਦੇ ਸੰਗ ਕੁੜੇ । ਤੂੰ ਸਾਧ ਸੰਗਤ ਨਿਤ ਮੰਗ ਕੁੜੇ
ਹਰਦਮ ਗੋਬਿੰਦ ਗੁਣ ਗਾਈਏ ਨੀ । ਚਲ ਕਤੇ ਕੰਤ ਮਨਾਈਏ ਨੀ
ਜੇ ਹੋਵੇ ਕੰਤ ਦਿਆਲ ਕੁੜੇ । ਕੱਟ ਜਾਈ ਦੁੱਖਾਂ ਦਾ ਜਾਲ ਕੁੜੇ
ਫ਼ਿਰ ਨਿਕਟ ਨਾ ਆਵੇ ਕਾਲ ਕੁੜੇ । ਠੁਕ ਜਾਈ ਫਾਲ ਵਿਚ ਫਾਲ ਕੁੜੇ
ਮਿਲ ਕੰਤ ਕੰਤ ਹੋ ਜਾਈਏ ਨੀ । ਚਲ ਕੱਤੇ ਕੰਤ ਮਨਾਈਏ ਨੀ
ਕਵਿ ਦੌਲਤ ਮੋਹ ਤਿਆਗ ਕੁੜੇ । ਸਭ ਕੂੜ ਜਗਤ ਦੇ ਰਾਗ ਕੁੜੇ
ਤੂੰ ਨੀਂਦ ਖ਼ੁਆਬੋਂ ਜਾਗ ਕੁੜੇ । ਬਿਨ ਕੰਤੋਂ ਨਹੀਂ ਸੁਹਾਗ ਕੁੜੇ
ਲੱਖ ਚੂੜੇ ਨੱਥ ਹੰਢਾਈਏ ਨੀ । ਚਲ ਕੱਤੇ ਕੰਤ ਮਨਾਈਏ ਨੀ

## ਮਾਹ ਮੱਘਰ

### ਦੋਹਰਾ

ਮੱਘਰ ਮਰਹਮ ਪਛਾਣ ਕੇ ਖੋਜੇ ਆਪਣਾ ਆਪ ।
ਘਰ ਮੇਂ ਪ੍ਰੀਤਮ ਵਸ ਰਿਹਾ ਹੋਵੇ ਸਹਜ ਮਿਲਾਪ ।

### ਕਾਫ਼ੀ

ਤੂੰ ਮੱਘਰ ਮਰਹਮ ਪਛਾਣ ਜਿੰਦੇ
ਤਜ ਦਿਲੋਂ ਗਰਬ ਹੰਕਾਰ ਕੁੜੇ । ਤੂੰ ਖ਼ਿਮਾ ਗ਼ਰੀਬੀ ਧਾਰ ਕੁੜੇ
ਹੋਹੁ ਪਾਂਧੀ ਰੈਨ ਗੁਜ਼ਾਰ ਕੁੜੇ । ਕੀ ਕਰਦੀ ਘਟਾ ਖਲਾਰ ਕੁੜੇ
ਸਭ ਕੂੜ ਮਹੱਲ ਮਕਾਨ ਜਿੰਦੇ । ਤੂੰ ਮੱਘਰ ਮਰਮ ਪਛਾਣ ਜਿੰਦੇ
ਨਾ ਬਣ ਤੂੰ ਘਣੀ ਚਲਾਕ ਕੁੜੇ । ਮੰਨ ਸਤਿ ਪੁਰਖਾਂ ਵਾਕ ਕੁੜੇ
ਜੋ ਦਿੱਸੇ ਜਾਣ ਸਭ ਖ਼ਾਕ ਕੁੜੇ । ਸਭ ਕੂੜ ਜਗਤ ਦੇ ਸਾਕ ਕੁੜੇ
ਸੱਚ ਨਾਮ ਹਰੀ ਦਾ ਜਾਨ ਜਿੰਦੇ । ਤੂੰ ਮੱਘਰ ਮਰਮ ਪਛਾਣ ਜਿੰਦੇ
ਇਹ ਦੁਨੀਆ ਸੁਫਨਾ ਰੈਣ ਕੁੜੇ । ਸਭ ਕੂੜੇ ਭਾਈ ਭੈਣ ਕੁੜੇ
ਤੂੰ ਦੇਖ ਖੋਲ੍ਹ ਕੇ ਨੈਣ ਕੁੜੇ । ਇਕ ਰੂਪ ਐਨ ਅਰ ਗੈਨ ਕੁੜੇ
ਕਰ ਉਤਲਾ ਨੁਕਤਾ ਹਾਨ ਜਿੰਦੇ । ਤੂੰ ਮੱਘਰ ਮਰਮ ਪਛਾਣ ਜਿੰਦੇ
ਕਵਿ ਦੌਲਤ ਕਥਾ ਅਨੂਪ ਕੁੜੇ । ਕਹੂੰ ਰੰਕ ਭਜੇ ਕਹੂੰ ਭੂਪ ਕੁੜੇ
ਹਰਿ ਏਕ ਅਨੇਕ ਸਰੂਪ ਕੁੜੇ । ਤੂੰ ਆਪ ਉਸੀ ਦਾ ਰੂਪ ਕੁੜੇ
ਵਿਚ ਦਵੈਤ ਭਰਮ ਨਾ ਆਣ ਜਿੰਦੇ । ਤੂੰ ਮੱਘਰ ਮਰਮ ਪਛਾਣ ਜਿੰਦੇ

## ਮਾਹ—ਪੋਹ

### ਦੋਹਰਾ

ਪੋਹ ਪਿਆਰਾ ਘਰ ਵੱਸੇ ਭਰਮਤ ਹੋ ਬਨ ਬਾਰ ।
ਲੜਕਾ ਸੇਠ ਦੀ ਗੋਦ ਮੇ ਢੂੰਡਤ ਨਗਰ ਮੜਾਰ ।।

### ਕਾਫ਼ੀ

ਪੋਹ ਪ੍ਰੀਤਮ ਤੇਰੇ ਪਾਸ ਜਿੰਦੇ ।
ਤੇਰੀ ਗਠੜੀ ਦੇ ਵਿਚ ਲਾਲ ਕੁੜੇ । ਕਿਉਂ ਹੋਈ ਫਿਰੇਂ ਕੰਗਾਲ ਕੁੜੇ
ਤੂੰ ਆਪਣਾ ਆਪ ਸੰਭਾਲ ਕੁੜੇ । ਜਪ ਨਾਮ ਸੱਚਾ ਧਨ ਮਾਲ ਕੁੜੇ
ਸਭ ਕਾਰਜ ਹੋਵਣ ਰਾਸ ਜਿੰਦੇ । ਪੋਹ ਪ੍ਰੀਤਮ ਤੇਰੇ ਪਾਸ ਜਿੰਦੇ
ਹੁਣ ਹੋਈ ਤੂੰ ਮੁਟਿਆਰ ਕੁੜੇ । ਤੇਰੇ ਖੱਟਣ ਦੇ ਦਿਨ ਚਾਰ ਕੁੜੇ
ਕੋਈ ਕਰ ਲੈ ਨੇਕ ਬਿਹਾਰ ਕੁੜੇ । ਮੁੜ ਐਣਾ ਨਹੀਂ ਬਜ਼ਾਰ ਕੁੜੇ

ਕੋਈ ਦਮ ਦਾ ਹਾਸ ਬਿਲਾਸ ਜਿੰਦੇ । ਪੋਹ ਪ੍ਰੀਤਮ ਤੇਰੇ ਪਾਸ ਜਿੰਦੇ
ਤੂੰ ਸੂਖਮ ਤੂੰ ਅਸਥੂਲ ਕੁੜੇ । ਤੂੰ ਪੇਡ ਤੂੰਹੀ ਹੈਂ ਮੂਲ ਕੁੜੇ
ਤੂੰ ਪਾਤ ਡਾਲ ਤੂੰ ਫੂਲ ਕੁੜੇ । ਤੂੰ ਆਪਣਾ ਆਪ ਨ ਭੂਲ ਕੁੜੇ
ਹਰਿ ਨਾਮ ਸਿਮਰ ਹਰ ਸਵਾਸ ਜਿੰਦੇ । ਪੋਹ ਪ੍ਰੀਤਮ ਤੇਰੇ ਪਾਸ ਜਿੰਦੇ
ਕਵਿ ਦੌਲਤ ਤੂੰ ਭਰਪੂਰ ਕੁੜੇ । ਹਰਿ ਤੇਰੇ ਸਦਾ ਹਜ਼ੂਰ ਕੁੜੇ
ਤੂੰ ਦਵੈਤ ਭਰਮ ਕਰ ਦੂਰ ਕੁੜੇ । ਸਭ ਘਟ ਮੇ ਏਕੋ ਨੂਰ ਕੁੜੇ
ਜਗ ਦਰਪਨ ਵਾਲਾ ਭਾਸ ਜਿੰਦੇ । ਪੋਹ ਪ੍ਰੀਤਮ ਤੇਰੇ ਪਾਸ ਜਿੰਦੇ

## ਮਾਹ—ਮਾਘ

### ਦੋਹਰਾ

ਮਾਘ ਮਹਾ ਜਨ ਆਖਦੇ ਮਨ ਕਾ ਸਭੀ ਵਿਕਾਰ ।
ਜੋ ਜਨ ਮਨ ਕੋ ਜੀਤ ਲੈ ਸੋ ਜੀਤੇ ਸੰਸਾਰ ।।

### ਕਾਫ਼ੀ

ਇਹ ਮਾਘ ਮਹਾਂ ਦੁਖਦਾਈ ਹੈ
ਇਹ ਮਾਘ ਨਹੀਂ ਮਨ ਤੇਰਾ ਹੈ । ਜਿਸ ਤੁਝੇ ਭਰਮ ਮੇਂ ਗੇਰਾ ਹੈ
ਚਾਂਦਨ ਸੇ ਕੀਆ ਅੰਧੇਰਾ ਹੈ । ਦਿਲ ਚਾਰ ਤਰਫ ਸੇ ਘੇਰਾ ਹੈ
ਸੁਧਬੁਧ ਸਗਰੀ ਵਿਸਰਾਈ ਹੈ । ਇਹ ਮਾਘ ਮਹਾ ਦੁਖਦਾਈ ਹੈ
ਇਹ ਮਨ ਹੈ ਮਹਾਂ ਗਵਾਰ ਸਖੀ । ਜਿਸ ਕੀਤਾ ਤੁਝੇ ਖ਼ੁਆਰ ਸਖੀ
ਤੂੰ ਕਰ ਇਸ ਨੂੰ ਅਖ਼ਤਿਆਰ ਸਖੀ । ਮਨ ਮਾਰ ਜੀਤ ਸੰਸਾਰ ਸਖੀ
ਕਿਉ ਬਿਰਥੀ ਐਂਧ ਗਵਾਈ ਹੈ । ਇਹ ਮਾਘ ਮਹਾਂ ਦੁਖਦਾਈ ਹੈ
ਇਹ ਮਨ ਹੈ ਮਹਾ ਅਭਾਗ ਕੁੜੇ । ਜਿਸ ਹੰਸੋਂ ਕੀਤਾ ਕਾਗ ਕੁੜੇ
ਸਭ ਕੂੜੇ ਇਸ ਦੇ ਰਾਜ ਕੁੜੇ । ਇਸ ਪਾਪੀ ਦੀ ਮਤ ਤਿਆਗ ਕੁੜੇ
ਕੂੜੀ ਇਸ ਦੀ ਅਸ਼ਨਾਈ ਹੈ । ਇਹ ਮਾਘ ਮਹਾਂ ਦੁਖਦਾਈ ਹੈ
ਕਵਿ ਦੌਲਤ ਤਜ ਅਗਿਆਨ ਸਖੀ । ਮਨਮਤ ਤਜ ਗੁਰਮਤ ਮਾਨ ਸਖੀ
ਗੁਰ ਬਾਝੋਂ ਮਿਲੇ ਨ ਗਿਆਨ ਸਖੀ । ਇਹ ਗੱਲ ਮਸ਼ਹੂਰ ਜਹਾਨ ਸਖੀ
ਗੁਰ ਬਿਨ ਗਤ ਕਿਸੇ ਨ ਪਾਈ ਹੈ । ਇਹ ਮਾਘ ਮਹਾਂ ਦੁਖਦਾਈ ਹੈ

## ਮਾਹ ਫੱਗਣ

### ਦੋਹਰਾ

ਫਾਗਣ ਫਲ ਸਭ ਉਨ੍ਹਾ ਨੂੰ ਜਿਨ ਕੇ ਘਰ ਨਿਜ ਕੰਤ ।
ਸਦਾ ਫਾਗ ਹੈ ਤਿਨਾ ਨੂੰ ਆਠੋਂ ਜਾਮ ਬਸੰਤ ।।

## ਕਾਫੀ

ਇਸ ਫਾਗਣ ਮੇਂ ਫਲ ਚਾਰ ਸਖੀ।
ਇਕ ਧਰਮ ਦੂਤ ਹਰਿ ਧਾਮ ਕੁੜੇ। ਤ੍ਰਿਤੀ ਅਰਥ ਚਤੁਰਥੇ ਕਾਮ ਕੁੜੇ
ਮਨ ਬਾਂਛਿਤ ਮਿਲੇ ਆਰਾਮ ਕੁੜੇ। ਪੀ ਪ੍ਰੇਮ ਕੈਫ ਦਾ ਜਾਮ ਕੁੜੇ
ਨਿਤ ਨੈਨੀਂ ਰਹੇ ਖ਼ੁਮਾਰ ਸਖੀ। ਇਸ ਫਾਗਣ ਮੇਂ ਫਲ ਚਾਰ ਸਖੀ
ਮੈਂ ਫਾਗਣ ਦਾ ਫਲ ਪਾਇਆ ਹੈ। ਦਿਲ ਮੇਂ ਦਿਲਬਰ ਦ੍ਰਿਸ਼ਟਾਇਆ ਹੈ
ਉਸ ਮੈਨੂੰ ਮਾਰ ਮੁਕਾਇਆ ਹੈ। ਨਿੱਤ ਆਵਣ ਜਾਣ ਚੁਕਾਇਆ ਹੈ
ਅਬ ਮਿਟ ਗਏ ਸਭੀ ਵਿਕਾਰ ਸਖੀ। ਇਸ ਫਾਗਣ ਮੇਂ ਫਲ ਚਾਰ ਸਖੀ
ਜੋ ਪੜ੍ਹੇ ਇਸੇ ਮਨ ਲਾਵੇ ਜੀ। ਸਭ ਲਿਖਿਆ ਕਰਮ ਕਮਾਵੇ ਜੀ
ਹਰਦਮ ਹਰਿ ਕੇ ਗੁਣ ਗਾਵੇ ਜੀ। ਸੋ ਅੰਤ ਹਰੀ ਪੁਰ ਜਾਵੇ ਜੀ
ਹੋਵੇ ਭਵਜਲ ਤੇ ਪਾਰ ਸਖੀ। ਇਸ ਫਾਗਣ ਦੇ ਫਲ ਚਾਰ ਸਖੀ
ਅਬ ਬਾਰਾਂ ਮਾਸ ਬਿਤੀਤ ਹੂਆ। ਦਿਲ ਮੇਰਾ ਠੰਢਾ ਸੀਤ ਹੂਆ
ਅਜ ਕੁੰਵਰ ਬਸੰਤ ਅਤੀਤ ਹੂਆ। ਕਵਿ ਦੌਲਤਰਾਮ ਨਾ ਚੀਤ ਹੂਆ
ਭਵ ਭ੍ਰਮ ਭੈ ਦੀਆ ਵਿਸਾਰ ਸਖੀ। ਇਸ ਫਾਗਣ ਦੇ ਫਲ ਚਾਰ ਸਖੀ

## ਦੋਹਰਾ

ਵਿਚ ਕੈਦ ਦੇ ਕੁੰਵਰ ਨੂੰ ਗੁਜਰੇ ਬਾਰਾਂ ਮਾਸ।
ਬੁਰਾ ਨਿੱਤ ਦਾ ਕਸ਼ਟ ਹੈ ਹੋਇਆ ਚਿਤ ਉਦਾਸ।

## ਦੋਹਰਾ

ਇਕ ਮਨ ਹੋ ਕੇ ਬੇਨਤੀ ਕਰਦਾ ਕੁੰਵਰ ਬਸੰਤ।
ਅਬ ਮੇਰੀ ਰੱਛਿਆ ਕਰੋ ਦੀਨਬੰਧੁ ਭਗਵੰਤ।।

## ਵਾਕ ਬਸੰਤ-ਮੁਕੰਦ ਛੰਦ

ਪੂਰਨ ਪਰਮਾਤਮਾ ਹੈ ਤੇਰਾ ਨਾਮ ਜੀ। ਤੇਰੇ ਗੁਣ ਗਾਵਦਾ ਹੈਂ ਕਵੀ ਰਾਮ ਜੀ
ਆਠ ਸਾਮ ਚਾਹਾਂ ਮੈਂ ਤੁਮਾਰਾ ਸਾਥ ਜੀ। ਕੱਟ ਮੇਰੇ ਫੰਧ ਦੀਨਨ ਕੇ ਨਾਥ ਜੀ
ਵੇਦ ਔਰ ਪੁਰਾਣ ਜਸ ਤੇਰਾ ਗਾਂਵਦੇ। ਮੈਂ ਭੀ ਹੋਇਆ ਲੀਨ ਵਿਚ ਤੇਰੇ ਨਾ ਦੇ
ਤੂੰਹੀ ਮੇਰੀ ਮਾਤ ਔਰ ਤੂੰਹੀ ਤਾਤ ਜੀ। ਕੱਟ ਮੇਰੇ ਫੰਧ ਦੀਨਨ ਕੇ ਨਾਥ ਜੀ
ਦ੍ਰੋਪਦੀ ਕੀ ਲਾਜ ਕਾਜ ਧਾਏ ਆਪ ਜੀ। ਵੇਸਵਾ ਦੇ ਰਤੀ ਨਾ ਵਿਸਾਰੇ ਪਾਪ ਜੀ
ਰਾਖਿਓ ਪ੍ਰਹਿਲਾਦ ਆਪ ਦੇ ਕੇ ਹਾਥ ਜੀ। ਕੱਟ ਮੇਰੇ ਫੰਧ ਦੀਨਨ ਕੇ ਨਾਥ ਜੀ
ਵਿਪ੍ਰ ਰੂਪ ਧਾਰ ਠਾਢੇ ਬਲ ਦਵਾਰਜੀ। ਹੋਇਕੇ ਦਿਆਲ ਓਹ ਭੀ ਦਿਤਾ ਤਾਰ ਜੀ
ਓਸਨੂੰ ਦਿਖਾਂਵਦੇ ਹਮੇਸ਼ ਨਾਥ ਜੀ। ਕਟ ਮੇਰੇ ਫੰਧ ਦੀਨਨ ਕੇ ਨਾਥ ਜੀ
ਅਜਾਮਲ ਤਾਰਿਓ ਨਾ ਲਾਈ ਦੇਰ ਜੀ। ਦੇਰ ਕਿਉਂ ਲਗਾਂਵਦੇ ਹੋ ਮੇਰੀ ਵੇਰ ਜੀ

ਹੱਥ ਜੋੜ ਬੇਨਤੀ ਕਰੇ ਅਨਾਥ ਜੀ । ਕੱਟ ਮੇਰੇ ਫੰਧ ਦੀਨਨ ਕੇ ਨਾਥ ਜੀ
ਦੇਖ ਕੇ ਪ੍ਰੇਮ ਰਵਿਦਾਸ ਤਾਰਿਆ । ਧੰਨਾ ਜੱਟ ਏਕ ਪਲ ਮੇਂ ਉਧਾਰਿਆ
ਸਧਨੇ ਕਸਾਈ ਦੀ ਨਾ ਪੁੱਛੀ ਜ਼ਾਤ ਸੀ । ਕੱਟ ਮੇਰੇ ਫੰਧ ਦੀਨਨ ਕੇ ਨਾਥ ਜੀ
ਗਜ ਕੋ ਗ੍ਰਹਿ ਤੇ ਛੁਡਵਾਯੋ ਪਲ ਮੇਂ । ਕਿਰਨੀ ਕੇ ਅੰਡਾ ਰਾਖ ਲੀਨ ਦਲ ਮੇਂ
ਜਹਾਂ ਤਹਾਂ ਤੁਮ ਹੀ ਸਹਾਈ ਨਾਥ ਜੀ । ਕੱਟ ਮੇਰੇ ਫੰਧ ਦੀਨਨ ਕੇ ਨਾਥ ਜੀ
ਕਵਿਤਾ ਹਮੇਸ਼ ਗਾਵਤ ਅਨੰਤ ਜੀ । ਕੋਈ ਨਹੀਂ ਪਾਂਵਦਾ ਹੈ ਤੇਰਾ ਅੰਤ ਜੀ
ਦੌਲਤਰਾਮ ਲੀਲ੍ਹਾ ਹੈ ਤੇਰੀ ਅਨਾਥ ਜੀ । ਕੱਟ ਮੇਰ ਫੰਧ ਦੀਨਨ ਕੇ ਨਾਥ ਜੀ

### ਦੋਹਰਾ

ਅਰਜ਼ਾਂ ਕਰਦੇ ਕੁੰਵਰ ਨੂੰ ਹੋਇਆ ਸਾਲ ਬਤੀਤ ।
ਰੱਬ ਉਨ੍ਹਾਂ ਨੂੰ ਬਖ਼ਸ਼ਦਾ ਸਾਫ ਜਿਨ੍ਹਾਂ ਦੀ ਨੀਤ ।

### ਦੁਵੱਈਆ ਛੰਦ

ਬਰਸ ਰੋਜ਼ ਪੂਰਾ ਹੋਇਆ ਆਇਆ ਇਕ ਸੁਦਾਗਰ
ਅਚਨਚੇਤ ਜਹਾਜ਼ ਓਸਦਾ ਅਟਕ ਗਿਆ ਵਿਚ ਸਾਗਰ
ਟੁਰੇ ਜਹਾਜ਼ ਨਾ ਹਰਗਿਜ਼ ਯਾਰੋ ਜ਼ੋਰ ਬਹੁਤੇਰਾ ਲਾਇਆ
ਛੇਕੜ ਉਸਨੇ ਸੱਦ ਜੋਤਸ਼ੀ ਕੁਲ ਹਵਾਲ ਸੁਨਾਇਆ
ਕਹੇ ਸੁਦਾਗਰ ਸੁਣੋ ਜੋਤਸ਼ੀ ਕਰੋ ਕੋਈ ਤੁਮ ਚਾਰਾ
ਐਸਾ ਜਤਨ ਬਤਾਓ ਜਿਸ ਬਿਧ ਟੁਰੇ ਜਹਾਜ਼ ਹਮਾਰਾ
ਜਿਸ ਬਿਧੀ ਟੁਰੇ ਜਹਾਜ਼ ਹਮਾਰਾ ਸੋਈ ਬਿਧੀ ਬਤਾਓ
ਦਿਆਂ ਦਖਸ਼ਣਾ ਰਾਜ਼ੀ ਹੋ ਕੇ ਜੋ ਮਾਂਗੋ ਸੋ ਪਾਓ
ਕਹੇ ਜੋਤਸ਼ੀ ਸੁਣੋ ਸੁਦਾਗਰ ਪੁਸਤਕ ਕਹੇ ਹਮਾਰਾ
ਭੇਟ ਆਦਮੀ ਕੀ ਤੁਮ ਦੇਵੋ ਟੁਰੇ ਜਹਾਜ਼ ਤੁਮਾਰਾ
ਭੇਟ ਆਦਮੀ ਕੀ ਇਸ ਜਗ੍ਹਾ ਇਸੀ ਵਕਤ ਤੁਮ ਦੀਜੋ
ਔਰ ਵਿਧੀ ਸੇ ਤੁਰੇ ਨਾ ਬੇੜਾ ਲਾਖ ਯਤਨ ਤੁਮ ਕੀਜੋ
ਸੁਣ ਕੇ ਇਤਨੀ ਗੱਲ ਸੁਦਾਗਰ ਲੱਖ ਲੱਖ ਫਿਕਰ ਦੁੜਾਵੇ
ਇਸ ਜਗ੍ਹਾ ਪਰ ਬੰਦਾ ਮੈਨੂੰ, ਹਰਗਿਜ ਹੱਥ ਨਾ ਆਵੇ
ਕਹੇ ਜੋਤਸ਼ੀ ਸ਼ਾਹੂਕਾਰ ਨੂੰ ਤੈਨੂੰ ਮੈਂ ਸਮਝਾਵਾਂ
ਜਿਸ ਬਿਧ ਬੰਦਾ ਲੱਭੇ ਤੁਝ ਕੋ ਸੋ ਤਦਬੀਰ ਬਤਾਵਾਂ
ਐਸ ਵਕਤ ਨਜ਼ਰ ਤੁਮ ਲੈ ਕੇ ਬਾਦਸ਼ਾਹ ਢਿਗ ਜਾਓ
ਬਾਦਸ਼ਾਹ ਕੇ ਆਗੇ ਜਾ ਕੇ ਨਜ਼ਰ ਨਿਆਜ਼ ਟਿਕਾਓ
ਦੀਨ ਭਾਵ ਸੇ ਦਸਤ ਜੋੜ ਕਰ ਸਾਰਾ ਹਾਲ ਸੁਣਾਓ

ਜੇਕਰ ਦਿਆਲ ਹੋਵੇ ਪਰਮੇਸ਼ਵਰ ਕੈਦੀ ਮੰਗ ਲਿਆਓ
ਸ਼ਾਹੂਕਾਰ ਬਾਤ ਇਹ ਸੁਣ ਕੇ ਉਸੀ ਵਕਤ ਉਠ ਧਾਇਆ
ਲੈ ਕੇ ਨਜ਼ਰ ਹਸੀਅਤ ਮੂਜਬ ਪਾਸ ਰੂਪ ਦੇ ਆਇਆ
ਸ਼ਾਹੂਕਾਰ ਰੂਪ ਕੇ ਆਗੇ ਆ ਕਰ ਨਜ਼ਰ ਟਿਕਾਈ
ਦੋਵੇਂ ਦਸਤ ਜੋੜ ਕੇ ਆਪਣੀ ਹਾਲਤ ਕੁਲ ਸੁਣਾਈ
ਮੈਂ ਪ੍ਰਦੇਸੀ ਦੇਸ ਤੇਰੇ ਵਿਚ ਵਨਜ ਕਰਨ ਨੂੰ ਆਇਆ
ਵਿਚ ਪ੍ਰਦੇਸ ਮੇਰੇ ਪਰ ਸ਼ਾਹਾ ਭਾਣਾ ਹਰ ਵਰਤਾਇਆ
ਤੈਨੂੰ ਤਖ਼ਤ ਦਿੱਤਾ ਰਬ ਆਲਮ ਤੂੰ ਮੁਲਕਾ ਦਾ ਮਾਲਕ
ਮੈਂ ਪ੍ਰਦੇਸੀ ਸ਼ਰਣ ਤੁਮਾਰੀ ਕਰੋ ਮੀਰ ਰੱਛ ਪਾਲਕ
ਵਿਚ ਸਾਗਰ ਦੇ ਬੇੜਾ ਮੇਰਾ ਅਟਕ ਗਿਆ ਸ਼ਾਹ ਮੇਰੇ
ਟੁਰੇ ਜਹਾਜ਼ ਨਾ ਹਰਗਿਜ਼ ਸ਼ਾਹਾ ਕੀਤੇ ਜਤਨ ਬਹੁਤੇਰੇ
ਛੇਕੜ ਮੈਨੇ ਸੱਦ ਜੋਤਸ਼ੀ ਕੁਲ ਹਵਾਲ ਪੁਛਾਇਆ
ਭੇਟ ਆਦਮੀ ਕੀ ਤੁਮ ਦੇਹੋ ਇਹ ਉਸ ਨੇ ਫੁਰਮਾਇਆ
ਇਹ ਗੱਲ ਸੁਣ ਕੇ ਦਿਲ ਮੇਰੇ ਨੂੰ ਲੱਗੀ ਬਹੁਤ ਹੈਰਾਨੀ
ਬੰਦਾ ਮਿਲਣਾ ਮੁਸ਼ਕਲ ਸਾਹਾ ਹੋਈ ਮੁਝੇ ਹੈਰਾਨੀ
ਏਸ ਲਈ ਬਾਦਸ਼ਾਹ ਆ ਕਰ ਪਿਆ ਸ਼ਰਣ ਮੈਂ ਤੇਰੀ
ਕੈਦੀ ਏਕ ਬਖ਼ਸ਼ ਦੇ ਮੈਨੂੰ ਪੂਰੋ ਆਸ਼ਾ ਮੇਰੀ
ਸ਼ਾਹੂਕਾਰ ਰੂਪ ਕੇ ਆਗੇ ਰੋ ਰੋ ਅਰਜ਼ ਸੁਣਾਈ
ਸੁਣ ਕੇ ਅਰਜ਼ ਸੁਦਾਗਰ ਸਦੀ ਮੇਹਰ ਰੂਪ ਨੂੰ ਆਈ
ਚੋਬਦਾਰ ਨੂੰ ਘੱਲ ਰੂਪ ਨੇ ਕੋਤਵਾਲ ਸਦਵਾਇਆ
ਕੈਦੀ ਏਕ ਦੇ ਦਿਓ ਇਸ ਨੂੰ ਏਹੋ ਹੁਕਮ ਚੜ੍ਹਾਇਆ
ਕੋਤਵਾਲ ਨੂੰ ਕਹਿਆ ਰੂਪ ਨੇ ਦੇਰ ਨ ਹਰਗਿਜ਼ ਲਾਓ
ਜ਼ਾਲਮ ਕੈਦੀ ਖ਼ੂਨੀ ਕੋਈ ਇਸ ਦੇ ਹੱਥ ਫੜਾਓ
ਇਤਨਾ ਹੁਕਮ ਰੂਪ ਦਾ ਸੁਣ ਕੇ ਉਹ ਕੁਤਵਾਲ ਕਸਾਈ
ਲੈ ਕੇ ਸਾਥ ਸੁਦਾਗਰ ਤਾਈਂ ਆਇਆ ਕਰ ਕੇ ਧਾਈ
ਕੈਦੋਂ ਕੱਢ ਬਸੰਤ ਕੁੰਵਰ ਨੂੰ ਉਸ ਕੁਤਵਾਲ ਮੁਕਾਲੇ
ਓਸ ਸੁਦਾਗਰ ਦੇ ਉਸ ਜ਼ਾਲਮ ਕੀਤਾ ਆਣ ਹਵਾਲੇ
ਲੈ ਕਰ ਸਾਥ ਬਸੰਤ ਕੁੰਵਰ ਨੂੰ ਸ਼ਾਹੂਕਾਰ ਵਪਾਰੀ
ਨਾਲ ਖ਼ੁਸ਼ੀ ਦੇ ਤੁਰ ਪਿਆ ਯਾਰੋ ਪਿੱਛੇ ਨਗਰੀ ਸਾਰੀ
ਜੋ ਕੋਈ ਦੇਖੇ ਸ਼ਕਲ ਕੁੰਵਰ ਦੀ ਲੱਗਦੀ ਸਭ ਨੂੰ ਪਿਆਰੀ
ਪੇਸ਼ ਕਿਸੇ ਦੀ ਮੂਲ ਨਾ ਜਾਵੇ ਰੋਵੇ ਸਭ ਨਰ ਨਾਰੀ
ਏਸੇ ਤਰ੍ਹਾਂ ਸਣੇ ਸਭ ਨਗਰੀ ਆਏ ਸਿੰਧ ਕਿਨਾਰੇ

ਸ਼ਾਹੂਕਾਰ ਬਸੰਤ ਕੁੰਵਰ ਨੂੰ ਬਚਨ ਕਠੋਰ ਉਚਾਰੇ
ਆਖੇ ਸ਼ਾਹੂਕਾਰ ਕੁੰਵਰ ਨੂੰ ਖਾ ਲੈ ਜੋ ਕੁਝ ਖਾਣਾ
ਦੋ ਘੜੀਆਂ ਦੇ ਅੰਦਰ ਅੰਦਰ ਤੈਨੂੰ ਕਤਲ ਕਰਾਣਾ
ਇਹ ਗੱਲ ਸੁਣ ਕੇ ਕੁੰਵਰ ਬਸੰਤਾ ਹਰਖ ਸੋਗ ਨਹੀਂ ਕਰਦਾ
ਕਰ ਇਸ਼ਨਾਨ ਸਮੁੰਦਰ ਵਿਚੋਂ ਧਿਆਨ ਹਰੀ ਦਾ ਧਰਦਾ
ਅਬ ਤੁਮ ਰੱਖਿਆ ਕਰੋ ਹਮਾਰੀ ਦੀਨਬੰਧੁ ਭਗਵੰਤਾ
ਦੁਇ ਹੱਥ ਜੋੜ ਕਰ ਬੰਨਤੀ ਕਰਦਾ ਤੁਮਰਾ ਦਾਸ ਬਸੰਤਾ
ਲੀਜੋ ਸਾਰ ਬੇਗ ਅਬ ਮੇਰੀ ਕਿਰਪਾਨਿਧ ਦਿਆਲੂ
ਅਬ ਨਾਰਾਇਨ ਬਾਝ ਆਪ ਦੇ ਕੌਣ ਮੇਰਾ ਰੱਛਪਾਲੂ
ਪ੍ਰਿਥਮੇ ਤੁਮ ਸੂਲੀ ਤੇ ਰਾਖਿਆ ਭਗਤ ਵੱਛਲ ਰਘੁਰਾਇਆ
ਫੇਰ ਸਰਪ ਦੀ ਮੌਤੋਂ ਹਰਿ ਜੀ ਤੁਮ ਨੇ ਆਣ ਬਚਾਇਆ
ਇਸ ਦੇ ਬਾਦ ਜ਼ਖ਼ਮ ਗਰਦਨ ਪਰ ਕੋਤਵਾਲ ਨੇ ਲਾਇਆ
ਉਥੇ ਸਾਰ ਲਈ ਤੈਂ ਰਾਮਾ ਮੋਇਆ ਫੇਰ ਜਿਵਾਇਆ
ਫੇਰ ਕੈਦ ਦੇ ਵਿਚ ਮੇਰੀ ਤੈਂ ਰੱਛਿਆ ਕਰੀ ਮੁਰਾਰੀ
ਅਬ ਤੁਮ ਰਾਖੋ ਪ੍ਰਾਣ ਹਮਾਰੇ ਸਾਂਵਰੀਆ ਗਿਰਧਾਰੀ
ਦੀਨਾ ਨਾਥ ਗੋਪਾਲ ਦਮੋਦਰ ਸਰਬ ਘਟਾ ਕੇ ਵਾਸੀ
ਹੇ ਮਾਧੋ ਗੋਬਿੰਦ ਸੁਆਮੀ ਪਾਰਬ੍ਰਹਮ ਅਬਿਨਾਸੀ
ਹੇ ਅਘਹਰਣ ਧਰਮ ਕੇ ਪਾਲਕ ਹੇ ਸੰਤਾ ਕੇ ਪਿਆਰੇ
ਜਿਤ ਵਲ ਦੇਖਾ ਤੂੰਹੀਓ ਦਿਸਦਾ ਬਿਆਪ ਰਿਹਾ ਤੂੰ ਸਾਰੇ
ਪਤਿਤ ਉਧਾਰਣ ਨਾਮ ਤੇਰਾ ਹੈ ਭਗਤਾਂ ਕੇ ਦੁੱਖ ਹਰਤਾ
ਤੂੰ ਨਿਰਗੁਣ ਤੂੰ ਸਰਗੁਣ ਹਰਿ ਜੀ ਤੂੰ ਕਾਰਣ ਤੂ ਕਰਤਾ
ਤੂੰ ਅਲੇਖ ਬੇਅੰਤ ਸੁਆਮੀ ਵੇਦ ਭੇਤ ਨਾ ਪਾਵੇ
ਸ਼ੇਸ ਮਹੇਸ਼ ਰਟੇ ਹਰਿ ਤੁਮ ਕੋ ਅੰਤ ਨਾ ਤੁਮਦਾ ਆਵੇ
ਮਾਤ ਸਾਰਦਾ ਪਾਰ ਨਾ ਪਾਵੇ ਤੁਮਰਾ ਅੰਤਰਯਾਮੀ
ਮੈਂ ਕਿਆ ਉਸਤਤਿ ਕਰਾ ਤੁਮਾਰੀ ਮਹਾਂ ਮੂੜ ਸਠ ਕਾਮੀ
ਔਗਣਹਾਰ ਕੋਈ ਗੁਣ ਨਾਹੀਂ ਰਾਖੋ ਦੀਨ ਦਿਆਲਾ
ਹੇ ਭਗਵਾਨ ਕਰੋ ਅਬ ਕਿਰਪਾ ਕੱਟ ਮੇਰੇ ਦੁੱਖ ਜਾਲਾ
ਇਤਨੀ ਅਰਜ਼ ਸੁਣੀ ਨਾਰਾਇਣ ਹੋ ਗਏ ਤੁਰਤ ਦਿਆਲਾ
ਦੌਲਤ ਰਾਮ ਭਗਤ ਦੇ ਕਾਰਨ ਪ੍ਰਗਟ ਭਏ ਤਤਕਾਲਾ
ਹਰਿ ਜੀ ਵੱਸ ਪ੍ਰੇਮ ਦੇ ਯਾਰੋ ਕੋਈ ਭਗਤਿ ਕਮਾਵੇ
ਚਾਰ ਵਰਣ ਮੇਂ ਕੋਈ ਹੋਵੇ ਜੋ ਕਰਤਾ ਸੋ ਪਾਵੇ
ਜ਼ਾਤ ਪਾਤ ਨਹੀਂ ਪੁੱਛੇ ਕੋਈ ਭਗਤਿ ਹਰੀ ਨੂੰ ਪਿਆਰੀ

ਕਿਆ ਬਾਲਕ ਕਿਆ ਕੰਨਿਆ ਹੋਵੇ ਕਿਆ ਪੁਰਖਾ ਕਿਆ ਨਾਰੀ
ਬੇਰ ਭੀਲਣੀ ਕੇ ਹਰਿ ਖਾਏ ਪ੍ਰੇਮ ਫਾਸ ਉਸ ਪਾਈ
ਸੂਆ ਪੜਾਵਤ ਗਨਕਾ ਤਾਰੀ ਦੇਰ ਰਤੀ ਨਾ ਲਾਈ
ਸੈਨ ਨਾਈ ਸਧਨਾ ਕਾਸਾਈ ਤਾਰੀ ਮੀਰਾ ਬਾਈ
ਨਾਮ ਦੇਵ ਜੀ ਧੇਨ ਹਰੀ ਨੇ ਮੋਈ ਫੇਰ ਜਿਵਾਈ
ਧੰਨਾ ਜੱਟ ਅਜਾਮਲ ਪਾਪੀ ਰਾਮਦਾਸ ਚਮਿਆਰਾ
ਬਾਲਮੀਕ ਪਾਪੀ ਦਾ ਕੀਤਾ ਪਲਕ ਬੀਚ ਨਿਸਤਾਰਾ
ਜੱਲ੍ਹਣ ਜੱਟ ਕਬੀਰ ਜੁਲਾਹਾ ਪੇਜਾ ਦਾਦੂ ਤਾਰਿਓ
ਜਿਸ ਜਨ ਧਿਆਨ ਧਰਾ ਹਰਿ ਤੁਮਰਾ ਭਵਜਲ ਪਾਰ ਉਤਾਰਿਓ
ਕਿਆ ਕਿਆ ਉਸਤਤਿ ਕਰਾਂ ਤੁਮਾਰੀ ਤੂੰ ਬੇਅੰਤ ਬੇਅੰਤਾ
ਬੇਗ ਲਵੋ ਅਬ ਸਾਰ ਹਮਾਰੀ ਪੂਰਨ ਪੁਰਖ ਅਨੰਤਾ
ਜਿਸ ਪਰ ਦ੍ਰਿਸਟ ਦਇਆ ਦੀ ਕੀਤੀ ਸੋਈ ਪਾਰ ਉਤਾਰਾ
ਭਗਤਾ ਕਾਰਨ ਹਰਿ ਜੀ ਤੁਮ ਨੇ ਧਰ ਚਵ੍ਹੀ ਅਵਤਾਰਾ
ਵਾਰੋ ਵਾਰ ਭਗਤ ਜਨ ਤਾਰੇ ਆਈ ਵਾਰੀ ਮੇਰੀ
ਅੰਤ ਵਕਤ ਅਬ ਆਇਆ ਹਰਿ ਜੀ ਕੇਹੀ ਲਗਾਈ ਦੇਰੀ
ਤੁਮਰੀ ਸਰਣ ਪਿਆ ਮੈਂ ਪ੍ਰਭ ਜੀ ਦੀਨਾ ਬੰਧੁ ਤਕਾ ਕੇ
ਦੌਲਤ ਰਾਮ ਨੀਚ ਦੀ ਸੁਆਮੀ ਬੇਗ ਲਵੋ ਸੁਧ ਆ ਕੇ

### ਦੋਹਰਾ

ਜਬ ਇਤਨੀ ਬਿਨਤੀ ਕਰੀ ਪ੍ਰਗਟੇ ਦੀਨਾ ਨਾਥ
ਅੰਤਕਾਲ ਕੇ ਵਕਤ ਮੇਂ ਰਾਖਿਓ ਦੇ ਕਰ ਹਾਥ ।

### ਦੋਹਰਾ

ਹਿਰਦੇ ਵਿਚ ਬਸੰਤ ਦੇ ਦਿਤਾ ਹਰੀ ਗਿਆਨ ।
ਛਿੱਟ ਲਹੂ ਦੀ ਸਿੱਟ ਤੂੰ ਹੋਵੇ ਨਾਵ ਰਵਾਨ ।।

### ਵਾਕ ਕਵੀਸ਼ਰ ਵਾ ਹਾਲ ਚਲਣਾ ਜਹਾਜ਼ ਕਾ

ਚੀਚੀ ਚੀਰ ਕੇ ਲਹੂ ਦੀ ਛਿੱਟ ਪਾਈ ਓਸੇ ਵਕਤ ਟੁਰ ਪਿਆ ਜਹਾਜ਼ ਲੋਕੋ
ਦੀਨਾ ਨਾਥ ਭਗਵਾਨ ਨੇ ਕਰੀ ਕਿਰਪਾ ਪੂਰਨ ਹੋਏ ਬਸੰਤ ਦੇ ਕਾਜ ਲੋਕੋ
ਅੰਖੇ ਵਕਤ ਉਤੇ ਭਗਤਾ ਧਰਮੀਆ ਦਾ ਰਾਖਾ ਆਪ ਗਰੀਬ ਨਵਾਜ ਲੋਕੋ
ਭਰੀ ਸਭਾ ਦੇ ਵਿਚ ਦਰੋਪਤੀ ਦੀ ਰੱਖੀ ਆਪ ਭਗਵਾਨ ਨੇ ਲਾਜ ਲੋਕੋ
ਦੌਲਤ ਰਾਮ ਉਸ ਮਰਦ ਨੂੰ ਕੌਣ ਮਾਰੇ ਰੱਖੇ ਆਪ ਜਿਸ ਨੂੰ ਮਹਾਰਾਜ ਲੋਕੋ

## ਹਾਲ ਸੁਦਾਗਰ ਵਾ ਬਸੰਤ ਕਾ

ਸਾਹੂਕਾਰ ਨੇ ਕੁੰਵਰ ਬਸੰਤ ਤਾਈਂ ਫੜ ਕੇ ਵਿਚ ਜਹਾਜ਼ ਚੜ੍ਹਾ ਲਿਆ ਜੇ
ਕਰ ਕੇ ਧਰਮ ਬਸੰਤ ਦੇ ਨਾਲ ਯਾਰੋ ਉਸ ਨੂੰ ਧਰਮ ਦਾ ਪੁੱਤ ਬਣਾ ਲਿਆ ਜੇ
ਲੋਕੋ ਗਰਜ ਜਹਾਨ ਤੇ ਬਹੁਤ ਪਿਆਰੀ ਗਰਜ਼ ਵਾਸਤੇ ਪਿਆਰ ਵਧਾ ਲਿਆ ਜੇ
ਮਤਾਂ ਫੇਰ ਜਹਾਜ਼ ਨਾ ਡੁਬ ਜਾਏ ਏਸੇ ਵਾਸਤੇ ਕੁੰਵਰ ਬਿਠਾ ਲਿਆ ਜੇ
ਕੋਤਵਾਲ ਦਾ ਖ਼ੌਫ ਭੀ ਦੂਰ ਹੋਇਆ ਨਾਲੇ ਕੁੰਵਰ ਨੂੰ ਰੱਬ ਬਚਾ ਲਿਆ ਜੇ
ਚੰਗਾ ਖਾਵਦਾ ਖ਼ੂਬ ਹੰਢਾਣ ਲੱਗਾ ਸੱਚੇ ਰੱਬ ਦਾ ਸ਼ੁਕਰ ਬਜਾ ਲਿਆ ਜੇ
ਉਸ ਦੇ ਫਿਕਰ ਅੰਦੇਸੜੇ ਦੂਰ ਹੋਏ ਜਿਸ ਨੇ ਰਾਮ ਦਾ ਨਾਮ ਧਿਆ ਲਿਆ ਜੇ
ਦੌਲਤ ਰਾਮ ਉਸ ਮਰਦ ਨੂੰ ਕੌਣ ਧੱਕੇ ਜਿਸ ਨੂੰ ਰੱਬ ਸੱਚੇ ਲੜ ਲਾ ਲਿਆ ਜੇ

## ਜਹਾਜ਼ ਦਾ ਬਰਮਾ ਦੇਸ਼ ਵਿਚ ਜਾਣਾ

ਲੈ ਕੇ ਨਾਮ ਭਗਵਾਨ ਦਾ ਵਕਤ ਉਸੇ ਸ਼ਾਹੂਕਾਰ ਜਹਾਜ਼ ਚਲਾਇਆ ਸੀ
ਪੰਜ ਮਾਹ ਸਮੁੰਦਰ ਦੇ ਵਿਚ ਗੁਜਰੇ ਕੁੰਵਰ ਖੁਸ਼ੀ ਦਾ ਵਕਤ ਲੰਘਾਇਆ ਸੀ
ਛੇਵੇਂ ਮਹਾ ਜਾ ਕੇ ਬ੍ਰਹਮਾ ਦੇਸ਼ ਅੰਦਰ ਸਾਹੂਕਾਰ ਜਹਾਜ਼ ਲਗਾਇਆ ਸੀ
ਕਾਮ ਰੂਪ ਦਾ ਸੀ ਓਥੇ ਰਾਜ ਲੋਕੋ ਜਿਥੇ ਜਾ ਜਹਾਜ਼ ਅਟਕਾਇਆ ਸੀ
ਸਾਹੂਕਾਰ ਨੇ ਮਾਲ ਉਤਾਰ ਕੇ ਤੇ ਤੰਬੂ ਬਾਗ ਦੇ ਵਿਚ ਗਡਾਇਆ ਸੀ
ਕੁਝ ਵੇਚਦਾ ਕੁਝ ਖਰੀਦ ਕਰਦਾ ਜਿਸ ਦੇ ਵਾਸਤੇ ਦੇਸ ਤੋਂ ਆਇਆ ਸੀ
ਸਾਹੂਕਾਰ ਪਰਦੇਸੀ ਦਾ ਨਾਮ ਸੁਣ ਕੇ ਸਹਿਰ ਦੇਖਣੇ ਨੂੰ ਉਠ ਧਾਇਆ ਸੀ
ਜੇੜ੍ਹਾ ਵੇਖਦਾ ਕੁੰਵਰ ਦੀ ਸਕਲ ਤਾਈਂ ਉਸ ਨੇ ਅਕਲ ਤੇ ਹੋਸ ਗਵਾਇਆ ਸੀ
ਸਭ ਦੇ ਨੈਣ ਬਸੰਤ ਦੀ ਤਰਫ ਲੱਗੇ ਕੰਵਰ ਕੁਲ ਦਾ ਚਿਤ ਚੁਰਾਇਆ ਸੀ
ਦੌਲਤ ਰਾਮ ਬਸੰਤ ਦੇ ਭਾਗ ਜਾਗੇ ਦੇਖ ਰੱਬ ਸਬੱਬ ਬਣਾਇਆ ਸੀ

## ਵਾਕ ਕਵੀਸ਼ਰ ਸਿਫ਼ਤ ਬਸੰਤ ਕੀ

ਸੂਰਤ ਕੁੰਵਰ ਦੀ ਯੂਸਫੋਂ ਵਧ ਆਹੀ ਜੇਹੜਾ ਵੇਖਦਾ ਚਿੱਤ ਅਨੰਦ ਹੋਵੇ
ਬਿਜਲੀ ਵਾਗ ਮੱਥਾ ਦਮਕਾ ਮਾਰਦਾ ਸੀ ਜਿਵੇਂ ਚੰਧਵੀ ਰਾਤ ਦਾ ਚੰਦ ਹੋਵੇ
ਜਦੋਂ ਨਜ਼ਰ ਆਸਮਾਨ ਦੀ ਤਰਫ ਕਰਦਾ ਹਥੋਂ ਚੰਦ ਦੀ ਜੋਤ ਭੀ ਮੰਦ ਹੋਵੇ
ਲੋਕਾ ਵਿਚ ਬਸੰਤ ਸੁਹਾਂਵਦਾ ਸੀ ਜਿਵੇਂ ਗੋਪੀਆ ਵਿਚ ਮੁਕੰਦ ਹੋਵ
ਠੋਡੀ ਸਾਫ ਸੀ ਸਾਫ ਬਲੌਰ ਕੋਲੋ ਸਰਮਸਾਰ ਮੋਤੀ ਵੇਖ ਦੰਦ ਹੋਵੇ
ਮਿੱਠੇ ਬੋਲਦਾ ਬੋਲ ਅਰਫਾਨ ਵਾਂਗੂੰ ਸੀਰੀਦਾਰ ਦੁਆਬੇ ਦੀ ਕੰਦ ਹੋਵੇ
ਸਭ ਲੋਕ ਬਸੰਤ ਦੀ ਸਿਫਤ ਕਰਦੇ ਰਾਜ਼ੀ ਸਾਰਿਆਂ ਦਾ ਬੰਦੇ ਬੰਦ ਹੋਵੇ
ਦੌਲਤ ਰਾਮ ਜ਼ਬਾਨ ਤੇ ਸੁਖਨ ਕਰੀਏ ਜਿਸ ਦੇ ਸੁਣਦਿਆ ਸਰਬ ਅਨੰਦ ਹੋਵੇ

## ਹਾਲ ਕਾਮ ਰੂਪ ਦੀ ਬੇਟੀ ਚੰਦਰ ਬਦਨ ਦਾ

ਕਾਮ ਰੂਪ ਦੇ ਘਰੀ ਸੀ ਇਕ ਲੜਕੀ ਖ਼ਲਕਤ ਕੁਲ ਉਸ ਦਾ ਜਸ ਗਾਂਵਦੀ ਸੀ
ਚੰਦਰ ਬਦਨ ਸੀ ਓਸਦਾ ਨਾਮ ਯਾਰੋ ਨਿੱਤ ਰਾਮ ਦਾ ਨਾਮ ਧਿਆਂਵਦੀ ਸੀ
ਨਰਮ ਤਬ੍ਹਾ ਆਹੀ ਜੱਤ ਸੱਤ ਵਾਲੀ ਵਿਦਯਾਵਾਨ ਦਨਾ ਸਦਾਂਵਦੀ ਸੀ
ਪੁੰਨਦਾਨ ਅਨੇਕ ਪ੍ਰਕਾਰ ਕਰਦੀ ਦੌਲਤ ਰੱਬ ਦੇ ਨਾਮ ਲੁਟਾਵਦੀ ਸੀ
ਉਸਦੀ ਸਕਲ ਬਹਿਸਤ ਦੀ ਹੂਰ ਵਾਗੂੰ ਹੱਥੋਂ ਹੂਰ ਭੀ ਦੇਖ ਸਰਮਾਵਦੀ ਸੀ
ਮਾਪੇ ਜ਼ੋਰ ਬਹੁਤੇਰੜਾ ਲਾਇ ਚੁੱਕੇ ਐਪਰ ਵਿਆਹ ਨਾ ਮੂਲ ਕਰਾਂਵਦੀ ਸੀ
ਬੀਸ ਬਰਸ ਦੀ ਆਰਜਾ ਆਣ ਹੋਈ ਜੋਬਨ ਮੁਫਤ ਦੇ ਵਿਚ ਗਵਾਵਦੀ ਸੀ
ਉਸ ਦੇ ਚਿੱਤ ਦੀ ਅਸਲ ਮੁਰਾਦ ਏਹੋ ਅੱਖੀਂ ਦੇਖਿਆ ਪਤੀ ਉਹ ਚਾਹਵਦੀ ਸੀ
ਦੌਲਤ ਰਾਮ ਭਗਵਾਨ ਨੇ ਮੇਲ ਦਿਤੀ ਜੇਹੜੀ ਗੱਲ ਉਸ ਦੇ ਮਨ ਭਾਂਵਦੀ ਸੀ

## ਵਜ਼ੀਰ ਦੀ ਲੜਕੀ ਦਾ ਫੁੱਲਾਂ ਵਾਸਤੇ ਬਾਗ਼ ਵਿਚ ਆਵਣਾ ਔਰ ਬਸੰਤ ਦੀ ਸ਼ਕਲ ਦੇਖ ਕੇ ਦਿਲ ਮੋਹਤ ਹੋ ਜਾਣਾ

ਕਾਮ ਰੂਪ ਦਾ ਇਕ ਵਜੀਰ ਆਹਾ ਲੜਕੀ ਲੈਣ ਗਈ ਉਸ ਦੀ ਫੁਲ ਯਾਰੋ
ਉਹਨੇ ਕੁੰਵਰ ਬਸੰਤ ਦੀ ਸਕਲ ਡਿੱਠੀ ਗਈ ਹੋਸ ਉਸ ਨਾਰ ਦੀ ਭੁੱਲ ਯਾਰੋ
ਜੱਟੀ ਹੀਰ ਨੂੰ ਰਾਝਣਾ ਨਜਰ ਆਇਆ ਓਸੇ ਵਕਤ ਗਿਆ ਦਿਲ ਡੁੱਲ੍ਹ ਯਾਰੋ
ਝੁੱਲੀ ਇਸਕ ਅੰਧੇਰੜੀ ਜੋਰ ਕਰਕੇ ਦੀਵੇ ਅਕਲ ਦੇ ਹੋ ਗਏ ਗੁੱਲ ਯਾਰੋ
ਹੋਈ ਵਾਂਗ ਤਸਵੀਰ ਵਜ਼ੀਰ ਜਾਦੀ ਪੈਰ ਰਹੇ, ਤੁਰਨੇ ਬਿਲਕੁੱਲ ਯਾਰੋ
ਫੁੱਲਾ ਵਾਸਤੇ ਆਈ ਸੀ ਬਾਗ ਅੰਦਰ ਵਿਕ ਗਈ ਜੇ ਫੁਲਾ ਦੇ ਮੁੱਲ ਯਾਰੋ
ਸੀਸ ਮਗਜ ਉੱਤੇ ਹੁਸਨ ਚੋਟ ਲੱਗੀ ਅਤਰ ਅਕਲ ਵਾਲਾ ਗਿਆ ਡੁੱਲ੍ਹ ਯਾਰੋ
ਮਸਤੀ ਚੜ੍ਹ ਗਈ ਨਾਰ ਨੂੰ ਭੌਰ ਵਾਗੂੰ ਆਇਆ ਨਜਰ ਗੁਲਾਬ ਦਾ ਫੁੱਲ ਯਾਰੋ
ਫੌਜ ਸਰਮ ਦੀ ਨੱਸ ਗਈ ਭਾਜ ਖਾ ਕੇ ਨੇਜੇ ਇਸਕ ਦੇ ਗਏ ਨੇ ਝੁੱਲ ਯਾਰੋ
ਦੌਲਤ ਰਾਮ ਜੇਸਾ ਜਾਦੂ ਰੂਪ ਜੋਬਨ ਜਾਦੂ ਹੋਰ ਨਾ ਏਸ ਦੇ ਤੁੱਲ ਯਾਰੋ

## ਵਜ਼ੀਰ ਦੀ ਲੜਕੀ ਨੇ ਚੰਦਰਬਦਨ ਦੇ ਪਾਸ ਜਾ ਕੇ ਸਿਫ਼ਤ ਕਰਨਾ

ਚੰਦਰ ਬਦਨ ਨੂੰ ਕਹੇ ਵਜ਼ੀਰ ਜਾਦੀ ਸੁਨੀ ਬੀਬੀਏ ਮੇਰੀਏ ਪਿਆਰੀਏ ਨੀ
ਲੱਥਾ ਆਣ ਕੇ ਆਪਣੇ ਬਾਗ ਅੰਦਰ ਕਿਸੇ ਦੇਸ ਦਾ ਕੋਈ ਬਪਾਰੀਏ ਨੀ
ਲੜਕਾ ਇਕ ਹੈ ਉਸ ਦੇ ਨਾਲ ਬੀਬੀ ਸਿਫਤ ਓਸ ਦੀ ਕਿਵੇ ਉਚਾਰੀਏ ਨੀ
ਐਸੀ ਸਕਲ ਭਗਵਾਨ ਨੇ ਘੜੀ ਉਸਦੀ ਜਾਣ ਦੂਸਰਾ ਕ੍ਰਿਸਨ ਮੁਰਾਰੀਏ ਨੀ
ਮੁੱਖ ਵੇਖ ਕੇ ਭੁੱਖ ਸਭ ਦੂਰ ਹੋਵੇ ਗੋਯਾ ਰਾਮ ਚੰਦਰ ਅਵਤਾਰੀਏ ਨੀ
ਐਸਾ ਹੋਰ ਨਾ ਮਰਦ ਜਹਾਨ ਉੱਤੇ ਮੈਨੇ ਦੇਖ ਕੇ ਸੁਧ ਵਸਾਰੀਏ ਨੀ
ਤੇਰੇ ਨਾਲੋਂ ਤਾ ਸੋਹਣਾ ਦਸ ਹਿੱਸੇ ਭਾਵੇ ਕਰੋਧ ਹੀ ਚਿੱਤ ਮੇ ਧਾਰੀਏ ਨੀ

ਦੌਲਤ ਰਾਮ ਐਸਾ ਮਰਦ ਹੱਥ ਲੱਗੇ ਤਨ ਮਨ ਧਨ ਉਸ ਉੱਪਰੋਂ ਵਾਰੀਏ ਨੀ
ਉਸ ਦਾ ਨਾਮ. ਬਸੰਤ ਹੈ ਬੀਬੀਏ ਨੀ ਲੋਕ ਵੇਖਦੇ ਅਜਬ ਖ਼ਿਆਲ ਵਾਂਗੂੰ
ਸਚਮੁਚ ਬਸੰਤ ਬਸੰਤ ਹੈ ਨੀ ਜਲਵਾ ਹੁਸਨ ਦੇ ਉਡਨ ਗੁਲਾਲ ਵਾਂਗੂੰ
ਗੋਯਾ ਰੂਪ ਦਾ ਪਿਆ ਦਰਯਾ ਵੱਗੇ ਮਾਹ ਭਾਦਰੋਂ ਨਦੀ ਉਛਾਲ ਵਾਂਗੂੰ
ਮੁੱਖ ਓਸ ਦਾ ਹੈ ਚੰਦ ਚੌਧਵੀਂ ਦਾ ਮਾਰੇ ਡਲ੍ਹਕ ਬਦਖ਼ਸ਼ ਦੇ ਲਾਲ ਵਾਂਗੂੰ
ਨਾਜ਼ਕ ਕਮਰ ਹੈ ਉਸਦੀ ਵਾਂਗੂੰ ਚਿਤਰੇ ਦੀ ਸੋਹਣੀ ਚਾਲ ਹੈ ਫੀਲ ਦੀ ਚਾਲ ਵਾਂਗੂੰ
ਜਾਣੋਂ ਭਗਤ ਕਬੀਰ ਦਾ ਬਾਲਕਾ ਹੈ ਉਸ ਦੀ ਸ਼ਕਲ ਕਮਾਲ ਕਮਾਲ ਵਾਗੂੰ
ਮੁੱਖ ਫੁੱਲ ਗੁਲਾਬ ਦਾ ਟਹਿਕਦਾ ਹੈ ਤਾਰ ਜ਼ੁਲਫ਼ ਦੀ ਭੌਰਿਆਂ ਮਾਲ ਵਾਂਗੂੰ
ਦੌਲਤ ਰਾਮ ਦਿਲ ਦੇਖ ਕੇ ਰੂਪ ਸੋਹਣਾ ਉਡ ਗਿਆ ਕਪੂਰ ਦੀ ਚਾਲ ਵਾਂਗੂੰ
ਚਿੱਟੇ ਦੰਦ ਉਸ ਦੇ ਮਿਸਲ ਮੋਤੀਆਂ ਦੀ ਦੋਵੇਂ ਹੋਠ ਸੰਧੂਰ ਦੇ ਰੰਗ ਵਾਂਗੂੰ
ਠੋਡੀ ਸਾਫ਼ ਹੈ ਸਾਫ਼ ਬਲੌਰ ਕੋਲੋਂ ਸੋਹਣੇ ਨੈਣ ਸੁਰੰਗ ਕੁਰੰਗ ਵਾਂਗੂੰ
ਜ਼ੁਲਫਾਂ ਕਾਲੀਆਂ ਡਾਲੀਆਂ ਜ਼ਹਿਰ ਭਰੀਆਂ ਮਾਰਨ ਡੰਗ ਓਹ ਸੱਪ ਦੇ ਡੰਗ ਵਾਗੂੰ
ਸਮ੍ਹਾ ਵਾਗ ਮੱਥਾ ਲਾਟਾ ਮਾਰਦਾ ਹੈ ਮੇਰਾ ਚਿੱਤ ਹੋ ਗਿਆ ਪਤੰਗ ਵਾਂਗੂੰ
ਸਕਲ ਦੇਖ ਕੇ ਅਕਲ ਸਭ ਗੁੰਮ ਹੋਈ ਚੜ੍ਹਿਆ ਨਸ਼ਾ ਅੰਬੋਟੋ ਦੀ ਭੰਗ ਵਾਂਗੂੰ
ਉਸ ਦਾ ਰਾਂਝਣੇ ਵਾਗਰਾ ਤੌਰ ਸਾਰਾ ਹੋਈ ਹੀਰ ਸਿਆਲ ਮੈਂ ਝੰਗ ਵਾਂਗੂੰ
ਉਸ ਦਾ ਯੂਸਫੋਂ ਵੱਧ ਜਮਾਲ ਹੈ ਨੀ ਮੇਰਾ ਹਾਲ ਜ਼ੁਲੈਖਾਂ ਦੇ ਢੰਗ ਵਾਗੂੰ
ਦੌਲਤ ਰਾਮ ਮੈਂ ਦੇਖ ਕੇ ਸਕਲ ਆਤਸ ਢਲ ਗਈ ਸਾਰੀ ਸੁਰੇ ਦੀ ਬੰਗ ਵਾਂਗੂੰ

## ਚੰਦਰ ਬਦਨ ਨੇ ਬਾਗ਼ ਵਿਚ ਜਾਣਾ ਬਸੰਤ ਦੇ ਦਰਸ਼ਨ ਵਾਸਤੇ

ਚੰਦਰ ਬਦਨ ਨੇ ਸੁਣੀ ਤਾਰੀਫ਼ ਐਸੀ ਗੱਲ ਪ੍ਰੇਮ ਵਾਲੀ ਮਨ ਭਾ ਗਈ ਜੇ
ਓਸੇ ਵਕਤ ਲਗਾ ਸ਼ਿੰਗਾਰ ਸੋਲਾਂ ਬੁਰਕਾ ਪਹਿਨ ਕੇ ਬਾਗ਼ ਨੂੰ ਆ ਗਈ ਜੇ
ਆ ਕੇ ਕੁੰਵਰ ਬਸੰਤ ਦੀ ਸ਼ਕਲ ਡਿੱਠੀ ਮੁੱਖ ਵੇਂਹਦਿਆਂ ਭੁਖ ਸਿਧਾ ਗਈ ਜੇ
ਆ ਕੇ ਬਾਗ਼ ਅੰਦਰ ਫੁੱਲ ਵਾਂਗ ਹੋਈ ਬੁਲਬੁਲ ਫੁੱਲ ਨੂੰ ਦੇਖ ਲੁਭਾ ਗਈ ਜੇ
ਬਰਛੀ ਨੈਣਾਂ ਦੀ ਸੀਨੇ ਦੇ ਵਿਚ ਲੱਗੀ ਜਾਨ ਚੀਰ ਦੇ ਕਾਲਜਾ ਖਾ ਗਈ ਜੇ
ਮਿਲਿਆ ਸ਼ੀਰੀਂ ਨੂੰ ਆਣ ਫਰਿਹਾਦ ਯਾਰੋ ਦਮਾ ਬਾਝ ਉਸ ਵਕਤ ਵਿਕਾ ਗਈ ਜੇ
ਲੱਗੀ ਢਾਹ ਦਰਯਾ ਝਨਾ ਵਾਂਗੂੰ ਇਕੋ ਲਖ਼ਤ ਦਿਲ ਖ਼ਿਛ ਰੁੜ੍ਹਾ ਗਈ ਜੇ
ਸੀਤਾ ਸਤੀ ਨੂੰ ਰਾਮ ਜੀ ਨਜ਼ਰ ਆਏ ਓਸੇ ਵਕਤ ਉਹ ਨੀਤ ਬਦਲਾ ਗਈ ਜੇ
ਲਗੇ ਵੱਸ ਤਾਂ ਕੁੰਵਰ ਦੇ ਪਾਸ ਜਾਵੇ ਮਾਰੀ ਸ਼ਰਮ ਦੀ ਨਾਰ ਸ਼ਰਮਾ ਗਈ ਜੇ
ਮਾਈ ਬਾਪ ਦੀ ਆਗਿਆ ਭਲੀ ਹੁੰਦੀ ਏਸ ਵਾਸਤੇ ਪੈਰ ਹਟਾ ਗਈ ਜੇ
ਦਿਲੋਂ ਪਤੀ ਬਸੰਤ ਨੂੰ ਮੰਨ ਬੈਠੀ ਆਗਿਆ ਲੈਣ ਦੇ ਵਾਸਤੇ ਧਾ ਗਈ ਜੇ
ਚਿੱਤ ਪਿਆ ਬਸੰਤ ਦੇ ਵਿਚ ਉਸਦਾ ਦੇਹੀ ਪਰਤ ਕੇ ਘਰਾਂ ਨੂੰ ਆ ਗਈ ਜੇ
ਦੌਲਤ ਰਾਮ ਅੱਗੋ ਭਗਵਾਨ ਜਾਣੇ ਦਿਲੋਂ ਪਤੀ ਬਸੰਤ ਬਣਾ ਗਈ ਜੇ

## ਚੰਦਰ ਬਦਨ ਨੇ ਮਾਈ ਕੋਲ ਜਾ ਕੇ ਅਰਜ਼ ਕਰਨੀ ਸ਼ਾਦੀ ਵਾਸਤੇ

ਚੰਦਰ ਬਦਨ ਨੇ ਆਖਿਆ ਮਾਂ ਤਾਈਂ ਮਾਏ ਮੁਝ ਨੂੰ ਅਜ ਪਰਮਾ ਦੇਹੋ
ਮੇਰਾ ਪਤੀ ਭਗਵਾਨ ਨੇ ਘੱਲ ਦਿਤਾ ਮੈਨੂੰ ਓਸ ਦੇ ਨਾਲ ਵਿਆਹ ਦੇਹੋ
ਲੱਥਾ ਆਣ ਕੇ ਆਪਣੇ ਬਾਗ਼ ਅੰਦਰ ਸਗਨ ਓਸ ਦੀ ਝੋਲੜੀ ਪਾ ਦੇਹੋ
ਕੂੜਾ ਰੂੜੀ ਦਾ ਰੂੜੀ ਤੇ ਸੁੱਟਣਾ ਹੈ ਫ਼ਰਜ਼ ਆਪਣੇ ਸੀਸ ਤੋਂ ਲਾਹ ਦੇਹੋ
ਮੇਰਾ ਓਸਦੇ ਨਾਲ ਸੰਜੋਗ ਹੈ ਨੀ ਖੰਡ ਖੀਰ ਦੇ ਵਿਚ ਰਲਾ ਦੇਹੋ
ਤੇਰੀ ਆਗਿਆ ਵਾਸਤੇ ਆਈ ਹਾਂ ਮੈਂ ਮੇਰੇ ਚਿੱਤ ਦੀ ਆਸ ਪੁਜਾ ਦੇਹੋ
ਤੇਰਾ ਪੁੰਨ ਹੋਸੀ ਮਾਏ ਮੇਰੀਏ ਨੀ ਭੁੱਖੀ ਗਊ ਨੂੰ ਘਾਸ ਖਲਾ ਦੇਹੋ
ਮੇਰਾ ਧਰਮ ਦੇ ਨਾਲ ਓਹ ਪਤੀ ਹੋਇਆ ਹੱਥੀਂ ਆਪਣੀ ਮੇਲ ਮਿਲਾ ਦੇਹੋ
ਕਿਸੇ ਗੱਲ੍ਹ ਦਾ ਮੂਲ ਨਾ ਲੁਕਾ ਰਖੋ ਮੈਥੇ ਧਰਮ ਦੀ ਗੱਲ ਅਲਾ ਦੇਹੋ
ਦੌਲਤ ਰਾਮ ਜੇ ਅਰਜ਼ ਮਨਜ਼ੂਰ ਨਾਹੀਂ ਜ਼ਹਿਰ ਘੋਲ ਕੇ ਹੁਣੇ ਪਿਆ ਦੇਹੋ

## ਵਾਕ ਚੰਦਰਬਦਨ ਦੀ ਮਾਈ ਦਾ

ਮਾਈ ਆਖਦੀ ਏ ਚੰਦ੍ਰਬਦਨ ਤਾਈਂ ਮੂੰਹੋ ਬੋਲ ਤੂੰ ਹੋਸ਼ ਸੰਭਾਲ ਬੱਚੀ
ਇਹ ਕੰਮ ਨਾਹੀ ਅਕਲ ਵਾਲਿਆਂ ਦਾ ਲਾਣਾ ਨੇਹੁੰ ਪ੍ਰਦੇਸੀਆ ਨਾਲ ਬੱਚੀ
ਦੀਵਾ ਹੁਸਨ ਦਾ ਦੇਖ ਕੇ ਨਾਲ ਚਸਮਾਂ ਦਿਲ ਨੂੰ ਵਾਗ ਪਤੰਗ ਨਾ ਜਾਲ ਬਚੀ
ਜੇਹੜੇ ਨਾਲ ਪ੍ਰਦੇਸੀਆ ਪਿਆਰ ਪਾਵਣ ਸੋਈ ਪਾਂਵਦੇ ਦੁੱਖ ਕਮਾਲ ਬੱਚੀ
ਸੱਸੀ ਥਲਾਂ ਦੇ ਵਿਚ ਸਹੀਦ ਹੋਈ ਛਿੱਡਾ ਪੁੰਨੂੰ ਦਾ ਓਸ ਜਮਾਲ ਬੱਚੀ
ਸੋਹਣੀ ਸ਼ਕਲ ਨੂੰ ਵੇਖ ਕੇ ਡੁੱਬ ਮੋਈ ਦਿੱਤਾ ਧਰਮ ਈਮਾਨ ਨੂੰ ਗਾਲ ਬੱਚੀ
ਖਬਰੇ ਕੌਣ ਪਰਦੇਸ ਦਾ ਆਣ ਲੱਥਾ ਸਾਹੂਕਾਰ ਹੈ ਆਕੇ ਕੰਗਾਲ ਬੱਚੀ
ਕਿਤੇ ਵਿਚ ਪ੍ਰਦੇਸ ਦੇ ਘਿਨ ਜਾਸੀ ਤੇਰਾ ਹੋਵਸੀ ਹਾਲ ਜ਼ਵਾਲ ਬੱਚੀ
ਸਾਡਾ ਮੇਲ ਨਾ ਹੋਵਸੀ ਉਮਰ ਸਾਰੀ ਬੈਠੀ ਰੋਵਸੇਂ ਨੈਣ ਉਛਾਲ ਬੱਚੀ
ਵਿਦਵਾਨ ਤੂੰ ਅਕਲ ਤੇ ਹੋਸ਼ ਵਾਲੀ ਕੇਹੀ ਫੜੀ ਕੁਚੱਜੜੀ ਚਾਲ ਬੱਚੀ
ਕਿਸੇ ਸ਼ਾਹ ਦੇ ਨਾਲ ਪਰਨਾ ਦੇਸਾਂ ਇਸ ਖ਼ਿਆਲ ਨੂੰ ਚਿੱਤ ਤੇ ਟਾਲ ਬੱਚੀ
ਮਾਈ ਬਾਪ ਦੇ ਕਹੇ ਨਾ ਟੁਰਨ ਜੇਹੜੇ ਹੁੰਦੇ ਉਨ੍ਹਾ ਦੇ ਬੁਰੇ ਅਹਿਵਾਲ ਬੱਚੀ
ਦੌਲਤ ਰਾਮ ਅਗੇ ਤੇਰੀ ਰਹੀ ਮਰਜ਼ੀ ਸਾਡਾ ਜ਼ੋਰ ਨਾਹੀ ਤੇਰੇ ਨਾਲ ਬੱਚੀ

## ਵਾਕ ਚੰਦਰਬਦਨ ਕਾ

ਚੰਦਰਬਦਨ ਆਖੇ ਮਾਏ ਮੇਰੀਏ ਨੀ ਲਿਖੇ ਲੇਖ ਨੂੰ ਕਿਸੇ ਮਿਟਾਵਣਾ ਕੀ
ਜੇਕਰ ਓਸ ਦੇ ਨਾਲ ਸੰਜੋਗ ਮੇਰਾ ਮਾਏ ਕਿਸੇ ਨੇ ਦੱਸ ਹਟਾਵਣਾ ਕੀ
ਇਕ ਵਾਰ ਜੋ ਧਰਮ ਦਾ ਵਾਕ ਹੋਇਆ ਜਾਵੇ ਜਿੰਦ ਪਰ ਵਾਕ ਉਲਟਾਵਣਾ ਕੀ
ਇਕ ਵਾਰ ਜਿਸ ਨੂੰ ਮੂਹੋ ਪਤੀ ਕਹਿਆ ਫੇਰ ਉਸ ਨੂੰ ਗੈਰ ਬੁਲਾਵਣਾ ਕੀ

ਫੜ ਕੇ ਢਾਲ ਤਲਵਾਰ ਮੈਦਾਨ ਅੰਦਰ ਫੇਰ ਸੂਰਮੇਂ ਪੈਰ ਹਟਾਵਣਾ ਕੀ
ਬੰਨ੍ਹ ਘੁੰਗਰੂ ਸਭਾ ਵਿਚ ਨਾਚ ਕਰਨਾ ਘੁੰਘਟ ਲਾਹ ਕੇ ਫੇਰ ਸ਼ਰਮਾਵਣਾ ਕੀ
ਜਿਸ ਨੇ ਤਲੀ ਉੱਤੇ ਆਪਣੀ ਜਿੰਦ ਰੱਖੀ ਉਸ ਖ਼ੌਫ਼ ਜਹਾਨ ਤੇ ਖਾਵਣਾ ਕੀ
ਜਿਨ੍ਹਾਂ ਘਰਾਂ ਦੇ ਵਿਚ ਮਹਿਬੂਬ ਪਾਇਆ ਉਨ੍ਹਾਂ ਜੰਗਲਾਂ ਦੇ ਵਿਚ ਜਾਵਣਾ ਕੀ
ਵਹਿਦਤ ਫੁੱਲ ਦੀ ਜਿਨ੍ਹਾਂ ਨੂੰ ਹੁੱਲ ਆਈ ਉਨ੍ਹਾਂ ਅਤਰ ਫੁਲੇਲ ਲਗਾਵਣਾ ਕੀ
ਮਕਤਬ ਇਸ਼ਕ ਦੇ ਜਿਨ੍ਹਾਂ ਨੇ ਸਬਕ ਪੜ੍ਹਿਆ ਦੱਸੋ ਉਨ੍ਹਾਂ ਨੂੰ ਕਿਸੇ ਪੜ੍ਹਾਵਣਾ ਕੀ
ਬੀਏ ਭਜਨ ਦਾ ਜਿਨ੍ਹਾਂ ਨੇ ਪਾਸ ਕੀਤਾ ਉਨ੍ਹਾਂ ਹੋਰ ਮੁਰਾਤਬਾ ਪਾਵਣਾ ਕੀ
ਜਿਸ ਨੇ ਆਬਿਹਯਾਤ ਲੈ ਨੋਸ਼ ਕੀਤਾ ਨਸ਼ਾ ਓਸ ਨੂੰ ਕਿਸੇ ਪਲਾਵਣਾ ਕੀ
ਜਿਸ ਨੇ ਪਾਕ ਪੌਸ਼ਾਕ ਲੈ ਅੰਗ ਲਾਈ ਚੋਲਾ ਓਸਨੇ ਦੱਸ ਰੰਗਾਵਣਾ ਕੀ
ਹਾਬੀਵਾਨ ਦੇ ਨਾਲ ਪਰੀਤ ਲਾ ਕੇ ਬੂਹਾ ਆਪਣਾ ਤੰਗ ਰਖਾਵਣਾ ਕੀ
ਪੱਲੇ ਧਰਮ ਹੋਵੇ ਸਾਨੂੰ ਦੁੱਖ ਚੰਗਾ ਧਰਮ ਛੱਡ ਕੇ ਸੁਖ ਨੂੰ ਪਾਵਣਾ ਕੀ
ਜੇਹੜੀ ਬਣੀ ਸੋ ਸੀਸ ਤੇ ਕੱਟ ਲੈਸਾਂ ਮਾਈ ਧਰਮ ਨੂੰ ਦਾਗ਼ ਲਗਾਵਣਾ ਕੀ
ਨਾਲ ਪਤੀ ਦੇ ਮਾਏ ਮੈਂ ਸਤੀ ਹੋਸਾ ਧਰਮ ਛੱਡ ਕੇ ਜੀਵ ਬਚਾਵਣਾ ਕੀ
ਜੇਕਰ ਧਰਮ ਦੇ ਵਾਸਤੇ ਜਾਨ ਜਾਵੇ ਕੂੜੇ ਜੱਗ ਤੇ ਹੋਰ ਲੈ ਜਾਵਣਾ ਕੀ
ਤੁਹਾਡੀ ਆਗਿਆ ਨਾਲ ਹੈ ਕੰਮ ਸਾਰਾ ਮਾਏ ਮੁਝ ਨੇ ਜ਼ੋਰ ਚਲਾਵਣਾ ਕੀ
ਦੁੱਖ ਸੁੱਖ ਸਾਰਾ ਮਨਜ਼ੂਰ ਮੈਨੂੰ ਮਾਏ ਹੋਰ ਤੈਂ ਦੱਸ ਅਖਵਾਵਣਾ ਕੀ
ਜੇਹੜੇ ਗਿਆਨ ਦੀ ਜਾਗਣੀ ਜਾਗ ਬੈਠੇ ਉਨ੍ਹਾਂ ਜਨਾਂ ਨੂੰ ਕਿਸੇ ਜਗਾਵਣਾ ਕੀ
ਇਕ ਵਾਰ ਮਾਏ ਜਿਸਨੂੰ ਗਿਆਨ ਹੋਇਆ ਚਿੱਤ ਓਸਦਾ ਕਿਸੇ ਭਰਮਾਵਣਾ ਕੀ
ਪੱਲੇ ਜਿਨ੍ਹਾਂ ਦੇ ਧਰਮ ਈਮਾਨ ਹੋਵੇ ਓਹਨਾਂ ਕਿਸੇ ਦਾ ਸਾਥ ਤਕਾਵਣਾ ਕੀ
ਸਾਰਾ ਧਰਮ ਦਾ ਜੱਗ ਬਲਾਸ ਹੈ ਨੀ ਥੋੜ੍ਹੀ ਗੱਲ ਤੇ ਧਰਮ ਡੁਲਾਵਣਾ ਕੀ
ਪਹਿਲੇ ਯਾਰ ਦੇ ਨਾਲ ਪਿਆਰ ਪਾ ਕੇ ਲੱਗੇ ਦੁੱਖ ਤਾਂ ਮੁੱਖ ਛੁਪਾਵਣਾ ਕੀ
ਜਿਸ ਨੇ ਅੰਤ ਦੇ ਵਕਤ ਸਹਾਇ ਕਰਨੀ ਐਸੇ ਧਰਮ ਨੂੰ ਦਿਲੋਂ ਭੁਲਾਵਣਾ ਕੀ
ਜਿਸ ਦਾ ਧਰਮ ਈਮਾਨ ਨਾ ਰਿਹਾ ਮਾਈ ਉਸਨੇ ਜੀਉ ਕੇ ਜੱਗ ਬਨਾਵਣਾ ਕੀ
ਦੌਲਤ ਰਾਮ ਸ਼ਿੰਗਾਰ ਘਰ ਹੁੰਦਿਆ ਦੇ ਗਹਿਣਾ ਮੰਗਿਆ ਸੁਹਾਵਣਾ ਕੀ

## ਵਾਕ ਮਾਈ ਕਾ

ਚੰਦਰਬਦਨ ਤਾਈਂ ਮਾਈ ਆਖਦੀ ਏ ਤੈਨੂੰ ਧਰਮ ਦੀ ਖਬਰ ਨਾ ਕਾ ਧੀਆ
ਪੜ੍ਹ ਕੇ ਵੇਦ ਪੁਰਾਣ ਗਵਾਰ ਹੋਈ ਦਿੱਤਾ ਆਪਣਾ ਆਪ ਭੁਲਾ ਧੀਆ
ਸੂਰਤ ਵੇਖ ਕੇ ਤੂੰ ਮੂਰਤ ਕੰਧ ਹੋਈ ਬੈਠੀ ਅਕਲ ਤੇ ਹੋਸ਼ ਗਵਾ ਧੀਆ
ਟੁਰੇ ਜਾਂਦਿਆਂ ਪਾਂਧੀਆਂ ਪਤੀ ਆਖੇ ਤੈਨੂੰ ਜ਼ਰਾ ਨਾ ਸਰਮ ਹਿਯਾ ਧੀਆ
ਮੂੰਹੋਂ ਮੰਗਿਆ ਪਤੀ ਜੇ ਲੈਣ ਧੀਆ ਪਾਇਆ ਜੱਗ ਦੇ ਵਿਚ ਕਹਾ ਧੀਆ
ਮੱਤ ਭੁੱਲਦੀ ਮਗਰ ਪਦੇਸੀਆਂ ਦੇ ਜਾਣੇ ਹੋ ਗਿਆ ਅਸਰ ਸੌਦਾ ਧੀਆ

ਵਿਦਿਆਵਾਨ ਤੂੰ ਗਿਆਨ ਵਿਚਾਰ ਵਾਲੀ ਅੱਖੀਂ ਦੇਖ ਕੇ ਜ਼ਹਿਰ ਨਾ ਖਾ ਧੀਆ
ਜੇਕਰ ਖ਼ਬਰ ਹੋਵੇ ਤੇਰੇ ਬਾਪ ਤਾਈ ਦੇਵੇ ਜਿੰਦ ਤੇ ਮਾਰ ਮੁਕਾ ਧੀਆ
ਮਾਰੇ ਕੈਦ ਦੇ ਵਿਚ ਅਸੀਰ ਕਰ ਕੇ ਤੇਰਾ ਬਾਪ ਹੈ ਬੁਰੀ ਬਲਾ ਧੀਆ
ਕੂੜਾ ਧਰਮ ਤੇਰਾ ਏਵੇਂ ਉੱਡ ਜਾਸੀ ਜਿਵੇਂ ਉੱਡੇ ਅੰਧੇਰੀ ਦੀ ਵਾ ਧੀਆ
ਮੇਰੀ ਆਗਿਆ ਮੰਨ ਲੈ ਸੀਸ ਉੱਤੇ ਐਵੇਂ ਹਠ ਨਾ ਪਈ ਵਿਖਾ ਧੀਆ
ਮਾਈ ਬਾਪ ਦੇ ਕਹੇ ਨਾ ਤੁਰਨ ਧੀਆਂ ਪਾਵਣ ਦੋਜ਼ਖਾਂ ਵਿਚ ਸਜ਼ਾ ਧੀਆ
ਸਾਡੀ ਆਗਿਆ ਬਿਨਾਂ ਵਿਚਾਰ ਖਾਂ ਤੂੰ ਤੈਨੂੰ ਦੇਵਸੀ ਕੌਣ ਪ੍ਰਣਾ ਧੀਆ
ਨਾਲੇ ਆਪ ਤੂੰ ਪਈ ਖ਼ੁਆਰ ਹੋਸੋਂ ਨਾਲੇ ਅਸਾਂ ਨੂੰ ਦਾਗ ਨਾ ਲਾ ਧੀਆ
ਦੌਲਤ ਰਾਮ ਤੂੰ ਮੰਨ ਲੈ ਵਾਕ ਮੇਰਾ ਐਵੇਂ ਭੁੱਲ ਕੇ ਦੁੱਖ ਨਾ ਪਾ ਧੀਆ

## ਵਾਕ ਚੰਦਰ ਬਦਨ ਕਾ

ਚੰਦਰਬਦਨ ਨੇ ਰੋਇਕੇ ਅਰਜ਼ ਕੀਤੀ ਸਾਰੀ ਗੱਲ ਤੇਰੇ ਅਖ਼ਤਿਆਰ ਮਾਏ
ਬੇੜਾ ਵੱਸ ਤੇਰੇ ਮੇਰੀ ਜਿੰਦਗੀ ਦਾ ਚਾਹੇ ਡੋਬ ਮੈਨੂੰ ਚਾਹੇ ਤਾਰ ਮਾਏ
ਜੇਕਰ ਤੁੱਧ ਦਾ ਮੁਝ ਨੂੰ ਖੌਫ ਆਹਾ ਹੋਈ ਆਨ ਕੇ ਤਾਬਿਆਦਾਰ ਮਾਏ
ਮਾਈ ਬਾਪ ਦੀ ਆਗਿਆ ਸੀਸ ਮੰਨੀ ਹੋਈ ਤੁਧ ਦੀ ਅਰਜ਼ਗੁਜ਼ਾਰ ਮਾਏ
ਚੋਰੀ ਤੁਸਾਂ ਤੋਂ ਕਿਤੇ ਵਲ ਨੱਸ ਜਾਂਦੀ ਜੇ ਮੈਂ ਹੋਂਵਦੀ ਦਿਲੋਂ ਬਦਕਾਰ ਮਾਏ
ਮਨ ਭਾਂਵਦਾ ਧੀਆਂ ਨੂੰ ਪਤੀ ਦੇਣਾ ਰਾਜਨੀਤ ਦਾ ਇਹ ਵਿਹਾਰ ਮਾਏ
ਭੀਖਮ ਕੰਨਜਾ ਰੁਕਮਣੀ ਪਤੀ ਵਰਿਆ ਅੱਖੀਂ ਦੇਖ ਕੇ ਕ੍ਰਿਸ਼ਨ ਮੁਰਾਰ ਮਾਏ
ਅੱਖੀਂ ਦੇਖ ਕੇ ਪਤੀ ਮਨਜ਼ੂਰ ਕੀਤਾ ਸੀਤਾ ਸਤੀ ਨੇ ਰਾਮ ਅਵਤਾਰ ਮਾਏ
ਏਹੋ ਵੇਦ ਭਗਵਾਨ ਦੀ ਆਗਿਆ ਹੈ ਪਤੀ ਦੇਵਣਾ ਅਕਲ ਦਰਕਾਰ ਮਾਏ
ਬਿਨਾਂ ਦੇਖਿਆਂ ਧੀਆਂ ਨੂੰ ਪਤੀ ਦੇਣਾ ਹੁੰਦਾ ਮਾਪਿਆਂ ਦੇ ਸਿਰ ਭਾਰ ਮਾਏ
ਨਾਰੀ ਚਤਰ ਹੋਵੇ ਪਤੀ ਮੂੜ੍ਹ ਹੋਵੇ ਸਾਰੀ ਉਮਰ ਉਹ ਹੋਣ ਖੁਆਰ ਮਾਏ
ਪਤੀ ਬਿਰਧ ਹੋਵੇ ਨਾਰੀ ਯੁਵਾ ਹੋਵੇ ਸਾਰੀ ਉਮਰ ਰੋਵੇ ਜ਼ਾਰੋ ਜ਼ਾਰ ਮਾਏ
ਰਾਜੇ ਸੰਤਨਾਂ ਦੇ ਘਰ ਰਹੀ ਗੰਗਾ ਅੱਖਾਂ ਨਾਲ ਓਸ ਲਿਆ ਨਿਹਾਰ ਮਾਏ
ਰਾਜ ਕੰਨਿਆ ਹੋਰ ਹਜਾਰ ਹੋਈਆਂ ਮੈਥੇ ਹੋਂਵਦਾ ਨਹੀਂ ਸੁਮਾਰ ਮਾਏ
ਉਸੇ ਤਰ੍ਹਾਂ ਮੈਂ ਪਤੀ ਪਸੰਦ ਕੀਤਾ ਮੇਰਾ ਪਤੀ ਹੈ ਰੂਪ ਕਰਤਾਰ ਮਾਏ
ਹੋਇਆ ਪਤੀ ਭਗਵਾਨ ਸਮਾਨ ਮੈਨੂੰ ਮਾਰਾਂ ਗ਼ੈਰ ਤੇ ਮੂਤ ਦੀ ਧਾਰ ਮਾਏ
ਪੀਆ ਵਾਸਤੇ ਮੌਤ ਕਬੂਲ ਮੈਨੂੰ ਐਪਰ ਧਰਮ ਨੂੰ ਦਿਆ ਨਾ ਹਾਰ ਮਾਏ
ਭਾਵੇਂ ਮੰਨ ਨਾ ਮੰਨ ਤੂੰ ਮਾਂ ਮੇਰੀ ਮੇਰਾ ਕੰਮ ਤੇਰੇ ਅਨੁਸਾਰ ਮਾਏ
ਮਾਂਵਾਂ ਧੀਆਂ ਦਾ ਹੋਂਵਦਾ ਇਕ ਪੜਦਾ ਤੈਥੇ ਧਰਮ ਦਾ ਕਰਾਂ ਹਿਜ਼ਾਰ ਮਾਏ
ਜੇਕਰ ਪਤੀ ਮੇਰਾ ਏਥੋਂ ਰਵਾਂ ਹੋਇਆ ਸਾਰੀ ਉਮਰ ਰੋਵਾਂ ਢਾਹਾਂ ਮਾਰ ਮਾਏ
ਅਜ ਵਕਤ ਤੇਰਾ ਕੰਮ ਸਾਰਨੇ ਦਾ ਹੋ ਕੇ ਦਿਆਲ ਮੇਰਾ ਕੰਮ ਸਾਰ ਮਾਏ

ਦੌਲਤ ਰਾਮ ਤੇਰੀ ਦਾਮਨਗੀਰ ਹਾਂ ਮੈਂ ਚਾਹੇ ਰੱਖ ਮੈਨੂੰ ਚਾਹੇ ਮਾਰ ਮਾਏ

### ਵਾਕ ਰਾਣੀ ਦਾ ਦਿਲ ਦੇ ਨਾਲ

ਚੰਦਰਬਦਨ ਦੀ ਮਾਂ ਇਹ ਗੱਲ ਸੁਣ ਕੇ ਆਪਣੇ ਚਿੱਤ ਦੇ ਵਿਚ ਹੈਰਾਨ ਹੋਈ
ਲੱਖ ਲਾਹਨਤਾ ਨੇ ਮੇਰੇ ਜੀਵਨੇ ਨੂੰ ਸਾਰੀ ਉਮਰ ਜੇ ਧੀ ਵੈਰਾਨ ਹੋਈ
ਇਸ ਨੇ ਧਰਮ ਨੂੰ ਮੂਲ ਨਾ ਹਾਰਨਾ ਏ ਜੱਤ ਸੱਤ ਵਾਲੀ ਵਿਦਿਆਵਾਨ ਹੋਈ
ਰੋਂਦੀ ਧੀ ਨੂੰ ਦੇਖ ਕ੍ਰੇ ਤਰਸ ਆਇਆ ਮਾਈ ਫੇਰ ਮੁੜ ਕੇ ਮੇਹਰਵਾਨ ਹੋਈ
ਦੌਲਤਰਾਮ ਭਗਵਾਨ ਨੇ ਕਰੀ ਕਿਰਪਾ ਚੰਦਰਬਦਨ ਦੀ ਗੱਲ ਆਸਾਨ ਹੋਈ

### ਵਾਕ ਚੰਦਰਬਦਨ ਦੀ ਮਾਈ ਦਾ

ਮਾਈ ਆਖਦੀ ਸਬਰ ਕਰ ਹੋਹੁ ਧੀਰੀ ਤੇਰੇ ਚਿੱਤ ਦੀ ਆਸ ਪੁਜਾਵਸਾਂ ਮੈਂ
ਰਾਜਾ ਆਵਸੀ ਰਾਤ ਨੂੰ ਮਹਿਲ ਅੰਦਰ ਹੱਥ ਜੋੜ ਕੇ ਅਰਜ਼ ਸੁਨਾਵਸਾਂ ਮੈਂ
ਤੇਰੇ ਬਾਪ ਜੇ ਗੱਲ ਮਨਜ਼ੂਰ ਕੀਤੀ ਤੇਰਾ ਭਲਕ ਨੂੰ ਕਾਜ ਰਚਾਵਸਾਂ ਮੈਂ
ਦੌਲਤਰਾਮ ਹੋਵੇ ਜੇਹੀ ਰੱਬ ਭਾਵੇ ਜੇਹੜੀ ਵਾਹ ਲੱਗੇ ਸੋਈ ਲਾਵਸਾਂ ਮੈਂ

### ਕਾਮ ਰੂਪ ਰਾਜੇ ਪਾਸ ਰਾਣੀ ਨੇ ਅਰਜ਼ ਕਰਨੀ ਚੰਦਰਬਦਨ ਦੀ ਸ਼ਾਦੀ ਵਾਸਤੇ

ਕਾਮ ਰੂਪ ਆਇਆ ਰਾਤੀਂ ਮਹਿਲ ਅੰਦਰ ਰਾਣੀ ਆਪ ਖ਼ੁਦ ਛੇਜ ਵਿਛਾਂਵਦੀ ਏ
ਕਰ ਕੇ ਦੂਰ ਸਭ ਗੋਲੀਆਂ ਬਾਂਦੀਆਂ ਨੂੰ ਕੱਲੀ ਬੈਠ ਕੇ ਅਰਜ਼ ਸੁਨਾਂਵਦੀ ਏ
ਤੀਵੀਂ ਮਰਦ ਦਾ ਜਿਵੇਂ ਖ਼ਿਆਲ ਹੁੰਦਾ ਮਿੱਠੀ ਜੀਭ ਦੇ ਨਾਲ ਬੁਲਾਂਵਦੀ ਏ
ਆਖੇ ਮੰਨ ਰਾਜਾ ਇਕ ਅਰਜ਼ ਮੇਰੀ ਹੱਥ ਜੋੜ ਪੱਲੂ ਗਲ ਪਾਂਵਦੀ ਏ
ਬੁਰੇ ਹੋਂਵੰਦੇ ਫੇਲ੍ਹ ਜ਼ਨਾਨੀਆਂ ਦੇ ਗੱਲਾ ਮਿੱਠੀਆਂ ਨਾਲ ਭਰਮਾਂਵਦੀ ਏ
ਰਾਜਾ ਆਖਦਾ ਰਾਣੀਏਂ ਮੰਗ ਮੂੰਹੋਂ ਜੇਹੜੀ ਚੀਜ਼ ਤੇਰੇ ਮਨ ਭਾਂਵਦੀ ਏ
ਏਸੇ ਵਕਤ ਮੈਂ ਆ ਕੇ ਕਰਾਂ ਹਾਜ਼ਰ ਜੋ ਕੁਝ ਤਬ੍ਹਾ ਰਾਣੀ ਤੇਰੀ ਚਾਂਹਵਦੀ ਏ
ਦੂਜੀ ਵਾਰ ਰਾਣੀ ਨਾਲ ਆਜਜ਼ੀ ਦੇ ਅੱਗੇ ਸਾਹ ਦੇ ਸੁਖ਼ਨ ਅਲਾਂਵਦੀ ਏ
ਜੇਕਰ ਅਰਜ ਨਾ ਤੁਸਾ ਮਨਜ਼ੂਰ ਕੀਤੀ ਏਸੇ ਲਈ ਗ਼ੁਲਾਮ ਸ਼ਰਮਾਂਵਦੀ ਏ
ਰਾਜਾ ਆਖਦਾ ਧਰਮ ਦਾ ਵਾਕ ਹੋਇਆ ਮੈਥੋਂ ਹੋਰ ਕੀ ਦੱਸ ਅਖਵਾਂਵਦੀ ਏ
ਰਾਣੀ ਧਰਮ ਲੈ ਕੇ ਕਾਮ ਰੂਪ ਕੋਲੋਂ ਅਸਲੀ ਗੱਲ ਦਾ ਭੇਦ ਬਤਾਂਵਦੀ ਏ
ਦੌਲਤ ਰਾਮ ਦੇਖੋ ਅਜ ਕੱਲ ਅੰਦਰ ਚੰਦਰਬਦਨ ਦਾ ਕਾਜ ਰਚਾਂਵਦੀ ਏ

### ਵਾਕ ਰਾਣੀ ਕਾ

ਰਾਣੀ ਆਖਦੀ ਅਰਜ਼ ਸੁਨਾਵਣੀ ਹਾਂ ਮੇਰੀ ਗੱਲ ਤੇ ਰੱਖ ਧਿਆਨ ਰਾਜਾ
ਕਿਸੇ ਦੇਸ਼ ਦਾ ਹੈ ਸ਼ਾਹੁਕਾਰ ਕੋਈ ਆਪਣੇ ਬਾਗ਼ ਅੰਦਰ ਲੱਥਾ ਆਨ ਰਾਜਾ

ਪੁੱਤਰ ਓਸ ਦਾ ਓਸ ਦੇ ਸਾਥ ਹੈ ਜੀ ਸ਼ਕਲ ਓਸ ਦੀ ਚੰਦ ਸਮਾਨ ਰਾਜਾ
ਚੰਦਰਬਦਨ ਨੇ ਓਸ ਦੀ ਸ਼ਕਲ ਡਿੱਠੀ ਹੋਈ ਓਸ ਉਤੇ ਬੇਈਮਾਨ ਰਾਜਾ
ਉਸਨੂੰ ਧਰਮ ਦਾ ਪਤੀ ਬਣਾ ਬੈਠੀ ਸੁਣਿਆ ਆਪ ਮੈਂ ਇਹ ਬਿਆਨ ਰਾਜਾ
ਏਸ ਗੱਲ ਤੋ ਹਟਕਿਆਂ ਨਹੀਂ ਰਹਿੰਦੀ ਮੈਂ ਤਾਂ ਲਾ ਥੱਕੀ ਸਾਰਾ ਤਾਨ ਰਾਜਾ
ਉਸ ਨੂੰ ਉਸ ਦੇ ਨਾਲ ਪ੍ਰਣਾ ਦੇਈਏ ਜੇਕਰ ਕਰੇਂ ਤੂੰ ਅਰਜ਼ ਪ੍ਰਵਾਨ ਰਾਜਾ
ਕੁਆਰੀ ਰੱਖਣੀ ਜੋਗ ਨਾ ਮਾਪਿਆਂ ਨੂੰ ਬੀਸ ਬਰਸ ਦੀ ਕੁੜੀ ਜੁਆਨ ਰਾਜਾ
ਧੀਆਂ ਰੱਖ ਕੇ ਕਿਸੇ ਨਾ ਸੁੱਖ ਪਾਇਆ ਮਸ਼ਹੂਰ ਇਹ ਗੱਲ ਜਹਾਨ ਰਾਜਾ
ਨਾਲੇ ਧਰਮ ਹੈ ਛੱਤਰੀ ਰਾਜਿਆਂ ਦਾ ਪਤੀ ਦੇਵਣਾ ਅਕਲ ਸਮਾਨ ਰਾਜਾ
ਏਸ ਗੱਲ ਦਾ ਅਸਾਂ ਨੂੰ ਪਾਪ ਨਾਹੀਂ ਪਤੀ ਮੰਗਿਆ ਨਾਲ ਜ਼ਬਾਨ ਰਾਜਾ
ਫਰਜ਼ ਆਪਣੇ ਸਿਰੋਂ ਅਦਾ ਕਰੀਏ ਅੱਗੇ ਕਰਮ ਦਾ ਖੱਟਿਆ ਖਾਣ ਰਾਜਾ
ਗੱਲ ਅਕਲ ਵਾਲੇ ਪਹਿਲੇ ਸੋਚ ਲੈਂਦੇ ਮੂਰਖ ਲੋਕ ਪਿੱਛੋਂ ਪਛਤਾਨ ਰਾਜਾ
ਆਪਣੇ ਚਿੱਤ ਦੇ ਵਿਚ ਵਿਚਾਰ ਕਰ ਲੈ ਬੁਧਵਾਨ ਤੂੰ ਅਕਲ ਦੀ ਖਾਨ ਰਾਜਾ
ਅਜੇ ਵੇਲੜਾ ਈ ਤੇਰੇ ਸੋਚਣੇ ਦਾ ਕਰ ਕੇ ਵੇਖ ਵਿਚਾਰ ਗਿਆਨ ਰਾਜਾ
ਸ਼ਾਹੂਕਾਰ ਨੇ ਜੇਕਰਾਂ ਕੂਚ ਕੀਤਾ ਪਿੱਛੋਂ ਹੋਵਸੇਂ ਬਹੁਤ ਹੈਰਾਨ ਰਾਜਾ
ਚੰਦਰਬਦਨ ਨੇ ਹੋਰ ਨਾ ਪਤੀ ਵਰਨਾ ਸਾਰਾ ਭੇਤ ਮੈਂ ਲਿਆ ਪਛਾਨ ਰਾਜਾ
ਸਾਰੀ ਉਮਰ ਦਾ ਪਿੱਟਣਾ ਹੋਗ ਸਾਨੂੰ ਨਾਲੇ ਨਿੰਦਿਆ ਕਰੂ ਜਹਾਨ ਰਾਜਾ
ਦੌਲਤ ਰਾਮ ਆਖੇ ਏਹੋ ਅਰਜ਼ ਮੇਰੀ ਚਾਹੇ ਮਾਨ ਤੂੰ ਚਾਹੇ ਨਾ ਮਾਨ ਰਾਜਾ

### ਵਾਕ ਰਾਜਾ ਕਾ

ਰਾਜਾ ਆਖਦਾ ਰਾਣੀਏ ਸਬਰ ਕਰ ਤੂੰ ਤੇਰੇ ਚਿੱਤ ਦੀ ਆਸ ਪੁਜਾ ਦੇਸਾਂ
ਜੇਹੜੇ ਤੌਰ ਹੋਵੇ ਤੇਰਾ ਚਿੱਤ ਰਾਜੀ ਉਸੇ ਤੌਰ ਦੀ ਬਣਤ ਬਣਾ ਦੇਸਾਂ
ਭਲਕੇ ਪੁੱਛ ਕੇ ਜ਼ਾਤ ਸਫ਼ਾਤ ਉਸ ਦੀ ਤੇਰਾ ਦੁੱਖ ਤਮਾਮ ਮਿੱਟਾ ਦੇਸਾਂ
ਜੇਕਰ ਛੱਤਰੀ ਓਸ ਦਾ ਬਰਨ ਹੋਇਆ ਬੇਟੀ ਓਸ ਦੇ ਨਾਲ ਪਰਣਾ ਦੇਸਾਂ
ਅੱਜ ਰਾਤ ਦੀ ਰਾਤ ਹੈ ਫ਼ਿਕਰ ਰਾਣੀ ਭਲਕੇ ਫੈਸਲਾ ਕੁਲ ਮੁਕਾ ਦੇਸਾਂ
ਕੁਆਰੀ ਧੀ ਦਾ ਦੁੱਖ ਕਮਾਲ ਹੁੰਦਾ ਹੱਥੋਂ ਵਿਆਹ ਕੇ ਸੁਕਰ ਬਜਾ ਦੇਸਾਂ
ਦੌਲਤ ਰਾਮ ਅੱਗੇ ਆਪਣੇ ਭਾਗ ਲੈਣੇ ਫਰਜ਼ ਆਪਣੇ ਸੀਸ ਤੋਂ ਲਾਹ ਦੇਸਾਂ

### ਰਾਜੇ ਕਾਮ ਰੂਪ ਨੇ ਸ਼ਾਹੂਕਾਰ ਔਰ ਬਸੰਤ ਨੂੰ ਸਭਾ ਵਿਚ ਬੁਲਾ ਕੇ ਜ਼ਾਤ ਬਰਣ ਪੁੱਛਣਾ ਔਰ ਸ਼ਾਦੀ ਦੀ ਤਿਆਰੀ ਕਰਨੀ

ਗਈ ਰਾਤ ਜਾਂ ਆਣ ਪ੍ਰਭਾਤ ਹੋਈ ਰਾਜਾ ਵਿਚ ਦਰਬਾਰ ਦੇ ਆਇਆ ਈ
ਓਸੇ ਵਕਤ ਪਠਾਇਆ ਮੰਤਰੀ ਨੂੰ ਸ਼ਾਹੂਕਾਰ ਨੂੰ ਤੁਰਤ ਬੁਲਾਇਆ ਈ
ਸ਼ਾਹੂਕਾਰ ਬਸੰਤ ਨੂੰ ਨਾਲ ਲੈ ਕੇ ਕਾਮ ਰੂਪ ਦੇ ਮਿਲਣ ਨੂੰ ਆਇਆ ਈ

ਲੈ ਕੇ ਨਜ਼ਰ ਨਿਆਜ਼ ਤਾਫੀਕ ਮੂਜਬ ਜਾ ਕੇ ਸ਼ਾਹ ਨੂੰ ਸੀਸ ਨਿਵਾਇਆ ਈ
ਜਦੋਂ ਕੁੰਵਰ ਬਸੰਤ ਦੀ ਸਕਲ ਡਿੱਠੀ ਕਾਮ ਰੂਪ ਦਾ ਚਿੱਤ ਲੁਭਾਇਆ ਈ
ਆਪਣਾ ਨਾਮ ਤੇ ਬਰਨ ਬਤਲਾ ਮੈਨੂੰ ਰਾਜੇ ਕੁੰਵਰ ਤੋਂ ਇਹ ਪੁਛਾਇਆ ਈ
ਬਰਣ ਛੱਤਰੀ ਨਾਮ ਬਸੰਤ ਮੇਰਾ ਅੱਗੋਂ ਕੁੰਵਰ ਜਵਾਬ ਸੁਨਾਇਆ ਈ
ਸਾਹੂਕਾਰ ਤੋਂ ਪੁੱਛਿਆ ਹਾਲ ਰਾਜੇ ਉਸ ਨੇ ਛੱਤਰੀ ਬਰਣ ਬਤਾਇਆ ਈ
ਹੋਇਆ ਛੱਤਰੀ ਬਰਣ ਮਾਲੂਮ ਯਾਰੋ ਰਾਜੇ ਸੁਕਰ ਹਜ਼ਾਰ ਮਨਾਇਆ ਈ
ਓਸ ਵਕਤ ਬਿਠਾਇਕੇ ਪੰਡਤਾਂ ਨੂੰ ਦੂਜੇ ਰੋਜ਼ ਦਾ ਸਾਹ ਸੁਧਾਇਆ ਈ
ਸੂਰਜ ਚੰਦ੍ਰ ਨਛੱਤ੍ਰ ਸ਼ੁਭ ਲਗਨ ਗਿਣ ਕੇ ਸਗਨ ਕੁੰਵਰ ਦੀ ਝੋਲੀ ਪਾਇਆ ਈ
ਪੂਜਾ ਕਰ ਗਣੇਸ਼ ਦੀ ਪੰਡਤਾਂ ਨੇ ਮੱਥੇ ਕੇਸਰੀ ਤਿਲਕ ਲਗਾਇਆ ਈ
ਕੀਤੇ ਸ਼ਗਨ ਸ਼ਗੂਨ ਕੁਲ ਰੀਤ ਵਾਲੇ ਲਾਗ ਲਾਗੀਆਂ ਨੂੰ ਵਰਤਾਇਆ ਈ
ਦੋਵੇਂ ਤਰਫ ਸਾਦੀ ਵਾਲਾ ਸਾਜ ਹੋਇਆ ਵਾਜਾ ਖ਼ੁਸ਼ੀ ਦਾ ਖ਼ਲਕ ਵਜਾਇਆ ਈ
ਦੌਲਤ ਰਾਮ ਬਸੰਤ ਦੇ ਕਰਮ ਜਾਗੇ ਦੇਖੋ ਰਬ ਸਬੱਬ ਬਣਾਇਆ ਈ

## ਅੰਜਨ

ਰਾਜੇ ਹੁਕਮ ਦਿਤਾ ਵਾਜੇ ਵਾਲਿਆਂ ਨੂੰ ਵਾਜੇ ਆਣ ਕੇ ਖ਼ੂਬ ਵਜਾਨ ਲੱਗੇ
ਸਦ ਲਿਆ ਜੇ ਕੁਲ ਹਲਵਾਈਆ ਨੂੰ ਮਠਿਆਈਆਂ ਖ਼ੂਬ ਪਕਾਨ ਲੱਗੇ
ਆਤਸਬਾਜ਼ਾਂ ਨੂੰ ਸ਼ਾਹ ਨੇ ਹੁਕਮ ਦਿਤਾ ਆਤਸ਼ਬਾਜ਼ੀ ਆਏ ਚਲਾਣ ਲੱਗੇ
ਚਾਹੜੇ ਬੁਰਜ ਅਨੇਕ ਨਾ ਅੰਤ ਆਵੇ ਵਾਗ ਤਾਰਿਆਂ ਜਾਇ ਅਸਮਾਨ ਲੱਗੇ
ਗੋਲੇ ਛੁੱਟਦੇ ਨੇ ਕਾੜ ਕਾੜ ਯਾਰੋ ਬੀਸ ਕੋਸ ਤੇ ਖ਼ਬਰ ਪਹੁੰਚਾਣ ਲੱਗੇ
ਚੱਲਣ ਚਰਖ਼ੀਆਂ ਝਾੜ ਅਨਾਰ ਲੋਕੋ ਚੰਦ ਵਾਗ ਮਹਿਤਾਬ ਚਮਕਾਨ ਲੱਗੇ
ਛੁੱਟੀ ਗੁੱਲ ਦੁਪਹਿਰ ਚਕਚੂੰਦਰਾਂ ਦੀ ਅਤੇ ਟੱਟਕੇ ਪੈਰ ਨੂੰ ਆਣ ਲੱਗੇ
ਆਤਸਬਾਜੀਆਂ ਦਾ ਕੁਝ ਨਾ ਅੰਤ ਆਵੇ ਬੰਦੇ ਵੇਖ ਕੇ ਹੋਣ ਹੈਰਾਨ ਲੱਗੇ
ਸ਼ਾਹੂਕਾਰ ਨੇ ਵੇਸਵਾ ਸੱਦ ਲੀਤੀ ਵਿਚ ਬਾਗ਼ ਦੇ ਨਾਚ ਕਰਾਨ ਲੱਗੇ
ਆਏ ਭਗਤੀਏ ਭੰਡ ਤੇ ਡੂਮ ਕੰਜਰ ਤਰ੍ਹਾਂ ਤਰ੍ਹਾ ਦੇ ਰਾਗ ਸੁਨਾਨ ਲੱਗੇ
ਆਏ ਨਕਲੀਏ ਨਕਲ ਵਖਾਵਣੇ ਨੂੰ ਹੱਸ ਹੱਸ ਕੇ ਲੋਕ ਹਸਾਨ ਲੱਗੇ
ਕਈ ਤੌਰ ਦਾ ਹੋਰ ਜਲੂਸ ਯਾਰੋ ਨਾਲ ਖ਼ੁਸ਼ੀ ਦੇ ਐਸ ਉਡਾਨ ਲੱਗੇ
ਮਾਲਣ ਗੁੰਦ ਲਿਆਈ ਫੁੱਲਾਂ ਹਾਰ ਸੋਹਣੇ ਸਹਿਰੇ ਕੁੰਵਰ ਦੇ ਸੀਸ ਸੁਹਾਨ ਲੱਗੇ
ਸੁੰਦਰ ਮੁਕਟ ਬਸੰਤ ਦੇ ਸੀਸ ਉਤੇ ਆ ਕੇ ਛਤਰ ਗ਼ੁਲਾਮ ਫਿਰਾਨ ਲੱਗੇ
ਪੁੰਨ ਦਾਨ ਅਨੇਕ ਪ੍ਰਕਾਰ ਕੀਤਾ ਮਾਇਆ ਮੀਂਹ ਦੇ ਵਾਂਗ ਬਰਸਾਨ ਲੱਗੇ
ਰਾਜੇ ਨਫ਼ਰ ਗ਼ੁਲਾਮਾਂ ਨੂੰ ਹੁਕਮ ਦਿਤਾ ਸੇਵਾ ਕੁੰਵਰ ਦੀ ਕੁਲ ਕਮਾਨ ਲੱਗੇ
ਦੌਲਤਰਾਮ ਭਗਵਾਨ ਨੇ ਕਰੀ ਕਿਰਪਾ ਦੇਖੋ ਭਾਗ ਬਸੰਤ ਦੇ ਆਨ ਲੱਗੇ

## ਅੰਜ਼ਨ

ਕਰਕੇ ਵੇਦ ਅਨੁਸਾਰ ਵਿਹਾਰ ਸਾਰਾ ਕਾਮ ਰੂਪ ਨੇ ਧੀ ਪਰਣਾਇ ਦਿਤੀ
ਪੁੰਨ ਦਾਨ ਦਾ ਅੰਤ ਨਾ ਆਂਵਦਾ ਈ ਮਾਇਆ ਰੱਬ ਦੇ ਨਾਮ ਲੁਟਾਇ ਦਿਤੀ
ਕੀਤੇ ਸਗਨ ਵਿਹਾਰ ਕੁਲ ਰੀਤ ਸਾਰੀ ਰੋਟੀ ਜੰਞ ਨੂੰ ਸੱਦ ਖੁਲਾਇ ਦਿਤੀ
ਦੇ ਕੇ ਦਾਜ ਦਿਹਾਜ ਤਾਫ਼ੀਕ ਮੂਜਬ ਰਾਜੇ ਕੰਨਿਆ ਡੋਲੜੀ ਪਾਇ ਦਿਤੀ
ਮਿਲੀ ਰੋਇ ਕੇ ਅੰਗ ਸਹੇਲੀਆਂ ਨੂੰ ਰੋਲੀ ਪਾਇਕੇ ਜਗ ਸੁਨਾਇ ਦਿਤੀ
ਧੀਆਂ ਗਊਆਂ ਤੇ ਆਸ਼ਕਾਂ ਜ਼ੋਰ ਕੇਹਾ ਓਧਰ ਗਈ ਜਿਹੜ੍ਹੇ ਮਗਰ ਲਾਇ ਦਿਤੀ
ਰੱਬ ਭਾਗ ਲਾਵੇ ਮਾਏ ਮੇਰੀਏ ਨੀ ਮੇਰੇ ਚਿੱਤ ਦੀ ਆਸ ਪੁਜਾਇ ਦਿਤੀ
ਸੁਖੀ ਵਸੇ ਵੇ ਬਾਬਲਾ ਦੇਸ ਤੇਰਾ ਜਾਂਦੀ ਵਾਰ ਅਸੀਸ ਦੁਆਇ ਦਿਤੀ
ਕਾਮ ਰੂਪ ਨੇ ਜਾਇਕੇ ਆਪ ਹੱਥੀਂ ਚੰਦਰਬਦਨ ਜਹਾਜ਼ ਚੜ੍ਹਾਇ ਦਿਤੀ
ਕਦੀ ਫੇਰ ਭੀ ਆਣ ਦੀਦਾਰ ਦੇਣਾ ਹੱਥ ਜੋੜ ਕੇ ਅਰਜ਼ ਸੁਨਾਇ ਦਿਤੀ
ਜਾਂਦੀ ਵਾਰ ਮਿਲ ਕੇ ਦੋਵੇਂ ਤਰਫ਼ ਯਾਰੋ ਹੱਥ ਜੋੜ ਪ੍ਰਣਾਮ ਬੁਲਾਇ ਦਿਤੀ
ਦੌਲਤਰਾਮ ਭਗਵਾਨ ਨੇ ਕਰੀ ਕਿਰਪਾ ਰਾਧੇ ਕ੍ਰਿਸ਼ਨ ਦੇ ਨਾਲ ਮਿਲਾਇ ਦਿਤੀ

## ਅੱਗੇ ਹਾਲ ਜਹਾਜ਼ ਦਾ ਕੂਚ ਹੋਣਾ ਔਰ ਰਾਣੀ ਚੰਦਰਬਦਨ ਦੀ ਅਕਲ ਵੇਖ ਕੇ ਸ਼ਾਹੂਕਾਰ ਦਾ ਧਰਮ ਭਰਿਸ਼ਟ ਹੋ ਜਾਣਾ ਔਰ ਬਸੰਤ ਨੂੰ ਧੱਕਾ ਦੇ ਕੇ ਵਿਚ ਸਮੁੰਦਰ ਦੇ ਸੁੱਟ ਦੇਣਾ

ਸਾਹੂਕਾਰ ਸੁਦਾਗਰ ਨੇ ਹੁਕਮ ਦਿਤਾ ਹੋਇਆ, ਤੁਰਤ ਜਹਾਜ ਰਵਾਨ ਲੋਕੋ
ਚੰਦਰਬਦਨ ਤੇ ਕੁੰਵਰ ਬਸੰਤ ਦੋਵੇਂ ਲੱਗੇ ਖ਼ੁਸੀ ਦੇ ਰੋਜ਼ ਲੰਘਾਨ ਲੋਕੋ
ਗੋਯਾ ਚੰਦ ਚਕੋਰ ਦਾ ਮੇਲ ਹੋਇਆ ਜਾਮੇ ਵਿਚ ਨਾ ਮੂਲ ਸਮਾਨ ਲੋਕੋ
ਏਸ ਤਰ੍ਹਾਂ ਐਸ ਖ਼ੁਸ਼ੀਆਂ ਕਰਦਿਆਂ ਨੂੰ ਸੱਤ ਮਾਹ ਬਿਤੀਤ ਹੋ ਜਾਨ ਲੋਕੋ
ਸੱਤ ਮਾਹ ਸਮੁੰਦਰ ਦੇ ਵਿਚ ਗੁਜ਼ਰੇ ਕੋਈ ਦੁੱਖ ਨਾ ਕਿਸੇ ਦੀ ਕਾਨ ਲੋਕੋ
ਅੱਸੀ ਕੋਸ ਆਹਾ ਮਿਸਰ ਸ਼ਹਿਰ ਓਥੇ ਜਿਥੇ ਹੋ ਗਿਆ ਕੰਮ ਵੈਰਾਨ ਲੋਕੋ
ਹੋਣੀ ਫੇਰ ਬਸੰਤ ਦੇ ਨਾਲ ਵਰਤੀ ਸਾਰਾ ਕਰਾ ਮੈਂ ਅਜ ਬਿਆਨ ਲੋਕੋ
ਇਕ ਰੋਜ਼ ਬੇਟੀ ਕਾਮਰੂਪ ਸੰਦੀ ਲੱਗੀ ਕਰਨ ਕੇਸੀਂ ਇਸ਼ਨਾਨ ਲੋਕੋ
ਪਰਦੇ ਵਿਚ ਕਰਕੇ ਇਸ਼ਨਾਨ ਰਾਣੀ ਧੁਪੇ ਲਗ ਪਈ ਵਾਲ ਸੁਕਾਨ ਲੋਕੋ
ਰਾਣੀ ਸਹਿਜ ਸੁਭਾਇ ਦੇ ਨਾਲ ਬੈਠੀ ਸ਼ਾਹੂਕਾਰ ਦਾ ਗਿਆ ਧਿਆਨ ਲੋਕੋ
ਕਲੂਕਾਲ ਨੇ ਆਣ ਪ੍ਰਵੇਸ਼ ਕੀਤਾ ਜਾਗ ਪਿਆ ਜੇ ਕਾਮ ਸੈਤਾਨ ਲੋਕੋ
ਸਕਲ ਦੇਖ ਕੇ ਅਕਲ ਸਭ ਗੁੰਮ ਹੋਈ ਸ਼ਾਹੂਕਾਰ ਹੋਇਆ ਬੇਈਮਾਨ ਲੋਕੋ
ਜਿੱਥੇ ਕਾਮ ਸੈਤਾਨ ਦਾ ਵਾਸ ਹੋਵੇ ਓਥੇ ਰਹੇ ਨਾ ਧਰਮ ਈਮਾਨ ਲੋਕੋ
ਆਵੇ ਫੌਜ ਅਨੰਗ ਦੀ ਜ਼ੋਰ ਕਰਕੇ ਜਾਵੇ ਨੱਸ ਵਿਚਾਰ ਗਿਆਨ ਲੋਕੋ
ਏਸ ਕਾਮ ਨੇ ਮਾਰੇ ਨੇ ਸਿੱਧ ਆਲਮ ਜੇਹੜੇ ਅਕਲ ਦੇ ਕੋਟ ਸਦਾਨ ਲੋਕੋ

ਪਿੱਛੇ ਕਾਮ ਦੇ ਇੰਦਰ ਨੂੰ ਕੁਸਟ ਲੱਗਾ ਹੋਇਆ ਤਰਫ਼ ਅਹੱਲਿਆ ਧਿਆਨ ਲੋਕੋ
ਨਾਰਦਮੁਨੀ ਦੀ ਕਾਮ ਨੇ ਬੁਧ ਮਾਰੀ ਲਿਖਿਆ ਵਿਚ ਰਾਮਾਇਣ ਬਿਆਨ ਲੋਕੋ
ਕਾਮਦੇਵ ਨੇ ਸ਼ਿਵਾਂ ਨੂੰ ਖ਼ੁਆਰ ਕੀਤਾ ਮਸ਼ਹੂਰ ਇਹ ਗੱਲ ਜਹਾਨ ਲੋਕੋ
ਜਦੋਂ ਕਾਮ ਦਾ ਬੰਦੇ ਨੂੰ ਜੋਸ਼ ਹੋਵੇ ਭੁੱਲ ਜਾਵਦਾ ਭਜਨ ਭਗਵਾਨ ਲੋਕੋ
ਏਸ ਵਿਸ਼ੇ ਨੇ ਲੁੱਟਿਆ ਜਗ ਸਾਰਾ ਬਹੁਤਾ ਕਰਾਂ ਕੀ ਹੋਰ ਵਖਾਨ ਲੋਕੋ
ਵਿਰਲੇ ਮਰਦ ਜੋ ਕਾਮ ਈ ਚੋਟ ਝਲਦੇ ਬੁਰੇ ਕਾਮ ਬਲਵਾਨ ਦੇ ਬਾਨ ਲੋਕੋ
ਸ਼ਾਹੂਕਾਰ ਦੇ ਕੁਝ ਅਖ਼ਤਿਆਰ ਨਾਹੀਂ ਭਾਵੀ ਰੱਬ ਦੀ ਵੱਡੀ ਬਲਵਾਨ ਲੋਕੋ
ਏਸ ਕਾਮ ਦੇ ਵਾਸਤੇ ਲੋਕ ਪਾਪੀ ਸਕੇ ਭਾਈਆਂ ਮਾਰ ਮੁਕਾਨ ਲੋਕੋ
ਕਈ ਛੱਡ ਕੇ ਆਪਣੀ ਇਸਤ੍ਰੀ ਨੂੰ ਦੂਜੀ ਘਿਨ ਪਰਦੇਸ ਨੂੰ ਜਾਨ ਲੋਕੋ
ਕਈ ਚੂੜ੍ਹੀਆਂ ਨਾਲ ਬਦਕਰਮ ਕਰਦੇ ਧਰਮ ਕਰਮ ਤੇ ਸ਼ਰਮ ਗਵਾਨ ਲੋਕੋ
ਕਈ ਪੁੱਤ ਕਪੂਤ ਬਦਕਾਰ ਜੇਹੜੇ ਪੱਲੇ ਜਾ ਜੁਲਾਹੀਆਂ ਦੇ ਖਾਨ ਲੋਕੋ
ਕਈ ਜਾਂਵਦੇ ਵੇਸਵਾ ਕੰਜਰੀ ਦ ਦੌਲਤ ਬਾਪ ਦੀ ਮੁਫਤ ਲੁਟਾਨ ਲੋਕੋ
ਕਾਮ ਵਾਸਤੇ ਕਈ ਬਦਨਾਮ ਹੁੰਦੇ ਇੱਜ਼ਤ ਖ਼ਾਕ ਦੇ ਵਿਚ ਰੁਲਾਨ ਲੋਕੋ
ਏਸ ਕਾਮ ਦੇ ਵਾਸਤੇ ਜੰਗ ਹੁੰਦੇ ਲੜਨ ਸੂਰਮੇ ਸਰੇ ਮੈਦਾਨ ਲੋਕੋ
ਕਈ ਬਾਦਸ਼ਾਹ ਮੁਲਕ ਵਲਾਇਤਾਂ ਦੇ ਕੀਤੇ ਵਿਸ਼ੇ ਨੇ ਮਾਰ ਹੈਰਾਨ ਲੋਕੋ
ਏਸ ਕਾਮ ਦੇ ਵਾਸਤੇ ਦੇਖ ਲੈਣਾ ਸਾਹੂਕਾਰ ਦੀ ਜਾਏਗੀ ਜਾਨ ਲੋਕੋ
ਪਾਪੀ ਧਰਮ ਈਮਾਨ ਨੂੰ ਛੱਡ ਬੈਠਾ ਲੱਗਾ ਨੇਂਹ ਦੀ ਤਰਫ਼ ਤਕਾਨ ਲੋਕੋ
ਆਠੋ ਜਾਮ ਉਹ ਰਾਣੀ ਦੀ ਤਰਫ ਦੇਖੇ ਲੱਗਾ ਕੁੰਵਰ ਦੀ ਅੱਖ ਬਚਾਨ ਲੋਕੋ
ਜੇਹੜੇ ਮਰਦ ਦੀ ਦਿਲੋਂ ਬਦਨੀਤ ਹੋਵੇ ਕਰਦਾ ਲੱਖ ਫਰਬ ਤੂਫਾਨ ਲੋਕੋ
ਐਪਰ ਦਾਅ ਬਹੁਤੇਰੜੇ ਲਾ ਚੁੱਕਾ ਕੋਈ ਚਲਦਾ ਜੋਰ ਨਾ ਤਾਨ ਲੋਕੋ
ਆ ਕੇ ਕਾਮ ਨੇ ਦੁਸ਼ਟ ਨੂੰ ਤੰਗ ਕਾਤਾ ਵਿਚੇ ਵਿਚ ਹੋਇਆ ਪਰੇਸਾਨ ਲੋਕੋ
ਐਪਰ ਕੁੰਵਰ ਬਸੰਤ ਨੂੰ ਖਬਰ ਕੇਹੀ ਪਾਪੀ ਲੱਗਿਆ ਪਾਪ ਕਮਾਨ ਲੋਕੋ
ਛੇਕੜ ਕੁੰਵਰ ਬਸੰਤ ਦੇ ਮਾਰਨੇ ਦੀ ਲੱਗਾ ਦੁਸਟ ਤਦਬੀਰ ਬਣਾਨ ਲੋਕੋ
ਜ਼ਾਲਮ ਲੋਕ ਨਾ ਜ਼ੁਲਮ ਤੋਂ ਖ਼ੌਫ ਖਾਦੇ ਜੇਹੜੇ ਵਿਸ਼ੇ ਦੇ ਵਿਚ ਗਲਤਾਨ ਲੋਕੋ
ਇਕ ਰੋਜ਼ ਬਸੰਤ ਨੂੰ ਸਾਥ ਲੈ ਕੇ ਸਾਹੂਕਾਰ ਜੋ ਪਾਪ ਦੀ ਖਾਨ ਲੋਕੋ
ਜਾ ਕੇ ਚੜ੍ਹ ਗਿਆ ਸਿਖਰ ਜਹਾਜ਼ ਉਤੇ ਲੱਗਾ ਸਿੰਧ ਦੀ ਲਹਿਰ ਦਿਖਾਣ ਲੋਕੋ
ਅਚਨਚੇਤ ਬਸੰਤ ਨੂੰ ਮਾਰ ਧੱਕਾ ਵਿਚ ਸੁੱਟਿਆ ਸਿੰਧ ਤੂਫਾਨ ਲੋਕੋ
ਗਿਰਦੇ ਸਾਰ ਬਸੰਤ ਗ਼ਰਕਾਬ ਹੋਇਆ ਲੱਗਾ ਪਤਾ ਨਾ ਨਾਮ ਨਿਸਾਨ ਲੋਕੋ
ਜੇਹੜੇ ਵਕਤ ਬਸੰਤ ਨੂੰ ਰੋੜ੍ਹਿਆ ਸੀ ਕੰਬ ਗਏ ਜ਼ਮੀਨ ਅਸਮਾਨ ਲੋਕੋ
ਹੱਥੀਂ ਆਪਣੀ ਖ਼ੂਨ ਗੁਜ਼ਾਰ ਕੇ ਤੇ ਆਪ ਲੱਗ ਪਿਆ ਰੌਲਾ ਪਾਨ ਲੋਕੋ
ਆਖੇ ਪੁੱਤਰ ਮੇਰਾ ਸਾਗਰ ਵਿਚ ਡਿੱਗਾ ਦੁਸ਼ਟ ਲੱਗਿਆ ਰੋਨ ਕੁਰਲਾਨ ਲੋਕੋ
ਕਰਦਾ ਮਕਰ ਫ਼ਰੇਬ ਹਜ਼ਾਰ ਪਾਪੀ ਲਗਾ ਰਾਣੀ ਦਾ ਚਿਤ ਪ੍ਰਚਾਨ ਲੋਕੋ

ਦੌਲਤ ਰਾਮ ਕਰਤਾਰ ਦੇ ਕੰਮ ਦੇਖੋ ਹਏ ਹੋਰ ਦੇ ਹੋਰ ਸਮਾਨ ਲੋਕੋ

## ਵਾਕ ਚੰਦਰਬਦਨ ਕਾ

ਚੰਦਰਬਦਨ ਨੇ ਸੁਣੀ ਜਾਂ ਗੱਲ ਇਤਨੀ ਆਂਸੂ ਮੋਤੀਆਂ ਵਾਂਗ ਡੁੱਲ੍ਹ ਗਈਆਂ
ਪੱਟੇ ਵਾਲ ਤੇ ਹਾਰ ਸਿੰਗਾਰ ਪਾੜੇ ਖ਼ੁਸੀ ਐਸ਼ ਤੇ ਅਸ਼ਰਤਾ ਭੁੱਲ ਗਈਆਂ
ਲੱਗੀ ਮੌਤ ਦੀ ਚੋਟ ਵਦਾਨ ਵਾਂਗੂੰ ਸੁੱਤੀ ਪਈਆਂ ਦੀਆਂ ਅੱਖੀਆਂ ਖੁਲ੍ਹ ਗਈਆਂ
ਨੈਣੀਂ ਨਜ਼ਰ ਨਾ ਆਵਦਾ ਰੋਂਦੜੀ ਨੂੰ ਚਸ਼ਮਾ ਸ਼ਮ੍ਹਾ ਦੇ ਵਾਂਗ ਹੋ ਗੁੱਲ ਗਈਆਂ
ਗ਼ਸ਼ੀ ਖਾਇਕੇ ਡਿੱਗੀ ਜ਼ਮੀਨ ਉੱਤੇ ਬ੍ਰਿਹੋਂ ਕਾਨੀਆ ਜਿਗਰ ਨੂੰ ਛੂੱਲ ਗਈਆਂ
ਅਤਰ ਭਿੰਨੀਆਂ ਪੱਟੀਆਂ ਵਾਂਗ ਰੇਸ਼ਮ ਵਿਚ ਖ਼ਾਕ ਜ਼ਮੀਨ ਦੇ ਰੁਲ ਗਈਆਂ
ਘਾਟਾ ਪਿਆ ਵਣਜਾਰਿਆਂ ਧਰਮੀਆਂ ਨੂੰ ਧੜੀਆਂ ਦਗੇ ਫ਼ਰੇਬ ਤੇ ਤੁਲ ਗਈਆਂ
ਦੌਲਤ ਰਾਮ ਮੇਰੀ ਮੇਰੀ ਕਰਦਿਆਂ ਨੂੰ ਆ ਕੇ ਮੌਤ ਅੰਧੇਰੀਆਂ ਝੁਲ ਗਈਆ

## ਐਜ਼ਨ

ਦੂਜੀ ਵਾਰ ਫਿਰ ਰਾਣੀ ਨੂੰ ਹੋਸ ਆਈ ਹਾਏ ਹਾਏ ਕਰਦੇ ਕੁਰਲਾਨ ਲੱਗੀ
ਵੰਛਾਂ ਭੰਨੀਆਂ ਹਾਰ ਹੰਭੇਲ ਤੋੜੇ ਬੰਨ੍ਹ ਸੰਦਲਾ ਪਿੱਟਨਾ ਪਾਨ ਲਗੀ
ਦਿਤੀ ਲਾਹ ਸੁਹਾਗ ਦੀ ਨੱਥ ਯਾਰੋ ਭਰ ਭਰ ਮੁੱਠੀਆ ਖ਼ਾਕ ਸਿਰ ਪਾਣ ਲੱਗੀ
ਜੇਹੜੇ ਵਕਤ ਵਿਆਹ ਕਰਵਾਇਆ ਸੀ ਓਸ ਵੇਲੜੇ ਨੂੰ ਪਛੋਤਾਨ ਲੱਗੀ
ਆਖੇ ਹਾਏ ਰੱਬਾ ਕੇਹੜੀ ਵਲ ਜਾਵਾ ਰੋਏ ਰੋਏਂ ਕੇ ਨੈਣ ਵਹਾਨ ਲੱਗੀ
ਖੁਲ੍ਹੇ ਜੰਦਰੇ ਚਿੱਤ ਦੇ ਵਕਤੇ ਓਸ ਕੁੰਜੀ ਗਿਆਨ ਵੈਰਾਗ ਦੀ ਆਨ ਲੱਗੀ
ਸਾਰੇ ਚੀਰ ਫੜ ਕੇ ਲੀਰੋ ਲੀਰ ਕੀਤੇ ਪਿੱਟ ਪਿੱਟ ਕੇ ਹਾਲ ਵੰਜਾਨ ਲੱਗੀ
ਮਾਰੇ ਸੀਸ ਜਹਾਜ਼ ਦੇ ਨਾਲ ਯਾਰੋ ਜਿੰਦ ਆਪਣੀ ਆਪ ਗਵਾਨ ਲੱਗੀ
ਰਹੀ ਹੋਸ ਨਾ ਸੁਧ ਸੰਭਾਲ ਕੋਈ ਰਾਣੀ ਗ਼ਸਾ ਉੱਤੇ ਗ਼ਸ ਖਾਨ ਲੱਗੀ
ਦੌਲਤ ਰਾਮ ਬਸੰਤ ਦ ਨਾਲ ਦੇਖੋ ਚੰਦਰਬਦਨ ਦੀ ਜਾਨ ਭੀ ਜਾਣ ਲੱਗੀ

## ਵਾਕ ਸ਼ਾਹੂਕਾਰ ਕਾ

ਸ਼ਾਹੂਕਾਰ ਨੇ ਰਾਣੀ ਦਾ ਹਾਲ ਡਿੱਠਾ ਵਿਚੇ ਵਿਚ ਪਾਪੀ ਪਛੋਤਾਨ ਲੱਗਾ
ਜਾ ਕੇ ਦੁਸ਼ਟ ਨੇ ਰਾਣੀ ਦੀ ਬਾਂਹ ਪਕੜੀ ਉਸਨੂੰ ਪਿਆਰ ਦੇ ਨਾਲ ਸਮਝਾਨ ਲੱਗਾ
ਕਾਮੀ ਪੁਰਸ਼ ਦਾ ਜਿਵੇਂ ਖ਼ਿਆਲ ਹੁੰਦਾ ਓਸੇ ਤਰ੍ਹਾਂ ਦੀ ਬਣਤ ਬਣਾਨ ਲੱਗਾ
ਆਖੇ ਰਾਣੀਏ ਸਬਰ ਤੇ ਸ਼ੁਕਰ ਕਰ ਤੂੰ ਗੱਲਾਂ ਮਿੱਠੀਆਂ ਨਾਲ ਭਰਮਾਨ ਲੱਗਾ
ਛੇਕੜ ਕੁਲ ਜਹਾਨ ਨੇ ਖ਼ਾਕ ਹੋਣਾ ਤੈਨੂੰ ਕੂੜ ਦਾ ਭਰਮ ਭੁਲਾਨ ਲੱਗਾ
ਐਸਾ ਕੌਣ ਜੋ ਅਮਰ ਹੈ ਜੱਗ ਉਤੇ ਵੇਖੋ ਉਲਟ ਗਿਆਨ ਸੁਣਾਨ ਲੱਗਾ
ਕੇਹੜੀ ਗੱਲ ਦੀ ਦੱਸ ਪਰਵਾਹ ਤੈਨੂੰ ਤੇਰਾ ਚਿੱਤ ਕਿਓਂ ਹੋਨ ਹੈਰਾਨ ਲੱਗਾ

ਅੱਗੇ ਰੇਸਮੀ ਕੱਪੜੇ ਆਨ ਰੱਖੇ ਹਾਰ ਹੀਰਿਆਂ ਦੇ ਗਲ ਪਾਨ ਲੱਗਾ
ਕੋਲ ਆਣ ਰੱਖੀ ਪੇਟੀ ਗਹਿਣਿਆ ਦੀ ਦੇਖੋ ਲੋਭ ਦੇ ਵਿਚ ਲੁਭਾਨ ਲੱਗਾ
ਰਾਣੀ ਸ਼ਰਮ ਦੇ ਮਾਰਿਆਂ ਮੂੰਹ ਕੱਜੇ ਹੱਥ ਨਾਲ ਫੜ ਕੇ ਪੱਲੂ ਲਾਹਨ ਲੱਗਾ
ਪਾਪੀ ਆਪਣੇ ਧਰਮ ਨੂੰ ਗਾਲ ਬੈਠਾ ਨਾਲੇ ਓਸਦਾ ਧਰਮ ਗਵਾਨ ਲੱਗਾ
ਅੱਗੇ ਦੁੱਖਾ ਨੇ ਮਾਰ ਕੇ ਚੂਰ ਕੀਤਾ ਦੁਖੇ ਦਿਲ ਨੂੰ ਹੋਰ ਦੁਖਾਨ ਲੱਗਾ
ਪਹਿਲ ਜਿਗਰ ਦੇ ਵਿਚ ਕਟਾਰ ਲਾ ਕੇ ਚੁਟਕਾ ਲੂਣ ਦਾ ਉਪਰੋ ਲਾਨ ਲੱਗਾ
ਰਾਣੀ ਬੋਲਦੀ ਨਹੀਂ ਜਬਾਨ ਵਿਚੋਂ ਉਸਨੂੰ ਪਿਆਰ ਦੇ ਨਾਲ ਬੁਲਾਨ ਲੱਗਾ
ਸੀਸ਼ਾ ਚੂਰ ਹੋਇਆ. ਉਸਨੂੰ ਜੋੜਦਾ ਹੈ ਦੇਖੋ ਪਾਣੀਆਂ ਨੂੰ ਅੱਗ ਲਾਨ ਲੱਗਾ
ਹਾਡੀ ਕਾਠ ਦੀ ਚਾੜ੍ਹਦਾ ਅੱਗ ਉਤੇ ਸੂਈ ਸੰਘ ਦੇ ਵਿਚ ਖੁਭਾਨ ਲੱਗਾ
ਆ ਕੇ ਹੋਣੀ ਨੇ ਦੁਸਟ ਦੀ ਬੁਧ ਮਾਰੀ ਅੱਖੀਂ ਵੇਖ ਕੇ ਜਹਿਰ ਨੂੰ ਖਾਨ ਲੱਗਾ
ਜਿਹੜੇ ਧਰਮ ਦੇ ਵਾਸਤੇ ਜਾਨ ਦੇਵਣ ਪਾਪੀ ਉਨ੍ਹਾ ਦਾ ਧਰਮ ਡੁਬਾਨ ਲੱਗਾ
ਜਦੋਂ ਵੇਖਿਆ ਰਾਣੀ ਨਾ ਗੱਲ ਕਰਦੀ ਛੇਕੜ ਜੋਰ ਕਰਕੇ ਹੱਥ ਪਾਨ ਲੱਗਾ
ਦੌਲਤਰਾਮ ਉਸ ਦੁਸਟ ਨੂੰ ਖ਼ਬਰ ਨਾਹੀਂ ਕਾਲ ਬਲੀ ਏ ਕਰਮ ਕਰਾਨ ਲੱਗਾ

## ਵਾਕ ਰਾਣੀ ਦਾ ਦਿਲ ਦੇ ਨਾਲ

ਰਾਣੀ ਚਿੱਤ ਦੇ ਵਿਚ ਵਿਚਾਰ ਕੀਤੀ ਇਥੇ ਚੱਲਣਾ ਜ਼ੋਰ ਨਾ ਤਾਨ ਮੇਰਾ
ਨਾਲੇ ਸਮਝ ਗਈ ਖੋਟੇ ਕਰਮ ਪਿਛੇ ਇਸਨੇ ਮਾਰਿਆ ਪਤੀ ਭਗਵਾਨ ਮੇਰਾ
ਪਾਪੀ ਆਪਣੇ ਧਰਮ ਨੂੰ ਗਾਲ ਬੈਠਾ ਨਾਲੇ ਲੱਗਿਆ ਧਰਮ ਗਵਾਨ ਮੇਰਾ
ਕੋਈ ਅਕਲ ਦਾ ਢੰਗ ਲਗਾ ਦੇਖਾ ਰੱਖ ਰੱਬ ਜੇ ਧਰਮ ਈਮਾਨ ਮੇਰਾ
ਦੌਲਤ ਰਾਮ ਏਸ ਜੀਣ ਤੇ ਮਰਣ ਚੰਗਾ ਜੇਕਰ ਹੋ ਗਿਆ ਧਰਮ ਨੁਕਸਾਨ ਮੇਰਾ

## ਵਾਕ ਰਾਣੀ ਕਾ

ਰਾਣੀ ਬੇਨਤੀ ਕਰੇ ਭਗਵਾਨ ਅੱਗੇ ਰੱਬਾ ਰੱਖ ਲੈ ਧਰਮ ਨਿਮਾਣਿਆਂ ਦਾ
ਤੇਰੇ ਬਾਝ ਸਾਈਆਂ ਏਥੇ ਕੌਣ ਬੇਲੀ ਅਸਾਂ ਆਜਜਾਂ ਦਰਦ ਰਵਾਣਿਆਂ ਦਾ
ਪਿਛਲੇ ਜਨਮ ਕੀਤਾ ਕੋਈ ਪਾਪ ਭਾਰੀ ਪਾਇਆ ਫਲ ਮੈਂ ਕਰਮ ਕਮਾਣਿਆਂ ਦਾ
ਦਾਣਾ ਕਿਸੇ ਨੂੰ ਮੂਲ ਨਾ ਹੱਥ ਆਇਆ ਖੇਤ ਬੀਜ ਕੇ ਭੁੰਨਿਆ ਦਾਣਿਆਂ ਦਾ
ਇਕੋ ਫਜ਼ਲ ਤੇਰਾ ਰੱਬਾ ਲੋੜਨੀ ਹਾ ਤੂੰ ਹੈ ਵਾਰਸ ਕੁਲ ਟਿਕਾਣਿਆਂ ਦਾ
ਦੌਲਤਰਾਮ ਦਾ ਰੱਖ ਲੈ ਧਰਮ ਰਾਮਾ ਮਾਈ ਬਾਪ ਤੂੰ ਅਸਾਂ ਇਵਾਣਿਆਂ ਦਾ

## ਵਾਕ ਰਾਣੀ ਕਾ

ਸਾਹੂਕਾਰ ਅੱਗੇ ਰਾਣੀ ਹੱਥ ਜੋੜੇ ਮੇਰਾ ਮੰਨ ਤੂੰ ਇਕ ਸਵਾਲ ਸਾਈ
ਨਾਲੇ ਆਪਣੇ ਧਰਮ ਨੂੰ ਕਾਇਮ ਰੱਖੋ ਨਾਲੇ ਮੁਝ ਕਾ ਧਰਮ ਨਾ ਗਾਲ ਸਾਈ

ਕੋਈ ਰੋਜ਼ ਦਿਲ ਆਪਣੇ ਧੀਰ ਰੱਖੋ ਕਰੋ ਛੱਤਰੀ ਬੰਸ ਦੀ ਚਾਲ ਸਾਈਂ
ਕਰ ਕੇ ਵੇਦ ਅਨੁਸਾਰ ਵਿਹਾਰ ਸਾਰਾ ਸ਼ਾਦੀ ਕਰਾ ਤੁੱਧ ਦੇ ਨਾਲ ਸਾਈਂ
ਅੰਪਰ ਹੋਰ ਭੀ ਇਕ ਦਲੀਲ ਮੇਰੀ ਪੂਰੀ ਕਰੇ ਜੇ ਰੱਬ ਦਿਆਲ ਸਾਈਂ
ਬਰਸ ਰੋਜ਼ ਦਾ ਕਰੋ ਇਕਰਾਰ ਮੈਥੋਂ ਜੇਕਰ ਚਾਂਹਵਦੇ ਤੁਸੀਂ ਵਸਾਲ ਸਾਈਂ
ਜੇਕਰ ਬਰਸ ਅੰਦਰ ਮਿਲੇ ਪਤੀ ਮੇਰਾ ਤਾ ਮੈਂ ਹੋਵਸਾ ਉਸਦੀ ਜ਼ਾਲ ਸਾਈਂ
ਸੇਲ ਕਰੇ ਜੇ ਸ੍ਰੀ ਭਗਵਾਨ ਮੇਰਾ ਮੇਰੀ ਜਿੰਦ ਉਸ ਦਾ ਧਨ ਮਾਲ ਜਾਈਂ
ਬਰਸ ਰੋਜ਼ ਮਨ ਮਾਰ ਕੇ ਕਰੋ ਪੂਰਾ ਸਭੋ ਹੋਵਸੀ ਕੰਮ ਸੁਖਾਲ ਸਾਈਂ
ਤੈਂਨੂੰ ਧਰਮ ਦੀ ਗੱਲ ਮੈਂ ਆਖਨੀ ਹਾਂ ਕੰਨ ਰੱਖ ਕੇ ਕਰੋ ਖ਼ਿਆਲ ਸਾਈਂ
ਦੌਲਤਰਾਮ ਜੇ ਜ਼ੋਰ ਅਰ ਜ਼ੁਲਮ ਕਰਸੇਂ ਮਾਰਾ ਵਿਚ ਸਮੁੰਦਰ ਦੇ ਛਾਲ ਸਾਈਂ

## ਵਾਕ ਸਾਹੂਕਾਰ ਕਾ

ਸਾਹੂਕਾਰ ਨੇ ਗੱਲ ਮਨਜ਼ੂਰ ਕੀਤੀ ਰਾਣੀ ਮਰਨ ਤੇ ਜਦੋਂ ਤਿਆਰ ਹੋਈ
ਮੋਏ ਹੋਏ ਬਸੰਤ ਨੇ ਆਵਣਾ ਕੀ ਇਹੋ ਦੁਸ਼ਟ ਦੇ ਚਿੱਤ ਵਿਚਾਰ ਹੋਈ
ਇਸ ਨੇ ਨੱਸ ਮੈਥੋਂ ਕਿੱਥੇ ਜਾਵਣਾ ਹੈ ਆਖ਼ਰਕਾਰ ਮੇਰੇ ਅਖ਼ਤਿਆਰ ਹੋਈ
ਆਪਣੇ ਆਪ ਮੇਰੇ ਨਾਲ ਪਿਆਰ ਕਰਸੀ ਜਦੋਂ ਚਿੱਤ ਤੇ ਗ਼ਮੀ ਨਿਵਾਰ ਹੋਈ
ਘਰੀਂ ਚਲ ਕੇ ਏਸ ਨੂੰ ਕਰਾਂ ਕਾਬੂ ਏਸ ਗੱਲ ਦੀ ਖ਼ੁਸ਼ੀ ਅਪਾਰ ਹੋਈ
ਹੋਣੀ ਆਣ ਕੇ ਸੀਸ ਤੇ ਹੋਈ ਵਾਰਦ ਸਾਰੀ ਅਕਲ ਤੇ ਹੋਸ ਫਰਾਰ ਹੋਈ
ਦੌਲਤ ਰਾਮ ਉਸ ਦੁਸਟ ਨੂੰ ਖ਼ਬਰ ਨਾਹੀਂ ਹੋਣੀ ਆਣ ਕੇ ਸੀਸ ਅਸਵਾਰ ਹੋਈ

## ਹਾਲ ਬਸੰਤ ਕਾ

ਅੱਗੋ ਸੁਣੋ ਬਸੰਤ ਦਾ ਹਾਲ ਯਾਰੋ ਕਿੱਸਾ ਨਵਾ ਮੈ ਅਜ ਉਚਾਰਿਆ ਈ
ਉਸ ਵਕਤ ਆਹਾ ਵੇਲਾ ਸੰਧਿਆ ਦਾ ਧੱਕਾ ਜਦੋ ਬਸੰਤ ਨੂੰ ਮਾਰਿਆ ਈ
ਡਿਗਦੇ ਸਾਰ ਬਸੰਤ ਨੇ ਵਿਚ ਸਾਗਰ ਮੂੰਹੋ ਰਾਮ ਦਾ ਨਾਮ ਪੁਕਾਰਿਆ ਈ
ਲਈ ਸਾਰ ਭਗਵਾਨ ਨੇ ਵਕਤ ਉਸੇ ਜਦੋਂ ਕੁੰਵਰ ਨੇ ਨਾਮ ਚਿਤਾਰਿਆ ਈ
ਧਰਮੀ ਪੁਰਸ਼ ਸਮੁੰਦਰ ਦੇ ਵਿੱਚ ਡਿੱਗਾ ਖ਼ਵਾਜੇ ਖਿਜ਼ਰ ਨੂੰ ਰੱਬ ਲਲਕਾਰਿਆ ਈ
ਉਸੇ ਵਕਤ ਆਇਆ ਖ਼ਵਾਜਾ ਖ਼ਿਜ਼ਰ ਯਾਰੋ ਉਸਨੇ ਮੱਛ ਦਾ ਰੂਪ ਚਾ ਧਾਰਿਆ ਈ
ਓਸ ਮੱਛ ਨੇ ਕੁੰਵਰ ਬਸੰਤ ਤਾਈਂ ਆਪਣੀ ਕੰਡ ਉੱਤੇ ਆ ਕੇ ਚਾੜ੍ਹਿਆ ਈ
ਹੋਇਆ ਕੁੰਵਰ ਅਸਵਾਰ ਉਸ ਮੱਛ ਉੱਤੇ ਸੱਚੇ ਰੱਬ ਦਾ ਸ਼ੁਕਰ ਗੁਜ਼ਾਰਿਆ ਈ
ਰਾਤੋ ਰਾਤ ਉਸ ਮੱਛ ਨੇ ਕੁੰਵਰ ਤਾਈਂ ਪੱਤਣ ਮਿਸਰ ਦੇ ਜਾਇ ਉਤਾਰਿਆ ਈ
ਦੀਨਾ ਨਾਥ ਭਗਵਾਨ ਕਰੀ ਕਿਰਪਾ ਬੇੜਾ ਨੂਰ ਦੇ ਵਾਂਗਰਾਂ ਤਾਰਿਆ ਈ
ਕੀਤੀ ਰੱਖਿਆ ਭਗਤ ਪ੍ਰਹਿਲਾਦ ਵਾਗੂੰ ਸੰਕਟ ਕੁੰਵਰ ਦਾ ਕੁਲ ਚਾ ਟਾਰਿਆ ਈ
ਦੌਲਤਰਾਮ ਇਸ ਹਰੀ ਦੀ ਕਰੀ ਭਗਤੀ ਦੱਸੋ ਕੌਣ ਨਾ ਹਰੀ ਨੇ ਤਾਰਿਆ ਈ

ਕਿਵੇਂ ਉਸਤਤੀ ਕਰਾ ਭਗਵਾਨ ਦੀ ਮੈਂ ਲੀਲ੍ਹਾ ਰਾਮ ਦੀ ਬੜੀ ਬੇਅੰਤ ਲੋਕੋ
ਮੋਏ ਹੋਏ ਨੂੰ ਫੇਰ ਸੁਰਜੀਤ ਕੀਤਾ ਕਿਰਪਾ ਕਰੀ ਜੇ ਸ੍ਰੀ ਭਗਵੰਤ ਲੋਕੋ
ਕੁਵੰਰ ਰੱਖਿਆ ਸਿੰਧ ਤੂਫਾਨ ਵਿਚੋਂ ਜਿਹੜੇ ਨੀਰ ਦਾ ਕੁਝ ਨ ਅੰਤ ਲੋਕੋ
ਮਾਇਆ ਰਾਮ ਦੀ ਮਹਾਂ ਅਪਾਰ ਹੈ ਜੀ ਭੇਤ ਪਾਂਵਦੇ ਵੇਦ ਨ ਸੰਤ ਲੋਕੋ
ਆਪਣਾ ਭੇਤ ਨ ਕਿਸੇ ਨੂੰ ਦੇਂਵਦਾ ਹੈ ਪੂਰਨ ਪੁਰਖ ਭਗਵਾਨ ਅਨੰਤ ਲੋਕੋ
ਸਭੋ ਆਸਰੇ ਓਸ ਕਰਤਾਰ ਦੇ ਹੈਂ ਚਾਰੇ ਖਾਣਿਆਂ ਦੇ ਜੀਆ ਜੰਤ ਲੋਕੋ
ਛੱਡੋ ਏਸ ਜਹਾਨ ਦੇ ਧੰਦਿਆਂ ਨੂੰ ਕੂੜਾ ਜੱਗ ਵਾਲਾ ਸਾਰਾ ਤੰਤ ਲੋਕੋ
ਦੌਲਤਰਾਮ ਉਸ ਰਾਮ ਦੀ ਕਰੋ ਭਗਤੀ ਜਿਸ ਨੇ ਤਾਰਿਆ ਕੁੰਵਰ ਬਸੰਤ ਲੋਕੋ

## ਹਾਲ ਬਸੰਤ ਕਾ

ਘਾਟ ਮਿਸਰ ਦਾ ਕੁੰਵਰ ਨੂੰ ਨਜ਼ਰ ਆਇਆ ਮਾਰੀ ਮੱਛ ਦੇ ਉੱਪਰੋਂ ਛਾਲ ਯਾਰੋ
ਓਸ ਜਗ੍ਹਾ ਉੱਤੇ ਪਾਣੀ ਵੱਡਾ ਆਹਾ ਹੋਇਆ ਗੋਤਿਆ ਨਾਲ ਨਿਢਾਲ ਯਾਰੋ
ਕੁੰਵਰ ਗੋਤਿਆਂ ਨਾਲ ਬਿਹਾਲ ਹੋਇਆ ਰਹੀ ਹੋਸ ਨ ਸੁੱਧ ਸੰਭਾਲ ਯਾਰੋ
ਮਿਸਰ ਸ਼ਹਿਰ ਦਾ ਸੀ ਸੋਮਦੱਤ ਮਾਲੀ ਆਇਆ ਦਿਸ਼ਾ ਜੰਗਲ ਪ੍ਰਾਤਾਕਾਲ ਯਾਰੋ
ਓਸਨੇ ਪਕੜ ਕੇ ਕੁੰਵਰ ਦੀ ਬਾਂਹ ਤਾਈਂ ਲਿਆ ਪਾਣੀਉਂ ਬਹਾਰ ਨਿਕਾਲ ਯਾਰੋ
ਮਾਲੀ ਚਿੱਤ ਦੇ ਵਿਚ ਅਨੰਦ ਹੋਇਆ ਡਿੱਠਾ ਕੁੰਵਰ ਦਾ ਜਦੋ ਜਮਾਲ ਯਾਰੋ
ਘਰੀਂ ਜਿਨ੍ਹਾਂ ਦੇ ਨਹੀ ਉਲਾਦ ਹੁੰਦੀ ਪਿਆਰੇ ਲੱਗਦੇ ਉਨ੍ਹਾ ਨੂੰ ਬਾਲ ਯਾਰੋ
ਮਾਲੀ ਚੁੱਕ ਕੇ ਕੁੰਵਰ ਬਸੰਤ ਤਾਈਂ ਘਰ ਨੂੰ ਲੈ ਗਿਆ ਆਪਣੇ ਨਾਲ ਯਾਰੋ
ਮਾਲਣ ਵੇਖ ਕੇ ਕੁੰਵਰ ਬਸੰਤ ਤਾਈਂ ਹੋਈ ਚਿਤ ਦੇ ਵਿਚ ਨਿਹਾਲ ਯਾਰੋ
ਦੀਨਾ ਨਾਥ ਭਗਵਾਨ ਨੇ ਕਰੀ ਕਿਰਪਾ ਸਭੇ ਹੋ ਗਏ ਕੰਮ ਸੁਖਾਲ ਯਾਰੋ
ਦੌਲਤ ਰਾਮ ਉਨ੍ਹਾ ਨੂੰ ਕੌਣ ਮਾਰੇ ਰੱਖੇ ਜਿਸ ਨੂੰ ਰੱਬ ਦਿਆਲ ਯਾਰੋ

## ਵਾਕ ਮਾਲਣ ਕਾ

ਮਾਲਣ ਪੁੱਛਦੀ ਕੁੰਵਰ ਬਸੰਤ ਕੋਲੋਂ ਕੇਹੜੇ ਸਹਿਰ ਤੂੰ ਜੰਮਿਆ ਜਾਇਆ ਵੇ
ਕੀ ਹੈ ਨਾਮ ਤੇਰੇ ਮਾਈ ਬਾਪ ਸੰਦਾ ਜਿਨ੍ਹਾ ਰੋਂਦਿਆਂ ਛੱਡ ਕੇ ਧਾਇਆ ਵੇ
ਆਪਣਾ ਨਾਮ ਤੇ ਜਾਤ ਵੀ ਦੱਸ ਮੈਨੂੰ ਕਿਵੇਂ ਸਹਿਰ ਸਾਡੇ ਜੰਚਾ ਆਇਆ ਵੇ
ਐਸਾ ਕੌਣ ਪਾਪੀ ਜ਼ਾਲਮ ਰਿਪੂ ਤੇਰਾ ਜਿਸ ਨੇ ਸਿੰਧ ਦੇ ਵਿਚ ਰੁੜ੍ਹਾਇਆ ਵੇ
ਤੇਰਾ ਵੇਖ ਕੇ ਹਾਲ ਜ਼ਵਾਲ ਹੋਇਆ ਪਾਣੀ ਨੇਤਰਾ ਦੇ ਵਿਚ ਆਇਆ ਵੇ
ਕਿਵੇਂ ਜੀਂਵਦੀ ਹੋਵਸੀ ਮਾਂ ਤੇਰੀ ਜਿਸ ਦੀ ਕੁੱਖ ਵਿਚੋਂ ਜਨਮ ਪਾਇਆ ਵੇ
ਦੌਲਤ ਰਾਮ ਸੱਚੋ ਸਚ ਦੱਸ ਮੈਨੂੰ ਭਾਣਾ ਰੱਬ ਨੇ ਕਿਵੇਂ ਵਰਤਾਇਆ ਵੇ

## ਵਾਕ ਮਾਲਣ ਕਾ

ਮਾਲਣ ਮਾਲੀ ਨੂੰ ਕੁੰਵਰ ਬਸੰਤ ਆਖੇ ਤੁਹਾਨੂੰ ਹਾਲ ਮੈਂ ਕੁਲ ਸੁਨਾਵਨਾ ਹਾਂ
ਜੋ ਕੁਝ ਵਰਤਿਆ ਬੀਤਿਆ ਨਾਲ ਮੇਰੇ ਸਾਰਾ ਖੋਹਲ ਕੇ ਭੇਤ ਜਤਾਵਨਾ ਹਾਂ
ਕਿਸੇ ਪਾਸ ਨਾ ਖੋਹਲਣਾ ਭੇਤ ਮੇਰਾ ਇਹੋ ਧਰਮ ਮੈਂ ਤੁਸਾਂ ਤੋਂ ਚਾਹਵਨਾ ਹਾਂ
ਕੋਤਵਾਲ ਜ਼ਾਲਮ ਏਥੇ ਰਿਪੂ ਮੇਰਾ ਜਿਸ ਦੇ ਵਾਸਤੇ ਖ਼ੌਫ ਮੈ ਖਾਵਨਾ ਹਾ
ਅੱਗੇ ਦੁੱਖਾਂ ਨੇ ਮਾਰ ਕੇ ਚੂਰ ਕੀਤਾ ਲੁਕ ਲੁਕ ਕੇ ਵਕਤ ਲੰਘਾਵਨਾ ਹਾਂ
ਮਤਾਂ ਹੋਰ ਨਾ ਪਵੇ ਇਲਜ਼ਾਮ ਮੈਨੂੰ ਜਿਸ ਵਾਸਤੇ ਭੇਤ ਲੁਕਾਵਨਾ ਹਾ
ਕੋਈ ਰੋਜ਼ ਮੇਰੇ ਉੱਤੇ ਕਸ਼ਟ ਮਾਈ ਤੇਰਾ ਆਸਰਾ ਪਿਆ ਤਕਾਵਨਾ ਹਾ
ਜੇਕਰ ਕਿਸੇ ਦੇ ਪਾਸ ਨਾ ਗੱਲ ਆਖੋ ਤਾ ਮੈਂ ਧਰਮ ਦੀ ਬਾਤ ਅਲਾਵਨਾ ਹਾਂ
ਦੋਲਤ ਰਾਮ ਜੋ ਗੁਜ਼ਰਿਆ ਨਾਲ ਮੇਰ ਸਾਰਾ ਹਾਲ ਮੈ ਅਜ ਬਤਾਵਨਾ ਹਾਂ

## ਵਾਕ ਮਾਲਣ ਕਾ

ਮਾਲਣ ਆਖਦੀ ਧਰਮ ਦਾ ਵਾਕ ਹੋਇਆ ਕਿਸੇ ਪਾਸ ਨਾ ਗੱਲ ਸੁਨਾਵਸਾ ਮੈਂ
ਜਿਥੋਂ ਤੀਕ ਲੱਗੇ ਮੇਰੀ ਵਾਹ ਬੱਚਾ ਤੇਰਾ ਭੇਤ ਤਮਾਮ ਲੁਕਾਵਸਾ ਮੈ
ਮੇਰੇ ਵਾਸਤੇ ਧਰਮ ਦਾ ਪੁਤਰ ਹੈਂ ਤੂੰ ਸੁਖਨ ਆਖ ਕੇ ਤੋੜ ਚੜ੍ਹਾਵਸਾਂ ਮੈ
ਜਿਚਰ ਚਿੱਤ ਚਾਹੇ ਰਹੋ ਪਾਸ ਮੇਰੇ ਵਾਗੂੰ ਪੁੱਤਰਾਂ ਟਹਿਲ ਕਰਾਵਸਾਂ ਮੈ
ਅੰਦਰ ਬੈਠ ਕੇ ਕਰੋ ਗੁਜਰਾਨ ਬੇਟਾ ਤੈਨੂੰ ਕਿਸੇ ਨੂੰ ਨਹੀਂ ਵਿਖਾਵਸਾਂ ਮੈ
ਐਪਰ ਧਰਮ ਦੀ ਗੱਲ ਬਤਲਾ ਮੈਨੂੰ ਤੇਰੇ ਨਾਲ ਨਾ ਦਗਾ ਕਮਾਵਸਾਂ ਮੈਂ
ਦੌਲਤ ਰਾਮ ਭਗਵਾਨ ਦੀ ਕਸਮ ਮੈਨੂੰ ਤੇਰੇ ਸੁੱਖ ਦੇ ਰੋਜ਼ ਲੰਘਾਵਸਾ ਮੈ

## ਵਾਕ ਬਸੰਤ ਕਾ

ਲੈ ਕੇ ਧਰਮ ਮਾਲੀ ਮਾਲਣ ਕੋਲੋ ਪਿਛਲਾ ਹਾਲ ਬਸੰਤ ਬਤਾਇ ਦਿਤਾ
ਅਲਫ ਯੇ ਤੀਕਰ ਜਿਵੇਂ ਬੀਤਿਆ ਸੀ ਸਾਰਾ ਖੋਹਲ ਕੇ ਹਾਲ ਸੁਨਾਇ ਦਿਤਾ
ਆਦਿ ਅੰਤ ਤੋੜੀ ਸਾਰਾ ਹਾਲ ਕਿਹਾ ਮਾਲਣ ਸੁਣਦਿਆਂ ਨੀਰ ਵਹਾਇ ਦਿਤਾ
ਕੁੰਵਰ ਆਖਦਾ ਕਿਹਾ ਅਫਸੋਸ ਮਾਈ ਲਿਖਿਆ ਲੇਖ ਨਾ ਕਿਸੇ ਮਿਟਾਇ ਦਿਤਾ
ਕਰਮ ਆਪਣਾ ਆਪਣੇ ਪੇਸ ਆਵੇ ਏਹੋ ਵੇਦ ਪੁਰਾਣ ਫੁਰਮਾਇ ਦਿਤਾ
ਹੋਰ ਕਿਸੇ ਨੂੰ ਦੋਸ਼ ਕੀ ਦੇਵਣਾ ਹੈ ਮੇਰੇ ਕਰਮ ਨੇ ਵਾਇਦਾ ਪਾਇ ਦਿਤਾ
ਦੀਨਾ ਨਾਥ ਭਗਵਾਨ ਨੇ ਕਰੀ ਕਿਰਪਾ ਦੁੱਖ ਕੱਟ ਕੇ ਸੁਖ ਵਿਖਾਇ ਦਿਤਾ
ਕਿਸੇ ਪਾਸ ਨਾ ਖੋਹਲਣਾ ਭੇਤ ਮੇਰਾ ਤਰ੍ਹਾ ਤਰ੍ਹਾਂ ਦੇ ਨਾਲ ਸਮਝਾਇ ਦਿਤਾ
ਕੀਤੀ ਤੁਸਾ ਦੀ ਮੂਲ ਨਾ ਭੁੱਲਸਾਂ ਮੈ ਜੇਕਰ ਰੱਬ ਸਬੱਬ ਬਣਾਇ ਦਿਤਾ
ਦੌਲਤਰਾਮ ਮੈਂ ਮਿਲਾਂਗਾ ਰੂਪ ਤਾਈ ਜੇਕਰ ਮੇਲ ਭਗਵਾਨ ਕਰਾਇ ਦਿਤਾ

## ਵਾਕ ਮਾਲਣ ਕਾ

ਮਾਲਣ ਆਖਦੀ ਕੁੰਵਰ ਬਸੰਤ ਤਾਈਂ ਹੁਣ ਸ਼ਾਹ ਨੂੰ ਖ਼ਬਰ ਪਹੁੰਚਾ ਦਿਆਂ ਮੈਂ
ਜੇਹੜੇ ਤੌਰ ਹੋਵੇ ਤੇਰਾ ਚਿੱਤ ਰਾਜ਼ੀ ਓਸੇ ਤੌਰ ਦੀ ਬਣਤ ਬਣਾ ਦਿਆਂ ਮੈਂ
ਬਾਦਸ਼ਾਹ ਨੂੰ ਕਹਾਂ ਮੈਂ ਹਾਲ ਤੇਰਾ ਤੇਰੇ ਚਿੱਤ ਦੀ ਆਸ ਪੁਜਾ ਦਿਆਂ ਮੈਂ
ਜਿਨ੍ਹਾਂ ਜ਼ਾਲਮਾਂ ਨੇ ਤੈਨੂੰ ਦੁੱਖ ਦਿੱਤੇ ਉਨ੍ਹਾਂ ਪਾਪੀਆਂ ਨੂੰ ਮਰਵਾ ਦਿਆਂ ਮੈਂ
ਦੌਲਤਰਾਮ ਜੇਕਰ ਮੈਨੂੰ ਹੁਕਮ ਦੇਵੇ ਤੇਰਾ ਅਜ ਹੀ ਮੇਲ ਕਰਵਾ ਦਿਆਂ ਮੈਂ

## ਵਾਕ ਬਸੰਤ ਕਾ

ਕੁੰਵਰ ਆਖਦਾ ਜੋੜ ਕੇ ਹੱਥ ਦੋਵੇ ਕੋਈ ਰੋਜ਼ ਤੂੰ ਰਖ ਅਰਮਾਨ ਮਾਈ
ਸ਼ਾਹੂਕਾਰ ਨੇ ਭੀ ਏਥੇ ਆਵਣਾ ਹੈ ਜਿਸ ਛੱਡਿਆ ਧਰਮ ਈਮਾਨ ਮਾਈ
ਪੰਜ ਸੱਤ ਦਸ ਰੋਜ਼ ਦਾ ਫ਼ਾਸਲਾ ਹੈ ਰੱਖੋ ਨਿੱਤ ਜਹਾਜ਼ ਦਾ ਧਿਆਨ ਮਾਈ
ਕਾਹਲੀ ਨਾਲ ਜੇਕਰ ਕੋਈ ਕੰਮ ਕਰੀਏ ਹੱਥੋ ਹੋਂਵਦਾ ਕੁਝ ਨੁਕਸਾਨ ਮਾਈ
ਸੱਤ ਬਰਸ ਗੁਜ਼ਰੇ ਮੈਨੂੰ ਵਿਛੜੇ ਹੋਏ ਹੋਰ ਦੇ ਹੋਰ ਸਮਾਨ ਮਾਈ
ਪਿੱਛੋ ਦੱਸ ਏਥੇ ਮੇਰਾ ਕੌਣ ਬੇਲੀ ਜੇਕਰ ਰੂਪ ਨਾ ਕਰੇ ਪਛਾਣ ਮਾਈ
ਦੌਲਤ ਰਾਮ ਉਹ ਮਿਲੇਗਾ ਆਪ ਮੈਨੂੰ ਕਿਰਪਾ ਕਰੇਗਾ ਸ੍ਰੀ ਭਗਵਾਨ ਮਾਈ

## ਵਾਕ ਕਵੀਸ਼ਰ ਦਾ ਹਾਲ ਬਸੰਤ ਕਾ

ਏਧਰ ਕੁਵਰ ਬਸੰਤ ਘਰ ਮਾਲੀਆਂ ਦੇ ਨਾਲ ਖ਼ੁਸੀ ਦੇ ਰੋਜ ਲੰਘਾਨ ਲੱਗਾ
ਗਏ ਦੁੱਖ ਤੇ ਸੁਖਾ ਦੀ ਆਸ ਹੋਈ ਸੱਚੇ ਰੱਬ ਦਾ ਸ਼ੁਕਰ ਬਜਾਨ ਲੱਗਾ
ਆਸ ਜੀਵੇ ਤੇ ਮਰੇ ਨਿਰਾਸ ਹੋ ਕੇ ਆਸ਼ਾ ਰੱਖ ਕੇ ਨਾਮ ਧਿਆਨ ਲੱਗਾ
ਇਕੋ ਰਾਣੀ ਦੇ ਧਰਮ ਦਾ ਖੌਫ ਆਹਾ ਉਹ ਭੀ ਰੱਬ ਉਤੇ ਗੱਲ ਪਾਨ ਲੱਗਾ
ਦੌਲਤਰਾਮ ਸਭ ਫਿਕਰ ਨੂੰ ਦੂਰ ਕਰ ਕੇ ਇੱਕੋ ਗੀਤ ਗੋਬਿੰਦ ਦੇ ਗਾਨ ਲੱਗਾ

## ਵਾਕ ਰਾਣੀ ਚੰਦਰਬਦਨ ਕਾ

ਓਧਰ ਹਾਲ ਸੁਣੋ ਚੰਦਰਬਦਨ ਦਾ ਜੀ ਜੇਹੜੀ ਕੂੰਜ ਵਾਗੂੰ ਕੁਰਲਾਵਦੀ ਏ
ਨਾਲ ਭੁੱਖ ਦੇ ਹਾਲ ਜ਼ਵਾਲ ਹੋਇਆ ਪਾਣੀ ਪੀਂਵਦੀ ਨਾ ਅੰਨ ਖਾਂਵਦੀ ਏ
ਦਿਨ ਬੀਤਦਾ ਹੈ ਨਾਲ ਹੌਕਿਆਂ ਦੇ ਵਿਚ ਦੁੱਖਾਂ ਦੇ ਰੈਨ ਵਿਹਾਂਵਦੀ ਏ
ਅੰਪਰ ਰਾਣੀ ਦੇ ਕੁਝ ਨਾ ਵੱਸ ਯਾਰੋ ਬਿਰਹੋ ਛੁਰੀ ਕਲੇਜੜਾ ਘਾਂਵਦੀ ਏ
ਜਿਸਨੂੰ ਪੀੜ ਹੋਵੇ ਸੋਈ ਪਿਆ ਰੋਵੇ ਹੋਰ ਕਿਸੇ ਦਾ ਕੀ ਗਵਾਂਵਦੀ ਏ
ਕਹਾ ਦੁੱਖ ਹੈ ਚੰਦਰੀ ਵੇਸਵਾ ਨੂੰ ਨਿੱਤ ਨਵੇਂ ਸਿੰਗਾਰ ਲਗਾਂਵਦੀ ਏ
ਭਾਰੀ ਦੁੱਖ ਹੁੰਦੇ ਭਰਤੇ ਵਾਲੜੀ ਨੂੰ ਜੇਹੜੀ ਧਰਮ ਤੇ ਸ਼ਰਮ ਰਖਾਂਵਦੀ ਏ
ਪਤੀ ਜਿਨ੍ਹਾਂ ਦੇ ਮਰ ਗਏ ਸੀਸ ਉੱਤੋ ਨੀਂਦ ਉਨ੍ਹਾ ਨੂੰ ਕਿਸ ਤਰ੍ਹਾਂ ਆਂਵਦੀ ਏ

ਦਮੋਂ ਦਮ ਬਸੰਤ ਨੂੰ ਯਾਦ ਕਰਦੀ ਇਕ ਦਮ ਨਾ ਮੂਲ ਭੁਲਾਂਵਦੀ ਏ
ਮੇਰੇ ਕੰਤ ਦੀ ਰੱਖ ਲਈਂ ਜਾਨ ਰੱਬਾ ਹੱਥ ਜੋੜ ਕੇ ਵਾਸਤਾ ਪਾਂਵਦੀ ਏ
ਤੇਰਾ ਨਾਮ ਦੁੱਖ ਹਰਨ ਤੂੰ ਕਰਨ ਕਾਰਨ ਮੈਨੂੰ ਓਟ ਹਰਿ ਜੀ ਤੇਰੇ ਨਾਮ ਦੀ ਏ
ਰੋਮ ਰੋਮ ਦੇ ਵਿਚ ਦਿਲਦਾਰ ਹੋਇਆ ਹੋਰ ਚੀਜ਼ ਨਾ ਚਿੱਤ ਨੂੰ ਭਾਂਵਦੀ ਏ
ਦੌਲਤਰਾਮ ਉਚਾਰਦੀ ਵਾਰ ਸੱਤੇ ਬੈਠੀ ਵੈਨ ਬਸੰਤ ਦੇ ਪਾਂਵਦੀ ਏ

## ਵਾਰ ਸੱਤ ਜ਼ਬਾਨੀ ਚੰਦਰਬਦਨ ਦੀ

### ਸੋਮਵਾਰ

ਚੜ੍ਹਦੇ ਸੋਮ ਨਾ ਚਿੱਤ ਨੂੰ ਸ਼ਾਂਤ ਆਵੇ ਪਾਵਾਂ ਵੈਨ ਅਤੇ ਭਿੰਨੇ ਨੈਨ ਮੇਰੇ
ਬੈਠੀ ਰੋਵਣੀ ਹਾਂ ਲੇਖ ਆਪਣੇ ਨੂੰ ਕੋਈ ਨਹੀਂ ਸੁਣਦਾ ਜੇ ਸੁੰਞੇ ਵੈਣ ਮੇਰੇ
ਪੀਆ ਬਾਝ ਮੈਂ ਪਈ ਬੇਹਾਲ ਹੋ ਕੇ ਪੀਆ ਨਾਲ ਗਏ ਸੁੱਖ ਚੈਨ ਮੇਰੇ
ਕਿਸ ਨੂੰ ਫੋਲ ਕੇ ਦਿਲ ਦਾ ਹਾਲ ਦੱਸਾਂ ਕੋਈ ਕੋਲ ਨਾਹੀਂ ਭਾਈ ਭੈਨ ਮੇਰੇ
ਛੱਡ ਗਿਆ ਤੂੰ ਵਿਚ ਸਮੁੰਦਰਾਂ ਦੇ ਏਥੇ ਕੌਣ ਪੀਆ ਸਾਕ ਸੈਨ ਮੇਰੇ
ਨਾ ਮੈਂ ਅਗ੍ਹਾਂ ਜੋਗੀ ਨਾ ਮੈਂ ਪਿਛ੍ਹਾਂ ਜੋਗੀ ਹੋਏ ਕੰਮ ਉਲਟੇ ਐਨ ਐਨ ਮੇਰੇ
ਜ਼ੈਨਬ ਰੋਂਵਦੀ ਮੁੜ ਬਦਬਖ਼ਤ ਪਿੱਛੇ ਲੱਦ ਗਏ ਨੇ ਹਸਨ ਹੁਸੈਨ ਮੇਰੇ
ਵਿਚ ਲੰਕਾ ਦੇ ਰੋਂਵਦੀ ਜਨਕ ਜਾਈ ਕਦੋਂ ਸੁੱਧ ਆ ਕੇ ਸੁਆਮੀ ਲੈਨ ਮੇਰੇ
ਸੱਭੇ ਸਾਕ ਜਹਾਨ ਦੇ ਰੱਦ ਹੋਏ ਵਾਲੀ ਹੋ ਗਏ ਇਕ ਨਾਰਾਇਨ ਮੇਰੇ
ਦੌਲਤ ਰਾਮ ਨੂੰ ਪੁੱਛ ਅਹਿਵਾਲ ਮੇਰਾ ਜਿਸ ਤੌਰ ਗੁਜ਼ਰੇ ਦਿਨ ਰੈਨ ਮੇਰੇ

### ਮੰਗਲਵਾਰ

ਮੰਗਲ ਮੌਤ ਤੇਰੀ ਮੇਰੇ ਸੱਜਣਾ ਵੇ ਮੈਨੂੰ ਕੀਮੀਏਂ ਵਾਂਗਰਾਂ ਕੁੱਟ ਗਈ
ਤੇਰੀ ਜਾਨ ਜਹਾਨ ਤੋਂ ਦੂਰ ਹੋਈ ਮੇਰੀ ਨੱਥ ਸੁਹਾਗ ਦੀ ਟੁੱਟ ਗਈ
ਧਾੜ ਮੌਤ ਦੀ ਆ ਗਈ ਜ਼ੋਰ ਕਰਕੇ ਅੱਖੀਂ ਵੇਂਹਦਿਆਂ ਮੁਝ ਨੂੰ ਲੁੱਟ ਗਈ
ਤੈਸਾ ਮੌਤ ਦਾ ਹੋਣੀ ਨੇ ਦਸਤ ਫੜਿਆ ਤੈਨੂੰ ਵਾਂਗ ਤਰਖਾਣ ਦੇ ਚੁੱਟ ਗਈ
ਮੇਰੇ ਵੇਖਦੇ ਵੇਖਦੇ ਜਾਨੀਆਂ ਵੇ ਤੇਰੀ ਜੱਗ ਤੇ ਚੋਗ ਨਖੁੱਟ ਗਈ
ਦੇਵਾਂ ਕਿਸੇ ਨੂੰ ਦੋਸ਼ ਕੀ ਚੰਦਰੀ ਮੈਂ ਤੈਨੂੰ ਵਿਚ ਸਮੁੰਦਰ ਦੇ ਸੁੱਟ ਗਈ
ਵਾਰ ਪੁੱਛਿਆ ਨਾ ਹੋਣੀ ਚੰਦਰੀ ਨੇ ਰੇਖ ਮੱਥੜੇ ਦੀ ਅਜ ਫੁੱਟ ਗਈ
ਇਕ ਵਾਰ ਤਾਂ ਦੇ ਦੀਦਾਰ ਸ਼ਾਮਾ ਸਦ ਮਾਰਦੀ ਰਾਧਕਾਂ ਹੁੱਟ ਗਈ
ਆਈ ਅਜ਼ਲ ਅੰਧੇਰੜੀ ਕੰਤ ਉੱਤੇ ਡੋਰੀ ਰੂਹ ਪਤੰਗ ਦੀ ਛੁੱਟ ਗਈ
ਦੌਲਤਰਾਮ ਬੀਜੇ ਵੱਟੇ ਧਰਮ ਦੇ ਮੈਂ ਪਾਪਨ ਮੌਤ ਅੰਗੂਰੀਆਂ ਪੁੱਟ ਗਈ

### ਬੁਧਵਾਰ

ਚੜ੍ਹਦੇ ਬੁੱਧ ਨਾ ਸੁੱਧ ਸੰਭਾਲ ਕੋਈ ਹੋਈ ਫਿਰਾਂ ਮੈਂ ਵਾਂਗ ਸੌਦਾਈਆਂ ਵੇ

ਤੇਰੇ ਹਿਜ਼ਰ ਦਾ ਲੱਗਿਆ ਬਾਨ ਸੀਨੇ ਇਕੋ ਲਖਤ ਮੈਂ ਮਾਰ ਮੁਕਾਈਆਂ ਵੇ
ਚਾਰ ਰੋਜ਼ ਨਾ ਸੁੱਖਾ ਦੇ ਨਾਲ ਕੱਟੇ ਕੋਈ ਵਕਤ ਕਵੇਲੜੇ ਵਿਆਹੀਆ ਵੇ
ਪਾਵਾ ਔਸੀਆ ਕਾਗ ਉਡਾਵਨੀ ਹਾਂ ਫੇਰਾ ਪਾ ਤੱਤੀ ਦਿਆ ਸਾਈਆਂ ਵੇ
ਜੇਕਰ ਜੀਵਣਾ ਹੈਂ ਕਿਤੇ ਵਲ ਸਾਈਆਂ ਸੁਪਨੇ ਵਿਚ ਤੂੰ ਦੇਹ ਦਿਖਾਈਆਂ ਵੇ
ਅੱਠ ਜਾਮ ਨਾ ਨੀਂਦ ਆਰਾਮ ਆਵੇ ਬਿਰਹੋਂ ਅੱਗ ਨੇ ਫੂਕ ਜਲਾਈਆਂ ਵੇ
ਜਦੋਂ ਸੇਜ ਸੁੰਞੀ ਰਾਤੀ ਨਜ਼ਰ ਆਵੇ ਪੀੜਾਂ ਉਠਦੀਆਂ ਤਦੋਂ ਸਵਾਈਆਂ ਵੇ
ਸੱਚ ਆਖਦੇ ਵੇਦ ਪੁਰਾਣ ਲੋਕੋ ਲਿਖੀਆ ਕਿਸੇ ਨਾ ਮੂਲ ਮਟਾਈਆਂ ਵੇ
ਦੌਲਤ ਰਾਮ ਨੂੰ ਅਜ ਮਲੂਮ ਹੋਇਆ ਖ਼ਜਰ ਧਾਰ ਤੇ ਤੇਜ਼ ਜੁਦਾਈਆਂ ਵੇ

ਚੜ੍ਹਦੇ ਵੀਰ ਸਰੀਰ ਬੇਧੀਰ ਹੋਇਆ ਮੰਦੇ ਹਾਲ ਹੋਈ ਮੰਦੇ ਹਾਲ ਪੀਆ
ਮਾਹੀ ਬਾਝ ਦਿਲ ਤੜਫਦਾ ਵਾਂਗ ਮਾਹੀ ਤੇਰੇ ਹਿਜਰ ਦਾ ਲੱਗਿਆ ਜਾਲ ਪੀਆ
ਸੁੱਖਾ ਵਾਸਤੇ ਵਣਜ ਵਿਹਾਝਿਆ ਸੀ ਦੁੱਖਾ ਦਿਤੀਆਂ ਹੁੰਡੀਆ ਗਾਲ ਪੀਆ
ਜੇਹੜੀ ਗੱਲ ਪਿਛੇ ਮਾਈ ਵਰਜਦੀ ਸੀ ਸੋਈ ਆਣ ਵਰਤੀ ਮੇਰੇ ਨਾਲ ਪੀਆ
ਤੁਖ਼ਮ ਨਾਸ ਹੋਵੇ ਸ਼ਾਹੂਕਾਰ ਸੰਦਾ ਹੋਇਆ ਅਸਾਂ ਵਿਛੋੜ ਨਿਹਾਲ ਪੀਆ
ਸਿਰ ਸਿਰ ਲਾ ਬਾਜ਼ੀ ਤੱਤੀ ਖੇਡ ਬੈਠੀ ਹੋਈ ਤਿੰਨ ਕਾਣੇ ਮੇਰੀ ਚਾਲ ਪੀਆ
ਪਾਸਾ ਕਰਮ ਦਾ ਆਣ ਕੇ ਪਿਆ ਪੁੱਠਾ ਗੋਟੀ ਸੁੱਖਾ ਦੀ ਲੈ ਗਿਆ ਕਾਲ ਪੀਆ
ਇਕ ਦਮ ਨਾ ਭੁੱਲਦਾ ਤੱਤੜੀ ਨੂੰ ਤੇਰਾ ਖ਼ਿਆਲ ਪੀਆ ਤੇਰਾ ਖ਼ਿਆਲ ਪੀਆ
ਜੇਕਰ ਨਜਰ ਆਵੇ ਤੇਰੀ ਲੋਥ ਮੈਨੂੰ ਮਾਰਾ ਵਿਚ ਸਮੁੰਦਰ ਦੇ ਛਾਲ ਪੀਆ
ਦੌਲਤ ਰਾਮ ਨਾ ਦੁਸਮਨਾ ਨਾਲ ਹੋਵੇ ਜੇ ੜੀ ਹੋਈ ਅਜ ਮੇਰੇ ਨਾਲ ਪੀਆ

### ਸ਼ੁਕਰਵਾਰ

ਸੁਕਰ ਸਾਸ ਆਏ ਮੇਰੇ ਲਬਾਂ ਉੱਤੇ ਮਿਲੀ ਆਣ ਮੈਨੂੰ ਮਿਲੀ ਆਣ ਮੈਨੂੰ
ਹੋਰ ਜੋਰ ਨਾ ਮੂਲ ਨਿਮਾਣਿਆਂ ਦਾ ਤੇਰਾ ਤਾਨ ਮੈਨੂੰ ਤੇਰਾ ਤਾਨ ਮੈਨੂੰ
ਹੋਈ ਅਜ ਬਹਾਰ ਸੰਸਾਰ ਵਾਲੀ ਬੀਆਬਾਨ ਮੈਨੂੰ ਬੀਆਬਾਨ ਮੈਨੂੰ
ਉਦੋ ਆਣ ਹੋਇਆ ਅਜ ਜਗ ਉੱਤੇ ਦੁੱਖ ਭਾਨ ਮੈਨੂੰ ਦੁੱਖ ਭਾਨ ਮੈਨੂੰ
ਲੱਗਾ ਆਣ ਕਲੇਜੜੇ ਵਿਚ ਕਾਰੀ ਬਿਰਹੋ ਬਾਨ ਮੈਨੂੰ ਬਿਰਹੋ ਬਾਨ ਮੈਨੂੰ
ਵਿੱਛੜ ਜਾਨ ਤੇਰਾ ਕਾਲੇ ਨਾਗ ਵਾਂਗੂੰ ਆਵੇ ਖਾਨ ਮੈਨੂੰ ਆਵੇ ਖਾਨ ਮੈਨੂੰ
ਅਜ ਜ਼ਹਿਰ ਸਮਾਨ ਮਲੂਮ ਹੋਵੇ ਮੇਰੀ ਜਾਨ ਮੈਨੂੰ ਮੇਰੀ ਜਾਨ ਮੈਨੂੰ
ਤੇਰੇ ਬਾਜ਼ ਦਿਸੇ ਸਾਰਾ ਜੱਗ ਵੈਰੀ ਤੇਰਾ ਸਾਨ ਮੈਨੂੰ ਤੇਰਾ ਸਾਨ ਮੈਨੂੰ
ਨਾਮ ਰੱਬ ਦੇ ਆਪਣੇ ਦੀਦ ਵਾਲਾ ਦੇਈਂ ਦਾਨ ਮੈਨੂੰ ਦੇਈਂ ਦਾਨ ਮੈਨੂੰ
ਦੌਲਤ ਰਾਮ ਮੈਂ ਮੋਈ ਹਾਂ ਬਾਝ ਤੇਰੇ ਬਖਸ਼ੀ ਪ੍ਰਾਨ ਮੈਨੂੰ ਬਖ਼ਸ਼ੀਂ ਪ੍ਰਾਨ ਮੈਨੂੰ

## ਸ਼ਨੀਵਾਰ

ਸ਼ਨੀ ਸ਼ਾਂਤ ਨਾ ਆਂਵਦੀ ਪਲਕ ਮੈਨੂੰ ਮੇਰੇ ਦਾਹ ਕਲੇਜੜੇ ਲਾ ਗਿਆ ਤੂੰ
ਹੋਸੀ ਜੀਂਦਿਆਂ ਫੇਰ ਨਾ ਮੇਲ ਤੇਰਾ ਸਾਰੀ ਉਮਰ ਦਾ ਵਾਇਦਾ ਪਾ ਗਿਆ ਤੂੰ
ਬੈਠੀ ਵਾਂਗ ਚਕੋਰ ਦੇ ਸ਼ੋਰ ਕਰਦੀ ਮੁੱਖ ਚੰਦ ਦੇ ਵਾਂਗ ਛਿਪਾ ਗਿਆ ਤੂੰ
ਪੀਆ ਦੱਸ ਮੈਨੂੰ ਦੇਥੇ ਕੌਣ ਦਰਦੀ ਮੇਰੀ ਬਾਂਹ ਕਿਸ ਹੱਥ ਫੜਾ ਗਿਆ ਤੂੰ
ਦੇਖਾਂ ਚਾਰ ਚੁਫੇਰੇ ਮੈਂ ਰਾਹ ਤੇਰਾ ਹਾਇ ਸਜਣਾਂ ਵੇ ਕੇਹੜੇ ਦਾ ਗਿਆ ਤੂੰ
ਤੂੰਹੀ ਤੂੰਹੀ ਤੂੰਹੀ ਤੂੰਹੀ ਜਾਨ ਮੇਰੀ ਮੇਰੀ ਜਾਨੀ ਵੇ ਜਾਨੀਆ ਘਾ ਗਿਆ ਤੂੰ
ਕਿੱਥੇ ਜਾ ਢੂੰਢਾਂ ਤੈਨੂੰ ਪਿਆਰਿਆ ਵੇ ਕੋਈ ਪਤਾ ਨਿਸਾਨ ਨਾ ਲਾ ਗਿਆ ਤੂੰ
ਮੁੜ ਕੇ ਲਈ ਨਾ ਸੁਧ ਸੰਭਾਲ ਕੋਈ ਦੌਲਤ ਹੱਕ ਦੀ ਮੁਫਤ ਲੁਟਾ ਗਿਆ ਤੂੰ
ਮਾਰੀ ਹਿਜਰ ਦੀ ਸਾਂਗ ਬੇਦਰਦ ਹੋ ਕੇ ਮੱਛੀ ਵਾਂਗ ਮੈਨੂੰ ਤੜਫ਼ਾ ਗਿਆ ਤੂੰ
ਦੌਲਤਰਾਮ ਫਿਰਾਕ ਦੀ ਅੱਗ ਲਾ ਕੇ ਮੈਨੂੰ ਵਾਂਗ ਬਰੂਦ ਜਲਾ ਗਿਆ ਤੂੰ

## ਐਤਵਾਰ

ਚੜ੍ਹਦੇ ਐਤ ਨਾ ਆਂਵਦੀ ਮੌਤ ਮੈਨੂੰ ਹੋਈਆ ਹੱਡੀਆ ਭੁੱਜ ਮਨੂਰ ਵਾਂਗੂੰ
ਇਕ ਪਲਕ ਨਾ ਸੁਖਾਂ ਦਾ ਸਾਹ ਆਵੇ ਹੋਇਆ ਜੀਵਣਾ ਜਹਿਰ ਕਚੂਰ ਵਾਂਗੂੰ
ਮੁੜ ਕੇ ਗੱਲ ਨ ਕੀਤੀਓ ਮੂਲ ਕੋਈ ਛੱਡ ਗਿਆ ਤੂੰ ਬੇੜੀ ਦੇ ਪੂਰ ਵਾਂਗੂੰ
ਵੇ ਮੈਂ ਲੁੱਟ ਲਈ ਲੁੱਟ ਲਈ ਲੁਟ ਲਈ ਵੇ ਪੈ ਗਈ ਮੌਤ ਦੀ ਧਾੜ ਕਸੂਰ ਵਾਂਗੂੰ
ਹੋਇਆ ਰੰਗ ਵਸਾਰ ਦੇ ਵਾਂਗ ਖੱਟਾ ਜੇਹੜਾ ਮੁੱਖ ਸੀ ਚੰਦ ਦੇ ਨੂਰ ਵਾਂਗੂੰ
ਹੋਈ ਵਾਂਗ ਕਮਾਨ ਦੇ ਕੁਬੜੀ ਮੈਂ ਮੇਰਾ ਕੱਦ ਸੀ ਸਰੂ ਖਜੂਰ ਵਾਂਗੂੰ
ਜੇਹੜੇ ਬਾਲ ਆਹੇ ਲੱਛੇ ਰੇਸਮਾ ਦੇ ਹੋਇਆ ਸੀਸ ਘਲੋਟੇ ਦੇ ਘੂਰ ਵਾਂਗੂੰ
ਕਲੀਆ ਵਾਂਗ ਕੁਰਮ ਕੇ ਸੁੱਕ ਗਏ ਵੇ ਜੇਹੜੇ ਹੋਠ ਸਨ ਮਿਸਲ ਅੰਗੂਰ ਵਾਂਗੂੰ
ਕੇਹੜਾ ਕੇਹੜਾ ਮੈਂ ਫੋਲਕੇ ਦੁੱਖ ਦੱਸਾ ਹੋਇਆ ਜਿਗਰ ਮੇਰਾ ਸ਼ੀਸੇ ਚੂਰ ਵਾਂਗੂੰ

ਰੋਂਦੀ ਪਿੱਟਦੀ ਨੂੰ ਸੱਤ ਰੋਜ ਗੁਜ਼ਰੇ ਹੋਈ ਸੋਗ ਦੇ ਨਾਲ ਹੈਰਾਨ ਰਾਣੀ
ਅਚਨਚੇਤ ਯਾਰੋ ਉਸਦੀ ਅੱਖ ਲੱਗੀ ਹੋਈ ਨੀਂਦ ਦੇ ਵਿਚ ਗਲਤਾਨ ਰਾਣੀ
ਸੁਪਨੇ ਵਿਚ ਬਸੰਤ ਨੇ ਆਣ ਕਹਿਆ ਸਾਈਂ ਰੱਖ ਲਈ ਮੇਰੀ ਜਾਨ ਰਾਣੀ
ਬੇੜੇ ਨੂਰ ਦੇ ਵਾਂਗਰਾ ਤਾਰਿਆ ਮੈਂ ਮੈਥੇ ਰੱਬ ਹੋਇਆ ਮਿਹਰਬਾਨ ਰਾਣੀ
ਮਿਸਰ ਸਹਿਰ ਦੇ ਵਿਚ ਮੈ ਆਣ ਪਹੁੰਚਾ ਕੀਤਾ ਰੱਬ ਨੇ ਕੰਮ ਆਸਾਨ ਰਾਣੀ
ਮੇਰੇ ਮਿਲਣ ਦੀ ਜੇਕਰ ਚਾਹ ਤੈਨੂੰ ਮਿਲੀਂ ਮਿਸਰ ਅੰਦਰ ਮੈਨੂੰ ਆਨ ਰਾਣੀ
ਵਾਰ ਵਾਰ ਇਹ ਜਨਮ ਨਾ ਆਵਣਾ ਈਂ ਰੱਖ ਲਈਂ ਤੂੰ ਧਰਮ ਈਮਾਨ ਰਾਣੀ
ਦੌਲਤ ਰਾਮ ਤੇਰਾ ਮੇਰਾ ਮੇਲ ਹੋਸੀ ਕਿਰਪਾ ਕਰੇਗਾ ਸ੍ਰੀ ਭਗਵਾਨ ਰਾਣੀ

## ਹਾਲ ਰਾਣੀ ਕਾ

ਖੁਲ੍ਹੀ ਅੱਖ ਬਸੰਤ ਨਾ ਨਜ਼ਰ ਆਇਆ ਭਰ ਭਰ ਨੈਣ ਦੋਵੇਂ ਰਾਣੀ ਰੋਣ ਲੱਗੀ
ਛਮਾਛਮ ਜਾਵੇ ਪਾਣੀ ਅੱਖੀਆਂ ਤੇ ਨਾਲ ਹੰਝੂਆ ਦੇ ਹੱਥ ਧੋਨ ਲੱਗੀ
ਕਿਥੇ ਨੱਸ ਗਇਓਂ ਮੇਰਿਆ ਸੱਜਣਾ ਵੇ ਪਿੱਟ ਪਿੱਟ ਕੇ ਬਦਨ ਨੂੰ ਖੋਨ੍ਹ ਲੱਗੀ
ਪੀਆ ਪੀਆ ਪੀਆ ਪੀਆ ਕਰਦੀ ਏ ਫੜ ਫੜ ਵਾਲ ਸਿਰ ਦੇ ਯਾਰੋ ਖੋਨ੍ਹ ਲੱਗੀ
ਬੇੜੇ ਜੀਵ ਨੂੰ ਹਿਜਰ ਦਰਿਆ ਅੰਦਰ ਧੱਕੇ ਆਹੀਂ ਦੇ ਮਾਰ ਡਬੋਨ ਲੱਗੀ
ਸੁਪਨੇ ਵਿਚ ਮੇਲਾ ਮੇਰੇ ਕੰਮ ਕੇਹੜੇ ਮਿਲਿਆ ਤਦੋਂ ਦਾ ਜਦੋਂ ਮੈਂ ਸੌਨ ਲੱਗੀ
ਆਓ ਜਾਨੀਆ ਵੇ ਗਲੇ ਲਾ ਮੈਨੂੰ ਗ਼ਸ਼ੀ ਖਾਇ ਕੇ ਡਿੱਗੀ ਖਲੋਨ ਲੱਗੀ
ਰਾਣੀ ਗ਼ਸ਼ਾਂ ਉਤੇ ਗ਼ਸ ਖਾਂਵਦੀ ਏ ਛੁਰੀ ਹਿਜਰ ਦੀ ਜਿਗਰ ਨੂੰ ਕੋਨ੍ਹ ਲੱਗੀ
ਦੌਲਤ ਰਾਮ ਇਸ ਗੱਲ ਦੀ ਖ਼ਬਰ ਨਾਹੀਂ ਕ੍ਰਿਪਾ ਅਜ ਭਗਵਾਨ ਦੀ ਹੋਨ ਲੱਗੀ

## ਮਿਸਰ ਸ਼ਹਿਰ ਆ ਕੇ ਸ਼ਾਹੂਕਾਰ ਨੇ ਜਹਾਜ਼ ਲਗਾਵਣਾ ਅਰ ਮਾਲੀ ਨੇ ਬਸੰਤ ਨੂੰ ਖ਼ਬਰ ਦੇਣੀ

ਰਾਣੀ ਰੋਂਵਦੀ ਖ਼ੂਨ ਉਛਾਲ ਦਿਲ ਦਾ ਰੋਇ ਰੋਇ ਕੇ ਹਾਲ ਵੰਜਾਇਓ ਨੇ
ਸਾਹੂਕਾਰ ਨੇ ਅੱਠਵੇਂ ਰੋਜ਼ ਆ ਕੇ ਮਿਸਰ ਸਹਿਰ ਜਾਹਜ ਲਗਾਇਓ ਨੇ
ਮਾਲੀ ਜਾਇ ਕੇ ਕੁੰਵਰ ਬਸੰਤ ਤਾਈਂ ਓਸੇ ਵਕਤ ਪੈਗ਼ਾਮ ਸੁਨਾਇਓ ਨੇ
ਸੁਣੀ ਗੱਲ ਜਹਾਜ ਬਸੰਤ ਵਾਲੀ ਸੱਚੇ ਰੱਬ ਦਾ ਸੁਕਰ ਬਜਾਇਓ ਨੇ
ਲੱਖ ਲੱਖ ਬਸੰਤ ਨੂੰ ਖ਼ੁਸ਼ੀ ਹੋਈ ਵਾਰ ਵਾਰ ਹਰਿ ਨਾਮ ਧਿਆਇਓ ਨੇ
ਓਸੇ ਵਕਤ ਮਾਲਣ ਤਾਈਂ ਆਖਦਾ ਏ ਮਾਈ ਰੱਬ ਸਬੱਬ ਬਨਾਇਓ ਨੇ
ਵੇਲਾ ਅਜ ਤੇਰਾ ਕੰਮ ਸਾਰਨੇ ਦਾ ਹੱਥ ਜੋੜ ਕੇ ਵਾਸਤਾ ਪਾਇਓ ਨੇ
ਦੌਲਤ ਰਾਮ ਹੁਣ ਹੋਵਸੀ ਮੇਲ ਮੇਰਾ ਜੇਕਰ ਰੱਬ ਨੇ ਮੇਲ ਮਿਲਾਇਓ ਨੇ

## ਵਾਕ ਮਾਲਣ ਕਾ

ਮਾਲਣ ਆਖਦੀ ਕੁੰਵਰ ਬਸੰਤ ਤਾਈਂ ਜੋ ਕਹੇਂ ਸੋ ਕਰਾ ਤਦਬੀਰ ਬੱਚਾ
ਬਾਦਸਾਹ ਦਾ ਪੁੱਤਰ ਤੂੰ ਅਕਲ ਵਾਲਾ ਕੋਈ ਅਕਲ ਦੀ ਕੱਢ ਨਜੀਰ ਬੱਚਾ
ਕੇਹੜੇ ਤੌਰ ਮੈਂ ਰਾਣੀ ਨੂੰ ਮਿਲਾ ਜਾ ਕੇ ਕੋਈ ਦੱਸ ਤਦਬੀਰ ਅਕਸੀਰ ਬੱਚਾ
ਜੇ ਕੁਛ ਕਹੇਂ ਮੰਨਜੂਰ ਹੈ ਸੀਸ ਉਤੇ ਮੇਰੀ ਜਾਨ ਤੇਰੀ ਦਾਮਨਗੀਰ ਬੱਚਾ
ਦੌਲਤ ਰਾਮ ਕਰਾਵਸਾਂ ਮੇਲ ਤੇਰਾ ਕਰੇ ਫਜਲ ਜੇ ਰੱਬ ਕਬੀਰ ਬੱਚਾ

## ਵਾਕ ਬਸੰਤ ਕਾ

ਕੁੰਵਰ ਆਖਦਾ ਜੋੜ ਕੇ ਹੱਥ ਦੋਵੇਂ ਮੂਹ ਰਾਮ ਦਾ ਨਾਮ ਧਿਆ ਮਾਈ
ਸਭੇ ਕੰਮ ਅਖ਼ਤਿਆਰ ਭਗਵਾਨ ਦੇ ਹੈ ਏਥੇ ਅਕਲ ਸੰਦੀ ਨਹੀਂ ਜਾ ਮਾਈ

ਲੈ ਕੇ ਫੁੱਲਾਂ ਦੀ ਟੋਕਰੀ ਦਸਤ ਉਤੇ ਅੱਗੇ ਰਾਣੀ ਦੇ ਜਾ ਟਿਕਾ ਮਾਈ
ਗੱਲਾਂ ਮਿੱਠੀਆਂ ਨਰਮ ਗੁਫਤਾਰ ਕਰ ਕੇ ਸਾਰਾ ਭੇਤ ਤੂੰ ਓਸ ਦਾ ਪਾ ਮਾਈ
ਨੇਕ ਨੀਤ ਜੇਕਰ ਉਸਦੀ ਨਜ਼ਰ ਆਵੇ ਮੈਨੂੰ ਆ ਕੇ ਦੇਈਂ ਬਤਾ ਮਾਈ
ਜੇਕਰ ਧਰਮ ਈਮਾਨ ਨੂੰ ਗਾਲ ਬੈਠੀ ਤਾਂ ਭੀ ਕਰੀਂ ਨਾ ਕੁਝ ਲੁਕਾ ਮਾਈ
ਭੈੜਾ ਕਰਮ ਜੇ ਓਸ ਦਾ ਨਜ਼ਰ ਆਵੇ ਦਈਂ ਧਰਮ ਦੀ ਗੱਲ ਸੁਣਾ ਮਾਈ
ਭੈੜੀ ਨਾਰ ਦੀ ਮੁੜ ਨੂੰ ਲੋੜ ਨਾਹੀਂ ਉਸਦਾ ਖ਼ਿਆਲ ਤੂੰ ਦਈਂ ਭੁਲਾ ਮਾਈ
ਜੱਤ ਸੱਤ ਜੇ ਉਸ ਦਾ ਕਾਇੰਮ ਦਿਸੇ ਕਰੀਂ ਮਿਲਣ ਦਾ ਫੇਰ ਉਪਾ ਮਾਈ
ਜੇਹੜੇ ਤੌਰ ਮੇਰਾ ਉਸ ਦਾ ਮੇਲ ਹੋਵੇ ਉਹ ਭੀ ਤੁੱਧ ਨੂੰ ਦਿਆਂ ਜਤਾ ਮਾਈ
ਕਲੀ ਬੈਠ ਕੇ ਰਾਣੀ ਦੇ ਕੰਨ ਅੰਦਰ ਮੇਰਾ ਹਾਲ ਤੂੰ ਦਈਂ ਸਮਝਾ ਮਾਈ
ਮੇਰੇ ਹਿਜਰ ਦਾ ਜੇਕਰਾਂ ਦੁਖ ਉਸ ਨੂੰ ਉਸ ਦੀ ਧੀਰ ਤੂੰ ਦਈਂ ਧਰਾ ਮਾਈ
ਕਰ ਕੇ ਜ਼ਾਹਰ ਤੂੰ ਕੁਲ ਅਹਿਵਾਲ ਮੇਰਾ ਉਸਦੇ ਸੋਗ ਨੂੰ ਦਈਂ ਮਿਟਾ ਮਾਈ
ਮੇਰੀ ਤਰਫ਼ ਜੇਕਰ ਉਸਦਾ ਖ਼ਿਆਲ ਹੋਵੇ ਲਵਾਂ ਮਿਲਣ ਦੀ ਡੌਲ ਬਣਾ ਮਾਈ
ਦੌਲਤ ਰਾਮ ਸੁਨੇਹੜਾ ਫੇਰ ਮੇਰਾ ਛਾਤੀ ਨਾਲ ਤੂੰ ਪਰਤ ਲਿਆ ਮਾਈ

## ਜਾਵਣਾ ਮਾਲਣ ਦਾ ਪਾਸ ਰਾਣੀ ਚੰਦਰਬਦਨ ਦੇ

ਮਾਲਣ ਕੁੰਵਰ ਬਸੰਤ ਦਾ ਹੁਕਮ ਲੈ ਕੇ ਓਸੇ ਵਕਤ ਹੀ ਉਠ ਸਿਧਾਂਵਦੀ ਏ
ਲੈ ਕੇ ਫੁੱਲਾਂ ਦੀ ਟੋਕਰੀ ਦਸਤ ਉਤੇ ਚੰਦਰਬਦਨ ਦੇ ਮਿਲਣ ਨੂੰ ਜਾਵਦੀ ਏ
ਦੀਨਾ ਨਾਥ ਭਗਵਾਨ ਜੇ ਕਰੇ ਕਿਰਪਾ ਬਾਰੰਬਾਰ ਹਰਿਨਾਮ ਧਿਵਾਂਵਦੀ ਏ
ਚਾਲੋ ਚਾਲ ਸਮੁੰਦਰ ਤੇ ਜਾਇ ਪਹੁੰਚੀ ਜਾ ਕੇ ਕਦਮ ਜਹਾਜ ਤੇ ਪਾਂਵਦੀ ਏ
ਰਾਣੀ ਰੋਂਦੀ ਸੀ ਜ਼ਾਰੋਜ਼ਾਰ ਬੈਠੀ ਮਾਲਣ ਜਾਇ ਕੇ ਫੁੱਲ ਵਖਾਂਵਦੀ ਏ
ਡਾਲੀ ਫੁੱਲਾ ਦੀ ਰਾਣੀ ਦੇ ਰੱਖ ਅੱਗੇ ਮੂੰਹੋਂ ਦੁਆ ਅਸੀਸ ਸੁਨਾਂਵਦੀ ਏ
ਪਾ ਲੈ ਫੁੱਲਾਂ ਦੇ ਹਾਰ ਸੁਹਾਗਣੇ ਨੀ ਮਿੱਠੀ ਜੀਭ ਦੇ ਨਾਲ ਬੁਲਾਂਵਦੀ ਏ
ਮੈਨੂੰ ਦੇਹ ਇਨਾਮ ਤੂੰ ਭਾਗ ਭਰੀਏ ਵਾਰ ਵਾਰ ਇਹ ਗੱਲ ਅਲਾਵਦੀ ਏ
ਵਾਰ ਵਾਰ ਸੁਹਾਗ ਦਾ ਨਾਮ ਲੈਂਦੀ ਜਲੇ ਦਿਲਾਂ ਨੂੰ ਪਈ ਜਲਾਂਵਦੀ ਏ
ਦੌਲਤ ਰਾਮ ਅੱਗੋਂ ਚੰਦਰਬਦਨ ਰਾਣੀ ਭਰ ਕੇ ਨੈਣ ਜਵਾਬ ਸੁਨਾਂਵਦੀ ਏ

## ਵਾਕ ਚੰਦਰਬਦਨ ਕਾ

ਰਾਣੀ ਰੋਇ ਕੇ ਮਾਲਣ ਨੂੰ ਆਖਦੀ ਏ ਮੈਨੂੰ ਫੁੱਲਾ ਦੀ ਨਹੀਂ ਦਰਕਾਰ ਮਾਈ
ਪਤੀ ਜਿਨ੍ਹਾ ਦੇ ਹੋਂਵਦੇ ਸੀਸ ਉੱਤੇ ਸੋਈ ਲਾਉਂਦੀਆਂ ਹਾਰ ਸ਼ਿੰਗਾਰ ਮਾਈ
ਖੋਟੇ ਲੇਖ ਜਿਨ੍ਹਾਂ ਦੇ ਧੁਰੋਂ ਹੋਵਣ ਪਾਵਣ ਕਿਵੇਂ ਉਹ ਫੁੱਲਾਂ ਦੇ ਹਾਰ ਮਾਈ
ਜਿਨ੍ਹਾਂ ਨਾਲ ਸੀ ਹਾਰ ਸ਼ਿੰਗਾਰ ਮੇਰਾ ਮੇਰੇ ਲੱਦ ਗਏ ਕ੍ਰਿਸ਼ਨ ਮੁਰਾਰ ਮਾਈ
ਮੈਨੂੰ ਐਸ਼ ਅਸ਼ਰਤ ਸੁੱਖ ਦੇਣ ਵਾਲੇ ਮੋਏ ਡੁੱਬ ਕੇ ਸਿੰਧ ਦੀ ਧਾਰ ਮਾਈ

ਅੱਠ ਰੋਜ਼ ਗੁਜ਼ਰੇ ਪੀਆ ਵਿਛੜੇ ਨੂੰ ਮੈਨੂੰ ਬੀਤਦਾ ਕਹਿਰ ਕਹਾਰ ਮਾਈ
ਖਾਣਾ ਪੀਵਣਾ ਕੁਲ ਹਰਾਮ ਹੋਇਆ ਬੈਠੀ ਰੋਂਵਦੀ ਹਾ ਜ਼ਾਰੋ ਜ਼ਾਰ ਮਾਈ
ਮੇਰੀ ਜਾਨ ਸਕੰਜੇ ਦੇ ਵਿਚ ਆਈ ਤੈਨੂੰ ਸੁੱਝਦਾ ਹਾਰ ਸ਼ਿੰਗਾਰ ਮਾਈ
ਪਈ ਉੱਪਰੋ ਉੱਪਰੋ ਬੋਲਦੀ ਹਾਂ ਖ਼ਾਲੀ ਅੰਦਰੋ ਜਿਵੇਂ ਸਤਾਰ ਮਾਈ
ਆਵੇ ਪਲਕ ਨਾ ਸਬਰ ਕਰਾਰ ਮੈਨੂੰ ਹੋਇਆ ਜੀ ਬੰਬੂਲ ਦੀ ਖ਼ਾਰ ਮਾਈ
ਮਾਈ ਬਾਪ ਭ੍ਰਾਈ ਸੱਜਨ ਕੋਲ ਨਾਹੀਂ ਜਿਸਦੇ ਪਾਸ ਮੈਂ ਕਰਾਂ ਇਜ਼ਹਾਰ ਮਾਈ
ਸੀਸ ਵੇਚ ਕੇ ਸਿਆਮ ਖਰੀਦਿਆ ਸੀ ਦਿੱਤਾ ਜ਼ਾਲਮਾਂ ਨੇ ਜਾਨੋ ਮਾਰ ਮਾਈ
ਬੂਟਾ ਧਰਮ ਦਾ ਪਾਲਿਆ ਜ਼ੋਹਦ ਕਰ ਕੇ ਦਿੱਤਾ ਪਾਪੀਆ ਜੜ੍ਹੋਂ ਉਖਾੜ ਮਾਈ
ਅਜੇ ਜੀਂਵਦਾ ਚਿਤ ਨੂੰ ਭਾਸਦਾ ਏ ਮੇਰਾ ਟੁੱਟਿਆ ਨਹੀਂ ਪਿਆਰ ਮਾਈ
ਸੁਪਨੇ ਵਿਚ ਰਾਤੀਂ ਮੈਨੂੰ ਆਣ ਮਿਲਿਆ ਹੋਇਆ ਮਿਸਰ ਦੇ ਵਿਚ ਦੀਦਾਰ ਮਾਈ
ਬਾਵਾਂ ਅੰਗ ਤੇ ਅੱਖ ਫਰੱਕਦੀਏ ਅੱਗੋ ਜਾਣਦਾ ਖੇਲ ਕਰਤਾਰ ਮਾਈ
ਪੀਆ ਜੀਂਵਦਾ ਕਿਸ ਤਰ੍ਹਾਂ ਨਾਲ ਹੋਸੀ ਇਹ ਭੀ ਉਠਦੀ ਮਨੋ ਵਿਚਾਰ ਮਾਈ
ਇਕ ਵਾਰ ਜੇ ਪਤੀ ਦੀਦਾਰ ਹੋਵੇ ਦੇਵਾ ਜਾਨ ਤੇ ਜਿੰਦੜੀ ਵਾਰ ਮਾਈ
ਪੀਆ ਨਾਲ ਨਾ ਚੰਦਰੀ ਡੁੱਬ ਮੋਈ ਮੇਰੇ ਜੀਵਣੇ ਨੂੰ ਧਿਰਕਾਰ ਮਾਈ
ਲੱਖ ਲਾਹਨਤਾਂ ਨੇ ਮੇਰੇ ਜੀਵਣੇ ਨੂੰ ਏਸ ਜੀਣ ਨਾਲੋ ਮਰਨਾ ਸਾਰ ਮਾਈ
ਹੁੰਦਾ ਮਿਸਰ ਦੇ ਵਿਚ ਮਲੂਮ ਪੀਆ ਸੁਪਨੇ ਪਾ ਲਈ ਮੋਹ ਦੀ ਤਾਰ ਮਾਈ
ਕੋਈ ਖ਼ਬਰ ਜੇ ਸੁਆਮੀ ਦੀ ਆਣ ਦੇਵੇ ਗਹਿਣੇ ਦਿਆਂ ਮੈਂ ਕੁਲ ਉਤਾਰ ਮਾਈ
ਵੇਲਾ ਅਜ ਹੈ ਪੀਆ ਦੇ ਮਿਲਣ ਸੰਦਾ ਕ੍ਰਿਪਾ ਕਰੇ ਜੇ ਰੱਬ ਦਾਤਾਰ ਮਾਈ
ਦੌਲਤ ਰਾਮ ਜੇ ਪਤੀ ਨਾ ਅਜ ਮਿਲਿਆ ਮਰਸਾ ਮਾਰ ਕੇ ਜਿਗਰ ਕਟਾਰ ਮਾਈ

## ਵਾਕ ਮਾਲਣ ਕਾ

ਮਾਲਣ ਹਾਲ ਸੁਣ ਕੇ ਚੰਦਰਬਦਨ ਸੰਦਾ ਆਪਣੇ ਚਿੱ· ਦੇ ਵਿਚ ਹੈਰਾਨ ਹੋਈ
ਜਤ ਸਤ ਜਾਂ ਰਾਣੀ ਦਾ ਕਾਇਮ ਡਿੱਠਾ ਨਾਲ ਖ਼ੁਸੀ ਦੇ ਫੁੱਲ ਕੇ ਚਾਰ ਹੋਈ
ਮਾਲਣ ਆਖਦੀ ਰਾਣੀ ਦੇ ਕੰਨ ਅੰਦਰ ਤੇਰੀ ਰਾਣੀਏ ਗੱਲ ਆਸਾਨ ਹੋਈ
ਲਾ ਲੈ ਹਾਰ ਸਿੰਗਾਰ ਤੂੰ ਬੀਬੀਏ ਨੀ ਤੇਥੇ ਮੇਹਰ ਭਗਵਾਨ ਦੀ ਆਨ ਹੋਈ
ਤੇਰੇ ਦੁੱਖ ਕਰਤਾਰ ਨੇ ਦੂਰ ਕੀਤੇ ਝੁੱਗੀ ਫੇਰ ਮੁੜ ਕੇ ਅਵਾਦਾਨ ਹੋਈ
ਬੂਟੀ ਸੁੱਖਾਂ ਦੀ ਪਾਪੀਆਂ ਸਾੜ ਦਿੱਤੀ ਰੱਬ ਮੇਹਰ ਕੀਤੀ ਸਾਵਧਾਨ ਹੋਈ
ਤੇਰਾ ਪਤੀ ਭਗਵਾਨ ਨੇ ਰੱਖ ਲਿਆ ਜਿਸ ਦੇ ਵਾਸਤੇ ਤੂੰ ਪਰੇਸ਼ਾਨ ਹੋਈ
ਮੇਰੇ ਘਰੀਂ ਏਂਠਾ ਤੇਰਾ ਕੰਤ ਰਾਣੀ ਜਿਸ ਦੇ ਵਾਸਤੇ ਤੂੰ ਸਰਗਰਦਾਨ ਹੋਈ
ਓਸੇ ਕੁੰਵਰ ਬਸੰਤ ਨੇ ਘੱਲੀਆਂ ਮੈਂ ਜਿਸ ਦੇ ਬਾਝ ਤੂੰ ਬੇ ਅਰਮਾਨ ਹੋਈ
ਓਧਰ ਪਤੀ ਤੇਰਾ ਮਹਾਂ ਦੁਖੀ ਹੋਇਆ ਏਧਰ ਤੰਗ ਰਾਣੀ ਤੇਰੀ ਜਾਨ ਹੋਈ
ਜਿਵੇ ਰਾਮ ਤੇ ਸੀਤਾ ਦਾ ਮੇਲ ਆਹਾ ਪ੍ਰੀਤ ਦੁਹਾਂ ਦੀ ਇਕ ਸਮਾਨ ਹੋਈ

ਧੰਨ ਧੰਨ ਤੁਸਾਡੜਾ ਜਨਮ ਰਾਣੀ ਨੀਂ ਮੈਂ ਦੇਖ ਕੇ ਧਰਮ ਕੁਰਬਾਨ ਹੋਈ
ਜੇਕਰ ਧਰਮ ਈਮਾਨ ਨੂੰ ਪਾਲਿਓ ਈ ਨੇਕੀ ਤੁੱਧ ਦੀ ਵਿਚ ਜਹਾਨ ਹੋਈ
ਕੋਈ ਸੁੱਖ ਸੁਨੇਹੜਾ ਦੇਹ ਮੈਨੂੰ ਏਸੇ ਵਾਸਤੇ ਮੈਂ ਹਾਜ਼ਰ ਆਨ ਹੋਈ
ਦੌਲਤਰਾਮ ਅਫਸੋਸ ਨੂੰ ਤਿਆਗ ਦਿਲ ਤੇ ਕਿਉਂ ਤੂੰ ਸੋਗ ਦੇ ਵਿਚ ਗ਼ਲਤਾਨ ਹੋਈ

## ਵਾਕ ਰਾਣੀ ਕਾ

ਰਾਣੀ ਆਖਦੀ ਮਾਲਣੇ ਕੂੜ ਬੋਲੇਂ ਮੈਨੂੰ ਆਂਵਦਾ ਨਹੀ ਇਤਬਾਰ ਮਾਈ
ਪੀਆ ਵਿਚ ਸਮੁੰਦਰ ਦੇ ਡੁੱਬ ਮੋਇਆ ਜਿਥੇ ਨੀਰ ਦਾ ਨਹੀਂ ਸੁਮਾਰ ਮਾਈ
ਲੱਖਾਂ ਜੀਵ ਸਮੁੰਦਰ ਦੇ ਵਿਚ ਰਹਿੰਦੇ ਮੱਛ ਕੱਛ ਤੇ ਸੱਪ ਸੰਸਾਰ ਮਾਈ
ਕੋਈ ਢੰਗ ਨਾ ਪੀਆ ਦੇ ਜੀਵਣੇ ਦਾ ਲੱਗੇ ਕਿਵੇਂ ਸਮੁੰਦਰੋਂ ਪਾਰ ਮਾਈ
ਐਡੇ ਭਾਗ ਕਿੱਥੋਂ ਮੇਰੇ ਚੰਦਰੀ ਦੇ ਹੋਵੇ ਪਤੀ ਦਾ ਫੇਰ ਦੀਦਾਰ ਮਾਈ
ਵਿਛੜ ਗਿਆਂ ਦਾ ਮੇਲ ਹਜ਼ਾਰ ਵਾਰੀ ਮੋਏ ਨਹੀਂ ਮਿਲਦੇ ਦੂਜੀ ਵਾਰ ਮਾਈ
ਦੇਵਾਂ ਕਿਸੇ ਨੂੰ ਦੋਸ਼ ਕੀ ਤੱਤੜੀ ਮੈਂ ਦਿਤੀ ਭਾਗ-ਨਸੀਬ ਨੇ ਹਾਰ ਮਾਈ
ਕੂੜ ਬੋਲਣਾ ਕੰਮ ਹੈ ਪਾਪੀਆਂ ਦਾ ਮੈਥੇ ਧਰਮ ਦਾ ਕਰੀ ਇਜਹਾਰ ਮਾਈ
ਦੌਲਤ ਰਾਮ ਜੋ ਪੀਆ ਨੂੰ ਮੇਲ ਦੇਵੇ ਮੇਰੀ ਜਾਨ ਉਸ ਤੋਂ ਬਲਿਹਾਰ ਮਾਈ

## ਵਾਕ ਮਾਲਣ ਕਾ

ਮਾਲਣ ਕਹੇ ਭਗਵਾਨ ਦੀ ਕਸਮ ਮੈਨੂੰ ਤੈਥੇ ਧਰਮ ਦਾ ਕਰਾ ਬਿਆਨ ਰਾਣੀ
ਕੂੜਾ ਵਾਕ ਨਾ ਮੁੱਖ ਤੇ ਬੋਲਦੇ ਨੀ ਪੱਲੇ ਜਿਨ੍ਹਾਂ ਦੇ ਧਰਮ ਈਮਾਨ ਰਾਣੀ
ਕੇਹੜਾ ਮਾਰ ਸਕੇ ਉਸ ਮਰਦ ਤਾਈ ਜਿਸ ਤੇ ਰੱਬ ਹੋਵੇ ਮੇਹਰਬਾਨ ਰਾਣੀ
ਤੇਰੇ ਪਤੀ ਨੂੰ ਮਿਸਰ ਦੇ ਵਿਚ ਆਇਆਂ ਸੱਤ ਰੋਜ਼ ਪੂਰੇ ਹੋਏ ਆਨ ਰਾਣੀ
ਤੇਰੇ ਬਾਝ ਨ ਭਾਵਦੀ ਗੱਲ ਕੋਈ ਆਠੋ ਜਾਮ ਉਸ ਨੂੰ ਤੇਰਾ ਧਿਆਨ ਰਾਣੀ
ਕਦੀ ਹੱਸ ਕੇ ਮੁੱਖੋ ਨਾ ਗੱਲ ਕਰਦਾ ਪਰੇਸ਼ਾਨ ਰਹਿੰਦਾ ਪਰੇਸ਼ਾਨ ਰਾਣੀ
ਜਿਵੇਂ ਤੁਧ ਦਾ ਹਾਲ ਜ਼ੁਵਾਲ ਹੋਇਆ ਤਿਵੇਂ ਓਸ ਦਾ ਹਾਲ ਵੈਰਾਨ ਰਾਣੀ
ਹਸੀ ਰੰਗ ਕਸੁੰਭੜੇ ਵਾਗ ਉਸ ਦਾ ਹੋਇਆ ਪੀਲੜਾ ਹਲਦ ਸਮਾਨ ਰਾਣੀ
ਤੈਨੂੰ ਪਲਕ ਨਾ ਮਨੋ ਵਿਸਾਰਦਾ ਏ ਹੋਇਆ ਹਾਲ ਚਕੋਰ ਦੀ ਸਾਨ ਰਾਣੀ
ਕੋਈ ਅਰਜ਼ ਸੁਨੇਹੜਾ ਦੱਸ ਮੈਨੂੰ ਜਾ ਕੇ ਦਿਆ ਮੈ ਪਤਾ ਨਿਸਾਨ ਰਾਣੀ
ਦੌਲਤ ਰਾਮ ਕਰਵਾਵਸਾਂ ਮੇਲ ਤੇਰਾ ਕਿਰਪਾ ਕਰੇ ਜੇ ਸ੍ਰੀ ਭਗਵਾਨ ਰਾਣੀ

## ਖ਼ਤ ਲਿਖਣਾ ਰਾਣੀ ਨੇ ਬਸੰਤ ਦੀ ਤਰਫ਼

ਅੱਵਲ ਬੰਦਨਾ ਸ੍ਰੀ ਭਗਵਾਨ ਤਾਈਂ ਪਿਛੋ ਲਿਖਾਂ ਮੈਂ ਹੋਰ ਇਜਹਾਰ ਪੀਆ
ਤੇਰਾ ਨਾਮ ਸੁਣ ਕੇ ਪਏ ਪ੍ਰਾਣ ਮੈਨੂੰ ਹੋਈ ਇਕ ਤੇ ਫੁੱਲ ਕੇ ਚਾਰ ਪੀਆ

ਲੱਖ ਲੱਖ ਧੰਨਵਾਦ ਕਰਤਾਰ ਤਾਈਂ ਸਾਂਝ ਰੱਖ ਲਈ ਵਿਚ ਸੰਸਾਰ ਪੀਆ
ਅੱਠ ਰੋਜ਼ ਹੋਏ ਤੈਨੂੰ ਵਿਛੜੇ ਨੂੰ ਮੇਰੇ ਭਾ ਦਾ ਪਿਆ ਅੰਧਾਰ ਪੀਆ
ਖਾਣਾ ਪਹਿਨਣਾ ਕੁਲ ਹਰਾਮ ਹੋਇਆ ਹੋਈ ਨਾਮ ਦੇ ਫਕਤ ਅਧਾਰ ਪੀਆ
ਆਵੇ ਪਲਕ ਨਾ ਸਬਰ ਕਰਾਰ ਮੈਨੂੰ ਹੋਇਆ ਜੀਨ ਮੇਰਾ ਸੁੰਬਰ ਖ਼ਾਰ ਪੀਆ
ਸਾਬਣ ਵਾਗ ਮੇਰਾ ਜਿਗਰ ਚਾਕ ਹੋਇਆ ਤੇਰੇ ਹਿਜਰ ਦੀ ਚੀਰ ਗਈ ਤਾਰ ਪੀਆ
ਤੇਰੇ ਬਾਝ ਜਹਾਨ ਉਜਾੜ ਦਿਸੇ ਤੇਰੇ ਨਾਲ ਸੀ ਅੰਸ਼ ਬਹਾਰ ਪੀਆ
ਦਮ ਦਮ ਦੇ ਨਾਲ ਖਿਆਲ ਤੇਰਾ ਬੈਠੀ ਰੋਵਨੀ ਹਾਂ ਜਾਰੋ ਜ਼ਾਰ ਪੀਆ
ਇਕ ਪਲਕ ਨਾ ਭੁੱਲਦਾ ਤੱਤੜੀ ਨੂੰ ਤੇਰਾ ਪਿਆਰ ਪੀਆ ਤੇਰਾ ਪਿਆਰ ਪੀਆ
ਰਤੀ ਰੱਤ ਨਾ ਲੱਭਦੀ ਵਿਚ ਜੁੱਸੇ ਹੋਈਆਂ ਹੱਡੀਆਂ ਕਾਠ ਕਵਾੜ ਪੀਆ
ਪਏ ਦੁੱਖਾਂ ਉਤੇ ਦੁੱਖ ਆਣ ਮੈਨੂੰ ਕਿਸ ਦੇ ਪਾਸ ਮੈਂ ਕਰਾਂ ਪੁਕਾਰ ਪੀਆ
ਜਿਸ ਨੇ ਵਿਚ ਸਮੁੰਦਰ ਦੇ ਸੁਟਿਆ ਤੈਂ ਦਿਤਾ ਦੁੱਖ ਵੈਰੀ ਸਾਹੂਕਾਰ ਪੀਆ
ਇਸਨੇ ਕਸਰ ਨਾ ਰੱਖ ਲਈ ਡੋਬਣੇ ਦੀ ਮੇਰਾ ਰਖਿਆ ਧਰਮ ਕਰਤਾਰ ਪੀਆ
ਕੇਹੜਾ ਕੇਹੜਾ ਮੈਂ ਫੋਲ ਕੇ ਹਾਲ ਦੱਸਾਂ ਮੇਰੇ ਦੁੱਖਾਂ ਦਾ ਨਹੀਂ ਸੁਮਾਰ ਪੀਆ
ਅਠ ਰੋਜ਼ ਗੁਜਰੇ ਮੈਨੂੰ ਤੜਫਦੀ ਨੂੰ ਅੱਗੋਂ ਜੀਵਣਾ ਬੜਾ ਲਾਚਾਰ ਪੀਆ
ਮੇਰੀ ਜਾਨ ਆਈ ਹੁਣ ਲਬਾਂ ਉਤੇ ਲਈ ਆਣ ਨਿਮਾਣੀ ਦੀ ਸਾਰ ਪੀਆ
ਦੌਲਤਰਾਮ ਬਲਿਹਾਰ ਬਲਿਹਾਰ ਜਾਵਾਂ ਅੌਗੁਣਹਾਰ ਨੂੰ ਦੇਹ ਦੀਦਾਰ ਪੀਆ

## ਵਾਕ ਰਾਣੀ ਚੰਦਰਬਦਨ ਕਾ

ਖਤ ਲਿਖ ਕੇ ਮਾਲਣ ਦੇ ਹੱਥ ਦਿਤਾ ਮੇਰੇ ਪਤੀ ਦੇ ਹੱਥ ਪਕੜਾ ਦੇਈ
ਮੇਰੀ ਵਲੋਂ ਪੈਰਾਂ ਉਤੇ ਸੀਸ ਰਖੀ ਨਾਲ ਮੁੱਖ ਅਸੀਸ ਦੁਆ ਦੇਈ
ਜਿਵੇਂ ਹਾਲ ਮੇਰਾ ਅੱਖੀਂ ਵੇਖਨੀ ਏਂ ਤਿਵੇਂ ਕੁਲ ਅਹਿਵਾਲ ਸਮਝਾ ਦੇਈ
ਲਵੇ ਝੱਬ ਨਿਮਾਣੀ ਦੀ ਸਾਰ ਆ ਕੇ ਹਥ ਜੋੜ ਕੇ ਵਾਸਤਾ ਪਾ ਦੇਈ
ਜੇਹੜੇ ਤੇਰ ਪੀਆ ਮੈਨੂੰ ਦਰਸ ਦਵੇ ਓਸ ਤੇਰ ਦੇ ਬਣੇ ਸਣਾ ਦਾਈਂ
ਗਹਿਣੇ ਲੱਖ ਰੁਪਏ ਦੇ ਦਿਆ ਤੈਨੂੰ ਇਕ ਵਾਰ ਤੂੰ ਦਰਸ ਕਰਵਾ ਦਈ
ਗਲ ਪੱਲੜਾ ਤੇ ਮੂੰਹ ਘਾਹ ਲੈ ਕੇ ਮੇਰੇ ਕੁਲ ਗੁਨਾਹ ਬਖਸ਼ਵਾ ਦੇਈਂ
ਤੈਥੋਂ ਜਾਨ ਸੱਦਕੜੇ ਮਾਲਣੇ ਨੀ ਇਕ ਵਾਰ ਤੂੰ ਪਤੀ ਮਿਲਾ ਦੇਈ
ਦਰਸਨ ਪਤੀ ਦਾ ਆਬਿਹਯਾਤ ਦੇ ਕੇ ਮੈਨੂੰ ਮੋਈ ਨੂੰ ਫੇਰ ਜਿਵਾ ਦੇਈ
ਸਾਰੀ ਉਮਰ ਮੈਂ ਰਹਾਂ ਗੁਲਾਮ ਤੇਰੀ ਮੇਰੇ ਸੀਸ ਆ[illegible]ਨ ਚੜ੍ਹਾ ਦਈ
ਤੇਰਾ ਵਿਚ ਦਰਗਾਹ ਦੇ ਭਲਾ ਹੋਸੀ ਮੈਨੂੰ ਦਾਨ ਕਰਤਾਰ ਦਾ ਪਾ ਦੇਈ
ਦੌਲਤ ਰਾਮ ਸੁਨੰਦੜਾ ਫੇਰ ਮੇਰਾ ਛਤੀ ਨਾਲ ਤੂੰ ਪਰਤ ਕੇ ਆ ਦੇਈ

**ਮਾਲਣ ਨੇ ਬਸੰਤ ਪਾਸ ਖ਼ਤ ਲੈ ਕੇ ਆਵਣਾ ਔਰ ਰਾਣੀ ਦਾ ਹਾਲ ਦਸਣਾ**

ਮਾਲਣ ਲੈਂਦਿਆਂ ਖ਼ਤ ਰਵਾਨ ਹੋਈ ਮੁੜ ਕੇ ਪਾਸ ਬਸੰਤ ਦੇ ਆਂਵਦੀ ਏ
ਖ਼ਤ ਆਣ ਬਸੰਤ ਦੇ ਹੱਥ ਦਿਤਾ ਭਰ ਕੇ ਨੈਣ ਜਵਾਬ ਸੁਣਾਂਵਦੀ ਏ
ਤੇਰੀ ਨਾਰ ਦਾ ਕਹਾਂ ਕੀ ਹਾਲ ਬੱਚਾ ਬੈਠੀ ਕੂੰਜ ਵਾਂਗੂੰ ਕੁਰਲਾਂਵਦੀ ਏ
ਦਮ ਦਮ ਦੇ ਨਾਲ ਹੈ ਜ਼ਿਕਰ ਤੇਰਾ ਇਕ ਦਮ ਨਾ ਮੂਲ ਭੁਲਾਂਵਦੀ ਏ
ਤੇਰਾ ਨਾਮ ਸੁਣ ਕੇ ਉਸ ਨੂੰ ਸੁਰਤ ਆਈ ਰੋਇ ਰੋਇ ਕੇ ਨੈਣ ਵਹਾਂਵਦੀ ਏ
ਤੇਰੇ ਹਿਜਰ ਦਾ ਲੱਗਿਆ ਰੋਗ ਉਸ ਨੂੰ ਪਾਣੀ ਪੀਂਵਦੀ ਨਾ ਅੰਨ ਖਾਵਦੀ ਏ
ਮਾਲਾ ਫਰਦੀ ਹੈ ਤੇਰੇ ਨਾਮ ਵਾਲੀ ਹੋਰ ਗੱਲ ਨਾ ਓਸ ਨੂੰ ਭਾਂਵਦੀ ਏ
ਦੌਲਤ ਰਾਮ ਤੂੰ ਜਾਣ ਨਾ ਜਾਣ ਬੱਚਾਂ ਸਤੀ ਵਾਂਗ ਓਹ ਜਿੰਦ ਗਵਾਵਦੀ ਏ

**ਅਜ਼ਨ**

ਵਾਰ ਵਾਰ ਮਾਲਣ ਆਖੇ ਕੁੰਵਰ ਤਾਈ ਤੇਰੀ ਨਾਰ ਸੁੱਚੀ ਕੁੰਦਨ ਸਾਰ ਵਾਗੂੰ
ਜਤ ਸਤ ਅਰ ਧਰਮ ਤੇ ਸਰਮ ਵਾਲੀ ਉਸਦਾ ਤੌਰ ਹੈ ਸਤੀ ਸਿੰਗਾਰ ਵਾਗੂੰ
ਸੀਤਾ ਵਾਗ ਰਾਣੀ ਤੇਰੀ ਸਰਮ ਵਾਲੀ ਤੈਨੂੰ ਜਾਣਦੀ ਰਾਮ ਅਵਤਾਰ ਵਾਗੂੰ
ਤੈਨੂੰ ਨੰਦ ਦੇ ਨੰਦ ਤੇ ਵੱਧ ਜਾਣੇ ਉਹਦਾ ਤੌਰ ਹੈ ਰਾਧਕਾਂ ਨਾਰ ਵਾਗੂੰ
ਅੱਠ ਰੋਜ ਪੂਰੇ ਕੀਤੇ ਰੋਂਵਦੀ ਨੇ ਨੈਣੀ ਜਾਵਦਾ ਨੀਰ ਨਸਾਰ ਵਾਗੂੰ
ਤਾਕਤ ਰਹੀ ਨਾ ਬੈਠਣੇ ਉਠਣੇ ਦੀ ਹੋਇਆ ਪੀਲੜਾ ਰੰਗ ਵਸਾਰ ਵਾਗੂੰ
ਪਈ ਉਪਰੋਂ ਉਪਰੋਂ ਬੋਲਦੀ ਏ ਖਾਲੀ ਅੰਦਰੋਂ ਮਿਸਲ ਸਤਾਰ ਵਾਗੂੰ
ਦੌਲਤ ਰਾਮ ਜਲਦੀ ਉਸਦੀ ਸਾਰ ਲੈ ਤੂੰ ਮਰ ਜਾਏਗੀ ਸਖਤ ਬੀਮਾਰ ਵਾਗੂੰ

**ਖਤ ਲਿਖਣਾ ਬਸੰਤ ਕਾ**

ਆਦਿ ਪੁਰਖ ਤਾਈ ਨਿਮਸਕਾਰ ਮਰੀ ਜੇਹੜਾ ਸਾਰਿਆ ਦਾ ਪ੍ਰਿਤਪਾਲ ਰਾਣੀ
ਖਤ ਦੇਖ ਤੇਰਾ ਮੈਨੂੰ ਹੋਈ ਖੁਸੀ ਕੀਤੇ ਰੱਬ ਨੇ ਕੰਮ ਸੁਖਾਲ ਰਾਣੀ
ਤੇਰਾ ਦੁੱਖ ਸੁਣ ਕੇ ਜਿਗਰ ਚਾਕ ਹੋਇਆ ਅਪਰ ਜੋਰ ਨਾ ਰੱਬ ਦੇ ਨਾਲ ਰਾਣੀ
ਜਿਵੇ ਲਿਖਿਆ ਹਿਜਰ ਦਾ ਬਾਣ ਤੈਨੂੰ ਮੇਰਾ ਤੁਧ ਤੇ ਵਧ ਅਹਿਵਾਲ ਰਾਣੀ
ਏਸੇ ਤਰ੍ਹਾਂ ਲਿਖਿਆ ਹੈਸੀ ਲੇਖ ਅਪਨਾ ਦੇਵੇ ਕੌਣ ਤਕਦੀਰ ਨੂੰ ਟਾਲ ਰਾਣੀ
ਇਹ ਭੀ ਸੁਕਰ ਹੈ ਬਚ ਰਹੀ ਜਾਨ ਮੇਰੀ ਹੋਇਆ ਆਪ ਭਗਵਾਨ ਦਿਆਲ ਰਾਣੀ
ਔਰ ਤੁਧ ਨੂੰ ਪਿਆ ਸਮਝਾਂਵਦਾ ਮੈਂ ਗੱਲ ਸਮਝਣੀ ਨਾਲ ਖਿਆਲ ਰਾਣੀ
ਇਕ ਅਕਲ ਦਾ ਢੰਗ ਲਗਾ ਦੇਖੋ ਕਿਰਪਾ ਕਰੇ ਜੇ ਰੱਬ ਕਿਰਪਾਲ ਰਾਣੀ
ਲਾ ਕੇ ਹਾਰ ਸਿੰਗਾਰ ਸੁਹਾਗ ਵਾਲਾ ਅੱਖਾ ਵਿਚ ਲਈਂ ਸੁਰਮਾ ਡਾਲ ਰਾਣੀ
ਸ਼ਾਹੂਕਾਰ ਨੂੰ ਸੱਦ ਕੇ ਪਾਸ ਆਪਣੇ ਹੱਥ ਜੋੜ ਕੇ ਕਰੀ ਸਵਾਲ ਰਾਣੀ
ਤੇਰੇ ਨਾਲ ਮੈਂ ਵਿਆਹ ਕਰਾਵਨੀ ਹਾਂ ਉਸ ਨੂੰ ਕਹੀਂ ਪਿਆਰ ਦੇ ਨਾਲ ਰਾਣੀ

ਕਥਾ ਰੂਪ ਬਸੰਤ ਸੁਣਵਾ ਮੈਨੂੰ ਆਖੀਂ ਇਹ ਅਸਾਡੜੀ ਚਾਲ ਰਾਣੀ
ਸਾਦੀ ਵਕਤ ਸਾਡੀ ਕੁਲ ਦਾ ਧਰਮ ਹੈ ਜੀ ਸੁਣਨਾ ਰੂਪ ਬਸੰਤ ਦਾ ਹਾਲ ਰਾਣੀ
ਗੱਲਾਂ ਮਿੱਠੀਆਂ ਨਾਲ ਉਸ ਦੁਸਟ ਤਾਈਂ ਦਈ ਵਾਗ ਸਵਰਣ ਦੇ ਢਾਲ ਰਾਣੀ
ਕਿੱਸਾ ਰੂਪ ਬਸੰਤ ਦਾ ਸੁਣੀਂ ਉਸਤੇ ਪਾਕੇ ਦਗ਼ੇ ਫਰੇਬ ਦਾ ਜਾਲ ਰਾਣੀ
ਜਦੋਂ ਤੁਧ ਨੇ ਸਾਦੀ ਦਾ ਨਾਮ ਲੀਤਾ ਤਦੋਂ ਹੋਵਸੀ ਦੁਸ਼ਟ ਨਿਹਾਲ ਰਾਣੀ
ਓਸੇ ਵਕਤ ਓਹ ਰਾਜੇ ਦੇ ਪਾਸ ਜਾਸੀ ਵਿਸੇ ਵਾਸਤੇ ਨੀਚ ਚੰਡਾਲ ਰਾਣੀ
ਓਥੇ ਜਾਇਕੇ ਕਥਾ ਸੁਣਾਵਸਾ ਮੈਂ ਇਸਦਾ ਕਰਾਗਾ ਹਾਲ ਜਵਾਲ ਰਾਣੀ
ਦੌਲਤਰਾਮ ਇਉਂ ਸੌਰਸੀ ਕੰਮ ਆਪਣਾ ਕਰਸੀ ਫਜਲ ਅਲੱਖ ਅਕਾਲ ਰਾਣੀ

## ਬਸੰਤ ਦਾ ਖ਼ਤ ਲੈ ਕੇ ਮਾਲਣ ਨੇ ਜਾਵਣਾ ਪਾਸ ਰਾਣੀ ਦੇ

ਏਸੇ ਤੌਰ ਤੇ ਬਸੰਤ ਨੇ ਲਿਖੀ ਚਿੱਠੀ ਨਾਲੇ ਮਾਲਣ ਨੂੰ ਸਮਝਾਇਆ ਈ
ਸਾਰਾ ਹਾਲ ਤੂੰ ਰਾਣੀ ਨੂੰ ਆਖ ਦੇਈਂ ਜੇਕਰ ਖ਼ਤ ਨਾ ਵਾਚਣਾ ਆਇਆ ਈ
ਮਾਲਣ ਲੈਂਦਿਆ ਖ਼ਤ ਰਵਾਨ ਹੋਈ ਜਾ ਕੇ ਰਾਣੀ ਨੂੰ ਹਾਲ ਸੁਣਾਇਆ ਈ
ਲਾ ਕੇ ਦਾਅ ਚੋਰੀ ਸਾਹੂਕਾਰ ਕੋਲੋਂ ਖਤ ਰਾਣੀ ਦੇ ਹੱਥ ਪਕੜਾਇਆ ਈ
ਜਿਵੇ ਕੁੰਵਰ ਬਸੰਤ ਨੇ ਆਖਿਆ ਸੀ ਮਾਲਣ ਕੁਲ ਅਹਿਵਾਲ ਬਤਾਇਆ ਈ
ਡਿੱਠਾ ਖਤ ਬਸੰਤ ਦੇ ਨਾਲ ਚਸਮਾ ਰਾਣੀ ਸੁਕਰ ਹਜ਼ਾਰ ਮਨਾਇਆ ਈ
ਦਸਖਤ ਪਤੀ ਦੇ ਦੇਖ ਕੇ ਸਾਦ ਹੋਈ ਖ਼ਤ ਨਾਲ ਕਲੇਜੜੇ ਲਾਇਆ ਈ
ਪਾਇਆ ਰਾਣੀ ਨੇ ਚਿੱਠੀ ਦਾ ਭੇਦ ਸਾਰਾ ਓਸੇ ਵਕਤ ਸਿੰਗਾਰ ਲਗਾਇਆ ਈ
ਦੌਲਤਰਾਮ ਮਾਲਣ ਤਾਈਂ ਵਿਦਾ ਕਰ ਕੇ ਸ਼ਾਹੂਕਾਰ ਨੂੰ ਤੁਰਤ ਬੁਲਾਇਆ ਈ

## ਵਾਕ ਰਾਣੀ ਦਾ ਸ਼ਾਹੂਕਾਰ ਪ੍ਰਤਿ

ਰਾਣੀ ਆਖਦੀ ਏ ਸਾਹੂਕਾਰ ਤਾਈਂ ਕੋਈ ਸੁੱਖ ਜਹਾਨ ਤੇ ਪਾ ਲਵਾ ਮੈਂ
ਭਾਗਾ ਨਾਲ ਮਨੁੱਖ ਦਾ ਜਨਮ ਹੋਇਆ ਮੁਫਤ ਵਿਚ ਖ਼ਾਕ ਨਾ ਰੁਲਾ ਲਵਾਂ ਮੈਂ
ਕੋਈ ਰੋਜ਼ ਜਵਾਨੀ ਦਾ ਮੌਜ ਮੇਲਾ ਕੋਈ ਖ਼ੁਸ਼ੀ ਤੇ ਐਸ ਉਡਾ ਲਵਾਂ ਮੈਂ
ਮੇਰਾ ਚਿੱਤ ਏਹੋ ਗੱਲ ਚਾਹਵਦਾ ਹੈ ਤੁਹਾਡੇ ਨਾਲ ਸਾਦੀ ਕਰਵਾ ਲਵਾਂ ਮੈਂ
ਕਥਾ ਰੂਪ ਬਸੰਤ ਸੁਣਵਾ ਮੈਨੂੰ ਕੁਲ ਦਾ ਧਰਮ ਤਾਂ ਤੋੜ ਚੜ੍ਹਾ ਲਵਾਂ ਮੈਂ
ਮੇਰੇ ਮਾਪਿਆਂ ਦੀ ਇਹ ਰੀਤ ਹੈ ਜੀ ਕੁਲ ਦੀ ਲੀਕ ਕਿਸ ਲਈ ਗਵਾ ਲਵਾਂ ਮੈਂ
ਸੱਦੋ ਜੋਤਸੀ ਪੰਡਤਾ ਪਾਧਿਆਂ ਨੂੰ ਸੁਣ ਕੇ ਕਥਾ ਤੁਹਾਨੂੰ ਅੰਗ ਲਾ ਲਵਾਂ ਮੈਂ
ਕਰ ਕੇ ਵੇਦ ਅਨੁਸਾਰ ਬਿਹਾਰ ਸਾਰਾ ਤੇਰੀ ਇਸਤ੍ਰੀ ਅਜ ਸਦਵਾ ਲਵਾਂ ਮੈਂ
ਕਥਾ ਰੂਪ ਬਸੰਤ ਦੀ ਸੁਣਾ ਕੰਨੀ ਤੈਨੂੰ ਧਰਮ ਦਾ ਪਤੀ ਬਣਾ ਲਵਾਂ ਮੈਂ
ਤੇਰੇ ਨਾਲ ਦਰਗਹ ਦਾ ਮੇਲ ਮੇਰਾ ਲਿਖੇ ਲੇਖ ਨੂੰ ਕਿਵੇ ਮਿਟਾ ਲਵਾਂ ਮੈਂ
ਜਲਦੀ ਉਠ ਤੂੰ ਦੇਰ ਨਾ ਲਾ ਸਾਈ ਲੱਗੀ ਅੱਗ ਨੂੰ ਅਜ ਬੁਝਾ ਲਵਾਂ ਮੈਂ

ਦੌਲਤ ਰਾਮ ਰਾਣੀ ਦਿਲ ਵਿਚ ਆਖੇ ਤੇਰਾ ਜੱਗ ਤੋਂ ਤੁਖਮ ਉਠਾ ਲਵਾਂ ਮੈਂ

## ਸ਼ਾਹੂਕਾਰ ਦਾ ਰੂਪ ਦੇ ਪਾਸ ਜਾਣਾ ਕਥਾ ਵਾਸਤੇ

ਸ਼ਾਹੂਕਾਰ ਨੇ ਸੁਣੀ ਜਾਂ ਗੱਲ ਇਤਨੀ ਜਾਮੇ ਵਿਚ ਨਾ ਮੂਲ ਸਮਾਂਵਦਾ ਹੈ
ਮੇਰਾ ਕਥਾ ਤੇ ਖ਼ਰਚ ਕੀ ਹੋਵਣਾ ਏ ਦਿਲ ਦੇ ਨਾਲ ਦਲੀਲ ਠਹਿਰਾਂਵਦਾ ਹੈ
ਰਾਜੇ ਨਾਲ ਮੇਰੀ ਮੁਲਾਕਾਤ ਅੱਗੇ ਵਿਚ ਦਿਲ ਦੇ ਬਣਤ ਬਣਾਂਵਦਾ ਹੈ
ਉਡ ਜਾਂਵਦੀ ਅਕਲ ਤੇ ਹੋਸ਼ ਯਾਰੋ ਜਦੋਂ ਕਾਲ ਪ੍ਰਾਣੀ ਸੰਦਾ ਆਵਦਾ ਹੈ
ਸ਼ਾਹੂਕਾਰ ਦਿਲ ਦੇ ਵਿਚ ਸ਼ਾਦ ਹੋ ਕੇ ਬਾਦਸ਼ਾਹ ਦੇ ਮਿਲਣ ਨੂੰ ਜਾਂਵਦਾ ਹੈ
ਲੈ ਕੇ ਨਜ਼ਰ ਨਿਆਜ਼ ਤਾਫ਼ੀਕ ਮੂਜਬ ਜਾ ਕੇ ਰੂਪ ਨੂੰ ਸੀਸ ਨਿਵਾਂਵਦਾ ਹੈ
ਦੋਵੇਂ ਜੋੜ ਕੇ ਹੱਥ ਪ੍ਰਣਾਮ ਕੀਤੀ ਅੱਗੇ ਸ਼ਾਹ ਦੇ ਨਜ਼ਰ ਟਿਕਾਵਦਾ ਹੈ
ਸਾਹੂਕਾਰ ਨੂੰ ਰੂਪ ਪਛਾਣ ਲੀਤਾ ਆਦਰ ਨਾਲ ਉਸਨੂੰ ਬਠਲਾਵਦਾ ਹੈ
ਕਹੜੇ ਦੇਸ ਦੀ ਸੈਰ ਕਰ ਆਇਆ ਤੂੰ ਸਾਹੂਕਾਰ ਨੂੰ ਸਾਹ ਪੁਛਾਵਦਾ ਹੈ
ਕੋਈ ਬੰਦਗੀ ਟਹਿਲ ਫ਼ਰਮਾ ਸਾਨੂੰ ਬਾਦਸਾਹ ਇਹ ਗੱਲ ਅਲਾਂਵਦਾ ਹੈ
ਅੱਗੋਂ ਸੁਣ ਧਿਆਨ ਦੇ ਨਾਲ ਯਾਰੋ ਸਾਹੂਕਾਰ ਜੋ ਮਕਰ ਬਨਾਵਦਾ ਹੈ
ਪਾਸ ਰੂਪ ਦੇ ਇਕ ਸਵਾਲ ਕਰਦਾ ਹਥ ਜੋੜ ਕੇ ਵਾਸਤਾ ਪਾਵਦਾ ਹੈ
ਆਖੇ ਮੰਨ ਸਾਹ ਇਕ ਅਰਜ਼ ਮੇਰੀ ਵਾਰ ਵਾਰ ਪਰੀ ਹੱਥ ਲਾਵਦਾ ਹੈ
ਇਕ ਥੋੜ੍ਹੀ ਜਹੀ ਗੱਲ ਵਾਸਤੇ ਜੀ ਮੇਰਾ ਧਰਮ ਰਾਜਾ ਅਜ ਜਾਵਦਾ ਹੈ
ਆਖ ਇਹ ਸਾਡੀ ਕੁਲ ਦਾ ਧਰਮ ਹੈ ਜੀ ਭਲੀ ਤਰ੍ਹਾਂ ਦੇ ਨਾਲ ਸਮਝਾਵਦਾ ਹੈ
ਬਰਸ ਰੋਜ਼ ਪਿਛੇਂ ਅਸੀ ਵਰਤ ਰੱਖਦੇ ਸਾਡਾ ਪ੍ਰਣ ਭਗਵਾਨ ਨਿਭਾਵਦਾ ਹੈ
ਕਥਾ ਰੂਪ ਬਸੰਤ ਦੀ ਸੁਣੇ ਬਾਝੋਂ ਸਾਨੂੰ ਅੰਨ ਨਾ ਮੂਲ ਸੁਹਾਵਦਾ ਹੈ
ਏਹੋ ਪ੍ਰਣ ਰਾਜਾ ਮੇਰੀ ਇਸਤ੍ਰੀ ਦਾ ਸਾਡੇ ਧਰਮ ਨੂੰ ਰਬ ਤੁਲਾਵਦਾ ਹੈ
ਸਾਰੇ ਪੰਡਤਾਂ ਨੂੰ ਮੈਂ ਨੇ ਪੁੱਛ ਡਿਠਾ ਕੋਈ ਕਥਾ ਨਾ ਮੂਲ ਸੁਣਾਵਦਾ ਹੈ
ਏਸ ਵਾਸਤੇ ਮੈਂ ਤੇਰੀ ਸਰਨ ਆਇਆ ਧਰਮੀ ਕੁਲ ਦੀ ਆਸ ਪੁਜਾਵਦਾ ਹੈ
ਕਥਾ ਰੂਪ ਬਸੰਤ ਸੁਣਾਵਾਂ ਮੈਨੂੰ ਤੇਰਾ ਆਸਰਾ ਦਾਸ ਤਕਾਵਦਾ ਹੈ
ਸੁਣੀ ਰੂਪ ਨੇ ਇਤਨੀ ਗੱਲ ਯਾਰੋ ਅੱਖਾਂ ਵਿਚ ਪਾਣੀ ਭਰ ਆਵਦਾ ਹੈ
ਵੀਰ ਯਾਦ ਆਇਆ ਅੱਖਾਂ ਖੁਲ੍ਹ ਗਈਆਂ ਵਿਚੋ ਵਿਚ ਪਿਆ ਪਛੋਤਾਵਦਾ ਹੈ
ਬਲਦੀ ਅੱਗ ਉੱਤੇ ਪਿਆ ਤੇਲ ਆ ਕੇ ਵਿਚੋ ਵਿਚ ਉਹ ਜਿਗਰ ਜਲਾਵਦਾ ਹੈ
ਨੇਜ਼ਾ ਹਿਜਰ ਦਾ ਜਿਗਰ ਦੇ ਵਿਚ ਲਗਾ ਮੱਛੀ ਵਾਂਗ ਦਿਲ ਨੂੰ ਤੜਫਾਵਦਾ ਹੈ
ਦਿਲ ਨੂੰ ਮੋਹ ਬਸੰਤ ਦਾ ਆਣ ਲੱਗਾ ਮੂੰਹੋਂ ਰਾਮ ਦਾ ਨਾਮ ਧਿਆਵਦਾ ਹੈ
ਯਾਰੋ ਗੱਲ ਕੇਹੀ ਜਾਣੋ ਬਾਣ ਲਗਾ ਰੂਪ ਅਕਲ ਤੇ ਹੋਸ਼ ਭੁਲਾਂਵਦਾ ਹੈ
ਭਾਈ ਭਰਥ ਨੂੰ ਰਾਮ ਜੀ ਯਾਦ ਆਏ ਰੋਇ ਰੋਇ ਕੇ ਨੈਣ ਵਹਾਵਦਾ ਹੈ
ਛੇਕੜ ਸਬਰ ਕਰ ਕੇ ਮਨ ਮਾਰ ਬੈਠਾ ਸਾਹੂਕਾਰ ਦੀ ਧੀਰ ਧਰਾਵਦਾ ਹੈ

ਏਸ ਕਥਾ ਦੇ ਸੁਨਣ ਦੀ ਚਾਹ ਮੈਨੂੰ ਜੇਕਰ ਰੱਬ ਸਬੱਬ ਬਨਾਵਦਾ ਹੈ
ਤੈਨੂੰ ਕਥਾ ਮੈਂ ਅਜ ਸੁਣਵਾ ਦੇਸਾ ਜੇਕਰ ਮੇਲ ਭਗਵਾਨ ਮਿਲਾਵਦਾ ਹੈ
ਰੂਪ ਤੁਰਤ ਬੁਲਾਇਕੇ ਸੰਤਰੀ ਨੂੰ ਡੌਂਡੀ ਸ਼ਹਿਰ ਦੇ ਵਿਚ ਪਿਟਵਾਵਦਾ ਹੈ
ਦੌਲਤ ਰਾਮ ਧਿਆਨ ਕਰਕੇ ਸੁਣੋ ਅੱਗੇ ਸਾਹੂਕਾਰ ਹੁਣ ਜਿੰਦ ਗਵਾਂਵਦਾ ਹੈ

## ਬਸੰਤ ਨੇ ਮਾਲੀ ਕੋ ਸਿੱਖਿਆ ਦੇਵਣੀ ਔਰ ਮਾਲੀ ਨੇ ਸਭਾ ਵਿਚ ਜਾ ਕੇ ਆਖਣਾ ਕਿ ਮੇਰੀ ਲੜਕੀ ਇਹ ਕਥਾ ਜਾਣਦੀ ਹੈ

ਹੋਈ ਖ਼ਬਰ ਬਸੰਤ ਨੂੰ ਵਕਤ ਓਸ ਡੌਂਡੀ ਰੂਪ ਨੇ ਜਦੋਂ ਪਿੱਟਵਾ ਦਿੱਤੀ
ਓਸ ਵਕਤ ਮਾਲੀ ਤਾਈ ਆਖਦਾ ਏ ਮੇਰੀ ਰੱਬ ਨੇ ਆਸ ਪੁਜਾ ਦਿੱਤੀ
ਜੇਹੜੀ ਗੱਲ ਮੇਰਾ ਚਿੱਤ ਲੋਚਦਾ ਸੀ ਸੋਈ ਬਣਤ ਭਗਵਾਨ ਬਣਾ ਦਿੱਤੀ
ਜਾ ਕੇ ਆਖ ਤੂੰ ਰਾਜੇ ਨੂੰ ਗੱਲ ਇਤਨੀ ਬਾਗਵਾਨ ਨੂੰ ਕੰਵਰ ਰਜ਼ਾ ਦਿੱਤੀ
ਆਖੀ ਧੀ ਮੇਰੀ ਕਥਾ ਜਾਣਦੀ ਹੈ ਇਤਨੀ ਅਕਲ ਬਸੰਤ ਸਿਖਲਾ ਦਿੱਤੀ
ਮਾਲੀ ਉਠ ਕੇ ਝੱਟ ਹਵਾਨ ਹੋਯਾ ਵਿਚ ਸਭਾ ਦੇ ਖਬਰ ਪਹੁੰਚਾ ਦਿੱਤੀ
ਬੇਟੀ ਮੁਝ ਦੀ ਕਥਾ ਇਹ ਜਾਣਦੀ ਏ ਅੱਗ ਰੂਪ ਦੇ ਅਰਜ ਸੁਣਾ ਦਿੱਤੀ
ਸੁਣ ਕੇ ਗੱਲ ਇਹ ਰੂਪ ਅਨੰਦ ਹੋਇਆ ਆਖ ਰੱਬ ਨੇ ਬਿਧੀ ਮਿਲਾ ਦਿੱਤੀ
ਸਭਾ ਵਿਚ ਲੇ ਆ ਆਪਣੀ ਪੁੱਤਰੀ ਨੂੰ ਰਾਜੇ ਮਾਲੀ ਨੂੰ ਆਗਯਾ ਚਾ ਦਿੱਤੀ
ਕੀਤੀ ਦੇਰ ਨਾ ਰੂਪ ਨੇ ਇਕ ਰੱਤੀ ਸਭਾ ਵਿਚ ਕਨਾਤ ਲਗਾ ਦਿੱਤੀ
ਸਾਹੂਕਾਰ ਨੂੰ ਆਖਦਾ ਜਾਹ ਛੇਤੀ ਤੇਰੀ ਰੱਬ ਨੇ ਆਸ ਪੁਜਾ ਦਿੱਤੀ
ਸਾਹੂਕਾਰ ਨੇ ਆਣ ਕੇ ਵਕਤ ਓਸ ਤਿਆਰੀ ਰਾਣੀ ਦੀ ਤੁਰਤ ਕਰਵਾ ਦਿੱਤੀ
ਓਧਰ ਮਾਲੀ ਨੇ ਕੰਵਰ ਬਸੰਤ ਤਾਈ ਸਾਰੀ ਸਭਾ ਦੀ ਗੱਲ ਜਤਾ ਦਿੱਤੀ
ਸਾਹੂਕਾਰ, ਬਸੰਤ ਤੇ ਰੂਪ ਰਾਣੀ ਖ਼ਾਸੇ ਚਹੁੰਆਂ ਨੂੰ ਰੱਬ ਨੇ ਆ ਦਿੱਤੀ
ਦੌਲਤ ਰਾਮ ਹੁਣ ਸੁਣੋ ਖਿਆਲ ਕਰਕੇ ਜੇਹੜੀ ਖੇਲ ਭਗਵਾਨ ਰਚਾ ਦਿੱਤੀ

## ਬਸੰਤ ਨੇ ਜ਼ਨਾਨੀ ਦਾ ਭੇਸ ਧਾਰ ਕੇ ਰੂਪ ਦੀ ਸਭਾ ਵਿਚ ਜਾਵਣਾ ਕਥਾ ਸੁਨਾਣ ਵਾਸਤੇ ਔਰ ਸ਼ਾਹੂਕਾਰ ਤੇ ਰਾਣੀ ਚੰਦਰਬਦਨ ਨੇ ਜਾਵਣ ਸਭਾ ਮੇਂ

ਕਥਾ ਸੁਨਣ ਚੱਲੀ ਚੰਦਰਬਦਨ ਰਾਣੀ ਸੁੰਦਰ ਸਗਨ ਹੋਏ ਵਾਰੋ ਵਾਰ ਲੋਕੋ
ਬ੍ਰਾਹਮਣ ਮਿਲਨੀ ਨੂੰ ਜਾਂਦਿਆ ਵੇਦ ਪਾਠੀ ਮੱਥ ਤਿਲਕ ਲਗਾ ਚੰਦਨਸਾਰ ਲੋਕੋ
ਹੋਇਆ ਦਰਸ ਕੁਆਰੀਆ ਕੰਨਿਆ ਦਾ ਜਾਣੋ ਦਵੀਆ ਦਾ ਅਵਤਾਰ ਲੋਕੋ
ਘੜੇ ਪਾਣੀ ਦੇ ਭਰੇ ਸੁਹਾਗਣਾ ਨੇ ਲਾਇਆ ਸੋਹਣਾ ਹਾਰ ਸ਼ਿੰਗਾਰ ਲੋਕੋ
ਜਾਂਦਿਆ ਸੀਸ ਤੇ ਦਹੀ ਗੁਆਲਣਾ ਨੇ ਆਈਆ ਵੇਚਣ ਵਿਚ ਬਜਾਰ ਲੋਕੋ
ਦੀਨਾ ਨਾਥ ਭਗਵਾਨ ਜੇ ਕਰ ਕਿਰਪਾ ਸਭੇ ਹੋਵਦੇ ਨੇਕ ਇਸਾਰ ਲੋਕੋ
ਚਾਲੋ ਚਾਲ ਰਾਣੀ ਸੰਦਰ ਸਗਨ ਲੇ ਕੇ ਪਹੁੰਚੀ ਰੂਪ ਦੇ ਵਿਚ ਦਰਬਾਰ ਲੋਕੋ

ਓਧਰ ਕੁੰਵਰ ਬਸੰਤ ਨੇ ਕਰੀ ਤਿਆਰੀ ਲਿਆ ਭੇਸ ਜ਼ਨਾਨੀ ਦਾ ਧਾਰ ਲੋਕੋ
ਇਸੇ ਤਰ੍ਹਾਂ ਓਸਨੂੰ ਸ਼ਗਨ ਹੋਏ ਪਹੁੰਚਾ ਆਣ ਕੇ ਸਭਾ ਮਝਾਰ ਲੋਕੋ
ਰਾਣੀ ਵਿਚ ਕਨਾਤ ਦੇ ਆਣ ਬੈਠੀ ਬੈਠਾ ਕੋਲ ਬਸੰਤ ਕੁਮਾਰ ਲੋਕੋ
ਚੰਦਰਬਦਨ ਨੇ ਪਤੀ ਪਛਾਣ ਲੀਤਾ ਅੰਪਰ ਬੈਠ ਰਹੀ ਮਨ ਮਾਰ ਲੋਕੋ
ਮੁਨਸੀ ਹੋਰ ਦੀਵਾਨ ਵਜ਼ੀਰ ਬੈਠ ਬੈਠਾ ਰੂਪ ਦੇ ਕੋਲ ਸ਼ਾਹੂਕਾਰ ਲੋਕੋ
ਕੋਤਵਾਲ ਭੀ ਸਭਾ ਦੇ ਵਿਚ ਬੈਠਾ ਉਸਦੇ ਨਾਲ ਹੰਸੀ ਚੌਕੀਦਾਰ ਲੋਕੋ
ਕਥਾ ਰੂਪ ਬਸੰਤ ਦੀ ਆਖ ਬੀਬੀ ਕੀਤੀ ਰੂਪ ਨੇ ਇਹ ਪੁਚਾਰ ਲੋਕੋ
ਦੌਲਤ ਰਾਮ ਹੁਣ ਸੁਣੋ ਪ੍ਰੀਤ ਲਾ ਕੇ ਮਾਲਣ ਰਹੀ ਏ ਕਥਾ ਉਚਾਰ ਲੋਕੋ

## ਕਥਾ ਸ਼ੁਰੂ ਹੋਈ—ਦਵੈੱਯਾ ਛੰਦ

ਮਾਲਣ ਕਹੇ ਰੂਪ ਕੇ ਤਾਈਂ ਸੁਣੋ ਬਾਦਸਾਹ ਮੇਰੇ
ਕਥਾ ਬਸੰਤ ਰੂਪ ਦੀ ਸਾਰੀ ਕਹਾ ਪਾਸ ਮੈਂ ਤੇਰੇ
ਸੰਗਲਦੀਪ ਦੇ ਵਿਚ ਵਸਦਾ ਖੜਗਸ਼ੈਨ ਇਕ ਰਾਜਾ
ਰੂਪ ਬਸੰਤ ਪੁੱਤਰ ਦੋ ਉਸਦੇ ਸੁਣੋ ਗਰੀਬ ਨਿਵਾਜਾ
ਚੰਦ੍ਰਬੰਸ ਅਰ ਬਰਣ ਛੱਤਰੀ ਕਹਾ ਹਕੀਕਤ ਸਾਰੀ
ਪਾਰਬਤੀ ਸਮ ਸੱਤਿਆ ਵਾਲੀ ਖੜਗਸੈਨ ਦੀ ਨਾਰੀ
ਰੁਪਵਤੀ ਨਾ ਸੀ ਓਸਦਾ ਸੁਣੋ ਭੂਪ ਬਲਵੰਤਾ
ਉਸਦ ਪੇਟ ਪੈਦਾ ਹੋਇ ਦੋਵੇ ਰੂਪ ਬਸੰਤਾ
ਯਾਰਾ ਬਰਸ ਬਸੰਤ ਉਮਰ ਦਾ ਤੇਰਾ ਰੂਪ ਭਰਾਤਾ
ਰੂਪਾਵਤੀ ਕਾਲ ਵੱਸ ਹੋਈ ਉਨ੍ਹਾਂ ਦੋਹਾ ਦੀ ਮਾਤਾ
ਰੁਪਾਵਤੀ ਨਾਰੀ ਸੀ ਰਾਜਾ ਖੜਗਸੈਨ ਨੂੰ ਪਿਆਰੀ
ਸੁਰਗਵਾਸ ਜਦ ਹੋਈ ਰਾਣੀ ਰੋਵੇ ਸਭ ਨਰ ਨਾਰੀ
ਰੂਪ ਬਸੰਤ ਮਾਰਦੇ ਢਾਹਾਂ ਮਰੀ ਜਿਨ੍ਹਾ ਦੀ ਮਾਈ
ਖੜਗਸੈਨ ਰੋਵੇ ਨਿਸ ਬਾਸਰ ਸੁੱਧ ਸਭ ਬਿਸਰਾਈ
ਲੱਗੀ ਸਾਗ ਸੋਗ ਦੀ ਦਿਲ ਵਿਚ ਹਰਦਮ ਰਾਜਾ ਰੋਵੇ
ਨੀਦ ਅਰਾਮ ਹਰਾਮ ਹੋ ਗਿਆ ਆਠੋ ਜਾਮ ਨਾ ਸੋਵੇ
ਰਾਜ ਭਾਗ ਦੀ ਖ਼ਬਰ ਨਾ ਕੋਈ ਹਰਦਮ ਰਹੇ ਉਦਾਸੀ
ਹਰਦਮ ਰਾਣੀ ਰਾਣੀ ਕਰਦਾ ਪਈ ਸੋਗ ਦੀ ਫਾਸੀ
ਇਸੀ ਫਿਕਰ ਵਿਚ ਖੜਗਸੈਨ ਨੇ ਆਪਣਾ ਆਪ ਗਵਾਇਆ
ਛੇਕੜ ਰਲ ਕੇ ਮੀਰ ਵਜੀਰਾ ਰਾਜੇ ਨੂੰ ਸਮਝਾਇਆ
ਦਿੱਤਾ ਗਿਆਨ ਵਜ਼ੀਰ ਦੀਵਾਨਾ ਹੋਈ ਫੇਰ ਆਬਾਦੀ
ਖੜਗਸੈਨ ਨੇ ਕਹੇ ਓਨਾਂ ਦੇ ਹੋਰ ਕਰਾ ਲਈ ਸਾਦੀ

ਇੰਦਰਸੈਨ ਇਕ ਵਰਣ ਛੱਤਰੀ ਸੰਗਲਦੀਪ ਦਾ ਆਹੀ
ਉਸ ਦੀ ਲੜਕੀ ਖੜਗਸੈਨ ਨੇ ਦੂਜੀ ਵਾਰ ਵਿਆਹੀ
ਚੰਦ੍ਰਵਤੀ ਸੀ ਨਾਮ ਓਸ ਦਾ ਸੁਣ ਰਾਜਾ ਮਨ ਲਾ ਕੇ
ਕਥਾ ਰੂਪ ਬਸੰਤ ਦੀ ਸਾਰੀ ਕਹਾ ਤੁਝੇ ਸਮਝਾ ਕੇ
ਇਕ ਦਿਨ ਰੂਪ ਬਸੰਤ ਦੋਵੇਂ ਉਠ ਕਰ ਗ੍ਰਹਿ ਸਿਧਾਏ
ਚੰਦ੍ਰਵਤੀ ਦੇ ਮਹਲ ਹੇਠ ਓਹ ਗੇਂਦ ਖੇਡਦੇ ਆਏ
ਗੇਂਦ ਖੇਲਦੇ ਦੋਵੇਂ ਭਾਈ ਲੜਕੇ ਸੰਗ ਮਿਲਾ ਕੇ
ਅਚਨਚੇਤ ਗੇਂਦ ਉਨ੍ਹਾਂ ਦੀ ਗਿਰੀ ਮਹੱਲ ਵਿਚ ਜਾ ਕੇ
ਗੇਂਦ ਲੈਣ ਨੂੰ ਕੁੰਵਰ ਬਸੰਤਾ ਉਸੀ ਵਕਤ ਉਠ ਧਾਇਆ
ਚੰਦ੍ਰਵਤੀ ਮਾਤਾ ਉਸਨੇ ਜਾ ਕਰ ਸੀਸ ਨਿਵਾਇਆ
ਦੇਖੀ ਸ਼ਕਲ ਬਸੰਤ ਕੁੰਵਰ ਦੀ ਰਾਣੀ ਹੋਈ ਦਿਵਾਨੀ
ਕੁੰਵਰ ਓਸਨੂੰ ਮਾਈ ਆਖੇ ਉਹ ਆਖੇ ਦਿਲ ਜਾਨੀ
ਨਾਲ ਖ਼ਿਆਲ ਦੇ ਸਮਝੀਂ ਰਾਜਾ ਆਖਾਂ ਕੁਲ ਕਹਾਣੀ
ਸੱਕੇ ਪੁਤ੍ਰ ਪਰ ਧਰਮ ਗਵਾ ਕੇ ਬੈਠ ਗਈ ਉਹ ਰਾਣੀ
ਮਾਤਾ ਭੋਗ ਪੁੱਤਰ ਸੰਗ ਚਾਹੇ ਪਾਇਆ ਜਗਤ ਅੰਧੇਰਾ
ਦੋਸ ਕਿਸੇ ਨੂੰ ਕੁਝ ਨਹੀਂ ਰਾਜਾ ਕਲਜੁਗ ਪਾਇਆ ਫੇਰਾ
ਰਾਣੀ ਕਹੇ ਬਸੰਤ ਕੁੰਵਰ ਨੂੰ ਬੈਠ ਪਲੰਘ ਪਰ ਆ ਕੇ
ਨੱਸਾ ਕੁੰਵਰ ਬਸੰਤ ਮਹੱਲ 'ਚੋਂ ਖ਼ੌਫ ਧਰਮ ਦਾ ਖਾ ਕੇ
ਕੁੰਵਰ ਬਸੰਤੇ ਨੱਸੇ ਜਾਂਦੇ ਨੂੰ ਰਾਣੀ ਬਚਨ ਸੁਣਾਇਆ
ਦਿਲ ਵਿਚ ਕਰ ਲੈ ਫਿਕਰ ਪਿਆਰੇ ਕਾਲ ਤੇਰਾ ਹੁਣ ਆਇਆ
ਇਹ ਗੱਲ ਸੁਣ ਕੇ ਕੁੰਵਰ ਬਸੰਤਾ ਪਾਸ ਰੂਪ ਦੇ ਆਇਆ
ਪਾਸ ਰੂਪ ਦੇ ਆ ਕੇ ਉਸ ਨੇ ਰੋ ਰੋ ਹਾਲ ਸੁਣਾਇਆ
ਚੰਦਰਵਤੀ ਦੇ ਪਾਸ ਰਾਤ ਨੂੰ ਖੜਗਸੈਨ ਜਦ ਆਇਆ
ਕੂੜ ਬੋਲ ਕੇ ਉਸ ਪਾਪਨ ਨੇ ਰਾਜੇ ਨੂੰ ਸਿਖਲਾਇਆ
ਕਰਕੇ ਮਕਰ ਫਰੇਬ ਓਸ ਨੇ ਕੂੜੀ ਤੋਹਮਤ ਲਾਈ
ਰਾਣੀ ਕਹੇ ਪੁੱਤਰ ਤੇਰੇ ਨੇ ਮੇਰੀ ਸ਼ਰਮ ਗਵਾਈ
ਇਹ ਗੱਲ ਸੁਣ ਕੇ ਖੜਗਸੈਨ ਦੇ ਲੱਗੀ ਜਿਗਰ ਕਟਾਰੀ
ਮੱਛੀ ਵਾਂਗ ਤੜਫ ਕੇ ਉਸ ਨੇ ਰਾਤ ਗੁਜ਼ਾਰੀ ਸਾਰੀ
ਬੀਤੀ ਰੈਣ ਚੈਨ ਦੇ ਬਾਝੋਂ ਅੰਮ੍ਰਿਤ ਵੇਲਾ ਹੋਇਆ
ਨਾਲ ਗੁੱਸੇ ਦੇ ਭਰਿਆ ਰਾਜਾ ਪਲੰਘੋਂ ਉੱਠ ਖਲੋਇਆ
ਓਸੇ ਵਕਤ ਸਭਾ ਵਿਚ ਆਇਆ ਦੇਰ ਨਾ ਕੀਤੀ ਰਾਈ
ਚੋਬਦਾਰ ਨੂੰ ਘੱਲ ਭੂਪ ਨੇ ਤੁਰਤ ਕਚਹਿਰੀ ਲਾਈ

ਸੁਣਿਆ ਹੁਕਮ ਵਜ਼ੀਰ ਅਮੀਰਾ ਉਸੀ ਵਕਤ ਉਠ ਧਾਏ
ਥਰਹਰ ਥਰਹਰ ਕੰਬਦੇ ਕੰਬੇਂਦ ਵਿਚ ਕਚੈਹਰੀ ਆਏ
ਡਿੱਠਾ ਸ਼ਾਹ ਗ਼ਜ਼ਬ ਦਾ ਭਰਿਆ ਮੱਥੇ ਤਿਊੜੀਆਂ ਪਾਈਆਂ
ਡਰਦਾ ਕੋਈ ਗੱਲ ਨਾ ਕਰਦਾ ਭੁੱਲ ਗਈਆਂ ਚਤੁਰਾਈਆਂ
ਚੋਬਦਾਰ ਨੂੰ ਕਹਿਆ ਭੂਪ ਨੇ ਦੇਰ ਨਾ ਹਰਗਿਜ਼ ਲਾਓ
ਰੂਪ ਬਸੰਤ ਦੁਆ ਕੁੰਵਰਾ ਨੂੰ ਜਲਦੀ ਸੱਦ ਲਿਆਓ
ਦਿੱਤਾ ਹੁਕਮ ਸਖ਼ਤ ਰਾਜੇ ਨੇ ਚੋਬਦਾਰ ਉਠ ਧਾਏ
ਓਸੇ ਵਕਤ ਬਸੰਤ ਰੂਪ ਨੂੰ ਵਿਚ ਦਰਬਾਰ ਲਿਆਏ
ਵਿਚ ਦਰਬਾਰ ਦੇ ਦੋਹਾ ਕੁੰਵਰਾਂ ਨੇ ਜਾ ਕਰ ਸੀਸ ਨਿਵਾਇਆ
ਦੇਖ ਬਸੰਤ ਕੁੰਵਰ ਦੀ ਤਰਫ਼ੋਂ ਕ੍ਰੋਧ ਭੂਪ ਨੂੰ ਆਇਆ
ਬਾਹ ਬਸੰਤ ਕੁੰਵਰ ਦੀ ਫੜ ਕੇ ਰਾਜੇ ਕੋਲ ਬਿਠਾਇਆ
ਮਾਰ ਮਾਰ ਕੇ ਬੈਂਤਾ ਉਸ ਦਾ ਹੋਸ ਹਵਾਸ ਭੁਲਾਇਆ
ਰਤੀ ਸੁਰਤ ਨਾ ਰਹੀ ਕੁੰਵਰ ਨੂੰ ਪਿਆ ਮੂਰਛਾ ਖਾ ਕ
ਓਸੇ ਵੇਲੇ ਕੁੰਵਰ ਰੂਪ ਨੇ ਕਰੀ ਬੇਨਤੀ ਆ ਕੇ
ਅਰਜ਼ਾ ਬਹੁਤ ਰੂਪ ਨੇ ਕਰੀਆਂ ਰਾਜਾ ਸੋਚ ਨਾ ਕਰਦਾ
ਮੀਰ ਵਜ਼ੀਰ ਬੇਨਤੀ ਕਰਦੇ ਹਰਗਿਜ ਚਿੱਤ ਨਾ ਧਰਦਾ
ਾ ਕੋਈ ਜਾ ਕੇ ਖੜਗਸੈਨ ਨੂੰ ਬਾਤ ਅਕਲ ਦੀ ਆਖੇ
ਓਸੇ ਨੂੰ ਓਹ ਕਤਲ ਕਰਨ ਦਾ ਸੁਖ਼ਨ ਜਬਾਨੋਂ ਭਾਖੇ
ਮਾਰੀ ਅਕਲ ਭੂਪ ਦੀ ਆ ਕੇ ਦੇਖ ਹੋਣੀ ਦੇ ਚਾਲੇ
ਅਪਣੇ ਹੱਥੀ ਆਪਣਾ ਬੇਟਾ ਕੀਤਾ ਮੌਤ ਹਵਾਲੇ
ਰਾਜੇ ਸੱਦ ਜਲਾਦਾਂ ਤਾਈਂ ਏਹੋ ਹੁਕਮ ਚੜ੍ਹਾਇਆ
ਸੂਲੀ ਚਾਹੜੋ ਏਸ ਦੁਸਟ ਨੂੰ ਤਰਸ ਜ਼ਰਾ ਨਾ ਆਇਆ
ਕੁੰਵਰ ਬਸੰਤ ਰੋਂਵਦਾ ਬੈਠਾ ਪੇਸ਼ ਨਾ ਕੋਈ ਜਾਵੇ
ਕੁਲ ਮੁਲਾਜ਼ਮ ਅਰਜਾ ਕਰਦੇ ਰਾਜਾ ਰਹਿਮ ਨਾ ਖਾਵੇ
ਦੂਜੀ ਵਾਰ ਜਲਾਦਾ ਤਾਈਂ ਕਰੀ ਭੂਪ ਤਕੜਾਈ
ਬੇੜੀ ਪਾ ਲਈ ਬੇਦਰਦਾ ਨੇ ਦੇਰ ਰਤਾ ਨਾ ਲਾਈ
ਛੇਕੜ ਸ਼ਹਿਰੋ ਬਾਹਰ ਜਾਇ ਕੇ ਦੇਵਣ ਲੱਗੇ ਸੂਲੀ
ਧਰਮ ਵਾਸਤੇ ਕੁੰਵਰ ਬਸੰਤੇ ਸੂਲੀ ਸੀਸ ਕਬੂਲੀ
ਆਖ਼ਰ ਰਾਜੇ ਖੜਗਸੈਨ ਨੇ ਸੂਲੀ ਚਾ ਗਡਵਾਈ
ਟੋਟੇ ਚਾਰ ਹੋਈ ਟੁੱਟ ਸੂਲੀ ਹੋਇਆ ਧਰਮ ਸਹਾਈ
ਦੂਜੀ ਵਾਰ ਗੱਡੀ ਫਿਰ ਸੂਲੀ ਰਾਜੇ ਤਰਸ ਨਾ ਕੀਤਾ
ਕੁੰਵਰ ਬਸੰਤੇ ਇਕਮਨ ਹੋ ਕੇ ਨਾਮ ਰਾਮ ਦਾ ਲੀਤਾ

ਜਦੋਂ ਜਲਾਦ ਬਸੰਤ ਕੁੰਵਰ ਨੂੰ ਸੂਲੀ ਪਾਸ ਲਿਆਏ
ਓਸੇ ਵਕਤ ਰੂਪ ਦੇ ਰਾਜਾ ਨੈਣ ਨੀਰ ਭਰ ਆਏ
ਆਖੇ ਰੂਪ ਜਲਾਦਾਂ ਤਾਈਂ ਮੇਰਾ ਸੀਸ ਉਤਾਰੋ
ਪਹਿਲਾ ਜਾਨ ਮੁਕਾਓ ਮੇਰੀ ਫੇਰ ਵੀਰ ਨੂੰ ਮਾਰੋ
ਫੜ ਕੇ ਬਾਂਹ ਜਲਾਦਾਂ ਸੰਦੀ ਸ਼ੋਰ ਰੂਪ ਨੇ ਪਾਇਆ
ਆ ਕੇ ਕੁਲ ਸ਼ਹਿਰ ਨੇ ਰਾਜਾ ਖੜਗਸੈਨ ਸਮਝਾਇਆ
ਕਰੀ ਕੁੰਵਰ ਦੀ ਰੱਛਿਆ ਹਰਿ ਨੇ ਦਇਆ ਭੂਪ ਨੂੰ ਆਈ
ਬਨੋਬਾਸ ਦਾ ਹੁਕਮ ਚੜ੍ਹਾਇਆ ਹੋਇਆ ਰਾਮ ਸਹਾਈ
ਧਰਮ ਚੰਦ ਤੋਂ ਘੋੜੇ ਲੈ ਕੇ ਕਰ ਲਈ ਤੁਰਤ ਤਿਆਰੀ
ਕੌਣ ਉਨ੍ਹਾਂ ਨੂੰ ਮਾਰੇ ਰਾਜਾ ਜਿਨ ਕੇ ਮੀਤ ਮੁਰਾਰੀ
ਬਨੋਬਾਸ ਨੂੰ ਰੂਪ ਬਸੰਤਾ ਤੁਰ ਪਏ ਦੋਵੇਂ ਰਲ ਕੇ
ਇਤਨੀ ਕਥਾ ਕਹੀ ਅਜ ਰਾਜਾ ਹੋਰ ਕਹੂੰਗੀ ਭਲਕੇ
ਜਦ ਮਾਲਣ ਨੇ ਨਾਮ ਭਲਕ ਦਾ ਮੂੰਹੋਂ ਆਖ ਸੁਣਾਇਆ
ਓਸੇ ਵਕਤ ਰੂਪ ਨੇ ਯਾਰੋ ਨੈਣ ਨੀਰ ਭਰ ਆਇਆ
ਓਸੇ ਵਕਤ ਖ਼ਜ਼ਾਨੇ ਵਿੱਚ ਤੋੜਾ ਇਕ ਮੰਗਵਾਇਆ
ਆਪਣੇ ਹੱਥੀਂ ਆਪ ਰੂਪ ਨੇ ਮਾਲਣ ਨੂੰ ਪਕੜਾਇਆ
ਇਕ ਹਜ਼ਾਰ ਰੁਪਿਆ ਬਖ਼ਸ਼ਸ਼ ਦਾ ਪਾਸ ਤੇਰੇ ਮੈਂ ਧਰਿਆ
ਅਗਲੀ ਕਥਾ ਆਖ ਹੁਣ ਬੀਬੀ ਹੁਕਮ ਰੂਪ ਨੇ ਕਰਿਆ
ਓਸੇ ਵੇਲੇ ਕੁੰਵਰ ਬਸੰਤੇ ਮਾਲੀ ਨੂੰ ਸਦਵਾ ਕੇ
ਤੋੜਾ ਦਸਤ ਫੜਾਇਆ ਉਸ ਦੇ ਆਪ ਕੁੰਵਰ ਨੇ ਜਾ ਕੇ
ਸੋਮ ਦੱਤ ਮਾਲੀ ਨੇ ਯਾਰੋ ਲੱਖ ਲੱਖ ਖੁਸ਼ੀ ਗੁਜ਼ਾਰੀ
ਓਸੇ ਵਕਤ ਬਸੰਤ ਕੁੰਵਰ ਨੇ ਕਰੀ ਕਥਾ ਦੀ ਤਿਆਰੀ
ਮਾਲਣ ਕਹੇ ਧਿਆਨ ਕਰ ਰਾਜਾ ਮੈਂ ਤੈਨੂੰ ਸਮਝਾਵਾਂ
ਬਨੋਬਾਸ ਦਾ ਹਾਲ ਤੁਝੇ ਮੈ ਸਾਰਾ ਆਖ ਸੁਣਾਵਾਂ
ਜੋ ਜੋ ਕਸ਼ਟ ਬਸੰਤ ਰੂਪ ਨੇ ਬਨੋਬਾਸ ਵਿਚ ਪਾਏ
ਸਾਰੇ ਕਸ਼ਟ ਉਨ੍ਹਾਂ ਦੇ ਮੈਥੋਂ ਜਾਂਦੇ ਨਹੀਂ ਸੁਣਾਏ
ਪੰਝੀ ਕੋਸ ਮੰਜ਼ਲ ਨਿੱਤ ਕਰ ਕੇ ਵਿਚ ਬਾਰ ਦੇ ਆਏ
ਕੋਮਲ ਬਦਨ ਦੂਹਾਂ ਕੁੰਵਰਾਂ ਦੇ ਪੁਸ਼ਪ ਵਾਂਗ ਕੁਮਲਾਏ
ਬੰਦਾ ਕੋਈ ਨਜ਼ਰ ਨਾ ਆਵੇ ਫ਼ਿਰਦੇ ਵਿਚ ਉਜਾੜਾਂ
ਬੀਸ ਰੋਜ਼ ਦੇ ਬਾਦ ਨ੍ਰਿੱਪ ਉਹ ਆਏ ਬੀਚ ਪਹਾੜਾਂ
ਬੀਚ ਪਹਾੜ ਦੂਹਾਂ ਕੁੰਵਰਾਂ ਨੇ ਦਰਸ ਰਿਖੀ ਦੇ ਪਾਏ
ਰਾਤ ਰਿਖੀ ਦੇ ਪਾਸ ਗੁਜ਼ਾਰੀ ਸੁਬ੍ਹਾ ਵਕਤ ਉਠ ਧਾਏ

ਬਾਰ੍ਹਾਂ ਕੋਸ ਮੰਜ਼ਲ ਨਿਤ ਕਰਦੇ ਖੜਗਸੈਨ ਦੇ ਜਾਏ
ਮਤਲਬ ਬਰਸ ਦੇ ਅੰਦਰ ਦੇਸ ਮਿਸਰ ਵਿਚ ਆਏ
ਠਾਰਾਂ ਕੋਸ ਮਿਸਰ ਦੇ ਸ਼ਹਿਰੋਂ ਰਾਤ ਉਨ੍ਹਾਂ ਨੂੰ ਆਈ
ਇਕ ਪਿੱਪਲ ਦੇ ਹੇਠ ਦੋਹਾਂ ਨੇ ਆਸਣ ਦੀਏ ਲਗਾਈ
ਚਾਰ ਚੁਫੇਰੇ ਉਜਾੜ ਦਿਸੀਵੇ ਰਾਤ ਅੰਧੇਰੀ ਛਾਈ
ਕੁੰਵਰ ਬਸੰਤ ਦੇਵਦਾ ਪਹਿਰਾ ਦਿਲ ਵਿਚ ਫ਼ਿਕਰ ਨਾ ਕਾਈ
ਸਵਾ ਪਹਿਰ ਦੇ ਤੜਕੇ ਉਸਨੇ ਭਾਈ ਰੂਪ ਜਗਾਇਆ
ਅੱਗੋ ਹਾਲ ਸੁਣੋ ਅਬ ਰਾਜਾ ਜੋ ਰੱਬ ਖੇਲ ਰਚਾਇਆ
ਆਏ ਰੋਜ਼ ਜੁਦਾਈ ਵਾਲੇ ਭਾਵੀ ਹਰਿ ਵਰਤਾਈ
ਸਵਾ ਪਹਿਰ ਦੇ ਤੜਕੇ ਸ਼ਾਹਾ ਨੀਂਦ ਦੁਹਾਂ ਨੂੰ ਆਈ
ਜ਼ਹਿਰੀਲਾ ਸਰਪ ਰਹੇ ਇਕ ਉੱਥੇ ਰੰਗ ਸੁਨੈਹਰੀ ਆਹਾ
ਸੁੱਤੇ ਪਏ ਬਸੰਤ ਕੁੰਵਰ ਦੇ ਸਾਸ ਖਿੱਚੇ ਉਸ ਸ਼ਾਹਾ
ਕੁੰਵਰ ਬਸੰਤ ਮ੍ਰਿਤ ਹੋ ਗਿਆ ਰਹਿ ਗਿਆ ਰੂਪ ਅਕੇਲਾ
ਰੂਪ ਜਗਾਵੇ ਬੀਰਨ ਤਾਈਂ ਹੋਇਆ ਅੰਮ੍ਰਿਤ ਵੇਲਾ
ਰੂਪ ਕੁੰਵਰ ਨੂੰ ਲਗਾ ਜਗਾਵਣ ਪਾਸ ਓਸਦੇ ਜਾ ਕੇ
ਮ੍ਰਿਤਕ ਲੋਥ ਨਜ਼ਰ ਜਦ ਆਈ ਬੈਠਾ ਹੋਸ਼ ਭੁਲਾ ਕੇ
ਬੈਠਾ ਰੂਪ ਲੋਥ ਦੇ ਕੋਲੇ ਰੋ ਰੋ ਨੈਣ ਵਹਾਏ
ਏਸੇ ਤਰ੍ਹਾਂ ਲੇਖ ਸੀ ਉਸਦਾ ਭਾਣਾ ਕੌਣ ਮਿਟਾਵੇ
ਛੱਕੜ ਰੂਪ ਕਫਨ ਦੀ ਖ਼ਾਤਰ ਸ਼ਹਿਰ ਮਿਸਰ ਨੂੰ ਧਾਇਆ
ਜਾਗੇ ਭਾਗ ਰੂਪ ਦੇ ਉਸ ਨੇ ਰਾਜ ਮਿਸਰ ਦਾ ਪਾਇਆ
ਉਸਨੂੰ ਤਖ਼ਤ ਮਿਸਰ ਦਾ ਮਿਲਿਆ ਦਿਆਲ ਭਏ ਭਗਵੰਤਾ
ਰੂਪ ਮਿਸਰ ਦਾ ਰਾਜ ਕਮਾ ਕੇ ਬਨ ਵਿਚ ਪਿਆ ਬਸੰਤਾ
ਮੰਗਲ ਨਾਥ ਸਿੱਧ ਇਕ ਜੋਗੀ ਸਾਚਾ ਜੋਗ ਕਮਾਵੇ
ਵਿੱਚ ਬਾਰ ਦੇ ਕੁਟੀਆ ਉਸਦੀ ਧਿਆਨ ਹਰੀ ਦਾ ਲਾਵੇ
ਮੰਗਲ ਨਾਥ ਕੁਟੀ ਨੂੰ ਤੱਜ ਕੇ ਸੈਰ ਕਰਨ ਨੂੰ ਧਾਇਆ
ਜਿੱਥੇ ਕੁੰਵਰ ਬਸੰਤ ਪਿਆ ਸੀ ਓਸ ਜਗ੍ਹਾ ਪਰ ਆਇਆ
ਮਾਲਣ ਕਹੇ ਖ਼ਿਆਲ ਕਰ ਰਾਜਾ ਦਿਆਲ ਭਏ ਰਘੁਰਾਈ
ਓਸ ਨਾਥ ਨੇ ਆਣ ਕੁੰਵਰ ਪਰ ਦ੍ਰਿਸ਼ਟ ਦਇਆ ਪਾਈ
ਡਿੱਠਾ ਕੁੰਵਰ ਸਰਪ ਦਾ ਮਰਿਆ ਰਹਿਮ ਨਾਥ ਨੂੰ ਆਇਆ
ਮੰਤ੍ਰ ਪੜ੍ਹ ਕੇ ਓਸ ਨਾਥ ਨੇ ਮੋਇਆ ਕੁੰਵਰ ਜਵਾਇਆ
ਉਠਦੇ ਸਾਰ ਬਸੰਤ ਕੁੰਵਰ ਨੂੰ ਨਾਥ ਦ੍ਰਿਸ਼ਟ ਵਿਚ ਆਇਆ
ਦੋਵੇਂ ਦਸਤ ਜੋੜ ਕੇ ਉਸਦੇ ਚਰਨੀਂ ਸੀਸ ਲਗਾਇਆ
ਪੁੱਛੇ ਕੁੰਵਰ ਬਸੰਤ ਨਾਥ ਨੂੰ ਕਹਾਂ ਗਿਆ ਮਮ ਭਾਈ

ਮੰਗਲ ਨਾਥ ਆਖਦਾ ਬੇਟਾ ਹਮ ਕੋ ਖ਼ਬਰ ਨਾ ਕਾਈ
ਆਖੇ ਮੰਗਲ ਨਾਥ ਕੁੰਵਰ ਨੂੰ ਕਿਵੇਂ ਬਾਰ ਵਿਚ ਆਇਆ
ਕੌਣ ਤੁਮ੍ਹਾਰਾ ਜ਼ਾਤ ਵਰਣ ਹੇ ਕਹਾਂ ਜਨਮ ਤੈਂ ਪਾਇਆ
ਕੁੰਵਰ ਬਸੰਤੇ ਹਾਲਤ ਆਪਣੀ ਸਾਰੀ ਆਖ ਸੁਣਾਈ
ਸੁਣ ਕੇ ਹਾਲ ਬਸੰਤ ਕੁੰਵਰ ਦਾ ਦਇਆ ਨਾਥ ਨੂੰ ਆਈ
ਲੈ ਕਰ ਸਾਥ ਬਸੰਤ ਕੁੰਵਰ ਨੂੰ ਨਾਥ ਕੁਟੀ ਪਰ ਆਇਆ
ਜੋ ਕੁਛ ਲਿਖਿਆ ਅੰਕ ਬਿਧਾਤਾ ਮਿਟਦਾ ਨਹੀਂ ਮਿਟਾਇਆ
ਕੁੰਵਰ ਬਸੰਤ ਪਾਸ ਨਾਥ ਦੇ ਲੱਗਾ ਕਰਨ ਗੁਜ਼ਾਰਾ
ਫਲ ਫੁਲ ਖਾ ਕੇ ਸ਼ੁਕਰ ਗੁਜ਼ਾਰੇ ਹਰਿ ਕਾ ਭਗਤ ਵਿਚਾਰਾ
ਦਿਨੇ ਸ਼ਿਕਾਰ ਬਾਰ ਵਿਚ ਖੇਲੇ ਹੁਕਮ ਨਾਥ ਦਾ ਪਾ ਕੇ
ਰਾਤੀਂ ਕਰੇ ਨਾਥ ਦੀ ਸੇਵਾ ਪ੍ਰੇਮ ਸਹਿਤ ਚਿੱਤ ਲਾ ਕੇ
ਪੰਜ ਸਾਲ ਉਸ ਪਾਸ ਨਾਥ ਦੇ ਏਸੇ ਤਰ੍ਹਾਂ ਲੰਘਾਏ
ਪੰਜ ਬਰਸ ਦੇ ਬਾਦ ਕੁੰਵਰ ਪਰ ਰੋਜ਼ ਕਸਟ ਦੇ ਆਏ
ਇਕ ਦਿਨ ਕੁੰਵਰ ਸ਼ਿਕਾਰ ਵਾਸਤੇ ਵਕਤ ਦੁਪਹਿਰੇ ਧਾਇਆ
ਲੈ ਕੇ ਆਗਜਾ ਨਾਥ ਸਾਹਿਬ ਦੀ ਵਿਚ ਜੰਗਲ ਦੇ ਆਇਆ
ਉਸ ਦਿਨ ਕੁੰਵਰ ਬਸੰਤ ਦੇ ਉਤੇ ਭਾਵੀ ਹਰਿ ਵਰਤਾਈ
ਵਿਚ ਜਗੰਲ ਦੇ ਉਸ ਦਿਨ ਸ਼ਾਹਾ ਸਖਤ ਅੰਧੇਰੀ ਆਈ
ਉੱਤੋਂ ਵਕਤ ਸ਼ਾਮ ਦਾ ਹੋਇਆ ਨਜ਼ਰ ਸਿਕਾਰ ਨਾ ਆਵੇ
ਬੈਠਾ ਕੁੰਵਰ ਬ੍ਰਿਛ ਦੇ ਹੇਠਾਂ ਹਰਿ ਦਾ ਨਾਮ ਧਿਆਵੇ
ਸੰਧਿਆ ਕਾਲ ਵਕਤ ਜਦ ਹੋਇਆ ਸ਼ੇਰ ਜੰਗਲ ਵਿਚ ਆਇਆ
ਓਸੇ ਸ਼ੇਰ ਦੇ ਮਗਰ ਰਾਜਿਆ ਘੋੜਾ ਕੁੰਵਰ ਦੁੜਾਇਆ
ਅੱਗੇ ਸ਼ੇਰ ਪਿੱਛੇ ਸ਼ਹਿਜਾਦਾ ਬੀਚ ਜੰਗਲ ਦੇ ਫਿਰਦੇ
ਇਸੀ ਤੌਰ ਸੇ ਦੋਵੇ ਦੌੜੇ ਨਿਕਟ ਆਏ ਮਿਸਰ ਦੇ
ਅੱਧੀ ਰਾਤ ਬੀਤ ਗਈ ਉਸਨੂੰ ਸ਼ੇਰ ਨਜ਼ਰ ਨਾ ਆਇਆ
ਓਸੇ ਵੇਲੇ ਕੁੰਵਰ ਬਸੰਤਾ ਸ਼ਹਿਰ ਮਿਸਰ ਨੂੰ ਧਾਇਆ
ਆਇਆ ਕੁੰਵਰ ਸ਼ਹਿਰ ਨੂੰ ਸ਼ਾਹਾ ਬੰਦ ਹੋਏ ਦਰਵਾਜੇ
ਪੈਹਰੇ ਵਾਲੇ ਚੌਕੀਦਾਰ ਨੂੰ ਮਾਰੇ ਓਸ ਅਵਾਜ਼ੇ
ਚੌਕੀਦਾਰ ਦੁਸ਼ਟ ਨੂੰ ਓਹਨੇ ਕਈ ਅਵਾਜ਼ੇ ਮਾਰੇ
ਚੌਕੀਦਾਰ ਬਸੰਤ ਕੁੰਵਰ ਨੂੰ ਅੰਦਰ ਖੜਾ ਉਚਾਰੇ
ਅੱਧੀ ਰਾਤ ਸ਼ਹਿਰ ਅਸਾਡੇ ਪਵੇ ਸ਼ੇਰ ਇਕ ਪਿਆਰਾ
ਏਸੇ ਲਈ ਖ਼ੌਫ਼ ਹੈ ਮੈਨੂੰ ਬੂਹਾ ਮੂਲ ਨਾ ਖੋਹਲਾਂ
ਬਾਦਸ਼ਾਹ ਦਾ ਹੁਕਮ ਸਖ਼ਤ ਹੈ ਇਸ ਗੱਲੋਂ ਮੈਂ ਡੋਲਾਂ
ਇਹ ਗੱਲ ਸੁਣ ਕੇ ਕੁੰਵਰ ਬਸੰਤੇ ਡੇਰਾ ਬਾਹਰ ਲਗਾਇਆ

ਓਸੇ ਵੇਲੇ ਵੇਖ ਕੁੰਵਰ ਨੂੰ ਸ਼ੇਰ ਗਰਜਦਾ ਆਇਆ
ਕੁੰਵਰ ਬਸੰਤ ਦੇਖ ਸ਼ੇਰ ਨੂੰ ਜ਼ਰਾ ਖ਼ੌਫ ਨਾ ਖਾਂਦਾ
ਫੜ ਕੇ ਤੇਗ਼ ਦਸਤ ਵਿਚ ਨੰਗੀ ਸ਼ੇਰ ਸਾਹਮਣੇ ਜਾਂਦਾ
ਲੈ ਕੇ ਨਾਮ ਰਾਮ ਦਾ ਉਸਨੇ ਝੱਟ ਤਲਵਾਰ ਚਲਾਈ
ਟੋਟੇ ਚਾਰ ਸ਼ੇਰ ਦੇ ਕੀਤੇ ਜ਼ਰਾ ਦੇਰ ਨਾ ਲਾਈ
ਕੁੰਵਰ ਬਸੰਤਾ ਮਾਰ ਸ਼ੇਰ ਨੂੰ ਖ਼ੁਸ ਦਿਲ ਹੋ ਕੇ ਸੌਇਆ
ਚੌਕੀਦਾਰ ਵੇਖ ਕੇ ਉਸ ਨੂੰ ਤੁਰਤ ਰਵਾਨਾ ਹੋਇਆ
ਚੌਕੀਦਾਰ ਨੇ ਕੋਤਵਾਲ ਨੂੰ ਹਾਲ ਸੁਣਾਇਆ ਜਾ ਕੇ
ਮੋਇਆ ਸ਼ੇਰ ਦੇਖਿਆ ਰਾਜਾ ਕੋਤਵਾਲ ਨੇ ਆ ਕੇ
ਕੋਤਵਾਲ ਜ਼ਾਲਮ ਨੂੰ ਸ਼ਾਹਾ ਸ਼ੇਰ ਨਜਰ ਜਾਂ ਆਇਆ
ਲੋਭ ਵਾਸਤੇ ਓਸ ਪਾਪੀ ਨੇ ਧਰਮ ਈਮਾਨ ਗਵਾਇਆ
ਚੌਕੀਦਾਰ ਤੇ ਕੋਤਵਾਲ ਨੇ ਰਲ ਕੇ ਘਾਤ ਕਮਾਇਆ
ਦੇਖੋ ਜਾਲਮ ਕੋਤਵਾਲ ਨੂੰ ਜਰਾਂ ਰਹਿਮ ਨਾ ਆਇਆ
ਖ਼ੌਫ ਰਾਮ ਦਾ ਜ਼ਰਾ ਨਾ ਕੀਤਾ ਦਿਲ ਤੇ ਦਇਆ ਵਸਾਰੀ
ਸੁੱਤੇ ਪਏ ਬਸੰਤ ਕੁੰਵਰ ਦੇ ਤੇਗ ਧੌਣ ਪਰ ਮਾਰੀ
ਦੋਵੇਂ ਦੁਸਟ ਮਾਰ ਕੇ ਉਸ ਨੂੰ ਸਹਿਰੋ ਬਾਹਰ ਸੁੱਟ ਆਏ
ਦਿਨ ਹੋਇਆ ਤਾ ਸੇਰ ਉਠਾ ਕੇ ਪਾਸ ਰੂਪ ਦੇ ਲਿਆਏ
ਤੈਥੋਂ ਲਿਆ ਇਨਾਮ ਉਨ੍ਹਾ ਨੇ ਕਰ ਕੇ ਘਾਤ ਕੰਵਰ ਦਾ
ਹੁਣ ਤੂੰ ਕਰ ਲੈ ਨਾਲ ਉਹਨਾਂ ਦੇ ਜੋ ਕੁਝ ਤੈਥੋਂ ਸਰਦਾ
ਏਸ ਬਾਤ ਨੂੰ ਗੁਜਰੇ ਰਾਜਾ ਪੂਰੇ ਚਵ੍ਹੀ ਮਹੀਨੇ
ਇਤਨੀ ਸੁਣ ਕੇ ਬਾਤ ਰੂਪ ਦੇ ਲੱਗੀ ਕਟਾਰੀ ਸੀਨੈਂ
ਸੁਣ ਕੇ ਮੌਤ ਬਸੰਤ ਵੀਰ ਦੀ ਲੱਗੀ ਜਿਗਰ ਵਿਚ ਕਾਤੀ
ਤੇ ਕੋਤਵਾਲ ਚੌਕੀਦਾਰ ਦੀ ਧੜਕਨ ਲੱਗ ਪਈ ਛਾਤੀ
ਦਿੱਤਾ ਹੁਕਮ ਸਖ਼ਤ ਰਾਜੇ ਨੇ ਜਰਾ ਦੇਰ ਨਾ ਲਾਈ
ਕੋਤਵਾਲ ਤੇ ਚੌਕੀਦਾਰ ਨੂੰ ਝੱਟ ਹਥਕੜੀ ਲਗਾਈ
ਦੋਵੇਂ ਜਾਲਮ ਓਸੇ ਵੇਲੇ ਹਵਾਲਾਤ ਵਿਚ ਘੇਰੇ
ਓਸੇ ਵਕਤ ਪੁਲਸ ਦਾ ਪਹਿਰਾ ਲਾਇਆ ਚਾਰ ਚੁਫੇਰੇ
ਸੁਣ ਕੇ ਘਾਤ ਵੀਰ ਦਾ ਮੇਰੇ ਨੀਰ ਨੇਤਰੀ ਭਰਿਆ
ਅਗਲੀ ਕਥਾ ਕਹੁ ਹੁਣ ਬੀਬੀ ਹੁਕਮ ਰੂਪ ਨੇ ਕਰਿਆ
ਸੁਣ ਕੇ ਤੇਰੀ ਗੱਲ ਮਾਲਣੇ ਭਾਂਬੜ ਦਿਲ ਵਿਚ ਮਚਿਆ
ਜਲਦੀ ਆਖ ਭਰਾਤਾ ਮੇਰਾ ਫੌਤ ਹੋਇਆ ਕਿ ਬਚਿਆ
ਮਾਲਣ ਕਹੇ ਸਬਰ ਕਰ ਰਾਜਾ ਹਰਿ ਕੇ ਖੇਲਿ ਨਿਆਰੇ

ਜਿਨ ਕੋ ਰਾਖੇ ਆਪ ਨਰਾਇਣ ਕੌਣ ਉਨ੍ਹਾਂ ਨੂੰ ਮਾਰੇ
ਇਤਨੀ ਸੁਣ ਕੇ ਬਾਤ ਰੂਪ ਦੇ ਸ਼ਾਂਤ ਦਿਲੋ ਵਿਚ ਆਈ
ਲੈ ਕੇ ਆਗਿਆ ਮਾਲਣ ਨੇ ਫਿਰ ਅਗਲੀ ਕਥਾ ਚਲਾਈ
ਮਾਲਣ ਕਹੇ ਰੂਪ ਦੇ ਤਾਈਂ ਸੁਣ ਰਾਜਾ ਗੱਲ ਮੇਰੀ
ਕਥਾ ਬਸੰਤ ਕੁੰਵਰ ਦੀ ਆਖਾਂ ਤਪਤ ਬੁਝਾਵਾਂ ਤੇਰੀ
ਅਪਣੇ ਜਾਣੇ ਕੋਤਵਾਲ ਨੇ ਜਾਨੋ ਮਾਰ ਮੁਕਾਇਆ
ਸਾਸ ਓਸ ਵਿਚ ਹੈਸਨ ਸ਼ਾਹਾ ਬੀਚ ਜੰਗਲ ਸੁੱਟ ਆਇਆ
ਹਰਿ ਬੇਅੰਤ ਅਨੰਤ ਸੁਆਮੀ ਲਖੀ ਨਾ ਜਾਵੇ ਲੀਲਾ
ਜਿਸ ਪਰ ਕਿਰਪਾ ਕਰੇ ਰਾਮ ਜੀ ਤੁਰਤ ਬਣਾਵੇ ਹੀਲਾ
ਲਾਲੂ ਨਾਮ ਮਿਸਰ ਦਾ ਬਾਸੀ ਜਾਤ ਘੁਮਿਆਰ ਸਦਾਵੇ
ਜਿਥੇ ਕੁੰਵਰ ਬਸੰਤ ਪਿਆ ਸੀ ਓਸ ਜੰਗਲ ਵਿਚ ਜਾਵੇ
ਮਿੱਟੀ ਲੈਣ ਗਿਆ ਘੁਮਿਆਰਾ ਰੱਬ ਤਦਬੀਰ ਬਣਾਈ
ਲੋਥ ਬਸੰਤ ਕੁੰਵਰ ਦੀ ਸ਼ਾਹਾ ਜਦ ਨਜ਼ਰ ਉਸਨੂੰ ਆਈ
ਡਿੱਠਾ ਕੁੰਵਰ ਤੜਫਦਾ ਉਸਨੇ ਰਹਿਮ ਉਸਨੂੰ ਆਇਆ
ਉਸੇ ਵਕਤ ਉਠਾ ਕੇ ਲਾਲੂ ਆਪਣੇ ਘਰੀ ਲਿਆਇਆ
ਘਰੀਂ ਲਿਆ ਕੇ ਲਾਲੂ ਨੇ ਫਿਰ ਮਰਹਮ ਪੱਟੀ ਲਾਈ
ਅੱਠਵੇ ਰੋਜ਼ ਬਸੰਤ ਕੁੰਵਰ ਨੂੰ ਹੋਸ਼ ਨਵੇ ਸਿਰ ਆਈ
ਆਈ ਸੁਰਤ ਬਸੰਤ ਕੁੰਵਰ ਨੂੰ ਸੁਕਰ ਮਨਾਵੇ ਲਾਲੂ
ਕੌਣ ਓਸ ਨੂੰ ਮਾਰੇ ਸਾਹਾ ਜਿਸ ਪਰ ਰਾਮ ਦਿਆਲੂ
ਲਾਲੂ ਵਾਂਗ ਪੁੱਤਰਾਂ ਉਸ ਦੀ ਖ਼ਿਦਮਤ ਬਹੁਤ ਕਮਾਈ
ਕਰਮ ਲੇਖ ਹੈ ਪਰਬਲ ਰਾਜਾ ਮਿਟਦੀ ਨਹੀਂ ਮਿਟਾਈ
ਅੱਠ ਰੋਜ਼ ਉਸ ਘਰ ਲਾਲੂ ਦੇ ਸੁੱਖ ਦੇ ਨਾਲ ਲੰਘਾਏ
ਇਸ ਦੇ ਬਾਦ ਕੁੰਵਰ ਪਰ ਸ਼ਾਹਾ ਫੇਰ ਸਖ਼ਤ ਦਿਨ ਆਏ
ਇਕ ਦਿਨ ਕੁੰਵਰ ਬਾਜ਼ਾਰ ਮਿਸਰ ਦੇ ਸੈਰ ਕਰਨ ਨੂੰ ਆਇਆ
ਕਿਵੇਂ ਰੂਪ ਦਾ ਦਰਸ਼ਨ ਹੋਵੇ ਦਿਲ ਵਿਚ ਮਤਾ ਪਕਾਇਆ
ਕਰਦਾ ਸੈਰ ਬਾਜ਼ਾਰ ਮਿਸਰ ਦੀ ਬੀਚ ਚੌਕ ਦੇ ਆਵੇ
ਕੋਤਵਾਲ ਭੀ ਆਇਆ ਉਥੇ ਹੋਣੀ ਮੇਲ ਕਰਾਵੇ
ਕੋਤਵਾਲ ਨੇ ਕੁੰਵਰ ਬਸੰਤਾ ਤੁਰਤ ਪਛਾਣ ਲਿਆ ਸੀ
ਜ਼ਖ਼ਮ ਧੌਣ ਦਾ ਦੇਖ ਦੁਸਟ ਦੇ ਦਿਲ ਵਿਚ ਭਰਮ ਪਿਆ ਸੀ
ਉਸੀ ਵਕਤ ਲੈ ਆਇਆ ਜ਼ਾਲਮ ਕੰਜਰੀ ਨੂੰ ਸਿਖਲਾ ਕੇ
ਕੰਜਰੀ ਨੇ ਬਾਂਹ ਬਸੰਤ ਕੁੰਵਰ ਦੀ ਤੁਰਤ ਪਕੜ ਲਈ ਆ ਕੇ
ਫੜ ਕੇ ਬਾਂਹ ਬਸੰਤ ਕੁੰਵਰ ਦੀ ਕੰਜਰੀ ਸ਼ੋਰ ਮਚਾਇਆ

ਆਖ ਕੰਜਰੀ ਰਾਤ ਏਸ ਨੇ ਮੇਰਾ ਹਾਰ ਚੁਰਾਇਆ
ਆ ਕੇ ਜ਼ਾਲਮ ਕੋਤਵਾਲ ਨੇ ਜ਼ਰਾ ਦੇਰ ਨਾ ਲਾਈ
ਓਸੇ ਵਕਤ ਬਸੰਤ ਕੁੰਵਰ ਦੇ ਹੱਥ ਹਥਕੜੀ ਲਗਾਈ
ਪਾਪੀ ਕੋਤਵਾਲ ਨੂੰ ਸ਼ਾਹਾ ਜ਼ਰਾ ਖ਼ੌਫ ਨਾ ਆਇਆ
ਬਿਨਾਂ ਗੁਨਾਹੋਂ ਫੜ ਕੇ ਉਸਨੇ ਕੁੰਵਰ ਕੈਦ ਵਿਚ ਪਾਇਆ
ਹੱਥ ਹਥਕੜੀ ਪੈਰ ਵਿਚ ਬੇੜੀ ਤੌਕ ਗਲੇ ਵਿਚ ਪਾਵੇ
ਆਠ ਪਹਿਰ ਦੇ ਬਾਦ ਕੁੰਵਰ ਨੂੰ ਓਹ ਕੋਤਵਾਲ ਮੁਕਾਲਾ
ਇਕ ਜਵਾਂ ਦੀ ਰੋਟੀ ਦੇਵੇ ਇਕ ਆਬ ਦਾ ਪਿਆਲਾ
ਬਰਸ ਰੋਜ਼ ਉਸ ਬੀਚ ਕੈਦ ਦੇ ਰੋ ਰੋ ਦਿਵਸ ਗੁਜ਼ਾਰੇ
ਕਹੇ ਨਾ ਜਾਂਦੇ ਮੇਰੇ ਪਾਸੋਂ ਦੁੱਖ ਬਸੰਤ ਦੇ ਸਾਰੇ
ਸਾਰਾ ਦਿਵਸ ਪੀਸਦਾ ਚੱਕੀ ਬੈਠਾ ਕੁੰਵਰ ਅਕੇਲਾ
ਬਾਕੀ ਕਥਾ ਕਹੂੰਗੀ ਭਲਕੇ ਹੋਇਆ ਅਜ ਕੁਵੇਲਾ
ਇਤਨੀ ਕਥਾ ਸੁਣੀ ਮਾਲਣ ਤੋਂ ਰੂਪ ਨੈਣ ਭਰ ਆਇਆ
ਕੋਤਵਾਲ ਦੀ ਤਰਫ਼ੋਂ ਉਸਦਾ ਤਨ ਮਨ ਕੋਇਲੇ ਹੋਇਆ
ਉਸੇ ਵਕਤ ਬੁਲਾਯਾ ਯਾਰੋ ਲਾਲੂ ਨਾਮ ਘੁਮਿਆਰਾ
ਉਸਦੇ ਪਾਸੋਂ ਜ਼ਾਹਰ ਕਰ ਲਿਆ ਹਾਲ ਰੂਪ ਨੇ ਸਾਰਾ
ਦੇ ਕੇ ਹੁਕਮ ਚੋਬਦਾਰ ਨੂੰ ਕੰਜਰੀ ਤੁਰਤ ਬੁਲਾਈ
ਓਸੇ ਵਕਤ ਹਥਕੜੀ ਲਵਾ ਕੇ ਹਵਾਲਾਟ ਵਿਚ ਪਾਈ
ਥੈਲੀ ਇਕ ਹਜ਼ਾਰ ਮੋਹਰ ਦੀ ਵਕਤ ਉਸੀ ਮੰਗਵਾਈ
ਅਗਲੀ ਕਥਾ ਆਖ ਹੁਣ ਬੀਬੀ ਰਾਜੇ ਮੁੱਖੋਂ ਉਚਾਰੀ
ਜੋ ਮਾਂਗੇ ਸੋ ਦੇਵਾ ਤੈਨੂੰ ਕਥਾ ਸੁਣਾ ਦੇ ਸਾਰੀ
ਮਾਲਣ ਕਹੇ ਰੂਪ ਕੇ ਤਾਈਂ ਸੁਣ ਰਾਜਾ ਬਲਧਾਰੀ
ਕਥਾ ਬਸੰਤ ਕੁੰਵਰ ਦੀ ਤੈਨੂੰ ਆਖ ਸੁਣਾਵਾਂ ਸਾਰੀ
ਦੁੱਖ ਪਿਆਂ ਤੇ ਹਰ ਕੋਈ ਬੰਦਾ ਰਾਮ ਰਾਮ ਕਰ ਰੋਵੇ
ਦੌਲਤ ਰਾਮਾ ਬਿਨਾਂ ਪ੍ਰੇਮ ਦੇ ਹਰੀ ਦਿਆਲ ਨਾ ਹੋਵੇ
ਕੁੰਵਰ ਬਸੰਤ ਬੀਚ ਕੈਦ ਦੇ ਸਿਮਰੇ ਕਿਸ਼ਨ ਮੁਰਾਰੀ
ਬੀਰ ਤੇਰੇ ਦਾ ਪ੍ਰੇਮ ਦੇਖ ਕੇ ਦਿਆਲ ਭਏ ਗਿਰਧਾਰੀ
ਬਰਸ ਰੋਜ਼ ਜਦ ਪੂਰਾ ਹੋਇਆ ਰੱਬ ਸਬੱਬ ਬਣਾਇਆ
ਸ਼ਾਹੂਕਾਰ ਪ੍ਰਦੇਸੀ ਕੋਈ ਸ਼ਹਿਰ ਮਿਸਰ ਵਿਚ ਆਇਆ
ਬਰਸ ਰੋਜ਼ ਹੋਇਆ ਇਸ ਗੱਲ ਨੂੰ ਸਾਰੇ ਗੱਲ ਉਜਾਗਰ
ਅਚਨਚੇਤ ਜਹਾਜ਼ ਓਸਦਾ ਅਟਕ ਗਿਆ ਵਿਚ ਸਾਗਰ
ਤੁਰੇ ਜਹਾਜ਼ ਨਾ ਹਰਗਿਜ਼ ਓਸਦਾ ਅਟਕ ਗਿਆ ਵਿਚ ਸਾਗਰ

ਆਖਰਕਾਰ ਉਸਨੇ ਰਾਜਾ ਸੱਦ ਜੋਤਸ਼ੀ ਲੀਤੇ
ਜੋਤਸ਼ੀਆਂ ਨੂੰ ਕਹੇ ਸੁਦਾਗਰ ਜੋ ਮਾਂਗੋ ਸੋ ਪਾਉ
ਬਲੀ ਆਦਮੀ ਕੀ ਤੁਮ ਦੇਹੋ ਜੋਤਸ਼ੀਆਂ ਫੁਰਮਾਇਆ
ਇਹ ਗੱਲ ਸੁਣ ਕੇ ਤੁਰਤ ਸੁਦਾਗਰ ਪਾਸ ਤੁਮ੍ਹਾਰੇ ਆਇਆ
ਤੇਰੇ ਪਾਸ ਆਣ ਕੇ ਉਸ ਨੇ ਹਾਲ ਤਮਾਮ ਸੁਣਾਇਆ
ਸੁਣ ਕੇ ਅਰਜ਼ ਉਸਦੀ ਸ਼ਾਹਾ ਰਹਿਮ ਤੇਰੇ ਦਿਲ ਆਇਆ
ਕੋਤਵਾਲ ਨੂੰ ਸੱਦ ਆਪ ਨੇ ਏਹੋ ਹੁਕਮ ਸੁਣਾਇਆ
ਕੈਦੀ ਏਕ ਦੇ ਦਿਉ ਇਸ ਨੂੰ ਹੁਕਮ ਹਜ਼ੂਰ ਅਲਾਇਆ
ਇਹ ਗੱਲ ਸੁਣ ਕੇ ਉਸੇ ਵੇਲੇ ਉਸ ਕੋਤਵਾਲ ਮੁਕਾਲੇ
ਕੈਦੋਂ ਕੱਢ ਬਸੰਤ ਕੁੰਵਰ ਨੂੰ ਕੀਤਾ ਉਸ ਹਵਾਲੇ
ਲੈਕਰ ਸਾਥ ਬਸੰਤ ਕੁੰਵਰ ਨੂੰ ਸ਼ਾਹੂਕਾਰ ਵਪਾਰੀ
ਪਹੁੰਚਾ ਜਾ ਕੇ ਸਿਧ ਕਿਨਾਰੇ ਪਿੱਛੇ ਨਗਰੀ ਸਾਰੀ
ਮਸਾਹੂਰ ਇਹ ਕੁਲ ਸ਼ਹਿਰ ਵਿਚ ਸਾਰੇ ਸ਼ੋਰ ਪਿਆ ਸੀ
ਸ਼ਾਹੂਕਾਰ ਨੇ ਬਲੀ ਵਾਸਤੇ ਕੈਦੀ ਜਦੋਂ ਲਿਆ ਸੀ
ਸਾਰਾ ਸ਼ਹਿਰ ਦੇਖਦਾ ਸ਼ਾਹਾ ਬੈਠਾ ਸਿੰਧ ਕਿਨਾਰੇ
ਸਾਹੂਕਾਰ ਬਸੰਤ ਕੁੰਵਰ ਨੂੰ ਬਚਨ ਕਠੋਰ ਉਚਾਰੇ
ਜੋ ਖਾਣਾ ਸੋ ਖਾ ਲੈ ਲੜਕੇ ਪੀ ਲੈ ਜੋ ਕੁਝ ਪੀਣਾ
ਏਸ ਜਗਤ ਪਰ ਬਾਕੀ ਤੇਰਾ ਦੋ ਘੜੀਆਂ ਦਾ ਜੀਣਾ
ਇਹ ਗੱਲ ਸੁਣ ਕੇ ਕੁੰਵਰ ਬਸੰਤੇ ਜ਼ਰਾ ਸੋਗ ਨਾ ਕਰਿਆ
ਕਰ ਅਸ਼ਨਾਨ ਸਮੁੰਦਰ ਵਿਚੋ ਧਿਆਨ ਹਰੀ ਦਾ ਧਰਿਆ
ਚੀਚੀ ਵੱਢ ਬਸੰਤ ਕੁੰਵਰ ਨੇ ਛਿੱਟ ਲਹੂ ਦੀ ਪਾਈ
ਉਸੇ ਵਕਤ ਜਹਾਜ਼ ਤੁਰ ਪਿਆ ਦਿਆਲ ਭਏ ਰਘੁਰਾਈ
ਸਾਹੂਕਾਰ ਨੇ ਗ਼ਰਜ਼ ਵਾਸਤੇ ਕੁੰਵਰ ਬਸੰਤ ਬੁਲਾਇਆ
ਪੁੱਤਰ ਧਰਮ ਦਾ ਕਰ ਕੇ ਉਸਨੂੰ ਵਿਚ ਜਹਾਜ ਚੜ੍ਹਾਇਆ
ਇਹ ਗੱਲ ਸੁਣ ਕੇ ਸ਼ਾਹੂਕਾਰ ਦੇ ਫਿਰ ਗਈ ਮੁੱਖ ਜ਼ਰਦਈ
ਦਿਲ ਵਿਚ ਪਿਆ ਵਿਚਾਰਾਂ ਕਰਦਾ ਮੌਤ ਮੇਰੀ ਹੁਣ ਆਈ
ਥਰਹਰ ਥਰਹਰ ਕੰਬਦਾ ਪਾਪੀ ਪੇਸ਼ ਕੋਈ ਨਾ ਜਾਵੇ
ਜੈਸਾ ਬੀਜ ਬੀਜਦਾ ਪ੍ਰਾਣੀ ਫਲ ਤੈਸਾ ਹੀ ਪਾਵੇ
ਮਾਲਣ ਕਹੇ ਧਿਆਨ ਕਰ ਰਾਜਾ ਮੈਂ ਤੁਝ ਕੋ ਸਮਝਾਵਾ
ਕਥਾ ਬਸੰਤ ਕੁੰਵਰ ਦੀ ਤੈਨੂੰ ਸਾਰੀ ਆਖ ਸੁਣਾਵਾ
ਦਿੱਤਾ ਹੁਕਮ ਸੁਦਾਗਰਜ਼ਾਦੇ ਤੁਰਤ ਜਹਾਜ਼ ਚਲਾਇਆ

ਛੇਵੇਂ ਮਾਹ ਜਹਾਜ਼ ਉਸਨੇ ਬ੍ਰਹਮਾ ਦੇਸ ਲਗਾਇਆ
ਕਾਮ ਰੂਪ ਸੀ ਰਾਜਾ ਸ਼ਾਹਾ ਓਸ ਦੇਸ ਦਾ ਮਾਲਕ
ਦਇਆਵਾਨ ਅਰ ਬਰਣ ਛੱਤਰੀ ਦੀਨਾਂ ਦਾ ਰਛਪਾਲਕ
ਸ਼ਾਹੂਕਾਰ ਨੇ ਡੇਰਾ ਕੀਤਾ ਬਾਗ ਉਸਦੇ ਵਿਚ ਜਾ ਕੇ
ਕਾਮਰੂਪ ਦਾ ਸ਼ਹਿਰ ਦੇਖਣ ਆਇਆ ਹੁਮ ਹੁਮਾ ਕੇ
ਆਏ ਲੋਕ ਸ਼ਹਿਰ ਦੇ ਸਾਰੇ ਸਾਹੂਕਾਰ ਨੂੰ ਵੇਖਣ
ਸਾਰੇ ਤਰਫ ਬਸੰਤ ਕੁੰਵਰ ਦੀ ਵਾਂਗ ਚੰਦਰਮਾ ਦੇਖਣ
ਸੋਹਣੀ ਸ਼ਕਲ ਬਸੰਤ ਕੁੰਵਰ ਦੀ ਲਗਦੀ ਸਭ ਨੂੰ ਪਿਆਰੀ
ਸਾਰੇ ਕਰਨ ਤਾਰੀਫ ਓਸਦੀ ਕਿਆ ਪੁਰਖਾ ਕਿਆ ਨਾਰੀ
ਜਾਗੇ ਭਾਗ ਬਸੰਤ ਕੁੰਵਰ ਦੇ ਓਸ ਦੇਸ ਵਿਚ ਜਾ ਕੇ
ਕੱਟੇ ਕਸ਼ਟ ਹਰੀ ਨੇ ਉਸਦੇ ਦ੍ਰਿਸ਼ਟ ਦਇਆ ਦੀ ਪਾ ਕੇ
ਕਾਮਰੂਪ ਦੀ ਲੜਕੀ ਸਾਹਾ ਓਸ ਬਾਗ ਵਿਚ ਆਈ
ਸੋਹਣੀ ਸ਼ਕਲ ਬਸੰਤ ਕੁੰਵਰ ਦੀ ਉਸ ਲੜਕੀ ਮਨ ਭਾਈ
ਉਸ ਲੜਕੀ ਨੇ ਆਪਣੇ ਦਿਲ ਵਿਚ ਪਤੀ ਬਸੰਤ ਬਣਾਇਆ
ਵੀਰ ਤੇਰੇ ਦਾ ਮੇਲ ਹਰੀ ਨੇ ਉਸਦੇ ਨਾਲ ਮਿਲਾਇਆ
ਚੰਦਰਬਦਨ ਸੀ ਨਾਮ ਓਸਦਾ ਹੇਸੀ ਜਤ ਸਤ ਵਾਲੀ
ਜੋ ਕੁਝ ਬੋਲੇ ਸੁਖਨ ਜ਼ਬਾਨੋ ਕਦੇ ਨਾ ਜਾਵੇ ਖਾਲੀ
ਵਿਦਿਆਵਾਨ ਧਰਮ ਵਿਚ ਪੂਰੀ ਸੱਚ ਜ਼ਬਾਨੋਂ ਭਾਖੇ
ਮਾਈ ਬਾਪ ਸੀਸ ਪਰ ਮੰਨਦੇ ਜੋ ਕੁਝ ਮੂੰਹੋਂ ਆਖੇ
ਉਸ ਲੜਕੀ ਨੂੰ ਮਾਈ ਬਾਪ ਨੇ ਬਹੁਤ ਵਾਰ ਸਮਝਾਇਆ
ਸਾਦੀ ਨਾ ਕਰਵਾਈ ਉਸ ਨੇ ਜੋਰ ਬਹੁਤੇਰਾ ਲਾਇਆ
ਕਹਿਆ ਉਸ ਨੇ ਮਾਈ ਬਾਪ ਨੂੰ ਆਗਜਾ ਤੁਮਰੀ ਪਾਊ
ਨਾਲ ਅੱਖਾ ਦੇ ਪਤੀ ਦੇਖ ਕੇ ਸਾਦੀ ਮੈਂ ਕਰਵਾਊ
ਉਸ ਦਿਨ ਸਕਲ ਬਸੰਤ ਕੁੰਵਰ ਦੀ ਲੱਗੀ ਉਸਨੂੰ ਪਿਆਰੀ
ਕਰਮ ਸੰਜੋਗ ਨਾ ਮਿਟੇ ਸਾਹਾ ਜੋ ਕੁਝ ਲਿਖੇ ਲਿਖਾਰੀ
ਉਸ ਲੜਕੀ ਨੇ ਕਰੀ ਬੇਨਤੀ ਮਾਈ ਬਾਪ ਪਾਸ ਜਾ ਕੇ
ਸਾਦੀ ਮੈਂ ਕਰਵਾਣੀ ਚਾਹਾ ਆਗਜਾ ਤੁਮਰੀ ਪਾ ਕੇ
ਇਹ ਗੱਲ ਸੁਣ ਕੇ ਕਾਮ ਰੂਪ ਨੇ ਸੁਕਰ ਹਜ਼ਾਰ ਮਨਾਇਆ
ਓਸ ਵੇਲੇ ਘੱਲ ਸੰਤਰੀ ਸਾਹੂਕਾਰ ਬੁਲਾਇਆ
ਸਾਹੂਕਾਰ ਤੇ ਕੁੰਵਰ ਬਸੰਤਾ ਦੋਵੇਂ ਉਠ ਕਰ ਧਾਏ
ਕਾਮਰੂਪ ਰਾਜੇ ਨੂੰ ਉਹਨਾ ਜਾ ਕਰ ਸੀਸ ਨਿਵਾਏ
ਕਾਮਰੂਪ ਨੂੰ ਸ਼ਕਲ ਕੁੰਵਰ ਦੀ ਲੱਗੀ ਬਹੁਤ ਪਿਆਰੀ

ਆਦਰ ਨਾਲ ਬਿਠਾਇਆ ਉਸਨੇ ਕੀਤੀ ਖ਼ਾਤਰਦਾਰੀ
ਰਾਜਾ ਕਹੇ ਬਸੰਤ ਕੁੰਵਰ ਨੂੰ ਕਿਆ ਹੈ ਨਾਮ ਤੁਮ੍ਹਾਰਾ
ਕੌਣ ਜ਼ਾਤ ਅਰ ਬਰਣ ਤੁਮ੍ਹਾਰਾ ਹਾਲ ਸੁਣਾਉ ਸਾਰਾ
ਇਹ ਗੱਲ ਸੁਣ ਕੇ ਕੰਵਰ ਬਸੰਤੇ ਤੁਰਤ ਜਵਾਬ ਸੁਣਾਇਆ
ਚੰਦਰ ਬੰਸ ਅਰ ਬਰਣ ਛੱਤਰੀ ਨਾਮ ਬਸੰਤ ਬਤਾਇਆ
ਰਾਜਾ ਪੁੱਛਦਾ ਸ਼ਾਹੂਕਾਰ ਤੋਂ ਕਿਆ ਲੱਗਦਾ ਹੈ ਤੇਰਾ
ਸਾਹੂਕਾਰ ਆਖਦਾ ਸ਼ਾਹਾ ਸਕਾ ਪੁੱਤਰ ਹੈ ਮੇਰਾ
ਇਹ ਗੱਲ ਸੁਣ ਕੇ ਕਾਮ ਰੂਪ ਨੇ ਲੱਖ ਲੱਖ ਖ਼ੁਸੀ ਮਨਾਈ
ਉਸੇ ਵੇਲੇ ਸ਼ਾਹੂਕਾਰ ਨੂੰ ਦਿੱਤੀ ਨਿਰਪ ਵਧਾਈ
ਕੁਲ ਦੀ ਰੀਤ ਸ਼ਗਨ ਸਭ ਕੀਤੇ ਪੰਡਤਾਂ ਨੂੰ ਸਦਵਾ ਕੇ
ਪਾਇਆ ਸਗਨ ਕੁੰਵਰ ਦੀ ਝੋਲੀ ਆਦਿ ਗਣੇਸ਼ ਮਨਾ ਕੇ
ਦੂਜੇ ਦਿਨ ਦਾ ਸਾਹਾ ਸੁਧਾਇਆ ਵੱਜਣ ਲੱਗੀ ਵਧਾਈ
ਖੁਸ ਦਿਲ ਹੋ ਕੇ ਕਾਮ ਰੂਪ ਨੇ ਸਾਦੀ ਖ਼ੂਬ ਰਚਾਈ
ਦੂਜਾ ਦਿਨ ਜਦ ਹੋਇਆ ਰਾਜੇ ਕਰੀ ਵਿਆਹ ਦੀ ਤਿਆਰੀ
ਫੇਰੇ ਹੋਏ ਤੇਰੇ ਵੀਰ ਦੇ ਮੰਗਲ ਗਾਵੇ ਨਾਰੀ
ਵੇਦ ਅਨੁਸਾਰ ਕਰੀ ਸਭ ਰੀਤੀ ਬੇਦੀ ਚਾ ਗਡਵਾਈ
ਬਹੁਤੇ ਹੋਰ ਕਰਾਂ ਕੀ ਝੇੜੇ ਧੀ ਰਾਜੇ ਪਰਨਾਈ
ਦੇ ਕੇ ਦਾਜ ਦਿਹੇਜ ਭੂਪ ਨੇ ਕੰਨਿਆ ਡੋਲੀ ਪਾਈ
ਹੱਥੀਂ ਜਾ ਕੇ ਕਾਮ ਰੂਪ ਨੇ ਆਪ ਜਹਾਜ ਚੜ੍ਹਾਈ
ਰਾਜੇ ਕਹਿਆ ਸਾਹੂਕਾਰ ਨੂੰ ਕੰਨਿਆ ਤੁਮਰੀ ਹੋਈ
ਦੇਣਾ ਫੇਰ ਦੀਦਾਰ ਅਸਾ ਨੂੰ ਕਰੀ ਰੂਪ ਅਰਜੋਈ
ਦੋਵੇ ਤਰਫਾ ਦਸਤ ਜੋੜ ਕੇ ਰਾਮ ਰਾਮ ਕਹਿ ਲੀਤਾ
ਉਸੇ ਵਕਤ ਜਹਾਜ਼ ਟੁਰ ਪਿਆ ਹੁਕਮ ਸੁਦਾਗਰ ਕੀਤਾ
ਚੰਦਰਬਦਨ ਤੇ ਕੁੰਵਰ ਬਸੰਤਾ ਲੱਗੇ ਐਸ ਉਡਾਵਣ
ਜੈਸੇ ਮੋਰ ਹੋਵਦਾ ਰਾਜ਼ੀ ਨਿਰਖ ਨੈਣ ਘਨ ਸਾਵਣ
ਸੱਤ ਮਹੀਨੇ ਸਾਗਰ ਦੇ ਵਿਚ ਰਹੇ ਬਹਾਰਾਂ ਕਰਦੇ
ਹੋਣੀ ਵਰਤੀ ਫੇਰ ਰਾਜਿਆ ਨਾਲ ਬਸੰਤ ਕੁੰਵਰ ਦੇ
ਇਕ ਦਿਨ ਬੇਟੀ ਕਾਮ ਰੂਪ ਦੀ ਲੱਗੀ ਕੇਸੀਂ ਨ੍ਹਾਵਣ
ਕਰ ਅਸਨਾਨ ਬੈਠ ਗਈ ਰਾਣੀ ਧੁੱਪੇ ਵਾਲ ਸੁਕਾਵਣ
ਸ਼ਾਹੂਕਾਰ ਨੇ ਅਚਨਚੇਤੀ ਨਜਰ ਓਸ ਵਾਲ ਕੀਤੀ
ਸੋਹਣੀ ਸਕਲ ਦੇਖ ਰਾਣੀ ਦੀ ਕਰ ਬੈਠਾ ਬਦਨੀਤੀ
ਬੇਈਮਾਨ ਹੋ ਗਿਆ ਵਪਾਰੀ ਕਹਾ ਕੀ ਹੋਰ ਹਵਾਲਾ

ਨੇਂਹ ਦੀ ਤਰਫ਼ ਤਕਾਵੇ ਪਾਪੀ ਦੇਖ ਕਲੂ ਦਾ ਚਾਲਾ
ਦੇਖੋ ਪਾਪੀ ਸ਼ਾਹੂਕਾਰ ਨੇ ਕੈਸਾ ਜ਼ੁਲਮ ਕਮਾਇਆ
ਧੱਕਾ ਦੇ ਕੇ ਕੁੰਵਰ ਬਸੰਤਾ ਸਾਗਰ ਵਿਚ ਰੁੜ੍ਹਾਇਆ
ਜਿਸਦੀ ਬਦਲੇ ਧਰਮ ਗਾਲਿਆ ਸ਼ਾਹੂਕਾਰ ਵਪਾਰੀ
ਸਭਾ ਤੇਰੀ ਵਿਚ ਬੈਠੀ ਰਾਜਾ ਵੀਰ ਤੇਰੇ ਦੀ ਨਾਰੀ
ਸ਼ਾਹੂਕਾਰ ਵੀ ਬੈਠਾ ਰਾਜਾ ਸਭਾ ਤੇਰੀ ਵਿਚ ਆ ਕੇ
ਜਿਸਨੇ ਤੇਰਾ ਵੀਰ ਮਾਰਿਆ ਸਾਗਰ ਵਿਚ ਰੁੜ੍ਹਾ ਕੇ
ਜਦੋਂ ਇਤਨਾ ਸੁਖ਼ਨ ਜ਼ਬਾਨੋਂ ਧੀ ਮਾਲਣ ਦੀ ਬੋਲੀ
ਓਸੇ ਵੇਲੇ ਭੂਪ ਰੂਪ ਦੇ ਲੱਗੀ ਜਿਗਰ ਵਿਚ ਗੋਲੀ
ਸ਼ਾਹੂਕਾਰ ਨੂੰ ਓਸੇ ਵੇਲੇ ਬੱਧਾ ਮੁਸ਼ਕਾਂ ਪਾ ਕੇ
ਹਵਾਲਾਟ ਵਿਚ ਦਾਖ਼ਲ ਕੀਤਾ ਗਲ ਵਿੱਚ ਤੌਕ ਅੜਾ ਕੇ
ਚੰਦਰਬਦਨ ਰਾਣੀ ਨੂੰ ਰਾਜੇ ਮਹਿਲਾਂ ਵਿਚ ਪਹੁੰਚਾਇਆ
ਸੁਣੀ ਵੀਰ ਦੀ ਮੌਤ ਰੂਪ ਰੋ ਰੋ ਹਾਲ ਵੰਜਾਇਆ
ਰੂਪ ਆਖਦਾ ਮਾਲਣ ਤਾਈਂ ਕਥਾ ਕੇਹੀ ਤੈਂ ਕੀਤੀ
ਵੀਰ ਮੇਰੇ ਦੀ ਮੌਤ ਆਖ ਕੇ ਜਾਨ ਮੇਰੀ ਵੱਢ ਲੀਤੀ
ਸੁਣ ਕੇ ਤੇਰੇ ਸੁਖ਼ਨ ਮਾਲਣੇ ਸੀਨਾ ਮੇਰਾ ਸੜਿਆ
ਆਖ ਸ਼ਤਾਬੀ ਵੀਰਨ ਮੇਰਾ ਡੁੱਬ ਮੋਇਆ ਕਿ ਤਰਿਆ
ਮਾਲਣ ਕਹੇ ਰਾਮ ਕਹੁ ਰਾਜਾ ਸਾਰੇ ਕੰਮ ਸਵਾਰੇ
ਕੌਣ ਉਨ੍ਹਾ ਨੂੰ ਡੋਬੇ ਸ਼ਾਹਾ ਰਾਮ ਜਿਨ੍ਹਾ ਨੂੰ ਤਾਰੇ
ਗਿਰਦੇ ਸਾਰ ਬਸੰਤ ਕੁੰਵਰ ਨੇ ਹਰਿ ਕਾ ਨਾਮ ਚਿਤਾਰਾ
ਓਸੇ ਵਕਤ ਪ੍ਰਗਟ ਹੋ ਗਿਆ ਹਰਿ ਭਗਤਾ ਦਾ ਪਿਆਰਾ
ਰੂਪ ਮੱਛ ਦਾ ਧਰ ਕੇ ਹਰਿ ਨੇ ਲਾਇਆ ਕੁੰਵਰ ਕਿਨਾਰੇ
ਕੌਣ ਓਸ ਨੂੰ ਮਾਰੇ ਰਾਜਾ ਹਰਿ ਜਿਸਦੇ ਰਖਵਾਰੇ
ਘਾਟ ਮਿਸਰ ਦੇ ਲਾਇਆ ਉਸਨੂੰ ਦੀਨ ਬੰਧੂ ਗਿਰਧਾਰੀ
ਪੱਤਣ ਦੇਖ ਮਿਸਰ ਦਾ ਉਸਨੇ ਛਾਲ ਮੱਛ ਤੋਂ ਮਾਰੀ
ਓਸ ਜਗ੍ਹਾ ਪਰ ਪਾਣੀ ਤਾਰੂ ਲੱਗਾ ਗ਼ੋਤੇ ਖਾਵਣ
ਓਅੰਕਾਰ ਭਗਤਾਂ ਦੇ ਰੱਛਕ ਤੁਰਤ ਸਬੱਬ ਬਨਾਵਣ
ਸੋਮਦੱਤ ਮਾਲੀ ਜੋ ਤੇਰਾ ਜੰਗਲ ਦਿਸਾ ਗਿਆ ਸੀ
ਗੋਤੇ ਖਾਂਦਾ ਕੁੰਵਰ ਓਸਨੂੰ ਦੂਰੋਂ ਨਜ਼ਰ ਪਿਆ ਸੀ
ਉਸ ਮਾਲੀ ਨੇ ਵੀਰ ਤੇਰੇ ਨੂੰ ਫੜਿਆ ਗ਼ੋਤੇ ਖਾਦਾ
ਬੇਸੁੱਧ ਹੋਇਆ ਕੁੰਵਰ ਓਸਨੇ ਘਰ ਨੂੰ ਚੁੱਕ ਲਿਆਂਦਾ
ਦੋ ਘੜੀਆ ਦੇ ਬਾਦ ਰਾਜਿਆ ਸੁਰਤ ਓਸਨੂੰ ਆਈ
ਸੁਣ ਕੇ ਆਪਨੀ ਹਾਲਤ ਸਾਨੂੰ ਸਾਰੀ ਆਖ ਸੁਣਾਈ

ਸੁਣ ਕੇ ਤੇਰਾ ਨਾਮ ਅਸਾਂ ਨੇ ਲੱਖ ਸੁਕਰਾਨਾ ਕੀਤਾ
ਸੇਵਾ ਕੀਤੀ ਵੀਰ ਤੇਰੇ ਦੀ ਜੋ ਕੁਝ ਸਾਥੋਂ ਸਰਿਆ
ਅੱਠ ਰੋਜ਼ ਜਦ ਬੀਤੇ ਸ਼ਾਹਾ ਸਾਹੂਕਾਰ ਭੀ ਆਇਆ
ਦੀਨ ਬੰਧੂ ਹਰੀ ਨੇ ਉਸਦਾ ਆਪ ਸਬੱਬ ਬਣਾਇਆ
ਆਇਆ ਬੇੜਾ ਸ਼ਾਹੂਕਾਰ ਦਾ ਖ਼ਬਰ ਕੁੰਵਰ ਨੂੰ ਹੋਈ
ਓਸੇ ਵਕਤ ਮਾਂ ਮੇਰੀ ਅੱਗੇ ਕਰੀ ਕੁੰਵਰ ਅਰਜ਼ੋਈ
ਮਾ ਮੇਰੀ ਨੇ ਜਾ ਕੇ ਸ਼ਾਹਾ ਰਾਣੀ ਨੂੰ ਸਿਖਲਾਇਆ
ਉਸ ਨੇ ਪਾਪੀ ਸ਼ਾਹੂਕਾਰ ਨੂੰ ਸੁਆਲ ਕਥਾ ਦਾ ਪਾਇਆ
ਸ਼ਾਹੂਕਾਰ ਨੇ ਵਿਸ਼ੇ ਵਾਸਤੇ ਸੁਆਲ ਤੁਸਾਂ ਨੂੰ ਕੀਤਾ
ਜੈਸੀ ਕਰਨੀ ਕਰੀ ਦੁਸ਼ਟ ਨੇ ਤੈਸਾ ਹੀ ਫਲ ਲੀਤਾ
ਅੱਠਾਂ ਦਿਨਾਂ ਦਾ ਕੁੰਵਰ ਬਸੰਤਾ ਘਰੀਂ ਅਸਾਡੇ ਰਹਿੰਦਾ
ਦਮ ਦਮ ਯਾਦ ਕਰੇ ਉਹ ਤੈਨੂੰ ਪੈਂਦਾ ਉਠਦਾ ਬਹਿੰਦਾ
ਸੁਣ ਕੇ ਇਤਨੀ ਗੱਲ ਰੂਪ ਨੇ ਕੀਤੀ ਲੱਖ ਲੱਖ ਸਾਦੀ
ਦੀਨਾ ਨਾਥ ਦਿਆਲ ਹਰੀ ਨੇ ਕੀਤੀ ਫੇਰ ਆਬਾਦੀ
ਰੂਪ ਆਖਦਾ ਮਾਲਣ ਤਾਈਂ ਦਾਨ ਵੀਰ ਦਾ ਪਾ ਦੇ
ਰਾਜ ਮਿਸਰ ਦਾ ਸਾਰਾ ਲੈ ਲੈ ਵੀਰਨ ਮੇਰਾ ਮਿਲਾ ਦੇ
ਮਾਲਣ ਕਹੇ ਰਾਜਿਆ ਮੈਨੂੰ ਲੋੜ ਰਾਜ ਦੀ ਨਾਹੀਂ
ਤੈਨੂੰ ਰਾਜ ਮੁਬਾਰਕ ਹੋਵੇ ਫ਼ਜ਼ਲ ਕਰੇ ਰੱਬ ਸਾਈਂ
ਅਰਜ਼ ਮੇਰੀ ਇਕ ਮਾਨੋ ਰਾਜਾ ਵੀਰਨ ਤੇਰਾ ਮਿਲਾਵਾਂ
ਜਾ ਕਰ ਘਰੀਂ ਬਸੰਤ ਕੁੰਵਰ ਨੂੰ ਵਿਚ ਸਭਾ ਦੇ ਲਿਆਵਾਂ
ਕੋਤਵਾਲ ਜ਼ਾਲਮ ਤੋਂ ਮੈਨੂੰ ਲੈ ਦੇ ਉਸ ਦੇ ਸ਼ਸਤ੍ਰ
ਕੁੰਵਰ ਬਸੰਤ ਮਿਲੇਗਾ ਤੈਨੂੰ ਲਾ ਕੇ ਸ਼ਸਤ੍ਰ ਬਸਤ੍ਰ
ਇਹ ਗੱਲ ਸੁਣ ਕੇ ਰੂਪ ਭੂਪ ਨੇ ਦੇਰ ਜ਼ਰਾ ਨਾ ਲਾਈ
ਇਕ ਪੋਸ਼ਾਕ ਰੇਸ਼ਮੀ ਯਾਰੋ ਮਾਲਣ ਨੂੰ ਪਕੜਾਈ
ਪੰਜੇ ਸ਼ਸਤ੍ਰ ਦਿਤੇ ਰੂਪ ਨੇ ਉਸੀ ਵਕਤ ਮੰਗਵਾ ਕੇ
ਮਾਲਣ ਵਿਦਾ ਸਭ ਤੋਂ ਹੋਈ ਇਜ਼ਨ ਰੂਪ ਦਾ ਪਾ ਕੇ
ਕੁੰਵਰ ਮਾਲੀਆਂ ਦੇ ਘਰ ਆਇਆ ਹੋਈ ਕਥਾ ਸੰਪੂਰਣ
ਦੌਲਤ ਰਾਮ ਦਾਸ ਦੀ ਹਰਿ ਨੇ ਆਸਾ ਕੀਤੀ ਪੂਰਣ

## ਬਸੰਤ ਨੇ ਬਸਤਰ ਪਹਿਨ ਕੇ ਸਭਾ ਵਿਚ ਆਵਣਾ

ਲਾਹੇ ਕਪੜੇ ਕੁੰਵਰ ਜ਼ਨਾਨੀਆ ਦੇ ਜਾਮਾ ਮਰਦ ਦਾ ਅੰਗ ਲਗਾਇਆ ਈ
ਬਸਤ੍ਰ ਪਾ ਕੇ ਪੰਜੇ ਸ਼ਸਤ੍ਰ ਸਿੱਧਾ ਰੂਪ ਦੀ ਸਭਾ ਨੂੰ ਧਾਇਆ ਈ
ਧਯਾਨ ਰੁਪ ਦਾ ਭੀ ਓਸੇ ਤਰਫ ਆਹਾ ਜਾਣ ਭੁਖਿਆ ਅੰਨ ਦਿਸਾਇਆ ਈ

ਚਲੋ ਚਾਲ ਬਸੰਤ ਵੀ ਆਣ ਪਹੁੰਚਾ ਪੈਰ ਸਭਾ ਦੇ ਵਿਚ ਟਿਕਾਇਆ ਈ
ਸਾਰੀ ਸਭਾ ਨੇ ਕੁੰਵਰ ਦਾ ਅਦਬ ਕੀਤਾ ਹੱਥ ਜੋੜ ਪਰਣਾਮ ਬੁਲਾਇਆ ਈ
ਪਕੜੇ ਰੂਪ ਦੇ ਪੈਰ ਬਸੰਤ ਜੀ ਨੇ ਨਾਲ ਆਜਜ਼ੀ ਸੀਸ ਨਿਵਾਇਆ ਈ
ਹੋਇਆ ਜ਼ਰਾ ਭੀ ਹਠ ਨਾ ਰੂਪ ਕੋਲੋਂ ਨੈਣੀ ਰੋਂਦਿਆ ਨੀਰ ਚਲਾਇਆ ਈ
ਜੱਫ਼ੀ ਪਾ ਲਈ ਰੂਪ ਨੇ ਵੀਰ ਤਾਈ ਘੁੱਟ ਘੁੱਟ ਕਲੇਜੜੇ ਲਾਇਆ ਈ
ਦੌਲਤ ਰਾਮ ਤੇ ਭਰਥ ਦਾ ਮੇਲ ਹੋਇਆ ਰੋਇ ਰੋਇ ਬਹਿਰ ਵਹਾਇਆ ਈ
ਦਾਗ਼ ਹਿਜਰ ਦਾ ਰੂਪ ਦੇ ਜਿਗਰ ਉਤੋ ਨੀਰ ਨੈਣਾਂ ਦੇ ਨਾਲ ਗਵਾਇਆ ਈ
ਬਾਰ ਬਾਰ ਕਲੇਜੜੇ ਦੇ ਨਾਲ ਲਾਵੇ ਗੋਇਆ ਲਾਲ ਕੰਗਾਲ ਨੇ ਪਾਇਆ ਈ
ਸਾਰਾ ਸ਼ਹਿਰ ਮੁਬਾਰਕਾਂ ਦੇਣ ਆਇਆ ਭਾਈ ਰੂਪ ਨੂੰ ਰੱਬ ਮਿਲਾਇਆ ਈ
ਓਸੇ ਵਕਤ ਖ਼ਜ਼ਾਨਚੀ ਸੱਦ ਲੀਤਾ ਰਾਜੇ ਪੁੰਨ ਤੇ ਦਾਨ ਕਰਵਾਇਆ ਈ
ਦੌਲਤ ਰਾਮ ਪਿਆਰੜੇ ਵੀਰ ਡਾਢੇ ਮੋਹ ਰੱਬ ਜਹਾਨ ਤੇ ਪਾਇਆ ਈ

## ਵਾਕ ਕਵੀਸ਼ਰ

ਬਰਖਾ ਫੁੱਲਾਂ ਦੀ ਆਣ ਕੇ ਹੋਣ ਲੱਗੀ ਬੈਠ ਤਖਤ ਉਤੇ ਦੋਵੇ ਕੌਰ ਯਾਰੋ
ਦੋਵੇਂ ਖ਼ੁਸੀ ਦੇ ਨਾਲ ਭਰਪੂਰ ਹੋਏ ਗੋਇਆ ਫੁੱਲ ਉਤੇ ਆਇਆ ਭੌਰ ਯਾਰੋ
ਦੀਨਾ ਨਾਥ ਭਗਵਾਨ ਨੇ ਫਜ਼ਲ ਕੀਤਾ ਹੋਏ ਰਾਜਨੀਤੀ ਵਾਲੇ ਤੌਰ ਯਾਰੋ
ਸਿਰ ਤੇ ਛਤ੍ਰ ਸੋਹੇ ਹੀਰੀ ਜੜਤ ਜੜਿਆ ਨਾਲੇ ਝਾਲਦੇ ਨੀ ਨਫਰ ਚੌਰ ਯਾਰੋ
ਦੌਲਤ ਰਾਮ ਭਗਵਾਨ ਜੇ ਕਰੇ ਕਿਰਪਾ ਸੱਭੇ ਜਾਵਦੇ ਨੀ ਕੰਮ ਸੌਰ ਯਾਰੋ

## ਵਾਕ ਰੂਪ ਕਾ

ਰੂਪ ਆਖਦਾ ਵੀਰਨਾ ਦੱਸ ਮੈਨੂੰ ਤੇਰਾ ਅਦਲ ਹੁਣ ਕਿਵੇਂ ਟਹਿਰਾ ਦੇਵਾ
ਜਿਨ੍ਹਾ ਜ਼ਾਲਮਾ ਨੇ ਤੈਨੂੰ ਕਸ਼ਟ ਦਿਤੇ ਦੱਸ ਉਹਨਾਂ ਨੂੰ ਕੇ ਸਜਾ ਦੇਵਾ
ਜੇਕਰ ਕਹੇ ਤਾ ਚਵ੍ਹਾ ਨੂੰ ਚਿਖਾ ਪਾ ਕੇ ਚਾਰੇ ਤਰਫ ਮੈ ਅੱਗ ਲਗਾ ਦੇਵਾਂ
ਜੇਕਰ ਕਹੇਂ ਤਾ ਵੱਢ ਕੇ ਕਰਾ ਟੋਟੇ ਮਾਸ ਕੁੱਤਿਆ ਦੇ ਅੱਗੇ ਪਾ ਦੇਵਾਂ
ਜੇਹੜੇ ਤੌਰ ਹੋਵੇ ਤੇਰਾ ਚਿੱਤ ਰਾਜੀ ਉਸੀ ਤੌਰ ਦੀ ਬਣਤ ਬਣਾ ਦੇਵਾ
ਦੌਲਤ ਰਾਮ ਜ਼ਬਾਨ ਤੇ ਆਖ ਮੈਨੂੰ ਜਿੰਦ ਚਵ੍ਹਾਂ ਦੀ ਹੁਣੇ ਮੁਕਾ ਦੇਵਾ

## ਵਾਕ ਬਸੰਤ ਕਾ

ਦੋਵੇ ਜੋੜ ਕੇ ਹੱਥ ਬਸੰਤ ਆਖੇ ਮੇਰੇ ਲਈ ਨਾ ਕਿਸੇ ਨੂੰ ਮਾਰ ਭਾਈ
ਦੁਸ਼ਮਨ ਕੌਣ ਤੇ ਕੌਣ ਹੈ ਮੀਤ ਸਾਡਾ ਮੇਲਾ ਜੱਗ ਵਾਲਾ ਦਿਨ ਚਾਰ ਭਾਈ
ਏਸੇ ਤਰ੍ਹਾਂ ਲਿਖਿਆ ਆਹਾ ਲੇਖ ਮੇਰਾ ਦੇਵੇ ਕੌਣ ਤਕਦੀਰ ਨੂੰ ਟਾਰ ਭਾਈ
ਸਾਈਂ ਕਰਮ ਕੀਤਾ ਮੈਨੂੰ ਬਖ਼ਸ ਲੀਤਾ ਇਹ ਭੀ ਸ਼ੁਕਰ ਹੈ ਲੱਖ ਹਜ਼ਾਰ ਭਾਈ
ਦੌਲਤ ਰਾਮ ਸਿਰ ਕਿਸੇ ਦੋਸ਼ ਕਾਹਦਾ ਮੇਰੇ ਨਾਲ ਹੋ ਗਈ ਹੋਣਹਾਰ ਭਾਈ

## ਵਾਕ ਕਵੀਸ਼ਰ ਕਾ

ਮੰਨੀ ਰੂਪ ਨੇ ਗੱਲ ਨਾ ਇਕ ਯਾਰੋ ਆ ਕੇ ਕ੍ਰੋਧ ਨੇ ਕੰਮ ਵਿਗਾੜ ਦਿੱਤਾ
ਓਸੇ ਵਕਤ ਜਲਾਦਾਂ ਨੂੰ ਸੱਦ ਕੇ ਤੇ ਚਵ੍ਹਾਂ ਵੈਰੀਆ ਨੂੰ ਰਾਜੇ ਮਾਰ ਦਿੱਤਾ
ਚੌਕੀਦਾਰ, ਕੋਤਵਾਲ ਤੇ ਕੰਜਰੀ ਨੂੰ ਓਸੇ ਵਕਤ ਸੂਲੀ ਉਤੇ ਚਾੜ੍ਹ ਦਿੱਤਾ
ਸ਼ਾਹੂਕਾਰ ਦਾ ਰੂਪ ਨੇ ਆਪ ਹੱਥੀਂ ਖੰਡਾ ਮਾਰ ਕੇ ਸੀਸ ਉਤਾਰ ਦਿੱਤਾ
ਹੱਥੀਂ ਵੱਢ ਕੇ ਚਵ੍ਹਾਂ ਦੇ ਕਰ ਟੋਟੇ ਮਾਸ ਕੁੱਤਿਆਂ ਦੇ ਅਗੇ ਡਾਰ ਦਿੱਤਾ
ਦੌਲਤ ਰਾਮ ਕਰ ਕੇ ਨਸ਼ਟ ਦੁਸ਼ਮਣਾ ਦਾ ਸੱਚੇ ਰੱਬ ਦਾ ਸੁਕਰ ਗੁਜ਼ਾਰ ਦਿੱਤਾ

## ਰੂਪ ਨੇ ਇਨਾਮ ਦੇਣਾ ਸੋਮਦੱਤ ਤੇ ਲਾਲੂ ਨੂੰ

ਸੋਮਦੱਤ ਮਾਲੀ ਤਾਈਂ ਵਕਤ ਓਸੇ ਕੀਤੇ ਪੰਜ ਗ੍ਰਾਮ ਇਨਾਮ ਲੋਕੋ
ਲਾਲੂ ਨਾਮ ਘੁਮਿਆਰ ਨੂੰ ਸ਼ਾਦ ਹੋ ਕੇ ਬਖ਼ਸ਼ੇ ਰੂਪ ਨੇ ਪੰਜ ਗ੍ਰਾਮ ਲੋਕੋ
ਸ਼ਾਹੂਕਾਰ ਦਾ ਮਾਲ ਮਤਾਹ ਸਾਰਾ ਦਿਤਾ ਵੰਡ ਭਗਵਾਨ ਦੇ ਨਾਮ ਲੋਕੋ
ਬੁਰਾ ਕਰੇ ਸੋ ਮਰੇ ਬੇਹਾਲ ਹੋ ਕੇ ਮਿਲਦਾ ਭਲੇ ਨੂੰ ਅੰਤ ਆਰਾਮ ਲੋਕੋ
ਮੰਦੇ ਹਾਲ ਹੋਸਨ ਉਨ੍ਹਾਂ ਜ਼ਾਲਮਾਂ ਦੇ ਜੇਹੜੇ ਖਾਵਦੇ ਨਿੱਤ ਹਰਾਮ ਲੋਕੋ
ਨੇਕੀ ਨੇਕ ਤਾਈਂ ਬਦੀ ਬਦਾ ਤਾਈ ਮਸਾਹੂਰ ਇਹ ਗੱਲ ਹੈ ਆਮ ਲੋਕੋ
ਏਹੋ ਵੇਦ ਭਗਵਾਨ ਫੁਰਮਾਂਵਦਾ ਹੈ ਇਹੋ ਵਿਚ ਕੁਰਾਨ ਕਲਾਮ ਲੋਕੋ
ਦੌਲਤ ਰਾਮ ਛੱਡੋ ਦਗੇ ਬਾਜ਼ੀਆਂ ਨੂੰ ਰਾਮ ਰਾਮ ਆਖੋ ਰਾਮ ਰਾਮ ਲੋਕੋ

## ਰੂਪ ਨੇ ਬਸੰਤ ਕੋਲੋਂ ਹਾਲ ਪੁੱਛਣਾ

ਰੂਪ ਕੁੰਵਰ ਬਸੰਤ ਨੂੰ ਪੁੱਛਦਾ ਏ ਵੀਰਾ ਕਿਸ ਤਰ੍ਹਾਂ ਵਕਤ ਲੰਘਾਇਆ ਓਇ
ਚਾਰ ਜਾਮ ਮੈਂ ਬੈਠ ਕੇ ਰਿਹਾ ਰੋਂਦਾ ਤੈਨੇ ਸ਼ਬਦ ਨਾ ਮੁੱਖੋਂ ਅਲਾਇਆ ਓਇ
ਕਈ ਵਾਰ ਜੱਫੀ ਪਾ ਕੇ ਚਾਇਆ ਮ ਤੈਨੇ ਅੰਗ ਨਾ ਮੂਲ ਹਿਲਾਇਆ ਓਇ
ਛੋਕੜ ਲੋਥ ਤੇਰੀ ਬੀਆਬਾਨ ਛੱਡੀ ਕੱਫਨ ਵਾਸਤੇ ਮਿਸਰ ਨੂੰ ਧਾਇਆ ਓਇ
ਐਸਾ ਕੌਣ ਕਰਨੀ ਵਾਲਾ ਸੰਤ ਮਿਲਿਆ ਜਿਸਨੇ ਮੋਏ ਨੂੰ ਫੇਰ ਜਿਵਾਇਆ ਓਇ
ਇਕ ਰੋਜ਼ ਪ੍ਰਭਾਤ ਦੇ ਵਕਤ ਵੀਰਾ ਸੁਫਨੇ ਵਿਚ ਤੈਂ ਮੁੱਖ ਵਿਖਾਇਆ ਓਇ
ਉਸੇ ਰੋਜ਼ ਹੋਇਆ ਮਿਲਾਪ ਤੇਰਾ ਮੁੜ ਕੇ ਫੇਰ ਦੀਦਾਰ ਨਾ ਪਾਇਆ ਓਇ
ਮੈਨੂੰ ਛੱਡ ਕੇ ਵੀਰਨਾ ਰਿਹਾ ਕਿੱਥੇ ਤੈਨੂੰ ਤਰਸ ਨਾ ਰੱਬ ਦਾ ਆਇਆ ਓਇ
ਜੇਕਰ ਮੁਝ ਨੂੰ ਮਨੋ ਵਿਸਾਰ ਦਿਤਾ ਤਾਂ ਹੀ ਕਸਟ ਤੈਂ ਏਤਨਾ ਪਾਇਆ ਓਇ
ਤੇਰੇ ਦੁੱਖ ਸੁਣ ਕੇ ਸੀਨਾ ਚਾਕ ਹੋਇਆ ਮੈਨੇ ਅਕਲ ਤੇ ਹੋਸ ਭੁਲਾਇਆ ਓਇ
ਤੈਨੂੰ ਵੇਖ ਕੇ ਮੁਝ ਨੂੰ ਸ਼ਾਂਤ ਆਈ ਲੱਖ ਲੱਖ ਮੈਂ ਸ਼ੁਕਰ ਮਨਾਇਆ ਓਇ
ਦੌਲਤ ਰਾਮ ਬੇੜਾ ਤੇਰੀ ਜ਼ਿੰਦਗੀ ਦਾ ਮੈਨੂੰ ਦੱਸ ਕਿਸਨੇ ਬੰਨੇ ਲਾਇਆ ਓਇ

## ਜਵਾਬ ਬਸੰਤ ਕਾ

ਕੁੰਵਰ ਆਖਦਾ ਉਸ ਦਾ ਜ਼ਿਕਰ ਕਾਦ੍ਹਾ ਜੇਹੜਾ ਵਕਤ ਭਗਵਾਨ ਲੰਘਾ ਦਿਤਾ

ਮੰਗਲ ਨਾਥ ਗੁਰਦੇਵ ਨੇ ਕਰੀ ਕਿਰਪਾ ਮੈਨੂੰ ਮੋਏ ਨੂੰ ਫੇਰ ਜਿਵਾ ਦਿਤਾ
ਲੱਖ ਵਾਰ ਕੁਰਬਾਨ ਮੈਂ ਗੁਰਾ ਉੱਤੋਂ ਜਿਣ੍ਹਾਂ ਦੂਸਰਾ ਜਨਵ ਦਿਵਾ ਦਿਤਾ
ਹੋਰ ਹਾਲ ਜੋ ਬੀਤਿਆ ਨਾਲ ਮੇਰੇ ਤੈਨੂੰ ਸਭਾ ਦੇ ਵਿਚ ਸੁਨਾ ਦਿਤਾ
ਬੀਤੀ ਬਾਤ ਦਾ ਕਰੋ ਅਫਸੋਸ ਕਾਹਦਾ ਜੇਹੜਾ ਫੈਸਲਾ ਰੱਬ ਮੁਕਾ ਦਿਤਾ
ਸਭੇ ਦੁੱਖ ਮੇਰ ਅਜ ਦੂਰ ਹੋਏ ਤੇਰਾ ਮੇਲ ਕਰਤਾਰ ਕਰਵਾ ਦਿਤਾ
ਦੀਨਾ ਨਾਥ ਗੋਬਿੰਦ ਨੇ ਮੇਹਰ ਕੀਤੀ ਦੁੱਖ ਕੱਟ ਕੇ ਸੁੱਖ ਵਖਾ ਦਿਤਾ
ਦੌਲਤ ਰਾਮ ਮਟਕਾ ਜੇਹੜੀ ਜਾ ਦਾ ਸੀ ਉਸੇ ਜਗ੍ਹਾ ਤੇ ਰੱਬ ਮਿਲਾ ਦਿਤਾ

## ਵਾਕ ਰੂਪ ਕਾ

ਰੂਪ ਆਖਦਾ ਕੁੰਵਰ ਬਸੰਤ ਤਾਈਂ ਆਪਣੇ ਗੁਰੂ ਦਾ ਦੱਸ ਅਸਥਾਨ ਵੀਰਾ
ਕੋਈ ਕਰਾਂ ਸੇਵਾ ਤੇਰੇ ਗੁਰੂ ਦੀ ਮੈਂ ਜਿਸ ਨੇ ਰੱਖ ਲੀਤੀ ਤੇਰੀ ਜਾਨ ਵੀਰਾ
ਅੰਸ ਗੁਰਾ ਦਾ ਦਰਸ ਹਮੇਸ ਕਰੀਏ ਜੇਹੜੇ ਮੋਏ ਨੂੰ ਫੇਰ ਜਿਵਾਨ ਵੀਰਾ
ਚਲੋ ਝੱਬ ਗੁਰਦੇਵ ਦਾ ਦਰਸ ਕਰੀਏ ਚਾਰ ਰੋਜ਼ ਦਾ ਮੇਲ ਜਹਾਨ ਵੀਰਾ
ਦੌਲਤ ਰਾਮ ਜੇ ਮਿਲੇ ਗੁਰਦੇਵ ਐਸਾ ਉਸਦੇ ਨਾਮ ਤੋ ਜਾਨ ਕੁਰਬਾਨ ਵੀਰਾ

## ਰੂਪ ਬਸੰਤ ਨੇ ਮੰਗਲ ਨਾਥ ਜੋਗੀ ਕੇ ਦਰਸ਼ਨ ਵਾਸਤੇ ਜਾਣਾ ਔਰ ਆਦਰ ਸਨਮਾਨ ਦੇ ਨਾਲ ਸਿੱਧ ਮੰਗਲ ਨਾਥ ਕੋ ਮਿਸਰ ਲੈ ਆਵਣਾ

ਦੋਵੇਂ ਵੀਰ ਉਸ ਵੱਲ ਤਿਆਰ ਹੋਏ ਮੰਗਲ ਨਾਥ ਦੇ ਲੈਣ ਨੂੰ ਜਾਵਦੇ ਨੀ
ਲੀਤੇ ਸਾਥ ਵਜੀਰ ਦੀਵਾਨ ਸੱਭੇ ਸਿੱਧੇ ਨਾਥ ਦੀ ਕੁਟੀ ਨੂੰ ਧਾਵਦੇ ਨੀ
ਅੱਗੇ ਨਾਥ ਬੈਠ ਹਰੀ ਦਾ ਭਜਨ ਕਰਦਾ ਸੱਭੇ ਜਾਇਕੇ ਸੀਸ ਨਿਵਾਦੇ ਨੀ
ਨਾਥ ਵੇਖ ਬਸੰਤ ਨੂੰ ਖੁਸੀ ਹੋਇਆ ਗੁਰੂ ਸਿੱਖ ਤੇ ਮੇਹਰ ਵਧਾਂਵਦੇ ਨੀ
ਦੋਹਾਂ ਕੰਰਾ ਨੇ ਨਾਥ ਦੇ ਚਰਣ ਪਕੜੇ ਹੱਥ ਜੋੜ ਆਦੇਸ ਬੁਲਾਂਵਦੇ ਨੀ
ਦੋਵੇਂ ਤਰਫ ਪੁੱਛੀ ਕੁਸਲ ਖੇਮ ਯਾਰੋ ਪਿਛਲਾ ਕੁਲ ਅਹਿਵਾਲ ਸੁਨਾਵਦੇ ਨੀ
ਛੇਕੜ ਚਾੜ੍ਹ ਕੇ ਪੀਨਸ ਦੇ ਵਿਚ ਯਾਰੋ ਮੰਗਲ ਨਾਥ ਨੂੰ ਸਾਥ ਲੈ ਆਵਦੇ ਨੀ
ਆ ਕੇ ਮਿਸਰ ਦੇ ਵਿਚ ਪ੍ਰਵੇਸ ਕੀਤਾ ਸੱਚੇ ਰੱਬ ਦਾ ਸੁਕਰ ਬਜਾਂਵਦੇ ਨੀ
ਸਵਾ ਲੱਖ ਰੁਪਈਏ ਦੀ ਭੇਟ ਪੂਜਾ ਅਗੇ ਨਾਥ ਦੇ ਜਾਇ ਟਿਕਾਵਦੇ ਨੀ
ਨਾਥ ਆਖਦਾ ਵੰਡ ਦਿਓ ਆਜਜ਼ਾ ਨੂੰ ਅਸੀ ਜਰ ਨੂੰ ਹੱਥ ਨਾ ਲਾਂਵਦੇ ਨੀ
ਜੋਰੂ ਜਰ ਜ਼ਮੀਨ ਏਹ ਤਿਨ ਜਿਹੜੇ ਤਿੰਨੇ ਫਕਰਾ ਦਾਗ ਲਗਵਾਵਦੇ ਨੀ
ਦਸੋ ਕੇਹੀ ਪਰਵਾਹ ਹੇ ਫੱਕਰਾ ਨੂੰ ਜੇਹੜੇ ਰੱਬ ਦਾ ਨਾਮ ਧਿਆਂਵਦੇ ਨੀ
ਸੁਣ ਕੇ ਗੱਲ ਇਹ ਰੂਪ ਬਸੰਤ ਦੋਵੇਂ ਦੌਲਤ ਰਬ ਦੇ ਨਾਮ ਲੁਟਾਂਵਦੇ ਨੀ
ਮਨ ਧਨ ਬਚ ਕਰਮੀ ਬੀ ਸੁਧ ਹੋ ਕੇ ਸੇਵਾ ਨਾਥ ਦੀ ਖੂਬ ਕਵਾਂਵਦੇ ਨੀ
ਕਾਨੂੰ ਵਾਂਗਰਾ ਖੋਲ੍ਹ ਖਜਾਨਿਆ ਨੂੰ ਕੁੰਵਰ ਯੱਗ ਅਸਮੇਧ ਰਚਾਵਦੇ ਨੀ
ਭੁੱਖਾ ਰਿਹਾ ਨਾ ਪਿੰਡ ਦੇ ਵਿਚ ਕੋਈ ਮਾਯਾ ਮੀਹ ਦੇ ਵਾਂਗ ਬਰਸਾਵਦੇ ਨੀ

ਚੰਦਰਬਦਨ ਤੇ ਕੁੰਵਰ ਬਸੰਤ ਦੋਵੇਂ ਨਾਮ ਧਿਆਵਦੇ ਔਸ ਉਡਾਵਦੇ ਨੀ
ਦੋਵੇਂ ਰੂਪ ਬਸੰਤ ਦਿਲ ਸਾਦ ਹੋ ਕੇ ਬ੍ਰਹਮਾ ਦੇਸ ਨੂੰ ਖਬਰ ਪਹੁੰਚਾਂਵਦੇ ਨੀ
ਚੰਦਰਬਦਨ ਦੇ ਪੇਕਿਆਂ ਪੜ੍ਹੀ ਚਿੱਠੀ ਲੱਖ ਲੱਖ ਉਹ ਸੁਕਰ ਮਨਾਂਵਦੇ ਨੀ
ਕਾਮ ਰੂਪ ਤੇ ਰਾਣੀ ਦੀ ਮਾਂ ਦੋਵੇਂ ਚੰਦਰਬਦਨ ਦੇ ਮਿਲਣ ਨੂੰ ਆਵਦੇ ਨੀ
ਸਾਕ ਅੰਗ ਸਾਰੇ ਅਕੱਠੇ ਆਣ ਹੋਏ ਇਕ ਦੂਏ ਦਾ ਦੁੱਖ ਵੰਡਾਵਦੇ ਨੀ
ਕੋਈ ਰੋਜ਼ ਰਹਿ ਕੇ ਸਭੇ ਵਿਦਾ ਹੋਏ ਆਪੋ ਆਪਣੀ ਘਰੀਂ ਸਿਧਾਵਦੇ ਨੀ
ਸੱਭੇ ਸੁੱਖ ਉਨ੍ਹਾਂ ਨੂੰ ਆਣ ਮਿਲਦੇ ਜੇਹੜੇ ਧਰਮ ਨੂੰ ਤੋੜ ਚੜ੍ਹਾਵਦੇ ਨੀ
ਦੌਲਤ ਰਾਮ ਭਗਵਾਨ ਜੇ ਕਰੇ ਕਿਰਪਾ ਸਾਰੇ ਦੁੱਖ ਫਰਾਰ ਹੋ ਜਾਂਵਦੇ ਨੀ

## ਮੰਗਲ ਨਾਥ ਜੋਗੀ ਨੇ ਤੀਰਥ ਯਾਤਰਾ ਕੋ ਜਾਣਾ

ਕੋਈ ਰੋਜ਼ ਰਹਿ ਕੇ ਮੰਗਲ ਨਾਥ ਜੋਗੀ ਤੀਰਥ ਯਾਤਰਾ ਲਈ ਤਿਆਰ ਹੋਯਾ
ਲੈ ਕੇ ਆਗਿਆ ਰੂਪ ਬਸੰਤ ਸੰਦੀ ਨਾਥ ਪੰਛੀਆ ਵਾਗ ਉਡਾਰ ਹੋਯਾ
ਰਾਮ ਨਾਮ ਦੀ ਹੱਥ ਲਗਾਮ ਪਕੜੀ ਘੋੜੇ ਪੌਣ ਉੱਤੇ ਅਸਵਾਰ ਹੋਯਾ
ਕਦੀ ਜਾਂਵਦਾ ਸੀ ਜਗਨ ਨਾਥ ਯਾਰੋ ਕਦੀ ਬੱਦਰੀ ਨਾਥ ਕਦਾਰ ਹੋਯਾ
ਕਾਸ਼ੀ ਗਇਆ ਪਰਾਗ ਅਜੁੱਧਿਆ ਭੀ ਕਦੇ ਆਣ ਹਾਜਰ ਹਰਿਦੁਆਰ ਹੋਯਾ
ਕਦੇ ਦੁਆਰਕਾ ਤੇ ਹਿੰਗਲਾਜ ਜਾਵੇ ਕਦੇ ਨਾਥ ਦਾ ਦਰਸ ਗਰਨਾਰ ਹੋਯਾ
ਕਦੇ ਸਹਿਰ ਬੰਬਈ ਦੀ ਸੈਰ ਕਰਦਾ ਦੱਖਣ ਦੇਸ ਦਾ ਖ਼ੂਬ ਦੀਦਾਰ ਹੋਯਾ
ਦੌਲਤ ਰਾਮ ਫਕੀਰ ਨੂੰ ਫਿਕਰ ਕਾਹਦਾ ਜਿੱਥੇ ਗਏ ਸੋ ਤਾਬਿਆਦਾਰ ਹਯਾ

## ਮੰਗਲ ਨਾਥ ਜੋਗੀ ਨੇ ਸੰਗਲਦੀਪ ਕੋ ਜਾਣਾ

ਕਰਦਾ ਸੈਰ ਯਾਰੋ ਮੰਗਲ ਨਾਥ ਜੋਗੀ ਸੰਗਲਦੀਪ ਟਾਪੂ ਵਿਚ ਜਾਵਦਾ ਸੀ
ਖੜਗਸੈਨ ਦਾ ਸੀ ਜਿੱਥੇ ਰਾਜ ਲੋਕੋ ਧੂੰਆਂ ਸ਼ਹਿਰ ਦੇ ਬਾਹਰ ਲਗਾਂਵਦਾ ਸੀ
ਲੋਕ ਆਂਵਦੇ ਲਿਆਂਵਦੇ ਦੁੱਧ ਭੋਜਨ ਕੁਝ ਖਾਂਵਦਾ ਕੁਝ ਲੁਟਾਵਦਾ ਸੀ
ਦੌਲਤ ਹੱਕ ਦੀ ਨਾਥ ਨੂੰ ਰੱਬ ਬਖਸ਼ੀ ਪੈਸੇ ਟਕੇ ਨੂੰ ਹੱਥ ਨਾ ਲਾਵਦਾ ਸੀ
ਦਾਰੂ ਦੇਂਵਦਾ ਸੀ ਜੋਗੀ ਅੱਖੀਆ ਦਾ ਫੋਲੇ ਧੁੰਧ ਨੂੰ ਤੁਰਤ ਉਡਾਵਦਾ ਸੀ
ਜੇਕਰ ਆਣ ਕੇ ਕਰੇ ਸਵਾਲ ਕੋਈ ਨਾਮ ਰੱਬ ਦੇ ਆਸ ਪੁਜਾਵਦਾ ਸੀ
ਕੋਈ ਦੁੱਧ ਮੰਗੇ ਕੋਈ ਪੁੱਤ ਮੰਗੇ ਕੋਈ ਦੇਹ ਦਾ ਰੋਗ ਮਿਟਾਂਵਦਾ ਸੀ
ਕੋਈ ਰੋਗ ਵਾਲਾ ਕੋਈ ਸੋਗ ਵਾਲਾ ਕੋਈ ਭੋਗ ਦੀ ਗੱਲ ਸੁਣਾਂਵਦਾ ਸੀ
ਕਰਾਮਾਤ ਫ਼ਕੀਰ ਦੀ ਜ਼ਾਹਰ ਹੋਈ ਸਾਰਾ ਸ਼ਹਿਰ ਹੁਮਾਇਕੇ ਆਂਵਦਾ ਸੀ
ਦੌਲਤ ਰਾਮ ਮੇਲਾ ਰਹੇ ਰਾਤ ਦਿਨੇ ਕੋਈ ਆਂਵਦਾ ਤੇ ਕੋਈ ਜਾਂਵਦਾ ਸੀ

## ਚੰਦਰਵਤੀ ਰਾਤ ਕੋ ਖਬਰ ਹੋਣੀ ਜੋਗੀ ਮੰਗਲ ਨਾਥ ਕੀ

ਚੰਦਰਵਤੀ ਨੂੰ ਕਿਸੇ ਨੇ ਜਾਇ ਕਹਿਆ ਰਾਣੀ ਸਿਧ ਜੋਗੀ ਇਕ ਆਇਆ ਨੀ
ਇਕ ਵਾਰ ਜਿਸਨੇ ਉਸਦੇ ਚਰਨ ਪਕੜੇ ਉਸਦਾ ਰੋਗ ਤੇ ਸੋਗ ਮਿਟਾਇਆ ਨੀ

ਸੱਭੇ ਪਾਪ ਉਨ੍ਹਾਂ ਦੇ ਦੂਰ ਹੋਏ ਦਰਸ਼ਨ ਨਾਥ ਦਾ ਜਿਨ੍ਹਾਂ ਨੇ ਪਾਇਆ ਨੀ
ਇਕਵਾਰ ਉਸਨੂੰ ਜਿਸਨੇ ਸਵਾਲ ਪਾਇਆ ਬ੍ਰਿਥਾ ਕੋਈ ਨ ਓਸ ਤੇ ਆਇਆ ਨੀ
ਜੇਕਰ ਪੁੱਤਰ ਦੀ ਰਾਣੀਏ ਲੋੜ ਤੈਨੂੰ ਅੱਜ ਰੱਬ ਨੇ ਮੇਲ ਮਿਲਾਇਆ ਨੀ
ਲੈ ਕੇ ਰਾਜੇ ਨੂੰ ਝੱਬ ਤੂੰ ਜਾਹ ਰਾਣੀ ਤੇਰਾ ਰੱਬ ਸਬੱਬ ਬਣਾਇਆ ਨੀ
ਤੇਰੀ ਕਰੇਗਾ ਨਾਥ ਮੁਰਾਦ ਹਾਸਲ ਜਦੋ ਹੱਥ ਤੈਨੇ ਪੈਰੀਂ ਲਾਇਆ ਨੀ
ਦੌਲਤ ਰਾਮ ਦੇਸੀ ਤੈਨੂੰ ਪੁਤ ਜੋਗੀ ਜੇਕਰ ਕਰੀ ਭਗਵਾਨ ਨੇ ਦਾਇਆ ਨੀ

**ਰਾਣੀ ਚੰਦਰਵਤੀ ਨੇ ਸਵਾਲ ਕਰਨਾ ਰਾਜੇ ਖੜਗਸੈਨ ਅਗੇ ਜੋਗੀ ਦੇ ਦਰਸ਼ਨ ਵਾਸਤੇ**

ਖੜਗਸੈਨ ਤਾਈਂ ਰਾਣੀ ਆਖਦੀ ਏ ਮੇਰਾ ਮੰਨ ਤੂੰ ਇਕ ਸਵਾਲ ਰਾਜਾ
ਆਪਣੇ ਸ਼ਹਿਰ ਆਇਆ ਕੋਈ ਸਿੱਧ ਜੋਗੀ ਕਰਦਾ ਨਜ਼ਰ ਦੇ ਨਾਲ ਨਿਹਾਲ ਰਾਜਾ
ਦੁੱਖ ਦਰਦ ਸਭੇ ਉਸਦੇ ਦੂਰ ਹੋਵਣ ਜੇਹੜਾ ਓਸਦਾ ਕਰੇ ਜਮਾਲ ਰਾਜਾ
ਸਾਰੇ ਲੋਕ ਸਾਈਆ ਉਸਦੀ ਸਿਫਤ ਕਰਦੇ ਨਾਰੀ ਮਰਦ ਅਤੇ ਬੁੱਢੇ ਬਾਲ ਰਾਜਾ
ਜੇਹੜਾ ਵਾਕ ਜ਼ਬਾਨ ਤੋਂ ਆਖਦਾ ਏ ਪੂਰਾ ਹੋਂਵਦਾ ਏ ਤਤਕਾਲ ਰਾਜਾ
ਚਲੋ ਚਲ ਕੇ ਸੰਤ ਦੀ ਸਰਣ ਫੜੀਏ ਸਾਨੂੰ ਬਖ਼ਸ਼ ਦੇਵੇ ਕੋਈ ਬਾਲ ਰਾਜਾ
ਦੌਲਤ ਰਾਮ ਭਗਵਾਨ ਦਾ ਭਜਨ ਕਰੀਏ ਸਭੇ ਕੰਮ ਹੋ ਜਾਣ ਸੁਖਾਲ ਰਾਜਾ
ਰਾਣੀ ਆਖਦੀ ਰਾਜਿਆ ਚੱਲ ਛਤੀ ਲੋਕ ਜਾਂਵਦੇ ਅਸੀਂ ਭੀ ਜਾਈਏ ਵੇ
ਮਤਾਂ ਪਵੇ ਦਰਵਾਜਿਓ ਖੈਰ ਸਾਨੂੰ ਚੱਲ ਸਾਧਾ ਦੀ ਟਹਿਲ ਕਮਾਈਏ ਵੇ
ਗੱਲ ਤੇ ਪੱਲੜਾ ਮੂੰਹ ਘਾਹ ਲੈ ਕੇ ਅੱਗੇ ਨਾਥ ਦੇ ਅਰਜ਼ ਸੁਣਾਈਏ ਵੇ
ਸਾਧੂ ਅਤੇ ਭਗਵਾਨ ਦਾ ਭੇਦ ਨਾਹੀ ਜੇਕਰ ਚਿੱਤ ਨੂੰ ਨਹੀਂ ਡੁਲਈਏ ਵੇ
ਦੌਲਤ ਰਾਮ ਭਗਵਾਨ ਦਾ ਭਜਨ ਕਰੀਏ ਮੁੜ ਕੇ ਜਨਮ ਜੰਜਾਲ ਨਾ ਪਾਈ ਵੇ

**ਰਾਣੀ ਤੇ ਰਾਜੇ ਜਾਣਾ ਮੰਗਲ ਨਾਥ ਦੇ ਦਰਸ਼ਨ ਵਾਸਤੇ**

ਖੜਗਸੈਨ ਰਾਜਾ ਚੰਦਰਵਤੀ ਰਾਣੀ ਮੰਗਲ ਨਾਥ ਦੇ ਦਰਸ ਨੂੰ ਆਵਦੇ ਜੀ
ਜਾ ਕੇ ਦੋਹਾਂ ਨੇ ਨਾਥ ਦੇ ਚਰਨ ਪਕੜੇ ਹੱਥ ਜੋੜ ਆਦੇਸ਼ ਬੁਲਾਂਵਦੇ ਜੀ
ਮੋਹਰਾਂ ਪੰਜ ਮਠਿਆਈ ਦਾ ਥਾਲ ਭਰ ਕੇ ਅਗੇ ਨਾਥ ਦੇ ਜਾ ਟਿਕਾਂਵਦੇ ਜੀ
ਡਾਢੀ ਲੋੜ ਉਲਾਦ ਦੀ ਗ੍ਰਹਿਸਤੀਆ ਨੂੰ ਵਾਰ ਵਾਰ ਪੈਰੀਂ ਹੱਥ ਲਾਵਦੇ ਜੀ
ਗਲ ਪੱਲੜਾ ਤੇ ਮੂੰਹ ਘਾਹ ਲੈ ਕੇ ਵਾਂਗ ਆਜਜ਼ਾਂ ਵਾਸਤੇ ਪਾਂਵਦੇ ਜੀ
ਦੌਲਤ ਰਾਮ ਜੋ ਕਰਦੇ ਨੀ ਕਰਮ ਖੋਟੇ ਦੇਖੋ ਅੰਤ ਪਿਛੋ ਪਛੋਤਾਂਵਦੇ ਜੀ

**ਵਾਕ ਮੰਗਲ ਨਾਥ ਕਾ**

ਨਾਥ ਆਖਦਾ ਹੈ ਖੜਗਸੈਨ ਤਾਈਂ ਦਿਤਾ ਮੁਝ ਨੂੰ ਕਿਵੇਂ ਦੀਦਾਰ ਰਾਜਾ
ਡਾਢੀ ਗ਼ਰਜ਼ ਕੀ ਤੁਸਾ ਨੂੰ ਪਈ ਮੈਥੋ ਬਾਰ ਬਾਰ ਹੁੰਦਾ ਇੰਤਜ਼ਾਰ ਰਾਜਾ
ਤੁਸਾਂ ਰਾਜਿਆ ਨੂੰ ਪਰਵਾਹ ਕੇਹੀ ਦਿੱਤਾ ਜਿਨ੍ਹਾ ਨੂੰ ਤਖ਼ਤ ਕਰਤਾਰ ਰਾਜਾ
ਦੌਲਤ ਰਾਮ ਕੀ ਬਣੀ ਹੈ ਲੋੜ ਤੈਨੂੰ ਮੇਰੇ ਪਾਸ ਤੂੰ ਸੱਚ ਉਚਾਰ ਰਾਜਾ

## ਵਾਕ ਰਾਜਾ ਕਾ

ਰਾਜਾ ਹੱਥ ਜੋੜੇ ਮੰਗਲ ਨਾਥ ਅੱਗੇ ਡੁੱਬੇ ਤਾਰ ਨਾਥਾ ਡੁੱਬੇ ਤਾਰ ਨਾਥਾ
ਕੋਈ ਜਾ ਨਾ ਮੁਝ ਨੂੰ ਝੱਲਦੀ ਏ ਡਿੱਗਾ ਆਣ ਤੇਰੇ ਦਰਬਾਰ ਨਾਥਾ
ਸੁਣੀ ਸਿਫ਼ਤ ਤੇਰੀ ਆਇਆ ਚਲ ਕੇ ਮੈਂ ਪਾਈ ਦਾਨ ਤੂੰ ਸਖੀ ਦਾਤਾਰ ਨਾਥਾ
ਪੁੱਤ੍ਰ ਬਾਝ ਹੈ ਰਾਜ ਉਜਾੜ ਮੇਰਾ ਸੁੰਞੇ ਗੂੰਜਦੇ ਮਹਿਲ ਮੁਨਾਰ ਨਾਥਾ
ਤੁਸੀਂ ਸੰਤ ਭਗਵਾਨ ਦਾ ਰੂਪ ਹੋਏ ਔਗੁਣਹਾਰ ਨੂੰ ਤੂੰ ਬਖਸ਼ਣਹਾਰ ਨਾਥਾ
ਨਾਮ ਰੱਬ ਦੇ ਮੁਝ ਨੂੰ ਬਾਲ ਬਖ਼ਸ਼ੋ ਬੇੜਾ ਕਰੋ ਕੰਗਾਲ ਦਾ ਪਾਰ ਨਾਥਾ
ਸਰਨ ਪਏ ਦੀ ਲਾਜ ਹੈ ਸਾਧੂਆਂ ਨੂੰ ਪਿਆ ਸ਼ਰਣ ਤੇਰੀ ਗੁਨਾਹਗਾਰ ਨਾਥਾ
ਦੌਲਤ ਰਾਮ ਤੇ ਦਇਆ ਦੀ ਦ੍ਰਿਸ਼ਟ ਪਾਓ ਮੇਰੇ ਵਾਸਤੇ ਤੁਸੀ ਕਰਤਾਰ ਨਾਥਾ

## ਵਾਕ ਨਾਥ ਜੀ ਕਾ

ਨਾਥ ਕਹੇ ਪਰੀਛਿਓਂ ਜ਼ਾਹਰ ਹੋਇਆ ਹੋਏ ਦੋ ਤੇਰੇ ਘਰ ਬਾਲ ਰਾਜਾ
ਕਿਸੇ ਗੱਲ ਤੋਂ ਕੁਝ ਅਜੋੜ ਹੋਈ ਦਿਤੇ ਤੁੱਧ ਨੇ ਘਰੋ ਨਿਕਾਲ ਰਾਜਾ
ਕੀ ਉਹਨਾਂ ਨੇ ਐਬ ਗੁਨਾਹ ਕੀਤਾ ਮੈਨੂੰ ਦੱਸ ਤੂੰ ਕੁਲ ਅਹਿਵਾਲ ਰਾਜਾ
ਦੌਲਤ ਰਾਮ ਕੀ ਉਨ੍ਹਾਂ ਨੇ ਬੁਰਾ ਕੀਤਾ ਗੱਲ ਦੱਸ ਤੂੰ ਧਰਮ ਦੇ ਨਾਲ ਰਾਜਾ

## ਵਾਕ ਰਾਜਾ ਕਾ

ਰਾਜਾ ਆਖਦਾ ਨਾਥ ਜੀ ਸੱਚ ਆਖਾ ਪੁਤਰ ਦੋ ਹੋਏ ਪੈਦਾਵਾਰ ਸਾਈਂ
ਵੱਡਾ ਪੁੱਤ ਮੇਰਾ ਨੇਕ ਬਖ਼ਤ ਆਹਾ ਛੋਟਾ ਬਾਲ ਸੀਗਾ ਐਬਦਾਰ ਸਾਈ
ਮਾਤ੍ਰ ਮਾ ਨੂੰ ਦੇਖ ਬੇਧਰਮ ਹੋਇਆ ਦਿਤਾ ਆਪ ਮੈਂ ਘਰੋਂ ਨਿਕਾਲ ਸਾਈ
ਵੱਡਾ ਕੁੰਵਰ ਭੀ ਤੁਰ ਗਿਆ ਨਾਲ ਉਸਦੇ ਉਸ ਨੂੰ ਜਾਗਿਆ ਮੋਹ ਪਿਆਰ ਸਾਈਂ
ਏਸ ਗੱਲ ਨੂੰ ਮੁਦੱਤਾ ਗੁਜ਼ਰ ਗਈਆ ਹੋਇਆ ਅੱਜ ਇਹ ਜਿਕਰ ਇਜ਼ਹਾਰ ਸਾਈਂ
ਮੈਂ ਭੀ ਝੂਰਦਾ ਹਾ ਉਸ ਵੇਲੜੇ ਨੂੰ ਮੇਰੀ ਅਕਲ ਹੋ ਗਈ ਫਰਾਰ ਸਾਈਂ
ਗਿਆ ਵਕਤ ਨਾ ਕਿਸੇ ਨੂੰ ਹੱਥ ਆਵੇ ਬੈਠਾ ਰੋਵਦਾ ਹਾ ਜ਼ਾਰੋ ਜਾਰ ਸਾਈ
ਦੌਲਤ ਰਾਮ ਹੋਏ ਪੂਰੇ ਬਰਸ ਬਾਰਾ ਹੋਇਆ ਫੇਰ ਨਾ ਕਦੇ ਦੀਦਾਰ ਸਾਈ

## ਵਾਕ ਨਾਥ ਜੀ ਕਾ

ਨਾਥ ਆਖਦਾ ਦੋਸ ਨਾ ਪੁੱਤਰਾ ਨੂੰ ਤੇਰੀ ਇਸਤ੍ਰੀ ਕੁਲ ਗੁਨਾਹ ਕੀਤਾ
ਸੋਹਣੀ ਸਕਲ ਉਤੇ ਬੇਈਮਾਨ ਹੋਈ ਇਸ ਨੇ ਧਰਮ ਈਮਾਨ ਫਨਾਹ ਕੀਤਾ
ਤੋਮਤ ਝੂਠ ਤੂਫਾਨ ਅਜ਼ਗੈਬ ਕਹਿ ਕੇ ਤੇਰੇ ਰਾਜ ਨੂੰ ਏਸ ਫਨਾਹ ਕੀਤਾ
ਦੌਲਤ ਰਾਮ ਹੁਣ ਵੀ ਕੰਮ ਸੌਰ ਜਾਸੀ ਜੇਕਰ ਰੱਬ ਨੇ ਨੇਕ ਨਿਗਾਹ ਕੀਤਾ

## ਵਾਕ ਨਾਥ ਕਾ

ਜੋਗੀ ਆਖਦਾ ਹੈ ਚੰਦ੍ਰਵਤੀ ਤਾਈ ਏਥੇ ਧਰਮ ਦਾ ਕਰੀ ਬਿਆਨ ਮਾਈ

*ਬੁਰੀ ਤੂੰ ਕਿ ਬੁਰਾ ਸੀ ਪੁੱਤ ਤੇਰਾ ਗੱਲ ਆਖ ਦੇ ਨਾਲ ਈਮਾਨ ਮਾਈ*
ਅਸੀਂ ਸਿੱਧ ਜੋਗੀ ਕਰਾਮਾਤ ਵਾਲੇ ਲਈਏ ਚਿੱਤ ਦੀ ਗੱਲ ਪਛਾਨ ਮਾਈ
ਸਾਡੇ ਪਾਸ ਆ ਕੇ ਜੇਹੜਾ ਕੂੜ ਬੋਲੇ ਉਸ ਦਾ ਤੁਖ਼ਮ ਨਾ ਰਹੇ ਜਹਾਨ ਮਾਈ
ਸੱਚੋ ਸੱਚ ਤੂੰ ਆਖ ਦੇਹ ਪਾਸ ਮੇਰੇ ਤੁਹਾਡਾ ਰਾਜ ਕਰਸਾਂ ਅਬਾਦਾਨ ਮਾਈ
ਕਿਸੇ ਗੱਲ ਦਾ ਕਰੀਂ ਨਾ ਖ਼ੌਫ ਕੋਈ ਰੱਖੀਂ ਸੱਚ ਦਾ ਸੁਖ਼ਨ ਜ਼ਬਾਨ ਮਾਈ
ਦੌਲਤ ਰਾਮ ਜੇ ਨੇਕ ਨਸੀਬ ਤੇਰੇ ਤੈਨੂੰ ਦੇਵਸੀ ਪੁੱਤ ਭਗਵਾਨ ਮਾਈ

### ਵਾਕ ਕਵੀਸ਼ਰ

ਯਾਰੋ ਗ਼ਰਜ਼ ਜਹਾਨ ਨੂੰ ਬਹੁਤ ਪਿਆਰੀ ਸੱਭੇ ਆਪਣੀ ਗ਼ਰਜ਼ ਨੂੰ ਚਾਹਵਦੇ ਨੀ
ਗ਼ਰਜ਼ ਆਣ ਬਣਦੀ ਜਦੋਂ ਹਾਕਮਾਂ ਨੂੰ ਅੱਗੇ ਅਦਨਿਆਂ ਸੀਸ ਨਿਵਾਂਵਦੇ ਨੀ
ਗ਼ਰਜ਼ ਲਈ ਉਠਾਂਵਦੇ ਸੀਸ ਮੈਲਾ ਹੱਥਾਂ ਨਾਲ ਪਿਸ਼ਾਬ ਰੁੜ੍ਹਾਵਦੇ ਨੀ
ਗ਼ਰਜ਼ ਵਾਸਤੇ ਸੂਰਮੇ ਯੁੱਧ ਕਰਦੇ ਵਿਚ ਜੰਗਲਾ ਜਿੰਦ ਗਵਾਵਦੇ ਨੀ
ਗ਼ਰਜ ਆਣ ਬਣਦੀ ਜਦੋਂ ਕਾਜ਼ੀਆਂ ਨੂੰ ਮਸਲੇ ਖੋਲ੍ਹ ਕੁਰਾਨ ਬਤਾਂਵਦੇ ਨੀ
ਗ਼ਰਜ਼ ਵਾਸਤੇ ਪੁੱਛ ਲੌ ਪੰਡਤਾਂ ਨੂੰ ਜਾ ਕੇ ਕਥਾ ਪੁਰਾਣ ਸੁਣਾਂਵਦੇ ਨੀ
ਗ਼ਰਜ਼ ਵਾਸਤੇ ਜਾਇ ਕੇ ਤੀਰਥਾਂ ਤੇ ਪਾਪੀ ਧਾਨ ਕੁਧਾਨ ਲਿਆਂਵਦੇ ਨੀ
ਗ਼ਰਜ਼ ਵਾਸਤੇ ਵੇਚਦੇ ਕੰਨਿਆ ਨੂੰ ਪੈਸੇ ਪਾਪ ਦੇ ਵੱਟ ਕੇ ਖਾਂਵਦੇ ਨੀ
ਗਰਜ਼ ਵਾਸਤੇ ਵਿਚ ਕਚਹਿਰੀਆਂ ਦੇ ਪਾਪੀ ਝੂਠੀਆਂ ਸਵ੍ਹਾਂ ਨੂੰ ਚਾਂਵਦੇ ਨੀ
ਗ਼ਰਜ਼ ਵਾਸਤੇ ਧਰਮ ਨੂੰ ਛੋਡ ਦੇਂਦੇ ਗੰਗਾ ਜ਼ਲੀ ਨੂੰ ਸੀਸ ਉਠਾਂਵਦੇ ਨੀ
ਏਸ ਗ਼ਰਜ਼ ਦੇ ਵਾਸਤੇ ਲੋਕ ਜ਼ਾਲਮ ਸੱਕੇ ਭਾਈਆਂ ਨੂੰ ਮਾਰ ਮੁਕਾਂਵਦੇ ਨੀ
ਗ਼ਰਜ਼ ਵਾਸਤੇ ਚੋਰੀਆਂ ਕਰਨ ਬੰਦੇ ਗ਼ਰਜ਼ ਵਾਸਤੇ ਘਾਤ ਕਮਾਂਵਦੇ ਨੀ
ਗ਼ਰਜ਼ ਵਾਸਤੇ ਛੱਡ ਕੇ ਮਿੱਤਰਾ ਨੂੰ ਤੱਜ ਕੇ ਦੇਸ ਪ੍ਰਦੇਸ ਨੂੰ ਜਾਵਦੇ ਨੀ
ਗ਼ਰਜ਼ ਵਾਸਤੇ ਦਗ਼ੇ ਫ਼ਰੇਬ ਕਰਦੇ ਗਰਜ ਵਾਸਤੇ ਭੇਸ ਵਟਾਵਦੇ ਨੀ
ਰੱਬ ਪਾਵਣੇ ਦੀ ਗਰਜ਼ ਸਾਧੂਆਂ ਨੂੰ ਬਸਤੀ ਛੋਡ ਉਜਾੜ ਨੂੰ ਧਾਂਵਦੇ ਨੀ
ਗ਼ਰਜ਼ ਵਾਸਤੇ ਚੁੱਕਦੇ ਟੋਕਰੀ ਨੂੰ ਬੰਦੇ ਜਾਨ ਦੀ ਰੱਤ ਸੁਕਾਂਵਦੇ ਨੀ
ਗ਼ਰਜ਼ ਪੁੱਤ੍ਰਾਂ ਦੀ ਜਦੋਂ ਆਣ ਬਣਦੀ ਰਾਣੀ ਵਾਂਗਰਾ ਸੱਚ ਅਲਾਂਵਦੇ ਨੀ
ਦੌਲਤ ਰਾਮ ਕੁਰਬਾਨ ਹੈ ਫੱਕਰਾ ਤੋਂ ਜੇਹੜੇ ਕੂੜਿਆਂ ਸੱਚ ਬੁਲਾਂਵਦੇ ਨੀ

### ਵਾਕ ਕਵੀਸ਼ਰ

ਕਲੂਕਾਲ ਨੇ ਆਨ ਪਰਵੇਸ਼ ਕੀਤਾ ਲੋਕਾਂ ਬੱਧਾ ਏ ਲੱਕ ਹਰਾਮ ਉੱਤੇ
ਹੋਵੇ ਦੁੱਖ ਤਾਂ ਰਾਮ ਨੂੰ ਯਾਦ ਕਰਦੇ ਹੋਵੇ ਸੁਖ ਤਾਂ ਨੀਤੇ ਹੈ ਕਾਮ ਉੱਤੇ
ਦੁਨੀਆਂ ਖੇਲਦੀ ਹੈ ਆਪਣੇ ਦਾਅ ਯਾਰੋ ਅੰਪਰ ਵੇਖਦਾ ਏ ਸ੍ਰੀ ਰਾਮ ਉੱਤੇ
ਉਸ ਨੂੰ ਸ਼ਾਹਦ ਗਵਾਹ ਦੀ ਲੋੜ ਨਾਹੀਂ ਨਿਗਾਹ ਰਖਦਾ ਏ ਸੁਬਾਹ ਸਾਮ ਉੱਤੇ
ਝੂਠ ਸੱਚ ਦਾ ਫੈਸਲਾ ਆਪ ਕਰਦਾ ਬੈਠਾ ਧਰਮ ਦੇ ਅਦਲ ਮੁਕਾਮ ਉੱਤੇ

ਹੋਰ ਕਿਤੇ ਨਾ ਜੇਕਰ ਸੱਚ ਹੋਵੇ ਸੱਚ ਨਿੱਤਰੇ ਫੱਕਰ ਦੇ ਧਾਮ ਉੱਤੇ
ਦੌਲਤ ਰਾਮ ਫਕੀਰ ਤੇ ਜਾਣ ਸਦਕੇ ਜੇਹੜੇ ਵਿਕੇ ਨੀ ਰਾਮ ਦੇ ਨਾਮ ਉੱਤੇ

## ਵਾਕ ਰਾਣੀ ਕਾ

ਰਾਣੀ ਆਖਦੀ ਸੱਚ ਜੇ ਪੁੱਛਦੇ ਹੋ ਸੱਭੋ ਜ਼ੁਲਮ ਅਪਰਾਧ ਕਮਾਇਆ ਮੈਂ
ਗੇਂਦ ਲੈਨ ਆਯਾ ਕੁੰਵਰ ਮ਼ਹਿਲ ਉਤੇ ਸ਼ਕਲ ਵੇਖ ਕੇ ਧਰਮ ਗਵਾਇਆ ਮੈਂ
ਮੇਰੀ ਕਾਮ ਨੇ ਨਾਥ ਜੀ ਬੁਧ ਮਾਰੀ ਸੱਕੇ ਪੁੱਤ ਦੇ ਚਿਤ ਡੁਲਾਇਆ ਮੈਂ
ਮੰਨੀ ਓਸ ਨੇ ਗੱਲ ਨਾ ਮੂਲ ਮੇਰੀ ਕੂੜ ਚੁੱਕ ਅਲਜ਼ਾਮ ਲਗਾਇਆ ਮੈਂ
ਪਛੋਤਾਵਨੀ ਹਾਂ ਓਸ ਵੇਲਤੇ ਨੂੰ ਰੋਇ ਰੋਇ ਕੇ ਹਾਲ ਵੰਜਾਇਆ ਮੈਂ
ਮੁੜ ਕੇ ਫੇਰ ਨਾ ਘਰੀਂ ਔਲਾਦ ਹੋਈ ਜੈਸਾ ਕਰਮ ਕੀਤਾ ਵੈਸਾ ਪਾਇਆ ਮੈਂ
ਚਾਹੇ ਡੋਬ ਦੇਵੋ ਚਾਹੇ ਤਾਰ ਦੇਵੋ ਤੁਹਾਡਾ ਆਸਰਾ ਅਜ ਤਕਾਇਆ ਮੈਂ
ਰਾਜਾ ਮਾਰ ਦੇਵੇ ਭਾਵੇ ਬਖ਼ਸ ਦੇਵੇ ਐਪਰ ਸੱਚ ਦਾ ਸੁਖਨ ਅਲਾਇਆ ਮੈਂ
ਦੌਲਤ ਰਾਮ ਜੁਗੀਸ਼ਰੋ ਕਿਸੇ ਅੱਗੇ ਅਜ ਤੀਕ ਨਾ ਸੱਚ ਸੁਣਾਇਆ ਮੈਂ

## ਰਾਜੇ ਨੇ ਰਾਣੀ ਦੇ ਕਤਲ ਕਰਨ ਵਾਸਤੇ ਤੇਗ਼ ਪਕੜੀ ਜੋਗੀ ਨੇ ਰੋਕ ਦੇਣਾ ਰੂਪ ਬਸੰਤ ਦਾ ਹਾਲ ਦਸਣਾ

## ਰਾਜਾ ਨੇ ਮੰਗਲ ਨਾਥ ਦੇ ਨਾਲ ਰੂਪ ਬਸੰਤ ਨੂੰ ਲੈਣ ਜਾਣਾ

ਖੜਗਸੈਨ ਨੇ ਸੁਨੀ ਜਾਂ ਗਲ ਇਤਨੀ ਹੋਯਾ ਕ੍ਰੋਧ ਦੇ ਨਾਲ ਅੰਗਯਾਰ ਰਾਜਾ
ਆਇਆ ਰਾਣੀ ਦਾ ਸੀਸ ਉਤਾਰਨੇ ਨੂੰ ਫੜ ਕੇ ਹੱਥ ਦੇ ਵਿਚ ਤਲਵਾਰ ਰਾਜਾ
ਮੰਗਲ ਨਾਥ ਨੇ ਉਠ ਕੇ ਅਰਜ ਕੀਤੀ ਜੋਗੀ ਆਖਦਾ ਸਾਤੀ ਧਾਰ ਰਾਜਾ
ਅਗੇ ਕ੍ਰੋਧ ਤੇ ਦੱਸ ਕ੍ਰੀ ਪਾਇਆ ਏ ਕਰਕੇ ਦੇਖ ਗਿਆਨ ਵਿਚਾਰ ਰਾਜਾ
ਪਿਛਲਾ ਦੁੱਖ ਨਾ ਅਜੇ ਨਵਿਰਤ ਹੋਯਾ ਹੁਣ ਹੋਰ ਨਾ ਖ਼ੂਨ ਗੁਜਾਰ ਰਾਜਾ
ਇਸ ਦੇ ਮਾਰਿਆਂ ਦੱਸ ਕ੍ਰੀ ਨਫਾ ਹੋਸੀ ਬਲਦੀ ਅੱਗ ਤੇ ਤੇਲ ਨਾ ਡਾਲ ਰਾਜਾ
ਇਸ ਦੇ ਵਸ ਨਾਹੀਂ ਹੋਈ ਰੱਬ ਵਲੋਂ ਦੇਵੇ ਕੌਣ ਤਕਦੀਰ ਨੂੰ ਟਾਰ ਰਾਜਾ
ਹੋਣੀ ਟਲੇ ਨਾ ਮੂਲ ਪੈਗ਼ੰਬਰਾ ਤੇ ਮਾਰੇ ਏਸ ਨੇ ਬਲੀ ਅਵਤਾਰ ਰਾਜਾ
ਤੇਰੀ ਹੋਣੀ ਨੇ ਆਣ ਕੇ ਮੱਤ ਮਾਰੀ ਹੱਥੀ ਲਿਆ ਤੈਂ ਕੰਮ ਵਿਗਾੜ ਰਾਜਾ
ਰਾਣੀ ਵਾਸਤੇ ਕੱਢਿਆ ਪੁੱਤਰਾਂ ਨੂੰ ਕੀਤਾ ਅਦਲ ਤੈਂ ਖ਼ੂਬ ਨਿਤਾਰ ਰਾਜਾ
ਤੇਰਾ ਅਦਲ ਮਸ਼ਹੂਰ ਜਹਾਨ ਹੋਇਆ ਨੇਕੀ ਖੱਟ ਲਈ ਵਿਚ ਸੰਸਾਰ ਰਾਜਾ
ਵਿਰਲੀ ਰੰਨ ਜ਼ਬਾਨ ਤੇ ਸੱਚ ਬੋਲੇ ਜਿਸਨੂੰ ਗਿਆਨ ਤੇ ਧਰਮ ਦੀ ਸਾਰ ਰਾਜਾ
ਚਾਰੇ ਥੋਕ ਨਾ ਕਿਸੇ ਦੇ ਯਾਰ ਹੁੰਦੇ ਘੋੜਾ ਰੰਨ ਫ਼ਕੀਰ ਤਲਵਾਰ ਰਾਜਾ
ਮੈਨੂੰ ਦੱਸ ਕੀ ਨਫਾ ਵਸੂਲ ਕੀਤਾ ਕਰ ਕੇ ਨਾਰ ਉਤੇ ਇਤਬਾਰ ਰਾਜਾ
ਅੱਗੇ ਵਾਸਤੇ ਕੁਝ ਵਿਚਾਰ ਕਰ ਲੈ ਪਿਛਲੀ ਗੱਲ ਨੂੰ ਦੇਹ ਵਿਸਾਰ ਰਾਜਾ
ਪਿਛਲੇ ਭਾਗ ਤੇਰੇ ਅਜ ਜਾਗ ਉੱਠੇ ਕੀਤਾ ਫ਼ਜ਼ਲ ਸੱਚੀ ਸਰਕਾਰ ਰਾਜਾ

ਤੈਨੂੰ ਹੋਵਣਾ ਸੀ ਮੇਲ ਪੁੱਤਰਾਂ ਦਾ ਕੀਤਾ ਮੁਝ ਦਾ ਆਣ ਦੀਦਾਰ ਰਾਜਾ
ਸ਼ਰਨ ਪਏ ਦੀ ਲਾਜ ਹੈ ਸਾਧੂਆਂ ਨੂੰ ਹੋਵੇ ਸੋ ਜੋ ਕਰੇ ਕਰਤਾਰ ਰਾਜਾ
ਤੈਨੂੰ ਪਤਾ ਨਿਸ਼ਾਨ ਮੈਂ ਦਸਦਾ ਹਾਂ ਮੇਲ ਹੋਵਸੀ ਕਰਮ ਅਨੁਸਾਰ ਰਾਜਾ
ਮਿਸਰ ਦੇਸ ਦਾ ਰਾਜ ਕਮਾਂਵਦੇ ਨੀ ਤੇਰੇ ਰੂਪ ਬਸੰਤ ਕੁਮਾਰ ਰਾਜਾ
ਅੱਖਾਂ ਨਾਲ ਮੈਂ ਡਿੱਠ ਨੀ ਕੁੰਵਰ ਦੋਵੇਂ ਧਰਮ ਦਾ ਕਰਾਂ ਇਜ਼ਹਾਰ ਰਾਜਾ
ਹਥੀਂ ਆਪਣੀ ਮੇਲ ਕਰਵਾ ਦੇਵਾਂ ਮੇਰੇ ਨਾਲ ਤੂੰ ਹੋਹੁ ਤਿਆਰ ਰਾਜਾ
ਸੁਣਿਆ ਰੂਪ ਬਸੰਤ ਦਾ ਨਾਮ ਯਾਰੋ ਹੋਇਆ ਇਕ ਤੇ ਫੁਲ ਕੇ ਚਾਰ ਰਾਜਾ
ਮੰਗਲ ਨਾਥ ਤਾਈਂ ਧੰਨ ਧੰਨ ਆਖੇ ਪੈਰੀਂ ਹੱਥ ਲਾਵੇ ਵਾਰ ਵਾਰ ਰਾਜਾ
ਸੁਣ ਕੇ ਖ਼ਬਰ ਪਿਆਰਿਆਂ ਪੁੱਤਰਾਂ ਦੀ ਬਰਫ ਵਾਂਗ ਹੋਇਆ ਠੰਡਾ ਠਾਰ ਰਾਜਾ
ਕੋਈ ਰੋਜ਼ ਸੀ ਰਾਣੀ ਦੀ ਜ਼ਿੰਦਗਾਨੀ ਹੋਇਆ ਨਾਰ ਦਾ ਸ਼ਿਕਾਰ ਰਾਜਾ
ਧਰਮ ਚੰਦ ਵਜ਼ੀਰ ਨੂੰ ਨਾਲ ਲੈ ਕੇ ਹੋਇਆ ਮਿਸਰ ਦੀ ਤਰਫ਼ ਅਸਵਾਰ ਰਾਜਾ
ਮੰਗਲਨਾਥ ਨੂੰ ਆਪਣੇ ਸਾਥ ਲੀਤਾ ਟੁਰਿਆ ਨਾਲ ਲੈ ਕੇ ਖ਼ਿਦਮਤਗਾਰ ਰਾਜਾ
ਡੇਰੇ ਮੰਜ਼ਲੋ ਮੰਜ਼ਲੀ ਕੂਚ ਕਰਕੇ ਮਿਸਰ ਦੇਸ਼ ਨੂੰ ਗਿਆ ਸਿਧਾਰ ਰਾਜਾ
ਏਸੇ ਤਰ੍ਹਾਂ ਯਾਰੋ ਬਰਸ ਰੋਜ਼ ਪਿਛੋਂ ਪਹੁੰਚਾ ਜਾਇ ਕੇ ਮਿਸਰ ਮਝਾਰ ਰਾਜਾ
ਡੇਰਾ ਭੂਪ ਨੇ ਸ਼ਹਿਰ ਤੋਂ ਬਾਹਰ ਕੀਤਾ ਅੱਗੇ ਜਾਨ ਤੋਂ ਕਰੇ ਇਨਕਾਰ ਰਾਜਾ
ਕੇਹੜਾ ਮੁੱਖ ਲੈ ਕੇ ਮਿਲਾਂ ਪੁੱਤਰਾਂ ਨੂੰ ਧਰਮ ਚੰਦ ਨੂੰ ਕਹੇ ਉਚਾਰ ਰਾਜਾ
ਨਾਲੇ ਮੋਹ ਰੱਖੇ ਨਾਲੇ ਸ਼ਰਮ ਖਾਵੇ ਨਾਲੇ ਰੋਵਦਾ ਸੀ ਜ਼ਾਰੋ ਜਾਰ ਰਾਜਾ
ਸ਼ਰਮ ਬੁਰੀ ਹੁੰਦੀ ਸ਼ਰਮ ਵਾਲਿਆਂ ਨੂੰ ਹੋਇਆ ਸ਼ਰਮ ਦੇ ਨਾਲ ਬੇਜ਼ਾਰ ਰਾਜਾ
ਦੌਲਤਰਾਮ ਨਾ ਪੁੱਟਦਾ ਕ਼ਦਮ ਅੱਗੇ ਸ਼ਰਮਸਾਰ ਹੋਇਆ ਸ਼ਰਮਸਾਰ ਰਾਜਾ

**ਧਰਮ ਚੰਦ ਵਜ਼ੀਰ ਨੇ ਔਰ ਮੰਗਲ ਨਾਥ ਨੇ ਰੂਪ ਬਸੰਤ ਕੇ ਪਾਸ ਜਾਨਾ**

ਡੇਰਾ ਰਾਜੇ ਨੇ ਮਿਸਰ ਦੇ ਬਾਹਰ ਲਾਇਆ ਬੈਠਾ ਪੁੱਤਰਾਂ ਤੋਂ ਸ਼ਰਮਾਇਕੇ ਜੀ
ਧਰਮ ਚੰਦ ਵਜ਼ੀਰ ਤੇ ਨਾਥ ਦੋਵੇਂ ਗਏ ਨ੍ਰਿਪ ਦੀ ਆਗਿਆ ਪਾਇਕੇ ਜੀ
ਦੁਹਾਂ ਮਿਸਰ ਦੇ ਵਿਚ ਪ੍ਰਵੇਸ਼ ਕੀਤਾ ਮਿਲੇ ਰੂਪ ਬਸੰਤ ਨੂੰ ਜਾਇਕੇ ਜੀ
ਡਿੱਠਾ ਨਾਥ ਦਾ ਦਰਸ ਸ਼ਹਿਜ਼ਾਦਿਆਂ ਨੇ ਪਕੜੇ ਪੈਰ ਗੁਰਦੇਵ ਦੇ ਧਾਇਕੇ ਜੀ
ਧਰਮ ਚੰਦ ਨੂੰ ਦੁਹਾਂ ਪ੍ਰਣਾਮ ਕੀਤਾ ਉਤੇ ਚਰਣਾਂ ਦੇ ਸੀਸ ਲਗਾਇਕੇ ਜੀ
ਧਰਮ ਚੰਦ ਬਸੰਤ ਤੇ ਰੂਪ ਤਾਈਂ ਰੋਇਆ ਨਾਲ ਕਲੇਜੜੇ ਲਾਇਕੇ ਜੀ
ਵਾਰ ਵਾਰ ਕਲੇਜੇ ਦੇ ਨਾਲ ਲਾਵੇ ਨੈਣੀਂ ਰੋਵਦਾ ਨੀਰ ਵਹਾਇਕੇ ਜੀ
ਦੋਵੇਂ ਤਰਫ਼ ਮਿਲ ਕੇ ਸਭਾ ਵਿਚ ਬੈਠੇ ਅੱਗ ਜਿਗਰ ਦੀ ਦਿਲੋਂ ਜ਼ਝਾਇਕੇ ਜੀ
ਮੰਗਲ ਨਾਥ ਨੇ ਦੋਹਾਂ ਸ਼ਹਿਜ਼ਾਦਿਆਂ ਨੂੰ ਕਿਹਾ ਹਾਲ ਸਾਰਾ ਸਮਝਾਇਕੇ ਜੀ
ਤੁਹਾਡਾ ਪਿਤਾ ਬੱਚਾ ਤੁਹਾਨੂੰ ਲੈਣ ਆਇਆ ਸ਼ਹਿਰੋਂ ਬਾਹਰ ਬੈਠਾ ਡੇਰਾ ਲਾਇਕੇ ਜੀ
ਡਰਦਾ ਤੁਸਾ ਤੋਂ ਅਗ੍ਹਾਂ ਨਾ ਆਂਵਦਾ ਏ ਪਿੱਛੇ ਬੈਠ ਰਿਹਾ ਸ਼ਰਮ ਖਾਇਕੇ ਜੀ
ਜੇਹੜੇ ਵਕਤ ਤਹਾਨੂੰ ਘਰੋਂ ਕੱਢ ਬੈਠਾ ਰੋਂਦਾ ਵੇਲੜੇ ਨੂੰ ਪੱਛੋਤਾਇਕੇ ਜੀ

ਬੱਚਾ ਚਲ ਕੇ ਓਸਦਾ ਕਰੋ ਦਰਸ਼ਨ ਹੱਥ ਜੋੜੀਓ ਸੀਸ ਨਿਵਾਇਕੇ ਜੀ
ਦੌਲਤ ਰਾਮ ਮੰਨੋ ਮੇਰਾ ਵਾਕ ਸਿਰ ਤੇ ਨਾਥ ਆਖਦਾ ਮਿਹਰ ਵਧਾਇਕੇ ਜੀ

## ਰੂਪ ਬਸੰਤ ਦਾ ਜਾਣਾ ਪਿਤਾ ਦੇ ਮਿਲਣ ਵਾਸਤੇ

ਸੁਣਿਆ ਪਿਤਾ ਦਾ ਨਾਮ ਸਹਿਜ਼ਾਦਿਆ ਨੇ ਹੋਏ ਉਠਕੇ ਝੱਟ ਤਿਆਰ ਸਾਈਂ
ਮੰਗਲ ਨਾਥ ਨੂੰ ਆਖਦੇ ਧੰਨ ਗੁਰੂਆ ਦਿੱਤੇ ਤੁੱਧ ਨੇ ਕੰਮ ਸਵਾਰ ਸਾਈ
ਤੇਰੇ ਆਸਰੇ ਅਸਾਂ ਅਭਾਗਿਆਂ ਨੂੰ ਦਿੱਤਾ ਪਿਤਾ ਨੇ ਆਣ ਦੀਦਾਰ ਸਾਈਂ
ਕਰ ਕੇ ਉਸਤਤੀ ਗੁਰੂ ਦੀ ਵੀਰ ਦੋਵੇਂ ਚਲੇ ਪਿਤਾ ਦਾ ਕਰਨ ਸਤਕਾਰ ਸਾਈਂ
ਮੁਨਸੀ ਹੋਰ ਵਜ਼ੀਰ ਦੀਵਾਨ ਸੱਦੇ ਹੋਏ ਸਾਥ ਸਾਰੇ ਅਹਿਲਕਾਰ ਸਾਈਂ
ਮਿਲੇ ਪਿਤਾ ਨੂੰ ਅਦਬ ਦੇ ਨਾਲ ਜਾ ਕੇ ਦੋਵੇਂ ਰੂਪ ਬਸੰਤ ਕੁਮਾਰ ਸਾਈਂ
ਜਾ ਕੇ ਦੋਹਾਂ ਨੇ ਪਿਤਾ ਦੇ ਚਰਨ ਪਕੜੇ ਹੱਥ ਜੋੜ ਕੀਤੀ ਨਮਸਕਾਰ ਸਾਈਂ
ਦੌਲਤ ਰਾਮ ਡਿੱਠਾ ਜਦੋਂ ਪੁੱਤਰਾਂ ਨੂੰ ਰਾਜਾ ਰੋਣ ਲੱਗਾ ਜ਼ਾਰੋ ਜ਼ਾਰ ਸਾਈਂ

## ਵਾਕ ਰਾਜਾ ਕਾ

ਦੋਹਾ ਪੁੱਤਰਾਂ ਨੂੰ ਖੜਗਸੈਂਨ ਰਾਜਾ ਘੁੱਟ ਘੁੱਟ ਕੇ ਜਫੀਆ ਪਾਂਵਦਾ ਏ
ਮਾਰੇ ਸਰਮ ਦੇ ਮੁੱਖੋ ਨਾ ਗਲ ਕਰਦਾ ਰੋਇ ਰੋਇ ਕੇ ਨੈਨ ਵਹਾਂਵਦਾ ਏ
ਕਦੀ ਰੂਪ ਨੂੰ ਗਲ ਦੇ ਨਾਲ ਲਾਵੇ ਕਦੇ ਕੁੰਵਰ ਬਸੰਤ ਨੂੰ ਲਾਂਵਦਾ ਏ
ਆਖੇ ਬੱਚਿਓ ਕੁਝ ਨ ਵੱਸ ਮੇਰੇ ਹਾਇ ਹਾਇ ਕਰ ਕੇ ਪਛੋਤਾਂਵਦਾ ਏ
ਬੱਚਾ ਕਰੋ ਗੁਨਾਹ ਮੁਆਫ ਮੇਰਾ ਪਿਤਾ ਪੁੱਤਰਾਂ ਤੋਂ ਬਖ਼ਸਾਂਵਦਾ ਏ
ਸਾਰੀ ਉਮਰ ਤੁਹਾਡਾ ਗੁਨਹਗਾਰ ਹਾਂ ਮੈਂ ਰਾਜਾ ਆਪਣੇ ਮੁੱਖੋਂ ਅਲਾਵਦਾ ਏ
ਮੇਰੀ ਹੋਣੀ ਨੇ ਆਨ ਕੇ ਮੱਤ ਮਾਰੀ ਕਰਮ ਰੇਖ ਨੂੰ ਕੌਣ ਮਿਟਾਂਵਦਾ ਏ
ਦੌਲਤ ਰਾਮ ਚੱਲੋ ਤੁਸੀਂ ਨਾਲ ਮੇਰੇ ਹੱਥ ਜੜ ਕੇ ਵਾਸਤਾ ਪਾਂਵਦਾ ਏ

## ਵਾਕ ਰੂਪ ਬਸੰਤ ਕਾ

ਦੋਵੇਂ ਕੁੰਵਰ ਰਾਜੇ ਤਾਈ ਆਖਦੇ ਨੇ ਜੋ ਕੁਝ ਕਹੋਂ ਸਾਨੂੰ ਮਨਜ਼ੂਰ ਸਾਈਂ
ਭਾਵੇਂ ਅੱਜ ਭੀ ਕੱਟ ਦੇ ਸੀਸ ਸਾਡਾ ਸਾਡੇ ਵਿਚ ਜੇ ਕੁਝ ਕਸੂਰ ਸਾਈਂ
ਤੇਰੇ ਨਾਲ ਕੀ ਪਿਤਾ ਜੀ ਜ਼ੋਰ ਸਾਡਾ ਅਸੀਂ ਪੁੱਤ ਤੇਰੇ ਮਜ਼ਦੂਰ ਸਾਈ
ਹੱਥ ਜੋੜ ਕੇ ਭਾਰ ਨਾ ਚਾਹੜ ਬਾਬਾ ਸਾਡੇ ਲਈ ਤੂੰ ਰੱਬ ਦਾ ਨੂਰ ਸਾਈਂ
ਤੈਨੂੰ ਦੇਖ ਸਾਡੇ ਦੁੱਖ ਦੂਰ ਹੋਏ, ਹੋਏ ਖੁਸ਼ੀ ਦ ਨਾਲ ਭਰਪੂਰ ਸਾਈਂ
ਸਾਡੇ ਲਈ ਤੈਂ ਏਤਨਾ ਕਸ਼ਟ ਪਾਇਆ ਆਇਆ ਚਲ ਕੇ ਏਤਨੀ ਦੂਰ ਸਾਈਂ
ਕੀਤਾ ਤੁੱਧ ਦਾ ਅਸੀਂ ਕੇ ਦੇਵਣਾ ਹੈ ਸਾਡੀ ਮੱਤ ਹੈ ਮੰਨ ਮਨੂਰ ਸਾਈਂ
ਅਸੀਂ ਆਪਣੇ ਕਰਮ ਦੇ ਭੋਗ ਭੋਗੇ ਤੇਰੇ ਵਿਚ ਨਾ ਕੁਝ ਕਸੂਰ ਸਾਈਂ
ਤੇਰਾ ਦਰਸ ਆਹਾ ਸਾਡੇ ਭਾਗ ਅੰਦਰ ਸੁੱਕਾ ਹਰਾ ਹੋ ਗਿਆ ਅੰਗੂਰ ਸਾਈਂ
ਦੌਲਤ ਰਾਮ ਤੂੰ ਬਖ਼ਸ਼ ਗੁਨਾਹ ਸਾਡੇ ਹੱਥ ਜੋੜ ਕੇ ਖੜੇ ਹਜ਼ੂਰ ਸਾਈਂ

## ਵਾਕ ਕਵੀਸ਼ਰ ਕਾ

ਇਕ ਰਾਤ ਯਾਰੋ ਖੜਗਸੈਨ ਰਾਜੇ ਮਿਸਰ ਸਹਿਰ ਦੇ ਵਿਚ ਨਿਵਾਸ ਕੀਤਾ
ਸਾਰੀ ਰਾਤ ਨਾ ਰਾਜੇ ਦੀ ਅੱਖ ਲੱਗੀ ਸੂਰਜ ਮੋਹ ਨੇ ਆਨ ਪ੍ਰਕਾਸ਼ ਕੀਤਾ
ਬਹਿ ਕੇ ਰੂਪ ਬਸੰਤ ਦੇ ਪਾਸ ਯਾਰੋ ਬੀਤੇ ਹਾਲ ਦਾ ਬਚਨ ਬਿਲਾਸ ਕੀਤਾ
ਗੱਲਾ ਕੀਤਿਆ ਬੀਤੀ ਆ ਰਾਤ ਸਾਰੀ ਦੁੱਖ ਦਰਦ ਵਿਛੋੜੇ ਦਾ ਨਾਸ ਕੀਤਾ
ਸੁਣਿਆ ਕੁੰਵਰ ਬਸੰਤ ਦਾ ਹਾਲ ਰਾਜੇ ਓਸੇ ਵਕਤ ਦਾ ਚਿੱਤ ਉਦਾਸ ਕੀਤਾ
ਕੁੰਵਰ ਆਖਦੇ ਪਿਤਾ ਜੀ ਰਾਮ ਆਖੋ ਬੀਤੀ ਗੱਲ ਦਾ ਕਿਹਾ ਕਿਆਸ ਕੀਤਾ
ਦੌਲਤਰਾਮ ਭਗਵਾਨ ਨੇ ਕਰੀ ਕਿਰਪਾ ਕੰਮ ਵਿਗਾੜਿਆ ਫੇਰ ਚਾ ਰਾਸ ਕੀਤਾ

## ਰਾਜਾ ਖੜਗਸੈਨ ਦਾ ਰੂਪ ਬਸੰਤ ਕੋ ਸਾਥ ਲੈ ਕੇ ਮਿਸਰ ਸ਼ਹਿਰ ਤੇ ਕੂਚ ਕਰ ਕੇ ਸੰਗਲਦੀਪ ਕੋ ਆਣਾ

ਬੀਤੀ ਰਾਤ ਜਾ ਆਨ ਪਰਭਾਤ ਹੋਈ ਵਾਜਾ ਕੂਚ ਦਾ ਨ੍ਰਿਪ ਵਜਾਇਆ ਜੇ
ਲੈ ਕੇ ਰੂਪ ਬਸੰਤ ਨੂੰ ਨਾਲ ਯਾਰੋ ਰਾਜਾ ਪਰਤ ਕੇ ਪਿਛਾਂ ਨੂੰ ਧਾਇਆ ਜੇ
ਕਾਮ ਰੂਪ ਦੀ ਕੰਨਿਆ ਸਾਥ ਲੀਤੀ ਡੋਲਾ ਝਟ ਕਹਾਰਾ ਨੇ ਚਾਇਆ ਜੇ
ਡੇਰੇ ਮੰਜਲੋ ਮੰਜਲੀ ਕੂਚ ਕੀਤੇ ਸੰਗਲਦੀਪ ਦਾ ਰਾਹ ਪੁਛਾਇਆ ਜੇ
ਬਰਸ ਰੋਜ ਪਿਛੋ ਆਪਣੇ ਦੇਸ ਆਏ ਰੱਬ ਸੁੱਖ ਦੇ ਨਾਲ ਲੈ ਆਇਆ ਜੇ
ਖੜਗਸੈਨ ਰਾਜੇ ਬਾਰਾ ਕੋਸ ਉਤੋਂ ਅੱਗੇ ਸੰਤਰੀ ਇਕ ਪਠਾਇਆ ਜੇ
ਉਸ ਰੂਪ ਬਸੰਤ ਦਾ ਹਾਲ ਯਾਰੋ ਆ ਕੇ ਸ਼ਹਿਰ ਦੇ ਵਿਚ ਸੁਣਾਇਆ ਜੇ
ਸੁਣਿਆ ਨਾਮ ਜਾ ਦੁਹਾਂ ਸਹਿਜਾਦਿਆ ਦਾ ਸਾਰੇ ਸਹਿਰ ਨੇ ਸੁਕਰ ਮਨਾਇਆ ਜੇ
ਲੋਕ ਖ਼ੁਸ਼ੀ ਦੇ ਨਾਲ ਭਰਪੂਰ ਹੋਏ ਸ਼ਹਿਰ ਵੇਖਣੇ ਨੂੰ ਉਠ ਧਾਇਆ ਜੇ
ਚੰਦ੍ਰੀ ਵਰ੍ਹੀ ਲੰਕੇਸ ਨੂੰ ਫਤੇ ਕਰ ਕੇ ਲਛਮਨ ਰਾਮ ਅੱਜੁਧਿਆ ਆਇਆ ਜੇ
ਸਾਰੇ ਦੇਸ ਦੇ ਅੰਦਰ ਸਾਦੀ ਆਨ ਵਰਤੀ ਸੱਚੇ ਰਾਮ ਨੇ ਸੋਗ ਮਿਟਾਇਆ ਜੇ
ਦੌਲਤ ਰਾਮ ਸਾਰੇ ਦਿਲ ਸਾਦ ਹੋਏ ਚੰਦਰਵਤੀ ਨੇ ਸੋਗ ਵਰਤਾਇਆ ਜੇ

## ਰਾਣੀ ਚੰਦਰਵਤੀ ਦਾ ਕਾਲ ਵਸ ਹੋ ਜਾਣਾ

ਚੰਦਰਵਤੀ ਨੇ ਸੁਣੀ ਜਾਂ ਗੱਲ ਇਤਨੀ ਬਰਛੀ ਸਰਮ ਦੀ ਨਾਰ ਨੂੰ ਪੱਟ ਗਈ
ਸੁਣਿਆ ਰੂਪ ਬਸੰਤ ਦਾ ਨਾਮ ਯਾਰੋ ਵਿਚੇ ਵਿਚ ਓਹਦੀ ਜਿੰਦ ਘੱਟ ਗਈ
ਛਿਪੇ ਪਾਪ ਦੀ ਮਾਰ ਨਾ ਚਿੱਤ ਅੰਦਰ ਛੁਰੀ ਪਾਪ ਦੀ ਜਿਗਰ ਨੂੰ ਕੱਟ ਗਈ
ਮੱਥੇ ਲੱਗੀ ਨਾ ਧਰਮੀਆ ਪੁੱਤਰਾ ਦੇ ਓਸੇ ਵਕਤ ਭੈੜੀ ਹੀਰਾ ਚੱਟ ਗਈ
ਜੈਸਾ ਕਰਮ ਕੀਤਾ ਤੈਸਾ ਪੇਸ ਆਇਆ ਰਾਣੀ ਜੱਗ ਤੋਂ ਚੋੜ ਚਪੱਟ ਗਈ
ਖੋਟਾ ਕਰਮ ਕਰ ਕੇ ਚੰਦਰਵਤੀ ਰਾਣੀ ਮਿੱਟੀ ਆਪਣੀ ਜੱਗ ਤੋਂ ਪੱਟ ਗਈ
ਦੌਲਤ ਰਾਮ ਰਾਣੀ ਬੇਈਮਾਨ ਹੋ ਕੇ ਨਵਾ ਇਹ ਜਹਾਨ ਤੋ ਖੱਟ ਗਈ

## ਅੰਜ਼ਨ

ਚੰਦਰਵਤੀ ਨੇ ਆਨ ਪ੍ਰਾਣ ਦਿਤੇ ਲੋਗ ਓਸ ਨੂੰ ਜਾ ਸੰਸਕਾਰਦੇ ਨੀ
ਭਲਾ ਮੋਰੇ ਤਾਂ ਲੋਗ ਅਫਸੋਸ ਕਰਦੇ ਬੁਰਾ ਮਰੇ ਤਾਂ ਸ਼ੁਕਰ ਗੁਜ਼ਾਰਦੇ ਨੀ
ਭਲੇ ਮਰਦੀ ਦੀ ਕਰਨ ਤਾਰੀਫ ਸਾਰੇ ਬੁਰੇ ਮਰਦੇ ਨੂੰ ਲੋਕ ਫਿਟਕਾਰਦੇ ਨੀ
ਲੱਖ ਲਾਨ੍ਹਤਾਂ ਓਸਦੇ ਜੀਵਣੇ ਨੂੰ ਜਿਸਦੀ ਨਿੰਦਿਆ ਵਿਚ ਸੰਸਾਰ ਦੇ ਨੀ
ਦੌਲਤ ਰਾਮ ਕੀ ਉਸਦਾ ਰਿਹਾ ਬਾਕੀ ਜੇਹੜੇ ਧਰਮ ਈਮਾਨ ਨੂੰ ਹਾਰਦੇ ਨੀ

## ਵਾਕ ਕਵੀਸ਼ਰ

ਮਨਾ ਮੇਰਿਆ ਕੁਝ ਵਿਚਾਰ ਕਰ ਲੈ ਆਖ਼ਰ ਏਸ ਜਹਾਨ ਤੇ ਚੱਲਣਾ ਏ
ਜੇਹੜੀ ਦੇਹੀ ਨੂੰ ਪਿਆ ਸਵਾਰਦਾ ਤੂੰ ਇਸਨੇ ਕਾਲ ਕੁਠਾਲੜੀ ਗੱਲਣਾ ਏ
ਕੇਹੜੀ ਗੱਲ ਦੀ ਪਾਪੀਆ ਮੇਰ ਕਰਦਾ ਜੰਗਲ ਜਾ ਅਖੀਰ ਨੂੰ ਮੱਲਣਾ ਏ
ਆਖਰਕਾਰ ਤੈਂ ਭੀ ਇਕ ਰੋਜ਼ ਪਿਆਰੇ ਰਾਣੀ ਵਾਂਗਰਾ ਅੱਗ ਮੇ ਜੱਲਣਾ ਏ
ਦੌਲਤ ਰਾਮ ਕਰ ਲੈ ਭਲਾ ਕਰਮ ਕੋਈ ਜੇਕਰ ਨਾਲ ਭਗਵਾਨ ਦੇ ਰੱਲਣਾ ਏ

## ਰਾਜਾ ਖੜਗਸੈਨ ਦਾ ਸੰਗਲਦੀਪ ਮੇਂ ਪਰਵੇਸ਼ ਕਰਨਾ

ਖੜਗਸੈਨ ਰਾਜਾ ਲੈ ਕੇ ਪੁੱਤਰਾ ਨੂੰ ਨਾਲ ਖ਼ੁਸੀ ਦ ਸਹਿਰ ਨੂੰ ਆਵਦਾ ਏ
ਚੰਦਰਵਤੀ ਦੀ ਸੁਣੀ ਜਾ ਮੌਤ ਯਾਰੋ ਰਾਜਾ ਸੁਕਰ ਹਜਾਰ ਮਨਾਵਦਾ ਏ
ਸੁਣ ਕੇ ਰੂਪ ਬਸੰਤ ਅਫਸੋਸ ਕੀਤਾ ਭਾਣਾ ਰੱਬ ਦਾ ਕੌਣ ਮਿਟਾਂਵਦਾ ਏ
ਵੇਦ ਰੀਤ ਸਭ ਰਾਣੀ ਦਾ ਕਰਮ ਕੀਤਾ ਜਿਵੇਂ ਕਰਮ ਜਹਾਨ ਕਰਾਵਦਾ ਏ
ਕਈ ਰੋਜ਼ ਪਾ ਕੇ ਖੜਗਸੈਨ ਰਾਜਾ ਛੋਟੇ ਕੰਵਰ ਨੂੰ ਤਖਤ ਬਠਾਵਦਾ ਏ
ਦੌਲਤ ਰਾਮ ਭਗਵਾਨ ਜੇ ਕਰੇ ਕਿਰਪਾ ਬੂਹੇ ਉਜੜੇ ਫੇਰ ਵਸਾਵਦਾ ਏ

## ਰਾਜਾ ਖੜਗਸੈਨ ਕਾ ਬਣ ਮੇਂ ਚਲੇ ਜਾਣਾ

ਖੜਗਸੈਨ ਬਸੰਤ ਨੂੰ ਰਾਜ ਦੇ ਕੇ ਬਣੋਬਾਸ ਨੂੰ ਗਿਆ ਸਿਧਾਰ ਲੋਕੋ
ਸੱਚੇ ਰਾਮ ਦਾ ਜਾਇ ਕੇ ਭਜਨ ਕਰਦਾ ਜਿਸ ਨੇ ਅੰਤ ਲੰਘਾਵਣਾ ਪਾਰ ਲੋਕੋ
ਸੰਗਲਦੀਪ ਦਾ ਰਾਜ ਬਸੰਤ ਕਰਦਾ ਰੂਪ ਮਿਸਰ ਨੂੰ ਗਿਆ ਪਧਾਰ ਲੋਕੋ
ਜੇਹੜੇ ਧਰਮ ਈਮਾਨ ਨੂੰ ਪਾਲਦੇ ਨੇ ਨੇਕੀ ਉਨ੍ਹਾ ਦੀ ਕਰੇ ਸੰਸਾਰ ਲੋਕੋ
ਦੌਲਤ ਰਾਮ ਕਰਤਾਰ ਨੇ ਕਰੀ ਕਿਰਪਾ ਦਿਤ ਕੰਮ ਤਮਾਮ ਸੰਵਾਰ ਲੋਕੋ

## ਵਾਕ ਕਵੀਸ਼ਰ ਕਾ

ਇਸ ਜੱਗ ਤੇ ਰੂਪ ਬਸੰਤ ਦੋਵੇ ਧਰਮ ਸੀਸ ਦੇ ਨਾਲ ਨਿਭਾ ਗਏ ਜੀ
ਜਿਚਰ ਰਹੇ ਹਯਾਤੀ ਦੇ ਰੋਜ਼ ਬਾਕੀ ਦੋਵੇ ਧਰਮ ਦਾ ਰਾਜ ਕਮਾ ਗਏ ਜੀ
ਨੇਕੀ ਲੈ ਗਏ ਇਸ ਸੰਸਾਰ ਵਿਚੋ ਧਰਮ ਰੱਖ ਕੇ ਮੁਕਤ ਨੂੰ ਪਾ ਗਏ ਜੀ
ਬਾਕੀ ਨਾਮ ਕਰਤਾਰ ਦਾ ਰਿਹਾ ਇਕੋ ਭਾੜੇ ਖ਼ਾਕ ਦੇ ਖਾਕ ਮਿਲਾ ਗਏ ਜੀ
ਦੌਲਤ ਰਾਮ ਭਗਵਾਨ ਦਾ ਭਜਨ ਕਰ ਕ ਵਿਚ ਜੋਤ ਦੇ ਜੋਤ ਸਮਾ ਗਏ ਜੀ

## ਵਾਕ ਕਵੀਸ਼ਰ ਕਾ

ਇਸ ਜੱਗ ਸਰਾ ਦੇ ਵਾਸ ਅੰਦਰ ਕਈ ਆਇਕੇ ਰੋਜ਼ ਗੁਜ਼ਾਰ ਗਏ
ਕਈ ਸ਼ਾਹ ਤੇ ਕਈ ਵਜ਼ੀਰ ਹੋਏ ਕਈ ਭੇਸ ਫਕੀਰੀ ਦਾ ਧਾਰ ਗਏ
ਕੋਈ ਵਿਸ਼ੇ ਦੇ ਵਿਚ ਗਲਤਾਨ ਹੋਏ ਕੋਈ ਰੱਬ ਦਾ ਨਾਮ ਚਿਤਾਰ ਗਏ
ਕਈ ਆਪ ਹੀ ਨਰਕ ਦੇ ਵਿਚ ਡੁੱਬੇ ਕਈ ਅਗਲਿਆ ਪਿਛਲਿਆ ਤਾਰ ਗਏ
ਕੋਈ ਜੱਗ ਦੇ ਵਿਚ ਬੇਜਾਨ ਹੋਏ ਕੋਈ ਲਾਇਕੇ ਹਾਰ ਸ਼ਿੰਗਾਰ ਗਏ
ਕੋਈ ਬੱਘੀਆ ਘੋੜੀਆ ਪੀਨਸਾ ਤੇ ਕੋਈ ਹੋਇ ਕੇ ਫੀਲ ਅਸਵਾਰ ਗਏ
ਕੋਈ ਝੌਂਪੜੀ ਦੇ ਵਿਚ ਸਾਦ ਹੋਏ ਕੋਈ ਸੀਸ ਮਹੱਲ ਉਸਾਰ ਗਏ
ਕੋਈ ਕਰ ਗਏ ਚਮਨ ਆਬਾਦ ਯਾਰੋ ਕੋਈ ਆਨ ਕੇ ਫੇਰ ਉਜਾੜ ਗਏ
ਕਾਲ ਬਲੀ ਦੀ ਆਨ ਕੇ ਧਾਰ ਅੱਗੇ ਸੱਭ ਮਹਿਲ ਮਕਾਨ ਵਿਸਾਰ ਗਏ
ਅਕਬਰ ਸ਼ਾਹ ਜੇਹੇ ਵਿਚ ਦਿੱਲੀ ਦੇ ਜੀ ਫੇਰੀ ਵਾਗ ਫਕੀਰਾ ਦੇ ਮਾਰ ਗਏ
ਸਾਹਦਾਦ ਕਾਰੂਨ ਅਫਤੂਨ ਜੇਹੇ ਆਈ ਮੌਤ ਰੋਂਦੇ ਜਾਰੋ ਜ਼ਾਰ ਗਏ
ਸਾਹ ਦਾਰਾ ਤੇ ਲਾਇ ਸਕੰਦਰੀ ਭੀ ਮਾਰੇ ਕਾਲ ਦੇ ਅੰਤ ਹੋ ਛਾਰ ਗਏ
ਈਸਾ ਮੂਸਾ ਤੇ ਮੁਸਤਫਾ ਅਲੀ ਜੇਹੇ ਕਾਲ ਬਲੀ ਅੱਗੇ ਸਭੇ ਹਾਰ ਗਏ
ਓਹ ਭੀ ਰਹੇ ਨਾ ਏਸ ਜਹਾਨ ਉਤੇ ਜੇਹੜੇ ਤੀਰ ਭਗਵਾਨ ਨੂੰ ਮਾਰ ਗਏ
ਜਾਲੀ ਨੂਸ ਤਾਬੀਬ ਧਨੰਤਰੀ ਬੀ ਅੰਤ ਮੌਤ ਤੋਂ ਹੋਇ ਲਾਚਾਰ ਗਏ
ਰੁਸਤਮ ਜ਼ਾਲ ਜਹੇ ਪਹਿਲਵਾਨ ਹੋਏ ਅਗੇ ਮੌਤ ਦੇ ਹੋਇ ਬੇਜ਼ਾਰ ਗਏ
ਰਾਵਣ ਕੰਸ ਹਰਨਾਕਸ ਤੇ ਹਰਨਕਸ਼ਪ ਆਯਾ ਕਾਲ ਤੇ ਕੂਲ ਸਿਧਾਰ ਗਏ
ਰਾਜਾ ਕਰਣ ਤੇ ਬਿਕ੍ਰਮਾਜੀਤ ਜਹੇ ਨੇਕੀ ਆਪਣੀ ਜੱਗ ਖਿਲਾਰ ਗਏ
ਬ੍ਰਹਮਾ ਬਿਸਨ ਮਹੇਸ ਗਣੇਸ ਹੋਏ ਓਹ ਵੀ ਅੰਤ ਬਅੰਤ ਵਿਚਾਰ ਗਏ
ਰਿਖੀ ਮੁਨੀ ਤੇ ਸੰਤ ਮਹੰਤ ਹੋਏ ਓਹ ਵੀ ਅੰਤ ਬੇਅੰਤ ਵਿਚਾਰ ਗਏ
ਜਾਲਮ ਸਾਹ ਮਹਮੂਦ ਜ਼ਹਾਕ ਜਹੇ ਜਾਂਦੀ ਵਾਰ ਚਾਰੇ ਪੱਲੂ ਝਾੜ ਗਏ
ਬਹੁਤਾ ਹੋਰ ਕੀ ਕਹਾ ਅਹਿਵਾਲ ਯਾਰੋ ਏਸ ਦੇਹ ਨੂੰ ਛੱਡ ਅਵਤਾਰ ਗਏ
ਗਿਣਤੀ ਗਣੇ ਤੇ ਅੰਤ ਨਾ ਆਵਦਾ ਏ ਏਸ ਜੱਗ ਤੇ ਬੇਸੁਮਾਰ ਗਏ
ਫਲ ਬਾਗ ਦੇ ਵਿਚ ਅਨੇਕ ਲੱਗੇ ਆਈ ਵਾ ਸਭੇ ਉਡ ਬਾਰ ਗਏ
ਜੱਸ ਜੀਵਣਾ ਅਤੇ ਅਪਜਸ ਮਰਨਾ ਸਿਆਣੇ ਲੋਕ ਇਹ ਗਲ ਪੁਕਾਰ ਗਏ
ਦੌਲਤ ਰਾਮ ਨਾ ਜਿਨ੍ਹਾਂ ਨੇ ਨਾਮ ਜੱਪਿਆ ਸੋਈ ਜਨਮ ਅਮੋਲ ਨੂੰ ਹਾਰ ਗਏ

## ਵਾਕ ਕਵੀਸ਼ਰ ਹਾਲ ਖ਼ੁਦ

ਦੋਹਰਾ—ਵਿਚ ਭੀਲੋ ਦੇ ਵਸਦਾ ਬੂਟਾ ਸਿੰਘ ਸਰਦਾਰ ।
ਦਲ ਸਿੰਘ ਦਾ ਪੁਤਰ ਹੈ ਮਸ਼ਾਹੂਰ ਸੰਸਾਰ ।

ਦੋਹਰਾ—ਬੂਟਾ ਸਿੰਘ ਸਵਾਯਾ ਤਰੀਜਾ ਈਸਰ ਦਾਸ ।
ਤੀਨੋ ਭਰਾਤਾ ਸਕੇ ਹੈ ਸਾਧ ਸੰਤ ਕੇ ਦਾਸ ।।

ਦੋਹਰਾ—ਜਾਤ ਮਦਾਨ ਸਦਾਵਦੇ ਅਰੋੜ ਬੰਸ ਪ੍ਰਕਾਸ ।
ਪਾਸ ਉਨ੍ਹਾਂ ਦੇ ਰਿਹਾ ਮੈਂ ਪੂਰੇ ਬਾਰਾਂ ਮਾਸ ।।

ਕਥਾ ਰੂਪ ਬਸੰਤ ਦੀ ਹੋਈ ਪੂਰੀ ਅੱਜ ਸ਼ੁਕਰ ਹਜ਼ਾਰ ਮਨਾਇਆ ਮੈਂ
ਜੈਸੀ ਬੁਧ ਆਹੀ ਤੈਸਾ ਆਖਿਆ ਏ ਨਹੀਂ ਸਾਨ ਗੁਮਾਨ ਜਣਾਯਾ ਮੈਂ
ਦੂਨਾ ਰਾਮ ਤੇ ਹੋਰ ਪਿਆਰਿਆਂ ਨੂੰ ਕਿੱਸਾ ਜੋੜ ਕੇ ਆਖ ਸੁਣਾਯਾ ਮੈਂ
ਕਿਹਾ ਸਾਰਿਆਂ ਨੇ ਕਿੱਸਾ ਖ਼ੂਬ ਬਣਿਆ ਨਾਮ ਰਾਮ ਨਰਾਇਨ ਦਾ ਗਾਯਾ ਮੈਂ
ਭੀਲਾ ਸ਼ਹਿਰ ਤੇ ਜ਼ਿਲ੍ਹਾ ਹੈ ਮਿੰਟਗੁਮਰੀ ਕਿੱਸਾ ਬੈਠ ਜਹਾ ਰਚਾਯਾ ਮੈਂ
ਬੂਟਾ ਸਿੰਘ ਸਰਦਾਰ ਦੇ ਪਾਸ ਯਾਰੋ ਸਾਲ ਖ਼ੁਸੀ ਦੇ ਨਾਲ ਲੰਘਾਯਾ ਮੈਂ
ਨਾਲ ਸੁੱਖ ਦੇ ਸਾਲ ਬਤੀਤ ਹੋਯਾ ਚੰਗਾ ਖਾਯਾ ਤੇ ਖ਼ੂਬ ਹੰਢਾਯਾ ਮੈਂ
ਭੀਲੇ ਸਹਿਰ ਦੇ ਵਿਚ ਨਿਵਾਸ ਕਰ ਕੇ ਏਹ ਖ਼ੁਬ ਬਿਲਾਸ ਬਣਾਯਾ ਮੈਂ
ਲੁਧਿਆਣੇ ਦੇ ਜਿਲ੍ਹੇ ਦਾ ਜਨਮ ਮੇਰਾ ਠਾਣਾ ਡੇਹਲੋਂ ਦਾ ਆਖ ਸੁਣਾਯਾ ਮੈਂ
ਹਿੰਦੀ ਲੜਕੇ ਪੜ੍ਹਾਵਣੇ ਕਾਰ ਮੇਰੀ ਜਿਸ ਦੇ ਲਈ ਪ੍ਰਦੇਸ ਮੇਂ ਆਇਆ ਮੈਂ
ਅਸਲੀ ਰਾਮਗੜ੍ਹ ਪਿੰਡ ਦਾ ਜਨਮ ਮੇਰਾ ਅਤੇ ਪਾਸ ਮਲੌਦ ਜਤਾਯਾ ਮੈਂ
ਸੋਲ੍ਹਾਂ ਕੋਸ ਲੁਧਿਆਣਾ ਸਹਿਰ ਸਾਥੋਂ ਖੰਨਾ ਪੰਦਰਾਂ ਕੋਸ ਅਲਾਯਾ ਮੈਂ
ਤੀਸ ਕੋਸ ਪਟਿਆਲੇ ਦਾ ਫਾਸਲਾ ਹੈ ਅਠਾਰਾਂ ਕੋਸ ਨਾਭਾ ਬਤਲਾਯਾ ਮੈਂ
ਪੰਜ ਕੋਸ ਮਲੇਰ ਦਾ ਕੋਟਲਾ ਹੈ ਭਲੀ ਤਰ੍ਹਾ ਦੇ ਨਾਲ ਸਮਝਾਇਆ ਮੈਂ
ਤੀਨ ਕੋਸ ਸਟੇਸਨ ਜਿਤਵਾਲ ਦਾ ਹੈ ਪੱਕਾ ਇਹ ਨਿਸ਼ਾਨ ਲਗਾਯਾ ਮੈਂ
ਸਾਹਿਬ ਦਿੱਤਾ ਹੈ ਪਿਤਾ ਦਾ ਨਾਮ ਯਾਰੋ ਜਿਸਦੇ ਧਾਮ ਵਿਖੇ ਜਨਮ ਪਾਯਾ ਮੈਂ
ਜਾਤ ਬਰਣ ਦਾ ਕੁਝ ਨਾ ਮਾਨ ਮੈਨੂੰ ਸਾਰੇ ਏਕ ਹੀ ਬ੍ਰਹਮ ਠੇਹਰਾਯਾ ਮੈਂ
ਵਿੱਦਯਾ ਇਲਮ ਨਾ ਪਿੰਗਲ ਦੀ ਸਾਰ ਮਨੂੰ ਐਂਵੇ ਅਕਲ ਦਾ ਢੰਗ ਲਗਾਯਾ ਮੈਂ
ਭੁਲ ਚੁੱਕ ਸਭ ਕਰੋ ਮੁਆਫ ਮੇਰੀ ਅੱਗੇ ਸ਼ਾਇਰਾ ਵਾਸਤਾ ਪਾਯਾ ਮੈਂ
ਕੀਤੇ ਐਬ ਨੀ ਲੱਖ ਹਜਾਰ ਯਾਰੋ ਭਲਾ ਇਕ ਨਾ ਕਰਮ ਕਮਾਯਾ ਮੈਂ
ਖੋਟੇ ਕੰਮਾਂ ਦੇ ਵਿਚ ਚਾ ਉਮਰ ਗਾਲੀ ਇਕ ਪਲਕ ਨਾ ਨਾਮ ਧਿਆਯਾ ਮੈਂ
ਨਾ ਮੈਂ ਸਾਧ ਹੋਯਾ ਨਾ ਮੈਂ ਰਿਹਾ ਗ੍ਰਿਹਸਤੀ ਧੋਬੀ ਸੁਆਨ ਜਯੋਂ ਜਨਮ ਗ੍ਵਾਯਾ ਮੈਂ
ਐਪਰ ਕਿਸੇ ਨੂੰ ਕੁਝ ਨਾ ਦੋਸ਼ ਯਾਰੋ ਮਿਲਦਾ ਵਾਹ ਜੋ ਲੇਖ ਲਖਾਯਾ ਮੈਂ
ਇਕੋ ਫਜ਼ਲ ਕਰਤਾਰ ਦਾ ਮੰਗਦਾ ਹਾ ਹੋਰ ਫੈਸਲਾ ਕੁਲ ਮੁਕਾਯਾ ਮੈਂ
ਦੌਲਤ ਰਾਮ ਨੂੰ ਬਖ਼ਸ਼ੇ ਰੱਬ ਸੱਚਾ ਜੇਕਰ ਚਿਤ ਭਗਵਾਨ ਦੇ ਭਾਯਾ ਮੈਂ

## ਵਾਕ ਕਵੀਸ਼ਰ ਨਾਲ ਦੋਸਤ—ਦਵੈੱਯਾ ਛੰਦ

ਅਸਲੀ ਯਾਰ ਹਰੀ ਹੈ ਮੇਰਾ ਜਿਸ ਦਾ ਦਿਤਾ ਖਾਵਾਂ
ਹੋਰ ਯਾਰ ਜੋ ਜਗਤ ਰੂਪ ਹੈਂ ਓਹ ਭੀ ਆਖ ਸੁਣਾਵਾਂ
ਅੰਤ ਕਾਲ ਦੇ ਵਕਤ ਜਗਤ ਪਰ ਕੋਈ ਨ ਸੰਗ ਸਹੇਲਾ

ਕਾਹਦੇ ਲਈ ਭੁਲ ਪਾਂ ਯਾਰਾ ਚਾਰ ਰੋਜ ਦਾ ਮੇਲਾ
ਜੋ ਜੋ ਨਗਰ ਰਾਮ ਗੜ੍ਹ ਵਸਦੇ ਮੇਰੇ ਯਾਰ ਪਿਆਰੇ
ਵੱਖੋ ਵਖ ਨਾਮ ਉਨ੍ਹਾਂ ਦੇ ਆਖ ਸੁਖਾਵਾ ਸਾਰੇ
ਹੀਰਾ ਰਾਮ ਖੱਤਰੀ ਬੇਟਾ ਚੜ੍ਹਤ ਰਾਮ ਦਾ ਜਾਣੋ
ਓਹ ਦਿਲਦਾਰ ਪਿਆਰਾ ਮੇਰਾ ਲਾ ਦਿਲ ਯਾਰ ਪਛਾਣੋ
ਦੌਲਤ ਰਾਮ ਜ਼ਾਤ ਗੁਜਰਾਤੀ ਬੀਚ ਰਾਮਗੜ੍ਹ ਵੱਸਦਾ
ਜਦੋਂ ਮਿਲੇ ਦਿਲਦਾਰ ਯਾਰ ਓਹ ਦਿਲ ਮੇਰੇ ਨੂੰ ਖੱਸਦਾ
ਸਿਰੀਆ ਰਾਮ ਬ੍ਰਾਹਮਣ ਮੇਰਾ ਦਿਲਬਰ ਯਾਰ ਪਿਆਰਾ
ਭੇਦ ਦਿਲਾਂ ਦਾ ਪਾਸ ਮੇਰੇ ਓਹ ਆਖ ਸੁਣਾਵੇ ਸਾਰਾ
ਜੀਉਣਾ ਰਾਮ ਬ੍ਰਾਹਮਣ ਓਹ ਭੀ ਗ੍ਰਾਮ ਰਾਮ ਗੜ੍ਹ ਰਹਿੰਦਾ
ਜਦ ਮੈਂ ਨਗਰ ਰਾਮ ਗੜ੍ਹ ਜਾਵਾ ਕੋਲ ਮੇਰੇ ਨਿੱਤ ਬਹਿੰਦਾ
ਇਹ ਚਾਰੇ ਹਨ ਦਿਲਬਰ ਮੇਰੇ ਦਿਲੋਂ ਨਾ ਮੂਲ ਵਿਸਾਰਾ
ਕਦੋਂ ਮਿਲਾਵੇਗਾ ਰੱਬ ਮੈਨੂੰ ਚਾਰਾਂ ਜੁੰਡੀ ਦਿਆਂ ਯਾਰਾਂ
ਦੌਲਤ ਰਾਮ ਹਰੀ ਦੇ ਅੱਗੇ ਹਰਦਮ ਅਰਜ ਗੁਜਾਰੇ
ਹੇ ਈਸ਼ਵਰ ਤੂੰ ਮੇਲ ਅਸਾ ਨੂੰ ਸਾਡੇ ਯਾਰ ਪਿਆਰੇ
ਜੇਹੜੇ ਵਿਚ ਭੀਲੇ ਦੇ ਵਸਦੇ ਮੇਰੇ ਦਿਲਬਰ ਜਾਨੀ
ਜੁਦੇ ਜੁਦੇ ਮੈਂ ਨਾਮ ਉਨ੍ਹਾ ਦੇ ਆਖਾ ਪਤਾ ਨਿਸਾਨੀ
ਨਾਮ ਸੁਦਾਗਰ ਜਾਤ ਦਾਵੜਾ ਸਮਝੋ ਵੰਸ਼ ਅਰੋੜਾ
ਵਾਂਗ ਪੁੱਤਰਾ ਜਾਣੇ ਮੈਨੂੰ ਪਲਕ ਨਾ ਕਰੇ ਵਿਛੋੜਾ
ਬੂਟਾ ਰਾਮ ਭਤੀਜਾ ਉਸਦਾ ਉਹ ਭੀ ਮੇਰਾ ਪਿਆਰਾ
ਜਾਣੇ ਵਾਂਗ ਭਰਾਵਾਂ ਮੈਨੂੰ ਪਲਕ ਨਾ ਕਰੇ ਵਿਸਾਰਾ
ਲੜਕੇ ਤੀਨ ਸੁਦਾਗਰ ਸੰਦੇ ਨਾਮ ਤਿਹਾ ਦੇ ਆਖਾ
ਜੁਦਾ ਜੁਦਾ ਮੈਂ ਨਾਮ ਉਨ੍ਹਾ ਦੇ ਨੇਕ ਜ਼ਬਾਨੋ ਭਾਖਾ
ਜੈਮਲ ਦਾਸ ਵੱਡਾ ਹੈ ਲਛਮਣ ਓਸ ਤੇ ਛੋਟਾ ਜਾਣੋ
ਗਣਪਤ ਰਾਮ ਓਸ ਤੇ ਛੋਟਾ ਨਾਮ ਤਿਹਾਂ ਦੇ ਠਾਣੋ
ਲੜਕੇ ਤੀਨ ਸੁਦਾਗਰ ਚੌਥਾ ਪੰਜਵਾਂ ਬੂਟਾ ਜਾਣੋ
ਇਹ ਪਾਂਚੋਂ ਹਨ ਦਿਲਬਰ ਮੇਰੇ ਰਤੀ ਨਾ ਫਰਕ ਪਛਾਣੋ
ਇਕ ਘਨੱਈਆ ਰਾਮ ਡੂੰਬੜਾ ਮੇਰੀ ਟਹਿਲ ਕਮਾਵੇ
ਬਚੂਆਂ ਵਾਂਗ ਜਾਣਦਾ ਮੈਨੂੰ ਦਿਲੋਂ ਨਾ ਮੂਲ ਭੁਲਾਵੇ
ਦੂਨਾ ਰਾਮ ਮਦਾਨ ਪਿਆਰਾ ਵਿਚ ਭੀਲੇ ਦੇ ਵਸਦਾ
ਦੇਵੇ ਜਦੋ ਦੀਦਾਰ ਅਸਾਂ ਨੂੰ ਆਵੇ ਹੱਸਦਾ ਹੱਸਦਾ
ਹੀਰਾ ਸਿੰਘ ਸਰਦਾਰ ਖੱਤਰੀ ਭੀਲੇ ਦਾ ਪਟਵਾਰੀ
ਓਹ ਭੀ ਸਾਡੀ ਦਿਲੋਂ ਲਾਇਕੇ ਕਰਦਾ ਖ਼ਾਤਰਦਾਰੀ

ਇਕ ਬਹਾਦਰ ਚੰਦ ਜੁਲਾਹਿਆ ਨਿੱਤ ਅਸਾ ਨੂੰ ਮਿਲਦਾ
ਵਾਂਗ ਚੰਦਰਮਾ ਦੇਖ ਮੈਨੂੰ ਕਲੀ ਵਾਗਰਾ ਖਿਲਦਾ
ਸਰਧਾ ਰਾਮ ਬ੍ਰਾਹਮਣ ਮੇਰਾ ਦਿਲਬਰ ਦਿਲ ਦਾ ਪਿਆਰਾ
ਦੇਵੇ ਨਿੱਤ ਦੀਦਾਰ ਅਸਾ ਨੂੰ ਆਵੇ ਕਰ ਕੇ ਚਾਰਾ
ਚਾਨਣ ਰਾਮ ਵਸਾਵਾ ਦੋਵੇ ਵਿਚ ਭੀਲੇ ਦੇ ਰਹਿੰਦੇ
ਕੰਮ ਬ੍ਰਾਹਮਣ ਜ਼ਾਤ ਰਾਵੜੇ ਪਾਸ ਮੇਰੇ ਨਿੱਤ ਬਹਿੰਦੇ
ਜਵਾਲਾ ਸਿੰਘ ਸਮੀਰ ਸਿੰਘ ਦਾ ਸੰਧੂ ਜ਼ਾਤ ਸਦਾਵੇ
ਉਸ ਦੀ ਪਰੀਤੀ ਨਾਲ ਅਸਾਡੇ ਦਰਸ ਹਮੇਸ ਦਿਖਾਵੇ
ਇਤਨੇ ਵਿਚ ਭੀਲੇ ਦੇ ਵਸਦੇ ਮੇਰੇ ਦਿਲਬਰ ਪਿਆਰੇ
ਨਾਮ ਨਿਸ਼ਾਨ ਪਤੇ ਸਭਨਾਂ ਦੇ ਆਖ ਸੁਣਾਏ ਸਾਰੇ
ਦੌਲਤ ਰਾਮ ਹਰੀ ਕੇ ਆਗੇ ਹਰ ਦਮ ਅਰਜ ਸੁਣਾਵੇ
ਹੇ ਭਗਵਾਨ ਮੇਲ ਯਾਰਾਂ ਨੇ ਨਾਮ ਤੇਰਾ ਚਿੱਤ ਭਾਵੇ

### ਅੰਜ਼ਨ

ਭੀਲੇ ਸਹਿਰ ਅੰਦਰ ਸਾਹੂਕਾਰ ਭਾਰਾ ਉਸ ਦਾ ਜੀਵਨ ਮਲ ਸੀ ਨਾਮ ਯਾਰੋ
ਗਿੱਦੜ ਜ਼ਾਤ ਤੇ ਵੰਸ ਅਰੋੜ ਵਿਚੋ ਮਸ਼ਹੂਰ ਸੀ ਦੇਸ ਤਮਾਮ ਯਾਰੋ
ਕੋਈ ਸਾਲ ਗੁਜ਼ਰੇ ਕਾਲ ਵੱਸ ਹੋਇਆ ਕੀਤਾ ਓਸ ਨੇ ਸੁਰਗ ਮੁਕਾਮ ਯਾਰੋ
ਪੁੱਤਰ ਜੀਵਨਾ ਰਾਮ ਦੇ ਤਿੰਨ ਜਾਣੋ ਤੁਲਾ ਮਲ ਬੂਟਾ ਡੋਗਰ ਰਾਮ ਯਾਰੋ
ਡੋਗਰ ਮਲ ਬੂਟਾ ਸੁਰਗਵਾਸ ਹੋਏ ਤੁਲਾ ਮਲ ਹੈ ਕਾਇਮ ਮਕਾਮ ਯਾਰੋ
ਅਗੇ ਇਨ੍ਹਾ ਦੀ ਵੰਸ ਮੈਂ ਆਖਣਾ ਹਾਂ ਰੱਖੋ ਧਿਆਨ ਸਾਰੇ ਮੇਹਰਬਾਨ ਯਾਰੋ
ਪੁਤਰ ਦੋ ਹੋਏ ਤੁਲਾ ਮੱਲ ਦੇ ਜੀ ਕਜਾ ਵਡਾ ਮੱਲ ਸੁੰਦਰ ਸਰਨਾ ਸ਼ਾਮ ਯਾਰੋ
ਲੜਕੇ ਛੇ ਹੋਏ ਡੋਗਰ ਮਲ ਦੇ ਜੀ ਸ਼ੰਕਰ ਦਾਸ ਹੈ ਵਡੇ ਦਾ ਨਾਮ ਯਾਰੋ
ਕਾਸ਼ੀ ਰਾਮ ਸਰਦਾਰੀ ਤੇ ਰਾਮ ਦਿੱਤਾ ਮੋਹਰੀ ਮੱਲ ਤੇ ਹੁਕਮਾ ਰਾਮ ਯਾਰੋ
ਡੋਗਰ ਮਲ ਦੇ ਬਾਲ ਇਹ ਛੇ ਹੋਏ ਕੀਤਾ ਫਜ਼ਲ ਉਸ ਤੇ ਸ੍ਰੀ ਰਾਮ ਯਾਰੋ
ਸੰਕਰ ਦਾਸ ਹੈ ਖ਼ਾਸ ਦਿਲਦਾਰ ਮੇਰਾ ਮੇਰੇ ਪਾਸ ਬੈਠੇ ਅਠੇ ਜਾਮ ਯਾਰੋ
ਬੂਟਾ ਰਾਮ ਦਾ ਜੈਮਲ ਚੰਦ ਲੜਕਾ ਬੁਧਵਾਨ ਤੇ ਅਕਲ ਦਾ ਧਾਮ ਯਾਰੋ
ਜੈਮਲ ਚੰਦ ਦੀ ਮੈਂਨੇ ਕੀ ਸਿਫਤ ਕਰਨੀ ਓਹ ਤਾਂ ਖ਼ੁਦ ਮਸ਼ਹੂਰ ਹੈ ਆਮ ਯਾਰੋ
ਸੁੰਦਰ ਬੈਠਕਾਂ ਮਹਿਲ ਮਕਾਨ ਉਸ ਦੇ ਮਸ਼ਹੂਰ ਸਾਰੇ ਗ੍ਰਾਮ ਗ੍ਰਾਮ ਯਾਰੋ
ਸਾਧ ਸੰਤ ਬ੍ਰਾਹਮਣ ਦੀ ਕਰੇ ਸੇਵਾ ਮੂੰਹੋਂ ਬੋਲਦਾ ਸੱਚੀ ਕਲਾਮ ਯਾਰੋ
ਬੂਟਾ ਸਿੰਘ ਦੇ ਬਾਦ ਮੈਂ ਪਾਸ ਉਸਦੇ ਬਰਸ ਰੋਜ਼ ਕੀਤਾ ਵਿਸਰਾਮ ਯਾਰੋ
ਜੈਮਲ ਚੰਦ ਨੇ ਸੇਵਾ ਮੇਰੀ ਬਹੁਤ ਕੀਤੀ ਪਾਇਆ ਮੁਝ ਨੇ ਪੁੱਜ ਆਰਾਮ ਯਾਰੋ
ਨਾਲ ਖ਼ੁਸ਼ੀ ਦੇ ਸਾਲ ਬਤੀਤ ਹੋਇਆ ਖਾਧੇ ਮਿਸਰੀਆਂ ਨਾਲ ਬਦਾਮ ਯਾਰੋ
ਜੈਮਲ ਚੰਦ ਨੂੰ ਕਿੱਸਾ ਸੁਣਾਇਕੇ ਮੈਂ ਲੀਤੇ ਸੱਠ ਰੁਪਏ ਇਨਾਮ ਯਾਰੋ

ਜੈਮਲ ਚੰਦ ਤੇ ਫਜ਼ਲ ਕਰਤਾਰ ਰਖੇ ਪੂਰਣ ਹੋਣ ਉਸ ਦੇ ਸਭੇ ਕਾਮ ਯਾਰੋ
ਦੌਲਤ ਰਾਮ ਹੁਣ ਹੋਰ ਕੀ ਸਿਫਤ ਕਰਨੀ ਕਿੱਸਾ ਹੋ ਗਿਆ ਅੰਤ ਤਮਾਮ ਯਾਰੋ

## ਖ਼ਤਮ ਕਿਤਾਬ

ਉੱਨੀ ਸੈਂਕੜੇ ਸੱਠ ਦਾ ਜਾਨ ਸੰਮਤ ਪ੍ਰਗਟ ਬਿਕ੍ਰਮਾਜੀਤ ਜਹਾਨ ਲੋਕੋ
ਅੱਸੂ ਮਾਹ ਸੰਕ੍ਰਾਤ ਦਿਨ ਗਏ ਤੇਈ ਗੁਰੂ ਵਾਰ ਦੀ ਕਰੋ ਪਛਾਨ ਲੋਕੋ
ਕੱਤਕ ਵਦੀ ਅਤੇ ਦਤੀਆ ਤਿਥੀ ਜਾਣੋ ਕੀਤਾ ਖੋਹਲ ਕੇ ਕੁਲ ਬਿਆਨ ਲੋਕੋ
ਪੂਰਣ ਹੋਇਆ ਅਜ ਗ੍ਰੰਥ ਸਾਰਾ ਫਜਲ ਕੀਤਾ ਭਗਵਾਨ ਨੇ ਆਨ ਲੋਕੋ
ਮੇਰੇ ਮਿਲਨ ਦੀ ਚਾਹ ਨ ਕਰੇ ਕੋਈ ਪਾਪੀ ਪੁਰਸ ਮੈਂ ਪਾਪ ਦੀ ਖਾਨ ਲੋਕੋ
ਸਾਰਾ ਭਾਲ ਕੇ ਵੇਖ ਲਵੋ ਮਿੱਤਰ ਮੰਡਲ ਮੇਰੇ ਜਿਹਾ ਨਹੀਂ ਬੇਈਮਾਨ ਲੋਕੋ
ਮੂੰਹੋਂ ਰਾਮ ਤੇ ਅੰਦਰੋਂ ਕਾਮ ਫੁਰਦਾ ਏਸ ਵਾਸਤੇ ਚਿੱਤ ਹੈਰਾਨ ਲੋਕੋ
ਐਪਰ ਅਜ ਮੈਂ ਖ਼ੂਬ ਮਾਲੂਮ ਕੀਤਾ ਵੱਡਾ ਕਠਨ ਹੈ ਅਮਲ ਕਮਾਨ ਲੋਕੋ
ਇਸਦੇ ਵਿਚ ਮੈਂ ਗਿਆਨ ਵੈਰਾਗ ਲਿਖਿਆ ਜਿਸਦੇ ਪੜ੍ਹੇ ਸਾਰੇ ਦੁੱਖ ਜਾਨ ਲੋਕੋ
ਦੌਲਤ ਰਾਮ ਜੋ ਕਰੇਗਾ ਅਮਲ ਇਸ ਤੇ ਮੁਕਤ ਓਸ ਦੀ ਕਰ ਭਗਵਾਨ ਲੋਕੋ

## ਤਾਰੀਫ਼ ਛਾਪਾਖ਼ਾਨਾ

ਛਾਪਾਖ਼ਾਨਾ ਰਾਇ ਸਾਹਿਬ ਗੁਲਾਬ ਸਿੰਘ ਦਾ ਵਿਚ ਸਹਿਰ ਲਾਹੌਰ ਦੇ ਖ਼ਾਸ ਯਾਰਾ
ਮਸ਼ਹੂਰ ਹੈ ਕੁਲ ਜਹਾਨ ਉੱਤੇ ਜਿਥੇ ਤੀਕ ਇਨਸਾਨ ਦਾ ਵਾਸ ਯਾਰਾ
ਰਾਇ ਸਾਹਿਬ ਗੁਲਾਬ ਸਿੰਘ ਆਪ ਹਥੀਂ ਕਰ ਗਏ ਕੰਮ ਪ੍ਰੈੱਸ ਦਾ ਰਾਸ ਯਾਰਾ
ਕੋਠੀ ਇਕ ਬਣਾ ਗਏ ਬਹੁਤ ਉਮਦਾ ਜਿਸ ਦਾ ਭਾਨ ਦੇ ਵਾਂਗ ਪ੍ਰਕਾਸ ਯਾਰਾ
ਜੈਸੇ ਸ਼ਹਿਰ ਪਟਿਆਲਾ ਦੀਵਾਨਖ਼ਾਨਾ ਓਸੇ ਤਰ੍ਹਾਂ ਰਹੀ ਕੋਠੀ ਭਾਸ ਯਾਰਾ
ਕੇਈ ਸਾਲ ਹੋਏ ਰਾਇ ਸਾਹਿਬ ਜੀ ਨੇ ਕੀਤਾ ਵਿਚ-ਵੈਕੁੰਠ ਦੇ ਵਾਸ ਯਾਰਾ
ਪਿਛੇ ਦੋਏ ਫਰਜ਼ੰਦ ਨਿਸ਼ਾਨ ਉਸ ਦਾ ਦੋਵੇਂ ਵੀਰ ਭਗਵਾਨ ਦੇ ਦਾਸ ਯਾਰਾ
ਮੋਹਨ ਲਾਲ ਵੱਡਾ ਲਾਲ ਚੰਦ ਛੋਟਾ ਨਾਮ ਦੋਹਾ ਦੇ ਆ ਦਖਾ ਭਾਸ ਯਾਰਾ
ਦੋਵੇਂ ਵੀਰ ਦਿਲ ਸਾਫ ਹਨ ਭਗਤ ਪੂਰੇ ਸੱਚਾ ਬੋਲਦੇ ਬਚਨ ਬਿਲਾਸ ਯਾਰਾ
ਸਾਧੂ ਸੰਤ ਹਰਿ ਜਨਾਂ ਦੀ ਕਰਨ ਸੇਵਾ ਜੇਹੜੇ ਆਂਵਦੇ ਉਨ੍ਹਾ ਦੇ ਪਾਸ ਯਾਰਾ
ਜੇਹੜੀ ਆਸ ਕਰਕੇ ਕੋਈ ਕਵਿ ਆਵੇ ਪੂਰੀ ਹੋਂਵਦੀ ਓਸ ਦੀ ਆਸ ਯਾਰਾ
ਹੋਵੇ ਕੰਮ ਪ੍ਰੈੱਸ ਵਿਚ ਬਹੁਤ ਉਮਦਾ ਛਾਪਾ ਟੈਪ ਦਾ ਛਪ ਰਿਹਾ ਖ਼ਾਸ ਯਾਰਾ
ਸੰਸਕ੍ਰਿਤ ਹਿੰਦੀ ਅਰਬੀ ਫਾਰਸੀ ਭੀ ਹੋਵੇ ਕੰਮ ਅੰਗਰੇਜ਼ੀ ਦਾ ਖਾਸ ਯਾਰਾ
ਲਗੇ ਕਈ ਅੰਬਾਰ ਨੇ ਕਾਗ਼ਜ਼ਾਂ ਦੇ ਗੋਇਆ ਵਿਚ ਬਜ਼ਾਰ ਦੇ ਘਾਸ ਯਾਰਾ
ਆਵੇ ਅੰਤ ਸੁਮਾਰ ਨਾ ਪੁਸਤਕਾ ਦਾ ਗੋਇਆ ਬਾਰ ਮੇਂ ਜੰਡ ਪਲਾਸ ਯਾਰਾ
ਆਠੋ ਜਾਮ ਘੁਮਘਾਰ ਹੈ ਇੰਜਨਾਂ ਦੀ ਗੱਡੀ ਤੁਰੇ ਜਿਉਂ ਫਸਟ ਕਲਾਸ ਯਾਰਾ
ਡਿੱਠਾ ਕੰਮ ਅਸਚਰਜ ਅਸਚਰਜ ਹੋਇਆ ਅਕਲ ਉਡ ਕੇ ਗਈ ਅਕਾਸ਼ ਯਾਰਾ

ਥੋੜ੍ਹੀ ਅਕਲ ਤਾਰੀਫ ਹੈ ਬਹੁਤ ਜ਼ਜਾਦਾ ਕਿਥੋ ਤੀਕ ਮੈਂ ਕਰਾ ਤਲਾਸ ਯਾਰਾ
ਦੌਲਤ ਰਾਮ ਪ੍ਰੇਸ ਦੀ ਸਿਫਤ ਸਾਰੀ ਮੇਰੇ ਆਵਦੀ ਨਹੀਂ ਕਿਆਸ ਯਾਰਾ

## ਸ਼ੁਭ ਉਪਦੇਸ਼ ।। ਸਵੈੱਯਾ

ਛੋਡ ਗੁਮਾਨ ਜਹਾਨ ਨਹੀਂ ਨਿੱਤ ਮੇਰੇ ਮਨ ਮੂੜ੍ਹ ਤੱਜੋ ਚਤੁਰਾਈ
ਵੱਡੇ ਵੱਡੇ ਕਹਾਵਤ ਹੈਂ ਜੱਗ ਮੈਂ ਵਡਾ ਹੋਇ ਵਡਿਆਈ ਕਹੂੰ ਨ ਪਾਈ
ਹੋਵੇ ਦੀਨ ਔਰ ਧੀਰਜਾ ਧਾਰ ਲਵੇ ਤੱਜੋ ਮੋਹ ਪਰੇ ਗੁਰ ਕੀ ਸਰਨਾਈ
ਕਵਿ ਦੌਲਤ ਰਾਮ ਪ੍ਰੇਮ ਬਿਨਾ ਚਤੁਰਾਈ ਸੋ ਨਾਹਿ ਮਿਲੇ ਰਘੁਰਾਈ
ਜਿਨਕੇ ਹਿਤ ਤੂੰ ਨਿਤ ਪਾਪ ਕਰੇ ਕੋਊ ਸੰਗ ਚਲੈ ਨਹਿ ਬਾਧਵ ਭਾਈ
ਮਾਈ ਬਾਪ ਭੀ ਮਿਤ ਸੁਆਰਥ ਕੇ ਸਭ ਸੁਆਰਥ ਕੀ ਕਰਤੇ ਅਸਨਾਈ
ਕਾਹੇ ਕੀ ਮੇਰ ਕਰੇ ਮਠ ਰੇ ਛਿਨ ਮੇਂ ਬਸੁਧਾ ਸਭ ਹੋਤ ਪਰਾਈ
ਕਵਿ ਦੌਲਤ ਰਾਮ ਹਰੀ ਜਪ ਤੂੰ ਮਨ ਅੰਤ ਸਮੇਂ ਤੇਰਾ ਹੋਇ ਸਹਾਈ

## ਮੁਕੰਦ ਛੰਦ

ਕੇੜ੍ਹੀ ਗੱਲ ਦਾ ਤੂੰ ਕਰਦਾ ਗੁਮਾਨ ਓਇ । ਅੰਤ ਛੱਡ ਜਾਵਣਾਈ ਏ ਜਹਾਨ ਓਇ
ਪਯਾਲਾ ਮੌਤ ਵਾਲਾ ਸਾਰਿਆ ਨ ਪੀਵਣਾ । ਅੰਤ ਨੂੰ ਪਿਆਰਿਆ ਓਇ ਖਾਕ ਥੀਵਣਾ
ਦੱਸ ਕਾਸ ਪਿੱਛੇ ਬਦੀਆ ਕਮਾਵਦਾ । ਛੱਡ ਕੇ ਹਲਾਲ ਨੂੰ ਹਰਾਮ ਖਾਂਵਦਾ
ਸਦਾ ਇਸ ਜਗ ਉੱਤੇ ਨਹੀਂ ਜੀਵਣਾ । ਅੰਤ ਨੂੰ ਪਿਆਰਿਆ ਓਇ ਖ਼ਾਕ ਥੀਵਣਾ
ਜਿਨ੍ਹਾ ਪਿੱਛੇ ਕਰੇ ਚੋਰੀਆਂ ਤੇ ਠੱਗੀਆ । ਅੱਖੋ ਵੱਲ ਕੰਮ ਨਹੀਂ ਔਣਾ ਸੰਗੀਆ
ਪਾਟਿਆ ਜੋ ਚੋਲਾ ਨਾ ਕਿਸੇ ਨੇ ਸੀਵਣਾ । ਅੰਤ ਨੂੰ ਪਿਆਰਿਆ ਓਇ ਖ਼ਾਕ ਥੀਵਣਾ
ਮਾਤ ਤਾਤ ਭ੍ਰਾਤ ਦਾ ਕੰਮ ਆਵਣਾ । ਭਣ ਅਤੇ ਨਾਰ ਨੇ ਨਾ ਸੰਗ ਜਾਵਣਾ
ਜਪ ਹਰੀ ਨਾਮ ਹਰੀ ਸੋ ਮਲੀਵਣਾ । ਅੰਤ ਨੂੰ ਪਿਆਰਿਆਓ ਖਾਕ ਥੀਵਣਾ
ਦੇਖਦੇ ਹੀ ਤੇਰੇ ਸੰਸਾਰ ਜਾਂਵਦਾ । ਵਡਾ ਤੂੰ ਗਵਾਰ ਰਾਮ ਕੋ ਭੁਲਾਂਵਦਾ
ਰਾਮ ਬਿਨਾਂ ਅੰਧ ਕੂਪ ਮੇਂ ਗਰੀਵਨਾ । ਅੰਤ ਨੂੰ ਪਿਆਰਿਆ ਓਇ ਖ਼ਾਕ ਥੀਵਣਾ
ਛੱਡ ਕੂੜੇ ਜੱਗ ਦਾ ਵਿਹਾਰ ਪਿਆਰਿਆ । ਸੱਚੇ ਨਾਮ ਵਾਲੀ ਫੜ ਕਾਰ ਪਿਆਰਿਆ
ਦੁਖਾਂ ਵਾਲੇ ਸਾਗਰ ਜੇ ਹੈ ਤਰੀਵਣਾ । ਅੰਤ ਨੂੰ ਪਿਆਰਿਆ ਓਇ ਖਾਕ ਥੀਵਣਾ
ਖ਼ੁਦੀ ਅਭਿਮਾਨ ਤੂੰ ਦਿਲੋਂ ਵਿਸਾਰ ਦੇ । ਸਾਈਂ ਵਾਲੇ ਨਾਮ ਉੱਤੋਂ ਸੀਸ ਵਾਰ ਦੇ
ਦੌਲਤਰਾਮ ਤਾਂ ਹੀ ਹੈ ਸੁਫਲ ਜੀਵਣਾ । ਅੰਤ ਨੂੰ ਪਿਆਰਿਆ ਓਇ ਖ਼ਾਕ ਥੀਵਣਾ

**ਦੋਹਰਾ**—ਕੀਤਾ ਸੁਕਰ ਹਜ਼ਾਰ ਮੈਂ ਹੋਇਆ ਗ੍ਰੰਥ ਤਿਆਰ ।
ਦੌਲਤ ਰਾਮ ਗ਼ਰੀਬ ਤੇ ਦਿਆਲ ਭਏ ਓਅੰਕਾਰ ।
ਜਗਤ ਭਾਵਨਾ ਮਿਟ ਗਈ ਹੋਏ ਹਰੀ ਦਿਆਲ ।
ਮਨ ਮੇਰੇ ਵਿਚ ਵੱਸ ਗਏ ਦੀਨ ਬੰਧੂ ਕਿਰਪਾਲ ।


## ਮੁਕੰਦ ਛੰਦ

ਕਾਮ ਕ੍ਰੋਧ ਲੋਭ ਦੀ ਕਮਾਨ ਟੁੱਟ ਗਈ ।
ਮੋਹ ਰੂਪੀ ਤੀਰ ਵਾਲੀ ਮੁਕੀ ਫੁੱਟ ਗਈ ।।
ਤਮ੍ਹਾ ਵਾਲੀ ਤੰਦ ਨੂੰ ਮੈਂ ਤੋੜ ਨੱਸਿਆ ।
ਤਾਹੀ ਇਕ ਨਾਮ ਮੇਰੇ ਮਨ ਵੱਸਿਆ ।।
ਦੂਤੀਆ ਕਾ ਭਾਵ ਦਿਲੋਂ ਦੂਰ ਹੋ ਗਿਆ ।
ਚਾਰੋਂ ਹੀ ਤਰਫ ਏਕੋ ਨੂਰ ਹੋ ਗਿਆ ।।
ਗਿਆਨ ਵਾਲਾ ਤੀਰ ਮੇਰੇ ਦਿਲ ਧੱਸਿਆ ।
ਤਾ ਹੀ ਇਕ ਨਾਮ ਮੇਰੇ ਮਨ ਵੱਸਿਆ ।।
ਹੋਇਆ ਬ੍ਰਹਮ ਗਿਆਨ ਮਿਟਿਆ ਗੁਮਾਨ ਜੀ ।
ਰਤੀ ਨਹੀਂ ਰਿਹਾ ਮਾਨ ਅਪਮਾਨ ਜੀ ।।
ਤਾਮਸਕ ਕੋ ਛੋਡ ਸਾਤੀ ਮੈ ਹੂੰ ਰਚਿਆ ।
ਤਾਹੀ ਇਕ ਨਾਮ ਮੇਰ ਮਨ ਵੱਜਿਆ ।।
ਹੰਗਤਾ ਕੋ ਛੋਡ ਹਿੰਗਲਾਜ ਦੇਖ ਲੀ ।
ਜਾਲ੍ਹਪਨਾ ਛੋਡ ਜਵਾਲਾ ਮੁਖੀ ਪੇਖ ਲੀ ।।
ਨਿੰਦਿਆ ਵਿਸਾਰ ਨੈਣਾਂ ਦੇਵੀ ਧੱਸਿਆ ।
ਤਾਂਹੀ ਇਕ ਨਾਮ ਮੇਰੇ ਮਨ ਵੱਸਿਆ ।।
ਦੁਆਰਕਾ ਦਰਸ ਦ੍ਵੈਤ ਛੋਡ ਪਾ ਲਿਆ ।
ਪਾਪਾ ਤਾਈਂ ਛੱਡ ਕੇ ਪ੍ਰਾਨ ਨਹਾ ਲਿਆ ।।
ਬੇਈਮਾਨੀ ਤਯਾਗ ਬਦ੍ਰੀ ਪ੍ਰੱਸਿਆ ।
ਤਾਹੀ ਇਕ ਨਾਮ ਮੇਰ ਮਨ ਵੱਸਿਆ ।।
ਗਯਾਨ ਰੰਗ ਵਿਚ ਕੀਤਾ ਇਸਨਾਨ ਜੀ ।
ਦੂਰ ਹੋਯਾ ਤੀਰਥਾ ਦਾ ਆਨ ਜਾਨ ਜੀ ।।

**ਦੋਹਰਾ**—ਸਭ ਕੋ ਅਰਜ਼ ਸੁਨਾਵਦਾ ਕਵਿਤਾ ਦੌਲਤ ਰਾਮ ।
ਮਾਨੋ ਬਿਰਤੀ ਸਭ ਜਨੋ ਜਪੋ ਰਾਮ ਕਾ ਨਾਮ ।।
ਪ੍ਰੇਮ ਕਹੋ ਹਰਿ ਨਾਮ ਸੋ ਤੱਜ ਪਰਚੰਮ ਵਿਕਾਰ ।।
ਕ੍ਰਿਪਾ ਕਰੇ ਸ੍ਰੀ ਰਾਮ ਜੀ ਪਾਈਏ ਮੋਖ ਦੁਆਰ ।।
ਰਾਮ ਨਾਮ ਕਹੋ ਰੇ ਮਨਾ ਸ਼ਕਲ ਸਵਾਵੇ ਕਾਮ ।।
ਰਾਮ ਰਾਮ ਸ੍ਰੀ ਰਾਮ ਕਹੋ ਅੰਤ ਸਹਾਈ ਰਾਮ ।।

* * *





ਪੰਜਾਬੀ ਦੇ ਸੀਨੀਅਰ ਪ੍ਰੋਫੈਸਰ ਡਾ. ਅਮਰਜੀਤ ਸਿੰਘ ਕਾਂਗ ਪਿਛਲੇ ਤੇਈ ਸਾਲਾਂ ਤੋਂ ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਅਧਿਐਨ-ਅਧਿਆਪਨ ਨਾਲ ਜੁੜੇ ਹੋਏ ਹਨ। ਮਧਕਾਲੀ ਪੰਜਾਬੀ ਸਾਹਿਤ-ਚਿੰਤਨ, ਕਿੱਸਾ-ਸੰਸਾਰ, ਕਿੱਸਾ-ਪਰਿਪੇਖ ਅਤੇ ਮਧਕਾਲੀ ਪੰਜਾਬੀ ਸਾਹਿਤ ਵਿਵੇਕ ਉਨ੍ਹਾ ਦੀਆ ਸਮੀਖਿਆਤਮਕ ਪੁਸਤਕਾਂ ਹਨ। ਇਨ੍ਹਾ ਤੋਂ ਇਲਾਵਾ ਉਨ੍ਹਾ ਨੇ ਲਗਭਗ ਪੰਦਰਾਂ ਪੁਸਤਕਾ ਸੰਪਾਦਿਤ ਕੀਤੀਆ ਹਨ।

ਅਕਾਦਮਕ ਖੇਤਰ ਵਿਚ ਡਾ. ਅਮਰਜੀਤ ਸਿੰਘ ਕਾਂਗ ਨਿਰੰਤਰ ਕਰਮਸੀਲ ਰਹੇ ਹਨ। ਡੀਨ, ਆਰਟਸ ਐਂਡ ਲੈਂਗੁਏਜਜ ਵਜੋਂ ਉਨ੍ਹਾ ਨੇ ਪੰਜਾਬੀ ਜ਼ਬਾਨ ਨੂੰ ਹਰਿਆਣਾ ਪ੍ਰਾਂਤ ਅਤੇ ਯੂਨੀਵਰਸਿਟੀ ਵਿਚ ਮਾਣਯੋਗ ਦਰਜਾ ਦੁਆਇਆ ਹੈ। ਡੀਨ, ਸਟੂਡੈਂਟ ਵੈਲਫੇਅਰ ਦੌਰਾਨ ਉਨ੍ਹਾ ਦੀ ਕਾਰਜ-ਸੈਲੀ ਨੂੰ ਬੜੀ ਪ੍ਰਵਾਨਗੀ ਮਿਲੀ। ਸਾਹਿਤ ਅਕਾਦੇਮੀ ਦੀ ਜਨਰਲ ਕੌਂਸਿਲ ਦੇ ਮੈਂਬਰ ਵਜੋਂ ਉਨ੍ਹਾ ਨੇ ਅਕਾਦੇਮੀ ਵਿਚ ਪੰਜਾਬੀ ਜਬਾਨ ਦੀ ਭਰਵੀਂ ਸੇਵਾ ਕੀਤੀ ਅਤੇ ਉਸਦੇ ਸਹਿਯੋਗ ਨਾਲ *ਵਿਸਵੀਕਰਨ ਅਤੇ ਪੰਜਾਬੀ ਸਾਹਿਤ ਤੇ ਸਭਿਆਚਾਰ* ਵਿਸੇ ਉਪਰ ਸੈਮੀਨਾਰ ਕਰਵਾ ਕੇ ਨਵੀਆ ਅੰਤਰ-ਦ੍ਰਿਸਟੀਆ ਨੂੰ ਭਵਿੱਖ ਨਾਲ ਜੋੜਨ ਦੀ ਅਹਿਮ ਭੂਮਿਕਾ ਨਿਭਾਈ। ਨੈਸਨਲ ਬੁਕ ਟਰੱਸਟ, ਦਿੱਲੀ ਦੀ ਸਲਾਹਕਾਰ ਕਮੇਟੀ ਦੀ ਮੈਂਬਰਸ਼ਿਪ ਦੌਰਾਨ ਉਨ੍ਹਾ ਨੇ ਕੁਰੂਕਸੇਤਰ ਯੂਨੀਵਰਸਿਟੀ ਵਿਚ ਵੱਖ-ਵੱਖ ਸੈਮੀਨਾਰ ਆਯੋਜਿਤ ਕਰਵਾਏ। ਅੰਮ੍ਰਿਤਾ ਪ੍ਰੀਤਮ ਨੇ *ਪੰਜਾਬੀ ਕਿੱਸੇ* ਉਪਰ *ਨਾਗਮਣੀ* ਵਿਚ ਰੀਵਿਊ ਕਰਦਿਆ ਕਿਹਾ ਕਿ 'ਇਹ ਪਿਆਰਾ ਵਿਸਲੇਸਣ ਹੈ।' ਹੱਥਲੀ ਪੁਸਤਕ ਪੰਜਾਬੀ ਕਿੱਸਾਕਾਰੀ ਨੂੰ ਨਵੇਂ ਝਰੋਖੇ ਵਿਚੋਂ ਵੇਖਣ ਦਾ ਜਤਨ ਹੈ।

**PUNJABI KISSA SA**[redacted]

ISBN 81-260-1610-